**Reo-Bankowned Properties**
From San Jose to Sacramento
JASSI GILL Broker/Owner
510-304-9292
**Refinance Now**
@ZERO COST
Call Sukhi Gill:510-207-9067
CA DRE Lic.#01180969

Jassi Gill
CA DRE# 00966763



**Hardeep S.Rai**
ਇਮੀਗਰੇਸ਼ਨ ਵਕੀਲ
Attorney-at-Law
• ਨੌਵੀਂ ਸਰਕਟ ਕੋਰਟ • ਬੋਰਡ ਆਫ ਇਮੀਗ੍ਰੇਸ਼ਨ ਅਪੀਲਾਂ
• ਇਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾਂ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
SAN JOSE
TEL: 408.280.1111
FAX. 408.280.1212



**Kuldip Singh Dhariwal**
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192

ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com



Twelfth Year in Publication
ਕੈਲੇਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 12, Issue 13, March 26, 2011 20451 N Plum Grove Rd. Palatine, IL 60074 Ph:847-359-0746, Fax:847-705-9388


## ਵਿਕੀਲੀਕਸ ਨੇ ਕੀਤਾ ਕਾਂਗਰਸ ਅਤੇ ਭਾਜਪਾ ਨੂੰ ਬੇਨਕਾਬ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਵਿਕੀਲੀਕਸ ਦੇ ਤਾਜ਼ਾ ਖ਼ੁਲਾਸਿਆਂ ਨੇ ਸੱਤਾਧਾਰੀ ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ ਸਰਕਾਰ ਦੇ ਨਾਲ-ਨਾਲ ਵਿਰੋਧੀ ਧਿਰ ਭਾਜਪਾ ਨੂੰ ਵੀ ਕਸੂਤਾ ਫਸਾ ਦਿੱਤਾ ਹੈ। ਵਿਕੀਲੀਕਸ ਵੱਲੋਂ ਸੰਸਦ ਮੈਂਬਰਾਂ ਨੂੰ ਖਰੀਦਣ ਦਾ ਖੁਲਾਸਾ ਕਰਨ ਤੋਂ ਬਾਅਦ ਭਾਜਪਾ ਨੇ ਕਾਂਗਰਸ ਨੂੰ ਬੁਰੀ ਤਰ੍ਹਾਂ ਘੇਰ ਲਿਆ ਸੀ ਤੇ ਸੰਸਦ ਦੀ ਕਾਰਵਾਈ ਤੱਕ ਠੱਪ ਕਰ ਦਿੱਤੀ ਸੀ। ਠੀਕ ਉਸੇ ਸਮੇਂ ਵਿਕੀਲੀਕਸ ਨੇ ਭਾਜਪਾ ਦੀ ਪੋਲ ਖੋਲ੍ਹ ਦਿੱਤੀ ਜਿਸ ਕਾਰਨ ਉਹ ਖ਼ੁਦ ਸ਼ਿਕੰਜੇ 'ਚ ਫਸ ਗਈ। ਵਿਕੀਲੀਕਸ ਅਨੁਸਾਰ ਭਾਜਪਾ ਨੇ ਅਮਰੀਕੀ ਦੂਤਘਰ ਨੂੰ ਭਰੋਸਾ ਦਿੱਤਾ ਸੀ ਕਿ ਉਹ ਸਿਰਫ਼ ਆਪਣੇ ਰਾਜਸੀ ਲਾਹੇ ਲਈ ਪਰਮਾਣੂ ਸਮਝੌਤੇ 'ਤੇ ਅਮਰੀਕਾ ਦੀ ਅਲੋਚਨਾ ਕਰਦੀ ਰਹੇਗੀ ਪਰ ਆਪ ਸੱਤਾ 'ਚ ਆਉਣ 'ਤੇ ਇਸ ਸਮਝੌਤੇ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਏਗੀ। ਇਸ ਤਾਜ਼ਾ ਖ਼ੁਲਾਸੇ ਤੋਂ ਬਾਅਦ ਕਾਂਗਰਸ ਨੇ ਮੌਕਾ ਸੰਭਾਲਦਿਆਂ ਕਿਹਾ ਹੈ ਕਿ ਵਿਕੀਲੀਕਸ ਦੇ ਹਵਾਲੇ ਨਾਲ ਸਾਨੂੰ ਘੇਰਨ ਵਾਲੀ ਭਾਜਪਾ ਪਹਿਲਾਂ ਆਪਣੀ ਪੀੜ੍ਹੀ ਹੇਠ ਸੋਟਾ ਫੇਰੇ। ਜ਼ਿਕਰਯੋਗ ਹੈ ਕਿ ਪਹਿਲਾਂ ਵਿਕੀਲੀਕਸ ਨੇ ਖੁਲਾਸਾ ਕੀਤਾ ਸੀ ਕਿ 2008 ਵਿਚ ਭਾਰਤ-ਅਮਰੀਕਾ ਪਰਮਾਣੂ ਸੰਧੀ ਦੇ ਮਾਮਲੇ 'ਤੇ ਯੂ.ਪੀ.ਏ. ਸਰਕਾਰ ਨੂੰ ਬਚਾਉਣ ਲਈ ਸੰਸਦ ਮੈਂਬਰਾਂ ਨੂੰ ਖ਼ਰੀਦਿਆ ਗਿਆ ਸੀ।




ਵਿਕੀਲੀਕਸ ਦੇ ਹੁਣ ਤਾਜ਼ਾ ਖ਼ੁਲਾਸੇ ਮੁਤਾਬਕ ਅਮਰੀਕੀ ਕੂਟਨੀਤਕ ਰਾਬਰਟ ਬਲੇਕ ਨੇ ਦਸੰਬਰ 2005 ਵਿਚ ਅਮਰੀਕਾ ਭੇਜੇ ਸੁਨੇਹੇ ਵਿਚ ਕਿਹਾ ਸੀ ਕਿ ਭਾਰਤ ਦੀ ਮੁੱਖ ਵਿਰੋਧੀ ਪਾਰਟੀ ਭਾਜਪਾ ਵਲੋਂ ਅਮਰੀਕਾ ਦਾ ਵਿਰੋਧ ਮਹਿਜ਼ ਦਿਖਾਵਾ ਹੈ। ਉਹ ਯੂ.ਪੀ.ਏ. ਸਰਕਾਰ ਨੂੰ ਦਬਾਅ ਹੇਠ ਲਿਆਉਣ ਲਈ ਅਜਿਹਾ ਕਰ ਰਹੀ ਹੈ। ਬਲੇਕ ਮੁਤਾਬਕ ਭਾਰਤ-ਅਮਰੀਕਾ ਸਬੰਧਾਂ ਬਾਰੇ ਕਾਂਗਰਸ ਤੇ ਭਾਜਪਾ ਦਾ ਰੁਖ਼ ਇਕੋ ਜਿਹਾ ਹੈ। ਦੱਸਣਯੋਗ ਹੈ ਕਿ 2005 ਵਿਚ 26 ਤੇ 27 ਦਸੰਬਰ ਨੂੰ ਭਾਜਪਾ ਨੇ ਕੌਮੀ ਕਾਰਜਕਾਰਨੀ ਦੀ ਮੀਟਿੰਗ ਵਿਚ ਮਤਾ ਪਾਸ ਕਰ ਕੇ ਯੂ.ਪੀ.ਏ. ਸਰਕਾਰ ਦੀ ਵਿਦੇਸ਼ ਨੀਤੀ ਨੂੰ ਅਮਰੀਕਾ ਪੱਖੀ ਕਰਾਰ ਦਿੱਤਾ ਸੀ। ਬਲੇਕ ਨੇ ਕਿਹਾ ਸੀ ਕਿ ਵਿਦੇਸ਼ ਨੀਤੀ ਬਾਰੇ

*(ਬਾਕੀ ਸਫਾ 6 'ਤੇ)*



*ਹੋਲਾ ਮਹੱਲਾ ਵਾਲੇ ਦਿਨ ਚਰਨ ਗੰਗਾ ਸਟੇਡੀਅਮ ਵਿਚ ਇਕੱਤਰ ਹੋਈਆਂ ਸਮੂਹ ਨਿਹੰਗ ਜਥੇਬੰਦੀਆਂ ਅਤੇ ਸੰਗਤਾਂ*

## ਹੋਲਾ ਮਹੱਲਾ:ਖਾਲਸਾਈ ਰੰਗ 'ਚ ਰੰਗੀ ਖਾਲਸੇ ਦੀ ਜਨਮ ਭੂਮੀ

### ਸਿਆਸੀ ਧਿਰਾਂ ਵੱਲੋਂ ਮੁੜ ਅਕਾਲ ਤਖ਼ਤ ਦੇ ਹੁਕਮਨਾਮੇ ਦੀ ਅਵੱਗਿਆ

**ਅਨੰਦਪੁਰ ਸਾਹਿਬ (ਪੰਜਾਬ ਟਾਈਮਜ਼ ਬਿਊਰੋ):** ਇਸ ਵਾਰ ਹੋਲੇ ਮਹੱਲੇ 'ਤੇ ਭਾਵੇਂ ਸਿਆਸੀ ਧਿਰਾਂ ਨੇ ਕੋਈ ਬਾਹਲੀ ਸਰਗਰਮੀ ਨਹੀਂ ਵਿਖਾਈ ਪਰ ਸਾਫ਼ ਮੌਸਮ ਹੋਣ ਕਰਕੇ ਦੇਸ਼ ਦੇ ਕੋਨੇ-ਕੋਨੇ ਤੇ ਵਿਦੇਸ਼ਾਂ ਤੋਂ ਵੱਡੀ ਗਿਣਤੀ ਵਿਚ ਪਹੁੰਚੀਆਂ ਸੰਗਤਾਂ ਕਰਕੇ ਇਸ ਧਰਤੀ 'ਤੇ ਵੱਡੀਆਂ ਰੌਣਕਾਂ ਰਹੀਆਂ। ਇਸ ਮੌਕੇ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ (ਬ) ਤੋਂ ਇਲਾਵਾ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ (ਅ) ਵੱਲੋਂ ਕਾਨਫਰੰਸਾਂ ਕੀਤੀਆਂ ਗਈਆਂ।

ਇਸ ਵਾਰ ਵੀ ਸਿਆਸੀ ਪਾਰਟੀਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹਦਾਇਤਾਂ ਦੀ ਕੋਈ ਪ੍ਰਵਾਹ ਨਾ ਕਰਦਿਆਂ ਇਕ ਦੂਜੇ 'ਤੇ ਖੁੱਲ੍ਹ ਕੇ ਚਿੱਕੜ ਉਛਾਲਿਆ। ਜ਼ਿਕਰਯੋਗ ਹੈ ਕਿ ਕੁਝ ਸਮਾਂ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਹੁਕਮਨਾਮਾ ਜਾਰੀ ਕੀਤਾ ਗਿਆ ਸੀ ਕਿ ਧਾਰਮਿਕ ਸਥਾਨਾਂ 'ਤੇ ਸਿਆਸੀ ਕਾਨਫਰੰਸਾਂ ਮੌਕੇ ਇਕ ਦੂਜੇ ਵਿਰੁਧ ਦੂਸ਼ਣਬਾਜ਼ੀ ਨਾ ਕੀਤੀ ਜਾਵੇ ਅਤੇ ਸਿਰਫ ਧਰਮ ਦੀ ਗੱਲ ਕੀਤੀ ਜਾਵੇ। ਉਂਜ 23 ਮਾਰਚ ਨੂੰ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਵਸ ਮੌਕੇ ਖਟਕੜ ਕਲਾਂ ਦੀ ਰੈਲੀ ਦੀਆਂ ਤਿਆਰੀਆਂ ਕਰਕੇ ਕਾਂਗਰਸ ਨੇ ਇਸ ਕਾਨਫਰੰਸ ਵੱਲ ਕੋਈ ਬਾਹਲੀ ਤਵੱਜੋ ਨਹੀਂ ਦਿੱਤੀ ਤੇ ਕਾਂਗਰਸ ਪ੍ਰਧਾਨ

*(ਬਾਕੀ ਸਫਾ 6 'ਤੇ)*


**Mann Tax Services**
Individual, Trucking or Business Taxes
CTEC California Tax Education Council Approved Tax Preparer
e-file

For Fast Refund:
For Appointments.
Gurdawar S. Mann
Ph:(510) 487-1000
(510) 468-9381
Email: manntaxservices@gmail.com



Fresh Sweets, Snacks & Food
Catering with portable Tandoor for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & CATERING
AUTHORIZED CATERER FOR MAJOR 5-STAR HOTELS
follow us on
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Call Makhan Bains or Ravinder Singh for your next Party 1-866-FOR RAJA www.RajaSweets.com



Law Offices Of
**Manpreet S. Gahra**
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
ਬਿਜ਼ਨਸ ਲਾਅ

Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582, Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

## ਪੰਜਾਬ ਟਾਈਮਜ਼ ਦੀ 11ਵੀਂ ਵਰ੍ਹੇਗੰਢ ਮੌਕੇ

# ਪੰਜਾਬ ਟਾਈਮਜ਼ ਨਾਈਟ-2011



ਮਾਹੀਜੀਤ ਵਿਰਦੀ



ਰਾਜ



ਨਿੰਮਾ ਡਲੇਵਾਲ

### ਗੀਤ ਸੰਗੀਤ ਭਰੀ ਇਕ ਸ਼ਾਮ

## 8 ਅਪਰੈਲ, 2011

**(ਸ਼ੁੱਕਰਵਾਰ ਸ਼ਾਮ 6:30 ਵਜੇ)**

### ਇੰਡੀਆ ਹਾਊਸ, ਸ਼ਾਮਬਰਗ

1521 W. Schaumburg Rd., Schaumburg,
IL 60194, Ph:847-895-5501

ਗਾਇਕ:ਮਾਹੀਜੀਤ ਵਿਰਦੀ, ਰਾਜ, ਨਿੰਮਾ ਡਲੇਵਾਲ,
ਪੂਜਾ ਧਾਲੀਵਾਲ, ਜਗਮੀਤ
ਸੰਗੀਤ:ਅਜੇ ਰੰਧਾਵਾ

**ਹੋਰ ਜਾਣਕਾਰੀ ਲਈ 847-359-0746**



ਪੂਜਾ ਧਾਲੀਵਾਲ



ਜਗਮੀਤ



ਅਜੇ ਰੰਧਾਵਾ



ਮੁੱਖ ਮਹਿਮਾਨ: ਦਰਸ਼ਨ ਸਿੰਘ ਗਰੇਵਾਲ
(ਸਿੰਘ ਕੰਸਟਰਕਸ਼ਨਜ਼, ਮਿਸ਼ੀਗਨ)

ਫੋਟੋ ਤੇ ਵੀਡੀਓ: ਰਾਜਿੰਦਰ ਸਿੰਘ ਸਿਆਨ (ਸਿਆਨ ਵੀਡੀਓ)

### ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਸਵਰਨਜੀਤ ਸਿੰਘ ਢਿਲੋਂ, ਪ੍ਰੋ ਜੋਗਿੰਦਰ ਸਿੰਘ ਰਮਦੇਵ, ਅਮੋਲਕ ਸਿੰਘ ਗਾਖਲ, ਡਾ. ਨਵਦੀਪ ਕੌਰ, ਡਾ. ਗੁਰਦਿਆਲ ਸਿੰਘ ਬਸਰਾਨ, ਹਰਦਿਆਲ ਸਿੰਘ ਦਿਓਲ, ਬਲਵਿੰਦਰ ਸਿੰਘ ਸੰਧੂ, ਸੰਨੀ ਧੂੜ ਅਤੇ ਜੈਦੇਵ ਸਿੰਘ ਭੱਠਲ



ਹਰਜੀਤ ਸਿੰਘ ਸਾਹੀ, ਸਰਵਣ ਸਿੰਘ ਟਿਵਾਣਾ, ਸ਼ਮਸ਼ੇਰ ਸਿੰਘ ਬੋਪਾਰਾਏ, ਦਰਸ਼ਨ ਸਿੰਘ ਦਰੜ, ਰਾਜਿੰਦਰ ਸਿੰਘ ਬੈਂਸ, ਮਨਦੀਪ ਸਿੰਘ ਭੂਰਾ, ਗੁਰਿੰਦਰ ਸਿੰਘ ਗਿੱਲ, ਜਗਦੀਸ਼ਰ ਸਿੰਘ ਕਲੇਰ ਤੇ ਹੈਪੀ ਹੀਰ

**ਗਰੈਂਡ ਸਪਾਂਸਰ:** ਬਲਵਿੰਦਰ ਸਿੰਘ ਸੰਧੂ, ਹਰਜਿੰਦਰ ਸਿੰਘ ਸੰਧੂ, ਨਿੱਕ ਗਾਖਲ, ਗੁਲਜ਼ਾਰ ਸਿੰਘ ਮੁਲਤਾਨੀ, ਜੱਸੀ ਗਿੱਲ (ਕੈਲੀਫੋਰਨੀਆ), ਗੁਰਮੇਲ ਸਿੰਘ ਕੰਗ (ਵਰਜੀਨੀਆ)

**ਸਪਾਂਸਰ: ਸ਼ਿਕਾਗੋ:** ਹਰਗੁਰਮੁਖਪਾਲ ਸਿੰਘ, ਅਯੁਧਿਆ ਸਲਵਾਨ (ਸਟਾਰ ਫੂਡਜ਼), ਗੁਰਮੁਖ ਸਿੰਘ ਭੁੱਲਰ, ਜੈ ਰਾਮ ਸਿੰਘ ਕਾਹਲੋਂ, ਡਾ. ਹਰਜਿੰਦਰ ਸਿੰਘ ਖਹਿਰਾ, ਮਨਜਿੰਦਰ ਸਿੰਘ ਭੰਬਰਾ, ਬਲਵਿੰਦਰ ਸਿੰਘ ਗਿਰਨ, ਰੋਨੀ ਕੁਲਾਰ, ਸੰਨੀ ਕੁਲਾਰ, ਬਲਜੀਤ ਸਿੱਧੂ, ਅਮਰੀਕ ਸਿੰਘ (ਅਮਰ ਕਾਰਪੈਟਸ), ਸੰਤੋਖ ਸਿੰਘ ਡੀ ਸੀ, ਗਿਆਨ ਸਿੰਘ ਸੀਹਰਾ, ਕਰਨਲ ਨਿਰਮਲ ਸਿੰਘ ਸਿੰਘਾ, ਕ੍ਰਿਪਾਲ ਸਿੰਘ ਰੰਧਾਵਾ, ਰਵੀ (ਆਰ ਕੇ ਕਾਰਪੈਟ), ਸਤਿੰਦਰ ਸਿੰਘ ਸੁਸਾਣਾ, ਦਰਸ਼ਨ ਸਿੰਘ ਬਸਰਾਓਂ, ਜਸਕਰਨ ਧਾਲੀਵਾਲ

**ਇੰਡੀਆਨਾ:** ਕਿਰਨਜੀਤ ਸਿੰਘ (ਕਿੱਟੂ) ਬਾਵਾ, ਰਾਣਾ ਵਿਰਕ, ਕਮਲਜੀਤ ਵਿਰਕ, ਗੁਰਨਾਮ ਸਿੰਘ ਸਿੱਧੂ, ਪ੍ਰਿਥਪਾਲ ਘੋਤੜਾ, ਮਨਜੀਤ ਨਾਗਰਾ, ਪਾਲ ਖਲੀਲ, ਧਰਮਿੰਦਰ ਖਟੜਾ, ਯਾਦਵਿੰਦਰ ਖਟੜਾ

**ਮਿਸ਼ੀਗਨ:** ਨਰਿੰਦਰ ਸਿੰਘ ਮੁੰਦਰ, ਸੁਰਿੰਦਰ ਸਿੰਘ ਗਰਚਾ (ਕੈਂਟਨ), ਹਰਪ੍ਰੀਤ ਸਿੰਘ (ਵਰਲਡਵਾਈਡ ਟਰੈਵਲ), ਕਰਨ ਗਿੱਲ, ਜਗਰਾਜ ਸਿੰਘ ਅਟਵਾਲ, ਰਾਜਬੀਰ ਸਿੰਘ ਬੋਪਾਰਾਏ, ਦਲਬਾਰਾ ਸਿੰਘ ਮਾਂਗਟ, ਹਰਪਾਲ ਸਿੰਘ ਟਾਂਡਾ, ਮਨਜੀਤ ਸਿੰਘ ਨੰਨਣ, ਗੁਰਜਿੰਦਰ ਸਿੰਘ ਡਿੰਪਲ-ਲੈਨਸਿੰਗ, ਸੁਰਿੰਦਰ ਸਿੰਘ ਕੰਗ

**ਮਿਲਵਾਕੀ:** ਬੇਅੰਤ ਸਿੰਘ ਬੋਪਾਰਾਏ, ਕੁਲਵਿੰਦਰ ਸਿੰਘ ਧਾਲੀਵਾਲ, ਅਮਰਜੀਤ ਸਿੰਘ ਸੰਧਰ, ਸੁਖਦੇਵ ਸਿੰਘ ਖਾਲਸਾ, ਲਾਲੀ ਸਿੱਧੂ, ਪਰਮਿੰਦਰ ਸਿੰਘ ਗੋਲਡੀ

**ਓਹਾਇਓ:** ਮੁਖਤਿਆਰ ਸਿੰਘ ਸੇਖੋਂ, ਅਮਨਦੀਪ ਸਿੰਘ ਧਾਰਨੀ, ਸੁਰਜੀਤ ਸਿੰਘ ਮਾਵੀ, ਅਵਤਾਰ ਸਿੰਘ ਸਪਰਿੰਗਫੀਲਡ, ਹਰਿੰਦਰ ਸਿੰਘ ਵਾਲੀਆ

**ਸਹਿਯੋਗੀ ਸੰਸਥਾਵਾਂ:** ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ-ਸ਼ਿਕਾਗੋ, ਪੰਜਾਬੀ ਕਲਚਰਲ ਸੁਸਾਇਟੀ-ਸ਼ਿਕਾਗੋ, ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ-ਸ਼ਿਕਾਗੋ, ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ, ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ, ਲਾਇਨਜ਼ ਆਫ ਪੰਜਾਬ-ਸ਼ਿਕਾਗੋ, ਯੂਨਾਈਟਿਡ ਸੀਨੀਅਰਜ਼ ਸਿਟੀਜ਼ਨ ਐਸੋਸੀਏਸ਼ਨ-ਸ਼ਿਕਾਗੋ,ਅਮੈਰਿਕਨ ਸੀਨੀਅਰ ਸਿੱਖ ਐਸੋਸੀਏਸ਼ਨ (ਆਸਾ), ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸਿਨਸਿਨੈਟੀ, ਪੰਜਾਬੀ ਅਮੈਰਿਕਨ ਯੂਥ ਕਲੱਬ-ਇੰਡੀਆਨਾ, ਪੰਜਾਬੀ ਕਲਚਰਲ ਸੁਸਾਇਟੀ ਮਿਸ਼ੀਗਨ-ਗਰੈਂਡ ਰੈਪਿਡਜ਼, ਪੰਜਾਬੀ ਕਲਚਰਲ ਸੁਸਾਇਟੀ ਸਾਊਥ ਮਿਸ਼ੀਗਨ-ਕੈਲਮਜ਼ੂ, ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ-ਮਿਸ਼ੀਗਨ, ਪੰਜਾਬੀ ਕਲਚਰਲ ਸੁਸਾਇਟੀ ਆਫ ਮਿਡਵੈਸਟ, ਪੰਜਾਬ ਸਪੋਰਟਸ ਕਲੱਬ ਕੈਲਮਜ਼ੂ-ਬੈਟਲ ਕਰੀਕ, ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ-ਇੰਡੀਆਨਾ, ਗੁਰੂ ਲਾਧੋ ਰੇ ਸੇਵਾ ਸੁਸਾਇਟੀ-ਮਿਲਵਾਕੀ, ਸ਼ਹੀਦ ਊਧਮ ਸਿੰਘ ਸੁਸਾਇਟੀ-ਨਿਊ ਯਾਰਕ, ਯੂਨਾਈਟਡ ਸਪੋਰਟਸ ਕਲੱਬ, ਕੈਲੀਫੋਰਨੀਆ, ਪੰਜਾਬੀ ਕਲਚਰਲ ਸੁਸਾਇਟੀ-ਲੈਨਸਿੰਗ (ਮਿਸ਼ੀਗਨ), ਪੰਜਾਬੀ ਯੂਥ ਐਸੋਸੀਏਸ਼ਨ-ਸ਼ਿਕਾਗੋ, ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ, ਡੇਅਟਨ (ਓਹਾਇਓ), ਪੰਜਾਬੀ ਲੇਖਕ ਡਾਟ ਕਾਮ, ਯੂਨਾਈਟਿਡ ਸਪੋਰਟਸ ਕਲੱਬ-ਕੈਲੀਫੋਰਨੀਆ, ਬੇਏਰੀਆ ਸਪੋਰਟਸ ਕਲੱਬ-ਕੈਲੀਫੋਰਨੀਆ, ਪੰਜਾਬੀ ਕਲਚਰਲ ਸੁਸਾਇਟੀ-ਸੈਕਰਾਮੈਂਟੋ

**ਪੰਜਾਬ ਟਾਈਮਜ਼ ਬੇਲਾਗ, ਬੇਬਾਕ ਅਤੇ ਨਿਧੜਕ ਪੱਤਰਕਾਰੀ ਦਾ ਮੁੱਦਈ**

# ਸ਼ਹੀਦ-ਏ-ਆਜ਼ਮ ਦੇ ਸ਼ਤਾਬਦੀ ਸਮਾਗਮਾਂ ਦੇ ਨਾਂ ’ਤੇ ਕਰੋੜਾਂ ਦਾ ਘਪਲਾ

**ਹੁਸ਼ਿਆਰਪੁਰ:** ਸਾਲ 2008 ਵਿਚ ਸ਼ਹੀਦ ਭਗਤ ਸਿੰਘ ਦੇ ਸ਼ਤਾਬਦੀ ਸਮਾਗਮਾਂ ਦੌਰਾਨ ਕਰੋੜਾਂ ਰੁਪਏ ਦਾ ਘਪਲਾ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਹਿਊਮਨ ਇੰਪਾਵਰਮੈਂਟ ਲੀਗ ਆਫ਼ ਪੰਜਾਬ (ਹੈਲਪ) ਨਾਂ ਦੀ ਸੰਸਥਾ ਨੇ ਸ਼ਤਾਬਦੀ ਸਮਾਗਮ ‘ਤੇ ਹੋਏ ਕਰੋੜਾਂ ਰੁਪਏ ਦੇ ਖਰਚੇ ਵਿਚ ਵੱਡੀ ਪੱਧਰ ‘ਤੇ ਹੋਏ ਘਪਲੇ ਬਾਰੇ ਪੰਜਾਬ ਵਿਜੀਲੈਂਸ ਬਿਓਰੋ ਵੱਲੋਂ ਕੀਤੀ ਜਾਂਚ ਨਾਲ ਸਬੰਧਤ ਦਸਤਾਵੇਜ਼ ਜਾਰੀ ਕਰ ਕੇ ਸ਼ਹੀਦਾਂ ਦੇ ਨਾਂ ‘ਤੇ ਕੀਤੇ ਜਾਂਦੇ ਵਪਾਰੀਕਰਨ ਦਾ ਮਾਮਲਾ ਉਜਾਗਰ ਕੀਤਾ ਹੈ।

27 ਸਤੰਬਰ 2008 ਨੂੰ ਖਟਕੜ ਕਲਾਂ ਵਿਖੇ ਜਨਮ ਸ਼ਤਾਬਦੀ ਦਾ ਸਮਾਪਤੀ ਸਮਾਗਮ ਪੰਜਾਬ ਕਲਾ ਪ੍ਰੀਸ਼ਦ ਵੱਲੋਂ ਕੀਤਾ ਗਿਆ ਸੀ। ਕੁੱਝ ਘੰਟਿਆਂ ਦੇ ਇਸ ਸਮਾਗਮ ‘ਤੇ 3.5 ਕਰੋੜ ਰੁਪਏ ਖਰਚ ਕਰ ਦਿਤੇ ਗਏ ਸਨ ਜਦੋਂਕਿ 10 ਲੱਖ ਰੁਪਏ ਕਲਾ ਪ੍ਰੀਸ਼ਦ ਦੀ ਮੈਨੇਜਮੈਂਟ ਨੇ ਖਰਚੇ ਲਈ ਰੱਖ ਲਏ ਸਨ। ਕਲਾ ਪ੍ਰੀਸ਼ਦ ਨੇ ਸਟੇਜ ਲਗਾਉਣ, ਲਾਈਟ ਐਂਡ ਸਾਊਂਡ, ਬਿਜਲੀ, ਟੈਂਟ, ਕਾਰਡਾਂ ਦੀ ਪ੍ਰਿੰਟਿਗ ਅਤੇ ਹੋਰ ਤਿਆਰੀਆਂ ‘ਤੇ ਇਕ ਕਰੋੜ 49 ਲੱਖ 83 ਹਜ਼ਾਰ 145 ਰੁਪਏ ਖਰਚ ਦਿੱਤੇ। ਕਲਾਕਾਰਾਂ ਦੀਆਂ ਫ਼ੀਸਾਂ ਅਤੇ ਉਨ੍ਹਾਂ ਦੇ ਆਉਣ ਜਾਣ ‘ਤੇ ਇਕ ਕਰੋੜ 12 ਲੱਖ 73 ਹਜ਼ਾਰ 640 ਰੁਪਏ ਖਰਚੇ। ਇਸ ਤੋਂ ਇਲਾਵਾ ਵੀਡੀਓ ਪ੍ਰੋਡਕਸ਼ਨ, ਪ੍ਰਚਾਰ, ਪ੍ਰਾਹੁਣਾਚਾਰੀ, ਕੇਸਰੀ ਪੱਗਾਂ ਅਤੇ ਦੁਪੱਟਿਆਂ ਅਤੇ ਹੋਰ ਸਾਜ਼ੋ-ਸਾਮਾਨ ‘ਤੇ ਵੀ ਲੱਖਾਂ ਰੁਪਏ ਖਰਚ ਦਿੱਤੇ ਸਨ। ‘ਹੈਲਪ’ ਵੱਲੋਂ ਸੂਚਨਾ ਅਧਿਕਾਰ ਕਾਨੂੰਨ ਤਹਿਤ ਲਈ ਗਈ ਜਾਣਕਾਰੀ ਤੋਂ ਇਨ੍ਹਾਂ ਖਰਚਿਆਂ ਵਿਚ ਭਾਰੀ ਹੇਰਾ ਫ਼ੇਰੀ ਕੀਤੇ ਜਾਣ ਦਾ ਪ੍ਰਗਟਾਵਾ ਹੋਇਆ ਹੈ।

ਵਿਜੀਲੈਂਸ ਬਿਓਰੋ ਨੇ ‘ਹੈਲਪ’ ਦੀ ਸ਼ਿਕਾਇਤ ’ਤੇ ਜਾਂਚ ਸ਼ੁਰੂ ਕੀਤੀ ਸੀ ਅਤੇ ਜਾਂਚ ਦੌਰਾਨ ਲਗਭਗ 150 ਜਣਿਆਂ ਦੇ ਬਿਆਨ ਕਲਮਬੱਧ ਕੀਤੇ। ਜਾਂਚ ਰਿਪੋਰਟ ਅਨੁਸਾਰ ਕਲਾ ਪ੍ਰੀਸ਼ਦ ਨੇ ਚੰਡੀਗੜ੍ਹ ਦੀ ਇਕ ਫ਼ਰਮ ‘ਦੀ ਪ੍ਰੋਫ਼ੈਸ਼ਨਲਜ਼ ਸਟੇਜ ਮੈਨੇਜਮੈਂਟ ਕੰਪਨੀ’ ਨੂੰ ਲਾਭ ਦੇਣ ਲਈ ਦੋ ਹੋਰ ਕੰਪਨੀਆਂ ਦੀਆਂ ਕੁਟੇਸ਼ਨਾਂ ਲਈਆਂ ਪਰ ਜਾਂਚ ਟੀਮਾਂ ਜਦੋਂ ਦੱਸੇ ਪਤੇ ’ਤੇ ਪਹੁੰਚੀਆਂ ਤਾਂ ਪਤਾ ਲੱਗਿਆ ਕਿ ਇਨ੍ਹਾਂ ਦੀ ਕੋਈ ਹੋਂਦ ਵੀ ਨਹੀਂ ਸੀ। ‘ਪ੍ਰੋਫ਼ੈਸ਼ਨਲਜ਼ ਸਟੇਟ ਮੈਨੇਜਮੈਂਟ’ ਕੰਪਨੀ ਨੇ ਠੇਕਾ ਮਿਲਣ ’ਤੇ ਅਗਿਓਂ ਹੋਰ ਕਈ ਫ਼ਰਮਾਂ ਤੋਂ ਕੰਮ ਕਰਵਾਇਆ ਜਿਸ ਦੀ ਜਾਣਕਾਰੀ ਵਿਜੀਲੈਂਸ ਬਿਓਰੋ ਨੂੰ ਨਹੀਂ ਦਿੱਤੀ ਗਈ। ਬਾਲੀਵੁੱਡ ਤੋਂ ਫ਼ਿਲਮ ਕਲਾਕਾਰਾਂ ਦਾ ਪ੍ਰਬੰਧ ਕਰਨ ਲਈ ਜੀ.ਐਮ. ਐਂਟਰਟੇਨਮੈਂਟ ਨਾਂ ਦੀ ਕੰਪਨੀ ਨੂੰ ਠੇਕਾ ਦਿੱਤਾ ਗਿਆ। ਇਸ ਫ਼ਰਮ ਨੇ ਕਲਾਕਾਰਾਂ ਨੂੰ 90 ਲੱਖ ਰੁਪਏ ਦਾ ਭੁਗਤਾਨ ਕੀਤਾ ਵਿਖਾਇਆ ਪਰ ਵਿਜੀਲੈਂਸ ਨੇ ਜਦੋਂ ਕਲਾਕਾਰਾਂ ਤੋਂ ਬਿਆਨ ਲਏ ਤਾਂ ਪਤਾ ਲੱਗਿਆ ਕਿ ਪੰਮੀ ਬਾਈ ਨੂੰ ਛੱਡ ਕੇ ਬਾਕੀ ਸਾਰਿਆਂ ਨੂੰ ਦਿੱਤੀ ਅਸਲ ਰਾਸ਼ੀ ਅਤੇ ਕਾਗਜ਼ਾਂ ਵਿਚ ਦਿਖਾਈ ਰਾਸ਼ੀ ਵਿਚ ਹੈਰਾਨੀਜਨਕ ਫ਼ਰਕ ਸੀ। ਸੰਗੀਤਕਾਰ ਉਤਮ ਸਿੰਘ ਨੂੰ 20 ਲੱਖ ਰੁਪਏ ਦਿੱਤਾ ਵਿਖਾਇਆ ਗਿਆ ਜਦੋਂਕਿ ਉਸ ਨੇ ਇਕ ਲੱਖ ਰੁਪਏ ਲਏ ਮੰਨੇ। ਇਸੇ ਤਰ੍ਹਾਂ ਪਿੱਠਵਰਤੀ ਗਾਇਕ ਉਦਿਤ ਨਰਾਇਣ, ਸਾਧਨਾ ਸਰਗਮ ਅਤੇ ਦਲੇਰ ਮਹਿੰਦੀ ਨੂੰ ਵੀ 1-1 ਲੱਖ ਰੁਪਏ ਦਿੱਤੇ ਜਦੋਂਕਿ ਇਨ੍ਹਾਂ ਨੂੰ ਕ੍ਰਮਵਾਰ 12 ਲੱਖ, 10 ਲੱਖ ਅਤੇ 5 ਲੱਖ ਰੁਪਏ ਦਿੱਤੇ ਵਿਖਾਏ ਗਏ। ਟੀ.ਵੀ. ਕਲਾਕਾਰ ਸ਼ੇਖਰ ਸੁਮਨ ਅਤੇ ਅਰਚਨਾ ਪੂਰਨ ਸਿੰਘ ਨੂੰ ਕ੍ਰਮਵਾਰ 2.50 ਲੱਖ ਰੁਪਏ ਅਤੇ 1.50 ਲੱਖ ਰੁਪਏ ਦਿੱਤੇ ਗਏ ਜਦੋਂਕਿ ਕਾਗਜ਼ਾਂ ਵਿਚ 9 ਅਤੇ 6 ਲੱਖ ਰੁਪਏ ਦਿੱਤੇ ਦਰਸਾਏ ਗਏ। ਫ਼ਿਲਮ ਅਦਾਕਾਰ ਅਜੇ ਦੇਵਗਨ ਨੂੰ ਕੋਈ ਪੈਸਾ ਨਹੀਂ ਗਿਆ ਪਰ ਕਾਗਜ਼ਾਂ ਵਿਚ ਉਸ ਨੂੰ 6 ਲੱਖ ਰੁਪਏ ਜ਼ਰੂਰ ਦਿੱਤੇ ਗਏ। ਅਜੇ ਦੇਵਗਨ ਨੇ ਵਿਜੀਲੈਂਸ ਬਿਓਰੋ ਨੂੰ ਦਿੱਤੇ ਬਿਆਨ ਵਿਚ ਦੱਸਿਆ ਕਿ ਨਾ ਉਸ ਨੂੰ ਸਮਾਗਮ ਲਈ ਬੁਲਾਇਆ ਗਿਆ ਅਤੇ ਨਾ ਹੀ ਉਹ ਗਿਆ। ਦਲੇਰ ਮਹਿੰਦੀ ਦੇ ਮੈਨੇਜਰ ਨੇ ਕਿਹਾ ਕਿ ਉਸ ਦੇ ਖਾਤੇ ਵਿਚ 1 ਲੱਖ ਰੁਪਏ ਜਮ੍ਹਾਂ ਹੋਏ ਸਨ ਪਰ ਐਂਟਰਟੇਨਮੈਂਟ ਕੰਪਨੀ ਨੇ ਉਨ੍ਹਾਂ ਨੂੰ ਟੈਲੀਫ਼ੋਨ ’ਤੇ ਪ੍ਰੋਗਰਾਮ ਵਿਚ ਨਾ ਆਉਣ ਲਈ ਕਹਿ ਦਿੱਤਾ ਸੀ।

ਇਸ ਬਾਰੇ ਪੰਜਾਬ ਕਲਾ ਪ੍ਰੀਸ਼ਦ ਦੇ ਚੇਅਰਮੈਨ ਅਤੇ ਸਾਬਕਾ ਪ੍ਰਮੁੱਖ ਸਕੱਤਰ ਸੱਭਿਆਚਾਰਕ ਮਾਮਲੇ ਡਾ. ਸਵਰਨ ਸਿੰਘ ਨੇ ਦੱਸਿਆ ਕਿ ਮੁੱਖ ਮੰਤਰੀ ਦੇ ਪੱਧਰ ‘ਤੇ ਬਣੀ ਕਮੇਟੀ ਵਿਚ ਮੁੰਬਈ ਤੋਂ ਕਲਾਕਾਰ ਘੱਟ ਬੁਲਾਉਣ ਅਤੇ ਪੰਜਾਬੀ ਕਲਾਕਾਰ ਜ਼ਿਆਦਾ ਬੁਲਾਉਣ ਦਾ ਫ਼ੈਸਲਾ ਹੋ ਗਿਆ। ਕਲਾਕਾਰ ਪਹਿਲਾਂ ਬੁੱਕ ਹੋ ਚੁੱਕੇ ਸਨ ਅਤੇ ਉਨ੍ਹਾਂ ਨੂੰ ਸਾਈਨ ਕੀਤੀ ਰਾਸ਼ੀ ਵੀ ਜਾ ਚੁੱਕੀ ਸੀ। ਸਮਾਗਮ ਸ਼ਰਧਾਂਜਲੀ ਅਤੇ ਸੰਗੀਤਮਈ ਹੋਣ ਦੀ ਬਜਾਏ ਰਾਜਨੀਤਕ ਬਣ ਗਿਆ ਸੀ ਜਿਸ ਕਰਕੇ ਸਟੇਜ ਤੋਂ ਮੁੰਬਈ ਤੋਂ ਆਏ ਕਲਾਕਾਰਾਂ ਨੂੰ ਬਹੁਤਾ ਸਮਾਂ ਨਹੀਂ ਦਿੱਤਾ ਗਿਆ। ਡਾ. ਸਿੰਘ ਅਨੁਸਾਰ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਨੇ ਇਕ ਦੀ ਥਾਂ ਦੋ ਸਟੇਜਾਂ ਲਗਵਾ ਦਿੱਤੀਆਂ ਅਤੇ ਸਾਰਾ ਕੁੱਝ ਉਥਲ-ਪੁਥਲ ਕਰ ਦਿੱਤਾ। ਉਨ੍ਹਾਂ ਇਹ ਵੀ ਕਿਹਾ ਕਿ ਮੁੱਖ ਮੰਤਰੀ ਨੂੰ ਪਤਾ ਸੀ ਕਿ ਮੁੰਬਈ ਤੋਂ ਮਹਿੰਗੇ ਕਲਾਕਾਰ ਬੁਲਾਏ ਹੋਏ ਹਨ ਪਰ ਇਹ ਉਨ੍ਹਾਂ ‘ਤੇ ਹੀ ਨਿਰਭਰ ਸੀ ਕਿ ਕਿਸ ਨੂੰ ਸਮਾਂ ਦਿੱਤਾ ਜਾਣਾ ਹੈ ਅਤੇ ਕਿਸ ਨੂੰ ਨਹੀਂ। ਉਨ੍ਹਾਂ ਦੱਸਿਆ ਕਿ ਸ਼ਹੀਦੇ ਆਜ਼ਮ ਭਗਤ ਸਿੰਘ ਜਾਂ ਜੱਲ੍ਹਿਆਂ ਵਾਲੇ ਬਾਗ ਬਾਰੇ ਕਵਿਤਾ ਕਹਿਣੀ ਵੀ ਉਨ੍ਹਾਂ ਦੇ ਕੰਟਰੋਲ ਤੋਂ ਬਾਹਰ ਸੀ। ਉਨ੍ਹਾਂ ਇਹ ਵੀ ਖੁਲਾਸਾ ਕੀਤਾ ਕਿ ਪਹਿਲਾਂ ਇਸ ਸਮਾਗਮ ‘ਤੇ 6 ਕਰੋੜ ਰੁਪਏ ਦੀ ਲਾਗਤ ਆਉਣੀ ਸੀ ਪਰ ਭਾਰਤ ਸਰਕਾਰ ਨੇ ਤਜਵੀਜ਼ ਪ੍ਰਵਾਨ ਨਹੀਂ ਕੀਤੀ ਜਿਸ ਪਿੱਛੋਂ ਸਮਾਗਮ ਦਾ ਖਰਚਾ ਘਟਾ ਦਿੱਤਾ ਗਿਆ।

## ਕਿਸੇ ਨੂੰ ਵੀ ਮੁੱਖ ਮੰਤਰੀ ਵਜੋਂ ਉਭਾਰ ਕੇ ਚੋਣਾਂ ਨਹੀਂ ਲੜਾਂਗੇ:ਜਗਮੀਤ

**ਸ਼ੰਭੂ ਬੈਰੀਅਰ:** ਆਲ ਇੰਡੀਆ ਕਾਂਗਰਸ ਕਮੇਟੀ ਦੀ ਕਾਰਜਕਾਰਨੀ ਦੇ ਨਵ-ਨਿਯੁਕਤ ਮੈਂਬਰ ਅਤੇ ਪੰਜ ਰਾਜਾਂ ਵਿਚ ਕਾਂਗਰਸ ਪਾਰਟੀ ਦੀਆਂ ਇਕਾਈਆਂ ਦੇ ਇੰਚਾਰਜ ਜਗਮੀਤ ਸਿੰਘ ਬਰਾੜ ਨੇ ਕਿਹਾ ਹੈ ਕਿ ਆਉਂਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਪੰਜਾਬ ਕਾਂਗਰਸ ਵੱਲੋਂ ਅਗਾਊਂ ਕਿਸੇ ਵੀ ਪਾਰਟੀ ਦੇ ਆਗੂ ਨੂੰ ਰਾਜ ਦੇ ਮੁੱਖ ਮੰਤਰੀ ਵਜੋਂ ਉਭਾਰ ਕੇ ਚੋਣਾਂ ਨਹੀਂ ਲੜੀਆਂ ਜਾਣਗੀਆਂ। ਪਾਰਟੀ ਦੀ ਮੁੱਢ ਤੋਂ ਰਵਾਇਤ ਰਹੀ ਹੈ ਕਿ ਕਿਸੇ ਵੀ ਰਾਜ ਵਿਚ ਕਾਂਗਰਸ ਦੇ ਜਿੱਤਣ ਦੀ ਸੂਰਤ ਵਿਚ ਮੁੱਖ ਮੰਤਰੀ ਦਾ ਫੈਸਲਾ ਚੁਣੇ ਵਿਧਾਇਕ ਅਤੇ ਪਾਰਟੀ ਦੀ ਕੌਮੀ ਲੀਡਰਸ਼ਿਪ ਹੀ ਕਰਦੀ ਹੈ।

ਕਾਂਗਰਸ ਕਮੇਟੀਆਂ ਦੇ ਇੰਚਾਰਜ ਨਿਯੁਕਤ ਹੋਣ ਤੋਂ ਬਾਅਦ ਪੰਜਾਬ ਪੁੱਜੇ ਸ੍ਰੀ ਬਰਾੜ ਦਾ ਸ਼ੰਭੂ ਬੈਰੀਅਰ ਵਿਖੇ ਉਨ੍ਹਾਂ ਦੇ ਸਮਰਥਕਾਂ ਵੱਲੋਂ ਸੁਆਗਤ ਕੀਤਾ ਗਿਆ। ਇਸ ਮੌਕੇ ਭਾਵੇਂ ਲੋਕਲ ਕਾਂਗਰਸੀ ਵਰਕਰ ਤਾਂ ਨਾਂਮਾਤਰ ਸਨ ਪਰ ਫਿਰੋਜ਼ਪੁਰ, ਜਲਾਲਾਬਾਦ, ਮੋਗਾ, ਮੁਕਤਸਰ ਆਦਿ ਤੋਂ ਇਥੇ ਪੁੱਜੇ ਕਾਂਗਰਸੀ ਵਰਕਰਾਂ ਨੇ ਸ੍ਰੀ ਬਰਾੜ ਦਾ ਢੋਲ-ਢਮੱਕੇ ਨਾਲ ਸੁਆਗਤ ਕੀਤਾ। ਇਸ ਮੌਕੇ ਕੁੱਝ ਸਮਾਂ ਨੈਸ਼ਨਲ ਹਾਈਵੇ ਉਪਰ ਟਰੈਫਿਕ ਵਿਚ ਵਿਘਨ ਵੀ ਪਿਆ। ਜਦੋਂ ਸ੍ਰੀ ਬਰਾੜ ਨੂੰ ਪੱਤਰਕਾਰਾਂ ਨੇ ਪੁੱਛਿਆ ਕਿ ਪੰਜਾਬ ਵਿਚ ਹੋ ਰਹੇ ਕਾਂਗਰਸ ਦੇ ਸਮਾਗਮਾਂ ਵਿਚ ਕੈਪਟਨ ਅਮਰਿੰਦਰ ਸਿੰਘ ਨੂੰ ਅਕਸਰ ਅਗਲੇ ਮੁੱਖ ਮੰਤਰੀ ਵਜੋਂ ਪੇਸ਼ ਕੀਤਾ ਜਾ ਰਿਹਾ ਹੈ ਤਾਂ ਉਨ੍ਹਾਂ ਕਿਹਾ ਕਿ ਜੇਕਰ ਕੋਈ ਵਰਕਰ ਅਜਿਹਾ ਕਰਦਾ ਹੈ ਤਾਂ ਉਸ ਨੂੰ ਕੋਈ ਇਤਰਾਜ਼ ਨਹੀਂ ਹੈ ਪਰ ਸਿਧਾਂਤਕ ਤੌਰ ‘ਤੇ ਇਹ ਫੈਸਲਾ ਹਾਈਕਮਾਂਡ ਦੇ ਹੱਥ ਵਿਚ ਹੀ ਹੈ।

ਕੈਪਟਨ ਨਾਲ ਮਤਭੇਦਾਂ ਬਾਰੇ ਉਨ੍ਹਾਂ ਕਿਹਾ ਕਿ ਕਾਂਗਰਸ ਦੀ ਕੌਮੀ ਪ੍ਰਧਾਨ ਸੋਨੀਆ ਗਾਂਧੀ ਨੇ ਉਨ੍ਹਾਂ ਨੂੰ ਸਾਲ 2012 ਦੌਰਾਨ ਪੰਜਾਬ ਵਿਚ ਕਾਂਗਰਸ ਦੀ ਸੱਤਾ ਲਿਆਉਣ ਲਈ ਸੂਬਾ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦਾ ਸਮਰਥਨ ਕਰਨ ਦਾ ਆਦੇਸ਼ ਦਿੱਤਾ ਹੈ ਜਿਸ ਲਈ ਉਨ੍ਹਾਂ ਨੇ ਕਮਰਕੱਸੇ ਕਰ ਲਏ ਹਨ। ਸ਼ੰਭੂ ਬੈਰੀਅਰ ‘ਤੇ ਆਪਣੇ ਸਮਰਥਕਾਂ ਨੂੰ ਮਿਲਣ ਤੋਂ ਬਾਅਦ ਸ੍ਰੀ ਬਰਾੜ ਦਾ ਕਾਫਲਾ ਲੁਧਿਆਣਾ ਵੱਲ ਵਧਿਆ। ਰਸਤੇ ਵਿਚ ਰਾਜਪੁਰਾ, ਸਰਹਿੰਦ, ਗੋਬਿੰਦਗੜ੍ਹ, ਖੰਨਾ ਅਤੇ ਲੁਧਿਆਣਾ ’ਚ ਵੀ ਉਨ੍ਹਾਂ ਦਾ ਸੁਆਗਤ ਕੀਤਾ ਗਿਆ।

## ਖਾਲਸਾ ਕਾਲਜ ਮਾਮਲਾ ਪਿੰਡ ਕੋਟ ਖਾਲਸਾ ਦੇ ਲੋਕ ਹਾਈ ਕੋਰਟ ਜਾਣਗੇ

**ਅੰਮ੍ਰਿਤਸਰ:** ਇਤਿਹਾਸਕ ਖਾਲਸਾ ਕਾਲਜ ਨੂੰ ਜ਼ਮੀਨ ਦਾਨ ਕਰਨ ਵਾਲੇ ਪਿੰਡ ਕੋਟ ਖਾਲਸਾ ਦੇ ਲੋਕਾਂ ਨੇ ਇਸ ਨੂੰ ਯੂਨੀਵਰਸਿਟੀ ਬਣਾਉਣ ਖਿਲਾਫ ਹਾਈ ਕੋਰਟ ਜਾਣ ਦਾ ਫ਼ੈਸਲਾ ਕੀਤਾ ਹੈ।

ਯਾਦ ਰਹੇ ਕਿ ਕਾਲਜ ਦਾ ਸਟਾਫ, ਪੁਰਾਣੇ ਵਿਦਿਆਰਥੀ ਅਤੇ ਕਈ ਸਿਆਸੀ ਧਿਰਾਂ ਪਹਿਲਾਂ ਹੀ ਕਾਲਜ ਮੈਨੇਜਮੈਂਟ ਦੇ ਫੈਸਲੇ ਖਿਲਾਫ ਆਵਾਜ਼ ਬੁਲੰਦ ਕਰ ਚੁੱਕੀਆਂ ਹਨ। ਖਾਲਸਾ ਕਾਲਜ ਮੈਨੇਜਮੈਂਟ ਦੇ ਫੈਸਲੇ ਮੁਤਾਬਕ ਕਾਲਜ ਨੂੰ ਪ੍ਰਾਈਵੇਟ ਯੂਨੀਵਰਸਿਟੀ ਵਿਚ ਤਬਦੀਲ ਕੀਤਾ ਜਾ ਰਿਹਾ ਹੈ।

ਮੇਜਰ ਮਹਿੰਦਰ ਸਿੰਘ ਸਰਕਾਰੀਆ ਅਤੇ ਸਵਿੰਦਰ ਦੀ ਅਗਵਾਈ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪਿੰਡ ਦੇ ਲੋਕਾਂ ਨੇ ਦੱਸਿਆ ਕਿ ਉਨਾਂ ਇਸ ਬਾਰੇ ਸਰਕਾਰ ਨੂੰ ਵੀ ਚਿਤਾਵਨੀ ਦੇ ਦਿੱਤੀ ਹੈ। ਜੇ ਸਰਕਾਰ ਇਸ ਮਾਮਲੇ ‘ਤੇ ਪਿੱਛੇ ਨਾ ਹਟੀ ਤਾਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਰਿਹਾਇਸ਼ ਅੱਗੇ ਧਰਨਾ ਵੀ ਮਾਰਿਆ ਜਾਵੇਗਾ।

***(ਵਿਸਥਾਰ ਸਹਿਤ ਰਿਪੋਰਟਾਂ ਸਫ਼ਾ 8 ਉਤੇ ਪੜ੍ਹੋ )***

## ਰੁਝੇਵੇਂ

**ਸੈਕਰਾਮੈਂਟੋ**


27 ਮਾਰਚ 2011: ਪਰਵਾਸੀਆਂ ਦੀਆਂ ਸਮੱਸਿਆਵਾਂ ਬਾਰੇ ਸੈਮੀਨਾਰ, ਐਨ ਆਰ ਆਈ ਫਰੰਟ ਵਲੋਂ, ਸਥਾਨ-ਹੋਟਲ ਫੋਰ ਪੋਂਇਟ, ਸ਼ੈਰਟਨ, ਮੁੱਖ ਮਹਿਮਾਨ-ਜੱਸੀ ਖੰਗੂੜਾ, ਸ਼ਾਮ 6 ਵਜੇ। ਹੋਰ ਜਾਣਕਾਰੀ ਲਈ ਫੋਨ 916-320-9444 ’ਤੇ ਕਾਲ ਕੀਤੀ ਜਾ ਸਕਦੀ ਹੈ।


ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

ਸੈਕਰਾਮੈਂਟੋ, ਕੈਲੀਫੋਰਨੀਆ
ਜੋਰਦਾਰ ਮੰਗ ’ਤੇ ਹੁਣ ਯੂਬਾ ਸਿਟੀ ਲੋਕੇਸ਼ਨ ਵੀ ਸ਼ੁਰੂ

*National Truck Driving School*

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785

4585 Pell Dr. Secramento CA, 95838



Short Sale Specialist

We Can Sell Your Home in Short Sale at No Cost to You



Sohanpreet (Sam) Chahal
CA Lic. 01504071
Realtor/Notary Public
email:samchahal@hotmail.com

For Buying & Selling Residential And For Loans

Call: Sohanpreet ‘Sam’ Chahal
@916-612-5773

Serving from Bay Area to Sacramento

Call for free listing of Reo-Bankowned Properties

Multi-Million Dollars Producer-2007, 2008 & 2009

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# Matrimonials

## ਕੰਨਿਆ ਦੀ ਲੋੜ

Wanted US citizen girl for Kamboj Sikh boy, 25, 5’5", Bachelor in Architecture, raised in America went to school, college in New York, living with parents in New York and works with family business. Cast no bar. Contact: 516.439.1208 or 347.920.9011

ਜੱਟ ਸਿੱਖ ਢਿੱਲੋਂ, ਸੁਨੱਖੇ, 22, 5’11”, ਦਸ ਸਾਲ ਦੇ ਟੂਰਿਸਟ/ਬਿਜਨਸ ਵੀਜ਼ੇ ‘ਤੇ ਅਮਰੀਕਾ ਆਪਣੇ ਪਿਤਾ ਪਾਸ ਰਹਿੰਦੇ ਲੜਕੇ ਲਈ ਅਮਰੀਕੀ ਸਿਟੀਜ਼ਨ ਲੜਕੀ ਦੀ ਲੋੜ ਹੈ। ਸੰਪਰਕ ਕਰੋ: ਫੋਨ 812-677-6206 ਜਾਂ ਈਮੇਲ: dhillon196315@yahoo.com

Wanted suitable match for Jatt Sikh US born, handsome, cleanshaven, 27/ 6’1”, engineer (BSc. Engg.) boy, manager in a top US corporation. Educated, respected family, no demands. Pl. contact: Sikh5family@gmail.com

Indian Attorney in 60s, 5'-6", slim looking for a sincere, educated, God fearing, companion. Caste no bar. Serious inquiries only. Contact: Ph:323-573-9315, Email: singhb1@yahoo.com

## ਵਰ ਦੀ ਲੋੜ

ਖੂਬਸੂਰਤ ਕੰਬੋਜ਼ ਸਿੱਖ ਉਮਰ 24 ਸਾਲ ਕੱਦ 5’6" ਸਟੂਡੈਂਟ ਵੀਜ਼ੇ ‘ਤੇ, ਕੈਨੇਡਾ ਰਹਿੰਦੀ ਰਜਿਸਟਰਡ ਪ੍ਰੈਕਟੀਕਲ ਨਰਸ ਅਮ੍ਰਿਤਧਾਰੀ ਲੜਕੀ ਲਈ ਗੁਰਸਿੱਖ ਵਰ ਚਾਹੀਦਾ ਹੈ। ਸੰਪਰਕ ਕਰੋ, ਫੋਨ: 780-200-8082, 91-98146-47417

Sikh match for Parjapat Sikh female, 30, 5’- 6", working with US University on H1 visa, PhD (Molecular Biology) from US. Caste no bar, US/Canada preferred. Contact at 978-799-8948 (US), 91-98784-59056 (India), or piscean100@yahoo.com

# ਰਵੀ ਸੋਢੀ ਦੇ ਚਲਾਣੇ ਉਤੇ ਦੁੱਖ ਦਾ ਪ੍ਰਗਟਾਵਾ

**ਫਰੀਮਾਂਟ:** ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ ਨੇ ਰਾਸ਼ਟਰਮੰਡਲ ਖੇਡਾਂ ਦੇ ਚੈਂਪੀਅਨ ਪਹਿਲਵਾਨ ਰਵੀ ਸੋਢੀ ਦੇ ਅਚਾਨਕ ਚਲਾਣੇ ਉਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਇਸ ਨੂੰ ਖੇਡ ਜਗਤ ਲਈ ਵੱਡਾ ਘਾਟਾ ਕਰਾਰ ਦਿੱਤਾ ਹੈ। ਇਥੇ ਜਾਰੀ ਇਕ ਬਿਆਨ ਵਿਚ ਕਲੱਬ ਨੇ ਕਿਹਾ ਹੈ ਕਿ ਜਿਥੇ ਪੰਜਾਬੀ ਭਾਈਚਾਰੇ ਨੂੰ ਰਵੀ ਸੋਢੀ ਉਤੇ ਮਾਣ ਸੀ ਅਤੇ ਉਸ ਤੋਂ ਬਹੁਤ ਆਸਾਂ ਸਨ, ਉਥੇ ਕੈਨੇਡਾ ਦਾ ਸਿਟੀਜ਼ਨ ਹੋਣ ਕਰਕੇ ਕੈਨੇਡਾ ਨੂੰ ਵੀ ਉਸ ਉਤੇ ਵੱਡਾ ਮਾਣ ਸੀ।

ਬਿਆਨ ਵਿਚ ਕਿਹਾ ਗਿਆ ਹੈ ਕਿ ਰਵੀ ਸੋਢੀ ਦੀ ਕਾਬਲੀਅਤ ਨੂੰ ਮੁੱਖ ਰੱਖ ਕੇ ਹੀ ਕਲੱਬ ਵਲੋਂ ਉਸ ਨੂੰ ਉਚੇਚਾ ਸੱਦ ਕੇ ਉਸ ਦਾ ਮਾਣ ਸਨਮਾਨ ਕੀਤਾ ਗਿਆ ਸੀ। ਕਲੱਬ ਦੀ ਇਕ ਮੀਟਿੰਗ ਵਿਚ ਦੋ ਮਿੰਟ ਦਾ ਮੌਨ ਰੱਖ ਕੇ ਵਿਛੜੀ ਰੂਹ ਦੀ ਆਤਮਾ ਦੀ ਸ਼ਾਂਤੀ ਲਈ ਰੱਬ ਅੱਗੇ ਅਰਦਾਸ ਕੀਤੀ ਗਈ। ਇਸ ਮੀਟਿੰਗ ਵਿਚ ਇਕਬਾਲ ਸਿੰਘ ਗਾਖਲ, ਬਲਬੀਰ ਸਿੰਘ, ਗੁਰਦਾਵਰ ਸਿੰਘ ਮਹੇੜੂ, ਜੁਗਰਾਜ ਸਿੰਘ, ਦਲਵਿੰਦਰ ਸਿੰਘ ਪੱਡਾ, ਨਰਿੰਦਰ ਸਿੰਘ, ਮੱਖਣ ਸਿੰਘ ਬੈਂਸ, ਪਰਮਜੀਤ ਸਿੰਘ ਸੰਧੂ ਅਤੇ ਕੁਲਦੀਪ ਸਿੰਘ ਸ਼ਾਮਲ ਸਨ। ਚੇਅਰਮੈਨ ਸ੍ਰੀ ਅਮੋਲਕ ਸਿੰਘ ਗਾਖਲ ਇੰਡੀਆ ਗਏ ਹੋਣ ਕਰਕੇ ਮੀਟਿੰਗ ਵਿਚ ਸ਼ਾਮਲ ਨਹੀਂ ਹੋ ਸਕੇ।

# ਫਰਿਜ਼ਨੋ ਦੇ ਨੌਜਵਾਨ ਕਰਨ ਢਿੱਲੋਂ ਦੀ ਭੇਦਭਰੇ ਹਾਲਾਤ ਵਿਚ ਮੌਤ

**ਫਰਿਜ਼ਨੋ (ਮਾਨ ਮਨਦੀਪ):** ਇਥੋਂ ਦੇ ਇਕ 31 ਸਾਲਾ ਨੌਜਵਾਨ ਕਰਨ ਢਿੱਲੋਂ ਦੀ ਇੰਗਲੈਂਡ ਵਿਚ ਭੇਤਭਰੇ ਹਾਲਾਤ ਵਿਚ ਅਚਾਨਕ ਮੌਤ ਹੋ ਗਈ। ਅਜੇ ਤੱਕ ਮੌਤ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਪਰ ਪੁਲਿਸ ਵੱਖ ਵੱਖ ਪਹਿਲੂਆਂ ਦੀ ਜਾਂਚ ਕਰ ਰਹੀ ਹੈ।




ਕਰਨ ਢਿੱਲੋਂ

ਕਰਨ ਢਿੱਲੋਂ ਪੰਜਾਬ ਦੇ ਜ਼ਿਲਾ ਬਠਿੰਡਾ ਦੇ ਕਸਬਾ ਰਾਮਪੁਰਾ ਫੂਲ ਤੋਂ ਸੀ। ਉਸ ਦਾ ਜਨਮ 1979 ਵਿਚ ਹਾਂਗਕਾਂਗ ਵਿਚ ਹੋਇਆ ਅਤੇ ਸੰਨ 2000 ਵਿਚ ਉਹ ਅਮਰੀਕਾ ਆ ਗਿਆ। ਪਿਛਲੇ 10 ਸਾਲ ਤੋਂ ਉਹ ਫਰਿਜ਼ਨੋ ਹੀ ਰਹਿ ਰਿਹਾ ਸੀ ਅਤੇ ਕਾਰੋਬਾਰ ਦੇ ਸਿਲਸਿਲੇ ਵਿਚ ਆਪਣੀ ਪਤਨੀ ਅਤੇ ਬੱਚਿਆਂ ਸਮੇਤ ਇੰਗਲੈਂਡ ਗਿਆ ਸੀ ਜਿਥੇ ਉਸ ਦੇ ਕਈ ਰਿਸ਼ਤੇਦਾਰ ਵੀ ਵੱਸਦੇ ਹਨ। ਉਸ ਦੇ ਮਾਂ-ਬਾਪ ਦੀ ਪਹਿਲਾਂ ਹੀ ਮੌਤ ਹੋ ਚੁਕੀ ਹੈ। ਉਹ ਆਪਣੇ ਪਿਛੇ ਪਤਨੀ ਰਮੇਲ ਕੌਰ ਅਤੇ ਦੋ ਬੱਚੀਆਂ ਡੇਢ ਸਾਲਾ ਹਿਨਾ ਅਤੇ ਤਿੰਨ ਸਾਲਾ ਅਵਲੀਨ ਛੱਡ ਗਿਆ ਹੈ। ਕਰਨ ਢਿੱਲੋਂ ਆਪਣੇ ਦੋਸਤਾਂ ਵਿਚ ਕਾਫੀ ਹਰਮਨ ਪਿਆਰਾ ਸੀ ਅਤੇ ਉਸ ਦੇ ਦੋਸਤਾਂ ਦਾ ਘੇਰਾ ਵੀ ਕਾਫੀ ਵੱਡਾ ਸੀ।

ਕਰਨ ਢਿੱਲੋਂ ਦੀ ਮੌਤ ਉਤੇ ਐਨ ਆਰ ਆਈ ਸਭਾ, ਅਮਰੀਕਾ, ਪੰਜਾਬ ਦੇ ਸਿੱਖਿਆ ਮੰਤਰੀ ਜਥੇਦਾਰ ਸੇਵਾ ਸਿੰਘ ਸੇਖਵਾਂ ਅਤੇ ਗੁਰਦਾਸਪੁਰ ਤੋਂ ਮੈਂਬਰ ਪਾਰਲੀਮੈਂਟ ਪ੍ਰਤਾਪ ਸਿੰਘ ਬਾਜਵਾ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਉਸ ਦੀ ਪਤਨੀ, ਬੱਚਿਆਂ ਅਤੇ ਉਸ ਦੀ ਭੈਣ ਕੁਲਦੀਪ ਕੌਰ ਨਾਲ ਹਮਦਰਦੀ ਪ੍ਰਗਟ ਕੀਤੀ ਹੈ। ਕਰਨ ਢਿੱਲੋਂ ਦੇ ਪਰਿਵਾਰ ਨਾਲ ਉਸ ਦੇ ਕਰੀਬੀ ਦੋਸਤ ਜੋਬਨਜੀਤ ਸਿੰਘ ਬੌਬੀ ਫੋਨ 661-808-7181 ਜਾਂ ਜਗਦੇਵ ਸਿੰਘ ਪੰਨੂ ਫੋਨ 559-779-2111 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਸਰਪੰਚ ਜਰਨੈਲ ਸਿੰਘ ਢਿੱਲੋਂ ਨਮਿਤ ਅੰਤਿਮ ਅਰਦਾਸ 10 ਅਪਰੈਲ ਨੂੰ

**ਟਰੇਸੀ (ਬਿਊਰੋ):** ਇਥੋਂ ਦੇ ਇਕ ਪਤਵੰਤੇ ਸੱਜਣ ਸ. ਜਰਨੈਲ ਸਿੰਘ ਢਿਲੋਂ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ। ਉਹ ਇੰਡੀਆ ਗਏ ਹੋਏ ਸਨ ਅਤੇ ਉਥੇ ਅਚਾਨਕ ਦਿਲ ਦੀ ਧੜਕਣ ਬੰਦ ਹੋਣ ਨਾਲ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦਾ ਸਸਕਾਰ ਉਨ੍ਹਾਂ ਦੇ ਪਿੰਡ ਕਿਸ਼ਨਪੁਰ ਕਾਠਗੜ੍ਹ ਜਿਲਾ ਨਵਾਂ ਸ਼ਹਿਰ ਹੀ ਕਰ ਦਿੱਤਾ ਗਿਆ। ਉਹ ਪਿਛਲੇ ਦਸ ਸਾਲ ਤੋਂ ਇਥੇ ਰਹਿ ਰਹੇ ਸਨ। ਉਹ 60 ਵਰ੍ਹਿਆਂ ਦੇ ਸਨ ਅਤੇ ਆਪਣੇ ਪਿਛੇ ਪਤਨੀ ਰਣਜੀਤ ਕੌਰ, ਪੰਜ ਧੀਆਂ, ਇਕ ਪੁਤਰ ਅਤੇ ਤਿੰਨ ਭਰਾ ਛਡ ਗਏ ਹਨ। ਉਨ੍ਹਾਂ ਦਾ ਇਕ ਭਰਾ ਚਰਨਜੀਤ ਸਿੰਘ ਪਿੰਡ ਦਾ ਸਰਪੰਚ ਹੈ। ਉਨ੍ਹਾਂ ਦਾ ਇਕ ਭਰਾ ਕਾਲੋਰਾਡੋ ਅਤੇ ਇਕ ਇੰਗਲੈਂਡ ਰਹਿੰਦਾ ਹੈ।



ਜਰਨੈਲ ਸਿੰਘ ਢਿੱਲੋਂ

ਸ. ਜਰਨੈਲ ਸਿੰਘ ਢਿੱਲੋਂ ਪਿੰਡ ਵਿਚ ਬਹੁਤ ਹਰਮਨ ਪਿਆਰੇ ਸਨ ਅਤੇ 25 ਸਾਲ ਪਿੰਡ ਦੇ ਸਰਪੰਚ ਰਹੇ। ਉਹ ਹੁਸ਼ਿਆਰਪੁਰ ਖੇਤੀਬਾੜੀ ਵਿਕਾਸ ਬੈਂਕ ਅਤੇ ਹੁਸ਼ਿਆਰਪੁਰ ਸੈਂਟਰਲ ਕੋ-ਆਪਰੇਟਿਵ ਬੈਂਕ ਦੇ ਡਾਇਰੈਕਟਰ ਤੇ ਯੋਜਨਾ ਬੋਰਡ ਦੇ ਮੈਂਬਰ ਵੀ ਰਹੇ। ਉਨ੍ਹਾਂ ਨਮਿਤ ਅਖੰਡ ਪਾਠ 8 ਅਪਰੈਲ ਨੂੰ ਅਰੰਭ ਹੋਵੇਗਾ। ਭੋਗ ਅਤੇ ਅੰਤਿਮ ਅਰਦਾਸ 10 ਅਪਰੈਲ ਨੂੰ ਗੁਰਦਵਾਰਾ ਦਮਦਮੀ ਟਕਸਾਲ (16101 ਵੈਸਟ ਗਰਾਂਟ ਲਾਈਨ ਰੋਡ, ਟਰੇਸੀ) ਵਿਖੇ ਹੋਣਗੇ।

ਪਰਿਵਾਰ ਨਾਲ ਸੰਪਰਕ ਪਰਦੀਪ ਕੌਰ ਫੋਨ 209-606-0545 ਜਾਂ ਗੁਰਨਾਮ ਸਿੰਘ ਅਟਵਾਲ ਫੋਨ 209-606-0496 ਅਤੇ ਜਸਵਿੰਦਰ ਸਿੰਘ ਫੋਨ 818-808-8481 ‘ਤੇ ਕੀਤਾ ਜਾ ਸਕਦਾ ਹੈ।

# ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਬੇਅਦਬੀ ਕਰਨ ਵਾਲੇ 10 ਜਣੇ ਕਾਬੂ

**ਆਨੰਦਪੁਰ ਸਾਹਿਬ:** ਆਨੰਦਪੁਰ ਸਾਹਿਬ ਪੁਲਿਸ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਾਰਾਂ ਪਾਵਨ ਸਰੂਪਾਂ ਦੀ ਬੇਅਦਬੀ ਕਰਨ ਦੇ ਦੋਸ਼ ਹੇਠ 10 ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕਰਕੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ। ਇਨ੍ਹਾਂ ਪਾਵਨ ਸਰੂਪਾਂ ਨੂੰ ਮੁਲਜ਼ਮਾਂ ਸਮੇਤ ਲੈ ਕੇ ਆਨੰਦਪੁਰ ਸਾਹਿਬ ਪੁੱਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਦੇ ਤੇ ਦਮਦਮੀ ਟਕਸਾਲ ਦੇ ਸਿੰਘਾਂ ਨੇ ਦੱਸਿਆ ਕਿ ਡੇਰਾ ਬਾਬਾ ਵਡਭਾਗ ਸਿੰਘ ਵਿਖੇ ਲੁਧਿਆਣਾ ਜ਼ਿਲ੍ਹੇ ਨਾਲ ਸਬੰਧਿਤ ਪਿੰਡ ਤਲਵੰਡੀ ਕਲਾਂ ਦੇ ਇਕ ਸਾਧ ਦੀ ਅਗਵਾਈ ਵਿਚ ਕੁਝ ਵਿਅਕਤੀਆਂ ਵਲੋਂ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਾਰਾਂ ਪਾਵਨ ਸਰੂਪਾਂ ਨੂੰ ਮਹਿੰਦਰਾ ‘ਚ ਹੀ ਰੱਖ ਕੇ ਲੈ ਜਾਇਆ ਜਾ ਰਿਹਾ ਸੀ। ਜਦੋਂਕਿ ਇਸ ਜੀਪ ਵਿਚ ਸਾਰੇ ਜੁੱਤੀਆਂ ਪਾ ਕੇ ਬੈਠੇ ਹੋਏ ਸਨ ਤੇ ਨਾਲ ਹੀ ਇਤਰਾਜ਼ਯੋਗ ਫੋਟੋਆਂ ਵੀ ਪਈਆਂ ਸਨ।


SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR

JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250

MRP TRAVEL
Lowest International and Domestic Fares
ARC FLY ANY AIRLINE OF YOUR CHOICE IATA
Providing the lowest Airfare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40

Asiana Airlines Emirates
SINGAPORE AIRLINES CATHAY PACIFIC KOREAN AIR Lufthansa CHINA AIRLINES
We Also Offer Notary Service

ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ
ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ
*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ

Attorny At Law
Law Offices Of Jaspreet Singh
4491 W. Shaw Ave., Suite 300 B (Near Costco) Fresno, CA 93722 Ph: 559-271-5511
44790 S. Grimmer Blvd. #204 Fremont CA-94538 Ph:510-657-6444 Fax: 510-657-6443
2945 W. Capitol Ave, Sacramento CA-95691 Ph: 916-372-4448 Fax: 916-372-4440

SYAN VIDEO PRODUCTION, INC.
Professional HD Video & Digital Photo Production
Multiple Camera Shooting / Digital Still Photography (with flush mount Album)
Live Video Display with Large Screens
DJ Service with Laser Lights
Call Toll Free : 1-888-RAJ- SYAN (725-7926)
(With 14 years Experienced)

734-261-0936 / 734-890-1767
E-mail: raj@syanvideo.com
or visit at: www.syanvideo.com
SV PRODUCTION

# ਡੇਵਿਸ ਦੀ ਰਿਹਾਈ:ਪਾਕਿ ਸਰਕਾਰ ਫਿਰ ਕਸੂਤੀ ਫਸੀ

**ਇਸਲਾਮਾਬਾਦ:** ਦੂਹਰੇ ਕਤਲ ਦੇ ਦੋਸ਼ੀ ਅਮਰੀਕੀ ਨਾਗਰਿਕ ਰੇਮੰਡ ਡੇਵਿਸ ਦੀ ਗ੍ਰਿਫ਼ਤਾਰ ਨੂੰ ਲੈ ਕੇ ਜਿੱਥੇ ਪਹਿਲਾਂ ਪਾਕਿਸਤਾਨ ਤੇ ਅਮਰੀਕੀ ਦੇ ਰਿਸ਼ਤੇ 'ਚ ਕੜਵਾਹਟ ਆਈ ਹੈ ਉਥੇ ਹੁਣ ਡੇਵਿਡ ਦੀ ਰਿਹਾਈ ਨਾਲ ਪਾਕਿਸਤਾਨ ਸਰਕਾਰ ਨੂੰ ਲੋਕਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਪੰਜਾਬ ਅਸੰਬਲੀ ਵਿਚ ਵਿਰੋਧੀ ਧਿਰ ਦੇ ਮੈਂਬਰਾਂ ਵੱਲੋਂ ਦੋਸ਼ ਲਾਇਆ ਗਿਆ ਹੈ ਕਿ ਡੇਵਿਡ ਦੀ ਰਿਹਾਈ ਲਈ ਸੂਬਾ ਸਰਕਾਰ ਨੇ ਅਹਿਮ ਭੂਮਿਕਾ ਨਿਭਾਈ ਹੈ। ਦੂਜੇ ਪਾਸੇ ਇਹ ਵੀ ਸਮਝਿਆ ਜਾ ਰਿਹਾ ਹੈ ਕਿ ਸਾਊਦੀ ਅਰਬ ਨੇ ਡੇਵਿਸ ਦੀ ਰਿਹਾਈ ਲਈ 'ਦੀਆ' ਦੀ ਰਕਮ ਜੁਟਾਈ ਹੈ। 'ਦ ਡਾਨ' ਅਖ਼ਬਾਰ ਨੇ ਸਫ਼ਾਰਤੀ ਸੂਤਰਾਂ ਦੇ ਹਵਾਲੇ ਨਾਲ ਕਿਹਾ ਹੈ ਕਿ ਸਾਊਦੀਆਂ ਨੇ ਇਕੱਠੇ ਹੋ ਕੇ ਇਸ ਮੁੱਦੇ ਨੂੰ ਹੱਲ ਕਰਨ ਦੇ ਯਤਨ ਕੀਤੇ ਸਨ ਕਿਉਂਕਿ ਇਹ ਲੱਗਣ ਲੱਗ ਪਿਆ ਸੀ ਕਿ ਡੇਵਿਸ ਮੁੱਦਾ ਅਮਰੀਕਾ-ਪਾਕਿ ਰਿਸ਼ਤੇ ਦਾ ਭਾਰੀ ਨੁਕਸਾਨ ਕਰ ਸਕਦਾ ਹੈ।

'ਡੇਲੀ ਟਾਈਮਜ਼' ਨੇ ਪੰਜਾਬ ਦੀ ਵਿਰੋਧੀ ਧਿਰ ਦੀ ਮੈਂਬਰ ਮਾਜਿਦਾ ਜ਼ੈਦੀ ਦਾ ਹਵਾਲਾ ਦੇ ਕੇ ਕਿਹਾ ਹੈ ਕਿ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ ਦੀ ਅਗਵਾਈ ਵਾਲੀ ਸਰਕਾਰ ਨੇ ਉਸ ਦੀ ਰਿਹਾਈ ਸੰਭਵ ਬਣਾਈ। ਉਸ ਨੇ ਡੇਵਿਸ ਦੀ ਰਿਹਾਈ ਤੋਂ ਪਹਿਲਾਂ ਕਾਨੂੰਨ ਮੰਤਰੀ ਰਾਣਾ-ਸਨਾਉੱਲਾ ਦੀ ਕੋਟਲਖਪਤ ਜੇਲ੍ਹ ਦੀ ਫੇਰੀ 'ਤੇ ਵੀ ਸੁਆਲ ਕੀਤੇ ਹਨ। ਪੰਜਾਬ ਦੇ ਮੁੱਖ ਮੰਤਰੀ ਸ਼ਾਹਬਾਜ਼ ਸ਼ਰੀਫ਼ ਦੇ ਸੀਨੀਅਰ ਸਲਾਹਕਾਰ ਸਰਦਾਰ ਜ਼ੁਲਫਿਕਾਰ ਖਾਨ ਖੋਸਾ ਨੇ ਸੂਬਾ ਸਰਕਾਰ ਦਾ ਬਚਾਓ ਕਰਦਿਆਂ ਕਿਹਾ ਹੈ ਕਿ ਸਦਨ ਨੂੰ ਇਹ ਕਹਿ ਕੇ ਸ਼ਰੱਈ ਕਾਨੂੰਨ ਦਾ ਮਖੌਲ ਨਹੀਂ ਉਡਾਉਣਾ ਚਾਹੀਦਾ ਕਿ ਡੇਵਿਸ ਦੇ ਮਾਮਲੇ ਦੀ ਹੋਣੀ ਸ਼ੱਰਾ ਮੁਤਾਬਿਕ ਨਿਬੇੜੀ ਗਈ ਹੈ।

ਇਸ ਦੇ ਨਾਲ ਹੀ ਡੇਵਿਸ ਦੀ ਰਿਹਾਈ ਮਗਰੋਂ ਦੇਸ਼ ਭਰ 'ਚ ਰੋਸ ਮੁਜ਼ਾਹਰੇ ਸ਼ੁਰੂ ਹੋ ਗਏ ਹਨ। ਲੋਕਾਂ ਵੱਲੋਂ ਸੰਘ ਸਰਕਾਰ ਤੇ ਪੰਜਾਬ ਸਰਕਾਰ ਦੇ ਨਾਲ-ਨਾਲ ਫ਼ੌਜ ਤੇ ਖੁਫ਼ੀਆ ਸੇਵਾਵਾਂ 'ਤੇ ਕੌਮੀ ਹਿੱਤ ਗਹਿਣੇ ਧਰਨ ਦੇ ਦੋਸ਼ ਲਾਏ ਜਾ ਰਹੇ ਹਨ ਤੇ ਕਿਹਾ ਜਾ ਰਿਹਾ ਹੈ ਕਿ ਚੁੱਪ-ਚੁਪੀਤੇ ਸੌਦੇਬਾਜ਼ੀਆਂ ਕੀਤੀਆਂ ਜਾ ਰਹੀਆਂ ਹਨ। ਉਧਰ ਡੇਵਿਸ ਨੂੰ ਹਰਜਾਨਾ ਚੁਕਾਉਣ ਤੋਂ ਬਾਅਦ ਰਿਹਾਅ ਕਰਨ ਨੂੰ ਲਾਹੌਰ ਹਾਈ ਕੋਰਟ 'ਚ ਚੁਣੌਤੀ ਦਿੱਤੀ ਗਈ ਹੈ। ਪਟੀਸ਼ਨਕਰਤਾ ਇਕਬਾਲ ਜ਼ਾਫ਼ਰੀ ਨੇ ਲਾਹੌਰ ਹਾਈ ਕੋਰਟ 'ਚ ਦਾਇਰ ਪਟੀਸ਼ਨ 'ਚ ਕਿਹਾ ਹੈ ਕਿ ਦੋਵਾਂ ਪਾਕਿਸਤਾਨੀ ਨਾਗਰਿਕਾਂ ਦੇ ਪਰਿਵਾਰ ਵਾਲਿਆਂ 'ਤੇ ਸਰਕਾਰ ਨੇ ਦਬਾਅ ਪਾਇਆ ਸੀ ਕਿ ਉਹ ਡੇਵਿਸ ਨੂੰ ਮੁਆਫ਼ੀ ਦੇ ਦੇਣ।

ਸੂਤਰਾਂ ਅਨੁਸਾਰ 36 ਸਾਲਾ ਡੇਵਿਸ ਨੇ ਪੀੜਤ ਪਰਿਵਾਰਾਂ ਨੂੰ 6 ਕਰੋੜ ਰੁਪਏ 'ਬਲੱਡ ਮਨੀ' ਵਜੋਂ ਦਿੱਤੇ ਹਨ। ਸਕੇ ਸੰਬੰਧੀਆਂ ਨੇ ਇਸ ਸਬੰਧੀ ਜੱਜ ਨੂੰ ਲਿਖਤੀ ਸਹਿਮਤੀ ਦਿੱਤੀ ਤੇ ਡੇਵਿਸ ਨੂੰ ਆਜ਼ਾਦ ਕਰਨ ਲਈ ਕਿਹਾ। ਜੱਜ ਔਜਲਾ ਨੇ ਡੇਵਿਸ 'ਤੇ ਗੈਰਕਾਨੂੰਨੀ ਢੰਗ ਨਾਲ ਹਥਿਆਰ ਰੱਖਣ ਦੇ ਦਰਜ ਹੋਰ ਮਾਮਲੇ ਨੂੰ ਇਹ ਕਹਿੰਦਿਆਂ ਖਾਰਜ ਕਰ ਦਿੱਤਾ ਕਿ ਜਿੰਨਾ ਸਮਾਂ ਉਸ ਨੇ ਜੇਲ੍ਹ 'ਚ ਗੁਜ਼ਾਰਿਆ ਹੈ ਇਹੀ ਉਸ ਦੀ ਸਜ਼ਾ ਹੈ। ਪੰਜਾਬ ਪ੍ਰਾਂਤ ਦੇ ਕਾਨੂੰਨ ਮੰਤਰੀ ਰਾਣਾ ਸਨਾਉੱਲਾ ਨੇ ਕਿਹਾ ਹੈ ਕਿ ਪੀੜਤ ਪਰਿਵਾਰ ਨੇ ਜੱਜ ਨੂੰ ਦੱਸਿਆ ਕਿ ਉਹ 'ਦੀਆ ਕਾਨੂੰਨ' ਅਨੁਸਾਰ ਬਲੱਡ ਮਨੀ ਲੈਣ ਤੇ ਅਮਰੀਕੀ ਨਾਗਰਿਕ ਨੂੰ ਮਾਫ਼ ਕਰਨ ਲਈ ਤਿਆਰ ਹਨ। ਇਸ ਤੋਂ ਬਾਦ ਅਦਾਲਤ ਨੇ ਉਸ ਨੂੰ ਰਿਹਾ ਕਰ ਦਿੱਤਾ।

ਦੋਵੇਂ ਮ੍ਰਿਤਕਾਂ ਦੇ ਪਰਿਵਾਰਾਂ ਨੇ ਜਦੋਂ 16 ਮਾਰਚ ਨੂੰ ਅਦਾਲਤ 'ਚ ਦੱਸਿਆ ਸੀ ਕਿ ਉਨ੍ਹਾਂ ਨੇ ਦੀਆ ਦੀ ਰਾਸ਼ੀ (ਬਲੱਡ ਮਨੀ) ਸਵੀਕਾਰ ਕਰ ਲਈ ਹੈ, ਇਸ ਤੋਂ ਮਗਰੋਂ ਡੇਵਿਸ ਨੂੰ ਮੁਕਤ ਕਰਕੇ ਨਾਲ ਦੀ ਨਾਲ ਪਾਕਿਸਤਾਨ 'ਚੋਂ ਬਾਹਰ ਭੇਜ ਦਿੱਤਾ ਗਿਆ ਸੀ। ਇਸ ਸਾਰੇ ਵਰਤਾਰੇ ਤੋਂ ਮਗਰੋਂ ਰਾਸ਼ਟਰਪਤੀ ਭਵਨ, ਪ੍ਰਧਾਨ ਮੰਤਰੀ ਦੇ ਘਰ ਜਾਂ ਵਿਦੇਸ਼ ਵਿਭਾਗ ਵੱਲੋਂ ਇਕ ਵਾਰ ਵੀ ਜ਼ੁਬਾਨ ਨਹੀਂ ਖੋਲ੍ਹੀ ਗਈ। ਸਰਕਾਰੀ ਹਲਕਿਆਂ ਵਿਚ ਤਿੱਖੀ ਜਵਾਬੀ ਪ੍ਰਤੀਕ੍ਰਿਆ ਦਾ ਇੰਨਾ ਖੌਫ਼ ਸੀ ਕਿ ਵਿਦੇਸ਼ ਮੰਤਰਾਲੇ ਨੇ ਆਪਣੀ ਹਫ਼ਤਾਵਾਰੀ ਮੀਡੀਆ ਮੀਟਿੰਗ ਵੀ ਨਹੀਂ ਕੀਤੀ ਜੋ ਅਕਸਰ ਵੀਰਵਾਰ ਨੂੰ ਹੋਇਆ ਕਰਦੀ ਹੈ।

ਇਸੇ ਦੌਰਾਨ ਅਮਰੀਕੀ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਨੇ ਇਸ ਗੱਲੋਂ ਇਨਕਾਰ ਕੀਤਾ ਹੈ ਕਿ ਉਨ੍ਹਾਂ ਦੇ ਮੁਲਕ ਨੇ 27 ਜਨਵਰੀ ਨੂੰ ਲਾਹੌਰ 'ਚ ਹੋਈ ਵਾਰਦਾਤ ਦੇ ਜ਼ਿੰਮੇਵਾਰ ਰੇਮੰਡ ਡੇਵਿਸ ਦੀ ਰਿਹਾਈ ਲਈ ਮ੍ਰਿਤਕਾਂ ਦੇ ਘਰਦਿਆਂ ਨੂੰ ਕੋਈ ਧਨ ਅਦਾ ਕੀਤਾ ਗਿਆ ਹੈ।



*ਗੁਰਦੁਆਰਾ ਸਾਹਿਬ ਟੂਲੇਰੀ ਵਿਚ ਹੋਲਾ ਮਹੱਲਾ ਖਾਲਸ਼ਾਹੀ ਜਾਹੋ ਜਲਾਲ ਨਾਲ ਮਨਾਇਆ ਗਿਆ। ਇਸ ਮੌਕੇ ਇਕੱਤਰ ਸਿੱਖ ਭਾਈਚਾਰੇ ਦੇ ਆਗੂ ਅਤੇ ਸੰਗਤਾਂ*

## ਗੁਰਦੁਆਰਾ ਟੂਲੇਰੀ ਵਿਚ ਹੋਲਾ-ਮਹੱਲਾ ਮਨਾਇਆ

**ਟੂਲੇਰੀ, ਕੈਲੀਫੋਰਨੀਆ:** ਗੁਰਦੁਆਰਾ ਟੂਲੇਰੀ ਦੇ ਸੇਵਾਦਾਰਾਂ ਤੇ ਅਕਾਲੀ ਦਲ (ਅੰਮ੍ਰਿਤਸਰ) ਦੇ ਵਰਕਰਾਂ ਨੇ ਹੋਲੇ-ਮਹੱਲੇ ਦਾ ਦਿਹਾੜਾ ਰਲ ਕੇ ਮਨਾਇਆ। ਇਸ ਮੌਕੇ ਪੰਥ ਪ੍ਰਸਿਧ ਕਥਾਵਾਚਕ ਗਿਆਨੀ ਕੌਰ ਸਿੰਘ ਅਕਾਲੀ ਦੇ ਵੰਸ਼ ਵਿਚੋਂ ਭਾਈ ਨਿਰੰਜਨ ਸਿੰਘ ਚੰਦਨ ਨੇ ਸੰਗਤਾ ਨੂੰ ਹੋਲੇ-ਮਹੱਲੇ ਦੇ ਇਤਿਹਾਸਕ ਪਿਛੋਕੜ ਤੋਂ ਜਾਣੂ ਕਰਵਾਇਆ।

ਅਮਰੀਕਨ ਗੁਰਦੁਆਰਾ ਕੌਂਸਲ ਦੇ ਪ੍ਰਧਾਨ ਭਾਈ ਰਾਮ ਸਿੰਘ ਨੇ ਸੰਗਤਾਂ ਨੂੰ ਹੋਲੇ ਮਹੱਲੇ ਦੇ ਦਿਹਾੜੇ ਦੀ ਵਧਾਈ ਦਿੰਦਿਆਂ ਅਮਰੀਕਾ ਅਤੇ ਹੋਰਨਾਂ ਦੇਸ਼ਾਂ ਵਿਚ ਸਿੱਖਾਂ ਨੂੰ ਦਸਤਾਰ ਸਬੰਧੀ ਅਤੇ ਹੋਰ ਮੁਸ਼ਕਿਲਾਂ ਤੋਂ ਜਾਣੂ ਕਰਵਾਇਆ। ਭਾਈ ਬਲਬੀਰ ਸਿੰਘ ਟੁੱਟ ਅਤੇ ਭਾਈ ਦਵਿੰਦਰ ਸਿੰਘ ਨੇ ਵੀ ਸੰਗਤਾਂ ਨੂੰ ਸੰਬੋਧਨ ਕੀਤਾ।

ਪ੍ਰੋਗਰਾਮ ਨੂੰ ਸਫਲ ਕਰਨ ਲਈ ਗੁਰੂ ਘਰ ਦੇ ਵਜ਼ੀਰ ਭਾਈ ਅਜੀਤ ਸਿੰਘ, ਸੇਵਾਦਾਰ ਭਾਈ ਤਰਸੇਮ ਸਿੰਘ ਟੂਲੇਰੀ, ਗੁਰਦੀਪ ਸਿੰਘ ਫੋਲਰ, ਹਰਮਿੰਦਰ ਸਿੰਘ, ਬਲਜੀਤ ਸਿੰਘ, ਮਨਜੀਤ ਸਿੰਘ, ਜਰਨੈਲ ਸਿੰਘ, ਸੁਖਜਿੰਦਰ ਸਿੰਘ, ਗੁਰਦੀਪ ਸਿੰਘ ਰੰਧਾਵਾ, ਅਮਰੀਕ ਸਿੰਘ, ਨਛੱਤਰ ਸਿੰਘ, ਰਣਵੀਰ ਸਿੰਘ, ਗੁਰਮੇਲ ਸਿੰਘ, ਸਾਹਿਬ ਸਿੰਘ, ਗੁਰਬਚਨ ਸਿੰਘ, ਬਲਬੀਰ ਸਿੰਘ ਨੇ ਸੇਵਾ ਨਿਭਾਈ।

## ਹੇਵਰਡ ਵਿਚ ਪੰਜਾਬੀ ਮੇਲਾ 9 ਜੁਲਾਈ ਤੋਂ

**ਹੇਵਰਡ:** ਪੰਜਾਬੀ ਸਭਿਆਚਾਰ ਅਤੇ ਖੇਡਾਂ ਨੂੰ ਸਮਰਪਿਤ ਇਕ ਪੰਜਾਬੀ ਮੇਲਾ 9 ਅਤੇ 10 ਜੁਲਾਈ ਨੂੰ ਇਥੇ ਕੈਲ ਸਟੇਟ ਸਟੇਡੀਅਮ ਵਿਚ ਕਰਵਾਇਆ ਜਾ ਰਿਹਾ ਹੈ। ਇਸ ਮੇਲੇ ਵਿਚ ਕਬੱਡੀ, ਸਾਕਰ ਅਤੇ ਹਾਕੀ ਦੇ ਕੌਮਾਂਤਰੀ ਪੱਧਰ ਦੇ ਮੈਚ ਕਰਵਾਏ ਜਾਣਗੇ। ਇਸ ਮੌਕੇ ਸਿੱਖ ਇਤਿਹਾਸ ਬਾਰੇ ਇਕ ਪ੍ਰਦਰਸ਼ਨੀ ਵੀ ਲਾਈ ਜਾਏਗੀ।

ਮੇਲੇ ਦਾ ਪ੍ਰਬੰਧ ਸੁਚੱਜੇ ਰੂਪ ਵਿਚ ਕਰਨ ਲਈ ਇਕ ਕਾਰਜਕਾਰੀ ਕਮੇਟੀ ਬਣਾਈ ਗਈ ਹੈ ਜਿਸ ਵਿਚ ਕਸ਼ਮੀਰ ਸਿੰਘ ਧੁੱਗਾ, ਮਨਜੀਤ ਸਿੰਘ ਵਿਰਕ, ਅਵਤਾਰ ਸਿੰਘ ਤਾਰੀ, ਦਵਿੰਦਰ ਸਿੰਘ, ਮਨਜੀਤ ਸਿੰਘ ਗਿੱਲ, ਪ੍ਰਕਾਸ਼ ਸਿੰਘ, ਸੰਤੋਖ ਸਿੰਘ ਤੱਖਰ, ਕੰਵਲਜੀਤ ਸਿੰਘ ਅਟਵਾਲ, ਭੁਪਿੰਦਰ ਸਿੰਘ ਪਰਮਾਰ ਨੂੰ ਸ਼ਾਮਲ ਕੀਤਾ ਗਿਆ ਹੈ।

## ਨਾਭ ਕੰਵਲ ਰਾਜਾ ਸਾਹਿਬ ਦੇ ਜਨਮ ਦਿਹਾੜੇ 'ਤੇ ਸਮਾਗਮ 27 ਨੂੰ

**ਫਰਿਜ਼ਨੋ (ਅਸ਼ੋਕ ਭੌਰਾ):** ਮਹਾਨ ਤਪੱਸਵੀ ਅਤੇ ਬ੍ਰਹਮ ਗਿਆਨੀ 108 ਨਾਭ ਕੰਵਲ ਰਾਜਾ ਸਾਹਿਬ ਦਾ ਜਨਮ ਦਿਹਾੜਾ ਇਸ ਏਰੀਏ ਵਿਚ ਉਨ੍ਹਾਂ ਦੇ ਪੈਰੋਕਾਰਾਂ ਵਲੋਂ ਪਹਿਲੀ ਵਾਰ 27 ਮਾਰਚ ਐਤਵਾਰ ਨੂੰ ਗੁਰਦੁਆਰਾ ਗੁਰੂ ਨਾਨਕ ਸਿੱਖ ਟੈਂਪਲ, ਸੈਨ ਜੌਕੁਇਨ ਵਿਖੇ ਮਨਾਇਆ ਜਾ ਰਿਹਾ ਹੈ। ਸਵੇਰੇ ਅਖੰਡ ਪਾਠ ਦੇ ਭੋਗ ਉਪਰੰਤ ਦੀਵਾਨ ਸਜਣਗੇ ਜਿਨ੍ਹਾਂ ਵਿਚ ਪੰਥ ਪ੍ਰਸਿਧ ਰਾਗੀ ਢਾਡੀ ਅਤੇ ਕਥਾਕਾਰ ਗੁਰਬਾਣੀ ਸ਼ਬਦ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ ਅਤੇ ਰਾਜਾ ਸਾਹਿਬ ਦੇ ਜੀਵਨ ਬਾਰੇ ਚਾਨਣਾ ਪਾਉਣਗੇ।

ਇਸ ਸਮਾਗਮ ਦੇ ਮੁੱਖ ਆਯੋਜਕ ਸ. ਸੁਖਵੀਰ ਸਿੰਘ ਮਾਨ ਅਤੇ ਸ. ਅਮੋਲਕ ਸਿੰਘ ਭੋਲਾ (ਗੁਣਾਚੌਰ) ਨੇ ਦੱਸਿਆ ਕਿ ਮਜਾਰਾ ਰਾਜਾ ਸਾਹਿਬ (ਨਵਾਂ ਸ਼ਹਿਰ) ਵਿਖੇ ਉਨ੍ਹਾਂ ਦੀ ਯਾਦ ਵਿਚ ਆਏ ਸਾਲ ਵੱਡਾ ਮੇਲਾ ਲੱਗਦਾ ਹੈ ਅਤੇ ਲੱਖਾਂ ਦੀ ਗਿਣਤੀ ਵਿਚ ਸੰਗਤ ਜੁੜਦੀ ਹੈ। ਰਾਜਾ ਸਾਹਿਬ ਦੇ ਨਾਂ 'ਤੇ ਚਲਾਇਆ ਜਾ ਰਿਹਾ ਹਸਪਤਾਲ ਇਲਾਕੇ ਭਰ ਵਿਚ ਗਰੀਬਾਂ ਅਤੇ ਲੋੜਵੰਦਾਂ ਲਈ ਇਕ ਮਿਸਾਲ ਹੈ। ਉਨ੍ਹਾਂ ਕਿਹਾ ਕਿ ਅਗਲੇ ਵਰ੍ਹੇ ਤੋਂ ਰਾਜਾ ਸਾਹਿਬ ਦਾ ਜਨਮ ਦਿਹਾੜਾ ਇਥੇ ਹੋਰ ਵੀ ਵੱਡੇ ਪੱਧਰ 'ਤੇ ਮਨਾਇਆ ਜਾਵੇਗਾ। ਹੋਰ ਜਾਣਕਾਰੀ ਲਈ ਸੁਖਵੀਰ ਮਾਨ (559-225-1254), ਰਾਣੋ ਮਾਨ (559-312-8286) ਜਾਂ ਅਮੋਲਕ ਸਿੰਘ ਭੋਲਾ (559-709-0089) ਨਾਲ ਸੰਪਰਕ ਕੀਤਾ ਜਾ ਸਕਦਾ ਹੈ।




**Guaranteed Save $5,000!**
on Your Home Purchase or I will Pay You $1,000 Cash
Call 24hr Free Information 1-888-450-6603, ID 4008
Call Amardeep SinghRealtor/Loan Broker PH:(916) 712-2735 FAX:(916)679-5986 Lic #01357217



**$169,000**
**ANATOLIA - $645 Payment**
Quite street!. Bright living & family room. Perfect home. Private Shaded backyard. Cozy fireplace. Beautiful
**FREE INFO: 1-888-450-6603**
ID # 4230



**$165,000**
**NATOMAS - $630 Payment**
Why Rent? Starter Home. Open Floor Plan.Bright Living Rooms. Cozy Den, Comfortable. Eat in Kitchen.
**FREE INFO: 1-888-450-6603**
ID # 4231



**$148,000**
**ANTELOPE - $562 Payment**
Great Investment! Wonderful Area. Best schools. Walking distance to parks. Family home. Private back yard.
**FREE INFO: 1-888-450-6603**
ID # 4232



**$109,000**
**CALVINE - $416 Payment**
Location–Lively. Comfortable. Safe Neighborhood. Don't Miss. What A Deal.Easy access to Hwy 99 and College
**FREE INFO: 1-888-450-6603,**
ID # 4233



**$155,000**
**VINTAGE - $591 Payment**
Great Opportunity. First time home buyer. Walking distance to school, park, and shopping. Clean. Safe Area.
**FREE INFO: 1-888-450-6603**
ID # 4234



**$189,900**
**Natomas - $721 Payment**
Bank Owned. New Home. Excellent School District. Family room. Bright living room. Cozy den. Granite Counters
**FREE INFO: 1-888-450-6603**
ID # 4235



**$119,000**
**SACRAMENTO - $454 Payment**
Safe Neighborhood. Desirable Location. Private Yard. Open Layout. Family Beautiful Home
**FREE INFO: 1-888-450-6603,**
ID # 4236




**$229,000**
**ANATOLIA - $874 Payment**
New community. Good Schools. Walking distance to park. One Bed and one bath down stairs. Fire Place. Shaded Backyard.
**FREE INFO: 1-888-450-6603**
ID # 4237



**$240,000**
**ELK GROVE - $916 Payment**
Great School District. Cul de sac Location. Wooden and Tile Floor. Maintained landscaped. Upgrade kitchen. 4 Bed.
**FREE INFO: 1-888-450-6603**
ID # 4238



**$229,000**
**ROCKLIN - $874 Payment**
Beautiful home on a corner lot. Open floor plan with large family room. Upgraded kitchen. First time buyer delight.
**FREE INFO: 1-888-450-6603**
ID # 4239



**$210,000**
**ELK GROVE - $802 Payment**
Lovely home. 4 bedroom. Great schools. Private yard. Perfect for family. Quite Street.Wonderful Area. Desirable.
**FREE INFO: 1-888-450-6603**
ID #4240




**For Short Sale I received over $4,500**
**FREE** cash back money when we did our short sale. Both my first, second loans, utility bills and property taxes were forgiven by the lenders. Mike and family

**Get Free list of Homes at www.statewideteam.net**

**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mann Mandeep
Bureau Chief
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਵਿਕੀਲੀਕਸ ਨੇ ਕੀਤਾ ਕਾਂਗਰਸ ਅਤੇ ਭਾਜਪਾ ਨੂੰ ਬੇਨਕਾਬ

ਪਾਰਟੀ ਦਾ ਮਤਾ ਪਾਸ ਹੋਣ ਪਿੱਛੋਂ ਭਾਜਪਾ ਦੇ ਆਗੂਆਂ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਮਤੇ ਦੇ ਖ਼ਾਸ ਅਰਥ ਨਾ ਕੱਢੇ ਜਾਣ।

ਭਾਜਪਾ ਕਾਰਜਕਾਰਨੀ ਦੇ ਮੈਂਬਰ ਸ਼ੇਸ਼ਾਦਰੀ ਚਾਰੀ ਨੇ ਨਿੱਜੀ ਮੁਲਾਕਾਤ ਦੌਰਾਨ ਬਲੇਕ ਨੂੰ ਆਖਿਆ ਸੀ ਕਿ ਵਿਦੇਸ਼ ਨੀਤੀ ਦੇ ਮੁੱਦੇ ਨੂੰ ਜ਼ਿਆਦਾ ਅਹਿਮੀਅਤ ਦੇਣ ਦੀ ਲੋੜ ਨਹੀਂ। ਇਸੇ ਤਰ੍ਹਾਂ ਭਾਜਪਾ ਦੇ ਸੀਨੀਅਰ ਆਗੂ ਲਾਲ ਕ੍ਰਿਸ਼ਨ ਅਡਵਾਨੀ ਨੇ ਕਿਹਾ ਸੀ, "ਜਦੋਂ ਭਾਜਪਾ ਸੱਤਾ ਵਿਚ ਆਵੇਗੀ ਤਾਂ ਵਿਰੋਧੀ ਧਿਰ ਵਾਂਗ ਵਰਤਾਅ ਨਹੀਂ ਕਰੇਗੀ।" ਅਮਰੀਕੀ ਸਫ਼ਾਰਤਖ਼ਾਨੇ ਦੇ ਅਧਿਕਾਰੀ ਪੀਟਰ ਬਰਲੇ ਨੇ 13 ਮਈ, 2009 ਨੂੰ ਅਡਵਾਨੀ ਨਾਲ ਮੁਲਾਕਾਤ ਪਿੱਛੋਂ ਸੁਨੇਹਾ ਭੇਜਿਆ ਜਿਸ ਮੁਤਾਬਕ ਅਡਵਾਨੀ ਨੇ ਭਾਰਤ-ਅਮਰੀਕਾ ਪ੍ਰਮਾਣੂ ਸੰਧੀ ਬਾਰੇ ਪਾਰਟੀ ਦੇ ਵਿਰੋਧ ਨੂੰ ਜ਼ਿਆਦਾ ਤਰਜੀਹ ਨਾ ਦੇਣ ਬਾਰੇ ਆਖਿਆ ਸੀ। ਨਾਲ ਹੀ ਇਹ ਵੀ ਕਿਹਾ ਸੀ ਕਿ ਜੇ ਭਾਜਪਾ ਸੱਤਾ ਵਿਚ ਆਉਂਦੀ ਹੈ ਤਾਂ ਸੰਧੀ ਦੀ ਸਮੀਖਿਆ ਨਹੀਂ ਕੀਤੀ ਜਾਵੇਗੀ।

### ਯੂ.ਪੀ.ਏ. ਨੇ ਸੰਸਦ ਮੈਂਬਰ ਖ਼ਰੀਦੇ !

ਵਿਕੀਲੀਕਸ ਨੇ ਖੁਲਾਸਾ ਕੀਤਾ ਹੈ ਕਿ ਸਾਲ 2008 ਵਿਚ ਭਾਰਤ-ਅਮਰੀਕਾ ਪਰਮਾਣੂ ਸੰਧੀ ਦੇ ਮਾਮਲੇ 'ਤੇ ਯੂ.ਪੀ.ਏ. ਸਰਕਾਰ ਨੂੰ ਬਚਾਉਣ ਲਈ ਸੰਸਦ ਮੈਂਬਰਾਂ ਨੂੰ ਖ਼ਰੀਦਿਆ ਗਿਆ ਸੀ। ਵਿਕੀਲੀਕਸ ਅਨੁਸਾਰ ਸਾਬਕਾ ਕੇਂਦਰੀ ਮੰਤਰੀ ਤੇ ਕਾਂਗਰਸੀ ਆਗੂ ਸਤੀਸ਼ ਸ਼ਰਮਾ ਦੇ ਇਕ ਸਾਥੀ ਨਚੀਕੇਤਾ ਕਪੂਰ ਨੇ ਅਮਰੀਕੀ ਡਿਪਲੋਮੇਟ ਨੂੰ ਦੱਸਿਆ ਸੀ ਕਿ ਸਰਕਾਰ ਕਿਧਰੇ ਨਹੀਂ ਜਾ ਰਹੀ, ਲੋਕ ਸਭਾ ਵਿਚ ਸੰਸਦ ਮੈਂਬਰਾਂ ਨੂੰ ਖਰੀਦਣ ਲਈ 50-60 ਕਰੋੜ ਰੁਪਏ ਰੱਖੇ ਹੋਏ ਹਨ। ਵਿਕੀਲੀਕਸ ਮੁਤਾਬਕ ਚੌਧਰੀ ਅਜੀਤ ਸਿੰਘ ਦੀ ਪਾਰਟੀ ਰਾਸ਼ਟਰੀ ਲੋਕ ਦਲ ਦੇ ਚਾਰ ਸੰਸਦ ਮੈਂਬਰਾਂ ਨੂੰ ਖਰੀਦਣ ਲਈ 10-10 ਕਰੋੜ ਰੁਪਏ ਦਿੱਤੇ ਗਏ। ਇਸ ਬਾਰੇ ਅਜੀਤ ਸਿੰਘ ਦਾ ਕਹਿਣਾ ਹੈ ਕਿ ਸਾਰੇ ਦੋਸ਼ ਬੇਬੁਨਿਆਦ ਹਨ ਕਿਉਂਕਿ ਉਨ੍ਹਾਂ ਦੀ ਪਾਰਟੀ ਦੇ ਉਦੋਂ ਤਿੰਨ ਮੈਂਬਰ ਸਨ ਤੇ ਪਾਰਟੀ ਨੇ ਬੇਭਰੋਸੇ ਦੇ ਹੱਕ 'ਚ ਵੋਟ ਪਾਈ।

ਉਧਰ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ 2008 ਦੇ ਭਰੋਸੇ ਦੇ ਵੋਟ ਦੌਰਾਨ ਰਿਸ਼ਵਤ ਦੇ ਦੋਸ਼ਾਂ ਨੂੰ ਰੱਦ ਕਰਦਿਆਂ ਕਿਹਾ ਹੈ ਕਿ ਸਰਕਾਰ ਜਾਂ ਕਾਂਗਰਸ ਵੱਲੋਂ ਕੋਈ 'ਗ਼ੈਰਕਾਨੂੰਨੀ ਕੰਮ' ਨਹੀਂ ਕੀਤਾ ਗਿਆ। ਸੰਸਦ ਦੇ ਦੋਵਾਂ ਸਦਨਾਂ ਵਿਚ ਬਿਆਨ ਦਿੰਦਿਆਂ ਪ੍ਰਧਾਨ ਮੰਤਰੀ ਨੇ ਆਖਿਆ ਹੈ ਕਿ ਵਿਰੋਧੀ ਧਿਰ ਅਮਰੀਕੀ ਦੂਤਘਰ ਤੇ ਵਾਸ਼ਿੰਗਟਨ ਦੇ ਵਿਦੇਸ਼ ਵਿਭਾਗ ਦਰਮਿਆਨ ਹੋਈ ਖਤੋ-ਖਿਤਾਬਤ ਨੂੰ 'ਵਡਿਆ' ਰਹੀ ਹੈ ਤੇ ਉਹੀ ਪੁਰਾਣੇ ਦੋਸ਼ ਲਾ ਰਹੀ ਹੈ ਜਿਨ੍ਹਾਂ ਨੂੰ ਭਾਰਤ ਦੇ ਲੋਕ ਰੱਦ ਕਰ ਚੁੱਕੇ ਹਨ। ਪ੍ਰਧਾਨ ਮੰਤਰੀ ਨੇ ਕਿਹਾ ਕਿ ਯੂ.ਪੀ.ਏ. ਨੇ ਜੁਲਾਈ 2008 ਦਾ ਭਰੋਸੇ ਦਾ ਮਤ 275-256 ਵੋਟਾਂ ਦੇ ਫਰਕ ਨਾਲ ਜਿੱਤਿਆ ਸੀ। ਭ੍ਰਿਸ਼ਟਾਚਾਰ ਦੇ ਦੋਸ਼ਾਂ ਦੀ ਜਾਂਚ 14ਵੀਂ ਲੋਕ ਸਭਾ ਦੀ ਕਮੇਟੀ ਵੱਲੋਂ ਕੀਤੀ ਗਈ ਸੀ ਤੇ ਉਸ ਨੇ ਸਿੱਟਾ ਕੱਢਿਆ ਸੀ ਕਿ ਦੋਸ਼ਾਂ ਬਾਰੇ ਕਿਸੇ ਸਿੱਟੇ 'ਤੇ ਪੁੱਜਣ ਲਈ ਢੁਕਵੇਂ ਸਬੂਤ ਨਹੀਂ ਮਿਲੇ। ਉਨ੍ਹਾਂ ਕਿਹਾ ਕਿ 2009 ਦੀਆਂ ਲੋਕ ਸਭਾ ਚੋਣਾਂ ਵਿਚ ਕਾਂਗਰਸ ਦੀਆਂ ਸੀਟਾਂ ਦੀ ਗਿਣਤੀ 141 ਤੋਂ ਵਧ ਕੇ 206 ਹੋ ਗਈ ਜਦਕਿ ਭਾਜਪਾ 138 ਤੋਂ ਖਿਸਕ ਕੇ 116 ਤੇ ਖੱਬੀ ਧਿਰ 59 ਤੋਂ 34 'ਤੇ ਆ ਗਈਆਂ ਸਨ।

### ਅਕਾਲੀ ਮੈਂਬਰਾਂ ਨੂੰ ਵੀ ਆਈ ਸੀ ਪੇਸ਼ਕਸ਼

ਉਧਰ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਕਿਹਾ ਹੈ ਕਿ ਤਿੰਨ ਸਾਲ ਪਹਿਲਾਂ ਭਾਰਤ-ਅਮਰੀਕਾ ਪਰਮਾਣੂ ਸੰਧੀ ਦੇ ਮੁੱਦੇ 'ਤੇ ਲੋਕ ਸਭਾ ਵਿਚ ਹੋਈ ਵੋਟਿੰਗ ਲਈ ਸੱਤਾਧਾਰੀ ਧਿਰ ਨੇ ਉਨ੍ਹਾਂ ਨੂੰ ਵੀ ਰਿਸ਼ਵਤ ਦੇਣ ਦੀ ਕੋਸ਼ਿਸ਼ ਕੀਤੀ ਸੀ। 22 ਜੁਲਾਈ, 2008 ਨੂੰ ਦਲ ਦੇ ਰੋਪੜ ਤੋਂ ਸੰਸਦ ਮੈਂਬਰ ਸੁਖਦੇਵ ਸਿੰਘ ਲਿਬੜਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਹੱਕ ਵਿਚ ਸਦਨ ਤੋਂ ਗ਼ੈਰਹਾਜ਼ਰ ਰਹੇ ਸਨ। ਉਹ ਉਨ੍ਹਾਂ 10 ਗ਼ੈਰਹਾਜ਼ਰ ਸੰਸਦ ਮੈਂਬਰਾਂ 'ਚੋਂ ਇਕ ਸਨ ਜਿਨ੍ਹਾਂ ਨੇ ਯੂ.ਪੀ.ਏ. ਸਰਕਾਰ ਦਾ ਰਾਹ ਸੌਖਾ ਬਣਾਇਆ। 23 ਜੁਲਾਈ ਨੂੰ ਅਕਾਲੀ ਦਲ ਨੇ ਸ੍ਰੀ ਲਿਬੜਾ ਨੂੰ ਪਾਰਟੀ 'ਚੋਂ ਕੱਢ ਦਿੱਤਾ ਸੀ। ਅਕਾਲੀ ਦਲ ਨੇ ਦਾਅਵਾ ਕੀਤਾ ਹੈ ਕਿ ਪਰਮਜੀਤ ਕੌਰ ਗੁਲਸ਼ਨ ਤੇ ਮਰਹੂਮ ਜ਼ੋਰਾ ਸਿੰਘ ਮਾਨ ਨੂੰ ਵੀ ਖਰੀਦਣ ਦੀ ਕੋਸ਼ਿਸ਼ ਕੀਤੀ ਗਈ ਸੀ। ਸ੍ਰੀਮਤੀ ਗੁਲਸ਼ਨ ਨੇ ਕਿਹਾ ਕਿ ਉਸ ਤਕ ਸਰਕਾਰ ਦੇ ਹੱਕ ਵਿਚ ਭੁਗਤਣ ਲਈ ਪਹੁੰਚ ਕੀਤੀ ਗਈ ਸੀ।

## ਅਮਰੀਕਾ ਪ੍ਰਣਾਬ ਦੇ ਵਿੱਤ ਮੰਤਰੀ ਬਣਨ 'ਤੇ ਨਹੀਂ ਸੀ ਖੁਸ਼

ਵਿਕੀਲੀਕਸ ਨੇ ਦਾਅਵਾ ਕੀਤਾ ਕਿ ਅਮਰੀਕਾ ਭਾਰਤ ਵਿਚ ਵਿਤ ਮੰਤਰੀ ਬਦਲਣ ਤੋਂ ਚਿੰਤਤ ਸੀ। ਅਮਰੀਕੀ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਨੇ ਸਤੰਬਰ 2009 ਵਿਚ ਨਵੀਂ ਦਿੱਲੀ ਵਿਚ ਆਪਣੇ ਦੂਤਘਰ ਤੋਂ ਭਾਰਤ ਦੇ ਨਵੇਂ ਵਿਤ ਅਧਿਕਾਰੀਆਂ ਬਾਰੇ ਵੱਖ-ਵੱਖ ਸਵਾਲ ਪੁੱਛੇ ਸਨ।

ਰਿਪੋਰਟ ਦੇ ਵੇਰਵਿਆਂ ਤੋਂ ਪਤਾ ਲਗਦਾ ਹੈ ਅਮਰੀਕੀ ਪ੍ਰਸ਼ਾਸਨ ਇਸ ਬਾਰੇ ਕਿੰਨਾ ਚਿੰਤਤ ਸੀ ਕਿ ਵਿੱਤ ਵਿਭਾਗ ਕਿਸ ਨੂੰ ਦਿੱਤਾ ਜਾ ਰਿਹਾ ਹੈ ਤੇ ਭਾਰਤ ਦੀਆਂ ਆਰਥਿਕ ਨੀਤੀਆਂ ਉਨ੍ਹਾਂ ਲਈ ਕਿਵੇਂ ਰਹਿਣਗੀਆਂ। ਹਿਲੇਰੀ ਦੇ ਬਹੁਤੇ ਸਵਾਲ ਵਿੱਤ ਵਿਭਾਗ ਨਾਲ ਹੀ ਸਬੰਧਿਤ ਸਨ। ਵਾਸ਼ਿੰਗਟਨ ਨੂੰ ਆਸ ਸੀ ਕਿ ਸ੍ਰੀ ਪੀ ਚਿਦੰਬਰਮ ਫਿਰ ਵਿੱਤ ਮੰਤਰੀ ਬਣਨਗੇ ਜਾਂ ਫਿਰ ਯੋਜਨਾ ਕਮਿਸ਼ਨ ਦੇ ਉਪ ਚੇਅਰਮੈਨ ਮੋਨਟੇਕ ਸਿੰਘ ਆਹਲੂਵਾਲੀਆ ਨੂੰ ਇਸ ਅਹੁਦੇ 'ਤੇ ਬਿਠਾਇਆ ਜਾਵੇਗਾ। ਇਹੀ ਨਹੀਂ ਅਮਰੀਕੀ ਵਿਦੇਸ਼ ਮੰਤਰੀ ਨੇ ਮੁਖਰਜੀ ਤੇ ਰਿਜ਼ਰਵ ਬੈਂਕ ਦੇ ਗਵਰਨਰ ਡੀ.ਵੀ. ਸੁਬਾਰਾਓ ਵਿਚਕਾਰ ਸਬੰਧਾਂ, ਸੁਬਾਰਾਓ ਦੀ ਚਿਦੰਬਰਮ ਦੇ ਵਿੱਤ ਮੰਤਰੀ ਵਜੋਂ ਅਹੁਦੇ ਤੋਂ ਹਟਣ ਬਾਰੇ ਰਾਇ ਅਤੇ ਇਸ ਦੇ ਵਿੱਤ ਮੰਤਰਾਲੇ ਤੇ ਰਿਜ਼ਰਵ ਬੈਂਕ ਵਿਚਕਾਰ ਤਾਲਮੇਲ ਤੇ ਕੰਮਕਾਜ ਉਤੇ ਪੈਣ ਵਾਲੇ ਅਸਰ ਵਰਗੇ ਵੀ ਸਵਾਲ ਪੁੱਛੇ ਸਨ।

# ਖਟਕੜ ਕਲਾਂ ਬਣਿਆ ਸਿਆਸਤ ਦਾ ਅਖਾੜਾ

**ਚੰਡੀਗੜ੍ਹ:** ਸ਼ਹੀਦੇ ਆਜ਼ਮ ਸ. ਭਗਤ ਸਿੰਘ ਦਾ ਜੱਦੀ ਪਿੰਡ ਖਟਕੜ ਕਲਾਂ ਇਨੀ ਦਿਨੀਂ ਸੁਰਖ਼ੀਆਂ 'ਚ ਰਿਹਾ ਕਿਉਂਕਿ ਪੰਜਾਬ ਦੀ ਹਰ ਸਿਆਸੀ ਧਿਰ ਨੇ ਇਥੇ ਸ਼ਕਤੀ ਪ੍ਰਦਰਸ਼ਨ ਕਰਨ 'ਚ ਕੋਈ ਢਿੱਲ ਨਹੀਂ ਵਰਤੀ। ਉਂਜ ਆਪਣੇ ਹੱਕ ਮੰਗ ਰਹੇ ਲੋਕਾਂ ਦੇ ਕੁਟਾਪੇ ਤੇ ਫੜੋ-ਫੜੀ ਨੇ ਸਾਬਤ ਕਰ ਦਿੱਤਾ ਕਿ ਸੱਤਾਧਾਰੀਆਂ ਦੀ ਸ਼ਹੀਦ ਭਗਤ ਸਿੰਘ ਨੂੰ ਸ਼ਰਧਾਂਜਲੀ ਕਿੰਨੀ ਕੁ ਸੱਚੀ ਹੈ। ਅਸਲ 'ਚ ਅਕਾਲੀ ਦਲ ਤੋਂ ਬਾਗੀ ਹੋਏ ਮਨਪ੍ਰੀਤ ਸਿੰਘ ਵੱਲੋਂ 23 ਮਾਰਚ ਨੂੰ ਵਿਸ਼ਾਲ ਰੈਲੀ ਕਰਨ ਦੇ ਐਲਾਨ ਤੋਂ ਬਾਅਦ ਹੀ ਦੂਜੀਆਂ ਧਿਰਾਂ ਵੀ ਆਪਣਾ ਇਕੱਠ ਵਿਖਾਉਣ ਲਈ ਪੱਬਾਂ ਭਾਰ ਹੋ ਗਈਆਂ ਪਰ ਮਨਪ੍ਰੀਤ ਸਿਆਣਾ ਨਿਕਲਿਆ ਤੇ ਉਸ ਨੇ ਆਪਣੀ ਰੈਲੀ 27 ਮਾਰਚ ਨੂੰ ਕਰਨ ਦਾ ਐਲਾਨ ਕਰ ਦਿੱਤਾ।

ਦੂਜੇ ਪਾਸੇ ਸੱਤਾਧਾਰੀ ਅਕਾਲੀ ਦਲ (ਬ) ਤੇ ਕਾਂਗਰਸ ਨੇ ਇਸ ਨੂੰ ਆਪਣੇ ਵੱਕਾਰ ਦਾ ਸਵਾਲ ਬਣਾ ਲਿਆ ਤੇ ਆਪਣੀ ਰੈਲੀ ਨੂੰ ਕਾਮਯਾਬ ਕਰਨ ਲਈ ਦਿਨ-ਰਾਤ ਇਕ ਕਰ ਦਿੱਤਾ। ਅਕਾਲੀ ਦਲ (ਬਾਦਲ) ਤੇ ਭਾਜਪਾ ਵੱਲੋਂ ਵੱਧ ਤੋਂ ਵੱਧ ਲੋਕ ਇਕੱਠੇ ਕਰਨ ਲਈ ਸਰਕਾਰੀ ਮਸ਼ੀਨਰੀ ਦੀ ਖੁੱਲ੍ਹ ਕੇ ਦੁਰਵਰਤੋਂ ਕੀਤੀ ਗਈ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਕਾਨਫਰੰਸ ਦੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਹਫਤੇ ਅੰਦਰ ਤਿੰਨ ਵਾਰ ਖਟਕੜ ਕਲਾਂ 'ਚ ਗਿਆ। ਉਂਜ ਲੋਕ ਚੰਗੀ ਤਰ੍ਹਾਂ ਸਮਝ ਗਏ ਕਿ ਇਨ੍ਹਾਂ ਕਾਨਫਰੰਸਾਂ ਦਾ ਮਕਸਦ ਅਗਲੇ ਵਰ੍ਹੇ ਆ ਰਹੀਆਂ ਵਿਧਾਨ ਸਭਾ ਚੋਣਾਂ ਲਈ ਲੋਕਾਂ ਨੂੰ ਆਪਣੇ ਵੱਲ ਖਿੱਚਣਾ ਹੀ ਹੈ। ਕਾਂਗਰਸ ਵੱਲੋਂ ਭੀੜ ਜੁਟਾਉਣ ਲਈ ਸਭਿਆਚਾਰਕ ਪ੍ਰੋਗਰਾਮ ਕਰਨ ਤੇ ਸਿਆਸੀ ਕਾਨਫਰੰਸ ਲਈ ਉਘੇ ਕਲਾਕਾਰ ਗੁਰਦਾਸ ਮਾਨ, ਪੰਮੀ ਬਾਈ ਤੇ ਗੁਰਮੀਤ ਬਾਵਾ ਦਾ ਸਹਾਰਾ ਲਿਆ ਗਿਆ। ਅਕਾਲੀ ਦਲ (ਬਾਦਲ) ਤੇ ਭਾਜਪਾ ਵੱਲੋਂ ਭੀੜ ਜੁਟਾਉਣ ਲਈ ਗਾਇਕ ਸਤਿੰਦਰ ਸਰਤਾਜ, ਗਾਇਕਾ ਮਿਸ ਪੂਜਾ ਤੇ ਵਿਵਾਦਾਂ 'ਚ ਘਿਰੇ ਰਹਿਣ ਵਾਲੇ ਗਾਇਕ ਬੱਬੂ ਮਾਨ ਦਾ ਇਕੋ ਮੰਚ 'ਤੇ ਅਖਾੜਾ ਲਵਾਇਆ ਗਿਆ। ਕਾਂਗਰਸ ਦਾ ਦਾਅਵਾ ਹੈ ਕਿ ਕਾਨਫਰੰਸ ਦੌਰਾਨ ਇਕ ਲੱਖ ਤੋਂ ਵੱਧ ਇਕੱਠ ਸੀ।

ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਯਾਦ ਵਿਚ ਖਟਕੜ ਕਲਾਂ 'ਚ ਰਾਜਨੀਤਕ ਪਾਰਟੀਆਂ ਵੱਲੋਂ ਸਿਆਸੀ ਅਖਾੜੇ ਲਾ ਕੇ ਸ਼ਹੀਦ ਭਗਤ ਸਿੰਘ ਦੇ ਚਹੇਤੇ ਹੋਣ ਦਾ ਰਾਗ ਅਲਾਪਿਆ ਗਿਆ। ਸੱਤਾਧਾਰੀ ਅਕਾਲੀ ਦਲ ਤੇ ਭਾਜਪਾ ਵੱਲੋਂ ਸ਼ਹੀਦ ਦੇ ਅਜਾਇਬਘਰ ਤੇ ਪੰਚਾਇਤੀ ਥਾਂ 'ਤੇ ਇਕ ਵੱਡਾ ਪੰਡਾਲ ਲਾਇਆ ਗਿਆ। ਹਰ ਥਾਂ ਕਲਾਕਾਰ ਮਿਸ ਪੂਜਾ, ਬੱਬੂ ਮਾਨ ਤੇ ਸਤਿੰਦਰ ਸਰਤਾਜ ਦੇ ਪੋਸਟਰ ਲਾਏ ਗਏ ਤੇ ਹਾਈ ਕੋਰਟ ਦੇ ਹੁਕਮਾਂ ਦੀ ਉਲੰਘਣਾ ਕੀਤੀ।

ਉਧਰ ਪੰਜਾਬ ਪ੍ਰਦੇਸ਼ ਕਾਂਗਰਸ ਨੇ ਵੀ ਖਟਕੜ ਕਲਾਂ ਵਿਖੇ ਥਾਂਦੀਆ ਨੇੜੇ ਸਰਕਾਰ ਦੇ ਬਰਾਬਰ ਹੀ ਵੱਡਾ ਪੰਡਾਲ ਸਜਾਇਆ। ਕੈਪਟਨ ਅਮਰਿੰਦਰ ਸਿੰਘ, ਰਜਿੰਦਰ ਕੌਰ ਭੱਠਲ, ਕੇਂਦਰੀ ਮੰਤਰੀ ਅੰਬਿਕਾ ਸੋਨੀ, ਪਰਨੀਤ ਕੌਰ, ਜਗਮੀਤ ਸਿੰਘ ਬਰਾੜ, ਮਹਿੰਦਰ ਸਿੰਘ ਕੇ.ਪੀ. ਸਮੇਤ ਸਮੁੱਚੀ ਲੀਡਰਸ਼ਿਪ ਆਪਣੇ ਕਾਫਲੇ ਲੈ ਕੇ ਪੁੱਜੀ। ਇਸ ਦੇ ਨਾਲ ਹੀ ਸੀ.ਪੀ.ਆਈ. ਤੇ ਸੀ.ਪੀ.ਐਮ. ਵੱਲੋਂ ਖਟਕੜ ਕਲਾਂ ਵਿਖੇ ਝੰਡਾ ਜੀ ਕੋਲ ਸਾਂਝੀ ਸਟੇਜ ਲਗਾਈ ਗਈ।

ਕੈਪਟਨ ਅਮਰਿੰਦਰ ਸਿੰਘ ਤੇ ਪੰਜਾਬ ਦਾ ਚਰਚਿਤ ਆਗੂ ਮਨਪ੍ਰੀਤ ਸਿੰਘ ਬਾਦਲ ਵੀ ਇਥੇ ਨਹੀਂ ਪੁੱਜਿਆ। ਅਸਲ 'ਚ ਖਟਕੜ ਰੈਲੀ ਨੂੰ ਸਾਰੀਆਂ ਸਿਆਸੀ ਧਿਰਾਂ ਨੇ ਵੱਕਾਰ ਦਾ ਸਵਾਲ ਬਣਾਇਆ ਹੋਇਆ ਸੀ।

ਜਿੱਥੇ ਸੱਤਾਧਾਰੀ ਅਕਾਲੀ ਦਲ (ਬ) ਨੇ ਪੰਜਾਬ ਦੀ ਕੰਗਾਲੀ ਲਈ ਕੇਂਦਰੀ ਨੀਤੀਆਂ ਨੂੰ ਜ਼ਿੰਮੇਵਾਰ ਦੱਸਿਆ ਉਥੇ ਮੁੱਖ ਵਿਰੋਧੀ ਪਾਰਟੀ ਕਾਂਗਰਸ ਨੇ ਬਾਦਲ ਪਰਿਵਾਰ 'ਤੇ ਪੰਜਾਬ ਨੂੰ ਲੁੱਟਣ ਦਾ ਦੋਸ਼ ਲਾਇਆ। ਉਧਰ ਸ਼੍ਰੋਮਣੀ ਅਕਾਲੀ ਦਲ (ਅ) ਵੱਲੋਂ ਅਕਾਲੀਆਂ ਤੇ ਕਾਂਗਰਸੀਆਂ ਨੂੰ ਚੰਗੇ ਰਗੜੇ ਲਾਏ ਗਏ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਕੇਂਦਰ ਦੀਆਂ ਕਾਂਗਰਸ ਸਰਕਾਰਾਂ ਨੇ ਹਮੇਸ਼ਾਂ ਹੀ ਪੰਜਾਬ ਨਾਲ ਧੱਕਾ ਕੀਤਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੀ ਆਜ਼ਾਦੀ ਤੋਂ ਬਾਅਦ ਕਾਂਗਰਸ ਨੇ ਏਨੇ ਜ਼ੁਲਮ ਕੀਤੇ ਹਨ ਕਿ ਇਸ ਬਾਰੇ ਕਈ ਕਿਤਾਬਾਂ ਲਿਖੀਆਂ ਜਾ ਸਕਦੀਆਂ ਹਨ। ਉਧਰ ਕਾਂਗਰਸ ਵੱਲੋਂ ਬੀਬੀ ਰਜਿੰਦਰ ਕੌਰ ਭੱਠਲ ਨੇ ਕਿਹਾ ਕਿ ਆਪਣੇ-ਆਪ ਨੂੰ ਪੰਥਕ ਕਹਾਉਣ ਵਾਲੀ ਬਾਦਲ ਸਰਕਾਰ ਆਪਣੇ ਪਰਿਵਾਰ ਦੇ ਹਿੱਤ ਪਾਲਣ ਤੱਕ ਹੀ ਸੀਮਤ ਰਹਿ ਗਈ ਹੈ ਤੇ ਦਸ ਮਹੀਨਿਆਂ ਬਾਅਦ ਪਿਓ-ਪੁੱਤ ਤੇ ਜੀਜੇ-ਸਾਲੇ ਦੀ ਸਰਕਾਰ ਨੂੰ ਚੱਲਦਾ ਕਰ ਦਿੱਤਾ ਜਾਵੇਗਾ।

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਅਕਾਲੀਆਂ ਤੇ ਕਾਂਗਰਸੀਆਂ 'ਤੇ ਪੰਜਾਬ ਦੇ ਹਿਤ ਕੇਂਦਰ ਸਰਕਾਰ ਕੋਲ ਗਹਿਣੇ ਰੱਖਣ ਦੇ ਦੋਸ਼ ਲਾਏ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਪੰਜਾਬ ਤਿੰਨ ਪਰਮਾਣੂ ਸ਼ਕਤੀਆਂ-ਚੀਨ, ਪਾਕਿਸਤਾਨ ਤੇ ਭਾਰਤ ਦਰਮਿਆਨ ਘਿਰਿਆ ਹੋਇਆ ਹੈ, ਉਸ ਨੂੰ ਦੇਖਦਿਆਂ ਸਪੱਸ਼ਟ ਹੈ ਕਿ ਸਿੱਖ ਆਜ਼ਾਦ ਤੇ ਸੁਰੱਖਿਅਤ ਸਿਰਫ਼ ਬਫਰ ਸਟੇਟ ਵਿਚ ਹੀ ਰਹਿ ਸਕਦੇ ਹਨ।

# ਹੋਲਾ ਮਹੱਲਾ:ਖਾਲਸਾਈ ਰੰਗ 'ਚ ਰੰਗੀ ਖਾਲਸੇ ਦੀ ਜਨਮ ਭੂਮੀ

ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਅਰਦਾਸ ਤੋਂ ਬਾਅਦ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਿੱਖ ਪੰਥ ਦੇ ਨਾਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਸੰਦੇਸ਼ ਦਿੰਦਿਆਂ ਗੁਰੂ ਸਾਹਿਬਾਨ ਦੇ ਦਰਸਾਏ ਰਾਹ ਕਿਰਤ ਕਰੋ, ਨਾਮ ਜਪੋ, ਵੰਡ ਛਕੋ 'ਤੇ ਚੱਲਣ ਤੇ ਨੌਜਵਾਨਾਂ ਨੂੰ ਪਤਿਤਪੁਣਾ ਤੇ ਨਸ਼ੇ ਤਿਆਗ ਕੇ, ਬਾਣੀ ਤੇ ਬਾਣੇ ਦੇ ਧਾਰਨੀ ਬਣਨ ਲਈ ਕਿਹਾ। ਉਨ੍ਹਾਂ ਨੇ ਸਮੇਂ ਦੀਆਂ ਹਾਕਮ ਸਰਕਾਰਾਂ ਨੂੰ ਆਖਿਆ ਕਿ ਉਹ ਪਿਛਲੇ ਕਾਫੀ ਸਾਲਾਂ ਤੋਂ ਜੇਲ੍ਹਾਂ ਵਿਚ ਬੰਦ ਬੇਦੋਸ਼ੇ ਨੌਜਵਾਨਾਂ ਨੂੰ ਤੁਰੰਤ ਰਿਹਾਅ ਕਰਨ। ਸ਼੍ਰੋਮਣੀ ਕਮੇਟੀ ਵੱਲੋਂ ਮਹੱਲਾ ਜੈਕਾਰਿਆਂ, ਨਗਾਰਿਆਂ, ਨਰਸਿੰਗਿਆਂ, ਬੈਂਡ ਵਾਜਿਆਂ 'ਤੇ ਵੱਜ ਰਹੀਆਂ ਗੁਰਬਾਣੀ ਦੀਆਂ ਮਨਮੋਹਕ ਧੁਨਾਂ ਨਾਲ ਅਰੰਭ ਹੋਇਆ। ਇਸ ਨਗਰ ਕੀਰਤਨ ਰੂਪੀ ਮਹੱਲੇ ਦੀ ਅਗਵਾਈ ਪੰਜ ਪਿਆਰੇ ਕਰ ਰਹੇ ਸਨ ਤੇ ਉਨ੍ਹਾਂ ਦੇ ਨਾਲ ਜਥੇਦਾਰ ਗਿਆਨੀ ਗੁਰਬਚਨ ਸਿੰਘ, ਜਥੇਦਾਰ ਗਿਆਨੀ ਤਰਲੋਚਨ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਹੈਡ ਗ੍ਰੰਥੀ ਭਾਈ ਜਸਵਿੰਦਰ ਸਿੰਘ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਸੁਖਵਿੰਦਰ ਸਿੰਘ ਤੇ ਦਮਦਮੀ ਟਕਸਾਲ ਦੇ ਮੁਖੀ ਭਾਈ ਹਰਨਾਮ ਸਿੰਘ ਖਾਲਸਾ ਸ਼ਾਨ ਵਧਾ ਰਹੇ ਸਨ।

ਨਗਰ ਕੀਰਤਨ ਦੇ ਅੱਗੇ ਨਗਾਰੇ ਤੇ ਧੌਂਸੇ ਵੱਜ ਰਹੇ ਸਨ। ਗੱਤਕਾ ਪਾਰਟੀਆਂ ਦੇ ਜੰਗਜੂ ਕਰਤੱਵ ਦਿਖਾ ਰਹੇ ਸਨ। ਇਹ ਨਗਰ ਕੀਰਤਨ ਕਿਲ੍ਹਾ ਅਨੰਦਗੜ੍ਹ, ਸ਼ਹੀਦੀ ਬਾਗ, ਡੇਰਾ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ, ਛਾਉਣੀ ਗੁਰੂ ਕਾ ਬਾਗ ਬੁੱਢਾ ਦਲ ਬਾਬਾ ਬਲਬੀਰ ਸਿੰਘ ਜਥੇਦਾਰ, ਨਵੀਂ ਅਬਾਦੀ, ਤਖਤ ਸ੍ਰੀ ਕੇਸਗੜ੍ਹ ਸਾਹਿਬ ਮਾਰਕੀਟ, ਕਲਗੀਧਰ ਮਾਰਕੀਟ, ਗੁਰਦੁਆਰਾ ਕਿਲ੍ਹਾ ਹੋਲਗੜ੍ਹ, ਗੁਰਦੁਆਰਾ ਮਾਤਾ ਜੀਤੋ ਜੀ, ਕਿਲ੍ਹਾ ਫਤਿਹਗੜ੍ਹ ਸਾਹਿਬ, ਚਰਨ ਗੰਗਾ ਸਟੇਡੀਅਮ ਤੋਂ ਹੁੰਦਾ ਹੋਇਆ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸਮਾਪਤ ਹੋਇਆ।

*(ਹੋਰ ਖਬਰਾਂ ਸਫਾ 22 'ਤੇ ਪੜ੍ਹੋ)*

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ੍ਰੀ ਹੈਪੀ ਹੀਰ

ਧੰਨ ਧੰਨ ਨਾਭ ਕੰਵਲ ਰਾਜਾ ਸਾਹਿਬ ਜੀ

# ਜਨਮ ਦਿਹਾੜਾ ਸ੍ਰੀ ਨਾਭ ਕੰਵਲ ਰਾਜਾ ਸਾਹਿਬ



ਮਹਾਨ ਤਪੱਸਵੀ ਤੇ ਬ੍ਰਹਮ ਆਤਮਾ 108 ਸ੍ਰੀ ਨਾਭ ਕੰਵਲ ਰਾਜਾ ਸਾਹਿਬ ਜੀ ਦਾ ਜਨਮ ਦਿਹਾੜਾ ਮਿਤੀ 27 ਮਾਰਚ 2011 ਨੂੰ ਗੁਰੂ ਨਾਨਕ ਸਿੱਖ ਟੈਂਪਲ (8795 Main St., San Joaquin, CA 93660) ਵਿਖੇ ਸਵੇਰੇ 10 ਵਜੇ ਬਹੁਤ ਹੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ।

ਸਮੂਹ ਸੰਗਤਾਂ ਅਤੇ ਨਾਭ ਕੰਵਲ ਰਾਜਾ ਸਾਹਿਬ ਦੇ ਸੇਵਕਾਂ ਨੂੰ ਸਨਿਮਰ ਬੇਨਤੀ ਹੈ ਕਿ ਉਹ ਹਾਜ਼ਰੀਆਂ ਭਰ ਕੇ ਜੀਵਨ ਸਫਲੇ ਕਰਨ ਜੀ।

## ਪ੍ਰੋਗਰਾਮ

**25 ਮਾਰਚ, 2011 ਦਿਨ ਸ਼ੁਕਰਵਾਰ**

ਅਰੰਭ ਸ੍ਰੀ ਅਖੰਡ ਪਾਠ: ਸਵੇਰੇ 10 ਵਜੇ

**27 ਮਾਰਚ, 2011 ਦਿਨ ਐਤਵਾਰ**

ਭੋਗ ਸ੍ਰੀ ਅਖੰਡ ਪਾਠ: ਸਵੇਰੇ 10 ਵਜੇ

> ਗੁਰਬਾਣੀ ਕੀਰਤਨ ਉਪਰੰਤ ਢਾਡੀ ਸੁਖਵਿੰਦਰ ਸਿੰਘ ਗਰੇਵਾਲ, ਮੋਹਨ ਸਿੰਘ ਕਮਰੋੜ ਦਾ ਜਥਾ (ਯੂਬਾ ਸਿਟੀ) ਨਾਭ ਕੰਵਲ ਰਾਜਾ ਸਾਹਿਬ ਜੀ ਦੀ ਜੀਵਨੀ 'ਤੇ ਵਾਰਾਂ ਪੇਸ਼ ਕਰਨਗੇ।

> ਉਘੇ ਲੋਕ ਗਾਇਕ ਸੁਖਵਿੰਦਰ ਪੰਛੀ ਵੀ ਨਾਭ ਕੰਵਲ ਰਾਜਾ ਸਾਹਿਬ ਦੇ ਜੀਵਨ ਨੂੰ ਗੀਤਾਂ ਰਾਹੀਂ ਪੇਸ਼ ਕਰਨਗੇ।

> ਗੁਰੂ ਕਾ ਲੰਗਰ ਅਤੁੱਟ ਵਰਤੇਗਾ।

## Directions

**From Bakersfield**

From 99 North, take exit 121 Mannig Ave. & turn left, go 29 miles to Colorado Ave, turn right Rt. 3rd St. Main Ave., turn right, Guru Ghar on left side.

**From Sacramento**

Directions 99 South, Lake Hwy 145 south, go 20 miles, American Ave., turn right, American Ave becomes main st. and Guru Ghar is on your right side.

## ਬੇਨਤੀ ਕਰਤਾ

ਸੁਖਵੀਰ ਸਿੰਘ ਮਾਨ, ਫੋਨ:559-225-1254

ਅਮੋਲਕ ਸਿੰਘ ਭੋਲਾ (ਗੁਣਾਚੌਰ), ਫੋਨ:559-709-0089

ਰਾਣੋ ਮਾਨ, ਫੋਨ:559-312-8286

ਗੁਰਵਿੰਦਰ ਸਿੰਘ ਧਾਲੀਵਾਲ (ਮੁੱਖ ਸੇਵਾਦਾਰ, ਗੁਰੂ ਨਾਨਕ ਸਿੱਖ ਟੈਂਪਲ)

ਫੋਨ: 559-281-4697

ਰਾਣੀ ਗਿੱਲ, ਫੋਨ: 559-250-0010

# ਇਤਿਹਾਸ ਦੀ ਅਣਦੇਖੀ



ਖਾਲਸਾ ਕਾਲਜ, ਅੰਮ੍ਰਿਤਸਰ

## ਖਾਲਸਾ ਕਾਲਜ ਦਾ ਮਾਮਲਾ ਵਿਧਾਨ ਸਭ ਵਿਚ ਗੂੰਜਿਆ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਵਿਚ ਅੰਮ੍ਰਿਤਸਰ ਦੇ ਖਾਲਸਾ ਕਾਲਜ ਨੂੰ ਪ੍ਰਾਈਵੇਟ ਯੂਨੀਵਰਸਿਟੀ ਵਿੱਚ ਤਬਦੀਲ ਕਰਨ ਦੇ ਮੁੱਦੇ 'ਤੇ ਵਿਰੋਧੀ ਧਿਰ ਨੇ ਸਰਕਾਰ ਨੂੰ ਘੇਰ ਲਿਆ।

ਕਾਂਗਰਸ ਦੇ ਮੈਂਬਰ ਸੁਖਪਾਲ ਸਿੰਘ ਖਹਿਰਾ ਨੇ ਇਹ ਮੁੱਦਾ ਉਠਾਉਂਦਿਆਂ ਕਿਹਾ ਕਿ 120 ਸਾਲ ਪੁਰਾਣੀ ਵਿੱਦਿਅਕ ਸੰਸਥਾ ਜੋ ਰਾਜ ਸਰਕਾਰ ਵੱਲੋਂ ਦਿੱਤੀ ਜਾਂਦੀ 95 ਫੀਸਦੀ ਗਰਾਂਟ ਨਾਲ ਚਲਾਈ ਜਾ ਰਹੀ ਹੈ, ਨੂੰ ਪ੍ਰਾਈਵੇਟ ਯੂਨੀਵਰਸਿਟੀ ਦਾ ਰੂਪ ਦੇਣਾ ਲੋਕ ਹਿਤ ਦੇ ਵਿਰੁੱਧ ਹੈ। ਉਨ੍ਹਾਂ ਸਰਕਾਰ 'ਤੇ ਦੋਸ਼ ਲਾਇਆ ਕਿ ਇਸ ਕਾਲਜ ਦੀ ਪ੍ਰਬੰਧਕੀ ਕਮੇਟੀ ਦੇ ਮੁਖੀ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਸਹੁਰਾ ਹਨ; ਇਸ ਲਈ ਇਹ ਸਭ ਕੁੱਝ ਕੀਤਾ ਜਾ ਰਿਹਾ ਹੈ। ਸ੍ਰੀ ਖਹਿਰਾ ਦੇ ਇਹ ਕਹਿਣ 'ਤੇ ਬਿਕਰਮ ਸਿੰਘ ਮਜੀਠੀਆ ਨੇ ਵੀ ਹਮਲਾਵਰ ਰੁਖ ਅਪਨਾਉਣ ਦੀ ਕੋਸ਼ਿਸ਼ ਕੀਤੀ। ਸ੍ਰੀ ਖਹਿਰਾ ਨੇ ਇਹ ਵੀ ਕਿਹਾ ਕਿ ਸਿੱਖਾਂ ਦੀ ਇਸ ਸੰਸਥਾ ਦੀ ਪ੍ਰਬੰਧਕੀ ਕਮੇਟੀ ਵਿੱਚ ਆਰ.ਐਸ.ਐਸ. ਦੇ ਬੰਦੇ ਲਿਆਦੇ ਜਾ ਰਹੇ ਹਨ। ਇਸ 'ਤੇ ਭਾਜਪਾ ਦੇ ਮੈਂਬਰਾਂ ਨੇ ਇਤਰਾਜ਼ ਜਤਾਇਆ।

# ਖ਼ਾਲਸਾ ਕਾਲਜ ਦਾ ਵਜੂਦ ਖ਼ਤਰੇ 'ਚ

**ਅੰਮ੍ਰਿਤਸਰ:** ਪੰਜਾਬ ਦੀ 119 ਸਾਲ ਪੁਰਾਣੀ ਸਿੱਖ ਵਿਦਿਅਕ ਸੰਸਥਾ ਖਾਲਸਾ ਕਾਲਜ ਨੂੰ ਜਲਦੀ ਹੀ ਖਾਲਸਾ ਯੂਨੀਵਰਸਿਟੀ ਦਾ ਦਰਜਾ ਪ੍ਰਾਪਤ ਹੋ ਜਾਵੇਗਾ। ਪ੍ਰਬੰਧਕਾਂ ਵੱਲੋਂ ਤਿੰਨ ਸਾਲਾ ਕੋਰਸ (ਗਰੇਜੂਏਸ਼ਨ) ਦੇ ਭਾਗ ਪਹਿਲਾ ਵਿਚ ਵਿਦਿਆਰਥੀਆਂ ਦਾ ਦਾਖਲਾ ਪ੍ਰਾਪਤ ਕਰਨ ਲਈ ਚਾਰਾਜੋਈ ਅਰੰਭ ਦਿੱਤੀ ਗਈ ਹੈ।

330 ਏਕੜ ਰਕਬੇ ਵਿਚ ਫੈਲੇ ਇਸ ਇਤਿਹਾਸਕ ਤੇ ਪੁਰਾਤਨ ਕਾਲਜ ਵਿਚ ਇਸ ਵੇਲੇ 3600 ਤੋਂ ਵਧੇਰੇ ਵਿਦਿਆਰਥੀ ਗਰੇਜੂਏਟ ਅਤੇ ਪੋਸਟ ਗਰੇਜੂਏਟ ਪੱਧਰ ਦੇ ਵੱਖ-ਵੱਖ ਕੋਰਸ ਵਿਚ ਵਿਦਿਆ ਪ੍ਰਾਪਤ ਕਰ ਰਹੇ ਹਨ ਅਤੇ 140 ਦੇ ਲਗਪਗ ਅਧਿਆਪਕ ਜਿਨ੍ਹਾਂ ਵਿਚ 88 ਏਡਿਡ ਪੋਸਟਾਂ 'ਤੇ ਹਨ। ਇਸ ਕਾਲਜ ਨੂੰ 'ਕਾਲਜ ਵਿਦ ਪੋਟੈਂਸ਼ਲ ਫਾਰ ਐਕਸੀਲੈਂਸ' ਅਤੇ 'ਸਟਾਰ ਕਾਲਜ' ਦਾ ਦਰਜਾ ਮਿਲ ਚੁੱਕਾ ਹੈ।

5 ਮਾਰਚ 1892 ਵਿਚ ਸਥਾਪਿਤ ਇਸ ਕਾਲਜ ਲਈ ਯੂਨੀਵਰਸਿਟੀ ਦਾ ਦਰਜਾ ਲੈਣ ਵਾਸਤੇ ਕਾਲਜ ਦੀ ਗਵਰਨਿੰਗ ਕੌਂਸਲ ਵਲੋਂ ਯੋਜਨਾ ਸਰਕਾਰ ਨੂੰ ਭੇਜੀ ਗਈ ਸੀ ਜਿਸ ਦੇ ਆਧਾਰ 'ਤੇ ਅਧਿਕਾਰੀਆਂ ਦੀ ਟੀਮ ਵੱਲੋਂ ਜਾਂਚ ਕੀਤੀ ਜਾ ਚੁੱਕੀ ਹੈ ਅਤੇ ਸਰਕਾਰ ਵੱਲੋਂ ਕਾਲਜ ਨੂੰ ਐਲ.ਓ.ਆਈ. (ਲੈਟਰ ਆਫ ਇਨਟੈਂਟ) ਪ੍ਰਾਪਤ ਹੋ ਚੁੱਕਾ ਹੈ। ਇਹ ਖਾਲਸਾ ਯੂਨੀਵਰਸਿਟੀ ਸਰਕਾਰ ਦੀ 'ਸਟੇਟ ਪ੍ਰਾਈਵੇਟ ਯੂਨੀਵਰਸਿਟੀ' ਨੀਤੀ ਹੇਠ ਬਣੇਗੀ। ਇਸ ਤਹਿਤ ਯੂਨੀਵਰਸਿਟੀ ਲਈ 35 ਏਕੜ ਰਕਬੇ ਦੀ ਲੋੜ ਹੈ। ਕਾਲਜ ਕੋਲ ਇਸ ਵੇਲੇ 300 ਏਕੜ ਤੋਂ ਵਧੇਰੇ ਜ਼ਮੀਨ ਹੈ। ਜ਼ਮੀਨ ਦਾ ਵੱਡਾ ਹਿੱਸਾ ਇਸ ਵੇਲੇ ਫਸਲਾਂ ਲਈ ਵਰਤਿਆ ਜਾ ਰਿਹਾ ਹੈ। ਫਿਲਹਾਲ ਇਹ ਤੈਅ ਕਰਨਾ ਬਾਕੀ ਹੈ ਕਿ ਖਾਲਸਾ ਯੂਨੀਵਰਸਿਟੀ ਦੀ ਇਮਾਰਤ ਲਈ ਕਾਲਜ ਦੀ ਮੌਜੂਦਾ ਇਮਾਰਤ ਦੀ ਵਰਤੋਂ ਕੀਤੀ ਜਾਵੇਗੀ ਜਾਂ ਫਿਰ ਨਵੀਂ ਇਮਾਰਤ ਦੀ ਉਸਾਰੀ ਹੋਵੇਗੀ। ਇਸ ਯੂਨੀਵਰਸਿਟੀ ਵਿਚ 5 ਫੀਸਦੀ ਸੀਟਾਂ ਗਰੀਬ ਵਿਦਿਆਰਥੀਆਂ ਲਈ ਹੋਣਗੀਆਂ ਅਤੇ ਉਨ੍ਹਾਂ ਨੂੰ ਮੁਫ਼ਤ ਵਿਦਿਆ ਦੇਣੀ ਲਾਜ਼ਮੀ ਹੋਵੇਗੀ।

ਇਸ ਵੇਲੇ ਪੰਜਾਬ ਦੀਆਂ 19 ਸੰਸਥਾਵਾਂ ਵੱਲੋਂ ਸੂਬੇ ਵਿਚ ਨਿੱਜੀ ਯੂਨੀਵਰਸਿਟੀਆਂ ਸਥਾਪਿਤ ਕਰਨ ਲਈ ਅਰਜ਼ੀਆਂ ਸਰਕਾਰ ਨੂੰ ਭੇਜੀਆਂ ਗਈਆਂ ਹਨ। ਦੇਸ਼ ਦੀ ਆਜ਼ਾਦੀ ਦੀ ਲੜਾਈ ਵਿਚ ਵੀ ਯੋਗਦਾਨ ਪਾ ਚੁੱਕੇ ਇਸ ਕਾਲਜ ਨੂੰ 1920 ਦੇ ਨੇੜੇ ਵੀ ਸਿੱਖ ਯੂਨੀਵਰਸਿਟੀ ਦਾ ਦਰਜਾ ਦੇਣ ਦੀ ਗੱਲ ਹੋਈ ਸੀ। ਉਸ ਵੇਲੇ ਅੰਗਰੇਜ਼ੀ ਹਕੂਮਤ ਵਲੋਂ ਬਨਾਰਸ ਹਿੰਦੂ ਯੂਨੀਵਰਸਿਟੀ ਅਤੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਬਣਾ ਦਿੱਤੀ ਗਈ ਸੀ। ਮਗਰੋਂ 1921 ਵਿਚ ਸਰ ਸੁੰਦਰ ਸਿੰਘ ਮਜੀਠੀਆ ਨੇ ਇਸ ਨੂੰ ਸਿੱਖ ਯੂਨੀਵਰਸਿਟੀ ਬਣਾਉਣ ਦਾ ਮਤਾ ਵੀ ਪਾਸ ਕੀਤਾ ਸੀ ਪਰ ਉਹ ਵੀ ਫੈਸਲਾ ਸਿਰੇ ਨਾ ਚੜ੍ਹ ਸਕਿਆ।

ਖਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਵਿੱਤ ਸਕੱਤਰ ਗੁਣਬੀਰ ਸਿੰਘ ਨੇ ਦੱਸਿਆ ਕਿ ਇਸ ਯੋਜਨਾ ਨੂੰ ਹੁਣ ਸਰਕਾਰ ਦੀ ਕੈਬਨਿਟ ਵਲੋਂ ਮਨਜ਼ੂਰੀ ਮਿਲਣੀ ਬਾਕੀ ਰਹਿ ਗਈ ਹੈ।

# ਪ੍ਰਧਾਨ ਮੰਤਰੀ ਨੂੰ ਖਾਲਸਾ ਕਾਲਜ ਦੀ ਹੋਂਦ ਬਚਾਉਣ ਦੀ ਅਪੀਲ

**ਫਰੀਮਾਂਟ:** ਸੈਂਟਰ ਫਾਰ ਇੰਡੋ-ਯੂ ਐਸ ਡਾਇਲਾਗ ਸੰਸਥਾ ਵਲੋਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਜ਼ੋਰਦਾਰ ਅਪੀਲ ਕੀਤੀ ਗਈ ਹੈ ਕਿ ਅੰਮ੍ਰਿਤਸਰ ਦੇ ਖਾਲਸਾ ਕਾਲਜ ਨੂੰ ਬਚਾਇਆ ਜਾਵੇ। ਇਥੇ ਜਾਰੀ ਇਕ ਬਿਆਨ ਵਿਚ ਸੰਸਥਾ ਨੇ ਕਿਹਾ ਹੈ ਕਿ ਇਹ ਪੰਜਾਬ ਅਤੇ ਸਿੱਖਾਂ ਦੀ ਇਕ ਇਤਿਹਾਸਕ ਵਿਰਾਸਤ ਹੈ ਅਤੇ ਇਸ ਨੂੰ ਕਾਇਮ ਰੱਖਿਆ ਜਾਣਾ ਚਾਹੀਦਾ ਹੈ।

ਸੰਸਥਾ ਦੇ ਪ੍ਰਧਾਨ ਸ੍ਰੀ ਕੁਲਦੀਪ ਧਾਲੀਵਾਲ ਨੇ ਇਥੇ ਜਾਰੀ ਇਕ ਬਿਆਨ ਵਿਚ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਲਿਖੇ ਪੱਤਰ ਵਿਚ ਸੰਸਥਾ ਨੇ ਬੇਨਤੀ ਕੀਤੀ ਹੈ ਕਿ 1892 ਵਿਚ ਬਣੇ ਇਸ ਕਾਲਜ ਵਾਸਤੇ ਜਿਥੇ ਆਮ ਲੋਕਾਂ ਨੇ ਪੈਸਾ ਅਤੇ ਆਪਣੀਆਂ ਜ਼ਮੀਨਾਂ ਦਿੱਤੀਆਂ, ਉਥੇ ਸਿੱਖ ਰਿਆਸਤਾਂ ਦੇ ਮੁਖੀਆਂ ਨੇ ਵੀ ਦਿਲ ਖੋਲ੍ਹ ਕੇ ਦਾਨ ਦਿੱਤਾ। ਆਪਣੇ 120 ਸਾਲ ਦੇ ਇਤਿਹਾਸ ਵਿਚ ਖਾਲਸਾ ਕਾਲਜ, ਅੰਮ੍ਰਿਤਸਰ ਜਿਥੇ ਹਿੰਦੋਸਤਾਨ ਦੀ ਆਜ਼ਾਦੀ ਦਾ ਗਵਾਹ ਰਿਹਾ ਹੈ, ਉਥੇ ਇਸ ਦੇ ਵਿਦਿਆਰਥੀਆਂ ਨੇ ਹਿੰਦੋਸਤਾਨ ਵਿਚ ਉਠੀਆਂ ਵੱਖ ਵੱਖ ਲੋਕ ਲਹਿਰਾਂ ਵਿਚ ਵੀ ਭਰਵਾਂ ਹਿੱਸਾ ਪਾਇਆ ਹੈ। ਇਸ ਕਾਲਜ ਨੇ ਹਜ਼ਾਰਾਂ ਵਿਦਵਾਨ, ਇਤਿਹਾਸਕਾਰ, ਨੀਤੀਵਾਨ, ਡਾਕਟਰ, ਸਿਆਸਤਦਾਨ, ਖਿਡਾਰੀ ਅਤੇ ਕਲਾਕਾਰ ਪੈਦਾ ਕੀਤੇ ਹਨ। ਡਾ. ਮਨਮੋਹਨ ਸਿੰਘ



ਖੁਦ ਅੰਮ੍ਰਿਤਸਰ ਦੇ ਜੰਮਪਲ ਹਨ ਅਤੇ ਉਹ ਖਾਲਸਾ ਕਾਲਜ ਦੀ ਅਹਿਮੀਅਤ ਤੋਂ ਚੰਗੀ ਤਰ੍ਹਾਂ ਵਾਕਿਫ ਹਨ।

ਸੰਸਥਾ ਨੇ ਕਿਹਾ ਹੈ ਕਿ ਅੰਮ੍ਰਿਤਸਰ ਦਾ ਜੰਮਪਲ ਦੇਸ਼ ਦਾ ਪ੍ਰਧਾਨ ਮੰਤਰੀ ਹੋਵੇ ਅਤੇ ਖਾਲਸਾ ਕਾਲਜ ਦੀ ਹੋਂਦ ਨੂੰ ਖਤਰਾ ਹੋਵੇ, ਸਮਝ ਤੋਂ ਬਾਹਰ ਹੈ। ਸੰਸਥਾ ਦੀ ਇਕ ਮੀਟਿੰਗ ਵਿਚ ਖਾਲਸਾ ਕਾਲਜ ਦੀ ਜਗ੍ਹਾ 'ਤੇ ਖਾਲਸਾ ਯੂਨੀਵਰਸਿਟੀ ਬਣਾਉਣ ਦੀ ਤਜਵੀਜ ਦਾ ਵੀ ਭਰਵਾਂ ਵਿਰੋਧ ਕੀਤਾ ਗਿਆ। ਮਹਿਸੂਸ ਕੀਤਾ ਗਿਆ ਕਿ ਇਸ ਪਿਛੇ ਪ੍ਰਾਈਵੇਟ ਵਿਦਿਅਕ ਵਪਾਰੀਆਂ ਦੀ ਕੋਈ ਡੂੰਘੀ ਸਾਜ਼ਿਸ਼ ਹੈ ਅਤੇ ਯੂਨੀਵਰਸਿਟੀ ਦੇ ਬਹਾਨੇ ਉਹ ਇਸ ਨੂੰ ਇਕ ਦੁਕਾਨ ਦੇ ਤੌਰ 'ਤੇ ਵਰਤਣਾ ਚਾਹੁੰਦੇ ਹਨ। ਮੀਟਿੰਗ ਵਿਚ ਦੁਨੀਆਂ ਭਰ ਵਿਚ ਬੈਠੇ ਖਾਲਸਾ ਕਾਲਜ ਦੇ ਸਾਬਕਾ ਵਿਦਿਆਰਥੀਆਂ ਨੂੰ ਸੱਦਾ ਦਿੱਤਾ ਗਿਆ ਕਿ ਇਸ ਕਾਲਜ ਦੀ ਹੋਂਦ ਨੂੰ ਬਚਾਉਣ ਲਈ ਨਿਤਰਨ। ਮੀਟਿੰਗ ਵਿਚ ਗੁਲਿੰਦਰ ਸਿੰਘ ਗਿੱਲ, ਸੁਰਜੀਤ ਸਿੰਘ ਢਿੱਲੋਂ, ਸੁਬੇਗ ਸਿੰਘ ਗਿੱਲ, ਇਕਬਾਲ ਸਿੰਘ ਗਿੱਲ, ਸੁਰਿੰਦਰ ਸਿੰਘ ਗਰੇਵਾਲ, ਬਿਕਰਮਜੀਤ ਸਿੰਘ ਗਿੱਲ ਅਤੇ ਬਲਵਿੰਦਰ ਸਿੰਘ ਹਾਜ਼ਰ ਸਨ।

## ਟੀਚਿੰਗ ਤੇ ਨਾਨ ਟੀਚਿੰਗ ਸਟਾਫ ਵੱਲੋਂ ਧਰਨਾ

**ਚੰਡੀਗੜ੍ਹ:** ਖਾਲਸਾ ਕਾਲਜ ਦੇ ਅਧਿਆਪਕਾਂ ਅਤੇ ਗ਼ੈਰ ਅਧਿਆਪਕ ਅਮਲੇ ਨੇ ਪ੍ਰਿੰਸੀਪਲ ਦਫਤਰ ਦੇ ਬਾਹਰ ਧਰਨਾ ਦਿੱਤਾ ਅਤੇ ਡਿਪਟੀ ਕਮਿਸ਼ਨਰ ਨੂੰ ਆਪਣਾ ਯਾਦ ਪੱਤਰ ਵੀ ਸੌਂਪਿਆ। ਪੰਜਾਬ ਅਤੇ ਚੰਡੀਗੜ੍ਹ ਕਾਲਜ ਟੀਚਰ ਯੂਨੀਅਨ ਦੀ ਕਾਲਜ ਇਕਾਈ ਦੇ ਪ੍ਰਧਾਨ ਪ੍ਰੋਫੈਸਰ ਐਸ.ਐਸ. ਰੰਗੀ ਦੀ ਅਗਵਾਈ ਹੇਠ ਪ੍ਰਿੰਸੀਪਲ, ਪ੍ਰਧਾਨ ਅਤੇ ਆਨਰੇਰੀ ਸਕੱਤਰ ਖਿਲਾਫ਼ ਨਾਅਰੇਬਾਜ਼ੀ ਵੀ ਕੀਤੀ ਗਈ। ਪ੍ਰਦਰਸ਼ਨਕਾਰੀਆਂ ਨੇ ਪ੍ਰਿੰਸੀਪਲ ਦੇ ਦਫ਼ਤਰ ਦੇ ਬਾਹਰ ਧਰਨਾ ਦਿੱਤਾ ਅਤੇ ਉਨ੍ਹਾਂ ਦਾ ਘਿਰਾਓ ਕੀਤਾ। ਕਾਲਜ ਵਿਚ ਬਣਾਈਆਂ ਗਈਆਂ ਵੱਖ-ਵੱਖ ਕਮੇਟੀਆਂ ਦੇ 25 ਦੇ ਲਗਪਗ ਮੁਖੀਆਂ ਅਤੇ ਅਹੁਦੇਦਾਰਾਂ ਨੇ ਰੋਸ ਵਜੋਂ ਅਸਤੀਫੇ ਵੀ ਦੇ ਦਿੱਤੇ। ਕਾਲਜ ਦੇ ਪ੍ਰਿੰਸੀਪਲ ਡਾ. ਦਲਜੀਤ ਸਿੰਘ ਮੁਤਾਬਕ ਕਾਲਜ ਨੂੰ ਯੂਨੀਵਰਸਿਟੀ ਬਣਾਉਣ ਦਾ ਫੈਸਲਾ ਪ੍ਰਬੰਧਕਾਂ ਦਾ ਹੈ, ਉਨ੍ਹਾਂ ਦਾ ਨਹੀਂ। ਉਨ੍ਹਾਂ ਅਧਿਆਪਕਾਂ ਦੇ ਇਸ ਦੋਸ਼ ਬਾਰੇ ਸਪਸ਼ਟ ਕੀਤਾ ਕਿ ਕਾਲਜ ਵਲੋਂ ਯੂਨੀਵਰਸਿਟੀ ਨੂੰ ਪੱਤਰ ਭੇਜ ਕੇ ਇਸਦੀ ਮਾਨਤਾ ਖਤਮ ਕਰਨ ਲਈ ਕਿਹਾ ਗਿਆ ਹੈ।

# ਇਮਾਰਤੀ ਢਾਂਚੇ 'ਚ ਕੋਈ ਤਬਦੀਲੀ ਨਾ ਕਰਨ ਦਾ ਵਾਅਦਾ

ਅੰਮ੍ਰਿਤਸਰ: ਖਾਲਸਾ ਕਾਲਜ ਨੂੰ ਖਾਲਸਾ ਯੂਨੀਵਰਸਿਟੀ ਵਿਚ ਤਬਦੀਲ ਕਰਨ ਦੇ ਵਿਰੋਧ ਦੇ ਬਾਵਜੂਦ ਖਾਲਸਾ ਕਾਲਜ ਚੈਰੀਟੇਬਲ ਸੁਸਾਇਟੀ ਦੇ ਆਗੂਆਂ ਨੇ ਐਲਾਨ ਕੀਤਾ ਕਿ ਖਾਲਸਾ ਯੂਨੀਵਰਸਿਟੀ ਇਸ ਵਰ੍ਹੇ ਨਵੇਂ ਸੈਸ਼ਨ ਤੋਂ ਸ਼ੁਰੂ ਹੋ ਜਾਵੇਗੀ। ਇਸ ਨਾਲ ਖਾਲਸਾ ਕਾਲਜ ਦਾ ਸਿਰਫ ਰੁਤਬਾ ਬਦਲ ਕੇ ਯੂਨੀਵਰਸਿਟੀ ਹੋ ਜਾਵੇਗਾ ਪਰ ਇਸ ਦੇ ਇਮਾਰਤੀ ਢਾਂਚੇ ਤੇ ਇੱਥੋਂ ਦੇ ਅਮਲੇ ਵਿਚ ਕੋਈ ਬਦਲਾਅ ਨਹੀਂ ਕੀਤਾ ਜਾਵੇਗਾ।

ਖਾਲਸਾ ਕਾਲਜ ਚੈਰੀਟੇਬਲ ਸੁਸਾਇਟੀ ਦੇ ਆਨਰੇਰੀ ਸਕੱਤਰ ਰਾਜਿੰਦਰ ਮੋਹਨ ਸਿੰਘ ਛੀਨਾ, ਮੀਤ ਪ੍ਰਧਾਨ ਚਰਨਜੀਤ ਸਿੰਘ ਚੱਢਾ ਅਤੇ ਵਧੀਕ ਆਨਰੇਰੀ ਸਕੱਤਰ ਹਰਮਿੰਦਰ ਸਿੰਘ ਸਮੇਤ ਹੋਰ ਮੈਂਬਰਾਂ ਨੇ ਦੱਸਿਆ ਕਿ ਖਾਲਸਾ ਕਾਲਜ ਨੂੰ ਯੂਨੀਵਰਸਿਟੀ ਬਣਾਉਣ ਦਾ ਸੁਪਨਾ ਅੱਜ ਦਾ ਨਹੀਂ ਸਗੋਂ 1920 ਦਾ ਹੈ। ਖਾਲਸਾ ਕਾਲਜ ਗਵਰਨਿੰਗ ਕੌਂਸਲ ਵੱਲੋਂ ਵੱਖ-ਵੱਖ ਸਮਿਆਂ 'ਤੇ ਪਾਸ ਕੀਤੇ ਗਏ ਮਤਿਆਂ ਦੇ ਹਵਾਲੇ ਦਿੰਦਿਆਂ ਸ੍ਰੀ ਛੀਨਾ ਨੇ ਦੱਸਿਆ ਕਿ 1932 ਵਿੱਚ ਯੂਨੀਵਰਸਿਟੀ ਦੀ ਸਥਾਪਨਾ ਲਈ 2 ਲੱਖ ਰੁਪਏ ਦੀ ਰਕਮ ਵੀ ਇਕੱਠੀ ਕੀਤੀ ਗਈ ਸੀ ਪਰ ਉਸ ਵੇਲੇ ਵੀ ਇਹ ਫੈਸਲਾ ਅਮਲ ਵਿੱਚ ਨਾ ਆ ਸਕਿਆ। 1969 ਵਿੱਚ ਜਦੋਂ 340 ਏਕੜ ਜ਼ਮੀਨ ਦਿੱਤੀ ਗਈ ਤਾਂ ਉਸ ਵੇਲੇ ਇੱਥੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਬਣਾ ਦਿੱਤੀ ਗਈ। ਹੁਣ 21 ਨਵੰਬਰ 2007 ਨੂੰ ਦੁਬਾਰਾ ਅਜਿਹਾ ਮਤਾ ਪਾਸ ਕੀਤਾ ਗਿਆ ਅਤੇ ਯੂਨੀਵਰਸਿਟੀ ਬਣਾਉਣ ਲਈ ਯਤਨ ਕੀਤੇ ਗਏ। 2010 ਵਿਚ ਜਦੋਂ ਸਰਕਾਰ ਨੇ ਸੂਬਾਈ ਪ੍ਰਾਈਵੇਟ ਯੂਨੀਵਰਸਿਟੀ ਨੀਤੀ ਬਣਾਈ ਤਾਂ ਉਸ ਵੇਲੇ ਖਾਲਸਾ ਕਾਲਜ ਨੂੰ ਵੀ ਯੂਨੀਵਰਸਿਟੀ ਬਣਾਉਣ ਲਈ ਬਿਨੈ-ਪੱਤਰ ਦਿੱਤਾ ਗਿਆ ਸੀ ਜਿਸਦੇ ਆਧਾਰ 'ਤੇ ਜਾਂਚ ਮਗਰੋਂ ਹੁਣ ਸਰਕਾਰ ਵੱਲੋਂ ਸਹਿਮਤੀ ਪੱਤਰ ਦਿੱਤਾ ਗਿਆ ਹੈ।

ਅਧਿਆਪਕਾਂ ਅਤੇ ਗ਼ੈਰ-ਅਧਿਆਪਕਾਂ ਦੇ ਖਦਸ਼ਿਆਂ ਬਾਰੇ ਸ੍ਰੀ ਛੀਨਾ ਨੇ ਦੱਸਿਆ ਕਿ ਉਨ੍ਹਾਂ ਹੁਣ ਤਕ ਤਿੰਨ ਵਾਰ ਅਧਿਆਪਕਾਂ ਨਾਲ ਗੱਲਬਾਤ ਕੀਤੀ ਹੈ ਅਤੇ ਭਰੋਸਾ ਦਿੱਤਾ ਹੈ ਕਿ ਉਨ੍ਹਾਂ ਦੀਆਂ ਨੌਕਰੀਆਂ ਨੂੰ ਕੋਈ ਨੁਕਸਾਨ ਨਹੀਂ ਪੁੱਜੇਗਾ। ਇਹ ਪਹਿਲਾਂ ਵਾਂਗ ਬਰਕਰਾਰ ਰਹਿਣਗੀਆਂ ਅਤੇ ਉਹ ਆਪਣੀ ਸੇਵਾ ਮੁਕਤੀ ਦਾ ਸਮਾਂ ਪੂਰਾ ਕਰਕੇ ਇਥੋਂ ਜਾਣਗੇ। ਯੂਨੀਵਰਸਿਟੀ ਬਣਨ ਮਗਰੋਂ ਫੀਸਾਂ ਵਿਚ ਵਾਧਾ ਕੀਤੇ ਜਾਣ ਬਾਰੇ ਉਨ੍ਹਾਂ ਕਿਹਾ ਕਿ ਕੋਈ ਖਾਸ ਵਾਧਾ ਨਹੀਂ ਹੋਵੇਗਾ ਅਤੇ ਇਹ ਫੀਸਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀਆਂ ਫੀਸਾਂ ਤੋਂ ਘੱਟ ਹੀ ਹੋਣਗੀਆਂ। ਲੋੜ ਮੁਤਾਬਕ ਨਵੀਆਂ ਇਮਾਰਤਾਂ ਦੀ ਵੀ ਉਸਾਰੀ ਕੀਤੀ ਜਾਵੇਗੀ ਪਰ ਪੁਰਾਣੀਆਂ ਇਮਾਰਤਾਂ ਨੂੰ ਪਹਿਲਾਂ ਵਾਂਗ ਹੀ ਰੱਖਿਆ ਜਾਵੇਗਾ। ਖਾਲਸਾ ਕਾਲਜ ਨੂੰ ਸਰਕਾਰ ਵੱਲੋਂ ਮਿਲ ਰਹੀ ਗਰਾਂਟ ਬਾਰੇ ਉਨ੍ਹਾਂ ਦੱਸਿਆ ਕਿ ਇਹ ਗਰਾਂਟ ਲਗਾਤਾਰ ਘਟਦੀ ਜਾ ਰਹੀ ਹੈ। ਪਹਿਲਾਂ ਸਰਕਾਰ ਵੱਲੋਂ 140 ਅਧਿਆਪਕਾਂ ਲਈ 95 ਫੀਸਦੀ ਗਰਾਂਟ ਭੇਜੀ ਜਾਂਦੀ ਸੀ ਪਰ ਜਿਵੇਂ-ਜਿਵੇਂ ਅਧਿਆਪਕ ਸੇਵਾਮੁਕਤ ਹੋ ਰਹੇ ਹਨ, ਸਰਕਾਰ ਵੱਲੋਂ ਉਨ੍ਹਾਂ ਦੀ ਥਾਂ ਨਵੀਆਂ ਆਸਾਮੀਆਂ ਨਹੀਂ ਭਰੀਆਂ ਜਾ ਰਹੀਆਂ ਅਤੇ ਗਰਾਂਟ ਲਗਾਤਾਰ ਘੱਟ ਹੁੰਦੀ ਜਾ ਰਹੀ ਹੈ। ਇਸ ਵੇਲੇ ਸਿਰਫ 87 ਅਧਿਆਪਕਾਂ ਲਈ ਸਰਕਾਰੀ ਗਰਾਂਟ ਆ ਰਹੀ ਹੈ। ਇਥੇ 198 ਅਧਿਆਪਕ ਹਨ। ਗ਼ੈਰ-ਅਧਿਆਪਕ ਅਮਲੇ ਵਿਚ 216 ਕਰਮਚਾਰੀ ਹਨ ਪਰ ਸਰਕਾਰ ਵੱਲੋਂ ਸਿਰਫ 77 ਕਰਮਚਾਰੀਆਂ ਲਈ ਗਰਾਂਟ ਜਾਰੀ ਕੀਤੀ ਜਾ ਰਹੀ ਹੈ। ਖਾਲਸਾ ਕਾਲਜ (ਲੜਕੀਆਂ) ਵਿਚ 74 ਅਧਿਆਪਕ ਹਨ ਪਰ ਉਨ੍ਹਾਂ ਵਿੱਚੋਂ ਸਿਰਫ 10 ਅਧਿਆਪਕਾਂ ਲਈ ਗਰਾਂਟ ਮਿਲਦੀ ਹੈ। ਖਾਲਸਾ ਕਾਲਜ (ਐਜੂਕੇਸ਼ਨ) ਵਿੱਚ 23 ਅਧਿਆਪਕ ਹਨ ਪਰ ਸਰਕਾਰ ਵੱਲੋਂ ਸਿਰਫ 4 ਅਧਿਆਪਕਾਂ ਲਈ ਗਰਾਂਟ ਦਿੱਤੀ ਜਾਂਦੀ ਹੈ।

FARMERS INSURANCE GROUP
Symbol of Superior Service
FARMERS®

181 Metro Drive, Suite 290, San Jose, CA 95110

ਆਪਣੀ ਕਾਰ ਜਾਂ ਆਪਣੇ ਘਰ ਦੀ ਇੰਸ਼ੋਰੈਂਸ ਕਵਰੇਜ ਬਾਰੇ ਤੁਹਾਡੇ ਮਨ ਵਿਚ ਕੋਈ ਸਵਾਲ ਹੈ? ਬਿਨਾਂ ਝਿਜਕ ਸਾਨੂੰ ਕਾਲ ਕਰੋ।

*"Call for a review of any of your insurance policies or to get a quote"*
*Totally Free and No Obligation to buy from us!!*



*Auto *Home *Life *Business
*Workers Compensation

Call for consultation

**Ph: 408-771-2438**

*408-580-6063, 408-687-7566*

Fax: 408-573-3829

ssingh6@farmeragent.com

Satwant Singh
Insurance Agent
License # OH11256

*ਪਾਲਿਸੀ (ਅਤੇ ਪ੍ਰਾਸਪੈਕਟਸ, ਜਿਥੇ ਲਾਗੂ ਹੋਵੇ) ਸਿਰਫ ਅੰਗ੍ਰਜ਼ੀ ਵਿਚ ਉਪਲਬਧ ਹੈ। ਝਗੜੇ ਦੀ ਸੂਰਤ ਵਿਚ ਇਹੋ ਰੂਪ ਸਹੀ ਮੰਨਿਆ ਜਾਏਗਾ।*

*Call us to know about special discounts for nurses, teachers, engineers, pharmacists, doctors and more professionals to get low prices.**

*"Discounts apply to selected property and casualty coverages, perils, and policy types only and may vary by state and eligibility. To the extent permitted by law, applicants are individually underwritten; not all applicants may qualify."

# Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

ਜੇ ਤੁਸੀਂ ਆਪਣਾ ਘਰ ਸ਼ਾਰਟਸੇਲ 'ਤੇ ਵੇਚਣਾ ਚਾਹੁੰਦੇ ਹੋ

If you want to sell your house in shortsale, first call 209-815-1869
*We are certified Home Afordable Foreclosure Alternative (HAFA) specilist in shortsale of homes.*



Gurbans Singh Gill
Realtor
13 Years Experiance in Real Estate
e-mail: gurbans@gotracy.com
Fax: 209-836-0706
www.gotracy.com

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD® Millennium

**Gurbans Gill 209-815-1869**

24 ਘੰਟੇ 11 ਸਟੇਸ਼ਨਾਂ ਤੋਂ ਚੱਲਣ ਵਾਲਾ ਪੰਜਾਬੀ ਰੇਡੀਓ

San Jose, Livermore, Berkeley, Tracy, Sacramento, Yuba City, Stocton, Modesto, Fresno, Bakersfield, Reno

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
*Uniting Punjabi's All Over*

ਟਰੇਸੀ 'ਚ ਪੰਜਾਬੀ ਰੇਡੀਓ ਸ਼ੁਰੂ
ਰੇਡੀਓ ਲੈਣ ਲਈ ਕਾਲ ਕਰੋ
408.722.7698

ਛੋਟੇ ਰੇਡੀਓ ਦੀ ਕੀਮਤ $ 25 ਵੱਡੇ ਰੇਡੀਓ ਦੀ ਕੀਮਤ $ 35

ਪੰਜਾਬੀ ਰੇਡੀਓ ਦੇ ਪ੍ਰੋਗਰਾਮ

- ਸਵੇਰੇ 4 ਤੋਂ 9 ਵਜੇ : **ਅੰਮ੍ਰਿਤ ਵੇਲਾ ਸਚ ਨਾਉ**, ਗੁਰਦੁਆਰਾ ਸਾਹਿਬ ਫਰੀਮਾਂਟ ਤੋਂ ਪ੍ਰਸਾਰਣ
- ਸਵੇਰੇ 9.30 ਵਜੇ : ਪੰਜਾਬੀ ਅਤੇ ਅੰਗਰੇਜ਼ੀ ਵਿਚ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਦੇ **ਹੁਕਮਨਾਮੇ ਦੀ ਵਿਆਖਿਆ**
- ਚੰਡੀਗੜ੍ਹ, ਮੁਕਤਸਰ ਸਾਹਿਬ, ਲਾਹੌਰ ਤੇ ਨਿਊ ਜਰਸੀ ਤੋਂ **ਖ਼ਬਰਾਂ ਹਰ ਦੋ ਘੰਟੇ ਬਾਅਦ**
- ਸਵੇਰੇ 10 ਤੋਂ 11 ਵਜੇ : **ਆਤਮਿਕ ਆਨੰਦ ਪ੍ਰੋਗਰਾਮ** – ਕੁਲਬੀਰ ਸਿੰਘ
- ਬਾਅਦ ਦੁਪਹਿਰ 1 ਤੋਂ 2 ਵਜੇ : **ਭੈਣਾਂ ਵਾਸਤੇ ਸਪੈਸ਼ਲ ਪ੍ਰੋਗਰਾਮ** (ਰਾਣੀ ਕਾਹਲੋਂ ਤੇ ਅਲਮਾਜ਼ ਸ਼ਬੀ)
- ਸ਼ਾਮ 4 ਤੋਂ 6 ਵਜੇ : **ਕੁਝ ਗੱਲਾਂ ਕੁਝ ਗੀਤ** (ਗੁਰਜਸਪਾਲ ਸਿੰਘ ਤੇ ਰਾਜਕਰਨਬੀਰ ਸਿੰਘ)
- ਸ਼ਾਮ 6 ਤੋਂ 7:30 ਵਜੇ : **ਸਰਬ ਸਾਂਝੀ ਗੁਰਬਾਣੀ** – ਰਹਿਰਾਸ ਸਾਹਿਬ ਤੇ ਕੀਰਤਨ ਗੁਰਦੁਆਰਾ ਐਲ ਸਬਰਾਂਟੇ, ਸੈਨਹੋਜ਼ੇ ਤੇ ਹੋਰ ਗੁਰਦੁਆਰਾ ਸਾਹਿਬ ਤੋਂ
- ਰਾਤ 7:30 ਤੋਂ 8 ਵਜੇ ਤੱਕ : **ਜੀਵਨ ਜਾਚ ਦਾ ਖਜ਼ਾਨਾ** – ਵੀਰ ਭੁਪਿੰਦਰ ਸਿੰਘ ਤੇ ਕਥਾ ਭਾਈ ਅਮਰੀਕ ਸਿੰਘ ਚੰਡੀਗੜ੍ਹ
- ਰਾਤ 8 ਤੋਂ 9 ਵਜੇ : **ਭਖਦੇ ਮਸਲਿਆਂ 'ਤੇ ਲਾਈਵ ਟਾਕ ਸ਼ੋਅ** (ਸੁਸ਼ੀਲ ਦੋਸਾਂਝ, ਪਰਵਿੰਦਰ ਸਿੰਘ ਟਿਵਾਣਾ, ਜਸਵਿੰਦਰ ਸਿੰਘ ਬਿੱਟਾ)
- ਰਾਤ 9 ਤੋਂ 10 ਵਜੇ : **ਮਨੋਰੰਜਕ ਪ੍ਰੋਗਰਾਮ - ਦੋ ਆਰ ਦੀਆਂ ਦੋ ਪਾਰ ਦੀਆਂ** - ਗੁਰਪ੍ਰੀਤ ਸਿੰਘ ਤੇ ਸਿਮਰਨ, **ਲਹਿੰਦੇ ਪੰਜਾਬ ਦੀਆਂ ਬਾਂਗਾਂ** - ਮਸੂਦ ਮੱਲੀ, ਖਬਰ ਤੇ ਨਜ਼ਰ ਪਰਮਿੰਦਰ ਸਿੰਘ ਟਿਵਾਣਾ

**ਸ਼ੁੱਕਰਵਾਰ** : ਸ਼ਾਮ 3 ਤੋਂ 4 ਵਜੇ : **ਦੇਸੋਂ ਪਰਦੇਸ** – ਪਾਲ ਧਾਲੀਵਾਲ • ਰਾਤ 8 ਤੋਂ 10 ਵਜੇ : ਸ਼ਾਨ ਪੰਜਾਬ ਦੀ – ਗੁਰਦੀਪ ਸਿੰਘ ਸ਼ੇਰਗਿੱਲ
**ਸ਼ਨਿਚਰਵਾਰ** : ਸ਼ਾਮ 3 ਤੋਂ 4 ਵਜੇ : **ਝਿਲਮਿਲ ਤਾਰੇ** – ਬੱਚਿਆਂ ਲਈ ਪ੍ਰੋਗਰਾਮ– ਦਿਲਪ੍ਰੀਤ ਸਿੰਘ ਖਾਲਸਾ ਤੇ ਮਨਪ੍ਰੀਤ ਕਾਲਰਾ • ਰਾਤ 8 ਤੋਂ 10 ਵਜੇ : **ਇਕ ਖ਼ਾਸ ਮੁਲਾਕਾਤ** – ਹਰਵਿੰਦਰ ਸਿੰਘ ਕੰਗ

ਹੋਰ ਜਾਣਕਾਰੀ ਲਈ **408.722.7698**
Listen LIVE www.punjabiradiousa.com
Email: info@punjabiradiousa.com
3750 McKee Road, # B, San Jose CA 95127

# ਸ਼੍ਰੋਮਣੀ ਕਮੇਟੀ ਚੋਣਾਂ ਕਰਾਉਣ ਬਾਰੇ ਕੇਂਦਰ ਸਰਕਾਰ ਖਾਮੋਸ਼

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਮਈ ’ਚ ਕਰਾਉਣ ਬਾਰੇ ਭੰਬਲਭੂਸਾ ਬਰਕਰਾਰ ਹੈ ਕਿਉਂਕਿ ਅਜੇ ਤੱਕ ਕੇਂਦਰ ਸਰਕਾਰ ਨੇ ਇਸ ਬਾਰੇ ਕੋਈ ਹੁੰਗਾਰਾ ਨਹੀਂ ਭਰਿਆ। ਦੂਜੇ ਪਾਸੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਦੋਸ਼ ਲਾਇਆ ਹੈ ਕਿ ਕੇਂਦਰ ਸਰਕਾਰ ਦੀ ਨੀਅਤ ਵਿਚ ਖੋਟ ਹੈ। ਕੇਂਦਰ ਸਰਕਾਰ ਸੂਬੇ ਦੇ ਕਾਂਗਰਸੀਆਂ ਦੇ ਅਸਰ ਹੇਠ ਇਸ ਚੋਣ ਨੂੰ ਟਾਲ ਰਹੀ ਹੈ ਪਰ ਅਕਾਲੀ ਦਲ 1920 ਦੇ ਪ੍ਰਧਾਨ ਰਵੀਇੰਦਰ ਸਿੰਘ ਦਾ ਕਹਿਣਾ ਹੈ ਕਿ ਚੰਗਾ ਹੋਵੇ ਜੇਕਰ ਸ਼੍ਰੋਮਣੀ ਕਮੇਟੀ ਚੋਣ ਅਗਲੀ ਸਰਕਾਰ ਦੀ ਦੇਖ-ਰੇਖ ਵਿਚ ਹੋਵੇ। ਉਨ੍ਹਾਂ ਆਖਿਆ ਕਿ ਅਕਾਲੀ ਦਲ ਆਪਣੇ ਕਾਰਜਕਾਲ ਵਿਚ ਚੋਣ ਕਰਵਾ ਕੇ ਵੱਡੀ ਪੱਧਰ ’ਤੇ ਧਾਂਦਲੀ ਕਰਨੀ ਚਾਹੁੰਦਾ ਹੈ।



ਜ਼ਿਕਰਯੋਗ ਹੈ ਕਿ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਜਨਰਲ ਚੋਣਾਂ ਦੇ ਭੇਜੇ 8 ਮਈ ਦੇ ਪ੍ਰਸਤਾਵਿਤ ਚੋਣ ਪ੍ਰੋਗਰਾਮ ’ਤੇ ਇਕ ਮਹੀਨੇ ਬਾਅਦ ਵੀ ਕੋਈ ਫੈਸਲਾ ਨਹੀਂ ਲਿਆ ਗਿਆ। ਗੁਰਦੁਆਰਾ ਚੋਣ ਕਮਿਸ਼ਨ ਵੱਲੋਂ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਇਹ ਪ੍ਰਸਤਾਵਿਤ ਚੋਣ ਪ੍ਰੋਗਰਾਮ 17 ਫਰਵਰੀ ਨੂੰ ਭੇਜਿਆ ਗਿਆ ਸੀ ਪਰ ਮਹੀਨੇ ਬਾਅਦ ਵੀ ਗੁਰਦੁਆਰਾ ਚੋਣ ਕਮਿਸ਼ਨ ਕੋਲ ਇਸ ਮਾਮਲੇ ’ਤੇ ਗ੍ਰਹਿ ਮੰਤਰਾਲੇ ਕੋਈ ਵੀ ਹੁੰਗਾਰਾ ਜਾਂ ਪੱਤਰ ਨਹੀਂ ਪੁੱਜਾ। ਪੰਜਾਬ ਵਿਚੋਂ 175, ਹਰਿਆਣਾ ਵਿਚੋਂ 8 ਤੇ ਯੂ.ਟੀ. ਚੰਡੀਗੜ੍ਹ ਤੇ ਹਿਮਾਚਲ ਪ੍ਰਦੇਸ਼ ਵਿਚੋਂ ਚੁਣੇ ਜਾਣ ਵਾਲੇ ਇਕ-ਇਕ ਮੈਂਬਰ ’ਤੇ ਆਧਾਰਤ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਸਾਲ 2009 ਤੋਂ ਹੀ ਕਰਾਏ ਜਾਣ ਦੀ ਉਡੀਕ ਹੈ। ਪਹਿਲਾਂ ਵੋਟਰ ਸੂਚੀ ਬਣਾਉਣ ਦੇ ਪ੍ਰੋਗਰਾਮ ਵਿਚ ਦੇਰੀ ਕਾਰਨ ਤੇ ਹੁਣ ਕੇਂਦਰ ਸਰਕਾਰ ਵੱਲੋਂ ਚੋਣ ਪ੍ਰੋਗਰਾਮ ਮਨਜ਼ੂਰ ਕਰਨ ਵਿਚ ਦਿਖਾਈ ਜਾ ਰਹੀ ਢਿੱਲਮੱਠ ਕਾਰਨ ਇਹ ਚੋਣ ਦਿਨੋ-ਦਿਨ ਪਛੜਦੀ ਜਾ ਰਹੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਇਸ ਚੋਣ ਲਈ ਘੱਟੋ-ਘੱਟ 45 ਤੋਂ 50 ਦਿਨ ਦਾ ਚੋਣ ਅਮਲ ਲੋੜੀਂਦਾ ਹੈ ਜਿਸ ਵਿਚ ਨਾਮਜ਼ਦਗੀਆਂ, ਵਾਪਸੀਆਂ, ਇਤਰਾਜ਼, ਪੜਤਾਲ, ਚੋਣ ਨਿਸ਼ਾਨ ਅਲਾਟਮੈਂਟ ਤੇ ਵੋਟਾਂ ਪਾਉਣ ਤੋਂ ਗਿਣਨ ਤੱਕ ਦਾ ਕੰਮ ਸ਼ਾਮਲ ਹੈ। ਗੁਰਦੁਆਰਾ ਚੋਣ ਕਮਿਸ਼ਨ ਵੱਲੋਂ ਭੇਜੇ ਪ੍ਰੋਗਰਾਮ ਮੁਤਾਬਕ ਜੇਕਰ ਕੇਂਦਰ ਸਰਕਾਰ 8 ਮਈ ਨੂੰ ਹੀ ਵੋਟਾਂ ਪੁਆਉਣ ਦੇ ਪ੍ਰੋਗਰਾਮ ’ਤੇ ਲਾਉਂਦੀ ਹੈ ਤਾਂ 24 ਮਾਰਚ ਤੱਕ ਪ੍ਰੋਗਰਾਮ ਦਾ ਐਲਾਨ ਕਰਨ ’ਤੇ ਹੀ 45 ਦਿਨ ਬਣਦੇ ਹਨ, ਨਹੀਂ ਤਾਂ ਇਹ ਚੋਣ ਪ੍ਰੋਗਰਾਮ ਦੁਬਾਰਾ ਤੋਂ ਭੇਜਣਾ ਪਵੇਗਾ। ਗੁਰਦੁਆਰਾ ਚੋਣ ਕਮਿਸ਼ਨ ਦੇ ਸਕੱਤਰ ਅਵਤਾਰ ਸਿੰਘ ਨੂਰੁਲਾ ਦਾ ਕਹਿਣਾ ਹੈ ਕਿ ਗੁਰਦੁਆਰਾ ਚੋਣ ਕਮਿਸ਼ਨ ਦਾ ਕੰਮ ਵੋਟਰ ਸੂਚੀਆਂ ਮੁਕੰਮਲ ਹੋਣ ਤੋਂ ਬਾਅਦ ਕੇਂਦਰ ਸਰਕਾਰ ਨੂੰ ਚੋਣ ਪ੍ਰੋਗਰਾਮ ਭੇਜਣ ਤੱਕ ਤੇ ਚੋਣ ਦੀ ਮਿਤੀ ਦਾ ਐਲਾਨ ਹੋਣ ’ਤੇ ਚੋਣ ਅਮਲ ਨੂੰ ਨੇਪਰੇ ਚਾੜ੍ਹਨ ਤੱਕ ਸੀਮਿਤ ਹੈ। ਉਨ੍ਹਾਂ ਆਖਿਆ ਕਿ ਗੁਰਦੁਆਰਾ ਚੋਣ ਕਮਿਸ਼ਨ ਚੋਣ ਕਰਵਾਉਣ ਲਈ ਬਸ ਕੇਂਦਰੀ ਗ੍ਰਹਿ ਮੰਤਰਾਲੇ ਦੀ ਹਰੀ ਝੰਡੀ ਦੀ ਉਡੀਕ ਵਿਚ ਹੈ। ਇਸ ਬਾਰੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਕੇਂਦਰ ਸਰਕਾਰ ’ਤੇ ਦੋਸ਼ ਮੜ੍ਹਦਿਆਂ ਕਿਹਾ ਹੈ ਕਿ ਉਹ ਸ਼੍ਰੋਮਣੀ ਕਮੇਟੀ ਚੋਣਾਂ ਨਹੀਂ ਕਰਵਾ ਰਹੀ ਜਦੋਂਕਿ ਨਿਯਮਾਂ ਅਨੁਸਾਰ ਸ਼੍ਰੋਮਣੀ ਕਮੇਟੀ ਚੋਣਾਂ ਸਾਲ 2009 ਵਿਚ ਹੋ ਜਾਣੀਆਂ ਚਾਹੀਦੀਆਂ ਸਨ। ਜਥੇਦਾਰ ਮੱਕੜ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਇਨ੍ਹਾਂ ਚੋਣਾਂ ਲਈ ਪੂਰੀ ਤਰ੍ਹਾਂ ਤਿਆਰ ਹੈ ਪਰ ਕੁਝ ਅਖੌਤੀ ਸਿੱਖ ਆਗੂ ਕਾਂਗਰਸ ਪਾਰਟੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨਾਲ ਘਿਓ-ਖਿਚੜੀ ਹੋ ਕੇ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਦੇਰੀ ਕਰਵਾ ਰਹੇ ਹਨ।

## ਚੋਣਾਂ ਨਿਰਪੱਖ ਹੋਣ ਦੀ ਆਸ ਨਹੀਂ: ਰਵੀਇੰਦਰ

ਚੰਡੀਗੜ੍ਹ: ਅਕਾਲੀ ਦਲ 1920 ਦੇ ਪ੍ਰਧਾਨ ਰਵੀ ਇੰਦਰ ਨੇ ਸ਼ੰਕਾ ਪ੍ਰਗਟਾਈ ਕਿ ਅਕਾਲੀ ਦਲ-ਭਾਜਪਾ ਸਰਕਾਰ ਦੇ ਰਾਜ ਵਿਚ ਨਿਰਪੱਖ ਸ਼੍ਰੋਮਣੀ ਕਮੇਟੀ ਚੋਣਾਂ ਦੀ ਆਸ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਵੋਟਰ ਸੂਚੀਆਂ ਦੀ ਅੰਤਮ ਪ੍ਰਕਾਸ਼ਨਾਂ ਤੋਂ ਕੇਵਲ 12 ਦਿਨ ਪਹਿਲਾਂ 36 ਲੱਖ ਫਾਰਮ ਜਮ੍ਹਾਂ ਹੋਣੇ ਆਪਣੇ ਆਪ ਵਿਚ ਵੱਡੀ ਧਾਂਦਲੀ ਹੈ। ਇਸ ਦੀ ਮੁੜ ਪੜਤਾਲ ਲਈ ਉਨ੍ਹਾਂ ਦੀ ਪਾਰਟੀ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦਾ ਦਰ ਵੀ ਖੜਕਾਇਆ ਹੈ। ਉਨ੍ਹਾਂ ਆਖਿਆ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਆਪਣੀ ਪਾਰਟੀ ਦਾ ਗੁਰਦੁਆਰਿਆਂ ਦੇ ਪ੍ਰਬੰਧਾਂ ਤੋਂ ਕਬਜ਼ਾ ਹਟਣਾ ਬਰਦਾਸ਼ਤ ਨਹੀਂ ਕਰ ਸਕਦੇ। ਇਸੇ ਲਈ ਉਹ ਇਹ ਚੋਣ ਜਿੱਤਣ ਲਈ ਹਰੇਕ ਜਾਇਜ਼ ਤੇ ਨਾਜਾਇਜ਼ ਹਰਬਾ ਵਰਤਣਗੇ ਜਿਸ ਕਾਰਨ ਚੋਣਾਂ ਦੇ ਨਿਰਪੱਖ ਹੋਣ ਦੀ ਆਸ ਕਰਨਾ ਵਿਅਰਥ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਮਤਦਾਤਾ ਸੂਚੀ ਵਿਚ ਵੋਟਰ ਦੀ ਫੋਟੋ ਲਾਉਣ ਦੀ ਮੰਗ ਕਰਦਿਆਂ ਆਖਿਆ ਕਿ ਵੋਟਾਂ ਬਣਾਉਣ ਵੇਲੇ ਸਿੱਖ ਦੀ ਗੁਰਲੀਨ ਕੌਰ ਬਨਾਮ ਕੇਂਦਰ ਸਰਕਾਰ ਕੇਸ ਵਿਚ ਦਿੱਤੀ ਗਈ ਪ੍ਰਿਭਾਸ਼ਾ ਕਿ ਉਹ ਵਿਅਕਤੀ ਜਿਹੜਾ ਸ੍ਰੀ ਗੁਰੂ ਗ੍ਰੰਥ ਸਾਹਿਬ ’ਚ ਵਿਸ਼ਵਾਸ ਰੱਖਦਾ ਹੋਵੇ ਤੇ ਕੇਸ ਨਾ ਕੱਟਦਾ ਹੋਵੇ, ਦੀ ਖੁੱਲ੍ਹੇਆਮ ਉਲੰਘਣਾ ਹੋਈ ਹੈ ਤੇ ਕੁਮਾਰ ਨਾਂ ਵਾਲਿਆਂ ਨੂੰ ਸਿੰਘ ਲਿਖ ਕੇ ਵੋਟ ਬਣਾ ਦਿੱਤੀ ਗਈ।



ਅਕਾਲੀ ਆਗੂ ਬਲਦੇਵ ਸਿੰਘ ਮਾਨ ਨੇ ਆਖਿਆ ਕਿ ਉਨ੍ਹਾਂ ਦੇ ਹਲਕੇ ਵਿਚ ਪੈਂਦੇ ਪਿੰਡ ਬਘੌਲ ਵਿੱਚ ਹਿੰਦੂਆਂ ਤੇ ਮੁਸਲਮਾਨਾਂ ਦੀਆਂ ਵੋਟਾਂ ਬਣੀਆਂ ਹੋਣ ਦੇ ਸਬੂਤ ਉਨ੍ਹਾਂ ਕੋਲ ਮੌਜੂਦ ਹਨ ਪਰ ਤਾਂ ਵੀ ਕੋਈ ਸੁਣਵਾਈ ਨਹੀਂ। ਉਨ੍ਹਾਂ ਆਖਿਆ ਕਿ ਸ਼੍ਰੋਮਣੀ ਕਮੇਟੀ ਚੋਣ ਲੜਨ ਵਾਸਤੇ ਅਕਾਲੀ ਦਲ 1920, ਅਕਾਲੀ ਦਲ (ਲੌਂਗੋਵਾਲ) ਤੇ ਅਕਾਲੀ ਦਲ (ਦਿੱਲੀ) ਵਿਚਾਲੇ ਸਾਂਝ ਬਣ ਚੁੱਕੀ ਹੈ। ਅਕਾਲੀ ਦਲ (ਅੰਮ੍ਰਿਤਸਰ) ਨਾਲ ਕਿਸੇ ਕਿਸਮ ਦੀ ਸਾਂਝ ਦੀ ਸੰਭਾਵਨਾ ਨੂੰ ਰੱਦ ਕਰਦਿਆਂ ਉਨ੍ਹਾਂ ਆਖਿਆ ਕਿ ਸਿਮਰਨਜੀਤ ਸਿੰਘ ਮਾਨ ਦਾ ਇਕ ਨੁਕਾਤੀ ਏਜੰਡਾ ਖਾਲਿਸਤਾਨ ਹੋਣ ਕਾਰਨ ਉਨ੍ਹਾਂ ਨਾਲ ਮਤਭੇਦ ਕਾਇਮ ਹਨ।

# ਸੰਤ ਸਮਾਜ ਨੇ ਪੂਰੇਵਾਲ ਨੂੰ ਬਹਿਸ ਲਈ ਵੰਗਾਰਿਆ

**ਆਨੰਦਪੁਰ ਸਾਹਿਬ:** ਸੰਤ ਸਮਾਜ ਵੱਲੋਂ ਨਾਨਕਸ਼ਾਹੀ ਕੈਲੰਡਰ ਦੇ ਵਿਵਾਦ ਬਾਰੇ ਪਾਲ ਸਿੰਘ ਪੂਰੇਵਾਲ ਪੂਰੇਵਾਲ ਨੂੰ ਬਹਿਸ ਦੀ ਚੁਣੌਤੀ ਦਿੱਤੀ ਹੈ। ਇਸ ਮਸਲੇ ’ਤੇ ਵਿਚਾਰ ਕਰਨ ਲਈ ਸੰਤ ਸਮਾਜ ਦੇ ਆਗੂਆਂ ਦੀ ਬੈਠਕ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਦੀ ਪ੍ਰਧਾਨਗੀ ਹੇਠ ਹੋਈ। ਇਨ੍ਹਾਂ ਸਾਰੇ ਸੰਤਾਂ ਨੇ ਸੋਧੇ ਗਏ ਨਾਨਕਸ਼ਾਹੀ ਕੈਲੰਡਰ ਖ਼ਿਲਾਫ਼ ਪ੍ਰਚਾਰ ਕਰ ਰਹੇ ਪਾਲ ਸਿੰਘ ਪੂਰੇਵਾਲ ਨੂੰ ਖੁੱਲ੍ਹੀ ਬਹਿਸ ਦੀ ਚੁਣੌਤੀ ਦਿੰਦਿਆਂ ਕਿਹਾ ਕਿ ਜੇਕਰ ਸ. ਪੂਰੇਵਾਲ ਨੂੰ ਕੈਲੰਡਰ ਵਿਚ ਕੀਤੀਆਂ ਗਈਆਂ ਸੋਧਾਂ ਪ੍ਰਤੀ ਕੋਈ ਸ਼ੰਕਾ ਹੈ ਤਾਂ ਉਹ ਕਿਸੇ ਵੇਲੇ ਵੀ ਆ ਕੇ ਉਨ੍ਹਾਂ ਨਾਲ ਵਿਚਾਰ ਕਰ ਸਕਦਾ ਹੈ।





ਜ਼ਿਕਰਯੋਗ ਹੈ ਕਿ ਸਿੱਖਾਂ ਦੇ ਇਕ ਵੱਡੇ ਹਲਕੇ ਵੱਲੋਂ ਨਾਨਕਸ਼ਾਹੀ ਕੈਲੰਡਰ ਦੀਆਂ ਸੋਧਾਂ ਨੂੰ ਰੱਦ ਕਰਦੇ ਹੋਏ ਸ. ਪੂਰੇਵਾਲ ਵੱਲੋਂ ਬਣਾਏ ਮੂਲ ਕੈਲੰਡਰ ਦੇ ਹਿਸਾਬ ਨਾਲ ਹੀ ਦਿਨ-ਤਿਉਹਾਰ ਮਨਾਉਣ ਦਾ ਫ਼ੈਸਲਾ ਕੀਤਾ ਹੈ। ਭਾਈ ਹਰਨਾਮ ਸਿੰਘ ਖਾਲਸਾ ਨੇ ਕਿਹਾ ਕਿ ਸੰਤ ਸਮਾਜ, ਸਿੱਖ ਵਿਦਵਾਨ ਤੇ ਨਿਹੰਗ ਸਿੰਘ ਜਥੇਬੰਦੀਆਂ ਦੀ ਅਗਵਾਈ ਹੇਠ ਬਣੀ ਕਮੇਟੀ ਕਿਸੇ ਵੀ ਮੰਚ ’ਤੇ ਇਕੱਲੇ ਸ. ਪੂਰੇਵਾਲ ਹੀ ਨਹੀਂ ਬਲਕਿ ਹਰ ਕਿਸੇ ਦੀ ਤਸੱਲੀ ਤਰਕ ਨਾਲ ਕਰਵਾਉਣ ਲਈ ਤਿਆਰ ਹੈ। ਉਨ੍ਹਾਂ ਕਿਹਾ ਕਿ ਸ. ਪੂਰੇਵਾਲ ਨੂੰ ਚਾਹੀਦਾ ਹੈ ਕਿ ਉਹ ਸਿੱਖ ਕੌਮ ਦੀ ਵੱਖਰੀ ਸ਼ਾਨ ਨੂੰ ਦਰਸਾਉਂਦੇ ਨਾਨਕਸ਼ਾਹੀ ਕੈਲੰਡਰ ਬਾਰੇ ਕੌਮ ਨੂੰ ਗੁੰਮਰਾਹ ਕਰਨ ਵਾਲਾ ਪ੍ਰਚਾਰ ਕਰਨਾ ਬੰਦ ਕਰਨ।

ਭਾਈ ਖਾਲਸਾ ਨੇ ਕਿਹਾ ਕਿ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਨੇ ਖ਼ੁਦ ਸੋਧੇ ਗਏ ਨਾਨਕਸ਼ਾਹੀ ਕੈਲੰਡਰ ਦੀਆਂ ਸੋਧਾਂ ਨੂੰ ਪ੍ਰਵਾਨ ਕਰਦਿਆਂ ਦਸਤਖ਼ਤ ਕੀਤੇ ਸਨ। ਇਸ ਲਈ ਉਨ੍ਹਾਂ ਨੂੰ ਇਸ ਕੈਲੰਡਰ ਦਾ ਵਿਰੋਧ ਨਹੀਂ ਕਰਨਾ ਚਾਹੀਦਾ। ਉਨ੍ਹਾਂ ਕਿਹਾ ਕਿ ਜੇਕਰ ਫਿਰ ਵੀ ਉਹ ਵਿਰੋਧ ਕਰਦੇ ਹਨ ਤਾਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਚਾਹੀਦਾ ਹੈ ਕਿ ਉਹ ਖੁਦ ਜਥੇਦਾਰ ਨੰਦਗੜ੍ਹ ਨੂੰ ਇਸ ਮਾਮਲੇ ਬਾਰੇ ਪੁੱਛਣ ਤੇ ਜੇਕਰ ਫਿਰ ਵੀ ਉਹ ਨਹੀਂ ਹਟਦੇ ਤਾਂ ਨਿਯਮਾਂ ਅਨੁਸਾਰ ਉਨ੍ਹਾਂ ਨੂੰ ਕਾਰਵਾਈ ਅਧੀਨ ਲਿਆਂਦਾ ਜਾਵੇ। ਇਸ ਮੌਕੇ ਹਾਜ਼ਰ ਸੰਤਾਂ ਨੇ ਕਿਹਾ ਕਿ ਉਹ ਸਾਰੇ ਸੋਧੇ ਗਏ ਨਾਨਕਸ਼ਾਹੀ ਕੈਲੰਡਰ ਦੇ ਹੱਕ ਵਿਚ ਹਨ ਤੇ ਇਹ ਕੈਲੰਡਰ ਸਿੱਖ ਕੌਮ ਦੇ ਪੰਜਾਂ ਤਖਤਾਂ ਵੱਲੋਂ ਪ੍ਰਵਾਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਕੈਲੰਡਰ ਦਾ ਵਿਰੋਧ ਕਰਨਾ ਤਖਤਾਂ ਦਾ ਨਿਰਾਦਰ ਕਰਨ ਦੇ ਬਰਾਬਰ ਹੈ।

# ਸਿੱਖ ਕਤਲੇਆਮ: ਚਾਰ ਸਿੱਖਾਂ ਨੂੰ ਜਿਉਂਦੇ ਸਾੜਨ ਦੇ ਮਾਮਲੇ ਵਿਚ ਇਕ ਨੂੰ ਉਮਰ ਕੈਦ

**ਨਵੀਂ ਦਿੱਲੀ:** ਦਿੱਲੀ ਵਿਚ 1984 ਵਿਚ ਸਿੱਖਾਂ ਦੇ ਕਤਲੇਆਮ ਨਾਲ ਸਬੰਧਤ ਇਕ ਕੇਸ ਵਿਚ ਇਕ ਜਣੇ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਉਸ ‘ਤੇ ਪੂਰਬੀ ਦਿੱਲੀ ਦੇ ਤ੍ਰਿਲੋਕਪੁਰੀ ਇਲਾਕੇ ਵਿਚ ਚਾਰ ਸਿੱਖਾਂ ਨੂੰ ਜਿਉਂਦੇ ਸਾੜ ਕੇ ਮਾਰਨ ਦੇ ਦੋਸ਼ ਸਨ। ਐਡੀਸ਼ਨਲ ਸੈਸ਼ਨ ਜੱਜ ਪੀ.ਐਸ. ਤੇਜੀ ਨੇ ਮੁਜਰਮ ਮਹੇਸ਼ ਨੂੰ 30,000 ਰੁਪਏ ਜੁਰਮਾਨਾ ਵੀ ਠੋਕਿਆ ਹੈ।

ਅਦਾਲਤ ਮੁਤਾਬਕ ਮਹੇਸ਼ ਉਸ ਵੇਲੇ ਉਸ ਭੀੜ ਵਿਚ ਸ਼ਾਮਲ ਸੀ ਜਿਸ ਨੇ 3 ਨਵੰਬਰ 1984 ਨੂੰ ਘਰ ਨੂੰ ਅੱਗ ਲਾਈ ਸੀ ਜਿਸ ਕਾਰਨ ਚਾਰ ਜਣੇ ਜਿਉਂਦੇ ਮਰ ਗਏ ਸਨ। ਅਦਾਲਤ ਅਨੁਸਾਰ ਇਸਤਗਾਸਾ ਪੱਖ ਨੇ ਇਹ ਵੀ ਸਾਬਤ ਕੀਤਾ ਕਿ ਉਹ ਗੈਰਕਾਨੂੰਨੀ ਭੀੜ ਦੇ ਹਿੱਸੇ ਵਜੋਂ ਘਰ ਵਿਚ ਵੜਿਆ ਅਤੇ ਚਾਰ ਜਣਿਆਂ ਦੀ ਹੱਤਿਆ ਕੀਤੀ। ਮਹੇਸ਼ ਉਸ ਭੀੜ ਵਿਚ ਸ਼ਾਮਲ ਸੀ ਜੋ 3 ਨਵੰਬਰ 1984 ਨੂੰ ਤ੍ਰਿਲੋਕਪੁਰੀ ਦੇ ਬਲਾਕ ਨੰਬਰ 13 ਵਿਚ ਵਿਦਿਆ ਕੌਰ ਦੇ ਘਰ ਜਾ ਵੜੀ ਸੀ ਅਤੇ ਜਿਸ ਨੇ ਉਹਦੇ ਪਤੀ ਜਸਵੰਤ ਸਿੰਘ, ਭਤੀਜੇ ਅਨੋਖ ਸਿੰਘ, ਦੋਸਤ ਸਤਨਾਮ ਸਿੰਘ ਤੇ ਗੁਆਂਢੀ ਭਜਨ ਸਿੰਘ ਨੂੰ ਮਾਰ ਦਿੱਤਾ ਸੀ।

ਅਦਾਲਤ ਨੇ ਵਿਦਿਆ, ਉਹਦੇ ਦੋ ਪੁੱਤਰਾਂ ਸੁਰਜੀਤ ਸਿੰਘ ਅਤੇ ਕੁਲਦੀਪ ਸਿੰਘ ਦੀ ਗਵਾਹੀ ਦੇ ਆਧਾਰ ‘ਤੇ ਇਹ ਸਜ਼ਾ ਸੁਣਾਈ।

ਮਹੇਸ਼ ਦੀ ਦਲੀਲ ਸੀ ਕਿ ਉਹ ਅਕਸਰ ਸ਼ਿਕਾਇਤਕਰਤਾ ਦੇ ਘਰ ਸ਼ਰਾਬ ਲੈਣ ਜਾਂਦਾ ਸੀ। ਉਹਦੀ ਉਹਦੇ ਪਤੀ ਨਾਲ ਕਹਾ-ਸੁਣੀ ਹੋ ਜਾਣ ਕਰਕੇ ਉਹਨੂੰ ਫਸਾਇਆ ਗਿਆ ਹੈ। ਅਦਾਲਤ ਨੇ ਉਹਦੀ ਇਹ ਗੱਲ ‘ਆਪਾਵਿਰੋਧੀ’ ਕਹਿ ਕੇ ਨਕਾਰ ਦਿੱਤੀ ਸੀ।


ਮਹੇਸ਼ ਨੂੰ ਇਸ ਕੇਸ ਵਿਚ ਦੂਜੀ ਵਾਰ ਦੋਸ਼ੀ ਕਰਾਰ ਦਿੱਤਾ ਗਿਆ ਹੈ। ਪਹਿਲਾਂ ਦੋਸ਼ੀ ਕਰਾਰ ਦਿੱਤੇ ਜਾਣ ’ਤੇ ਉਹਨੇ ਦਿੱਲੀ ਹਾਈ ਕੋਰਟ ਵਿਚ ਅਪੀਲ ਕੀਤੀ ਸੀ ਜਿਸ ’ਤੇ ਅਦਾਲਤ ਨੇ ਇਹ ਮਾਮਲਾ ਨਵੇਂ ਸਿਰਿਓਂ ਸੁਣੇ ਜਾਣ ਲਈ ਮੁੜ ਹੇਠਲੀ ਅਦਾਲਤ ਵਿਚ ਭੇਜ ਦਿੱਤਾ ਸੀ। ਪਹਿਲਾਂ ਜਨਵਰੀ 1997 ਵਿਚ ਮਹੇਸ਼ ਨੂੰ ਇਕ ਹੋਰ ਵਿਅਕਤੀ ਨਾਲ ਉਮਰ ਕੈਦ ਸੁਣਾਈ ਗਈ ਸੀ। ਦੂਜੇ ਵਿਅਕਤੀ ਬਲੇਸ਼ਵਰ ਦੀ ਮੌਤ ਹੋ ਗਈ ਸੀ। ਇਸ ਕੇਸ ਵਿਚ ਐਫ.ਆਈ.ਆਰ. ਜਸਟਿਸ ਰੰਗਾਨਾਥ ਮਿਸ਼ਰਾ ਕਮਿਸ਼ਨ ਦੀ ਸਿਫਾਰਸ਼ ’ਤੇ ਦਰਜ ਕੀਤੀ ਗਈ ਸੀ। ਆਪਣੇ ਪਤੀ ਤੇ ਹੋਰਾਂ ਦੀ ਹੱਤਿਆ ਦਾ ਕੇਸ ਦਰਜ ਨਾ ਹੋਣ ’ਤੇ ਵਿਦਿਆ ਨੇ ਕਮਿਸ਼ਨ ਅੱਗੇ ਹਲਫਨਾਮਾ ਦੇ ਕੇ ਸਾਰੀ ਘਟਨਾ ਬਿਆਨ ਕੀਤੀ ਸੀ।

# ਵਿਧਾਨ ਸਭਾ ’ਚ ਭਾਜਪਾ ਆਗੂ ਆਪਸ ’ਚ ਹੀ ਭਿੜੇ

**ਚੰਡੀਗੜ੍ਹ:** ਪੰਜਾਬ ਦੀ ਸਿਹਤ ਮੰਤਰੀ ਲਕਸ਼ਮੀ ਕਾਂਤਾ ਚਾਵਲਾ ਤੇ ਭਾਰਤੀ ਜਨਤਾ ਪਾਰਟੀ ਦੇ ਵਿਧਾਇਕ ਜਗਦੀਸ਼ ਰਾਜ ਸਾਹਨੀ ਦਰਮਿਆਨ ਚੱਲ ਰਹੀ ਲੜਾਈ ਵਿਧਾਨ ਸਭਾ ਤੱਕ ਆ ਪਹੁੰਚੀ ਹੈ। ਭਾਜਪਾ ਦੇ ਇਨ੍ਹਾਂ ਦੋਹਾਂ ਆਗੂਆਂ ਵਿਚ ਵਿਧਾਨ ਸਭਾ ਅੰਦਰ ਪ੍ਰਸ਼ਨ ਕਾਲ ਦੌਰਾਨ ਦੋ ਵਾਰੀ ਸਿੱਧੀ ਟੱਕਰ ਹੋਈ। ਸ੍ਰੀਮਤੀ ਚਾਵਲਾ ਤੇ ਸ੍ਰੀ ਸਾਹਨੀ ਨੇ ਇਕ ਦੂਜੇ ਖ਼ਿਲਾਫ਼ ਘਟੀਆ ਸ਼ਬਦਾਵਲੀ ਦਾ ਹੀ ਪ੍ਰਯੋਗ ਨਹੀਂ ਕੀਤਾ ਸਗੋਂ ਗੰਭੀਰ ਦੋਸ਼ ਵੀ ਲਾਏ। ਵਿਧਾਇਕ ਨੇ ਜਦੋਂ ਆਪਣੀ ਹੀ ਪਾਰਟੀ ਦੇ ਮੰਤਰੀ ’ਤੇ ਭ੍ਰਿਸ਼ਟਾਚਾਰ ਦੇ ਦੋਸ਼ ਲਾਏ ਤਾਂ ਮੰਤਰੀ ਨੇ ਵਿਧਾਇਕ ’ਤੇ ਕੁੜੀਆਂ ਮਾਰਨ ਵਾਲਿਆਂ ਦਾ ਸਾਥ ਦੇਣ ਦੀ ਗੱਲ ਕਹੀ। ਭਾਜਪਾ ਵਿਧਾਇਕ ਦਲ ਦੇ ਨੇਤਾ ਮਨੋਰੰਜਨ ਕਾਲੀਆ ਨੇ ਵੀ ਇਕ ਵਾਰੀ ਦੋਹਾਂ ਆਗੂਆਂ ਦਰਮਿਆਨ ਚੱਲ ਰਹੀ ਬਹਿਸ ਵਿਚ ਦਖ਼ਲ ਦੇਣ ਦੀ ਕੋਸ਼ਿਸ਼ ਕੀਤੀ ਪਰ ਦੋਹਾਂ ਨੇ ਕੋਈ ਪ੍ਰਵਾਹ ਨਹੀਂ ਕੀਤੀ। ਵਿਧਾਨ ਸਭਾ ਦੇ ਸਪੀਕਰ ਨਿਰਮਲ ਸਿੰਘ ਕਾਹਲੋਂ ਵੀ ਬੀਬੀ ਚਾਵਲਾ ਤੇ ਸ੍ਰੀ ਸਾਹਨੀ ਨੂੰ ਵਾਰ ਵਾਰ ਚੁੱਪ ਰਹਿਣ ਲਈ ਆਖਦੇ ਰਹੇ।

## ਬੀਬੀ ਚਾਵਲਾ ਤੇ ਸਾਹਨੀ ਵੱਲੋਂ ਇਕ -ਦੂਜੇ ’ਤੇ ਦੂਸ਼ਣਬਾਜ਼ੀ





ਜਗਦੀਸ਼ ਰਾਜ ਸਾਹਨੀ ਵੱਲੋਂ ਮੌਜੂਦਾ ਅਕਾਲੀ-ਭਾਜਪਾ ਸਰਕਾਰ ਦੇ ਕਾਰਜਕਾਲ ਦੌਰਾਨ ਸਰਕਾਰੀ ਡਾਕਟਰਾਂ ਵੱਲੋਂ ਨੌਕਰੀਆਂ ਛੱਡਣ ਲਈ ਪੁੱਛੇ ਗਏ ਸਵਾਲ ਦੇ ਜਵਾਬ ਵਿਚ ਸਿਹਤ ਮੰਤਰੀ ਨੇ ਸਦਨ ਨੂੰ ਦੱਸਿਆ ਕਿ ਪਿਛਲੇ ਸਮੇਂ ਦੌਰਾਨ 39 ਡਾਕਟਰਾਂ ਨੇ ਨੌਕਰੀਆਂ ਤੋਂ ਅਸਤੀਫ਼ਾ ਦਿੱਤਾ ਹੈ ਜਿਨ੍ਹਾਂ ਵਿਚ 17 ਮਾਹਿਰ ਡਾਕਟਰ ਸ਼ਾਮਲ ਹਨ। ਇਸ ਤੋਂ ਬਾਅਦ ਸ੍ਰੀ ਸਾਹਨੀ ਨੇ ਸਵਾਲਾਂ ਦੀ ਝੜੀ ਲਾ ਦਿੱਤੀ। ਵਿਧਾਇਕ ਨੇ ਸਿਹਤ ਮੰਤਰੀ ’ਤੇ ਤਾਨਾਸ਼ਾਹ ਹੋਣ ਦੇ ਦੋਸ਼ ਲਾਉਂਦਿਆਂ ਕਿਹਾ ਕਿ ਮੰਤਰੀ ਦੇ ਵਤੀਰੇ ਕਾਰਨ ਡਾਕਟਰ ਨੌਕਰੀਆਂ ਛੱਡ ਰਹੇ ਹਨ। ਇਸ ਤੋਂ ਬਾਅਦ ਮੰਤਰੀ ਨੇ ਕਿਹਾ ਕਿ ਅਸਲ ਮਾਮਲਾ ਬਟਾਲਾ ਵਿਚ ਸ੍ਰੀ ਸਾਹਨੀ ਦੇ ਰਿਸ਼ਤੇਦਾਰਾਂ ਦੇ ਅਲਟਰਾਸਾਊਂਡ ਕੇਂਦਰ ’ਤੇ ਛਾਪਾ ਮਾਰਨ ਦਾ ਹੈ ਜਿੱਥੇ ਕੁੜੀਆਂ ਮਾਰੀਆਂ ਜਾਂਦੀਆਂ ਸਨ। ਸਿਹਤ ਮੰਤਰੀ ਨੇ ਦਬਕਾ ਮਾਰਦਿਆਂ ਸਪੀਕਰ ਤੋਂ ਇਜਾਜ਼ਤ ਮੰਗੀ ਕਿ ਉਹ ਹੋਰ ਵੀ ਬੜਾ ਕੁੱਝ ਦੱਸਣਾ ਚਾਹੁੰਦੀ ਹੈ। ਸਿਹਤ ਮੰਤਰੀ ਨੇ ਇਸੇ ਚਰਚਾ ਦੌਰਾਨ ਦਾਅਵਾ ਕੀਤਾ ਕਿ ਰਾਜ ਦੇ ਹਸਪਤਾਲਾਂ ਦੀ ਹਾਲਤ ਵਿਚ ਸੁਧਾਰ ਆਇਆ ਹੈ ਤੇ ਕੋਈ ਵੀ ਹਸਪਤਾਲ ਡਾਕਟਰਾਂ ਤੋਂ ਬਿਨਾਂ ਨਹੀਂ ਚੱਲ ਰਿਹਾ।

ਪ੍ਰਸ਼ਨ ਕਾਲ ਦੌਰਾਨ ਹੀ ਸ੍ਰੀਮਤੀ ਚਾਵਲਾ ਤੇ ਜਗਦੀਸ਼ ਰਾਜ ਸਾਹਨੀ ਦੌਰਾਨ ਸਿਹਤ ਵਿਭਾਗ ਸਬੰਧੀ ਪੁੱਛੇ ਗਏ ਇਕ ਹੋਰ ਸਵਾਲ ’ਤੇ ਵਿਧਾਨ ਸਭਾ ਵਿਚ ਮਹੌਲ ਗਰਮਾ ਗਿਆ। ਸਿਹਤ ਮੰਤਰੀ ਨੇ ਤੱਥਾਂ ਸਮੇਤ ਸਥਿਤੀ ਸਪੱਸ਼ਟ ਕਰਨ ਦਾ ਯਤਨ ਕੀਤਾ ਪਰ ਵਿਧਾਇਕ ਦੀ ਤਸੱਲੀ ਨਾ ਹੋਈ ਤੇ ਉਨ੍ਹਾਂ ਸੇਵਾ ਮੁਕਤ ਜੱਜ ਤੋਂ ਮਾਮਲੇ ਦੀ ਜਾਂਚ ਕਰਾਉਣ ਦੀ ਮੰਗ ਕੀਤੀ। ਮੰਤਰੀ ਤੇ ਵਿਧਾਇਕ ਦੀ ਇਸ ਲੜਾਈ ਦੌਰਾਨ ਦਖਲ ਦਿੰਦਿਆਂ ਵਿਰੋਧੀ ਧਿਰ ਦੀ ਨੇਤਾ ਬੀਬੀ ਰਾਜਿੰਦਰ ਕੌਰ ਭੱਠਲ ਨੇ ਕਿਹਾ ਕਿ ਬੇਹੱਦ ਅਫਸੋਸ ਦੀ ਗੱਲ ਹੈ ਕਿ ਸਦਨ ਵਿਚ ਮੰਤਰੀ ਤੇ ਵਿਧਾਇਕ ਲੜਾਈ ਵਾਲੀਆਂ ਗੱਲਾਂ ਕਰ ਰਹੇ ਹਨ। ਵਿਰੋਧੀ ਧਿਰ ਦੀ ਨੇਤਾ ਨੇ ਕਿਹਾ ਕਿ ਸਦਨ ਵਿਚ ਸਰਕਾਰ ਦੇ ਮੰਤਰੀਆਂ ’ਤੇ ਭ੍ਰਿਸ਼ਟਾਚਾਰ ਦੇ ਦੋਸ਼ ਹਾਕਮ ਤੇ ਵਿਰੋਧੀ ਧਿਰ ਦੋਹਾਂ ਪਾਸਿਆਂ ਤੋਂ ਹੀ ਲਗਾਏ ਜਾ ਰਹੇ ਹਨ। ਇਸ ਲਈ ਇਨ੍ਹਾਂ ਦੋਸ਼ਾਂ ਦੀ ਜਾਂਚ ਲਈ ਸਦਨ ਦੀ ਕਮੇਟੀ ਬਣਾਈ ਜਾਵੇ।

# ਪੰਜਾਬੀ ਸਾਹਿਤ ਸਭਾ ਬੇ-ਏਰੀਆ ਦੇ ਗੁਰੂ ਘਰਾਂ 'ਚ ਕਵੀ ਦਰਬਾਰ ਕਰਵਾਏਗੀ

**ਹੇਵਰਡ:** ਪੰਜਾਬੀ ਸਾਹਿਤ ਸਭਾ ਕੈਲੀਫ਼ੋਰਨੀਆ ਬੇ-ਏਰੀਆ ਵਲੋਂ 2 ਅਪ੍ਰੈਲ ਨੂੰ ਸ਼ਾਮ 7:00 ਤੋਂ 9:00 ਵਜੇ ਤੱਕ ਗੁਰੂ ਘਰ ਸੈਨ ਹੋਜ਼ੇ ਅਤੇ 24 ਅਪ੍ਰੈਲ ਨੂੰ ਗੁਰੂ ਘਰ ਐਲ ਸਬਰਾਂਟੇ ਵਿਖੇ ਸਵੇਰੇ 11:00 ਤੋਂ ਦੁਪਹਿਰ 1:00 ਵਜੇ ਤੱਕ ਵਿਸਾਖੀ ਕਵੀ ਦਰਬਾਰ ਕਰਵਾਏ ਜਾਣਗੇ ਅਤੇ ਇਨ੍ਹਾਂ ਦਾ ਰੇਡੀਓ ਚੜ੍ਹਦੀ ਕਲਾ ਵਲੋਂ ਸਿੱਧਾ ਪ੍ਰਸਾਰਨ ਕੀਤਾ ਜਾਏਗਾ। ਇਹ ਜਾਣਕਾਰੀ ਇਕ ਪ੍ਰੈਸ ਬਿਆਨ ਵਿਚ ਦਿੰਦਿਆਂ ਸਭਾ ਦੀ ਜਨਰਲ ਸਕੱਤਰ ਨੀਲਮ ਸੈਣੀ ਨੇ ਸ਼ਾਇਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਨਾਂ ਸਭਾ ਦੇ ਆਰਗੇਨਾਈਜ਼ਰ ਪਰਮਿੰਦਰ ਸਿੰਘ ਪਰਵਾਨਾ ਨੂੰ ਲਿਖਵਾ ਦੇਣ।



ਸਭਾ ਦੀ ਯੂਨੀਅਨ ਸਿਟੀ ਲਾਇਬਰੇਰੀ ਵਿਚ ਹੋਈ ਮੀਟਿੰਗ ਦੇ ਸ਼ੁਰੂ ਵਿਚ ਪ੍ਰਧਾਨ ਸ੍ਰੀ ਕੁਲਦੀਪ ਸਿੰਘ ਢੀਂਡਸਾ ਨੇ ਆਏ ਸ਼ਾਇਰਾਂ ਤੇ ਮਹਿਮਾਨਾਂ ਨੂੰ ਜੀ ਆਇਆਂ ਆਖਿਆ ਅਤੇ ਪੰਜਾਬੀ ਸਾਹਿਤ ਸਭਾ ਦੇ ਸੰਖੇਪ ਇਤਿਹਾਸ ਤੇ ਚਾਨਣਾ ਪਾਉਂਦੇ ਹੋਏ ਆਪਣੀ ਕਾਰਜਕਾਰਨੀ ਦੀ ਜਾਣ-ਪਹਿਚਾਣ ਕਰਵਾਈ। ਇਕ ਕਵੀ ਦਰਬਾਰ ਕੀਤਾ ਗਿਆ ਜਿਸ ਦੀ ਪ੍ਰਧਾਨਗੀ ਸ੍ਰੀਮਤੀ ਸੀਤਲ ਕੌਰ, ਨਵਨੀਤ ਕੌਰ ਪਨੂੰ, ਸ. ਸੁਰਿੰਦਰ ਸਿੰਘ ਅਤੇ ਸ. ਪਰਮਜੀਤ ਸਿੰਘ ਦਾਖਾ ਨੇ ਕੀਤੀ। ਕਵੀ ਦਰਬਾਰ ਵਿਚ ਜਗਤਾਰ ਸਿੰਘ, ਪਰਮਿੰਦਰ ਸਿੰਘ ਪਰਵਾਨਾ, ਰਾਠੇਸ਼ਵਰ ਸਿੰਘ ਸੂਰਾਪੁਰੀ, ਗੁਲਸ਼ਨ ਦਿਆਲ, ਸੁਲਤਾਨ ਅਖ਼ਤਰ ਅਤੇ ਮਾਸਟਰ ਰਿੰਕੂ, ਤਰਲੋਚਨ ਸਿੰਘ ਲਾਲੀ, ਕੁਲਦੀਪ ਸਿੰਘ ਢੀਂਡਸਾ, ਨੰਦ ਸਿੰਘ ਮਾਝੂ, ਪ੍ਰੋ. ਸੁਰਜੀਤ ਸਿੰਘ ਨਨੂਆ, ਜਸਦੀਪ ਸਿੰਘ, ਸੁਦੇਸ਼ ਸਿੰਘ ਅਟਵਾਲ, ਨਵਨੀਤ ਕੌਰ ਪਨੂੰ, ਸੁਰਿੰਦਰ ਸਿੰਘ, ਨੀਲਮ ਸੈਣੀ ਅਤੇ ਪਰਮਜੀਤ ਸਿੰਘ ਦਾਖਾ, ਨਵਦੀਪ ਫ਼ੁਗੜਾ, ਜਸਬੀਰ ਸਿੰਘ ਚੌਹਾ, ਇਕਬਾਲ ਸਿੰਘ ਢਿੱਲੋਂ, ਸੁਖਵਿੰਦਰ ਸਿੰਘ, ਜੀਤ ਸਿੰਘ, ਜਸਵੀਰ ਸਿੰਘ ਤੱਖਰ, ਲਾਜ ਸੈਣੀ ਅਤੇ ਅਭੀਤਾਬ ਸੈਣੀ ਆਦਿ ਨੇ ਭਾਗ ਲਿਆ। ਮੰਚ ਸੰਚਾਲਨ ਨੀਲਮ ਸੈਣੀ ਨੇ ਕੀਤਾ।

ਮੀਟਿੰਗ ਦੇ ਅਰੰਭ ਵਿਚ ਪਿਛਲੇ ਦਿਨੀਂ ਚਲਾਣਾ ਕਰ ਗਏ ਡਾ. ਸੁਤਿੰਦਰ ਸਿੰਘ ਨੂਰ, ਸ. ਅਜਾਇਬ ਕਮਲ, ਸ. ਸੁਰਿੰਦਰ ਸਿੰਘ (ਜੋ ਬੀਤੇ ਦਿਨੀਂ ਨਸਲੀ ਹਾਦਸੇ ਦਾ ਸ਼ਿਕਾਰ ਹੋਏ) ਅਤੇ ਜਪਾਨ ਪਰਲੋ ਦੌਰਾਨ ਵਿਛੜੀਆਂ ਸਾਰੀਆਂ ਰੂਹਾਂ ਦੀ ਆਤਮਿਕ ਸ਼ਾਂਤੀ ਲਈ ਮੋਨ ਧਾਰਨ ਕੀਤਾ ਗਿਆ। ਸ. ਹਰਬੰਸ ਸਿੰਘ ਜਗਿਆਸੂ (ਪ੍ਰਧਾਨ ਯੂਬਾ ਸਿਟੀ-ਸੈਕਰਾਮੈਂਟੋ ਇਕਾਈ) ਅਤੇ ਸ਼ਿਰੋਮਣੀ ਕਵੀ ਸ੍ਰੀ ਆਜ਼ਾਦ ਜਲੰਧਰੀ ਦੀ ਤੰਦਰੁਸਤੀ ਲਈ ਅਰਦਾਸ ਕੀਤੀ ਗਈ। ਨੀਲਮ ਸੈਣੀ ਨੇ ਦੱਸਿਆ ਕਿ ਸ੍ਰੀ ਜਗਿਆਸੂ ਕੁਝ ਸਮਾਂ ਪਹਿਲਾਂ ਹੀ ਹਸਪਤਾਲ ਤੋਂ ਘਰ ਵਾਪਸ ਆਏ ਹਨ ਅਤੇ ਸ੍ਰੀ ਆਜ਼ਾਦ ਦੀ ਤਬੀਅਤ ਵਿਚ ਵੀ ਸੁਧਾਰ ਆਇਆ ਹੈ। ਹੋਰ ਜਾਣਕਾਰੀ ਲਈ ਪ੍ਰਧਾਨ ਕੁਲਦੀਪ ਸਿੰਘ ਢੀਂਡਸਾ (510-676-4440), ਜਨਰਲ ਸਕੱਤਰ ਨੀਲਮ ਸੈਣੀ (510-502-0551), ਆਰਗੇਨਾਈਜ਼ਰ ਪਰਮਿੰਦਰ ਸਿੰਘ ਪਰਵਾਨਾ (510-415-9377) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਜੱਸੀ ਖੰਗੂੜਾ ਵਲੋਂ ਪਰਵਾਸੀ ਭਾਰਤੀਆਂ ਨੂੰ ਸਹਿਯੋਗ ਦਾ ਪੂਰਾ ਭਰੋਸਾ

**ਲੁਧਿਆਣਾ (ਬਿਊਰੋ):** ਇਥੇ ਪੱਖੋਵਾਲ ਰੋਡ 'ਤੇ ਸਥਿਤ ਪੰਜ ਤਾਰਾ ਹੋਟਲ ਪਾਰਕ-ਪਲਾਜਾ ਵਿਖੇ ਐਨ ਆਰ ਆਈ ਮਹਿਮਾਨਾਂ ਨਾਲ ਇਕ ਸਾਂਝੀ ਮਿਲਣੀ ਕੀਤੀ ਗਈ। ਕਿਲਾ ਰਾਏਪੁਰ ਤੋਂ ਵਿਧਾਇਕ ਜਸਵੀਰ ਸਿੰਘ (ਜੱਸੀ) ਖੰਗੂੜਾ ਨੇ ਪਰਵਾਸੀਆਂ ਦੀਆਂ ਮੁਸ਼ਕਲਾਂ ਬੜੇ ਧਿਆਨ ਨਾਲ ਸੁਣੀਆਂ ਅਤੇ ਉਨ੍ਹਾਂ ਨੂੰ ਸੁਲਝਾਉਣ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਹਵਾਈ ਅੱਡਿਆਂ ਤੇ ਹੁੰਦੀ ਖੱਜਲ ਖੁਆਰੀ, ਵਿਦੇਸ਼ੀ ਲਾੜੇ ਲਾੜੀਆਂ ਦੀਆਂ ਧੋਖੇਧੜੀਆਂ ਵਾਸਤੇ ਉਹ ਬੜੇ ਚਿੰਤਾਤੁਰ ਹਨ ਤੇ ਇਸ ਲਈ ਅਜਿਹੇ ਮੌਕੇ ਕੰਮ ਆਉਣ ਲਈ ਤਤਪਰ ਰਹਿੰਦੇ ਹਨ। ਉਹ ਵਿਦੇਸ਼ ਵਿਚ ਵੱਸਦੇ ਸਭ ਭੈਣਾਂ ਭਰਾਵਾਂ ਲਈ ਹਰ ਵਕਤ ਤਿਆਰ ਹਨ ਤੇ ਜਦ ਵੀ ਕਿਤੇ ਕਿਸੇ ਦੇਸ਼ ਵਿਚ ਵੀ ਜਿੱਥੇ ਉਨ੍ਹਾਂ ਦੀ ਲੋੜ ਮਹਿਸੂਸ ਹੋਈ, ਉਹ ਹਰ ਮੌਕੇ ਤੁਰੰਤ ਹਾਜ਼ਰ ਹੋਣਗੇ ਤੇ ਸਾਰੀਆਂ ਮੁਸ਼ਕਲਾਂ ਸੰਬੰਧਿਤ ਅਧਿਕਾਰੀਆਂ ਨੂੰ ਪਹੁੰਚ ਕਰਕੇ ਸੁਲਝਾਉਣ ਦਾ ਯਤਨ ਕਰਨਗੇ।

ਇਸ ਮੌਕੇ ਉਨ੍ਹਾਂ ਦੇ ਨਾਲ ਲੋਕ ਸਭਾ ਮੈਂਬਰ ਮੁਨੀਸ਼ ਤਿਵਾੜੀ ਵੀ ਹਾਜ਼ਰ ਸਨ। ਉਨ੍ਹਾਂ ਆਪਣੇ ਅਮਲੇ ਫੈਲੇ ਸਮੇਤ ਹਾਜਰ ਲੋਕਾਂ ਦੀਆਂ ਤਕਲੀਫਾਂ ਬੜੀ ਹਮਦਰਦੀ ਨਾਲ ਸੁਣ ਕੇ ਸਰਕਾਰ ਤੱਕ ਪਹੁੰਚਾਉਣ ਦਾ ਯਕੀਨ ਦਿਵਾਇਆ। ਸ੍ਰੀ ਜੱਸੀ ਖੰਗੂੜਾ ਦੇ ਇੰਗਲੈਂਡ ਰਹਿੰਦੇ ਭਰਾ ਸੱਤੀ ਖੰਗੂੜਾ ਤੇ ਪਿਤਾ ਜਗਪਾਲ ਸਿੰਘ ਖੰਗੂੜਾ ਮਹਿਮਾਨਾਂ ਦੀ ਖੂਬ ਖਾਤਰਦਾਰੀ ਕਰਨ ਵਿਚ ਮਸਰੂਫ ਸਨ।

ਗੁਰਬਚਨ ਸਿੰਘ ਗੈਰੀ ਐਲ ਏ, ਕੰਵਲ ਲੰਡਨ ਦੇ ਸਾਬਕਾ ਮੇਅਰ, ਅਜੀਤ ਸਿੰਘ ਗਰੇਵਾਲ ਯੂ ਕੇ, ਹਰਜੀਤ ਸਿੰਘ ਗਰੇਵਾਲ ਟੋਰਾਂਟੋ, ਸੁਖਜਿੰਦਰ ਸਿੰਘ ਗਰੇਵਾਲ ਯੂ ਐਸ, ਚਰਨਜੀਤ ਸਿੰਘ ਪੰਨੂ ਯੂ ਐਸ ਏ, ਚਰਨ ਸਿੰਘ ਗੁਰਮ ਵਿਧਾਇਕ ਰਾਏਕੋਟ, ਮਲਕੀਤ ਸਿੰਘ ਦਾਖਾ, ਹਰਗੁਰਬਿੰਦਰ ਸਿੰਘ ਕਾਹਲੋਂ ਐਡਵੋਕੇਟ, ਕੁਲਵਿੰਦਰ ਸਿੰਘ ਆਂਡਲੂ, ਪਿਆਰਾ ਸਿੰਘ ਬੜੂੰਦੀ ਤੇ ਹੋਰ ਅਨੇਕਾ ਸੱਜਣਾਂ ਨੇ ਇਸ ਸਮਾਗਮ ਵਿਚ ਸ਼ਿਰਕਤ ਕੀਤੀ।

# ਕੋਕੀਨ ਸਮਗਲ ਕਰਨ ਦੇ ਕੇਸ ਵਿਚ ਸੁੱਖੇ ਭੋਪਾਲ ਨੂੰ 7 ਸਾਲ ਦੀ ਕੈਦ

**ਫਰਿਜ਼ਨੋ:** ਕੋਕੀਨ ਤਿਆਰ ਕਰਨ ਅਤੇ ਵੇਚਣ ਦੇ ਦੋਸ਼ਾਂ ਹੇਠ ਡਿਸਟ੍ਰਿਕਟ ਕੋਰਟ ਨੇ 51 ਸਾਲਾ ਸੁੱਖੇ ਭੋਪਾਲ ਨੂੰ 7 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ। ਉਹ ਇਸ ਕੇਸ ਦਾ ਚੌਥਾ ਮੁਲਜ਼ਿਮ ਹੈ ਜਿਸ ਨੂੰ ਸਜ਼ਾ ਸੁਣਾਈ ਗਈ ਹੈ। ਜ਼ਿਲਾ ਜੱਜ ਓਲੀਵਰ ਵੈਂਗਰ ਨੇ ਇਹ ਫੈਸਲਾ ਲੰਘੇ ਸੋਮਵਾਰ ਸੁੱਖੇ ਭੋਪਾਲ ਵਲੋਂ ਜੁਰਮ ਦਾ ਇਕਬਾਲ ਕਰ ਲਏ ਜਾਣ ਤੋਂ ਕਰੀਬ ਇਕ ਸਾਲ ਬਾਅਦ ਸੁਣਾਇਆ। ਜ਼ਿਕਰਯੋਗ ਹੈ ਕਿ ਸੁੱਖੇ ਨੇ ਪਿਛਲੇ ਸਾਲ ਆਪਣੇ ਇਕਬਾਲੀਆ ਬਿਆਨ ਵਿਚ ਮੰਨਿਆ ਸੀ ਕਿ ਉਸ ਨੇ ਸੰਨ 2008 ਵਿਚ 85 ਕਿਲੋ ਕੋਕੀਨ ਦਾ ਸੌਦਾ ਕਰਾਇਆ ਸੀ ਜੋ ਕਿ ਐਲਕ ਗਰੂਵ ਵਾਸੀ ਬਲਬੀਰ ਧਾਮੀ ਦੀ ਮਦਦ ਨਾਲ ਕੈਲੀਫੋਰਨੀਆ ਤੋਂ ਕੈਨੇਡਾ ਨੂੰ ਭੇਜੀ ਜਾਣੀ ਸੀ। ਫੈਡਰਲ ਏਜੰਟਾਂ ਨੇ ਧਾਮੀ ਦੀ ਸੂਹ 'ਤੇ ਹੀ ਡਰੱਗ ਦਾ ਇਹ ਧੰਦਾ ਬੇਨਕਾਬ ਕੀਤਾ ਸੀ।

ਡਰੱਗ ਵਿਰੋਧੀ ਵਿਭਾਗ ਦੇ ਸੂਤਰਾਂ ਅਨੁਸਾਰ 2007 ਵਿਚ ਡਰੱਗ ਸਮਗਲ ਕਰਨ ਦੇ ਦੋਸ਼ਾਂ ਹੇਠ ਗ੍ਰਿਫਤਾਰੀ ਤੋਂ ਬਾਅਦ ਬਲਬੀਰ ਧਾਮੀ ਵਿਭਾਗ ਦੇ ਏਜੰਟਾਂ ਨੂੰ ਪੰਜਾਬੀਆਂ ਵਲੋਂ ਡਰੱਗ ਦਾ ਧੰਦਾ ਕੀਤੇ ਜਾਣ ਬਾਰੇ ਸੂਹਾਂ ਦਿੰਦਾ ਚਲਾ ਆ ਰਿਹਾ ਹੈ। ਫੈਡਰਲ ਏਜੰਟਾਂ ਨੇ ਸਥਾਨਕ ਪੁਲਿਸ ਦੀ ਮਦਦ ਨਾਲ ਬੇਕਰਜ਼ਫੀਲਡ ਦੇ ਇਕ ਰੈਸਟੋਰੈਂਟ ਉਤੇ ਛਾਪਾ ਮਾਰ ਕੇ 4 ਵਿਅਕਤੀਆਂ ਨੂੰ 2 ਸੂਟਕੇਸਾਂ ਵਿਚ ਲਿਆਂਦੀ 12.5 ਲੱਖ ਡਾਲਰ ਦੀ ਰਕਮ ਸਮੇਤ ਗ੍ਰਿਫਤਾਰ ਕੀਤਾ ਸੀ। ਇਹ ਰਕਮ ਡਰੱਗ ਦੇ ਇਕ ਸੌਦੇ ਲਈ ਅਦਾ ਕੀਤੀ ਜਾਣੀ ਸੀ, ਜਿਸ ਲਈ ਕਿ ਫੈਡਰਲ ਏਜੰਟਾਂ ਨੇ ਜਾਲ ਵਿਛਾਇਆ ਸੀ। ਇਸ ਮਾਮਲੇ ਵਿਚ 34 ਸਾਲਾ ਥਾਈ ਮੂਲ ਦੇ ਹੋਆਂਗ ਨਗੁਏਨ ਨੂੰ 8 ਸਾਲ, 42 ਸਾਲਾ ਦਵਿੰਦਰ ਸਿੰਘ ਅਤੇ 36 ਸਾਲਾ ਵਾਥ ਲਿਮ ਨੂੰ 5-5 ਸਾਲ ਦੀ ਸਜ਼ਾ ਸੁਣਾਈ ਜਾ ਚੁਕੀ ਹੈ।

## ਤੀਆਂ ਦੇ ਮੇਲੇ ਲਈ ਤਿਆਰੀਆਂ ਸ਼ੁਰੂ

**ਸੈਕਰਾਮੈਂਟੋ:** ਜੁਲਾਈ ਮਹੀਨੇ ਨਟੋਮਸ ਕਸਬੇ ਵਿਚ ਹੋਣ ਵਾਲੇ ਤੀਆਂ ਦੇ ਮੇਲੇ ਲਈ ਤਿਆਰੀਆਂ ਅਰੰਭ ਹੋ ਚੁਕੀਆਂ ਹਨ ਜਿਸ ਵਿਚ ਰੋਜ਼ਵਿਲ, ਐਂਟੀਲੋਪ, ਨਟੋਮਸ ਅਤੇ ਐਲਕ ਗਰੂਵ ਦੀਆਂ ਲੜਕੀਆਂ ਪ੍ਰੈਕਟਿਸ ਵਿਚ ਸ਼ਾਮਲ ਹੋ ਰਹੀਆਂ ਹਨ। ਇਸ ਪ੍ਰੈਕਟਿਸ ਵਿਚ ਗਿੱਧੇ, ਡਾਂਸ ਅਤੇ ਬੋਲੀਆਂ ਦੀਆਂ ਆਈਟਮਾਂ ਲਈ ਤਿਆਰੀ ਕਰਵਾਈ ਜਾ ਰਹੀ ਹੈ। ਅਜਿਹਾ ਮੇਲਾ ਨਟੋਮਸ ਵਿਚ ਪਹਿਲੀ ਵਾਰ ਹੋ ਰਿਹਾ ਹੈ।

ਜ਼ਿਕਰਯੋਗ ਹੈ ਕਿ ਨਟੋਮਸ ਕਸਬਾ ਇਸ ਵੇਲੇ ਪੰਜਾਬੀਆਂ ਦਾ ਗੜ੍ਹ ਬਣ ਚੁਕਾ ਹੈ ਅਤੇ ਇਥੇ ਪੰਜਾਬੀਆਂ ਦੀ ਕਾਫੀ ਵਸੋਂ ਹੋ ਚੁਕੀ ਹੈ। ਮੇਲੇ ਸਬੰਧੀ ਹੋਰ ਜਾਣਕਾਰੀ ਲਈ ਮਨਦੀਪ ਕੌਰ ਔਜਲਾ ਫੋਨ 916-410-1942 ਜਾਂ ਡਿੰਪਲ ਕੌਰ ਫੋਨ 916-896-7939 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਬਾਬਾ ਦਲਜੀਤ ਸਿੰਘ ਵਿਰੁਧ ਮੋਸ਼ਨ ਅਦਾਲਤ ਵਲੋਂ ਖਾਰਜ

**ਸ਼ਿਕਾਗੋ:** ਗੁਰਦਵਾਰਾ ਗੁਰਜੋਤਿ ਪ੍ਰਕਾਸ਼, ਆਈਲੈਂਡ ਲੇਕ ਵਿਚ ਬੀਤੀ 14 ਦਸੰਬਰ ਨੂੰ ਹੋਈ ਤਲਖੀ ਅਤੇ ਤਣਾਅ ਤੋਂ ਬਾਅਦ ਗੁਰੂ ਨਾਨਕ ਸਿੱਖ ਮਿਸ਼ਨ, ਬਾਬਾ ਦਲਜੀਤ ਸਿੰਘ, ਅਵਤਾਰ ਸਿੰਘ ਦਿਓਲ ਅਤੇ ਕਸ਼ਮੀਰ ਸਿੰਘ ਵਿਰੁਧ ਮੁਦਈ ਹਰਮਿੰਦਰ ਸਿੰਘ ਖਹਿਰਾ ਵਲੋਂ ਮਕੈਨਰੀ ਜੁਡੀਸ਼ਲ ਸਰਕਟ ਕੋਰਟ ਵਿਚ ਦਾਇਰ ਮੁਕੱਦਮਾ (ਨੰਬਰ ਸੀ ਐਚ 383) ਅਤੇ ਮੁਦਈ ਭਰਪੂਰ ਸਿੰਘ, ਜਗਦੀਸ਼ ਸਿੰਘ, ਕੁਲਵਿੰਦਰ ਸੰਧੂ, ਮੱਖਣ ਸਿੰਘ ਕਲੇਰ, ਹਰਜੀਤ ਸਿੰਘ ਗਿੱਲ ਵਲੋਂ ਬਾਬਾ ਦਲਜੀਤ ਸਿੰਘ ਵਿਰੁਧ ਦਾਇਰ ਮੁਕੱਦਮਾ (ਨੰਬਰ 10 ਸੀ ਐਚ 2166) ਤਹਿਤ ਕਾਰਨ ਦੱਸੋ ਪਟੀਸ਼ਨ ਰੱਦ ਕਰ ਦਿਤੀ ਹੈ। ਨਾਲ ਹੀ ਅਦਾਲਤ ਨੇ ਪ੍ਰਤੀਵਾਦੀ ਦੀ ਖਰਚੇ ਦੀ ਪਟੀਸ਼ਨ ਵੀ ਅਪ੍ਰਵਾਨ ਕਰ ਦਿਤੀ।

ਪਟੀਸ਼ਨ ਵਿਚ ਮੁਦਈਆਂ ਨੇ ਬਾਬਾ ਦਲਜੀਤ ਸਿੰਘ ਉਤੇ 14 ਦਸੰਬਰ ਨੂੰ ਗੁਰੂਘਰ ਨੂੰ ਤਾਲੇ ਲਾਉਣ ਅਤੇ ਉਨ੍ਹਾਂ ਨੂੰ ਤੰਗ ਪ੍ਰੇਸ਼ਾਨ ਕਰਨ ਦਾ ਦੋਸ਼ ਲਾਇਆ ਸੀ। ਬਾਬਾ ਦਲਜੀਤ ਸਿੰਘ ਦੇ ਵਕੀਲ ਟੀ ਐਸ ਚਾਵਲਾ ਨੇ ਮੁਦਈਆਂ ਦੇ ਵਕੀਲ ਸ਼ਾਨ ਕਿਮ ਦੀਆਂ ਦਲੀਲਾਂ ਦੀ ਕਾਟ ਕਰਦਿਆਂ ਆਈਲੈਂਡ ਲੇਕ ਪੁਲਿਸ ਨੂੰ ਗਵਾਹ ਵਜੋਂ ਭੁਗਤਾਉਂਦਿਆਂ ਦੋਸ਼ਾਂ ਦਾ ਖੰਡਨ ਕੀਤਾ ਅਤੇ ਕਿਹਾ ਕਿ ਅਜਿਹਾ ਕੁਝ ਵੀ ਨਹੀਂ ਵਾਪਰਿਆ। ਮਾਣਯੋਗ ਜੱਜ ਥਾਮਸ ਮਾਇਰ ਨੇ ਦੋਹਾਂ ਧਿਰਾਂ ਦੀਆਂ ਦਲੀਲਾਂ ਸੁਣਨ ਪਿਛੋਂ ਦੋਵੇਂ ਪਟੀਸ਼ਨਾਂ ਰੱਦ ਕਰ ਦਿੱਤੀਆਂ। ਮੁੱਖ ਕੇਸ ਦੀ ਅਗਲੀ ਸੁਣਵਾਈ 25 ਜੁਲਾਈ ਨੂੰ ਹੋਵੇਗੀ। ਜ਼ਿਕਰਯੋਗ ਹੈ ਕਿ ਭਰਪੂਰ ਸਿੰਘ ਅਤੇ ਸਾਥੀਆਂ ਵਲੋਂ ਪਿਛਲੇ ਸਾਲ ਗੁਰੂ ਘਰ ਦੀ ਨਵੀਂ ਕਮੇਟੀ ਚੁਣਨ ਦਾ ਦਾਅਵਾ ਕਰਦਿਆਂ ਜਗਦੀਸ਼ ਸਿੰਘ ਸੰਧੂ ਨੂੰ ਪ੍ਰਧਾਨ ਬਣਾਇਆ ਗਿਆ ਸੀ। ਇਸ ਸਬੰਧੀ ਕੇਸ ਅਦਾਲਤ ਵਿਚ ਹੈ।

ਇਸੇ ਦੌਰਾਨ 22ਵੀਂ ਜੁਡੀਸ਼ਲ ਸਰਕਟ ਕੋਰਟ ਨੇ ਬਾਬਾ ਦਲਜੀਤ ਸਿੰਘ ਵਲੋਂ ਹਰਮਿੰਦਰ ਸਿੰਘ ਖਹਿਰਾ ਵਿਰੁਧ ਦਾਇਰ ਮੁਆਵਜ਼ੇ ਦਾ ਕੇਸ (ਨੰਬਰ ਐਲ ਏ 356) ਲੰਘੀ 11 ਮਾਰਚ ਨੂੰ ਸਬੂਤਾਂ ਦੀ ਘਾਟ ਅਤੇ ਸਮੇਂ ਦੀ ਪਾਬੰਦੀ ਦੇ ਆਧਾਰ ਉਤੇ ਖਾਰਜ ਕਰ ਦਿੱਤਾ। ਇਸ ਕੇਸ ਵਿਚ ਬਾਬਾ ਦਲਜੀਤ ਸਿੰਘ ਨੇ ਕਿਹਾ ਸੀ ਕਿ ਖਹਿਰਾ ਪਰਿਵਾਰ ਨੇ ਉਨ੍ਹਾਂ ਕੋਲੋਂ ਸਟੋਰ ਵਿਚ ਭਾਈਵਾਲੀ ਲਈ ਰਕਮ ਲਈ ਪਰ ਬਾਅਦ ਵਿਚ ਬਣਾਈ ਗਈ ਕਾਰਪੋਰੇਸ਼ਨ ਵਿਚੋਂ ਉਨ੍ਹਾਂ ਨੂੰ ਕੋਈ ਮੁਆਵਜ਼ਾ ਦਿੱਤੇ ਬਿਨਾ ਖਾਰਜ ਕਰ ਦਿੱਤਾ। ਬਾਬਾ ਦਲਜੀਤ ਸਿੰਘ ਨੇ ਕਾਰਪੋਰੇਸ਼ਨ ਵਿਚ ਆਪਣੇ ਨਾਂ ਦੀ ਬਹਾਲੀ ਅਤੇ ਮੁਆਵਜ਼ੇ ਦੀ ਮੰਗ ਕੀਤੀ ਸੀ।

## ਸੁਪਰੀਮ ਕੋਰਟ ਕਾਲੇ ਧਨ ਕੁਬੇਰਾਂ ਖ਼ਿਲਾਫ਼ ਕਾਰਵਾਈ ਲਈ ਦ੍ਰਿੜ

**ਨਵੀਂ ਦਿੱਲੀ:** ਭਾਵੇਂ ਕੇਂਦਰ ਸਰਕਾਰ ਟਾਲ-ਮਟੋਲ ਦੀ ਨੀਤੀ ਅਪਣਾ ਰਹੀ ਹੈ ਪਰ ਸੁਪਰੀਮ ਕੋਰਟ ਕਾਲੇ ਧਨ ਕੁਬੇਰਾਂ ਖ਼ਿਲਾਫ਼ ਕਾਰਵਾਈ ਲਈ ਦ੍ਰਿੜ ਹੈ। ਸਰਕਾਰ ਖ਼ਿਲਾਫ਼ ਸਖ਼ਤ ਟਿੱਪਣੀਆਂ ਕਰਨ ਤੋਂ ਬਾਅਦ ਸੁਪਰੀਮ ਕੋਰਟ ਨੇ ਸਰਕਾਰ ਨੂੰ ਭਾਰਤੀਆਂ ਵੱਲੋਂ ਵਿਦੇਸ਼ਾਂ 'ਚ ਜਮਾਂ ਕਰਾਏ ਕਾਲੇ ਧਨ ਬਾਰੇ ਜਾਂਚ ਟੀਮ ਕਾਇਮ ਕਰਨ ਦੀ ਸਲਾਹ ਦਿੱਤੀ ਹੈ।

ਜਸਟਿਸ ਬੀ. ਸੁਦਰਸ਼ਨ ਰੈਡੀ ਦੀ ਅਗਵਾਈ ਵਾਲੇ ਬੈਂਚ ਨੇ ਆਖਿਆ ਕਿ ਇਹ ਮੁੱਦਾ ਕਿਸੇ ਇਕ ਕੇਸ ਨਾਲ ਨਹੀਂ ਜੁੜਿਆ ਹੋਇਆ ਤੇ ਇਸ ਲਈ ਇਸ ਨੂੰ ਗੰਭੀਰਤਾ ਨਾਲ ਲੈਣਾ ਜਰੂਰੀ ਹੈ। ਬੈਂਚ ਨੇ ਸਰਕਾਰ ਨੂੰ ਵਿਸ਼ੇਸ਼ ਜਾਂਚ ਟੀਮ ਕਾਇਮ ਕਰਨ ਬਾਰੇ ਗੌਰ ਕਰਨ ਲਈ ਕਿਹਾ ਹੈ।




**Business Opportunity**

International Company looking for serious people to work from home-part time or full time. Great earning potential, full training and support provided. To attend training in your area and For more info. call:

**Surjit Singh or Satwant K. Takk Cell:**

**(416) 889-9886**

**Sukhpreet Kaur Indiana**

**Ph:317-884-3557**

*www.safeandeasyweightloss.com*

*e-mail:sstakk@hotmail.com*

FARMERS INSURANCE GROUP Symbol of Superior Service

FARMERS®

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ

*Auto *Home *Life *Umbrella

*Business Work Comp.

**Duabba Insurance Agency**

2450 Peralta Blvd Suite 120, Fremont CA 94536

**Phone: 510-797-7989 Fax: 510-794-7398**

visit us@ farmers.com



Gurcharan Singh Mann
Insurance Agent
License # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।


# ਬਜਟ ਇਜਲਾਸ 'ਚ ਅਕਾਲੀਆਂ ਤੇ ਕਾਂਗਰਸੀਆਂ ਦਾ ਤਿੱਖਾ ਟਕਰਾਅ

## ■ ਕਾਂਗਰਸ ਵੱਲੋਂ ਬਹਿਸ ਦਾ ਬਾਈਕਾਟ ■ ਸੱਤਾਧਾਰੀਆਂ ਵੱਲੋਂ ਮੈਦਾਨ ਛੱਡ ਕੇ ਭੱਜਣ ਦਾ ਦੋਸ਼

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਵਿਧਾਨ ਸਭਾ ਵਿਚ ਕਾਂਗਰਸ ਨੇ ਸੂਬਾਈ ਬਜਟ 'ਤੇ ਬਹਿਸ ਦਾ ਬਾਈਕਾਟ ਕਰਕੇ ਸੱਤਾਧਾਰੀ ਧਿਰ ਦੇ ਪਾਜ ਉਧੇੜਨ ਦਾ ਸੋਹਣਾ ਮੌਕਾ ਗਵਾ ਦਿੱਤਾ। ਇਸ ਨਾਲ ਜਿੱਥੇ ਲੋਕਾਂ ਨੂੰ ਨਿਰਾਸ਼ਾ ਹੋਈ ਉਥੇ ਸਰਕਾਰ ਨੇ ਵੀ ਕਾਂਗਰਸ 'ਤੇ ਜੰਗ ਤੋਂ ਪਹਿਲਾਂ ਹੀ ਭੱਜਣ ਦਾ ਦੋਸ਼ ਲਾਇਆ ਹੈ। ਅਸਲ 'ਚ ਲੋਕਾਂ ਨੂੰ ਆਸ ਸੀ ਕਿ ਇਸ ਵਾਰ ਕਾਫੀ ਸਮੇਂ ਬਾਅਦ ਵਿਧਾਨ ਸਭਾ 'ਚ ਜਾ ਰਿਹਾ ਕੈਪਟਨ ਅਮਰਿੰਦਰ ਸਿੰਘ ਤੇ ਬਾਗੀ ਹੋਇਆ ਮਨਪ੍ਰੀਤ ਸਿੰਘ ਬਾਦਲ ਸਰਕਾਰ ਦੀਆਂ ਨਾਕਾਮੀਆਂ ਦੀ ਪੋਲ ਖੋਲ੍ਹਣਗੇ ਪਰ ਮਨਪ੍ਰੀਤ ਤਾਂ ਬਜਟ ਇਜਲਾਸ 'ਚ ਸ਼ਾਮਲ ਹੀ ਨਾ ਹੋਏ ਜਦੋਂਕਿ ਕੈਪਟਨ ਨੇ ਪਹਿਲੇ ਦਿਨ ਬਜਟ 'ਤੇ ਭਾਸ਼ਣ ਦੇ ਕੇ ਬਹਿਸ ਦਾ ਬਾਈਕਾਟ ਕਰ ਦਿੱਤਾ।

ਕੈਪਟਨ ਵੱਲੋਂ 16 ਮਾਰਚ ਨੂੰ ਬਜਟ 'ਤੇ ਚਰਚਾ ਦੀ ਸ਼ੁਰੂਆਤ ਕਰਨ ਤੋਂ ਬਾਅਦ ਸਮੁੱਚੀ ਵਿਰੋਧੀ ਧਿਰ ਨੇ ਸਦਨ 'ਚੋਂ ਵਾਕਆਊਟ ਕਰ ਦਿੱਤਾ ਤੇ ਅਗਲੇ ਦੋ ਦਿਨ ਬਜਟ 'ਤੇ ਹੋਣ ਵਾਲੀ ਬਹਿਸ ਵਿਚ ਕਾਂਗਰਸ ਦੇ ਮੈਂਬਰ ਸ਼ਮੂਲੀਅਤ ਨਹੀਂ ਕੀਤੀ। ਉਂਝ ਪਾਰਟੀ ਦੇ ਮੈਂਬਰ ਪ੍ਰਸ਼ਨ ਕਾਲ ਤੇ ਸਿਫ਼ਰ ਕਾਲ ਦੀ ਕਾਰਵਾਈ ਵਿਚ ਜ਼ਰੂਰ ਪੁੱਜੇ। ਕਾਂਗਰਸ ਨੇ ਬਜਟ ਨੂੰ ਅੰਕੜਿਆਂ ਦੀ ਹੇਰਾਫੇਰੀ ਤੇ ਝੂਠ ਦਾ 'ਪੁਲੰਦਾ' ਕਰਾਰ ਦਿੱਤਾ ਹੈ। ਵਾਕਆਊਟ ਕਰਨ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਵਿਰਸਾ ਸਿੰਘ ਵਲਟੋਹਾ ਤੇ ਕਾਂਗਰਸ ਦੇ ਜੀਤਮਹਿੰਦਰ ਸਿੰਘ ਤੇ ਬਲਬੀਰ ਸਿੰਘ ਸਿੱਧੂ ਦਰਮਿਆਨ ਕਾਫੀ ਤਕਰਾਰ ਹੋਇਆ। ਇਕ ਵਾਰੀ ਤਾਂ ਵਿਧਾਨ ਸਭਾ ਦੇ ਸੁਰੱਖਿਆ ਅਮਲੇ ਨੇ ਵੀ ਪੁਜ਼ੀਸ਼ਨਾਂ ਲੈ ਲਈਆਂ ਪਰ ਵਾਕਆਊਟ ਨਾਲ ਮਾਹੌਲ ਠੰਢਾ ਹੋ ਗਿਆ।





ਸਪੀਕਰ ਨਿਰਮਲ ਸਿੰਘ ਕਾਹਲੋਂ ਨੇ ਸਿਫ਼ਰ ਕਾਲ ਖ਼ਤਮ ਹੁੰਦਿਆਂ ਹੀ ਕੈਪਟਨ ਅਮਰਿੰਦਰ ਸਿੰਘ ਨੂੰ ਬਜਟ 'ਤੇ ਚਰਚਾ ਸ਼ੁਰੂ ਕਰਨ ਦਾ ਸੱਦਾ ਦਿੱਤਾ। ਸਾਬਕਾ ਮੁੱਖ ਮੰਤਰੀ ਨੇ ਆਪਣੇ ਭਾਸ਼ਨ ਰਾਹੀਂ ਵਿੱਤ ਮੰਤਰੀ ਡਾ. ਉਪਿੰਦਰਜੀਤ ਕੌਰ ਵੱਲੋਂ ਪੇਸ਼ ਬਜਟ ਨੂੰ ਤੱਥਾਂ ਦੀ ਹੇਰਾਫੇਰੀ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਇਹ ਬਜਟ ਸਭ ਤੋਂ ਵੱਡਾ ਧੋਖਾ ਹੈ। ਉਨ੍ਹਾਂ ਇਸੇ ਭਾਸ਼ਣ ਦੌਰਾਨ ਪੰਜਾਬ ਵਿਜੀਲੈਂਸ ਬਿਊਰੋ ਦੇ ਮੁਖੀ ਸੁਮੇਧ ਸਿੰਘ ਸੈਣੀ ਵੱਲ ਵੀ ਨਿਸ਼ਾਨਾ ਸੇਧਿਆ। ਉਨ੍ਹਾਂ ਕਿਹਾ ਕਿ ਦਾਗ਼ੀ ਤੇ ਸ਼ੱਕੀ ਕਿਰਦਾਰ ਵਾਲੇ ਪੁਲਿਸ ਅਫਸਰ ਨੂੰ ਵਿਜੀਲੈਂਸ ਦੇ ਚੀਫ ਦੇ ਅਹੁਦੇ 'ਤੇ ਤਾਇਨਾਤ ਕਰਕੇ ਸੰਸਥਾ ਨੂੰ ਵੀ ਸ਼ੱਕ ਦੇ ਘੇਰੇ ਵਿਚ ਲਿਆਂਦਾ ਜਾ ਚੁੱਕਾ ਹੈ ਕਿਉਂਕਿ ਇਸ ਪੁਲਿਸ ਅਫਸਰ ਵਿਰੁੱਧ ਕਤਲ ਦੇ ਦੋ ਕੇਸ ਚੱਲ ਰਹੇ ਹਨ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਨੇ ਪੀ.ਜੇ. ਥਾਮਸ ਦੀ ਸੀ.ਵੀ.ਸੀ. ਵਜੋਂ ਨਿਯੁਕਤੀ ਦੇ ਮਾਮਲੇ ਵਿਚ ਦਾਗੀ ਜਾਂ ਸ਼ੱਕੀ ਕਿਰਦਾਰ ਵਾਲੇ ਅਫਸਰ ਨੂੰ ਉੱਚ ਅਹੁਦਿਆਂ 'ਤੇ ਨਿਯੁਕਤ ਨਾ ਕਰਨ ਦੀ ਹਦਾਇਤ ਕੀਤੀ ਹੈ। ਕੈਪਟਨ ਨੇ ਇਹ ਵੀ ਕਿਹਾ ਕਿ ਬਜਟ ਨੂੰ ਪਾਸ ਕਰਵਾਉਣ ਦੀ ਥਾਂ ਸਰਕਾਰ ਆਉਣ ਵਾਲੇ ਤਿੰਨ ਮਹੀਨਿਆਂ ਲਈ ਅਨੁਦਾਨ ਰਾਸ਼ੀ (ਵੋਟ ਆਨ ਅਕਾਊਂਟ) ਪਾਸ ਕਰਵਾਏ। ਸੂਬੇ ਦੀ ਵਿੱਤੀ ਹਾਲਤ ਨੂੰ ਦਰਸਾਉਂਦਾ ਵਾਈਟ ਪੇਪਰ ਜਾਰੀ ਕੀਤਾ ਜਾਵੇ ਤੇ ਵਿਧਾਨ ਸਭਾ ਦੇ ਨਿਯਮ 180 ਅਧੀਨ ਸਰਕਾਰ ਵਿਧਾਨ ਸਭਾ ਦੇ ਮੈਂਬਰਾਂ ਦੀ ਇਕ ਕਮੇਟੀ ਦਾ ਗਠਨ ਕਰੇ ਜਿਹੜੀ ਸਰਕਾਰੀ ਜ਼ਮੀਨਾਂ ਪ੍ਰਾਈਵੇਟ ਕੰਪਨੀਆਂ ਨੂੰ ਸੌਂਪਣ ਦੇ ਕੇਸਾਂ ਦੀ ਮੁਕੰਮਲ ਜਾਂਚ ਕਰੇ। ਕੈਪਟਨ ਨੇ ਦੋਸ਼ ਲਾਇਆ ਕਿ ਸਰਕਾਰ ਇਸ ਹੱਦ ਤਕ ਦੀਵਾਲੀਆ ਹੋਈ ਪਈ ਹੈ ਕਿ 1200 ਕਰੋੜ ਰੁਪਏ ਦੇ ਬਿੱਲਾਂ ਦਾ ਭੁਗਤਾਨ ਨਹੀਂ ਕੀਤਾ ਜਾ ਰਿਹਾ ਤੇ ਮੁਲਾਜ਼ਮਾਂ ਨੂੰ ਬਕਾਏ ਨਹੀਂ ਦਿੱਤੇ ਗਏ। ਰਾਜ ਸਰਕਾਰ ਨਿੱਤ ਦਿਨ ਦੇ ਖਰਚੇ ਚਲਾਉਣ ਲਈ ਵੀ ਕਰਜ਼ਾ ਲੈਂਦੀ ਹੈ। ਸਰਕਾਰ ਸਿਰ ਕਰਜ਼ੇ ਦਾ ਭਾਰ 71086 ਕਰੋੜ ਹੋ ਜਾਣਾ ਹੈ ਤੇ ਜਨਤਕ ਅਦਾਰਿਆਂ ਦਾ ਕਰਜ਼ਾ ਮਿਲਾ ਕੇ ਕੁੱਲ ਕਰਜ਼ਾ ਸਵਾ ਲੱਖ ਕਰੋੜ ਤੋਂ ਵੀ ਟੱਪ ਜਾਣਾ ਹੈ।

ਉਧਰ ਪੰਜਾਬ ਵਿਧਾਨ ਸਭਾ ਨੇ ਵਿਰੋਧੀ ਧਿਰ ਦੀ ਗੈਰਹਾਜ਼ਰੀ ਵਿਚ ਸੂਬਾਈ ਬਜਟ 'ਤੇ ਬਹਿਸ ਮੁਕੰਮਲ ਕਰ ਲਈ ਤੇ ਬਹਿਸ ਦਾ ਜਵਾਬ ਵਿੱਤ ਮੰਤਰੀ ਉਪਿੰਦਰਜੀਤ ਕੌਰ ਨੇ ਦਿੱਤਾ। ਉਨ੍ਹਾਂ ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਲਾਏ ਦੋਸ਼ਾਂ ਨੂੰ ਖਾਰਜ ਕਰਦਿਆਂ ਕਿਹਾ ਕਿ ਬਜਟ ਅੰਦਰ ਅੰਕੜਿਆਂ ਦਾ ਕੋਈ ਹੇਰ-ਫੇਰ ਨਹੀਂ ਕੀਤਾ ਗਿਆ ਤੇ ਪੂਰਾ ਬਜਟ ਪਾਰਦਰਸ਼ੀ ਹੈ। ਵਿਰੋਧੀ ਧਿਰ ਦੀ ਨੇਤਾ ਬੀਬੀ ਰਾਜਿੰਦਰ ਕੌਰ ਭੱਠਲ, ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਸਾਬਕਾ ਵਿੱਤ ਮੰਤਰੀ ਲਾਲ ਸਿੰਘ ਨੇ ਬਹਿਸ ਤੋਂ ਪਹਿਲਾਂ ਆਪਣੀਆਂ ਮੰਗਾਂ ਦੁਹਰਾਉਂਦਿਆਂ ਕਿਹਾ ਕਿ ਜੇਕਰ ਸਰਕਾਰ ਪੂਰੇ ਬਜਟ ਦੀ ਥਾਂ ਵੋਟ ਆਨ ਅਕਾਊਂਟ ਲਿਆਉਣ, ਪੰਜਾਬ ਦੀ ਆਰਥਿਕਤਾ ਬਾਰੇ ਸਫੇਦ ਪੱਤਰ ਜਾਰੀ ਕਰਨ ਤੇ ਅੰਕੜਿਆਂ ਦੀ ਜਾਂਚ ਕਰਨ ਲਈ ਸਦਨ ਦੀ ਕਮੇਟੀ ਦਾ ਗਠਨ ਕਰਨ ਲਈ ਤਿਆਰ ਹੈ ਤਾਂ ਵਿਰੋਧੀ ਧਿਰ ਬਹਿਸ ਵਿੱਚ ਹਿੱਸਾ ਲੈ ਸਕਦੀ ਹੈ।

ਮੁੱਖ ਮੰਤਰੀ ਤੇ ਸਦਨ ਦੇ ਨੇਤਾ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਇਹ ਮੰਗ ਤੁਰੰਤ ਰੱਦ ਕਰ ਦਿੱਤੀ ਜਿਸ 'ਤੇ ਸਮੁੱਚੀ ਵਿਰੋਧੀ ਧਿਰ ਸਦਨ ਦੇ ਵਿਚਕਾਰ ਆ ਗਈ ਤੇ ਫਿਰ ਵਾਕਆਊਟ ਕਰ ਗਈ। ਵਿਰੋਧੀ ਧਿਰ ਦੀ ਗੈਰ ਮੌਜੂਦਗੀ ਵਿੱਚ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਭਾਜਪਾ ਵਿਧਾਇਕ ਦਲ ਦੇ ਨੇਤਾ ਮਨੋਰੰਜਨ ਕਾਲੀਆ ਨੇ ਬਜਟ 'ਤੇ ਚਰਚਾ ਕੀਤੀ ਤੇ ਵਿੱਤ ਮੰਤਰੀ ਡਾ. ਉਪਿੰਦਰਜੀਤ ਕੌਰ ਨੇ ਬਹਿਸ ਦਾ ਜਵਾਬ ਦਿੱਤਾ।

## ਅਮਰਿੰਦਰ ਨੇ ਜੰਗ ਤੋਂ ਪਹਿਲਾਂ ਹੀ ਹਾਰ ਕਬੂਲੀ: ਸੁਖਬੀਰ



**ਚੰਡੀਗੜ੍ਹ:** ਕਾਂਗਰਸ ਵੱਲੋਂ ਵਿਧਾਨ ਸਭਾ ਵਿਚ ਬਜਟ 'ਤੇ ਚਰਚਾ ਵਿਚ ਸ਼ਾਮਲ ਨਾ ਹੋਣ ਦੇ ਫੈਸਲੇ 'ਤੇ ਟਿੱਪਣੀ ਕਰਦਿਆਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੇ ਇਹ ਕਾਰਵਾਈ ਕਰਕੇ ਜੰਗ ਸ਼ੁਰੂ ਹੋਣ ਤੋਂ ਪਹਿਲਾਂ ਹੀ ਆਪਣੀ ਹਾਰ ਕਬੂਲ ਕਰ ਲਈ ਹੈ। ਉਨ੍ਹਾਂ ਸਾਬਕਾ ਮੁੱਖ ਮੰਤਰੀ ਵੱਲੋਂ ਵਿਧਾਨ ਸਭਾ 'ਚ ਪੜ੍ਹੇ ਭਾਸ਼ਨ ਨੂੰ 'ਝੂਠ ਦਾ ਪੁਲੰਦਾ' ਕਰਾਰ ਦਿੱਤਾ। ਉਪ ਮੁੱਖ ਮੰਤਰੀ ਨੇ ਕਿਹਾ ਕਿ ਅਮਰਿੰਦਰ ਸਿੰਘ ਪੰਜਾਬ ਦੀ ਜ਼ਮੀਨੀ ਹਕੀਕਤ ਤੋਂ ਏਨਾ ਅਲੱਗ-ਥਲੱਗ ਹੋ ਕੇ ਰਹਿ ਗਏ ਹਨ ਕਿ ਉਨ੍ਹਾਂ ਨੂੰ ਕਾਲਪਨਿਕ ਅੰਕੜਿਆਂ ਵਾਲਾ ਲਿਖਤੀ ਭਾਸ਼ਨ ਪੜ੍ਹਨ ਲਈ ਮਜਬੂਰ ਹੋਣਾ ਪਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਲਗਦਾ ਹੈ ਕਾਂਗਰਸ ਚੋਣਾਂ ਦਾ ਮੈਦਾਨ ਛੱਡ ਕੇ ਵੀ ਭੱਜ ਜਾਵੇਗੀ। ਸੁਖਬੀਰ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੋਇਆ ਹੈ ਕਿ ਵਿਰੋਧੀ ਧਿਰ ਦਾ ਸੀਨੀਅਰ ਆਗੂ ਭਾਸ਼ਨ ਦੇਣ ਦੀ ਥਾਂ 'ਝੂਠ ਦੇ ਪੁਲੰਦੇ' ਦੇ ਰੂਪ ਵਿਚ ਤਿਆਰ ਲਿਖਤੀ ਬਿਆਨ ਪੜ੍ਹ ਕੇ ਸਦਨ ਵਿਚੋਂ ਦੌੜ ਗਿਆ। ਅਮਰਿੰਦਰ ਸਿੰਘ ਵੱਲੋਂ ਸਾਲ 2006-07 ਵਿਚ ਵਿੱਤੀ ਘਾਟਾ 611 ਕਰੋੜ ਰੁਪਏ ਭਾਵ ਕੁੱਲ ਘਰੇਲੂ ਉਤਪਾਦਨ ਦਾ 0.50 ਫੀਸਦੀ ਹੋਣ ਦਾ ਦਾਅਵਾ ਕੀਤਾ ਗਿਆ ਹੈ। ਜਦਕਿ ਕੈਗ ਦੇ ਅੰਕੜਿਆਂ ਅਨੁਸਾਰ ਇਹ ਘਾਟਾ 4384 ਕਰੋੜ ਰੁਪਏ ਸੀ ਜੋ ਕਿ ਕੁੱਲ ਘਰੇਲੂ ਉਤਪਾਦਨ ਦਾ 3.46 ਫੀਸਦੀ ਸੀ। ਇਸੇ ਤਰ੍ਹਾਂ ਕੈਪਟਨ ਨੇ ਸਾਲ 2010-11 ਦੇ ਮਾਲੀ ਘਾਟੇ ਨੂੰ 3788 ਕਰੋੜ ਰੁਪਏ ਦੱਸਿਆ ਹੈ ਜਦ ਕਿ ਇਹ 3705 ਕਰੋੜ ਰੁਪਏ ਹੈ।

## ਖਹਿਰਾ ਵੱਲੋਂ ਸਪੀਕਰ 'ਤੇ ਗੰਭੀਰ ਦੋਸ਼



**ਚੰਡੀਗੜ੍ਹ:** ਕਾਂਗਰਸ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਵਿਧਾਨ ਸਭਾ ਦੇ ਸਪੀਕਰ ਨਿਰਮਲ ਸਿੰਘ ਕਾਹਲੋਂ 'ਤੇ ਪੱਖਪਾਤੀ ਰਵੱਈਆ ਅਪਣਾਉਣ ਦੇ ਦੋਸ਼ ਲਾਏ। ਉਨ੍ਹਾਂ ਕਿਹਾ ਕਿ 30 ਸਵਾਲਾਂ ਦੀ ਸੂਚੀ ਦਿੱਤੀ ਗਈ ਪਰ ਦੋ ਹੀ ਲਗਾਏ ਗਏ। ਇਸੇ ਤਰ੍ਹਾਂ 20 ਧਿਆਨ ਦਿਵਾਊ ਮਤਿਆਂ ਦੀ ਸੂਚੀ ਦਿੱਤੀ ਗਈ ਤੇ ਇਨ੍ਹਾਂ 'ਚੋਂ ਇਕ ਦੀ ਪ੍ਰਵਾਨਗੀ ਦਿੱਤੀ ਗਈ ਤੇ ਉਹ ਵੀ ਲੱਗਿਆ ਨਹੀਂ। ਕਾਂਗਰਸੀ ਵਿਧਾਇਕ ਨੇ ਕਿਹਾ ਕਿ ਹਾਕਮ ਧਿਰ ਦੇ ਮੈਂਬਰਾਂ ਦੇ ਜ਼ਿਆਦਾ ਸਵਾਲ ਲੱਗਦੇ ਹਨ। ਉਨ੍ਹਾਂ ਦੋਸ਼ ਲਗਾਇਆ ਕਿ ਸਪੀਕਰ ਦਾ ਪੁੱਤਰ ਰਵੀਕਿਰਨ ਸਿੰਘ ਕਾਹਲੋਂ ਵਿਧਾਨ ਸਭਾ ਦੇ ਕੰਮ ਵਿਚ ਦਖਲ ਦਿੰਦਾ ਹੈ ਤੇ ਸਵਾਲ ਲਗਾਉਣ ਵਿਚ ਵੀ ਆਪਣੀ ਭੂਮਿਕਾ ਨਿਭਾਅ ਰਿਹਾ ਹੈ। ਉਧਰ ਸ. ਕਾਹਲੋਂ ਨੇ ਵਿਰੋਧੀ ਧਿਰ ਦੇ ਵਿਧਾਇਕ ਵੱਲੋਂ ਲਗਾਏ ਗਏ ਦੋਸ਼ਾਂ ਨੂੰ ਮੁੱਢੋਂ ਹੀ ਰੱਦ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਅਧਿਕਾਰ ਖੇਤਰ ਸਪੀਕਰ ਦਾ ਹੈ ਕਿ ਕਿਹੜਾ ਸਵਾਲ ਲੱਗਣਯੋਗ ਹੈ ਜਾਂ ਨਹੀਂ। ਸ. ਕਾਹਲੋਂ ਨੇ ਆਪਣੇ ਪੁੱਤਰ ਦੀ ਭੂਮਿਕਾ ਬਾਰੇ ਉਠਾਏ ਸਵਾਲ ਨੂੰ ਵੀ ਝੂਠ ਕਰਾਰ ਦਿੱਤਾ ਹੈ। ਉਧਰ ਭਾਜਪਾ ਵਿਧਾਇਕ ਅਮਰਜੀਤ ਸਿੰਘ ਸ਼ਾਹੀ ਨੇ ਕਿਹਾ ਕਿ ਸੁਖਪਾਲ ਸਿੰਘ ਖਹਿਰਾ ਨੇ ਸਪੀਕਰ 'ਤੇ ਇਲਜ਼ਾਮ ਲਾ ਕੇ ਸਦਨ ਦੀ ਤੌਹੀਨ ਕੀਤੀ ਹੈ। ਸ਼ਾਹੀ ਦਾ ਕਹਿਣਾ ਸੀ ਕਿ ਕਮੇਟੀ ਤਾਂ ਇਸ ਮਾਮਲੇ 'ਤੇ ਬਣਨੀ ਚਾਹੀਦੀ ਹੈ। ਭਾਜਪਾ ਵਿਧਾਇਕ ਜਗਦੀਸ਼ ਰਾਜ ਸਾਹਨੀ ਨੇ ਵੀ ਖਹਿਰਾ ਵੱਲੋਂ ਕੀਤੀ ਬਿਆਨਬਾਜ਼ੀ ਨੂੰ ਸਦਨ ਦੀ ਤੌਹੀਨ ਕਰਾਰ ਦਿੱਤਾ।

## ਭਾਜਪਾ ਵੱਲੋਂ ਮਾਲਵੇ 'ਚ ਪੈਰ ਪਸਾਰਨ ਦੀ ਕੋਸ਼ਿਸ਼

**ਚੰਡੀਗੜ੍ਹ:** ਅਕਾਲੀ ਦਲ (ਬ) ਦੀ ਕ੍ਰਿਪਾ ਨਾਲ ਮਾਝੇ ਤੇ ਦੁਆਬੇ 'ਚ ਆਪਣਾ ਮਾੜਾ ਮੋਟਾ ਅਧਾਰ ਬਣਾ ਚੁੱਕੀ ਭਾਜਪਾ ਵੱਲੋਂ ਹੁਣ ਮਾਲਵੇ 'ਚ ਪੈਰ ਪਸਾਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਨੂੰ ਹਾਲੇ ਪੂਰਾ ਸਾਲ ਪਿਆ ਹੈ ਪਰ ਸੱਤਾਧਾਰੀ ਭਾਜਪਾ ਨੇ ਹੁਣੇ ਤੋਂ ਹੀ ਆਪਣੇ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਨਾਲ ਸੀਟਾਂ ਦਾ ਤਾਲਮੇਲ ਬਿਠਾਉਣ ਲਈ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ ਹਨ।

**ਬਰਨਾਲਾ ਤੇ ਲੁਧਿਆਣਾ ਸੀਟਾਂ ਮੰਗੀਆਂ**

ਭਾਵੇਂ ਭਾਜਪਾ ਲੀਡਰਸ਼ਿਪ ਅਜਿਹੀਆਂ ਕੋਸ਼ਿਸ਼ਾਂ ਤੋਂ ਇਨਕਾਰ ਕਰ ਰਹੀ ਹੈ ਪਰ ਸੂਤਰਾਂ ਮੁਤਾਬਕ ਇਹ ਪਾਰਟੀ ਅੰਮ੍ਰਿਤਸਰ (ਪੱਛਮੀ) ਤੇ ਗੜ੍ਹਸ਼ੰਕਰ ਹਲਕੇ ਅਕਾਲੀ ਦਲ ਨੂੰ ਦੇ ਕੇ ਇਨ੍ਹਾਂ ਦੀ ਥਾਂ ਬਰਨਾਲਾ ਤੇ ਲੁਧਿਆਣਾ ਸ਼ਹਿਰੀ ਵਿਚ ਸੀਟਾਂ ਲੈਣੀਆਂ ਚਾਹੁੰਦੀ ਹੈ। ਪਾਰਟੀ ਦੀ ਸੋਚ ਹੈ ਕਿ ਸੂਬੇ ਦੇ ਅੱਠ ਮਲਵਈ ਜ਼ਿਲ੍ਹਿਆਂ ਵਿਚੋਂ ਉਸ ਦਾ ਕੋਈ ਨੁਮਾਇੰਦਾ ਵਿਧਾਨ ਸਭਾ ਵਿਚ ਨਹੀਂ ਜਿਸ ਕਰਕੇ ਉਹ ਮਾਲਵੇ ਵਿਚਲੀ ਖਾਲੀ ਝੋਲੀ ਨੂੰ ਭਰਨਾ ਚਾਹੁੰਦੀ ਹੈ। ਸੂਤਰਾਂ ਅਨੁਸਾਰ ਅੰਮ੍ਰਿਤਸਰ ਸੀਟ ਤੋਂ ਭਾਜਪਾ ਨੂੰ ਕਦੇ ਸਫ਼ਲਤਾ ਨਹੀਂ ਮਿਲੀ ਤੇ ਦੂਸਰਾ ਹੱਦਬੰਦੀ ਤੋਂ ਬਾਅਦ ਇਹ ਰਾਖਵੀਂ ਹੋ ਗਈ ਹੈ। ਰਾਖਵੀਂ ਸੀਟ ਬਣਨ ਬਾਅਦ ਭਾਜਪਾ ਕੋਲ ਇਸ ਸੀਟ ਲਈ ਕੋਈ ਮਜ਼ਬੂਤ ਉਮੀਦਵਾਰ ਨਾ ਹੋਣ ਕਾਰਨ ਪਾਰਟੀ ਅਜਿਹਾ ਸੋਚਣ ਲਈ ਮਜਬੂਰ ਹੋ ਗਈ ਹੈ। ਗੜ੍ਹਸ਼ੰਕਰ ਸੀਟ ਜਿਹੜੀ ਕਾਂਗਰਸ ਦੀ ਝੋਲੀ ਪਈ ਹੋਈ ਹੈ, ਬਾਰੇ ਭਾਜਪਾ ਅੰਦਰੋਂ ਇਹ ਸੁਰ ਉੱਠਣ ਲੱਗ ਪਈ ਹੈ ਕਿ ਜੇਕਰ ਹਾਰਨ ਵਾਲੀ ਇਸ ਸੀਟ ਨੂੰ ਅਕਾਲੀ ਦਲ ਨਾਲ ਵਟਾ ਲਿਆ ਜਾਵੇ ਤਾਂ ਉਸ ਨੂੰ ਕਿਸੇ ਹੋਰ ਥਾਂ ਮਜ਼ਬੂਤ ਸੀਟ ਲੱਭ ਸਕਦੀ ਹੈ। ਸੀਟ ਤਬਾਦਲੇ ਦੀ ਗੱਲ ਅਸਲ ਵਿਚ 6 ਮਹੀਨੇ ਪਹਿਲਾਂ ਉਦੋਂ ਤੁਰੀ ਸੀ ਕਿ ਜਦੋਂ ਉਦਯੋਗ ਮੰਤਰੀ ਮਨੋਰੰਜਨ ਕਾਲੀਆ ਨਾਲ ਸੂਬੇ ਦੇ ਆਗੂਆਂ ਦੇ ਅੰਦਰੂਨੀ ਵਿਵਾਦ ਨੂੰ ਹੱਲ ਕਰਨ ਲਈ ਕੌਮੀ ਪ੍ਰਧਾਨ ਨਿਤਿਨ ਗਡਕਰੀ ਵੱਲੋਂ ਭਾਜਪਾ ਦੇ 19 ਵਿਧਾਇਕਾਂ, ਸੂਬਾਈ ਪ੍ਰਧਾਨ ਤੇ ਇਕ-ਦੋ ਹੋਰ ਆਗੂਆਂ ਨੂੰ ਸ਼ਾਂਤ ਕਰਨ ਲਈ ਦਿੱਲੀ ਸੱਦਿਆ ਗਿਆ ਸੀ। ਉਸ ਮੌਕੇ ਇਹ ਗੱਲ ਸਪੱਸ਼ਟ ਕਰ ਦਿੱਤੀ ਗਈ ਸੀ ਕਿ ਸੀਟਾਂ ਵਧਾਉਣ 'ਤੇ ਜ਼ੋਰ ਦੇਣ ਨਾਲੋਂ ਵਟਾਂਦਰੇ ਉਪਰ ਜ਼ੋਰ ਦਿੱਤਾ ਜਾਵੇ ਤੇ ਕਮਜ਼ੋਰ ਸੀਟਾਂ ਛੱਡ ਕੇ ਉਨ੍ਹਾਂ ਦੀ ਥਾਂ ਸ਼ਹਿਰੀ ਆਧਾਰ ਵਾਲੀਆਂ ਸੀਟਾਂ ਲੈ ਲਈਆਂ ਜਾਣ।

ਭਾਰਤੀ ਜਨਤਾ ਪਾਰਟੀ ਬਰਨਾਲਾ ਹਲਕੇ ਤੋਂ ਆਪਣੇ ਸੀਨੀਅਰ ਆਗੂ ਨੂੰ ਚੋਣ ਲੜਾਉਣਾ ਚਾਹੁੰਦੀ ਹੈ। ਲੁਧਿਆਣਾ ਵਿਚ ਪਾਰਟੀ ਦਾ ਸੀਟ ਮੰਗਣ ਪਿੱਛੇ ਵੀ ਇਹੀ ਤਰਕ ਹੈ ਕਿ ਲੁਧਿਆਣਾ ਸ਼ਹਿਰ ਵਿਚ ਹੁਣ ਚਾਰ ਹਲਕਿਆਂ ਦੀ ਥਾਂ 6 ਹਲਕੇ ਬਣ ਗਏ ਹਨ ਤੇ ਇਸ ਵੇਲੇ ਦੋ ਭਾਜਪਾ ਕੋਲ ਪਹਿਲਾਂ ਹੀ ਹਨ।


ਇਨ੍ਹਾਂ ਵਿਚੋਂ ਇਕ ਹਲਕਾ ਹੋਰ ਮੰਗਿਆ ਜਾ ਰਿਹਾ ਹੈ। ਇਸ ਬਾਰੇ ਸੂਬਾਈ ਪ੍ਰਧਾਨ ਅਸ਼ਵਨੀ ਕੁਮਾਰ ਸ਼ਰਮਾ ਨੇ ਆਖਿਆ ਕਿ ਸੀਟ ਵਟਾਂਦਰਾ ਜਾਂ ਹੋਰ ਸੀਟ ਮੰਗਣ ਵਾਲੀਆਂ ਗੱਲਾਂ ਹਾਲੇ ਸਮੇਂ ਤੋਂ ਪਹਿਲਾਂ ਦੀਆਂ ਗੱਲਾਂ ਹਨ, ਇਸ ਲਈ ਉਹ ਇਸ ਬਾਰੇ ਕੁਝ ਨਹੀਂ ਆਖ ਸਕਦੇ।

## ਚੰਡੀਗੜ੍ਹ ਪੁਲਿਸ ਨੇ ਕਾਂਗਰਸੀਆਂ ਨੂੰ ਫੰਡਿਆ

**ਚੰਡੀਗੜ੍ਹ:** ਚੰਡੀਗੜ੍ਹ ਪੁਲਿਸ ਨੇ ਧਾਰ ਲਿਆ ਹੈ ਕਿ ਹੁਣ ਪੰਜਾਬ ਦੇ ਕਿਸੇ ਵੀ ਵਿਅਕਤੀ ਆਪਣੇ ਹੱਕ ਮੰਗਣ ਲਈ ਰਾਜਧਾਨੀ 'ਚ ਆ ਕੇ ਰੋਸ ਪ੍ਰਗਟਾਉਣ ਨਹੀਂ ਦਿੱਤਾ ਜਾਵੇਗਾ। ਪਹਿਲਾਂ ਕਿਸਾਨਾਂ 'ਤੇ ਲਾਠੀਚਾਰਜ ਕਰਕੇ ਹੌਸਲੇ 'ਚ ਆਈ ਪੁਲੀਸ ਨੇ ਹੁਣ ਕਾਂਗਰਸੀਆਂ ਨੂੰ ਵੀ ਬੁਰੀ ਤਰ੍ਹਾਂ ਫੰਡਿਆ ਹੈ।

17 ਮਾਰਚ ਨੂੰ ਪੰਜਾਬ ਵਿਧਾਨ ਸਭਾ ਦਾ ਘਿਰਾਓ ਕਰਨ ਆਏ ਪੰਜਾਬ ਯੂਥ ਕਾਂਗਰਸ ਦੇ ਕਾਰਕੁਨਾਂ ਤੇ ਚੰਡੀਗੜ੍ਹ ਪੁਲਿਸ ਵਿਚਕਾਰ ਹੋਈਆਂ ਝੜਪਾਂ 'ਚ 40 ਪ੍ਰਦਰਸ਼ਨਕਾਰੀ ਤੇ 16 ਪੁਲਿਸ ਮੁਲਾਜ਼ਮ ਜ਼ਖਮੀ ਹੋ ਗਏ। ਪੁਲਿਸ ਨੇ ਇਸ ਮੌਕੇ ਯੂਥ ਕਾਂਗਰਸ ਦੇ 30 ਵਰਕਰਾਂ ਨੂੰ ਗ੍ਰਿਫ਼ਤਾਰ ਕਰ ਲਿਆ। ਇਥੇ ਹੀ ਬੱਸ ਨਹੀਂ ਸਗੋਂ ਪੁਲੀਸ ਨੇ ਯੂਥ ਕਾਂਗਰਸ ਪੰਜਾਬ ਦੇ ਪ੍ਰਧਾਨ ਤੇ ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਤੇ ਹੋਰਾਂ ਵਿਰੁੱਧ ਇਰਾਦਾ ਕਤਲ (307) ਤੇ ਭਾਰਤੀ ਦੰਡਾਵਲੀ ਦੀਆਂ ਧਾਰਾਵਾਂ 147, 148, 149, 332 ਤੇ 353 ਤਹਿਤ ਕੇਸ ਦਰਜ ਕਰ ਲਿਆ। ਪ੍ਰਦਰਸ਼ਨਕਾਰੀਆਂ ਨੇ ਵੀ ਪੁਲਿਸ ਉਪਰ ਪਥਰਾਅ ਕੀਤਾ ਜਿਸ ਕਾਰਨ ਪੁਲਿਸ ਮੁਲਾਜ਼ਮ ਪਿੱਛੇ ਭੱਜਣ ਲਈ ਮਜਬੂਰ ਹੋ ਗਏ ਪਰ ਫਿਰ ਅੱਥਰੂ ਗੈਸ ਦੇ ਗੋਲੇ ਛੱਡਣ ਕਾਰਨ ਪ੍ਰਦਰਸ਼ਨਕਾਰੀਆਂ ਨੂੰ ਪਿੱਛੇ ਹਟਣਾ ਪਿਆ। ਇਸ ਤੋਂ ਬਾਅਦ ਰੁਕ-ਰੁਕ ਕੇ ਝੜਪਾਂ ਹੁੰਦੀਆਂ ਰਹੀਆਂ। ਪੁਲਿਸ ਨੇ ਉਥੇ ਯੂਥ ਕਾਂਗਰਸ ਦੇ ਵਰਕਰਾਂ ਦੇ ਖੜ੍ਹੇ ਵਾਹਨਾਂ ਦੀ ਭੰਨ-ਤੋੜ ਕੀਤੀ। ਕਈ ਵਾਹਨਾਂ ਵਿਚ ਬੈਠੇ ਪ੍ਰਦਰਸ਼ਨਕਾਰੀਆਂ ਦੀ ਵੀ ਕੁਟਾਈ ਕੀਤੀ ਗਈ।

ਦਰਅਸਲ 17 ਮਾਰਚ ਨੂੰ ਪੰਜਾਬ ਯੂਥ ਕਾਂਗਰਸ ਨੇ ਪੰਜਾਬ ਵਿਧਾਨ ਸਭਾ ਦਾ ਘਿਰਾਓ ਕਰਨ ਦਾ ਐਲਾਨ ਕੀਤਾ ਸੀ ਤੇ ਇਸ ਪ੍ਰੋਗਰਾਮ ਤਹਿਤ ਸਵੇਰੇ 10.00 ਵਜੇ ਯੂਥ ਕਾਂਗਰਸ ਦੇ ਕਾਰਕੁਨ ਸੈਕਟਰ 42 ਸਥਿਤ ਪੰਜਾਬ ਦੇ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਯਾਦਗਾਰੀ ਕੰਪਲੈਕਸ ਵਿਖੇ ਇਕੱਠੇ ਹੋਣੇ ਸ਼ੁਰੂ ਹੋ ਗਏ। ਦੂਜੇ ਪਾਸੇ ਪੁਲਿਸ ਨੇ ਸੈਕਟਰ 41-42 ਦੇ ਚੌਕ ਵਿਖੇ ਪ੍ਰਦਰਸ਼ਨਕਾਰੀਆਂ ਨੂੰ ਰੋਕਣ ਲਈ ਨਾਕੇ ਲਾਏ ਸਨ। ਇਸ ਮੌਕੇ ਚੰਡੀਗੜ੍ਹ ਪੁਲਿਸ ਤੋਂ ਇਲਾਵਾ ਪੰਜਾਬ ਤੇ ਹਰਿਆਣੇ ਦੀ ਪੁਲਿਸ ਵੀ ਮੰਗਵਾਈ ਗਈ ਸੀ। ਇਸੇ ਦੌਰਾਨ ਸਵੇਰੇ 11.15 ਵਜੇ ਛੇ ਟਰੈਕਟਰ-ਟਰਾਲੀਆਂ 'ਤੇ ਸ. ਬਿੱਟੂ ਤੇ ਹੋਰ ਯੂਥ ਕਾਂਗਰਸ ਦੇ ਆਗੂਆਂ ਦੀ ਅਗਵਾਈ ਹੇਠ ਰੋਸ ਮਾਰਚ ਸ਼ੁਰੂ ਹੋਇਆ ਤੇ ਪ੍ਰਦਰਸ਼ਨਕਾਰੀਆਂ ਨੇ ਜਾਮ ਲਾ ਕੇ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਇਸ ਮੌਕੇ ਟਰਾਲੀ ਨੂੰ ਸਟੇਜ ਦਾ ਰੂਪ ਦੇ ਕੇ ਆਗੂਆਂ ਨੇ ਭਾਸ਼ਣ ਸ਼ੁਰੂ ਕਰ ਦਿੱਤੇ ਤੇ ਖਾਸ ਕਰਕੇ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਬਿਕਰਮ ਸਿੰਘ ਮਜੀਠੀਆ ਨੂੰ ਖੂਬ ਰਗੜੇ ਲਾਏ। ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਦੋਸ਼ ਲਾਇਆ ਕਿ ਪੁਲਿਸ ਨੇ ਸ਼ਾਂਤਮਈ ਢੰਗ ਨਾਲ ਵਿਧਾਨ ਸਭਾ ਵੱਲ ਜਾ ਰਹੇ ਨੌਜਵਾਨਾਂ 'ਤੇ ਭਾਰੀ ਕਹਿਰ ਢਾਹਿਆ ਹੈ।



### ਕੈਪਟਨ ਨੇ ਲਾਠੀਚਾਰਜ ਦੀ ਨਿਆਇਕ ਜਾਂਚ ਮੰਗੀ

ਉਧਰ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਲਾਠੀਚਾਰਜ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਯੂਥ ਕਾਂਗਰਸ ਨੂੰ ਪ੍ਰਦਰਸ਼ਨ ਕਰਨ ਦਾ ਹੱਕ ਸੀ ਤੇ ਜਦੋਂ ਇਹ ਵਰਕਰ ਸ਼ਾਂਤੀ ਨਾਲ ਪ੍ਰਦਰਸ਼ਨ ਕਰ ਰਹੇ ਸਨ ਤਾਂ ਪੁਲਿਸ ਨੇ ਲਾਠੀਚਾਰਜ ਕਰ ਦਿੱਤਾ। ਉਨ੍ਹਾਂ ਮੰਗ ਕੀਤੀ ਕਿ ਦੋਸ਼ੀ ਪੁਲਿਸ ਕਰਮਚਾਰੀਆਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ। ਉਨ੍ਹਾਂ ਇਸ ਸਾਰੇ ਮਾਮਲੇ ਦੀ ਨਿਆਇਕ ਜਾਂਚ ਦੀ ਮੰਗ ਕਰਦੇ ਹੋਏ ਕਿਹਾ ਕਿ ਸ਼ਾਂਤੀ ਨਾਲ ਧਰਨਾ ਪ੍ਰਦਰਸ਼ਨ ਕਰ ਰਹੇ ਲੋਕਾਂ 'ਤੇ ਪੁਲਿਸ ਬਲ ਦੇ ਉਪਯੋਗ ਨੂੰ ਮੌਜੂਦਾ ਲੋਕਤਾਂਤਰਿਕ ਢਾਂਚੇ ਤਹਿਤ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

# ਪੱਗ ਲਹਾਉਣ ’ਤੇ ਇਟਲੀ ਵੱਲੋਂ ਅਫਸੋਸ ਜ਼ਾਹਿਰ

**ਚੰਡੀਗੜ੍ਹ:** ਇਟਲੀ ’ਚ ਸਿੱਖਾਂ ਦੇ ਧਾਰਮਿਕ ਚਿੰਨ੍ਹ ਪੱਗ ਦੀ ਬੇਅਦਬੀ ਕਰਨ ਦੇ ਮਾਮਲੇ ਬਾਰੇ ਕੇਂਦਰੀ ਵਿਦੇਸ਼ ਰਾਜ ਮੰਤਰੀ ਪਰਨੀਤ ਕੌਰ ਵੱਲੋਂ ਇਟਲੀ ਸਰਕਾਰ ਕੋਲ ਰੋਸ ਦਾ ਇਜ਼ਹਾਰ ਕੀਤੇ ਜਾਣ ਮਗਰੋਂ ਇਟਲੀ ਸਰਕਾਰ ਨੇ ਘਟਨਾ ’ਤੇ ਖੇਦ ਪ੍ਰਗਟ ਕਰਦਿਆਂ ਭਵਿੱਖ ਵਿਚ ਅਜਿਹੀ ਘਟਨਾ ਨਾ ਵਾਪਰਨ ਦਾ ਭਰੋਸਾ ਦਿੱਤਾ ਹੈ। ਇਟਲੀ ਦੇ ਭਾਰਤ ਸਥਿਤ ਦੂਤਾਵਾਸ ਨੇ ਵੀ ਇਸ ਘਟਨਾ ’ਤੇ ਖੇਦ ਪ੍ਰਗਟ ਕੀਤਾ ਹੈ।

ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਗੋਲਫ਼ ਕੋਚ ਅੰਮ੍ਰਿਤਇੰਦਰ ਸਿੰਘ ਦੀ ਮਿਲਾਨ ਹਵਾਈ ਅੱਡੇ ’ਤੇ ਸੁਰੱਖਿਆ ਦੇ ਨਾਂ ’ਤੇ ਦਸਤਾਰ ਉਤਾਰ ਕੇ ਤਲਾਸ਼ੀ ਲਈ ਗਈ ਸੀ। ਇਸ ਦੇ ਮੱਦੇਨਜ਼ਰ ਭਾਰਤ ਸਰਕਾਰ ਵੱਲੋਂ ਪਰਨੀਤ ਕੌਰ ਨੇ ਇਟਲੀ ਸਰਕਾਰ ਕੋਲ ਰੋਸ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਨਵੀਂ ਦਿੱਲੀ ਸਥਿਤ ਇਟਲੀ ਦੇ ਦੂਤ ਘਰ ਕੋਲ ਵੀ ਰੋਸ ਦਰਜ ਕਰਵਾਇਆ ਸੀ। ਇਸ ’ਤੇ ਇਟਲੀ ਦੇ ਰਾਜਦੂਤ ਨੇ ਮਸਲੇ ਦੀ ਗੰਭੀਰਤਾ ਨੂੰ ਵੇਖਦਿਆਂ ਇਸ ’ਤੇ ਦੁੱਖ ਪ੍ਰਗਟ ਕੀਤਾ ਤੇ ਇਸ ਨੂੰ ਅਚਨਚੇਤ ਹੋਈ ਘਟਨਾ ਦੱਸਿਆ। ਪਰਨੀਤ ਕੌਰ ਦੇ ਨਿੱਜੀ ਵਧੀਕ ਸਕੱਤਰ ਐਮ.ਪੀ. ਸਿੰਘ ਨੇ ਦੱਸਿਆ ਕਿ ਪਰਨੀਤ ਕੌਰ ਵੱਲੋਂ ਉਠਾਏ ਮੁੱਦੇ ਤਹਿਤ ਹੀ ਇਟਲੀ ਸਰਕਾਰ ਨੇ ਅੱਗੇ ਤੋਂ ਅਜਿਹੀ ਘਟਨਾ ਨਾ ਵਾਪਰਨ ਦਾ ਭਰੋਸਾ ਦਿੱਤਾ ਹੈ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ, ਫੈਡਰੇਸ਼ਨ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਤੇ ਪਰਮਜੀਤ ਸਿੰਘ ਗਾਜੀ ਨੇ ਵੀ ਇਸ ਘਟਨਾ ਦਾ ਗੰਭੀਰ ਨੋਟਿਸ ਲੈਂਦਿਆਂ ਇਸ ਦੀ ਜ਼ੋਰਦਾਰ ਨਿੰਦਾ ਕੀਤੀ ਹੈ। ਉਨ੍ਹਾਂ ਆਖਿਆ ਹੈ ਕਿ ਪ੍ਰਧਾਨ ਮੰਤਰੀ ਖ਼ੁਦ ਦਖ਼ਲ ਦੇ ਕੇ ਇਹ ਗੱਲ ਯਕੀਨੀ ਬਣਾਉਣ ਕਿ ਵਿਸ਼ਵ ਭਰ ਵਿੱਚ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਇਸ ਕਦਰ ਠੇਸ ਨਾ ਪੁੱਜੇ।

## ਅਕਾਲੀ ਦਲ ਵੱਲੋਂ ਪ੍ਰਧਾਨ ਮੰਤਰੀ ਦੀ ਅਲੋਚਨਾ

**ਚੰਡੀਗੜ੍ਹ:** ਉਧਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਪਾਰਟੀ ਦੇ ਸਕੱਤਰ ਜਨਰਲ ਤੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕੇਂਦਰ ਸਰਕਾਰ ਤੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਅਲੋਚਨਾ ਕਰਦਿਆਂ ਕਿਹਾ ਹੈ ਕਿ ਜਿੱਥੇ ਕੇਂਦਰ ਸਰਕਾਰ ਨੇ ਵਿਦੇਸ਼ ’ਚ ਪੱਗ ਦੀ ਬੇਅਦਬੀ ਦੇ ਮਾਮਲੇ ਵਿਚ ਦਿਲਚਸਪੀ ਹੀ ਨਹੀਂ ਵਿਖਾਈ, ਉੱਥੇ ਪ੍ਰਧਾਨ ਮੰਤਰੀ ਨੇ ਵੀ ਬਣਦੀ ਭੂਮਿਕਾ ਨਹੀਂ ਨਿਭਾਈ।

ਸ. ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਨੂੰ ਇਸ ਮਾਮਲੇ ’ਤੇ ਉਨ੍ਹਾਂ ਦੇਸ਼ਾਂ ਦੇ ਮੁਖੀਆਂ ਨਾਲ ਗੱਲ ਕਰਨ ਦੇ ਨਾਲ-ਨਾਲ ਪੱਤਰ ਵਿਹਾਰ ਵੀ ਕਰਨਾ ਚਾਹੀਦਾ ਹੈ ਜਿਹੜੇ ਦੇਸ਼ਾਂ ਵਿਚ ਸਿੱਖਾਂ ਨੂੰ ਦਸਤਾਰ ਬਾਰੇ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਆਖਿਆ ਕਿ ਇਹ ਗੱਲ ਬੜੇ ਅਫਸੋਸ ਹੈ ਕਿ ਇਸ ਬਾਰੇ ਕੇਂਦਰ ਸਰਕਾਰ ਵੱਲੋਂ ਕੋਈ ਗੱਲ ਹੀ ਨਹੀਂ ਕੀਤੀ ਜਾ ਰਹੀ। ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਜਨਰਲ ਤੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਦਸਤਾਰ ਦਾ ਮੁੱਦਾ ਸੰਸਦ ਵਿਚ ਉਠਾਏ ਜਾਣ ਦੇ ਬਾਵਜੂਦ ਸਰਕਾਰ ਦੀ ਜਾਗ ਨਹੀਂ ਖੁੱਲ੍ਹੀ। ਉਨ੍ਹਾਂ ਕਿਹਾ ਕਿ ਸਰਕਾਰ ਹਰ ਵਾਰ ਸੰਸਦ ਵਿਚ ਭਰੋਸਾ ਦੇ ਦਿੰਦੀ ਹੈ ਪਰ ਅਮਲੀ ਤੌਰ ’ਤੇ ਕੀਤਾ ਕੁਝ ਨਹੀਂ ਜਾਂਦਾ।

# ਸਰਕਾਰ ਨੇ ਬਜਟ ’ਚ ਲੋਕਾਂ ਨਾਲ ਝੂਠ ਬੋਲਿਆ : ਮਨਪ੍ਰੀਤ



**ਗਿੱਦੜਬਾਹਾ:** ਸਾਬਕਾ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਬਜਟ ਨੂੰ ਸਚਾਈ ਦੇ ਆਧਾਰ ’ਤੇ ਤਿਆਰ ਕੀਤਾ ਜਾਣਾ ਚਾਹੀਦਾ ਹੈ ਪਰ ਅਫਸੋਸ ਪੰਜਾਬ ਸਰਕਾਰ ਵੱਲੋਂ ਜਾਰੀ 2011-2012 ਦਾ ਬਜਟ ਝੂਠ ਦਾ ਪੁਲੰਦਾ ਹੈ।

ਉਨ੍ਹਾਂ ਕਿਹਾ ਕਿ ਸਰਕਾਰ ਨੇ ਬਿਜਲੀ ਦੀ ਸਬਸਿਡੀ 3400 ਕਰੋੜ ਤੋਂ ਘਟਾ ਕੇ 3000 ਕਰੋੜ ਕੀਤੀ ਹੈ ਜਦੋਂਕਿ ਤੱਥਾਂ ਮੁਤਾਬਕ ਇਹ ਸਬਸਿਡੀ 4200 ਕਰੋੜ ਰੁਪਏ ਹੋਣੀ ਚਾਹੀਦੀ ਸੀ ਕਿਉਂਕਿ ਹਰ ਸਾਲ ਬਿਜਲੀ ਦੀ ਖਪਤ ਵਿੱਚ 15 ਤੋਂ 20 ਫੀਸਦੀ ਦਾ ਵਾਧਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਇਸ ਸਾਲ ਸਰਕਾਰ ਨੂੰ ਸਟੈਂਪ ਡਿਊਟੀ ਤੋਂ 2500 ਕਰੋੜ ਦੀ ਆਮਦਨ ਹੋਈ ਹੈ ਤੇ ਇਸ ਵਿਚ 1 ਫੀਸਦੀ ਦੀ ਕਟੌਤੀ ਬਾਅਦ ਸਰਕਾਰ ਨੇ ਸਟੈਂਪ ਡਿਊਟੀ ਤੋਂ ਆਮਦਨ ਦਾ ਟੀਚਾ 2900 ਕਰੋੜ ਰੱਖਿਆ ਹੈ। ਸਟੈਂਪ ਡਿਊਟੀ ਵਿਚ 1 ਫੀਸਦੀ ਦੀ ਕਟੌਤੀ ਤੋਂ ਬਾਅਦ ਇਹ ਆਮਦਨ 2500 ਕਰੋੜ ਤੋਂ ਵੀ ਘੱਟ ਜਾਵੇਗੀ।

ਉਨ੍ਹਾਂ ਕਿਹਾ ਕਿ ਹੋਰ ਸੂਬਿਆਂ ਖਾਸਕਰ ਬਿਹਾਰ ਦੀ ਜਨਤਾ ਵਾਂਗ ਹੁਣ ਡੂੰਘੀ ਨੀਂਦ ਸੁੱਤੇ ਪੰਜਾਬੀਆਂ ਨੂੰ ਵੀ ਜਾਗਣਾ ਪਵੇਗਾ ਤਾਂ ਜੋ 28 ਸੂਬਿਆਂ ਵਿਚੋਂ ਵਿਕਾਸ ਪੱਖੋਂ 26ਵੇਂ ਨੰਬਰ ’ਤੇ ਡਿੱਗ ਚੁੱਕੇ ਪੰਜਾਬ ਨੂੰ ਮੁੜ ਸਿਖਰਾਂ ’ਤੇ ਲਿਆਉਣ ਲਈ ਪੂਰਾ ਨਿਜ਼ਾਮ ਬਦਲਿਆ ਜਾ ਸਕੇ। ਉਨ੍ਹਾਂ ਦਾਅਵਾ ਕੀਤਾ ਕਿ 11 ਮਹੀਨਿਆਂ ਬਾਅਦ ਪੰਜਾਬ ਵਿਚ ਕਿਸੇ ਬੰਦੇ ਦਾ ਨਹੀਂ ਸਗੋਂ ਕੇਵਲ ਤੇ ਕੇਵਲ ਕਾਨੂੰਨ ਦਾ ਰਾਜ ਹੋਵੇਗਾ।

## ਸਰਕਾਰੀ ਜਾਇਦਾਦ ਗਹਿਣੇ ਰੱਖਣ ’ਤੇ ਰੋਕ

**ਚੰਡੀਗੜ੍ਹ:** ਆਰਥਿਕ ਮੰਦਹਾਲੀ ਨਾਲ ਦੋ ਹੱਥ ਕਰ ਰਹੀ ਪੰਜਾਬ ਸਰਕਾਰ ਹੁਣ ਕਰਜ਼ ਲੈਣ ਲਈ ਨਗਰ ਨਿਗਮਾਂ ਦੀ ਜ਼ਮੀਨ ਤੇ ਹੋਰ ਸੰਪਤੀ ਬੈਂਕਾਂ ਕੋਲ ਗਹਿਣੇ ਨਹੀਂ ਰੱਖ ਸਕੇਗੀ ਕਿਉਂਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਅਜਿਹੀ ਕਿਸੇ ਵੀ ਸੰਪਤੀ ਨੂੰ ਵੇਚਣ ਜਾਂ ਗਹਿਣੇ ਪਾਉਣ ’ਤੇ ਰੋਕ ਲਾ ਦਿੱਤੀ ਹੈ।

ਹਾਈ ਕੋਰਟ ਨੇ ਇਹ ਹੁਕਮ ਜਨਤਕ ਹਿੱਤ ਦੀ ਪਟੀਸ਼ਨ ਦੀ ਸੁਣਵਾਈ ਕਰਦਿਆਂ ਦਿੱਤਾ। ਪੰਜਾਬ ਸਰਕਾਰ ਫੰਡ ਜੁਟਾਉਣ ਲਈ ਪਾਰਕਾਂ, ਵਾਟਰ ਵਰਕਸਾਂ, ਜੇਲ੍ਹਾਂ, ਮੇਅਰ ਹਾਊਸਾਂ ਆਦਿ ਨੂੰ ਬੈਂਕਾਂ ਕੋਲ ਗਹਿਣੇ ਰੱਖਣ ਰੱਖਣਾ ਚਾਹੁੰਦੀ ਹੈ। ਚੀਫ਼ ਜਸਟਿਸ ਰੰਜਨ ਗੋਗੋਈ ਤੇ ਜਸਟਿਸ ਔਗਸਟੀਨ ਜਾਰਜ ਮਸੀਹ ’ਤੇ ਆਧਾਰਿਤ ਬੈਂਚ ਨੇ ਸਰਕਾਰ ਕੋਲੋਂ ਜਵਾਬ ਮੰਗਿਆ ਹੈ। ਜਲੰਧਰ ਤੋਂ ਸੁਨੀਤਾ ਰਿੰਕੂ ਤੇ ਤਿੰਨ ਹੋਰਾਂ ਨੇ ਪਟੀਸ਼ਨ ਰਾਹੀਂ ਕਿਹਾ ਹੈ ਕਿ ਅਜਿਹਾ ਕਰਨਾ ਸੰਵਿਧਾਨ ਦੀਆਂ ਵੱਖ-ਵੱਖ ਵਿਵਸਥਾਵਾਂ ਦੀ ਉਲੰਘਣਾ ਹੈ।

# ਕੈਨੇਡਾ ਤੋਂ ਪਰਤੇ ਪਤੀ ਵੱਲੋਂ ਪਤਨੀ ਦਾ ਕਤਲ

**ਹੁਸ਼ਿਆਰਪੁਰ:** ਜ਼ਿਲ੍ਹੇ ਦੇ ਪਿੰਡ ਰਾਏਪੁਰ ’ਚ ਕੈਨੇਡਾ ਤੋਂ ਪਰਿਵਾਰ ਸਮੇਤ ਪਰਤੇ ਵਿਅਕਤੀ ਨੇ ਆਪਣੀ ਪਤਨੀ ਦਾ ਕਤਲ ਕਰ ਦਿੱਤਾ ਤੇ ਆਪਣੇ ਸੁੱਤੇ ਪਏ ਲੜਕੇ ਨੂੰ ਤੇਜ਼ਧਾਰ ਹਥਿਆਰ ਨਾਲ ਜਾਨੋਂ ਮਾਰਨ ਦੀ ਕੋਸ਼ਿਸ਼ ਕੀਤੀ। ਪੁਲਿਸ ਨੇ ਗੁਰਵਿੰਦਰ ਸਿੰਘ ਨਾਂ ਦੇ ਇਸ ਮੁਲਜ਼ਮ ਨੂੰ ਗ੍ਰਿਫਤਾਰ ਕਰ ਲਿਆ ਹੈ ਜਿਸ ਨੇ ਆਪਣਾ ਗੁਨਾਹ ਕਬੂਲ ਕਰ ਲਿਆ ਹੈ। ਪਿੰਡ ਰਾਏਪੁਰ ਦਾ ਗੁਰਦਿਆਲ ਸਿੰਘ ਆਪਣੇ ਲੜਕੇ ਗੁਰਵਿੰਦਰ ਸਿੰਘ ਦਾ ਵਿਆਹ ਕਰਨ ਕੈਨੇਡਾ ਕੈਲਗਰੀ ਤੋਂ ਪਿੰਡ ਆਇਆ ਸੀ।

ਪੁਲਿਸ ਅਨੁਸਾਰ ਗੁਰਦਿਆਲ ਸਿੰਘ ਨੇ 16 ਮਾਰਚ ਨੂੰ ਸਵੇਰੇ ਤੇਜ਼ਧਾਰ ਹਥਿਆਰ ਨਾਲ ਆਪਣੀ ਪਤਨੀ ਦਾ ਕਤਲ ਕਰਕੇ ਉਸਦੀ ਲਾਸ਼ ਨੂੰ ਬੈਡ ਥੱਲੇ ਰੱਖ ਦਿੱਤਾ ਤੇ ਬਾਅਦ ਵਿਚ ਆਪਣੇ ਛੋਟੇ ਲੜਕੇ ਗੁਰਵਿੰਦਰ ਸਿੰਘ ਨੂੰ ਮੋਟਰਸਾਈਕਲ ’ਤੇ ਘਰ ਤੋਂ ਥੋੜ੍ਹਾ ਬਾਹਰ ਲਿਜਾ ਕੇ ਗੁਰਦਿਆਲ ਸਿੰਘ ਨੇ ਕਿਹਾ ਕਿ ਤੂੰ ਇੱਥੇ ਹੀ ਰੁਕ ਤੇ ਮੈਂ ਘਰੋਂ ਕੋਈ ਚਾਬੀ ਲੈ ਕੇ ਆਉਂਦਾ ਹਾਂ। ਜਿਸ ਨੇ ਫਿਰ ਦੁਬਾਰਾ ਘਰ ਜਾ ਕੇ ਆਪਣੇ ਵੱਡੇ ਲੜਕੇ ਕਮਲਜੀਤ ਸਿੰਘ ਜੋ ਆਪਣੇ ਕਮਰੇ ਵਿਚ ਪਤਨੀ ਤੇ ਛੋਟੀ ਲੜਕੀ ਨਾਲ ਸੁੱਤਾ ਸੀ ’ਤੇ ਹਥਿਆਰ ਨਾਲ ਹਮਲਾ ਕਰਕੇ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ।

ਘਟਨਾ ਦੇ ਵਾਪਰਨ ’ਤੇ ਦੋਵਾਂ ਨੂੰਹਾਂ ਗੁਰਕਮਲ ਕੌਰ ਤੇ ਸਤਵੀਰ ਕੌਰ ਨੇ ਰੌਲਾ ਪਾਇਆ ਤੇ ਗੁਰਦਿਆਲ ਸਿੰਘ ਘਰੋਂ ਫ਼ਰਾਰ ਹੋ ਗਿਆ। ਜਦ ਪਰਿਵਾਰਕ ਮੈਂਬਰਾਂ ਤੇ ਆਂਢ-ਗੁਆਂਢ ਦੇ ਲੋਕਾਂ ਨੇ ਆ ਕੇ ਗੁਰਦਿਆਲ ਸਿੰਘ ਦਾ ਕਮਰਾ ਖੋਲ੍ਹ ਕੇ ਦੇਖਿਆ ਤਾਂ ਉਥੇ ਉਸ ਦੀ ਪਤਨੀ ਦੀ ਲਾਸ਼ ਬੈੱਡ ਥੱਲੇ ਪਈ ਮਿਲੀ। ਮੁਢਲੀ ਪੁੱਛਗਿੱਛ ਦੌਰਾਨ ਪਰਵਾਸੀ ਭਾਰਤੀ ਗੁਰਦਿਆਲ ਸਿੰਘ ਨੇ ਪੁਲਿਸ ਨੂੰ ਦੱਸਿਆ ਕਿ ਉਸ ਦਾ ਪਰਿਵਾਰ ਉਸ ਨਾਲ ਭੈੜਾ ਵਰਤਾਓ ਕਰਦਾ ਸੀ ਜਦੋਂ ਕਿ ਉਸ ਨੇ ਆਪਣੇ ਲੜਕਿਆਂ ਨੂੰ ਸੈਟਲ ਕਰਨ ਲਈ ਰੱਜ ਕੇ ਮਿਹਨਤ ਕੀਤੀ ਤੇ ਜ਼ਮੀਨ ਜਾਇਦਾਦ ਵੀ ਵੇਚ ਦਿੱਤੀ। ਗੁਰਦਿਆਲ ਸਿੰਘ ਅਨੁਸਾਰ ਉਸ ਦੀ ਪਤਨੀ ਤੇ ਲੜਕੇ ਹੁਣ ਰਹਿੰਦੀ ਜ਼ਮੀਨ ਵੀ ਵੇਚਣ ਲਈ ਦਬਾਅ ਪਾ ਰਹੇ ਸਨ। ਪੁਲਿਸ ਅਨੁਸਾਰ ਮੁਲਜ਼ਮ ਨੇ ਆਪਣੇ ਜੁਰਮ ਨੂੰ ਕਬੂਲ ਕਰ ਲਿਆ ਹੈ ਜਿਸ ਨੂੰ ਅਦਾਲਤ ਵਿਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਗਿਆ।


ਯੂਬਾ ਸਿਟੀ ਵਿਚ ਤੁਹਾਡੀ ਆਪਣੀ
ਟਾਇਰ ਅਤੇ ਆਟੋ ਰਿਪੇਅਰ ਸ਼ਾਪ

**Lucky Tire & Auto Repair**

ਤੁਹਾਡੀ ਸੇਵਾ ਲਈ
ਦੋ ਲੋਕੇਸ਼ਨਾਂ
*909 Garden Hwy*
*660 Culussa Hwy*




ਟਾਇਰ ਸਪੈਸ਼ਲ $99/-

ਆਇਲ ਚੇਂਜ਼ ਸਪੈਸ਼ਲ $24.99+ਲੇਬਰ ਅਤੇ ਡਿਸਪੋਜ਼ਲ ਫੀਸ

ਫਰੰਟ ਐਕਸਲ ਬਰੇਕ ਜਾਬ ਸਪੈਸ਼ਲ $44.95 (ਸਿਰਫ਼ ਲੇਬਰ)

ਟਿਊਨ ਅਪ ਸਪੈਸ਼ਲ $79.99 (ਬੇਸਿਕ ਕਾਰ)

ਫੋਨ:530-755-4037, 530-673-4001

**Law Offices of Gill & Heridis**

**Immigration Services**
- Family Petitions
- Marriage Petitions
- Fiance Visas
- Vawa Petitions
- Consular Processing
- Worker Visas

- 9th Circuit Appeals
- BIA Appeals
- Removal Defense
- Asylum

**Personal Injury**
- Auto Collision



*Bhupinder Gill*
*Attorney at Law*
*(Admitted in CA)*

*Call for free initial consultation*

**(408) 736-5203, (408) 940-6065**

Email: gill@ghfirm.com Web: www.ghfirm.com

830 Stewart Drive, Suite#231, Sunnyvale, CA 94085

ATM's & Credit Card Terminals at Lowest Prices! No Hidden Fees.

Merchant Accounts-Grocery, Motels, Limos/Taxis, Gas stations.

Credit card terminals -Verifone, Hypercom...

Transfer existing CC processing to us for lower rates.


*99% approved same day.* We specialize in high risk businesses.

ATMs – TRANAX/TRITON/WRG, starting at $69/mo.*
*(Perfect for retail stores, hotels, gas stations, etc.)*

*Need Money?* We provide cash advance against credit card processing with NO collateral or personal guarantee.

Online Data Corp. is a registered ISO/MSP of Wells Fargo Bank N.A.
*Credit restrictions apply.

Call SAGAR HANDA at: 773-416-8526
or 773-935-VISA, SagarATM@yahoo.com




www.GoldCoastATM.com

ਪੰਜਾਬ ਟਾਈਮਜ਼

*ਸਨਿਚਰਵਾਰ, 26 ਮਾਰਚ 2011*

## ਵਿਰਾਸਤ ਦੀ ਵਿਕਰੀ

ਅੰਮ੍ਰਿਤਸਰ ਦੇ ਇਤਿਹਾਸਕ ਖਾਲਸਾ ਕਾਲਜ ਨੂੰ ਯੂਨੀਵਰਸਿਟੀ ਵਿਚ ਤਬਦੀਲ ਕਰਨ ਅਤੇ ਇਸ ਨੂੰ ਪ੍ਰਾਈਵੇਟ ਹੱਥਾਂ ਵਿਚ ਸੌਂਪਣ ਦਾ ਮਾਮਲਾ ਹੁਣ ਸਿਆਸੀ ਪਿੜ ਵਿਚ ਪੁੱਜ ਗਿਆ ਹੈ। ਇਸ ਬਾਰੇ ਪੰਜਾਬ ਵਿਧਾਨ ਸਭ ਵਿਚ ਵੀ ਹੰਗਾਮਾ ਹੋਇਆ। ਮੀਡੀਆ ਵਿਚ ਵੀ ਤਿੱਖੀ ਚਰਚਾ ਚੱਲ ਰਹੀ ਹੈ। ਦੋਵੇਂ ਧਿਰਾਂ ਆਪੋ-ਆਪਣੇ ਪੱਖ ਪੇਸ਼ ਕਰਨ ਲਈ ਟਿੱਲ ਲਾ ਰਹੀਆਂ ਹਨ। ਖਾਲਸਾ ਕਾਲਜ ਨੂੰ ਯੂਨੀਵਰਸਿਟੀ ਬਣਾਉਣ ਦੇ ਫ਼ੈਸਲੇ ਦੀ ਪੈਰਵੀ ਕਰਨ ਵਾਲਿਆਂ ਦਾ ਤਰਕ ਹੈ ਕਿ ਖਾਲਸਾ ਕਾਲਜ ਨੂੰ ਯੂਨੀਵਰਸਿਟੀ ਦਾ ਰੁਤਬਾ ਦਿਵਾਉਣ ਦਾ ਸੁਪਨਾ ਅੱਜ ਦਾ ਨਹੀਂ ਸਗੋਂ 1920 ਦਾ ਹੈ। ਇਹ ਸੁਪਨਾ ਹੁਣ ਤਕਰੀਬਨ ਇਕ ਸਦੀ ਬਾਅਦ ਪੂਰਾ ਹੋ ਰਿਹਾ ਹੈ। ਇਸ ਸਬੰਧੀ ਖਾਲਸਾ ਕਾਲਜ ਗਵਰਨਿੰਗ ਕੌਂਸਲ ਵੱਲੋਂ ਵੱਖ-ਵੱਖ ਸਮਿਆਂ 'ਤੇ ਪਾਸ ਕੀਤੇ ਮਤਿਆਂ ਦੇ ਹਵਾਲੇ ਦਿੱਤੇ ਜਾ ਰਹੇ ਹਨ। ਕਿਹਾ ਜਾ ਰਿਹਾ ਹੈ ਕਿ ਪੰਜਾਬ ਸਰਕਾਰ ਨੇ ਪਿਛਲੇ ਸਾਲ ਸੂਬਾਈ ਪ੍ਰਾਈਵੇਟ ਯੂਨੀਵਰਸਿਟੀ ਨੀਤੀ ਬਣਾਈ ਤਾਂ ਉਸ ਵੇਲੇ ਖਾਲਸਾ ਕਾਲਜ ਨੂੰ ਯੂਨੀਵਰਸਿਟੀ ਬਣਾਉਣ ਲਈ ਬਾਕਾਇਦਾ ਅਰਜ਼ੀ ਦਿੱਤੀ ਗਈ ਸੀ। ਇਸ ਅਰਜ਼ੀ ਉਤੇ ਹੀ ਹੁਣ ਅਮਲ ਹੋ ਰਿਹਾ ਹੈ।

ਉਂਜ, ਦੇਖਿਆ ਜਾਵੇ ਤਾਂ ਖਾਲਸਾ ਕਾਲਜ ਨੂੰ ਯੂਨੀਵਰਸਿਟੀ ਬਣਾਉਣ ਦਾ ਐਲਾਨ ਕੋਈ ਵਿਕੋਲਿਤਰਾ ਜਾਂ ਇਕੱਲਾ-ਇਕਹਿਰਾ ਫ਼ੈਸਲਾ ਨਹੀਂ ਹੈ। ਇਸ ਲੜੀ ਦੀਆਂ ਕੜੀਆਂ ਉਨ੍ਹਾਂ ਨੀਤੀਆਂ ਨਾਲ ਜੁੜੀਆਂ ਹੋਈਆਂ ਹਨ ਜੋ 1991 ਵਿਚ ਦੇਸ਼ਵਿਆਪੀ ਆਰਥਿਕ ਸੁਧਾਰਾਂ ਲਈ ਤੈਅ ਕੀਤੀਆਂ ਗਈਆਂ ਸਨ। ਇਨ੍ਹਾਂ ਨੀਤੀਆਂ ਦਾ ਖਾਸਾ ਪ੍ਰਾਈਵੇਟ ਪੂੰਜੀਨਿਵੇਸ਼ ਨੂੰ ਹੱਲਾਸ਼ੇਰੀ ਦੇਣਾ ਹੈ। ਇਨ੍ਹਾਂ ਦਾ ਸਬੰਧ ਕਿਸੇ ਪਾਰਟੀ ਵਿਸ਼ੇਸ਼ ਨਾਲ ਨਹੀਂ ਸਗੋਂ ਸੱਤਾ ਨਾਲ ਹੈ। ਇਸੇ ਕਰਕੇ ਵੱਖ-ਵੱਖ ਸਰਕਾਰਾਂ ਵੇਲੇ ਵੀ ਇਹ ਨੀਤੀਆਂ ਨਿਰਵਿਘਨ ਚੱਲ ਰਹੀਆਂ ਹਨ। ਇਨ੍ਹਾਂ ਨੀਤੀਆਂ ਦਾ ਵੱਡਾ ਮਾੜਾ ਪੱਖ ਇਹੀ ਹੈ ਕਿ ਸੱਤਾਧਾਰੀ ਪਾਰਟੀ, ਲੋਕਾਂ ਦੀ ਮਲਕੀਅਤ ਅਤੇ ਵਿਰਾਸਤ ਨੂੰ ਭੰਗ ਦੇ ਭਾੜੇ ਆਪਣੇ ਚਹੇਤਿਆਂ ਨੂੰ ਸੌਂਪ ਦਿੰਦੀ ਹੈ। ਹੁਣ ਸਿੱਖਿਆ ਦੇ ਖੇਤਰ ਵਿਚ ਨਿਰੋਲ ਵਪਾਰ ਮੁਖੀ ਧਿਰਾਂ ਅੱਗੇ ਆ ਰਹੀਆਂ ਹਨ। ਪੰਜਾਬ ਵਿਚ ਜਦੋਂ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸੀ ਤਾਂ ਉਨ੍ਹਾਂ ਜਲੰਧਰ ਦੇ ਇਕ ਮਸ਼ਹੂਰ ਹਲਵਾਈ ਨੂੰ ਆਪਣੀ ਪ੍ਰਾਈਵੇਟ ਯੂਨੀਵਰਸਿਟੀ ਖੋਲ੍ਹਣ ਦੀ ਆਗਿਆ ਦਿੱਤੀ ਸੀ। ਹੁਣ ਸ. ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਨੇ ਖਾਲਸਾ ਕਾਲਜ ਨੂੰ ਯੂਨੀਵਰਸਿਟੀ ਬਣਾਉਣ ਦਾ ਐਲਾਨ ਕੀਤਾ ਹੈ। ਪਹਿਲੀ ਨਜ਼ਰੇ ਇਹ ਫ਼ੈਸਲਾ ਬੜਾ ਤਰੱਕੀਪਸੰਦ ਜਾਪਦਾ ਹੈ ਪਰ ਇਸ ਨੂੰ ਰਤਾ ਕੁ ਛਿਲ-ਕੁਰੇਦ ਕੇ ਦੇਖੀਏ ਤਾਂ ਇਸ ਦੇ ਅਸਲ ਅਰਥ ਸਾਹਮਣੇ ਆਉਂਦੇ ਹਨ। ਇਹ ਕੋਈ ਇਤਫ਼ਾਕ ਨਹੀਂ ਹੈ ਕਿ ਇਸ ਵੇਲੇ ਖਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਮੁਖੀ ਸੱਤਿਆਜੀਤ ਸਿੰਘ ਮਜੀਠੀਆ ਹਨ ਜੋ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਸਾਲੇ ਬਿਕਰਮ ਸਿੰਘ ਮਜੀਠੀਆ ਦੇ ਪਿਤਾ ਹਨ। ਬਣਾਈਆਂ ਗਈਆਂ ਨੀਤੀਆਂ ਮੁਤਾਬਕ ਗਵਰਨਿੰਗ ਕੌਂਸਲ ਦਾ ਮੁਖੀ ਹੀ ਨਵੀਂ ਯੂਨੀਵਰਸਿਟੀ ਦਾ ਮੁਖੀ ਵੀ ਹੋਵੇਗਾ।

ਖਾਲਸਾ ਕਾਲਜ ਨੂੰ ਯੂਨੀਵਰਸਟੀ ਬਣਾਉਣ ਦੇ ਅਮਲ ਨਾਲ ਕਈ ਹੋਰ ਪੱਖ ਜੁੜੇ ਹੋਏ ਹਨ ਜਿਨ੍ਹਾਂ ਦੀ ਤਹਿ ਤੱਕ ਜਾਣ ਨਾਲ ਸਮੇਂ ਦੀਆਂ ਸਰਕਾਰਾਂ ਦੇ ਖਾਸੇ ਬਾਰੇ ਚਾਨਣਾ ਪੈ ਸਕਦਾ ਹੈ। ਸਭ ਤੋਂ ਪਹਿਲਾ, ਅਹਿਮ ਅਤੇ ਆਮ ਲੋਕਾਂ ਨਾਲ ਜੁੜਿਆ ਪੱਖ ਬੱਚਿਆਂ ਦੀ ਸਿੱਖਿਆ ਦਾ ਹੈ। 1991 ਵਿਚ ਡਾ. ਮਨਮੋਹਨ ਸਿੰਘ ਦੀ ਅਗਵਾਈ ਵਿਚ ਸ਼ੁਰੂ ਹੋਈਆਂ ਆਰਥਿਕ ਨੀਤੀਆਂ ਦੇ ਸਿੱਟੇ ਹੁਣ ਦੋ ਦਹਾਕਿਆਂ ਬਾਅਦ ਨਿਕਲਣੇ ਸ਼ੁਰੂ ਹੋਏ ਹਨ। ਆਮ ਲੋਕ ਬੁਨਿਆਦੀ ਸਹੂਲਤਾਂ ਤੋਂ ਲਗਾਤਾਰ ਵਾਂਝੇ ਹੋ ਰਹੇ ਹਨ। ਸਿਹਤ ਦੇ ਖੇਤਰ ਦੀ ਵਾਗਡੋਰ ਹੌਲੀ-ਹੌਲੀ ਪ੍ਰਾਈਵੇਟ ਅਦਾਰਿਆਂ ਦੇ ਹੱਥ ਫੜਾ ਦਿੱਤੀ ਗਈ। ਹੁਣ ਸਿੱਖਿਆ ਦੇ ਖੇਤਰ ਦੀ ਵਾਰੀ ਹੈ। ਪ੍ਰਾਈਵੇਟ ਸਿੱਖਿਆ ਦੇ ਤਾਣੇ-ਬਾਣੇ ਨੇ ਸਮਾਜ ਦੇ ਲੋੜਵੰਦ ਤਬਕਿਆਂ 'ਤੇ ਸਿੱਧਾ ਅਸਰ ਪਾਇਆ ਹੈ। ਉਚ-ਸਿੱਖਿਆ ਦੀਆਂ ਸੰਸਥਾਵਾਂ ਬਾਰੇ ਸਰਵੇਖਣ ਦੱਸਦਾ ਹੈ ਕਿ ਇਨ੍ਹਾਂ ਵਿਚ ਆਮ ਵਿਦਿਆਰਥੀਆਂ ਦਾ ਪਹੁੰਚਣਾ ਅਸੰਭਵ ਹੀ ਹੋ ਗਿਆ ਹੈ। ਦੋ ਦਹਾਕਿਆਂ ਵਿਚ ਫੀਸਾਂ ਵਿਚ ਹੋਏ ਅਥਾਹ ਵਾਧੇ ਨੇ ਇਨ੍ਹਾਂ ਆਮ ਵਿਦਿਆਰਥੀਆਂ ਦਾ ਰਾਹ ਰੋਕ ਲਿਆ ਹੈ। ਆਮ ਵਿਦਿਆਰਥੀਆਂ ਵਿਚ ਬਹੁਤੇ ਉਹ ਹਨ ਜਿਨ੍ਹਾਂ ਦਾ ਪਿਛੋਕੜ ਪੇਂਡੂ ਹੈ। ਇਉਂ ਚੁਪ-ਚੁਪੀਤੇ ਹੀ ਸਮਾਜ ਦਾ ਇਹ ਹਿੱਸਾ ਵਿਕਾਸ ਦੀ ਦੌੜ ਵਿਚੋਂ ਬਾਹਰ ਕੱਢ ਦਿੱਤਾ ਗਿਆ ਹੈ।

ਨਵੇਂ ਫ਼ੈਸਲੇ ਵਿਚ ਵਿਰਾਸਤ ਦੇ ਪੱਖ ਨੂੰ ਬਿਲਕੁੱਲ ਮਨਫੀ ਕਰ ਦਿੱਤਾ ਗਿਆ ਹੈ। ਖਾਲਸਾ ਕਾਲਜ ਦਾ ਆਪਣਾ ਇਤਿਹਾਸ ਹੈ। ਇਸ ਇਤਿਹਾਸ ਦੀ ਸੰਭਾਲ ਸਮੇਂ ਦੀ ਸਰਕਾਰ ਦਾ ਜ਼ਿੰਮਾ ਬਣਦਾ ਹੈ। ਸੰਸਾਰ ਭਰ ਦੇ ਅਕਲਮੰਦ ਆਪਣੀ ਵਿਰਾਸਤ ਨੂੰ ਸੰਭਾਲਣ ਦੇ ਆਹਰੇ ਲੱਗੇ ਹੋਏ ਹਨ, ਦੂਜੇ ਬੰਨੇ ਪੰਜਾਬ ਵਿਚ ਵਿਰਾਸਤ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ। ਇਸ ਤੋਂ ਪਹਿਲਾਂ ਖਾਲਸੇ ਦੀ ਜਨਮਭੂਮੀ ਆਨੰਦਪੁਰ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਨਾਲ ਸਬੰਧਤ ਥਾਂਵਾਂ ਦੀ ਕੁਦਰਤੀ ਦਿੱਖ ਨੂੰ ਉਸੇ ਰੂਪ ਵਿਚ ਸਾਂਭਣ ਦੀ ਥਾਂ ਉਥੇ ਕੰਕਰੀਟ ਦੇ ਜੰਗਲ ਦੀ ਉਸਾਰੀ ਆਰੰਭ ਕਰ ਦਿੱਤੀ ਗਈ। ਕਾਰ ਸੇਵਾ ਵਾਲੇ ਬਾਬਿਆਂ ਨੇ ਵੀ ਕੋਈ ਘੱਟ ਨਹੀਂ ਗੁਜ਼ਾਰੀ। ਵਿਰਾਸਤ ਨੂੰ ਮਲੀਆਮੇਟ ਕਰਨ ਲਈ ਲੋਕਾਂ ਦੇ ਕਰੋੜਾਂ ਰੁਪਏ ਬਰਬਾਦ ਕਰ ਦਿੱਤੇ। ਸ਼ਹੀਦ ਭਗਤ ਸਿੰਘ ਦੇ ਪਿੰਡ ਉਸ ਦੇ ਜੱਦੀ ਘਰ ਨੂੰ ਸਾਂਭਣ ਦੀ ਥਾਂ ਘਰ ਦੀ ਬਾਹਰਲੀ ਕੰਧ ਢਾਹ ਕੇ ਨਵੀਂ ਬਣਾਈ ਪਾਰਕ ਵਿਚ ਮਿਲਾ ਦਿੱਤੀ ਗਈ। ਘਰ ਵਿਚ ਲੱਗਾ ਖੂਹ ਪੂਰ ਦਿੱਤਾ ਗਿਆ। ਸੰਸਾਰ ਭਰ ਵਿਚ ਵਿਰਾਸਤ ਨਾਲ ਇਸ ਤਰ੍ਹਾਂ ਦਾ ਖਿਲਵਾੜ ਕਿਤੇ ਨਹੀਂ ਹੋਇਆ ਹੋਣਾ। ਬਣਦਾ ਧਿਆਨ ਨਾ ਦੇਣ ਕਾਰਨ ਬਹੁਤ ਸਾਰੀਆਂ ਇਤਿਹਾਸਕ ਥਾਂਵਾਂ ਦੇ ਨਿਸ਼ਾਨ ਮਿਟ ਰਹੇ ਹਨ। ਹੁਣ ਵਾਅਦਾ ਤਾਂ ਇਹ ਕੀਤਾ ਜਾ ਰਿਹਾ ਹੈ ਕਿ ਖਾਲਸਾ ਕਾਲਜ ਦੀ ਪੁਰਾਣੀ ਇਮਾਰਤ ਨੂੰ ਜਿਉਂ ਦੀ ਤਿਉਂ ਰੱਖਿਆ ਜਾਵੇਗਾ। ਕਾਲਜ ਦੇ ਮੁਲਾਜ਼ਮਾਂ ਨੂੰ ਵੀ ਭਰੋਸਾ ਦਿੱਤਾ ਹੈ ਕਿ ਉਨ੍ਹਾਂ ਦੀਆਂ ਨੌਕਰੀਆਂ ਨੂੰ ਕੋਈ ਨੁਕਸਾਨ ਨਹੀਂ ਪੁੱਜੇਗਾ। ਫੀਸਾਂ ਵਿਚ ਕੋਈ ਖਾਸ ਵਾਧਾ ਨਹੀਂ ਹੋਵੇਗਾ ਪਰ ਪਿਛਾਂਹ ਨਿਗ੍ਹਾ ਮਾਰੀਏ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਇਨ੍ਹਾਂ ਵਾਅਦਿਆਂ ਦਾ ਕੋਈ ਮੁੱਲ ਨਹੀਂ ਹੈ ਕਿਉਂਕਿ ਹੁਣ ਫ਼ੈਸਲਿਆਂ ਵੇਲੇ ਸਾਰਾ ਧਿਆਨ 'ਧਰਮ' ਵੱਲ ਨਹੀਂ, 'ਧੜੇ' ਵੱਲ ਹੁੰਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਮਾਡਰਨ ਬੁੱਢੜ-ਗੱਭਰੂ !*

ਪਿੱਛਾ ਦੂਰ ਤੇ ਅੱਗਾ ਜਦ ਦਿਸੇ ਨੇੜੇ, ਪੈਣੀ ਚਾਹੀਦੀ ਨੱਥ ਨਾਦਾਨੀਆਂ ਨੂੰ।
ਧੌਲੇ ਆਏ ਤੇ ਮੂੰਹ ਵਿਚ ਦੰਦ ਨਕਲੀ, ਫਿਰ ਵੀ ਤਿਆਗਦਾ ਨਹੀਂ ਗਲਤਾਨੀਆਂ ਨੂੰ
ਬਣੀਏ ਨੱਢੀਆਂ ਵਾਲਾ ਨੂੰ ਡਾਈ ਕਰਕੇ, ਸ਼ੌਕ ਉਠਦਾ ਦਾਦੀਆਂ ਨਾਨੀਆਂ ਨੂੰ।
ਇਸ਼ਕ ਮੁਸ਼ਕ ਦੇ ਗੀਤ ਹੀ ਲਿਖੀ ਜਾਵਣ, ਕਾਮ ਭੂਤਨਾ ਚੜ੍ਹ ਗਿਆ ਕਾਨੀਆਂ ਨੂੰ।
ਬੇ-ਹਯਾਈ ਦਾ ਸੂਕਦਾ ਨਾਗ ਕਾਲਾ, ਫਿਰਦਾ ਡੰਗਦਾ ਦਾਨੀਆਂ ਸਾਨੀਆਂ ਨੂੰ।
ਧੀਏ, ਭੈਣੇ ਜਾਂ ਬੀਬੀ ਜੀ ਕਹਿਣ ਦੀ ਥਾਂ, ਲਕਬ 'ਹੀਰ' ਦਾ ਦਿੰਦੇ ਬਿਗਾਨੀਆਂ ਨੂੰ!

# ਪਰਵਾਸ ਦਾ ਸਿਲਸਿਲਾ ਤੇ ਯੂਟਾ ਦਾ ਬਿਲ

**ਯੂਟਾ ਸੂਬੇ ਦੀ ਵਿਧਾਨ ਸਭਾ ਨੇ ਬਿੱਲ ਪਾਸ ਕੀਤਾ ਹੈ ਜਿਸ ਤਹਿਤ ਗੈਰ-ਕਾਨੂੰਨੀ (ਕੱਚੇ) ਪਰਵਾਸੀ ਵੀ ਪੱਕੇ ਪਰਵਾਸੀਆਂ ਵਾਂਗ ਕੰਮ ਕਰ ਸਕਣਗੇ। ਇਸ ਲਈ ਰਾਜ ਸਰਕਾਰ ਉਨ੍ਹਾਂ ਨੂੰ ਕੰਮ ਕਰਨ ਦੀ ਆਗਿਆ ਦੇਣ ਵਾਲੇ ਪੇਪਰ (ਵਰਕ ਪਰਮਿਟ) ਜਾਰੀ ਕਰੇਗੀ। ਇਸ ਲਈ ਕੱਚੇ ਪਰਵਾਸੀਆਂ ਦੀ ਸ਼ਨਾਖ਼ਤ ਕੀਤੀ ਜਾਵੇਗੀ ਕਿ ਕਿਧਰੇ ਉਨ੍ਹਾਂ ਕੋਈ ਜੁਰਮ ਤਾਂ ਨਹੀਂ ਕੀਤਾ। ਸਾਫ਼-ਸੁਥਰੇ ਆਚਰਣ ਵਾਲੇ ਕੱਚੇ ਕਾਮੇ 2500 ਡਾਲਰ ਜੁਰਮਾਨਾ ਦੇ ਕੇ ਵਰਕ ਪਰਮਿਟ ਲੈ ਸਕਣਗੇ।**

**ਹਰਜਿੰਦਰ ਦੁਸਾਂਝ**

ਡਾਰਵਿਨ ਦੇ 'ਜੀਵ ਉਤਪਤੀ' ਸਿਧਾਂਤ ਨਾਲ ਸਹਿਮਤ ਲੋਕ ਸਮਝ ਜਾਣਗੇ ਕਿ ਜੀਵਾਂ ਦੇ ਪਰਵਾਸ ਦੀ ਕਹਾਣੀ ਵੀ ਉਦੋਂ ਹੀ ਸ਼ੁਰੂ ਹੋ ਗਈ ਸੀ, ਜਦੋਂ ਖਾਸ ਭੌਤਿਕ ਹਾਲਾਤ ਰਸਾਇਣਕ ਕਿਰਿਆ ਤੇ ਪ੍ਰਕਿਰਿਆ ਤੋਂ ਪੈਦਾ ਹੋਏ ਖਮੀਰ ਤੋਂ ਜੀਵ ਬਨਸਪਤੀ ਮੌਲਣ ਅਤੇ ਵਿਗਸਣ ਲੱਗੀ ਸੀ। ਪਾਣੀ 'ਚੋਂ ਨਿਕਲ ਕੇ ਰੀਂਗਣ ਵਾਲੇ ਜੀਵਾਂ ਦੇ ਵਿਕਾਸ ਨੂੰ ਪਾਣੀ ਤੋਂ ਧਰਤੀ ਵੱਲ ਹੋਇਆ ਪਹਿਲਾ ਪਰਵਾਸ ਵੀ ਕਿਹਾ ਜਾ ਸਕਦਾ ਹੈ। ਕੀੜੇ-ਮਕੌੜਿਆਂ ਤੋਂ ਲੈ ਕੇ ਆਧੁਨਿਕ ਮਨੁੱਖ ਵਿਚ ਪਰਵਾਸ ਦਾ ਵੇਗ ਲਗਾਤਾਰ ਤੁਰਿਆ ਆ ਰਿਹਾ ਹੈ। ਪੰਜ ਕੁ ਸੌ ਸਾਲ ਪਹਿਲਾਂ ਮਨੁੱਖ ਪਾਣੀਆਂ ਵਿਚ ਹੋਰ ਧਰਤੀਆਂ ਲੱਭਦਾ ਫਿਰਦਾ ਸੀ ਅਤੇ ਅੱਜ ਦਾ ਅਤਿ ਆਧੁਨਿਕ ਮਨੁੱਖ ਪਰਵਾਸ ਲਈ ਹੋਰ ਧਰਤੀਆਂ ਲੱਭਣ ਲਈ ਦੂਰਬੀਨਾਂ ਅਤੇ ਰਾਕਟਾਂ ਨਾਲ ਅਕਾਸ਼-ਪਤਾਲ ਫਰੋਲਣ ਲੱਗਾ ਹੋਇਆ ਹੈ।

ਕਿਸੇ ਇਕ ਬਿੰਦੂ ਤੋਂ ਸ਼ੁਰੂ ਹੋਈ ਮਨੁੱਖੀ ਜ਼ਿੰਦਗੀ ਪਰਵਾਸ ਨੇ ਪੂਰੀ ਦੁਨੀਆਂ 'ਚ ਬਿਖੇਰ ਦਿੱਤੀ। ਪਰਵਾਸ ਦੌਰਾਨ ਮਿਲੇ ਭੂਗੋਲਿਕ ਵਖਰੇਵੇਂ ਨੇ ਮਨੁੱਖੀ ਨਸਲ ਦੀ ਬਣਤਰ (ਰੰਗ-ਰੂਪ, ਨੈਣ ਨਕਸ਼ ਤੇ ਕੱਦ-ਕਾਠ) ਵਿਚ ਵੀ ਵਖਰੇਵਾਂ ਪਾ ਦਿੱਤਾ। ਸਭ ਲਈ ਤੇ ਸੌਖਾ ਖਾਣਾ ਲੱਭਣ ਅਤੇ ਪੈਦਾ ਕਰਨ ਵਾਲੀ ਮਨੁੱਖੀ ਸੋਚ ਨੇ ਸਮਾਜ ਸਿਰਜਿਆ। ਫਿਰ ਵੱਧ ਤੋਂ ਵੱਧ ਖਾਣਾ ਇਕੱਠਾ ਕਰਨ ਦੀ ਇੱਛਾ ਪ੍ਰਬਲ ਹੋਣ ਲੱਗੀ ਅਤੇ ਮਨੁੱਖ ਨੇ ਧਰਤੀ ਕਬੀਲਿਆਂ ਅਤੇ ਧੜਿਆਂ 'ਚ ਵੰਡ ਦਿੱਤੀ। ਧਰਤੀ 'ਤੇ ਆਪੋ-ਆਪਣੀਆਂ ਹੱਦਾਂ ਮਿੱਥ ਲਈਆਂ। ਹੱਦਾਂ ਵਧਾਉਣ ਲਈ ਜੰਗਾਂ ਹੋਣ ਲਗੀਆਂ। ਇਕ-ਦੂਜੇ ਦੇ ਅਧਿਕਾਰ ਖੇਤਰ ਵਿਚ ਆਉਣ 'ਤੇ ਪਾਬੰਦੀਆਂ ਲੱਗਣ ਲੱਗੀਆਂ।

ਜੇਕਰ ਪਰਵਾਸ ਦੇ ਆਧੁਨਿਕ ਅਰਥਾਂ ਵਿਚ ਮਨੁੱਖ ਦੇ ਇਕ ਥਾਂ ਤੋਂ ਦੂਜੀ ਥਾਂ ਹਿਜਰਤ ਕਰਨ ਦੀ ਗੱਲ ਕਰਨੀ ਹੋਵੇ ਤਾਂ ਰੋਜ਼ਗਾਰ ਨਾਲ ਜੁੜਿਆ ਇਹ ਪ੍ਰਵਾਹ ਲਗਾਤਾਰ ਜਾਰੀ ਹੈ। ਪਰਵਾਸ ਕੁਦਰਤੀ ਵਰਤਾਰਾ ਹੈ। ਰੋਜ਼-ਰੋਜ਼ ਦੇ ਪਰਵਾਸ ਤੋਂ ਤੰਗ ਆ ਕੇ ਕਿਸੇ ਸਮੇਂ ਆਜੜੀ ਮਨੁੱਖ ਨੇ ਸੱਭਿਅਤਾ ਵਸਾ ਕੇ ਇਕ ਥਾਂ ਟਿਕ ਕੇ ਰਹਿਣ ਨੂੰ ਤਰਜੀਹ ਦਿੱਤੀ ਜਿਸ ਨੂੰ ਮਨੁੱਖ ਦਾ ਵਿਕਾਸ ਕਿਹਾ ਜਾਂਦਾ ਹੈ ਪਰ ਇਹ ਵਿਕਾਸ ਬੰਦੇ ਨੂੰ ਕਦੇ ਵੀ ਇਕ ਥਾਂ ਥੰਮ੍ਹ ਨਹੀਂ ਸਕਿਆ। ਕਿਸੇ ਇਕ ਤਬੇਲੇ 'ਚ ਰਹਿੰਦੇ ਜਾਨਵਰ ਵੀ ਵਾੜ ਤੋਂ ਪਾਰ ਹਰਿਆਈ ਦੇਖ ਕੇ ਵਾੜ ਢਾਹ ਸੁੱਟਦੇ ਹਨ; ਉਹ ਹਰਿਆਈ ਭਾਵੇਂ ਮਨਸੂਈ ਹੀ ਕਿਉਂ ਨਾ ਹੋਵੇ! ਇਉਂ ਮਨੁੱਖ ਵੱਲੋਂ ਬਿਹਤਰ ਜ਼ਿੰਦਗੀ ਦੀ ਤਲਾਸ਼ ਵਿਚ ਇੱਕ ਥਾਂ ਤੋਂ ਦੂਜੀ ਥਾਂ ਜਾਣਾ ਕੁਦਰਤੀ ਹੈ। ਅਜੋਕੇ ਪਰਵਾਸ ਨੂੰ ਆਰਥਿਕ, ਸਮਾਜਿਕ ਤੇ ਰਾਜਨੀਤਕ ਨਾ-ਬਰਾਬਰੀ ਹੱਲਾਸ਼ੇਰੀ ਦੇ ਰਹੀ ਹੈ।

ਆਦਿ ਵਾਸੀਆਂ ਨੂੰ ਛੱਡ ਕੇ ਅਮਰੀਕਾ ਸਭ ਤੋਂ ਵੱਡਾ ਪਰਵਾਸੀਆਂ ਦਾ ਦੇਸ਼ ਹੈ। ਸ਼ੁਰੂ-ਸ਼ੁਰੂ 'ਚ ਵਸੇ ਯੂਰਪੀਅਨ ਪਰਵਾਸੀਆਂ ਦਾ ਜਦੋਂ ਉਨ੍ਹਾਂ ਦੇ ਪਿੱਤਰੀ ਦੇਸ਼ਾਂ ਦੇ ਹੁਕਮਰਾਨ ਆਰਥਿਕ ਸ਼ੋਸ਼ਣ ਕਰਨ ਲੱਗੇ ਤਾਂ ਇਕ ਨਵੇਂ ਦੇਸ਼ ਦਾ ਮੁੱਢ ਬੰਨ੍ਹਿਆ ਗਿਆ। ਇੱਕ ਨਵਾਂ ਦੇਸ਼ ਬਣਨ ਨਾਲ ਨਵੇਂ ਪਰਵਾਸੀਆਂ ਦੇ ਇੱਥੇ ਆਉਣ ਲਈ ਕਾਇਦੇ-ਕਾਨੂੰਨ ਬਣਨ ਲੱਗੇ ਜਿਹੜੇ ਸਮੇਂ ਦੀਆਂ ਲੋੜਾਂ ਮੁਤਾਬਿਕ ਸਮੇਂ ਸਮੇਂ ਬਦਲੇ ਜਾਂਦੇ ਰਹੇ ਹਨ। ਅਧੁਨਿਕ ਸਮੇਂ 'ਚ ਭਾਵੇਂ ਪੂਰੀ ਦੁਨੀਆਂ ਇਕ ਪਿੰਡ ਬਣਦੀ ਜਾ ਰਹੀ ਹੈ ਪਰ ਅਜੇ ਵੀ ਕੋਈ ਸਮਾਜ (ਦੇਸ਼) ਕਾਨੂੰਨੀ ਜਾਂ ਗੈਰ-ਕਾਨੂੰਨੀ ਢੰਗ ਨਾਲ ਉਨੇ ਕੁ ਪਰਵਾਸ ਨੂੰ ਹੀ ਇਜਾਜ਼ਤ ਦਿੰਦਾ ਹੈ ਜਿੰਨੇ ਦੀ ਉਸ ਨੂੰ ਲੋੜ ਹੁੰਦੀ ਹੈ ਜਾਂ ਜਿੰਨਾ ਉਸ ਵਿਚ ਸਮਾ ਸਕਦਾ ਹੈ।

ਪਿਛਲੇ ਦਹਾਕੇ ਤੋਂ ਅਮਰੀਕੀ ਸਮਾਜ ਵਿਚ ਨਵੇਂ ਪਰਵਾਸੀਆਂ ਬਾਰੇ ਕਈ ਤਰ੍ਹਾਂ ਦੇ ਰੋਹ ਜਾਗੇ ਹਨ ਜਿਨ੍ਹਾਂ ਨੂੰ ਕੁਝ ਰਾਜਸੀ ਅਤੇ ਧਾਰਮਿਕ ਆਗੂਆਂ ਨੇ ਆਪਣੇ ਮੁਫ਼ਾਦ ਲਈ ਹੋਰ ਭੜਕਾਇਆ ਹੈ। ਮਸਲਨ, ਐਰੀਜ਼ੋਨਾ ਸੂਬੇ 'ਚ ਸਥਾਨਕ ਪੁਲਿਸ ਨੂੰ ਪਰਵਾਸ ਨਾਲ ਸਬੰਧਤ ਪੇਪਰ ਦੇਖਣ ਲਈ ਹੋਰ ਅਧਿਕਾਰ ਦਿੱਤੇ ਗਏ ਅਤੇ ਪੁਲਿਸ ਨੂੰ ਸੁਚੇਤ ਕੀਤਾ ਗਿਆ ਹੈ। ਇਹ ਕੋਈ ਮਾੜੀ ਗੱਲ ਵੀ ਨਹੀਂ ਅਤੇ ਇਹ ਨਵਾਂ ਕਾਨੂੰਨ ਕਿਸੇ ਇਕ ਨਸਲ ਦੇ ਲੋਕਾਂ ਦੇ ਪੇਪਰ ਦੇਖਣ ਲਈ ਵੀ ਨਹੀਂ ਬਣਿਆ। ਫੈਡਰਲ ਕਾਨੂੰਨ ਤਾਂ ਪਹਿਲਾਂ ਹੀ ਹੈ ਕਿ ਹਰ ਬੰਦਾ ਆਪਣੇ ਕੋਲ ਸ਼ਨਾਖ਼ਤੀ ਪੱਤਰ ਰੱਖੇ। ਨਵਾਂ ਕਾਨੂੰਨ ਸਿਰਫ਼ ਪੁਰਾਣੇ ਕਾਨੂੰਨ ਨੂੰ ਸੁਚਾਰੂ ਬਣਾਉਣ ਲਈ ਹੀ ਬਣਿਆ ਸੀ ਕਿਉਂਕਿ ਐਰੀਜ਼ੋਨਾ, ਟੈਕਸਸ ਅਤੇ ਨਿਊ ਮੈਕਸੀਕੋ ਦੇ ਕਈ ਸ਼ਹਿਰ ਅਜਿਹੇ ਹਨ ਜਿਹੜੇ ਅਮਰੀਕਾ-ਮੈਕਸੀਕੋ ਸਰਹੱਦ ਦੇ ਆਰ-ਪਾਰ ਹਨ। ਜ਼ਰਾਇਮਪੇਸ਼ਾ ਲੋਕ ਇਸ ਦਾ ਨਾਜਾਇਜ਼ ਫਾਇਦਾ ਲੈਂਦੇ ਹਨ। ਉਹ ਸਰਹੱਦ 'ਤੇ ਕਈ ਤਰ੍ਹਾਂ ਦੇ ਜੁਰਮ ਕਰਦੇ ਸਨ। ਦੋਵਾਂ ਪਾਸਿਆਂ ਦੇ ਲੋਕਾਂ ਦੀ ਜਾਨ ਮਾਲ ਦੀ ਰਾਖੀ, ਬਿਹਤਰ ਕਰਨ ਲਈ ਨਵਾਂ ਕਾਨੂੰਨ ਬਣਾਇਆ ਸੀ ਪਰ ਇਸ ਨਾਲ ਸਭ ਧਿਰਾਂ ਨੇ ਰਾਜਸੀ ਖੇਡ ਖੇਡੀ।

ਆਧੁਨਿਕ ਮਨੁੱਖ ਨੇ ਧਰਤੀ ਨੂੰ ਜਿਵੇਂ ਦੇਸ਼ਾਂ ਦੀਆਂ ਹੱਦਾਂ-ਸਰਹੱਦਾਂ ਵਿਚ ਵੰਡਿਆ ਹੋਇਆ ਹੈ, ਉਸ ਅਨੁਸਾਰ ਬਿਨਾਂ ਇਜਾਜ਼ਤ ਸਰਹੱਦ ਦੇ ਆਰ-ਪਾਰ ਜਾਣਾ ਹੀ ਆਪਣੇ ਆਪ 'ਚ ਵੱਡਾ ਜੁਰਮ ਹੈ। ਅਸੀਂ ਸਰਹੱਦਾਂ ਦੀ ਰਾਖੀ ਦੀ ਗਵਾਹੀ ਭਰਦੇ ਹਾਂ ਪਰ ਗੈਰ-ਕਾਨੂੰਨੀ ਪਰਵਾਸ ਦੀ ਵੀ ਹਾਮੀ ਨਹੀਂ ਭਰਦੇ। ਇਸ ਗੱਲ ਦੇ ਵੀ ਹੱਕ 'ਚ ਹਾਂ ਕਿ ਹਰ ਸਮਾਜ (ਦੇਸ਼) ਦਾ ਫ਼ਰਜ਼ ਬਣਦਾ ਹੈ ਕਿ ਉਹ ਆਪਣੇ ਨਾਗਰਿਕਾਂ ਦੀ ਰੋਟੀ-ਰੋਜ਼ੀ ਦੇ ਵਸੀਲੇ ਬਣਾਵੇ ਪਰ ਇਸ ਵਿਚ ਆਰਥਿਕ ਅਤੇ ਸਮਾਜਿਕ ਨਾ-ਬਰਾਬਰੀ ਦਾ ਦਰਦ ਹੰਢਾ ਰਹੇ ਲੋਕਾਂ ਦਾ ਕੀ ਕਸੂਰ ਹੈ? ਕਿਸੇ ਵੀ ਸਮਾਜ ਦੇ ਚਤੁਰ, ਚਾਤਰ ਅਤੇ ਸ਼ਾਤਰ ਲੋਕ ਜਾਂ ਜਿਨ੍ਹਾਂ ਕੋਲ ਵਸੀਲੇ ਹਨ, ਜੇਕਰ ਉਹ ਪਰਵਾਸੀ ਬਣਨਾ ਚਾਹੁਣ ਤਾਂ ਕਾਨੂੰਨ ਉਨ੍ਹਾਂ ਨੂੰ ਰਾਹ ਦੇ ਦਿੰਦਾ ਹੈ। ਉਹ ਅਸਲੋਂ ਸਧਾਰਨ ਲੋਕ ਹੁੰਦੇ ਹਨ ਜਿਹੜੇ ਪਾਣੀਆਂ 'ਚ ਡੁੱਬ ਮਰਨ ਅਤੇ ਥਲਾਂ 'ਚ ਸੜ ਮਰਨ ਦਾ ਜੂਆ ਖੇਡ ਕੇ ਪਰਵਾਸੀ ਬਣਦੇ ਹਨ। ਫਿਰ ਵੀ ਅਸੀਂ ਦੇਸ਼ ਦਾ ਕਾਨੂੰਨ ਤੋੜਨ ਵਾਲਿਆਂ ਦੇ ਨਾਲ ਨਹੀਂ ਹਾਂ; ਪਰ ਇਹ ਵੀ ਸੱਚਾਈ ਹੈ ਕਿ ਅਜਿਹੇ ਪਰਵਾਸੀ ਉਹ ਕੰਮ ਕਰਦੇ ਹਨ ਜਿਨ੍ਹਾਂ ਨੂੰ ਘਟੀਆ ਸਮਝਿਆ ਜਾਂਦਾ ਹੈ ਅਤੇ ਜ਼ਿਆਦਾ ਸਰੀਰਕ ਸ਼ਕਤੀ ਲਗਦੀ ਹੈ। ਇਹ ਸੋਚਣ ਵਾਲੀ ਗੱਲ ਹੈ ਕਿ ਜਿਹੜੇ ਕੰਮ ਦੇਸ਼ ਦੇ ਨਾਗਰਿਕ ਜਾਂ ਪੱਕੇ ਪਰਵਾਸੀ ਕਰਨਾ ਪਸੰਦ ਨਹੀਂ ਕਰਦੇ, ਉਹ ਕੌਣ ਕਰੇਗਾ? ਮਸਲਨ, ਜਿਹੜੇ ਲੋਕ ਖੇਤੀ ਖੇਤਰ ਵਿਚ ਰਹਿੰਦੇ ਹਨ, ਉਨ੍ਹਾਂ ਨੂੰ ਪਤਾ ਹੈ ਕਿ ਸਬਜ਼ੀਆਂ ਅਤੇ ਫਲ-ਫਰੂਟ ਦੀ ਬੀਜ-ਬਿਜਾਈ ਤੋਂ ਲੈ ਕੇ ਤੋੜ-ਤੁੜਾਈ ਤੱਕ ਦਾ ਸਭ ਕੰਮ ਕੌਣ ਕਰਦਾ ਹੈ? ਜੇਕਰ ਪਰਵਾਸੀ ਖੇਤ ਮਜ਼ਦੂਰ ਨਾ ਹੋਣ ਤਾਂ ਸ਼ਾਇਦ ਇਕ ਟਮਾਟਰ ਦੋ ਡਾਲਰ ਦਾ ਵਿਕੇ। ਖੇਤੀ ਖੇਤਰ ਲਈ ਭਾਵੇਂ ਲੋਹੜੇ ਦੀ ਮਸ਼ੀਨਰੀ ਆ ਗਈ ਹੈ ਪਰ ਕੁਝ ਕੰਮ ਇਨਸਾਨੀ ਹੱਥਾਂ ਨਾਲ ਹੀ ਹੋ ਸਕਦੇ ਹਨ। ਹੁਣ ਜਦੋਂ ਤੋਂ ਸਰਹੱਦਾਂ 'ਤੇ ਚੌਕਸੀ ਵਧੀ ਹੈ, ਖੇਤੀ ਵਰਗੇ ਖੇਤਰਾਂ 'ਚ ਕਾਮਿਆਂ ਦੀ ਅਕਸਰ ਘਾਟ ਰੜਕਦੀ ਹੈ।

ਅਮਰੀਕੀ ਸਮਾਜ ਗੈਰ-ਕਾਨੂੰਨੀ ਕਾਮਿਆਂ ਨੂੰ ਲੈ ਕੇ ਦੋ ਧਿਰਾਂ 'ਚ ਵੰਡਿਆ ਹੋਇਆ ਹੈ। ਇਕ ਧਿਰ ਇਨ੍ਹਾਂ ਨੂੰ ਫੜ ਕੇ ਦੇਸ਼ 'ਚੋਂ ਬਾਹਰ ਕੱਢਣ ਲਈ ਰੋਸ ਮੁਜ਼ਾਹਰੇ ਕਰ ਰਹੀ ਹੈ। ਇਨ੍ਹਾਂ ਦਾ ਕਹਿਣਾ ਹੈ ਕਿ ਇਹ ਦੇਸ਼ ਲਈ ਘਾਤਕ ਹਨ। ਸਸਤੇ ਭਾਅ 'ਤੇ ਨੌਕਰੀਆਂ ਕਰਨ ਵਰਗੇ ਮੁੱਦੇ ਉਠਾ ਰਹੇ ਹਨ। ਦੂਜੀ ਧਿਰ ਦੀ ਇਨ੍ਹਾਂ ਨਾਲ ਹਮਦਰਦੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜਿਹੜੇ ਲੋਕਾਂ ਨੂੰ ਚੰਦ ਵੀ ਕਦੀ ਰੋਟੀ ਲਗਦਾ ਸੀ, ਉਨ੍ਹਾਂ ਨੂੰ ਦੇਸ਼ 'ਚੋਂ ਕੱਢਣਾ ਉਨ੍ਹਾਂ ਨੂੰ ਮੁੜ ਭੁੱਖਮਰੀ ਵਿਚ ਧੱਕਣਾ ਹੈ ਅਤੇ ਇਹ ਕੋਈ ਇਨਸਾਨੀਅਤ ਨਹੀਂ।

ਦੋਵਾਂ ਧਿਰਾਂ ਵਿਚ ਇਸ ਪਾੜੇ ਨੂੰ ਘੱਟ ਕਰਨ ਲਈ ਅਮਰੀਕਾ ਦੇ ਕੰਜਰਵੇਟਿਵ ਅਤੇ ਲੂਣੀਂ ਦਲਦਲ ਸਮਝੇ ਜਾਂਦੇ ਰਾਜ ਯੂਟਾ ਨੇ ਪਹਿਲਕਦਮੀ ਕੀਤੀ ਹੈ। ਯਾਦ ਰਹੇ ਕਿ ਯੂਟਾ ਸਾਲਟ ਲੇਕ ਸ਼ਹਿਰ ਦੀ ਰਾਜਧਾਨੀ ਵਾਲਾ ਅਤੇ ਲੂਣ ਦੇ ਰੇਗਿਸਤਾਨ ਵਾਲਾ ਉਹ ਰਾਜ ਹੈ ਜਿਸ ਨੂੰ ਈਸਾਈਆਂ ਦੀ ਬਹੁਤ ਹੀ ਧਾਰਮਿਕ ਮਨੌਤਾਂ ਵਾਲੀ ਸੰਪਰਦਾ ਮੌਰਮਨਾਂ ਨੇ ਵਿਕਸਤ ਕੀਤਾ ਸੀ। ਇਸ ਸੂਬੇ ਦੀ ਵਿਧਾਨ ਸਭਾ ਨੇ ਬਿੱਲ ਪਾਸ ਕੀਤਾ ਹੈ ਜਿਸ ਤਹਿਤ ਗੈਰ-ਕਾਨੂੰਨੀ (ਕੱਚੇ) ਪਰਵਾਸੀ ਵੀ ਪੱਕੇ ਪਰਵਾਸੀਆਂ ਵਾਂਗ ਕੰਮ ਕਰ ਸਕਣਗੇ। ਇਸ ਲਈ ਰਾਜ ਸਰਕਾਰ ਉਨ੍ਹਾਂ ਨੂੰ ਕੰਮ ਕਰਨ ਦੀ ਆਗਿਆ ਦੇਣ ਵਾਲੇ ਵਰਕ ਪਰਮਿਟ ਜਾਰੀ ਕਰੇਗੀ। ਕੱਚੇ ਪਰਵਾਸੀਆਂ ਦੀ ਸ਼ਨਾਖ਼ਤ ਕੀਤੀ ਜਾਵੇਗੀ ਕਿ ਕਿਧਰੇ ਉਨ੍ਹਾਂ ਕੋਈ ਜੁਰਮ ਤਾਂ ਨਹੀਂ ਕੀਤਾ। ਸਾਫ਼-ਸੁਥਰੇ ਆਚਰਣ ਵਾਲੇ ਕੱਚੇ ਕਾਮੇ 2500 ਡਾਲਰ ਜੁਰਮਾਨਾ ਦੇ ਕੇ ਵਰਕ ਪਰਮਿਟ ਲੈ ਸਕਣਗੇ। ਇਸ ਦੇ ਨਾਲ ਅੰਗਰੇਜ਼ੀ ਸਿੱਖਣਾ ਵੀ ਉਨ੍ਹਾਂ ਲਈ ਲਾਜ਼ਮੀ ਹੋਵੇਗਾ ਤਾਂ ਕਿ ਉਹ ਅਮਰੀਕੀ ਭਾਈਚਾਰੇ ਨੂੰ ਸਮਝ ਸਕਣ ਅਤੇ ਇਸ ਦਾ ਅੰਗ ਬਣ ਸਕਣ। ਰਾਜ ਸਰਕਾਰ ਸਮੇਂ-ਸਮੇਂ ਉਨ੍ਹਾਂ ਦੀ ਸ਼ਨਾਖ਼ਤ ਕਰਦੀ ਰਹੇਗੀ। ਜੇਕਰ ਕੋਈ ਖ਼ਰਾਬੀ ਕਰਦਾ ਹੈ ਤਾਂ ਇੰਮੀਗਰੇਸ਼ਨ ਵਿਭਾਗ ਨੂੰ ਦੱਸਿਆ ਜਾਵੇਗਾ।

ਇਸ ਬਿੱਲ ਦੇ ਹੱਕ ਵਿਚ ਵੋਟਾਂ ਦੇਣ ਵਾਲਿਆਂ ਦਾ ਖਿਆਲ ਹੈ ਕਿ ਇਸ ਨਾਲ ਸਟੇਟ ਨੂੰ ਹੋਰ ਟੈਕਸ ਮਿਲੇਗਾ ਕਿਉਂਕਿ ਹਰ ਕੱਚਾ ਪਰਵਾਸੀ ਟੈਕਸ ਭਰੇਗਾ; ਦੂਜਾ ਉਨ੍ਹਾਂ ਦਾ ਸ਼ੋਸ਼ਣ ਰੁਕੇਗਾ। ਕੁਲ ਮਿਲਾ ਕੇ ਇਹ ਰਾਜ ਦੀ ਆਰਥਿਕਤਾ ਲਈ ਲਾਹੇਵੰਦ ਹੋਵੇਗਾ। ਵਿਧਾਨ ਸਭਾ ਵੱਲੋਂ ਪਾਸ ਇਹ ਬਿੱਲ ਕਾਨੂੰਨ ਦਾ ਰੁਤਬਾ ਹਾਸਿਲ ਕਰਨ ਲਈ ਗਵਰਨਰ ਗੈਰੀ ਹਰਬੱਰਟ ਦੇ ਮੇਜ਼ 'ਤੇ ਪਿਆ ਹੈ। ਦੂਜੇ ਪਾਸੇ, ਫੈਡਰਲ ਕਾਨੂੰਨ ਦੀਆਂ ਨਜ਼ਰਾਂ ਵਿਚ ਜੇਕਰ ਕੋਈ ਜਾਣਦਾ ਹੋਇਆ ਵੀ ਕੱਚੇ ਪਰਵਾਸੀ ਨੂੰ ਕੰਮ 'ਤੇ ਰੱਖਦਾ ਹੈ ਤਾਂ ਜੁਰਮ ਹੈ। ਸਾਲਟ ਲੇਕ ਚੈਂਬਰ ਆਫ਼ ਕਾਮਰਸ ਦੇ ਪਬਲਿਕ ਪਾਲਿਸੀ ਡਾਇਰੈਕਟਰ ਵੈਸਲੀ ਸਮਿੱਥ ਮੁਤਾਬਕ ਲਗਦਾ ਹੈ ਕਿ ਇਸ ਦੇ ਹੱਕ ਅਤੇ ਵਿਰੋਧ ਵਾਲੇ, ਦੋਵੇਂ ਹੀ ਅਦਾਲਤ ਵਿਚ ਜਾਣਗੇ। ਅਮੈਰੀਕਨ ਸਿਵਿਲ ਲਿਬਰਟੀਜ਼ ਯੂਨੀਅਨ ਦੇ ਵਕੀਲ ਪਹਿਲਾਂ ਹੀ ਅਦਾਲਤ 'ਚ ਜਾਣ ਦੀਆਂ ਗੱਲਾਂ ਕਰ ਰਹੇ ਹਨ। ਇਸ ਬਿੱਲ ਨੂੰ ਪਾਸ ਕਰਨ ਵਾਲਿਆਂ ਦਾ ਕਹਿਣਾ ਹੈ ਕਿ ਉਨ੍ਹਾਂ ਇਹ ਬਿੱਲ ਵੀ ਪਾਸ ਕੀਤਾ ਹੈ ਕਿ ਜੇਕਰ ਕੋਈ ਜੁਰਮ ਕਰਦਾ ਹੈ ਤਾਂ ਉਸ ਨੂੰ ਦਰੋਂ-ਬੇਦਰ ਕੀਤਾ ਜਾਵੇ। ਉਨ੍ਹਾਂ ਦਾ ਦਾਅਵਾ ਹੈ ਕਿ ਇਸ ਬਿੱਲ ਨਾਲ ਐਰੀਜ਼ੋਨਾ ਵਿਚ ਪਾਸ ਹੋਏ ਬਿੱਲ ਨਾਲ ਪੈਦਾ ਹੋਈ ਕੁੜਿਤਣ ਘਟੇਗੀ। ਉਨ੍ਹਾਂ ਦਾ ਕਹਿਣਾ ਹੈ ਕਿ ਵਿਰੋਧੀਆਂ ਨੂੰ ਮੈਕਸੀਕੋ ਬਾਰਡਰ 'ਤੇ ਖੜ੍ਹ ਕੇ ਮਾਰੂਥਲ ਵਰਗਾ ਇਲਾਕਾ ਦੇਖਣਾ ਚਾਹੀਦਾ ਹੈ, ਫਿਰ ਸਮਝ ਆਵੇਗਾ ਕਿ ਇਨ੍ਹਾਂ ਲੋਕਾਂ ਨੇ ਮਰਨਾ ਕਬੂਲ ਕਰਕੇ ਕਿਉਂ ਸਰਹੱਦ ਪਾਰ ਕਰਨ ਦਾ ਜੁਰਮ ਕੀਤਾ ਹੈ।

ਕੁਝ ਲੋਕਾਂ ਦਾ ਕਹਿਣਾ ਹੈ ਕਿ ਅਮਰੀਕਨਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਆਦਿ ਵਾਸੀਆਂ ਨੂੰ ਛੱਡ ਕੇ ਪੂਰੀ ਅਮਰੀਕਨ ਕੌਮ ਪਰਵਾਸੀਆਂ ਦੀ ਕੌਮ ਹੈ। ਕੋਈ ਖੁਦ ਪਰਵਾਸੀ ਹੈ ਅਤੇ ਕਿਸੇ ਦੇ ਪੁਰਖੇ ਪਰਵਾਸੀ ਸਨ। ਸਭ ਤੋਂ ਮਗਰੋਂ ਉਸਰਿਆ ਅਮਰੀਕਾ ਜੇਕਰ ਦੁਨੀਆਂ ਦਾ ਪਾਏਦਾਰ ਦੇਸ਼ ਹੈ ਤਾਂ ਪਰਵਾਸੀਆਂ ਕਰਕੇ ਹੈ ਕਿਉਂਕਿ ਹਰ ਪਰਵਾਸੀ ਆਪਣੇ ਨਾਲ ਕੁਝ ਵਧੀਆ ਲੈ ਕੇ ਆਉਂਦਾ ਹੈ। ਇਸ ਦੇ ਨਾਲ ਹੀ ਇਹ ਸਮਝ ਲੈਣਾ ਚਾਹੀਦਾ ਹੈ ਕਿ ਦੁਨੀਆਂ ਵਿਚ ਕਿਧਰੇ ਵੀ ਪਰਵਾਸ ਹੁੰਦਾ ਹੈ ਤਾਂ ਉਸ ਦੇ ਕੁਝ ਕਾਰਨ ਹੁੰਦੇ ਹਨ ਪਰ ਬਹੁਤ ਸਾਰੇ ਪਰਵਾਸੀ ਆਪਣੇ ਪਰਵਾਸ ਨੂੰ ਤਾਂ ਜਾਇਜ਼ ਠਹਿਰਾਉਂਦੇ ਹਨ; ਦੂਜਿਆਂ ਨੂੰ ਗਲਤ ਦੱਸਦੇ ਹਨ।

ਯੂਟਾ ਨੇ ਜਿਵੇਂ ਕੱਚੇ ਪਰਵਾਸੀਆਂ ਦੇ ਹੱਕ ਵਿਚ ਹਾਅ ਦਾ ਨਾਹਰਾ ਮਾਰਿਆ ਹੈ, ਇਸ ਨੂੰ ਚੰਗਾ ਕਦਮ ਕਿਹਾ ਜਾ ਸਕਦਾ ਹੈ, ਪਰ ਇਸ ਬਿੱਲ ਦਾ ਵਿਰੋਧ ਕਰਨ ਵਾਲੇ ਕਹਿ ਰਹੇ ਹਨ ਕਿ ਕੱਚੇ ਪਰਵਾਸੀਆਂ ਨੂੰ ਵਰਕ ਪਰਮਿਟ ਦੇਣਾ ਉਨ੍ਹਾਂ ਨੂੰ ਪੱਕੇ ਕਰਨ ਦਾ ਰਾਹ ਪੱਧਰਾ ਕਰਨਾ ਹੀ ਹੈ। ਇਸ ਨੇ ਕੱਚੇ ਪਰਵਾਸੀਆਂ ਲਈ ਆਸ ਦੀ ਕਿਰਨ ਉਜਾਗਰ ਕੀਤੀ ਹੈ। ਇਸ ਨਾਲ ਉਨ੍ਹਾਂ ਦਾ ਸ਼ੋਸ਼ਣ ਬੰਦ ਹੋਵੇਗਾ ਅਤੇ ਮਿਹਨਤ ਦਾ ਪੂਰਾ ਮੁੱਲ ਮਿਲ ਸਕੇਗਾ। ਬਹੁਤ ਸਾਰੇ ਕਾਨੂੰਨੀ ਮਾਹਿਰਾਂ ਦਾ ਖਿਆਲ ਹੈ ਕਿ ਪਾਸ ਹੋਇਆ ਬਿੱਲ ਅਮਰੀਕਨ ਸੰਵਿਧਾਨ ਦੀ ਮੂਲ ਭਾਵਨਾ ਦੇ ਵਿਰੁੱਧ ਨਹੀਂ, ਸਗੋਂ ਮਨੁੱਖੀ ਅਧਿਕਾਰਾਂ ਦੀ ਹਾਮੀ ਭਰਨ ਵਾਲਾ ਹੀ ਹੈ।

ਦੇਸ਼ ਦਰਪਣ

# ਮੁੱਕ ਨਹੀਂ ਰਹੇ ਸੋਨੀਆ ਅਤੇ ਮਨਮੋਹਨ ਦੇ ਸੰਕਟ

**ਪ੍ਰਫੁੱਲ ਬਿਦਵਈ**

ਆਪਣੇ ਮੰਤਰੀਆਂ ਨੂੰ ਸਾਂਝਾ ਪ੍ਰਗਤੀਸ਼ੀਲ ਮੋਰਚਾ ਸਰਕਾਰ ਤੋਂ ਹਟਾਉਣ ਦੀ ਧਮਕੀ ਦੇ ਕੇ ਡੀ. ਐਮ. ਕੇ. ਨੇ ਕਾਂਗਰਸ ਨੂੰ ਹੈਰਾਨ ਕਰ ਦਿੱਤਾ। ਅਖੀਰ ਨੂੰ ਕਰੁਣਾਨਿਧੀ ਦੀ ਧਮਕੀ ਮੂਧੇ-ਮੂੰਹ ਜਾ ਪਈ ਅਤੇ ਕਾਂਗਰਸ ਡੁਬਣੋਂ ਬਚ ਗਈ ਪਰ ਇਸ ਦੀ ਕੀਮਤ ਤਾਰ ਕੇ। ਸੀਟਾਂ ਨੂੰ ਲੈ ਕੇ ਕਾਂਗਰਸ ਅਤੇ ਡੀ. ਐਮ. ਕੇ. ਵਿਚਕਾਰ ਪੈਦਾ ਹੋਏ ਮਤਭੇਦ ਆਪਸੀ ਵਿਚਾਰ-ਵਟਾਂਦਰੇ ਰਾਹੀਂ ਸੁਲਝਾਏ ਜਾ ਸਕਦੇ ਸਨ। ਕਰੁਣਾਨਿਧੀ ਨੇ ਸੰਕਟ ਖੜ੍ਹਾ ਕਰਨ ਦਾ ਰਾਹ ਚੁਣਿਆ ਪਰ ਉਸ ਨੂੰ ਝੁਕਣਾ ਪਿਆ। ਦੋਵਾਂ ਪਾਰਟੀਆਂ ਵਿਚਕਾਰ ਅਸਲ ਵਿਵਾਦ ਸੀਟਾਂ ਦੀ ਵੰਡ ਨੂੰ ਲੈ ਕੇ ਨਹੀਂ ਸੀ। ਡੀ.ਐਮ.ਕੇ. 2-ਜੀ ਸਪੈਕਟ੍ਰਮ ਘਪਲੇ ਦੇ ਮਾਮਲੇ 'ਚ ਹੋ ਰਹੀ ਸੀ.ਬੀ.ਆਈ. ਦੀ ਜਾਂਚ ਤੋਂ ਬਹੁਤ ਨਾਰਾਜ਼ ਹੈ ਜਿਸ ਦੇ ਸ਼ਿਕੰਜੇ ਵਿਚ ਸਾਬਕਾ ਦੂਰਸੰਚਾਰ ਮੰਤਰੀ ਐਂਡੀਮੁਥੂ ਰਾਜਾ ਫਸਿਆ ਹੋਇਆ ਹੈ।

ਡੀ.ਐਮ.ਕੇ. ਦੇ ਮੰਤਰੀਆਂ ਵੱਲੋਂ ਕੈਬਨਿਟ ਤੋਂ ਅਸਤੀਫ਼ਾ ਦੇਣ ਦੀ ਧਮਕੀ ਦਾ ਉਦੇਸ਼ ਹੋਰਾਂ ਤੋਂ ਇਲਾਵਾ ਇਹ ਯਕੀਨੀ ਬਣਾਉਣਾ ਵੀ ਸੀ ਕਿ ਰਾਜ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸੀ.ਬੀ.ਆਈ. ਕਰੁਣਾਨਿਧੀ ਦੀ ਬੇਟੀ ਕਾਨੀਮੋਜ਼ੀ ਅਤੇ ਪਤਨੀ ਦਿਆਲੂ ਅਮਲ ਤੋਂ ਪੁੱਛਗਿੱਛ ਨਹੀਂ ਕਰੇਗੀ ਅਤੇ ਨਾ ਹੀ ਉਨ੍ਹਾਂ ਵਿਰੁਧ ਸੰਮਨ ਜਾਰੀ ਕਰੇਗੀ ਪਰ ਕਾਂਗਰਸ ਸੀ.ਬੀ.ਆਈ. ਦੀ ਸਰਗਰਮੀ 'ਤੇ ਸ਼ਰੇਆਮ ਰੋਕ ਨਹੀਂ ਲਾ ਸਕਦੀ ਕਿਉਂਕਿ ਸੀ.ਬੀ.ਆਈ. ਦੀ ਜਾਂਚ ਸੁਪਰੀਮ ਕੋਰਟ ਦੀ ਦੇਖ-ਰੇਖ ਹੇਠ ਚੱਲ ਰਹੀ ਹੈ। ਇਸ ਦੇ ਬਾਵਜੂਦ ਇਸ ਗੱਲ 'ਤੇ ਗ਼ੈਰ-ਰਸਮੀ ਸਹਿਮਤੀ ਹੋ ਗਈ ਜਾਪਦੀ ਹੈ ਕਿ ਸੀ.ਬੀ.ਆਈ. ਕਾਨੀਮੋਜ਼ੀ ਤੋਂ ਸਿਰਫ਼ ਸਪੱਸ਼ਟੀਕਰਨ ਹੀ ਮੰਗੇਗੀ, ਉਸ ਵਿਰੁਧ ਸੰਮਨ ਜਾਰੀ ਨਹੀਂ ਕਰੇਗੀ। ਕਾਂਗਰਸ ਨੇ ਡੀ.ਐਮ.ਕੇ. ਨੂੰ ਅਜਿਹੀ ਛੋਟ ਦੇਣੀ ਮੰਨ ਲਈ ਹੈ ਪਰ ਇਸ ਪੈਂਤੜੇ ਨੂੰ ਅਮਲ 'ਚ ਕਿਵੇਂ ਲਿਆਂਦਾ ਜਾਵੇਗਾ, ਇਸ ਬਾਰੇ ਸਥਿਤੀ ਸਪੱਸ਼ਟ ਨਹੀਂ ਹੋਈ।

ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਸੀ.ਬੀ.ਆਈ. ਦੇ ਕੰਮ ਵਿਚ ਸ਼ਰੇਆਮ ਦਖ਼ਲ ਨਹੀਂ ਦੇ ਸਕਦੇ ਕਿਉਂਕਿ ਉਹ ਆਪਣੀ ਸਰਕਾਰ 'ਤੇ ਘਪਲਿਆਂ ਦੇ ਲੱਗੇ ਦਾਗਾਂ ਨੂੰ ਧੋਣਾ ਚਾਹੁੰਦੇ ਹਨ। ਇਸੇ ਕਾਰਨ ਕਰਕੇ ਉਨ੍ਹਾਂ ਨੇ ਕੇਂਦਰੀ ਚੌਕਸੀ ਕਮਿਸ਼ਨਰ ਵਜੋਂ ਭ੍ਰਿਸ਼ਟ ਨੌਕਰਸ਼ਾਹ ਪੀ. ਜੇ. ਥੌਮਸ ਦੀ ਨਿਯੁਕਤੀ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ ਹੈ। ਉਂਜ ਡਾ. ਮਨਮੋਹਨ ਸਿੰਘ ਦਾ ਇਹ ਕਦਮ ਵੀ ਮਸਲਾ ਹੱਲ ਨਹੀਂ ਕਰਦਾ। ਉਨ੍ਹਾਂ ਦੇ ਵਿਰੋਧੀ ਇਸ ਤੋਂ ਬਾਅਦ ਦੀ ਕਾਰਵਾਈ ਵੀ ਚਾਹੁੰਦੇ ਹਨ ਜਿਵੇਂ ਹਾਵਰਡ ਡੇਵਿਸ ਦੇ ਮਾਮਲੇ ਵਿਚ ਹੋਇਆ ਜਿਸ ਨੇ ਲੀਬੀਆ ਦੇ ਗੱਦਾਫ਼ੀ ਪਰਿਵਾਰ ਤੋਂ ਚੰਦਾ ਲੈਣ ਦੇ ਮਾਮਲੇ ਵਿਚ 'ਲੰਦਨ ਸਕੂਲ ਆਫ ਇਕਨਾਮਿਕਸ' ਦੇ ਡਾਇਰੈਕਟਰ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ। ਕਿਸੇ ਵੀ ਕੀਮਤ 'ਤੇ ਡੀ.ਐਮ.ਕੇ. ਕਾਂਗਰਸ ਨਾਲ ਟਕਰਾਅ ਦੀ ਹਾਲਤ 'ਚ ਜ਼ਿਆਦਾ ਚਿਰ ਨਹੀਂ ਰਹਿ ਸਕਦੀ ਸੀ। ਇਸ ਨੂੰ ਕਾਂਗਰਸ ਵਰਗੀ ਤਾਮਿਲਨਾਡੂ 'ਚ ਦਰਮਿਆਨੇ ਆਧਾਰ ਵਾਲੀ ਪਾਰਟੀ ਨਾਲ ਰਾਜ ਵਿਚ ਗਠਜੋੜ ਦੀ ਬੇਹੱਦ ਜ਼ਰੂਰਤ ਹੈ। ਕਾਂਗਰਸ ਨੂੰ ਵੀ ਡੀ.ਐਮ.ਕੇ. ਦੀ ਲੋੜ ਹੈ। 2006 ਦੀਆਂ ਅਸੈਂਬਲੀ ਚੋਣਾਂ ਵਿਚ ਡੀ.ਐਮ.ਕੇ. ਨੂੰ 26.5 ਫ਼ੀਸਦੀ ਵੋਟਾਂ ਪਈਆਂ ਸਨ ਪਰ ਇਹ ਸੱਤਾ 'ਚ ਆਉਣ ਲਈ ਕਾਫ਼ੀ ਨਹੀਂ ਹਨ।

> *ਕਾਂਗਰਸ ਲਈ ਇਹ ਆਸ ਕਰਨੀ ਕੋਈ ਸਿਆਣਪ ਨਹੀਂ ਹੋਵੇਗੀ ਕਿ ਰਾਹੁਲ ਗਾਂਧੀ ਆਪਣੀ ਮਾਂ ਸ੍ਰੀਮਤੀ ਸੋਨੀਆ ਗਾਂਧੀ ਵਰਗਾ ਰੋਲ ਨਿਭਾਏਗਾ। ਉਸ ਦੀ ਮਾਂ ਦਾ ਰੋਲ ਇਹ ਸੀ ਕਿ ਉਸ ਨੇ 2004 ਵਿਚ ਆਪਣੀ ਅਗਵਾਈ 'ਚ ਪਾਰਟੀ ਨੂੰ ਸੱਤਾ 'ਤੇ ਮੁੜ ਬਿਠਾਇਆ ਸੀ। ਹੁਣ ਹਾਲਾਤ ਬਦਲ ਗਏ ਹਨ। ਕਾਂਗਰਸ ਨੇ ਪੁਰਾਣੀ ਪੀੜ੍ਹੀ ਤੋਂ ਨਵੀਂ ਪੀੜ੍ਹੀ ਤੱਕ ਲੀਡਰਸ਼ਿਪ ਵਿਚ ਬਦਲਾਅ ਨਹੀਂ ਕੀਤਾ।*

ਕਾਂਗਰਸ ਨੂੰ ਰਾਜ ਵਿਚ 9 ਤੋਂ 15 ਫ਼ੀਸਦੀ ਵੋਟਾਂ ਮਿਲ ਸਕਦੀਆਂ ਹਨ ਪਰ ਇਹ ਵੋਟਾਂ ਸਨਮਾਨਜਨਕ ਕਾਰਗੁਜ਼ਾਰੀ ਲਈ ਕਾਫ਼ੀ ਨਹੀਂ ਹਨ। 1989 ਵਿਚ ਜਦੋਂ ਇਸ ਨੇ ਚੋਣਾਂ ਆਪਣੇ ਬਲਬੂਤੇ 'ਤੇ ਲੜੀਆਂ ਸਨ, ਉਦੋਂ ਇਸ ਨੂੰ ਭਾਰੀ ਨਿਰਾਸ਼ਾ ਹੋਈ ਸੀ ਪਰ ਡੀ.ਐਮ.ਕੇ. ਤੇ ਕਾਂਗਰਸ ਦੇ ਗਠਜੋੜ ਵਿਚ ਜਿੱਤਣ ਦੀ ਪੂਰੀ ਸਮਰੱਥਾ ਹੈ। ਪਹਿਲਾਂ ਵੀ ਡੀ.ਐਮ.ਕੇ. ਸਾਂਝੇ ਪ੍ਰਗਤੀਸ਼ੀਲ ਗਠਜੋੜ ਸਰਕਾਰ ਤੋਂ ਸਮਰਥਨ ਵਾਪਸ ਲੈਣ ਦੀਆਂ ਧਮਕੀਆਂ ਕਾਂਗਰਸ ਨੂੰ ਦਿੰਦੀ ਰਹੀ ਹੈ। ਕਾਂਗਰਸ ਡੀ.ਐਮ.ਕੇ. ਦੀ ਸ਼ੈਲੀ ਤੋਂ ਅਨਜਾਣ ਨਹੀਂ ਹੈ ਅਤੇ ਜ਼ਿਆਦਾ ਬਿਹਤਰ ਤਰੀਕੇ ਨਾਲ ਸੰਕਟ ਨੂੰ ਹੱਲ ਕਰ ਸਕਦੀ ਸੀ ਪਰ ਇਸ ਨੇ ਇਹ ਪਾਖੰਡ ਰਚਾਇਆ ਕਿ ਇਹ ਡੀ.ਐਮ.ਕੇ. ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰ ਸਕਦੀ ਹੈ। ਮੀਡੀਆ ਨੂੰ ਸੰਬੋਧਨ ਗ਼ੈਰ-ਰਸਮੀ ਤੌਰ 'ਤੇ ਕੀਤਾ ਗਿਆ ਜਿਸ ਵਿਚ ਕਾਂਗਰਸੀ ਆਗੂਆਂ ਨੇ ਇਹ ਦਾਅਵਾ ਕੀਤਾ ਕਿ ਡੀ.ਐਮ.ਕੇ. ਦੇ ਨਾਲ ਵੱਡੀ ਸਿਆਸੀ ਕੀਮਤ 'ਤੇ ਗਠਜੋੜ ਕਾਇਮ ਰੱਖਣ ਨਾਲੋਂ ਇਸ ਕੋਲ ਹੋਰ ਬਥੇਰੇ ਰਾਹ ਹਨ।

ਮਿਸਾਲ ਦੇ ਤੌਰ 'ਤੇ ਤਾਮਿਲਨਾਡੂ ਵਿਚ ਕੁਮਾਰੀ ਜੈਲਲਿਤਾ ਦੀ ਏ.ਆਈ.ਏ.ਡੀ.ਐਮ.ਕੇ. ਨਾਲ ਉਹ ਗਠਜੋੜ ਬਣਾ ਸਕਦੀ ਸੀ। ਅੰਨਾ ਡੀ.ਐਮ.ਕੇ. ਨੇ ਹਾਲ ਹੀ ਵਿਚ ਕਈ ਛੋਟੀਆਂ ਪਾਰਟੀਆਂ ਤੋਂ ਇਲਾਵਾ ਫਿਲਮ ਸਿਤਾਰੇ ਵਿਜੇਕਾਂਤ ਦੀ ਡੀ.ਐਮ.ਡੀ.ਕੇ. ਨਾਲ ਗਠਜੋੜ ਕਰਕੇ ਸੀਟਾਂ ਦੀ ਵੰਡ ਕੀਤੀ ਹੈ ਪਰ ਜੈਲਲਿਤਾ ਡੀ.ਐਮ.ਡੀ.ਕੇ. ਨੂੰ ਪਹਿਲਾਂ ਹੀ 40 ਤੋਂ 50 ਸੀਟਾਂ ਦੇ ਚੁੱਕੀ ਹੈ ਜਿਸ ਨੇ ਹਾਲ ਹੀ ਦੀਆਂ ਚੋਣਾਂ ਵਿਚ 8.4 ਤੋਂ 10 ਫ਼ੀਸਦੀ ਵੋਟਾਂ ਹਾਸਲ ਕੀਤੀਆਂ ਸਨ। ਸੰਭਾਵਿਤ ਤੌਰ 'ਤੇ ਉਹ ਕਾਂਗਰਸ ਲਈ 60 ਸੀਟਾਂ ਨਹੀਂ ਛੱਡ ਸਕਦੀ ਜੋ ਡੀ.ਐਮ.ਕੇ. ਨੇ ਕਾਂਗਰਸ ਲਈ ਛੱਡੀਆਂ ਹਨ। ਕੌਮੀ ਪੱਧਰ 'ਤੇ ਵੀ ਕਾਂਗਰਸ ਕੋਲ ਜੋ ਬਦਲ ਮੌਜੂਦ ਹਨ, ਉਹ ਸੀਮਤ ਤੇ ਅਨਸੁਖਾਵੇਂ ਹਨ। ਜੇਕਰ ਡੀ.ਐਮ.ਕੇ. ਦੇ 18 ਲੋਕ ਸਭਾ ਮੈਂਬਰ ਸਾਂਝੇ ਪ੍ਰਗਤੀਸ਼ੀਲ ਗਠਜੋੜ ਤੋਂ ਆਪਣਾ ਸਮਰਥਨ ਵਾਪਸ ਲੈ ਲੈਂਦੇ ਤਾਂ ਇਹ ਘੱਟ-ਗਿਣਤੀ 'ਚ ਆ ਜਾਣੀ ਸੀ ਭਾਵੇਂ ਇਹ ਫਿਰ ਸਮਾਜਵਾਦੀ ਪਾਰਟੀ (22 ਸੰਸਦ ਮੈਂਬਰ), ਬਹੁਜਨ ਸਮਾਜ ਪਾਰਟੀ (21) ਅਤੇ ਰਾਸ਼ਟਰੀ ਜਨਤਾ ਦਲ (4) ਨਾਲ ਨਾਤਾ ਜੋੜ ਸਕਦੀ ਸੀ ਪਰ ਇਸ ਲਈ ਕਾਂਗਰਸ ਨੂੰ ਕੀਮਤ ਤਾਰਨੀ ਪੈਣੀ ਸੀ।

ਪ੍ਰਭਾਵੀ ਰੂਪ 'ਚ ਇਸ ਦਾ ਅਰਥ, ਕਾਂਗਰਸ ਦੀਆਂ (ਖਾਸ ਕਰਕੇ ਇਸ ਦੇ ਸਕੱਤਰ ਜਨਰਲ ਰਾਹੁਲ ਗਾਂਧੀ ਦੀਆਂ) ਇਕੱਲਿਆਂ ਹੀ ਉਤਰ ਪ੍ਰਦੇਸ਼ ਤੇ ਹੋਰ ਹਿੰਦੀ ਬੋਲਦੇ ਸੂਬਿਆਂ ਵਿਚ ਪਾਰਟੀ ਨੂੰ ਮੁੜ ਉਭਾਰਨ ਦੀਆਂ ਨੀਤੀਆਂ ਨੂੰ ਤਿਲਾਂਜਲੀ ਦੇਣਾ ਹੁੰਦਾ। ਹਾਲ ਹੀ 'ਚ ਹੋਈਆਂ ਬਿਹਾਰ ਵਿਧਾਨ ਸਭਾ ਚੋਣਾਂ ਵਿਚ ਇਸ ਦੀ ਹਾਰ ਵੀ ਇਨ੍ਹਾਂ ਆਸਾਂ 'ਤੇ ਪਾਣੀ ਫੇਰਦੀ ਹੈ। ਪਰ ਰਾਹੁਲ ਗਾਂਧੀ ਨੇ ਆਸਾਂ ਛੱਡੀਆਂ ਨਹੀਂ ਹਨ। ਉਹ ਯੂਥ ਕਾਂਗਰਸ ਵਿਚ ਵੱਡੇ ਪੱਧਰ 'ਤੇ ਭਰਤੀ ਕਰ ਰਹੇ ਹਨ ਜਿਸ ਤਹਿਤ ਯੂਥ ਕਾਂਗਰਸ ਦੇ 13.5 ਲੱਖ ਨਵੇਂ ਮੈਂਬਰ ਬਣੇ ਹਨ ਪਰ ਉਤਰ ਪ੍ਰਦੇਸ਼ ਦੀ ਸਿਆਸਤ ਜਿਸ ਵਿਚ ਵੱਡੀ ਪੱਧਰ 'ਤੇ ਪਹਿਲਾਂ ਹੀ ਸਫ਼ਬੰਦੀ ਹੋ ਚੁੱਕੀ ਹੈ, ਵਿਚ ਖਿੰਡੇ ਹੋਏ ਸਮਾਜਿਕ ਆਧਾਰ ਵਾਲੀ ਇਸ ਪਾਰਟੀ ਕੋਲ ਸਫਲਤਾ ਦੇ ਬਹੁਤ ਘੱਟ ਮੌਕੇ ਹਨ।

ਮਹਿਜ਼ ਨਿੱਜੀ ਨੇਕਨੀਅਤੀ ਅਤੇ ਅਪੀਲ ਜਾਂ ਵੱਖ-ਵੱਖ ਵਰਗਾਂ ਦੀ ਪਾਰਟੀ ਹੋਣ ਦੀ ਖਿੱਚ ਨਾਲ ਲੋੜੀਂਦੇ ਸਿੱਟੇ ਹਾਸਲ ਨਹੀਂ ਹੋ ਸਕਦੇ ਪਰ ਇਹ ਕਾਂਗਰਸ ਦਾ ਲੀਡਰਸ਼ਿਪ ਸੰਕਟ ਹੀ ਹੈ ਕਿ ਇਸ ਦੀ ਸਿਖਰਲੀ ਲੀਡਰਸ਼ਿਪ ਕੋਲ ਕੋਈ ਤਰਕਸੰਗਤ ਰਣਨੀਤਕ ਸੋਚ ਨਹੀਂ ਹੈ। ਦੂਜੇ ਬੰਨੇ ਪਾਰਟੀ ਦੇ ਦੂਜੇ ਅਤੇ ਤੀਜੇ ਰੈਂਕ ਦੇ ਆਗੂਆਂ ਵਿਚ ਚਾਪਲੂਸੀ ਅਤੇ ਨਹਿਰੂ-ਗਾਂਧੀ ਪਰਿਵਾਰ 'ਤੇ ਇਹ ਜਾਦੂਈ ਵਿਸ਼ਵਾਸ ਹੈ ਕਿ ਇਸ ਪਰਿਵਾਰ ਵਿਚ ਚੋਣਾਂ ਜਿੱਤਣ ਦੀ ਸਮਰੱਥਾ ਹੈ ਪਰ ਕਾਂਗਰਸ ਲਈ ਇਹ ਆਸ ਕਰਨੀ ਕੋਈ ਸਿਆਣਪ ਨਹੀਂ ਹੋਵੇਗੀ ਕਿ ਰਾਹੁਲ ਗਾਂਧੀ ਆਪਣੀ ਮਾਂ ਸ੍ਰੀਮਤੀ ਸੋਨੀਆ ਗਾਂਧੀ ਵਰਗਾ ਰੋਲ ਨਿਭਾਏਗਾ। ਉਸ ਦੀ ਮਾਂ ਦਾ ਰੋਲ ਇਹ ਸੀ ਕਿ ਉਸ ਨੇ 2004 ਵਿਚ ਆਪਣੀ ਅਗਵਾਈ 'ਚ ਪਾਰਟੀ ਨੂੰ ਸੱਤਾ 'ਤੇ ਮੁੜ ਬਿਠਾਇਆ ਸੀ। ਹੁਣ ਹਾਲਾਤ ਬਦਲ ਗਏ ਹਨ।

ਕਾਂਗਰਸ ਨੇ ਪੁਰਾਣੀ ਪੀੜ੍ਹੀ ਤੋਂ ਨਵੀਂ ਪੀੜ੍ਹੀ ਤੱਕ ਲੀਡਰਸ਼ਿਪ ਵਿਚ ਬਦਲਾਅ ਨਹੀਂ ਕੀਤਾ। ਨਵੀਂ ਪੀੜ੍ਹੀ ਕੋਲ ਨਵੇਂ ਵਿਚਾਰ ਅਤੇ ਰਣਨੀਤਕ ਢੰਗ-ਤਰੀਕੇ ਹਨ। ਉਸ ਦਾ ਨਵਾਂ ਸਿਆਸੀ ਮੁਹਾਵਰਾ ਅਤੇ ਕੰਮ ਕਰਨ ਦੀ ਸ਼ੈਲੀ ਹੈ। ਮਰਹੂਮ ਅਰਜਨ ਸਿੰਘ ਕਾਂਗਰਸ ਦੇ ਪਿਛਲੀ ਪੀੜ੍ਹੀ ਦੇ ਆਗੂਆਂ ਦੇ ਆਖਰੀ ਨੁਮਾਇੰਦੇ ਸਨ। ਅਰਜਨ ਸਿੰਘ ਦੀ ਠੀਕ ਹੀ ਆਲੋਚਨਾ ਕੀਤੀ ਜਾਂਦੀ ਰਹੀ ਹੈ ਕਿ ਉਨ੍ਹਾਂ ਨੇ ਮੌਕੇ ਦੇ ਪ੍ਰਧਾਨ ਮੰਤਰੀ ਪੀ.ਵੀ. ਨਰਸਿਮ੍ਹਾ ਰਾਓ ਦਾ ਵਿਰੋਧ ਕਰਨ ਦਾ ਮੌਕਾ ਗੁਆ ਦਿੱਤਾ। ਇਹ ਮੌਕਾ ਉਦੋਂ ਮਿਲਿਆ ਸੀ ਜਦੋਂ ਰਾਓ ਨੇ ਦਸੰਬਰ 1992 ਵਿਚ ਬਾਬਰੀ ਮਸਜਿਦ ਢਾਹੁਣ ਦੀ ਅਸਿੱਧੀ ਇਜਾਜ਼ਤ ਦਿੱਤੀ ਸੀ।

ਹਾਲ ਹੀ 'ਚ ਸਾਹਮਣੇ ਆਏ ਘੁਟਾਲਿਆਂ ਅਤੇ ਬਦਲੀਆਂ ਆਰਥਿਕ ਨੀਤੀਆਂ ਨੇ ਕਾਂਗਰਸ ਦੀ ਸਾਖ ਨੂੰ ਨੁਕਸਾਨ ਪਹੁੰਚਾਇਆ ਹੈ। ਡਾ. ਮਨਮੋਹਨ ਸਿੰਘ ਕੌਮੀ ਸਲਾਹਕਾਰ ਕੌਂਸਲ ਦੀਆਂ ਭੋਜਨ ਸੁਰੱਖਿਆ, ਸੂਚਨਾ ਅਧਿਕਾਰ ਤੇ ਹੋਰ ਮੁੱਦਿਆਂ 'ਤੇ ਸਿਫ਼ਾਰਸ਼ਾਂ ਨੂੰ ਮੰਨ ਕੇ ਇਨ੍ਹਾਂ ਦੇ ਅਮਲ ਨੂੰ ਦਰੁਸਤ ਕਰਨ 'ਚ ਵੱਡੀ ਜੱਕੋ-ਤੱਕੀ ਦਿਖਾ ਰਹੇ ਹਨ। ਕਾਂਗਰਸ ਹੋਰ ਵੀ ਆਪਣੇ ਕਈ ਵਾਅਦਿਆਂ ਤੋਂ ਮੁੱਕਰ ਰਹੀ ਹੈ। ਪਾਰਟੀ ਅਤੇ ਸਰਕਾਰ ਜ਼ਿਆਦਾ ਦੇਰ ਤੱਕ ਆਪਸੀ ਸਹਿਮਤੀ ਨਾਲ ਨਹੀਂ ਚਲੇਗੀ। ਮੰਤਰੀ ਇਕਜੁਟਤਾ ਨਾਲ ਕੰਮ ਨਹੀਂ ਕਰ ਰਹੇ। ਇੰਜ ਲਗਦਾ ਹੈ ਜਿਵੇਂ ਕਾਂਗਰਸ 2009 ਵਿਚ ਆਪਣੇ ਚੋਣ ਮਨੋਰਥ ਪੱਤਰ ਵਿਚ ਕੀਤੇ ਵਾਅਦਿਆਂ ਨੂੰ ਭੁੱਲ ਗਈ ਹੋਵੇ। ਵਾਅਦੇ ਸਨ ਕਿ ਦੇਸ਼ ਵਿਚ ਸਮੂਹਿਕ ਤੇ ਗਰੀਬ ਪੱਖੀ ਵਿਕਾਸ ਕੀਤਾ ਜਾਵੇਗਾ ਅਤੇ ਸਾਫ਼-ਸੁਥਰਾ ਤੇ ਜਵਾਬਦੇਹ ਪ੍ਰਸ਼ਾਸਨ ਦਾ ਪ੍ਰਬੰਧ ਕੀਤਾ ਜਾਵੇ। ਪਿਛਲੇ ਸੱਤ ਸਾਲ ਜਦੋਂ ਤੋਂ ਕਾਂਗਰਸ ਸੱਤਾ 'ਚ ਹੈ, ਵਿਚ ਇਸ ਦੀ ਸਭ ਤੋਂ ਮਾੜੀ ਹਾਲਤ ਹੁਣ ਹੈ। ਇਸ ਨੇ ਭਾਵੇਂ ਡੀ.ਐਮ.ਕੇ. ਵੱਲੋਂ ਖੜ੍ਹਾ ਕੀਤਾ ਤੂਫ਼ਾਨ ਸ਼ਾਂਤ ਕਰ ਦਿੱਤਾ ਹੈ ਪਰ ਇਸ ਨਾਲ ਉਸ ਦੀ ਭਰੋਸੇਯੋਗਤਾ ਨੂੰ ਵੀ ਸੱਟ ਲੱਗੀ ਹੈ।

# ਸਿਆਸੀ ਪਹਿਲਕਦਮੀ ਹੀ ਪੰਜਾਬ ਦੇ ਅਰਥਚਾਰੇ ਨੂੰ ਲੀਹ 'ਤੇ ਪਾ ਸਕੇਗੀ

**ਗੋਬਿੰਦ ਠੁਕਰਾਲ**


ਸਾਰੀਆਂ ਵੱਡੀਆਂ ਸਿਆਸੀ ਪਾਰਟੀਆਂ, ਜਿਨ੍ਹਾਂ ਨੇ ਵੀ ਪੰਜਾਬ ਦਾ ਸ਼ਾਸਨ ਚਲਾਇਆ ਹੈ ਜਾਂ ਚਲਾ ਰਹੀਆਂ ਹਨ, ਨੇ ਪੰਜਾਬ ਨੂੰ ਵਿੱਤੀ ਸੰਕਟ 'ਚੋਂ ਕੱਢਣ ਲਈ ਕੋਈ ਵੱਡੀ ਕੋਸ਼ਿਸ਼ ਨਹੀਂ ਕੀਤੀ। ਪੰਜਾਬ ਦੇ 2011-12 ਦੇ ਬਜਟ ਅਤੇ 2010-11 ਦੇ ਆਰਥਿਕ ਸਰਵੇਖਣ ਨੇ ਇਸ ਪੱਖੋਂ ਕੋਈ ਸ਼ੱਕ ਨਹੀਂ ਰਹਿਣ ਦਿੱਤਾ। ਪੰਜਾਬ ਦਾ ਕੁੱਲ ਬਜਟ 48,595 ਕਰੋੜ ਰੁਪਏ ਦਾ ਪੇਸ਼ ਕੀਤਾ ਗਿਆ ਹੈ। ਇਸ ਦਾ 74 ਫ਼ੀਸਦੀ ਹਿੱਸਾ ਤਨਖਾਹਾਂ ਅਤੇ ਪੈਨਸ਼ਨਾਂ ਵਿਚ ਜਾਂਦਾ ਹੈ। ਯੋਜਨਾਵਾਂ ਲਈ 11,500 ਕਰੋੜ ਰੁਪਏ ਹਨ। ਵਿੱਤੀ ਘਾਟਾ 8,801 ਕਰੋੜ ਰੁਪਏ ਅਤੇ ਆਮਦਨ ਘਾਟਾ 3,379 ਕਰੋੜ ਰੁਪਏ ਦਰਸਾਇਆ ਗਿਆ ਹੈ। ਸੂਬੇ ਦੀ ਵਿਕਾਸ ਦਰ 7.78 ਫ਼ੀਸਦੀ ਦਰਜ ਕੀਤੀ ਗਈ ਹੈ ਅਤੇ ਫੀ ਵਿਅਕਤੀ ਆਮਦਨ 70,072 ਰੁਪਏ ਹੈ। ਫੀ ਵਿਅਕਤੀ ਆਮਦਨ ਪੱਖੋਂ ਪੰਜਾਬ ਦੇਸ਼ ਭਰ ਵਿਚ ਅੱਠਵੀਂ ਥਾਂ 'ਤੇ ਹੈ ਜੋ ਕਦੀ ਪਹਿਲੀ ਥਾਂ 'ਤੇ ਹੁੰਦਾ ਸੀ।

ਤਨਖਾਹ ਕਮਿਸ਼ਨ ਦੀ ਪੰਜਾਬ 'ਤੇ ਸਾਲਾਨਾ ਦੇਣਦਾਰੀ ਲਗਭਗ 3,000 ਕਰੋੜ ਰੁਪਏ ਦੀ ਹੈ। ਪਹਿਲੀ ਜਨਵਰੀ 2006 ਤੋਂ 31 ਜੁਲਾਈ 2009 ਤੱਕ ਵਾਧੂ ਖਰਚੇ ਸਣੇ ਬਕਾਇਆ ਰਕਮ 7200 ਕਰੋੜ ਰੁਪਏ ਹੈ। ਇਸ ਨਾਲ ਵੀ ਰਾਜ 'ਤੇ ਬੋਝ ਵਧਦਾ ਹੈ।

ਚੋਣ ਵਰ੍ਹਾ ਹੋਣ ਕਰਕੇ ਸੁਭਾਵਿਕ ਤੌਰ 'ਤੇ ਨਵਾਂ ਕਰ ਲਾਉਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਗਈ ਸਗੋਂ ਕਰ ਉਗਰਾਹੀ ਦੇ ਅਮਲ 'ਚ ਸੁਧਾਰ ਲਿਆਉਣ ਦੀਆਂ ਕੁਝ ਕੋਸ਼ਿਸ਼ਾਂ ਹੀ ਕੀਤੀਆਂ ਗਈਆਂ ਹਨ। ਕਰ ਉਗਰਾਹੀ ਵਿਚ ਸੁਧਾਰ ਅਤੇ ਮਹਿੰਗਾਈ ਆਦਿ ਕਾਰਨਾਂ ਕਰਕੇ ਕਰ ਦੀ ਰਕਮ ਵਿਚ ਵਾਧਾ ਹੋਇਆ ਹੈ। ਉਪ-ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਪ੍ਰਸ਼ਾਸਨਿਕ ਸੁਧਾਰਾਂ ਅਤੇ ਮੌਜੂਦਾ ਪ੍ਰਸ਼ਾਸਨਿਕ ਕਮਜ਼ੋਰੀਆਂ ਨੂੰ ਠੱਲ੍ਹ ਪਾਉਣ ਲਈ ਜੂਝ ਰਹੇ ਹਨ। ਜੇ ਉਹ ਇਸ ਖੇਤਰ ਸਫ਼ਲ ਹੁੰਦੇ ਹਨ ਤਾਂ ਪੰਜਾਬ ਬਿਹਤਰ ਸਿੱਟਿਆਂ ਦੀ ਆਸ ਕਰ ਸਕਦਾ ਹੈ ਪਰ ਵੱਡਾ ਫ਼ਿਕਰ ਫਿਰ ਵੀ ਲੱਗਿਆ ਹੋਇਆ ਹੈ ਕਿਉਂਕਿ ਸੂਬੇ ਸਿਰ ਕੁੱਲ ਕਰਜ਼ਾ 77.585 ਕਰੋੜ ਰੁਪਏ ਤੱਕ ਅੱਪੜ ਗਿਆ ਹੈ। ਇਸ ਦੇ ਵਿਆਜ ਦੀ ਅਦਾਇਗੀ ਖੁਦ ਹੀ ਅਹਿਮ ਸੋਮਿਆਂ ਨੂੰ ਹੜੱਪ ਰਹੀ ਹੈ; ਨਹੀਂ ਤਾਂ ਇਹੀ ਰਕਮ ਵਿਕਾਸ ਲਈ ਖਰਚ ਹੋ ਸਕਦੀ ਸੀ। ਜਿਵੇਂ ਬਹੁਤ ਸਾਰੇ ਲੋਕ ਇਹ ਗੱਲ ਕਹਿੰਦੇ ਹਨ ਕਿ ਇਹ ਕਰਜ਼ਾ ਇਕ ਨਾ ਇਕ ਦਿਨ ਲਹਿ ਜਾਵੇਗਾ ਪਰ ਕਦੋਂ ਲੱਥੇਗਾ, ਇਸ ਬਾਰੇ ਕਿਸੇ ਨੂੰ ਕੁਝ ਪਤਾ ਨਹੀਂ। ਸਿਰਫ ਪੰਜਾਬ ਦੇ ਮਾਮਲੇ ਵਿਚ ਹੀ ਨਹੀਂ ਸਗੋਂ ਹੋਰ ਕਈ ਸੂਬਿਆਂ ਦੇ ਮਾਮਲੇ ਵਿਚ ਵੀ ਕਰਜ਼ੇ ਦਾ ਸੁਆਲ ਅਜਿਹਾ ਹੀ ਬਣਿਆ ਹੋਇਆ ਹੈ ਕਿ ਇਸ ਬਾਰੇ ਕੋਈ ਰਾਹ ਨਹੀਂ ਬਚਦਾ/ਦਿਸਦਾ।

ਐਤਕੀਂ ਦੇ ਬਜਟ ਵਿਚ ਜੋ ਚੰਗੀ ਗੱਲ ਹੈ, ਉਹ ਇਹ ਹੈ ਕਿ ਸਮਾਜਿਕ ਖਰਚਿਆਂ ਅਤੇ ਭਲਾਈ ਸਕੀਮਾਂ 'ਤੇ ਜ਼ੋਰ ਦਿੱਤਾ ਗਿਆ ਹੈ। ਇਹ ਛੋਟੀਆਂ ਰਹਿਮਤਾਂ ਨਹੀਂ ਹਨ ਪਰ ਗਰੀਬਾਂ ਅਤੇ ਲੋੜਵੰਦਾਂ ਦੀ ਵੱਡੀ ਪੱਧਰ 'ਤੇ ਮਦਦ ਕਰ ਸਕਦੀਆਂ ਹਨ। ਸਰਕਾਰੀ ਸਕੂਲਾਂ ਦੀਆਂ 11ਵੀਂ ਤੇ 12ਵੀਂ ਦੀਆਂ ਉਨ੍ਹਾਂ ਵਿਦਿਆਰਥਣਾਂ ਨੂੰ ਸਾਈਕਲ ਮੁਹੱਈਆ ਕਰਾਏ ਜਾਣਗੇ ਜਿਨ੍ਹਾਂ ਨੂੰ ਪਿੰਡ ਤੋਂ ਬਾਹਰ ਪੜ੍ਹਨ ਲਈ ਜਾਣਾ ਪੈਂਦਾ ਹੈ। ਸਰਕਾਰ ਜੀਵਨ ਬੀਮਾ ਨੀਤੀ ਦੇ ਹਿੱਸੇ ਵਜੋਂ ਗਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਪਰਿਵਾਰਾਂ ਨੂੰ ਹਰ ਬਾਲੜੀ ਦੇ ਜਨਮ 'ਤੇ 15,000 ਰੁਪਏ ਦੇਵੇਗੀ। ਵਿੱਤ ਮੰਤਰੀ ਡਾ. ਉਪਿੰਦਰਜੀਤ ਕੌਰ ਨੇ ਯਕੀਨ ਦਿਵਾਇਆ ਹੈ ਕਿ ਸਰਕਾਰ ਆਪਣੀਆਂ ਸਿਹਤ ਸੰਸਥਾਵਾਂ ਵਿਚ ਔਰਤ ਨੂੰ ਹਰ ਜਣੇਪੇ ਲਈ 1,000 ਰੁਪਏ ਦੇਵੇਗੀ। ਮੁਫ਼ਤ ਬਿਜਲੀ, ਸਿੰਜਾਈ, ਆਟਾ-ਦਾਲ ਸਕੀਮ, ਪੈਨਸ਼ਨ ਅਤੇ ਸ਼ਗਨ ਸਕੀਮ ਲਈ ਮੌਜੂਦਾ ਸਬਸਿਡੀ ਬਿੱਲ ਤਕਰੀਬਨ 4800 ਕਰੋੜ ਰੁਪਏ ਦਾ ਬਣਦਾ ਹੈ। ਗਰੀਬੀ ਰੇਖਾ ਤੋਂ ਹੇਠਾਂ ਵਾਲੀ ਵਸੋਂ, ਅਨੁਸੂਚਿਤ ਜਾਤਾਂ, ਪਛੜੀਆਂ ਸ਼੍ਰੇਣੀਆਂ ਜਾਂ ਆਰਥਿਕ ਪੱਖੋਂ ਕਮਜ਼ੋਰ ਵਰਗਾਂ ਲਈ ਭਲਾਈ ਸਕੀਮਾਂ 500 ਕਰੋੜ ਰੁਪਏ ਦਾ ਵਾਧੂ ਬੋਝ ਪਾਉਣਗੀਆਂ।

ਪੰਜਾਬ ਦੇ 2010-11 ਦੇ ਆਰਥਿਕ ਸਰਵੇਖਣ ਵਿਚ ਪੰਜਾਬ ਨੂੰ ਦਰਪੇਸ਼ ਗੰਭੀਰ ਮੁੱਦਿਆਂ ਦਾ ਜ਼ਿਕਰ ਕੀਤਾ ਗਿਆ ਹੈ। ਇਸ ਨੇ ਜਿਥੇ ਸੂਬੇ ਦੀ 7.8 ਫ਼ੀਸਦੀ ਦੀ ਬਿਹਤਰ ਵਿਕਾਸ ਦਰ ਅਤੇ ਉਚੀ ਕਰ ਆਮਦਨ ਦਰ ਦੀ ਤਾਰੀਫ਼ ਕੀਤੀ ਹੈ, ਉਥੇ ਇਹ ਭਵਿੱਖ ਦੀਆਂ ਵੰਗਾਰਾਂ ਦੀ ਨਿਰਾਸ਼ਾਮਈ ਤਸਵੀਰ ਵੀ ਦਿਖਾਉਂਦਾ ਹੈ। ਖੇਤੀ 'ਚ ਤਕਰੀਬਨ ਖੜੋਤ ਆ ਗਈ ਹੈ। ਜ਼ਮੀਨਦੋਜ਼ ਪਾਣੀ ਦਾ ਪੱਧਰ ਖ਼ਤਰਨਾਕ ਰਫ਼ਤਾਰ ਨਾਲ ਥੱਲੇ ਜਾ ਰਿਹਾ ਹੈ। ਖੇਤੀ ਉਤਪਾਦਨ 'ਚ ਕੋਈ ਵਾਧਾ



ਨਹੀਂ ਹੋ ਰਿਹਾ। ਸੂਬੇ ਵਿਚ ਮਿੱਟੀ ਦੀ ਗੁਣਵੱਤਾ ਨਿਘਾਰ ਵੱਲ ਜਾ ਰਹੀ ਹੈ ਅਤੇ ਇਸ ਵਿਚ ਫ਼ਸਲਾਂ ਲਈ ਪੌਸ਼ਟਿਕ ਤੱਤ ਘਟ ਰਹੇ ਹਨ। ਕਣਕ ਅਤੇ ਝੋਨੇ ਦੇ ਫਸਲੀ ਚੱਕਰ ਕਾਰਨ ਜ਼ਮੀਨ ਹੇਠਲੇ ਪਾਣੀ ਦਾ ਸੋਮਾ ਤਬਾਹ ਹੋ ਰਿਹਾ ਹੈ ਕਿਉਂਕਿ ਸਿੰਜਾਈ ਲਈ ਇਸ ਦੀ ਹੱਦੋਂ ਵੱਧ ਵਰਤੋਂ ਕੀਤੀ ਜਾ ਰਹੀ ਹੈ। ਇਸ ਤੋਂ ਵੀ ਵੱਧ ਖ਼ਤਰਨਾਕ ਗੱਲ ਇਹ ਹੈ ਕਿ ਪਿਛਲੇ ਸਾਲ ਮੌਨਸੂਨੀ ਮੀਂਹਾਂ ਤੋਂ ਬਾਅਦ ਵੀ ਪੰਜਾਬ ਦੇ ਕੇਂਦਰੀ ਹਿੱਸੇ ਦੇ ਜ਼ਮੀਨਦੋਜ਼ ਪਾਣੀ ਦਾ ਪੱਧਰ ਹੇਠਾਂ ਹੀ ਰਿਹਾ ਸੀ; ਇਹ ਉਪਰ ਨਹੀਂ ਆਇਆ। ਇਸ ਮਾਮਲੇ ਵਿਚ ਪੰਜਾਬ ਦੇਸ਼ ਨੂੰ ਰਜਾਉਣ ਅਤੇ ਭੋਜਨ ਸੁਰੱਖਿਆ ਮੁਹੱਈਆ ਕਰਾਉਣ ਦੀ ਕੀਮਤ ਤਾਰ ਰਿਹਾ ਹੈ। ਕੇਂਦਰ ਸਰਕਾਰ ਵੱਲੋਂ ਮਦਦ ਦੀ ਘੱਟ ਹੀ ਉਮੀਦ ਹੈ ਅਤੇ ਪੰਜਾਬ ਇਕੱਲਾ ਬਹੁਤਾ ਕੁਝ ਨਹੀਂ ਕਰ ਸਕਦਾ।

ਸਰਵੇਖਣ ਮੁਤਾਬਿਕ ਸੇਵਾਵਾਂ ਦੇ ਖੇਤਰ ਦਾ ਵਿਕਾਸ 'ਥੋੜ੍ਹਾ' ਹੈ। ਇਹ ਵੀ ਕਿਹਾ ਗਿਆ ਹੈ ਕਿ ਕੁੱਲ ਘਰੇਲੂ ਉਤਪਾਦਨ ਵਿਚ ਖੇਤੀ ਆਦਿ ਮੁਢਲੇ ਖੇਤਰ ਦਾ ਹਿੱਸਾ ਲਗਾਤਾਰ ਘਟ ਰਿਹਾ ਹੈ। ਦੂਜੇ ਬੰਨੇ ਸੈਕੰਡਰੀ (ਸਨਅਤੀ) ਅਤੇ ਟਰਸ਼ਰੀ (ਸੇਵਾਵਾਂ) ਦੇ ਖੇਤਰ ਦਾ ਹਿੱਸਾ ਵਧ ਰਿਹਾ ਹੈ। ਇਸ ਸਰਵੇਖਣ ਮੁਤਾਬਕ ਕੁੱਲ ਘਰੇਲੂ ਉਤਪਾਦਨ ਵਿਚ ਸੇਵਾਵਾਂ ਦੇ ਖੇਤਰ ਦੇ ਯੋਗਦਾਨ ਦਾ ਘੱਟ ਵਾਧਾ ਫ਼ਿਕਰ ਦਾ ਵਿਸ਼ਾ ਹੈ। ਰਿਪੋਰਟ ਦਾ ਕਹਿਣਾ ਹੈ ਕਿ '2009-10 ਵਿਚ ਇਹ ਵਾਧਾ 43.5 ਫ਼ੀਸਦੀ ਸੀ। ਉਦੋਂ ਦੇਸ਼ ਪੱਧਰ 'ਤੇ ਇਹ ਵਾਧਾ 59.8 ਫ਼ੀਸਦੀ ਦਰਜ ਕੀਤਾ ਗਿਆ।' ਖੇਤੀਬਾੜੀ ਅਤੇ ਪਸ਼ੂ ਧਨ ਸਣੇ ਮੁਢਲੇ ਖੇਤਰ ਦਾ ਹਿੱਸਾ 2004-05 ਵਿਚ 32.53 ਫ਼ੀਸਦੀ ਸੀ ਜੋ 2009-10 'ਚ ਘਟ ਕੇ 24.92 ਫ਼ੀਸਦੀ ਰਹਿ ਗਿਆ। ਸੈਕੰਡਰੀ (ਸਨਅਤੀ) ਖੇਤਰ ਦਾ ਹਿੱਸਾ 2004-05 ਵਿਚ 24.78 ਫ਼ੀਸਦੀ ਸੀ ਜੋ 2009-10 ਵਿਚ ਵਧ ਕੇ 31.55 ਫ਼ੀਸਦੀ ਹੋ ਗਿਆ ਪਰ ਇਸ ਬਜਟ ਵਿਚ ਸਨਅਤੀ ਖੇਤਰ ਦਾ ਕੋਈ ਖਿਆਲ ਨਹੀਂ ਰੱਖਿਆ ਗਿਆ।

ਬਜਟ ਨੇ 2009 ਵਾਲੀ ਸਨਅਤੀ ਨੀਤੀ ਦਾ ਜ਼ਿਕਰ ਕੀਤਾ ਹੈ ਜੋ ਸੂਚਨਾ ਤਕਨਾਲੋਜੀ, ਖੇਤੀ ਆਧਾਰਤ ਅਤੇ ਫੂਡ ਪ੍ਰੋਸੈਸਿੰਗ ਇਕਾਈਆਂ ਨੂੰ ਉਤਸ਼ਾਹਿਤ ਕਰਨ ਵਾਲੀ ਸੀ। ਇਨ੍ਹਾਂ ਵਿਚੋਂ ਕਿਸੇ ਵੀ ਖੇਤਰ ਵਿਚ ਕੋਈ ਬਹੁਤੀ ਤਰੱਕੀ ਨਹੀਂ ਹੋਈ। ਬਜਟ ਵਿਚ ਸਨਅਤੀ ਫੋਕਲ ਪੁਆਇੰਟਾਂ ਦੇ ਅਗਲੇਰੇ ਵਿਕਾਸ ਲਈ ਸਿਰਫ਼ 10 ਕਰੋੜ ਰੁਪਏ ਰਾਖਵੇਂ ਕੀਤੇ ਗਏ ਹਨ। ਪਿਛਲੇ ਚਾਰ ਸਾਲਾਂ ਦੌਰਾਨ ਭਾਵੇਂ 69 ਮੈਗਾ ਪ੍ਰਾਜੈਕਟਾਂ ਨੂੰ ਪ੍ਰਵਾਨਗੀ ਮਿਲੀ ਹੈ ਪਰ ਇਹ ਪ੍ਰਾਜੈਕਟ ਕਦੋਂ ਅਮਲ 'ਚ ਲਿਆਂਦੇ ਜਾਣਗੇ, ਇਸ ਬਾਰੇ ਕਿਸੇ ਨੂੰ ਕੋਈ ਅੰਦਾਜ਼ਾ ਨਹੀਂ ਹੈ।

'ਐਸੋਚਮ' ਦਾ ਅਧਿਐਨ ਦੱਸਦਾ ਹੈ ਕਿ ਦੇਸ਼ ਪੱਧਰ 'ਤੇ ਹੋਏ ਕੁੱਲ ਨਿੱਜੀ ਅਤੇ ਸਰਕਾਰੀ ਨਿਵੇਸ਼ ਦਾ ਪੰਜਾਬ ਨੂੰ ਸਿਰਫ਼ 1.6 ਫੀਸਦੀ ਹਿੱਸਾ ਮਿਲਿਆ ਹੈ। ਹਰਿਆਣਾ ਨੂੰ ਇਸ ਤੋਂ ਦੋਹਰਾ 3.8 ਫ਼ੀਸਦੀ ਹਿੱਸਾ ਮਿਲਿਆ ਹੈ। ਇਹ ਗੱਲ ਸਮਝਣੀ ਪਵੇਗੀ ਕਿ ਪੰਜਾਬ ਨੂੰ ਭੂਗੋਲਿਕ ਤੌਰ 'ਤੇ ਅਨੁਕੂਲ ਥਾਂ 'ਤੇ ਨਾ ਹੋਣ ਦਾ ਖਮਿਆਜ਼ਾ ਭੁਗਤਣਾ ਪੈ ਰਿਹਾ ਹੈ ਅਤੇ ਕੇਂਦਰ ਵੱਲੋਂ ਪਹਾੜੀ ਸੂਬਿਆਂ ਨੂੰ ਕਰ ਛੋਟਾਂ ਵੀ ਦਿੱਤੀਆਂ ਜਾ ਰਹੀਆਂ ਹਨ। 2002 ਤੋਂ 2008 ਵਿਚਕਾਰ 274 ਸਨਅਤੀ ਇਕਾਈਆਂ ਪਹਾੜੀ ਸੂਬਿਆਂ ਵਿਚ ਜਾਂ ਤਾਂ ਤਬਦੀਲ ਕਰ ਦਿੱਤੀਆਂ ਗਈਆਂ ਜਾਂ ਨਵੀਆਂ ਕਾਇਮ ਕੀਤੀਆਂ ਗਈਆਂ ਪਰ 'ਐਸੋਚਮ' ਨੇ ਪੰਜਾਬ ਵਿਚ ਸਨਅਤੀ ਅਮਲ ਦੀ ਧੀਮੀ ਰਫ਼ਤਾਰ ਨੂੰ ਭ੍ਰਿਸ਼ਟਾਚਾਰ ਅਤੇ ਪ੍ਰਸ਼ਾਸਨਿਕ ਉਦਾਸੀਨਤਾ ਅਤੇ ਇਸ ਦੇ ਭੂਗੋਲਿਕ ਹਾਲਾਤ ਤੋਂ ਇਲਾਵਾ ਜ਼ਮੀਨਾਂ ਦੀਆਂ ਉਚੀਆਂ ਕੀਮਤਾਂ ਨਾਲ ਜੋੜਿਆ ਹੈ। ਖ਼ਰਾਬ ਪ੍ਰਸ਼ਾਸਨ ਅਕਸਰ ਵਿੱਤੀ ਸੰਕਟ ਨੂੰ ਜਨਮ ਦਿੰਦਾ ਹੈ। ਇਹ ਨਿਵੇਸ਼ਕਾਂ ਨੂੰ ਦੂਰ ਕਰਦਾ ਹੈ। ਇਸੇ ਕਰਕੇ ਪ੍ਰਸ਼ਾਸਨਿਕ ਸੁਧਾਰ ਇੰਨੇ ਅਹਿਮ ਹੁੰਦੇ ਹਨ।

ਗੁਣਵੱਤਾ ਵਾਲੀ ਬਿਜਲੀ ਦੀ ਘਾਟ ਕਰਕੇ ਵੀ ਸਨਅਤੀ ਖੇਤਰ ਦਾ ਨਿਘਾਰ ਵਧ ਰਿਹਾ ਹੈ। ਵਿੱਤੀ ਗ਼ੈਰ-ਅਨੁਸ਼ਾਸਨ ਅਤੇ ਸਿਆਸੀ ਤੇ ਨੌਕਰਸ਼ਾਹੀ ਦੀ ਫ਼ਜ਼ੂਲ-ਖ਼ਰਚੀ ਨੇ ਸਰਕਾਰ ਦਾ ਤਕਰੀਬਨ ਦਿਵਾਲਾ ਕੱਢ ਦਿੱਤਾ ਹੈ ਅਤੇ ਇਸ ਨੂੰ ਅਸਮਰੱਥ ਬਣਾ ਦਿੱਤਾ ਹੈ। ਆਜਾਈਂ ਜਾ ਰਹੀ ਆਮਦਨ ਰੋਕਣ ਅਤੇ ਕਾਲੇ ਧਨ ਨੂੰ ਕਾਬੂ ਕਰਨ ਜਾਂ ਕਰ ਵਸੂਲੀ ਬਾਰੇ ਅਮਲਾਂ ਨੂੰ ਮਜ਼ਬੂਤ ਕਰਕੇ ਸਾਧਨ ਜੁਟਾਉਣ ਲਈ ਮਜ਼ਬੂਤ ਰਾਜਨੀਤਕ ਸਿਆਸੀ ਇੱਛਾ-ਸ਼ਕਤੀ ਹੋਣੀ ਚਾਹੀਦੀ ਹੈ ਕਿਉਂਕਿ ਖੇਤੀਬਾੜੀ ਪਹਿਲਾਂ ਹੀ ਸਾਹ ਸੱਤਹੀਣ ਹੈ। ਇਸ ਲਈ ਸਨਅਤੀ ਖੇਤਰ ਹੀ ਇਕੱਲਾ ਰੁਜ਼ਗਾਰ ਦੇ ਵਸੀਲੇ ਪੈਦਾ ਕਰ ਸਕਦਾ ਹੈ ਅਤੇ ਵਿਕਾਸ 'ਚ ਤੇਜ਼ੀ ਲਿਆ ਸਕਦਾ ਹੈ। ਇਸ ਸਮੇਂ ਵਿਚ ਸੂਬੇ ਵਿਚ ਤਕਰੀਬਨ 30 ਲੱਖ ਨੌਜਵਾਨ ਬੇਰੁਜ਼ਗਾਰ ਹਨ। ਇਹ ਫ਼ਿਕਰ ਵਾਲੀ ਗੱਲ ਹੈ।

# ਸੰਗਤੇ ਜੀ, ਹੋਲਾ-ਮਹੱਲਾ ਅਨੰਦਪੁਰ ਦਾ!

## ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਅਜਿਹਾ ਕਦੇ ਸੋਚਿਆ ਵੀ ਨਹੀਂ ਸੀ ਕਿ ਕਿਸੇ ਵੇਲੇ ਸ੍ਰੀ ਅਨੰਦਪੁਰ ਸਾਹਿਬ ਤੋਂ ਹਜ਼ਾਰਾਂ ਮੀਲ ਦੂਰ ਸੱਤ ਸਮੁੰਦਰ ਪਾਰ ਬਹਿ ਕੇ ਹੋਲੇ-ਮਹੱਲੇ ਨੂੰ ਚੇਤੇ ਕਰਦਿਆਂ ਇੰਜ ਠੰਢੇ ਸਾਹ ਭਰਨੇ ਪੈਣਗੇ। ਬਾਜ਼ਾਂ ਵਾਲੇ ਸਤਿਗੁਰੂ ਦੀ ਵਰੋਸਾਈ ਨਗਰੀ ਦੀਆਂ ਪਾਵਨ ਗਲੀਆਂ ਵਿਚ ਘੁੰਮਦੇ ਫਿਰਦੇ ਖਾਲਸਾ ਜਨ ਸਮੂਹ ਦੀਆਂ ਟੀ ਵੀ ਅਤੇ ਅਖਬਾਰਾਂ ਵਿਚ ਤਸਵੀਰਾਂ ਦੇਖ ਕੇ ਹੀ ਸਬਰ ਕਰਨਾ ਪਿਆ ਕਰੇਗਾ। ਉਥੇ ਨਤ-ਮਸਤਕ ਹੋਣ ਆਏ ਲੱਖਾਂ ਸ਼ਰਧਾਲੂਆਂ ਦੀ ਚਰਨ ਧੂੜ ਲਈ ਇੰਜ ਤਰਸਣਾ ਪਿਆ ਕਰੇਗਾ! ਇਹ ਝੋਰੇ ਕਦੇ ਚਿੱਤ ਚੇਤੇ ਵੀ ਨਹੀਂ ਸਨ ਆਏ, ਕਿਉਂ ਜੋ ਸਾਡੇ ਟੱਬਰ ਨੇ ਕਦੇ ਹੋਲੇ ਮਹੱਲੇ 'ਤੇ ਨਾ ਜਾਣ ਦੀ 'ਅਵੱਗਿਆ' ਕੀਤੀ ਹੀ ਨਹੀਂ ਸੀ। ਪੱਕੀ ਤਰ੍ਹਾਂ ਯਾਦ ਹੈ ਕਿ ਹੋਸ਼ ਸੰਭਾਲਣ ਤੋਂ ਲੈ ਕੇ ਸੰਨ ਦੋ ਹਜ਼ਾਰ ਚਾਰ, ਭਾਵ ਅਮਰੀਕਾ ਚਲੇ ਆਉਣ ਤੱਕ, ਸ਼ਾਇਦ ਹੀ ਕੋਈ ਐਸਾ ਅਭਾਗਾ ਵਰ੍ਹਾ ਲੰਘਿਆ ਹੋਵੇਗਾ ਜਦ ਅਸੀਂ ਇਸ ਇਤਿਹਾਸਕ ਪੁਰਬ ਮੌਕੇ ਸ੍ਰੀ ਅਨੰਦਪੁਰ ਸਾਹਿਬ ਜਾਣੋਂ ਖੁੰਝ ਗਏ ਹੋਈਏ।

ਧਾਰਮਿਕ ਸਮਾਗਮਾਂ ਵਿਚ ਕਿਵੇਂ ਜਾਈਦਾ ਹੈ? ਉਥੇ ਜਾ ਕੇ ਕਿਵੇਂ ਫਿਰੀ-ਤੁਰੀ ਦਾ ਹੈ? ਪ੍ਰਸ਼ਾਦ ਜਾਂ ਲੰਗਰ ਕਿਵੇਂ ਛਕੀਦਾ ਹੈ? ਸਟੇਜ 'ਤੇ ਬੋਲ ਰਹੇ ਵਕਤੇ ਦੀ ਅੱਖ 'ਚ ਅੱਖ ਪਾ ਕੇ ਸੰਗਤ ਵਿਚ ਕਿਸੇ ਤਰ੍ਹਾਂ ਬੈਠਣਾ ਚਾਹੀਦਾ ਹੈ? ਅਜਿਹੇ ਬਹੁਤ ਸਾਰੇ ਨਿਯਮਾਂ-ਅਸੂਲਾਂ ਦੀ 'ਰੰਗਰੂਟੀ' ਅਸੀਂ ਹੋਲੇ-ਮਹੱਲੇ ਨੂੰ ਜਾਂਦਿਆਂ ਆਉਂਦਿਆਂ ਹੀ ਤਾਂ ਕੀਤੀ ਸੀ। ਜਿਵੇਂ ਭੈਣਾਂ ਆਪਣੇ ਭਰਾਵਾਂ ਦੇ ਵਿਆਹ ਦੇ ਦਿਨ ਨੂੰ ਚਾਅਵਾਂ-ਸੱਧਰਾਂ ਨਾਲ ਉਡੀਕਦੀਆਂ ਹੁੰਦੀਆਂ ਹਨ, ਇਵੇਂ ਅਸੀਂ ਹਰ ਸਾਲ ਫਰਵਰੀ ਮਹੀਨਾ ਮੁੱਕਦਿਆਂ ਹੀ ਬਾਕੀ ਬਚਦੇ ਦਿਨ ਗਿਣਨੇ ਸ਼ੁਰੂ ਕਰ ਦਿੰਦੇ।

ਜਦੋਂ ਖਾਲੀ ਜੇਬਾਂ ਹੁੰਦੀਆਂ ਸਨ ਤਾਂ ਹੋਲੇ-ਮਹੱਲੇ ਨੂੰ ਚਾਈਂ-ਚਾਈਂ ਜਾਈਦਾ ਸੀ। ਜਦ ਫਿਰ ਜੇਬਾਂ ਨੂੰ ਭਰਨ ਦੀ ਲਾਲਸਾ ਅਧੀਨ ਪਰਵਾਸੀ ਬਣੇ ਤਾਂ ਅਨੰਦਪੁਰ ਸਾਹਿਬ ਨਾਲੋਂ ਵਿਛੋੜਾ ਪੈ ਗਿਆ। ਇਸ ਨੂੰ ਪ੍ਰਾਲੱਭਤ ਦੀ ਖੇਡ ਕਹਿ ਲਓ ਜਾਂ ਮਜਬੂਰੀਆਂ ਦੀ ਫਾਹੀ ਨੂੰ ਦੋਸ਼ ਦੇ ਲਈਏ, ਆਪਣੇ ਧਰਮ ਦੇ ਇਤਿਹਾਸਕ ਸੋਮਿਆਂ ਨਾਲੋਂ ਟੁੱਟਣ ਦਾ ਵਿਯੋਗ ਤਾਂ ਸਹੇੜ ਹੀ ਬੈਠੇ ਹਾਂ। ਜੇ ਮਹਿੰਗੀਆਂ ਟਿਕਟਾਂ ਲੈ ਕੇ ਹਰ ਸਾਲ ਉਥੇ ਜਾਣ ਦੀ ਸਮਰੱਥਾ ਨਹੀਂ ਹੈ ਤਾਂ ਅਨੰਦਪੁਰ ਸਾਹਿਬ ਦੀਆਂ ਯਾਦਾਂ ਦੇ ਦ੍ਰਿਸ਼ਾਂ ਨੂੰ ਤਾਂ ਮਾਣਿਆਂ ਹੀ ਜਾ ਸਕਦਾ ਹੈ। ਸ਼ਿਵਾਲਿਕ ਦੀਆਂ ਰਮਣੀਕ ਵਾਦੀਆਂ ਥਾਣੀ ਗੁਜ਼ਰਦੀਆਂ ਸੜਕਾਂ 'ਤੇ ਆਉਂਦੀਆਂ ਜਾਂਦੀਆਂ ਸ਼ਰਧਾਲੂ ਸੰਗਤਾਂ ਦੇ ਪੁਰਾਣੇ ਵਾਕਿਆ ਹੁਣ ਸੈਨ ਹੋਜ਼ੇ ਦੇ ਰੁੰਡ-ਮੁੰਡ ਪਹਾੜਾਂ ਲਾਗੇ ਬਹਿ ਕੇ ਯਾਦ ਕਰ ਲੈਂਦੇ ਹਾਂ।

ਪਹਿਲਾਂ ਪਹਿਲ ਸਾਈਕਲਾਂ 'ਤੇ ਯਾਤਰਾ ਸ਼ੁਰੂ ਕੀਤੀ। ਪਹਾੜੀਆਂ ਵਿਚਦੀ ਵਿੰਗ ਵਲੇਵੇਂ ਖਾਂਦੀ ਜਾਂਦੀ ਸੜਕ ਦੇ ਦੋਹੀਂ ਪਾਸੀਂ ਉਗੇ ਝਾੜ-ਝੁੰਡਿਆਂ ਵਿਚ ਗਰੁਨਿਆਂ ਦੇ ਬੂਟਿਆਂ ਨਾਲੋਂ ਕਾਲੇ ਰੰਗ ਦੇ ਖਟ-ਮਿਠੇ ਗਰੂਨੇ ਤੋੜਨੇ ਸਾਡਾ ਮਨ ਭਾਉਂਦਾ ਸ਼ੁਗਲ ਹੁੰਦਾ ਸੀ। ਟਪੂਸੀਆਂ ਮਾਰਦੇ ਫਿਰਦੇ ਬਾਂਦਰ ਦੇਖ ਕੇ ਅਸੀਂ ਕਿਸੇ ਹੋਰ ਹੀ ਦੇਸ਼ 'ਚ ਪਹੁੰਚੇ ਹੋਏ ਮਹਿਸੂਸ ਕਰਦੇ। ਘਰੋਂ ਲਿਆਂਦੇ ਭੁਰੇ ਖੇਸੀਆਂ ਦੇ ਮੋਘੜ ਮਾਰ ਕੇ ਅਸੀਂ ਸਾਰੀ ਸਾਰੀ ਰਾਤ ਦੀਵਾਨਾਂ ਵਿਚ ਹੀ ਗੁਜ਼ਾਰਦੇ। ਉਥੇ ਹੀ ਬੈਠਿਆਂ ਮਾੜੀ ਮੋਟੀ ਨੀਂਦ ਦੀ ਝਪਕੀ ਵੀ ਲੈ ਲਈਦੀ ਸੀ। ਮੇਲੇ 'ਚ ਪਹੁੰਚ ਕੇ ਕਿਸੇ ਹੋਰ ਵੱਖਰੀ ਰਿਹਾਇਸ਼ ਦਾ ਇੰਤਜ਼ਾਮ ਕਰਨ ਦੀ ਜਾਂ ਪੱਗਾਂ ਬੰਨ੍ਹਣ ਲਈ ਸਾਨੂੰ ਸ਼ੀਸ਼ਿਆਂ ਦੀ ਕਦੇ ਲੋੜ ਹੀ ਨਹੀਂ ਸੀ ਪਈ।



ਵੱਖਰੀ ਰਿਹਾਇਸ਼ ਦੇ ਜ਼ਿਕਰ ਤੋਂ ਮੈਨੂੰ ਬੜੀ ਸਵਾਦਲੀ ਗੱਲ ਯਾਦ ਆ ਗਈ। ਇਕ ਸਾਲ ਹੋਲੇ-ਮਹੱਲੇ ਮੌਕੇ ਮੇਰੇ ਇਕ ਰਿਸ਼ਤੇਦਾਰ ਨੇ ਅਨੰਦਪੁਰ ਸਾਹਿਬ ਰਹਿੰਦੇ ਆਪਣੇ ਇਕ ਮਿੱਤਰ ਤੋਂ ਉਹਦੇ ਘਰ ਦੀਆਂ ਚਾਬੀਆਂ ਲੈ ਲਈਆਂ। ਉਸ ਰਿਸ਼ਤੇਦਾਰ ਨੌਜਵਾਨ ਸਮੇਤ ਅਸੀਂ ਸਾਰਿਆਂ ਨੇ ਉਸ ਘਰ ਰਾਤਾਂ ਕੱਟਣ ਦਾ ਪ੍ਰੋਗਰਾਮ ਬਣਾ ਲਿਆ। ਸਾਰਾ ਦਿਨ ਮੇਲਾ ਦੇਖ ਕੇ ਅਸੀਂ ਗਈ ਰਾਤ ਉਥੇ ਜਾ ਬਿਰਾਜਦੇ। ਚੌਹ ਪੰਜਾਂ ਜੀਆਂ ਦਾ ਇਹ ਖੁੱਲ੍ਹਾ ਡੁੱਲ੍ਹਾ ਘਰ ਦੇਖ ਕੇ ਮੈਂ ਸਹਿਵਨ ਹੀ ਗੁਆਂਢੀ ਘਰ ਦੇ ਮਾਲਕ ਨੂੰ ਪੁੱਛਿਆ ਕਿ ਹੋਲੇ ਮਹੱਲੇ ਦੌਰਾਨ ਅਨੰਦਪੁਰ ਸਾਹਿਬ ਦੇ ਹਰ ਵਸਨੀਕ ਦੇ ਘਰ ਕੋਈ ਨਾ ਕੋਈ ਮਹਿਮਾਨ ਜ਼ਰੂਰ ਆਏ ਹੁੰਦੇ ਨੇ ਪਰ ਇਨ੍ਹਾਂ ਦਿਨਾਂ ਵਿਚ ਇਹ ਸਾਰਾ ਟੱਬਰ ਕਿੱਥੇ ਚਲਾ ਗਿਆ? ਉਨ੍ਹਾਂ ਨੂੰ ਕਿਹੜਾ ਜ਼ਰੂਰੀ ਕੰਮ ਪੈ ਗਿਆ ਹੋਵੇਗਾ ਕਿ ਉਹ ਐਨਾ ਰੌਣਕ ਮੇਲਾ ਛੱਡ ਕੇ ਚਲੇ ਗਏ?

ਗੁਆਂਢੀ ਨੇ ਨਵਾਂ ਸ਼ਹਿਰ ਲਾਗੇ ਦੇ ਇਕ ਪਿੰਡ ਦਾ ਨਾਂ ਲੈ ਕੇ ਦੱਸਿਆ ਕਿ ਇਸ ਪਰਿਵਾਰ ਦੇ ਉਥੇ ਜਠੇਰੇ ਹਨ। ਹੋਲੇ-ਮਹੱਲੇ ਦੀਆਂ ਛੁੱਟੀਆਂ ਦਾ ਫਾਇਦਾ ਉਠਾਉਂਦਿਆਂ ਇਹ ਸਾਰੇ ਜਣੇ ਜਠੇਰਿਆਂ ਨੂੰ ਪੂਜਣ ਗਏ ਹੋਏ ਹਨ। ਦੱਸੀ ਗਈ ਜਠੇਰਿਆਂ ਵਾਲੀ ਜਗ੍ਹਾ ਸਾਡੇ ਪਿੰਡ ਦੇ ਲਾਗੇ ਹੀ ਸੀ ਜਿਸ ਨੂੰ ਅਸੀਂ ਕਦੇ ਗੌਲਿਆ ਹੀ ਨਹੀਂ ਸੀ। ਇਹ ਅਜੀਬ ਜਾਣਕਾਰੀ ਸੁਣ ਕੇ ਅਸੀਂ ਲੋਕਾਂ 'ਚ ਫੈਲੇ ਅੰਧ-ਵਿਸ਼ਵਾਸ ਬਾਰੇ ਸੋਚਦਿਆਂ ਕਈ ਦਿਨ ਖੂਬ ਹੱਸਦੇ ਰਹੇ ਕਿ ਦੇਸ਼ਾਂ ਦੇਸ਼ਾਂਤਰਾਂ ਤੋਂ ਸਾਰਾ ਪੰਥ ਅਨੰਦਪੁਰ ਸਾਹਿਬ ਢੁੱਕਿਆ ਹੋਇਐ ਪਰ ਇੱਥੋਂ ਦਾ ਇਕ ਭੌਂਦੂ ਟੱਬਰ ਕਬਰਾਂ ਅੱਗੇ ਮੱਥੇ ਰਗੜਨ ਤੁਰਿਆ ਹੋਇਐ! ਅਖੇ ਉਲਟੇ ਬਾਂਸ ਬਰੇਲੀ ਨੂੰ!!

ਸ਼੍ਰੋਮਣੀ ਕਮੇਟੀ ਦਾ ਮੈਂਬਰ ਬਣ ਜਾਣ ਮਗਰੋਂ ਹੋਲਾ ਮਹੱਲਾ ਦੇਖਣ ਦੇ ਤੌਰ ਤਰੀਕੇ ਹੀ ਬਦਲ ਗਏ। ਸ਼ਰਧਾ ਘਟ ਗਈ, ਜਥੇਦਾਰੀ ਦਾ ਟੌਹਰ ਵਧ ਗਿਆ। ਹਰ ਸਾਲ ਮੇਲਾ ਸਭ ਕਮੇਟੀ ਦਾ ਮੈਂਬਰ ਨਾਮਜ਼ਦ ਹੋਣ ਕਰਕੇ ਰਿਹਾਇਸ਼ ਲਈ ਵਿਸ਼ੇਸ਼ ਕਮਰਾ ਅਲਾਟ ਹੋਣ ਲੱਗ ਪਿਆ। ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਪਹਿਲੋਂ ਹੀ ਸਾਡੇ ਕਮਰਿਆਂ ਵਿਚ ਕਈ ਕਈ ਬਿਸਤਰੇ ਅਤੇ ਵਾਧੂ ਰਜਾਈਆਂ ਤਲਾਈਆਂ ਰੱਖ ਦਿੰਦੇ ਸਨ ਤਾਂ ਕਿ ਸਾਡੇ ਨਾਲ ਮੇਲਾ ਦੇਖਣ ਆਏ ਲਕਾ-ਤੁਕਾ ਵੀ ਅਰਾਮ ਨਾਲ ਜੋੜ ਮੇਲਾ ਦੇਖ ਸਕਣ। ਇਕ ਸਾਲ ਹੋਲਾ ਮਹੱਲਾ ਕੁਝ ਅਗੇਤਾ ਆ ਗਿਆ। ਠੰਢ ਪਹਿਲੋਂ ਹੀ ਬਹੁਤ ਸੀ, ਉਪਰੋਂ ਇੰਦਰ ਦੇਵਤਾ ਜ਼ਿਆਦਾ ਹੀ ਖੁਸ਼ ਹੋ ਗਿਆ। ਲਗਾਤਾਰ ਮੀਂਹ ਪਈ ਗਿਆ। ਛੋਟੇ ਛੋਟੇ ਬੱਚਿਆਂ ਵਾਲੇ ਕੁਝ ਪਰਿਵਾਰ ਜੋ ਬਰਾਂਡੇ ਵਿਚ ਬੈਠੇ ਠੁਰ ਠੁਰ ਕਰ ਰਹੇ ਸਨ, ਮੈਂ ਆਪਣੇ ਕਮਰੇ 'ਚ ਬਹਾ ਲਏ। ਰਾਤ ਨੂੰ ਮੇਰੇ ਕੁਝ ਹੋਰ ਰਿਸ਼ਤੇਦਾਰ ਆ ਗਏ। ਸਾਰਾ ਕਮਰਾ ਬੀਬੀਆਂ ਬੱਚਿਆਂ ਨਾਲ ਭਰ ਗਿਆ।

ਤਖਤ ਸਾਹਿਬ 'ਤੇ ਹੋਈ ਕੀਰਤਨ ਸਮਾਪਤੀ 'ਤੇ ਜਦੋਂ ਮੈਂ ਰਾਤ ਨੂੰ ਬਾਰਾਂ-ਇਕ ਵਜੇ ਆਪਣੇ ਕਮਰੇ 'ਚ ਪਹੁੰਚਿਆ, ਉਥੇ ਤਿਲ ਧਰਨ ਨੂੰ ਵੀ ਥਾਂ ਨਹੀਂ ਸੀ। ਕਮਰੇ 'ਚੋਂ ਕਿਹਨੂੰ ਉਠਾਲਦਾ? ਚੁੱਪ ਕਰਕੇ ਬਰਾਂਡੇ ਵਿਚ ਹੀ ਲੇਟ ਗਿਆ। ਕੋਲੋਂ ਲੰਘ ਰਹੇ ਕੁਝ ਮੁਲਾਜ਼ਮਾਂ ਨੇ ਮੈਨੂੰ ਦੇਖ ਲਿਆ। ਉਨ੍ਹਾਂ ਦੇ ਭਾਅ ਦਾ ਤਾਂ ਭੁਚਾਲ ਆ ਗਿਆ। ਉਹ ਵਿਚਾਰੇ ਮੈਨੂੰ ਉਥੋਂ ਉਠਾ ਕੇ ਇਕ ਹੋਰ ਕਮਰੇ 'ਚ ਛੱਡ ਕੇ ਆਏ। ਦੂਸਰੇ ਦਿਨ ਵਰ੍ਹਦੇ ਮੀਂਹ ਵਿਚ ਮੇਰਾ ਕਮਰਾ ਲੱਭਦੇ ਸਾਡੇ ਪਿੰਡ ਦੇ ਕੁਝ ਸੱਜਣ ਆ ਗਏ। ਭਿੱਜੇ ਹੋਏ ਕੱਪੜੇ, ਠੰਢ ਨਾਲ ਲਾਲ ਸੁਰਖ ਹੋਏ ਮੂੰਹ ਅਤੇ ਗਾਰੇ ਨਾਲ ਲਿਬੜੇ ਤਿਬੜੇ ਸਾਡੇ ਕਮਰੇ ਮੋਹਰੇ ਆ ਖੜ੍ਹੇ ਹੋਏ। ਬਾਥਰੂਮ 'ਚ ਵੜ ਕੇ ਉਹ ਗਰਮ ਪਾਣੀ ਨਾਲ ਨਹਾਤੇ। ਬਿਜਲੀ ਦੀ ਪ੍ਰੈਸ ਨਾਲ ਉਨ੍ਹਾਂ ਕੱਪੜੇ ਸੁਕਾਏ। ਕਮਰੇ ਵਿਚ ਹੀ ਮੈਂ ਉਨ੍ਹਾਂ ਲਈ ਗਰਮਾ ਗਰਮ ਦੁੱਧ ਮੰਗਵਾ ਲਿਆ। ਦੁੱਧ ਛਕ ਕੇ ਉਹ ਰਜਾਈਆਂ 'ਚ ਵੜ ਗਏ। ਬਾਹਰ ਮੀਂਹ ਲਗਾਤਾਰ ਪਈ ਗਿਆ ਅਤੇ ਉਹ ਨਿੱਘੇ ਬਿਸਤਰਿਆਂ 'ਚ ਘੁਰਾੜੇ ਮਾਰਦੇ ਰਹੇ। ਉਠਦਿਆਂ ਨੂੰ ਲੰਗਰ-ਪਾਣੀ ਵੀ ਕਮਰੇ ਵਿਚ ਹੀ ਆ ਗਿਆ। ਦੇਸੀ ਘਿਉ ਵਾਲਾ ਲੰਗਰ ਛਕਦਿਆਂ 'ਵਾਖਰੂ-ਵਾਖਰੂ' ਬੋਲ ਕੇ ਉਹ ਕਹਿੰਦੇ, "ਹੋਲਾ ਮਹੱਲਾ ਤਾਂ ਪਹਿਲਾਂ ਵੀ ਬਹੁਤ ਵਾਰੀ ਦੇਖਿਆ ਐ ਪਰ ਐਤਕੀਂ ਵਰਗਾ ਅਨੰਦ ਨਹੀਂ ਅੱਗੇ ਕਦੇ ਆਇਆ!" ਮੈਂ ਸੋਚ ਰਿਹਾ ਸਾਂ, ਮੈਨੂੰ ਉਦਾਂ ਦਾ ਅਨੰਦ ਹੁਣ ਕਦੀ ਨਹੀਂ ਆਇਆ ਜਿਦਾਂ ਦਾ ਸਾਈਕਲਾਂ 'ਤੇ ਚੜ੍ਹ ਕੇ ਆਉਣ ਅਤੇ ਰਾਤ ਤੰਬੂਆਂ-ਕਨਾਤਾਂ ਹੇਠ ਕੱਟ ਕੇ ਆਇਆ ਕਰਦਾ ਸੀ।

ਇਕ ਸਾਲ ਹੋਲੇ ਮਹੱਲੇ 'ਤੇ ਮੇਰੇ ਨਾਲ ਗਏ ਹੋਏ ਮੇਰੇ ਪਰਿਵਾਰ ਨੇ ਮੈਨੂੰ ਅਜੀਬ ਮੁਸ਼ਕਿਲ ਵਿਚ ਫਸਾ ਦਿੱਤਾ। ਮੇਰੀ ਸ੍ਰੀਮਤੀ ਅਤੇ ਬੱਚਿਆਂ ਨੇ ਮਤਾ ਪਕਾ ਲਿਆ ਕਿ ਅੱਜ ਗੋਲ ਗੱਪੇ ਖਾਣ ਜਾਣਾ ਹੈ। ਮੈਨੂੰ ਨਾਲ ਲੈ ਕੇ ਜਾਣ ਦੀ ਸ਼ਰਤ ਵੀ ਪੱਕੀ ਰੱਖ ਦਿੱਤੀ। ਮੈਂ ਬਹੁਤ ਸਮਝਾਇਆ ਕਿ ਇੱਥੇ ਸਾਰੇ ਮੈਨੂੰ ਜਾਣਦੇ ਹਨ। ਕੋਈ ਨਾ ਕੋਈ ਜਾਣੂ ਮੈਨੂੰ ਦੇਖ ਲਵੇ ਤਾਂ ਕੀ ਕਹੇਗਾ? ਸ਼੍ਰੋਮਣੀ ਕਮੇਟੀ ਦਾ ਮੈਂਬਰ ਰੇੜ੍ਹੀ 'ਤੇ ਖੜ੍ਹਾ ਗੋਲ ਗੱਪੇ ਖਾ ਰਿਹਾ ਹੈ ਪਰ ਸਾਰੇ ਟੱਬਰ ਨੂੰ ਗੋਲ ਗੱਪਿਆਂ ਦਾ ਇੰਨਾ ਚਾਅ ਚੜ੍ਹ ਗਿਆ ਕਿ ਮੇਰੀ ਸੁਣੇ ਕੋਈ ਨਾ। ਮੇਰੀਆਂ ਸਾਰੀਆਂ ਅਪੀਲਾਂ-ਦਲੀਲਾਂ ਠੁੱਸ ਹੋ ਗਈਆਂ ਕਿਉਂਕਿ ਤ੍ਰਿਆ-ਹਠ ਦੇ ਨਾਲ ਬਾਲ-ਹਠ ਵੀ ਮੇਰੇ ਵਿਰੋਧ 'ਚ ਆ ਡਟਿਆ ਸੀ। ਗੋਲ ਗੱਪੇ ਕਮਰੇ 'ਚ ਲਿਆ ਕੇ ਖਾਣ ਦੀ ਮੇਰੀ ਸਕੀਮ ਵੀ ਪਲਾਂ 'ਚ ਰੱਦ ਹੋ ਗਈ। ਸਾਰਾ ਪਰਿਵਾਰ ਇਕ ਪਾਸੇ ਅਤੇ ਮੈਂ ਇਕੱਲਾ ਦੂਜੇ ਪਾਸੇ। ਮਰਦਾ ਕੀ ਨਾ ਕਰਦਾ! ਆਖਰ ਮੈਂ ਇਹ ਤਰਕੀਬ ਬਣਾਈ ਕਿ ਸ਼ਾਮ ਨੂੰ ਘੁਸ-ਮੁਸਾ ਜਿਹਾ ਹੋਣ 'ਤੇ ਚਲੇ ਚਲਾਂਗੇ।

ਸ਼ਾਮ ਪਈ ਤੇ ਸਾਡਾ ਜਥਾ ਚੱਲ ਪਿਆ ਗੋਲ ਗੱਪਿਆਂ ਦਾ ਭੋਗ ਲਾਉਣ। ਬੱਚਿਆਂ ਤੇ ਬੀਬੀਆਂ ਨੂੰ ਖਟਿਆਈ ਖਾਣ ਦਾ ਕਿੰਨਾ ਸ਼ੌਕ ਹੁੰਦਾ ਹੈ, ਮੈਨੂੰ ਉਸ ਦਿਨ ਪਤਾ ਲੱਗਾ। ਅਸੀਂ ਸ੍ਰੀ ਕੇਸਗੜ੍ਹ ਸਾਹਿਬ ਤੋਂ ਬੱਸ ਅੱਡੇ ਵੱਲ ਆਉਂਦੀ ਸੜਕ 'ਤੇ ਤੁਰ ਪਏ। ਗੋਲ ਗੱਪਿਆਂ ਵਾਲਿਆਂ ਦੀਆਂ ਰੇਹੜੀਆਂ ਤਾਂ ਪੈਰ-ਪੈਰ ਉਪਰ ਖੜ੍ਹੀਆਂ ਸਨ ਪਰ ਉਥੇ ਫਲੱਡ ਲਾਈਟਾਂ ਦੇ ਦੁੱਧੀਆ ਚਾਨਣ ਨੇ ਇਕ ਤਰ੍ਹਾਂ ਨਾਲ ਦਿਨ ਹੀ ਚੜ੍ਹਾਇਆ ਹੋਇਆ ਸੀ। ਮੁੱਖ ਸੜਕ ਹੋਣ ਕਾਰਨ ਇੱਥੇ ਰੇੜ੍ਹੀਆਂ 'ਤੇ ਖੜ੍ਹਨਾ ਖਤਰੇ ਤੋਂ ਖਾਲੀ ਨਹੀਂ ਸੀ। ਨਾਲੇ ਇੱਥੇ ਕੋਈ ਕੋਈ ਮੇਰਾ ਜਾਣੂ ਵੀ ਟੱਕਰੀ ਜਾ ਰਿਹਾ ਸੀ। ਮੈਂ ਕਿਸੇ 'ਢੁਕਵੇਂ ਸਥਾਨ' ਦੀ ਤਲਾਸ਼ ਵਿਚ ਅੱਗੇ ਹੀ ਅੱਗੇ ਤੁਰਿਆ ਜਾ ਰਿਹਾ ਸਾਂ ਪਰ ਸਾਡੇ ਨਿਆਣਿਆਂ ਦੀ ਨਿਗਾਹ ਆਲੇ-ਦੁਆਲੇ ਰੇੜ੍ਹੀਆਂ 'ਤੇ ਲੱਗੇ ਹੋਏ ਝੁਰਮਟਾਂ 'ਤੇ ਪੈ ਰਹੀ ਸੀ। ਰੰਗ-ਬਰੰਗੇ ਕੱਪੜੇ ਪਹਿਨੀ ਬੀਬੀਆਂ ਅਤੇ ਨਿਆਣੇ ਸਟੀਲ ਦੀਆਂ ਕੌਲੀਆਂ ਵਿਚ ਖਟਿਆਈ ਪੀਂਦੇ ਦੇਖ ਕੇ ਸਾਡਾ ਪਰਿਵਾਰ ਕਾਹਲਾ ਪੈ ਰਿਹਾ ਸੀ। ਇੱਧਰ ਮੈਨੂੰ ਕੋਈ ਨਾ ਕੋਈ ਜਾਣੂ ਆ ਕੇ ਬਾਦਲ-ਟੌਹੜੇ ਦੀ ਲੜਾਈ ਬਾਰੇ ਪੁੱਛਣ ਲੱਗ ਪੈਂਦਾ। ਪਿੱਛੇ-ਪਿੱਛੇ ਤੁਰੇ ਆ ਰਹੇ ਮੇਰੇ ਪਰਿਵਾਰ-ਜਨਾਂ ਨੂੰ ਉਸ ਦਿਨ ਜਥੇਦਾਰ ਦਾ ਟੱਬਰ ਹੋਣ 'ਤੇ ਖਿਝ ਚੜ੍ਹ ਰਹੀ ਸੀ।

ਖਿੱਚ-ਘੜੀਸ ਕਰਦਿਆਂ ਆਖਰ ਅਸੀਂ ਰੇਲਵੇ ਪਟੜੀਆਂ ਕੋਲ ਜਾ ਪਹੁੰਚੇ। ਰੱਬ ਨੇ ਸਾਡੀ ਸੁਣ ਲਈ। ਇੱਥੇ ਗੋਲ ਗੱਪਿਆਂ ਦੀ ਰੇਹੜੀ 'ਤੇ ਲੱਗਾ ਹੋਇਆ ਮਰਕਰੀ ਬਲਬ ਝਮਾਕੇ ਜਿਹੇ ਮਾਰ ਰਿਹਾ ਸੀ। ਇਹ ਥਾਂ 'ਸੁਰੱਖਿਅਤ' ਜਾਣ ਕੇ ਅਸੀਂ ਰੇੜ੍ਹੀ ਦੁਆਲੇ ਗੋਲ ਦਾਇਰਾ ਬਣਾ ਲਿਆ ਅਤੇ ਅਭਿਲਾਖੀ ਬਣ ਕੇ ਖੜ੍ਹ ਗਏ। ਜਾਣ-ਬੁੱਝ ਕੇ ਮੈਂ ਸੜਕ ਵੱਲ ਪਿੱਠ ਕਰ ਲਈ। ਹੁਣ ਸਾਡੇ ਹੱਥਾਂ 'ਚ ਫੜੀਆਂ ਹੋਈਆਂ ਕੌਲੀਆਂ ਵਿਚ ਛਲਕਦੇ ਗੋਲ ਗੱਪੇ ਸਨ। ਪ੍ਰਸੰਨ-ਚਿੱਤ ਹੋ ਰਹੇ ਨਿਆਣਿਆਂ ਵੱਲ ਦੇਖ ਕੇ ਮੈਂ ਵੀ ਖੱਟੇ ਪਾਣੀ ਨਾਲ ਛਲਕਦਾ ਗੋਲ ਗੱਪਾ ਚੁੱਕ ਕੇ ਮੂੰਹ 'ਚ ਪਾ ਲਿਆ। ਇੱਧਰ ਮੇਰੇ ਮੂੰਹ ਵਿਚ ਗੋਲ ਗੱਪਾ ਫੁੱਟਿਆ, ਉਧਰ ਕਿਸੇ ਵੱਲੋਂ ਬੁਲਾਈ 'ਫਤਿਹ' ਮੇਰੇ ਕੰਨੀਂ ਪਈ, "ਜਥੇਦਾਰ ਜੀ ਵਾਹਿਗੁਰੂ ਜੀ ਕਾ...।" 'ਪੁਲਚ-ਪੁਲਚ' ਕਰਦਾ ਮੈਂ ਮੋੜਵੀਂ ਫਤਿਹ ਤਾਂ ਕਹਿ ਬੈਠਾ ਪਰ ਮਿਰਚ-ਮਸਾਲੇ ਵਾਲਾ ਖੱਟਾ ਪਾਣੀ ਅੰਦਰ ਲੰਘਾਉਂਦਿਆਂ ਮੈਨੂੰ ਇਕ ਦਮ ਹੁੱਥੂ ਆ ਗਿਆ। ਫਤਿਹ ਬੁਲਾਉਣ ਵਾਲਾ ਸਿੰਘ, ਸ਼੍ਰੋਮਣੀ ਕਮੇਟੀ ਦਾ ਕੋਈ ਮੁਲਾਜ਼ਮ ਸੀ ਜੋ ਆਪਣੀ ਨੌਕਰੀ ਸਬੰਧੀ ਪੇਪਰਾਂ 'ਤੇ ਮੇਰੀ ਸਿਫਾਰਸ਼ ਪੁਆਉਣੀ ਚਾਹੁੰਦਾ ਸੀ। ਮੈਂ ਵੀ ਇੱਕੋ ਗੋਲ ਗੱਪਾ ਖਾ ਕੇ ਨਿਹਾਲ ਹੋ ਗਿਆ ਅਤੇ ਮੇਰੇ ਟੱਬਰ ਦਾ ਵੀ ਸਾਰਾ ਸੁਆਦ ਕਿਰਕਿਰਾ ਹੋ ਗਿਆ।

ਹਫਤਾ-ਹਫਤਾ ਭਰ ਅਨੰਦਪੁਰ ਸਾਹਿਬ ਰਹਿ ਕੇ ਹੋਲੇ ਮਹੱਲੇ ਦਾ ਭਰਪੂਰ ਅਨੰਦ ਮਾਣਨ ਵਾਲੇ ਮੇਰੇ ਜਿਹੇ ਬੰਦੇ ਨੂੰ ਅਮਰੀਕਾ ਦੀ ਜ਼ਿੰਦਗੀ ਇਉਂ ਲਗਦੀ ਹੈ ਜਿਵੇਂ ਖੂਹ ਦੀ ਪੈੜੀ ਵਿਚ ਬਲਦ ਘੁੰਮ ਰਿਹਾ ਹੋਵੇ। ਹਲ੍ਹਟ ਨੂੰ ਜੁਪਿਆ ਬਲਦ ਆਜ਼ਾਦ ਫਿਜ਼ਾਵਾਂ ਦੇ ਸੁਪਨੇ ਹੀ ਲੈ ਸਕਦਾ ਹੈ!

ਮਹੱਲੇ ਵਾਲੇ ਦਿਨ ਜਦੋਂ ਕੇਸਰੀ ਬਾਣੇ ਵਿਚ ਸਜਿਆ ਹੋਇਆ ਸਿੰਘ, ਸ੍ਰੀ ਕੇਸਗੜ੍ਹ ਦੇ ਤਖ਼ਤ 'ਤੇ ਦਸਮੇਸ਼ ਪਿਤਾ ਦੇ ਪਾਵਨ ਸ਼ਸਤਰਾਂ ਦੇ ਦਰਸ਼ਨ ਕਰਵਾਉਂਦਾ ਹੈ, ਉਸ ਮੌਕੇ ਦੀ ਆਭਾ ਨੂੰ ਅੱਖਰਾਂ 'ਚ ਬਿਆਨ ਹੀ ਨਹੀਂ ਕੀਤਾ ਜਾ ਸਕਦਾ। ਜਿਸ ਵੇਲੇ ਭਾਈ ਬਚਿੱਤਰ ਸਿੰਘ ਦੀ ਨਾਗਣੀ ਦੀ ਵਾਰੀ ਆਉਂਦੀ ਹੈ ਤਾਂ ਸੰਗਤਾਂ ਵੱਲੋਂ ਛੱਡੇ ਜਾਂਦੇ 'ਬੋਲੇ ਸੋ ਨਿਹਾਲ' ਦੇ ਜੋਸ਼ੀਲੇ ਜੈਕਾਰੇ ਚੌਗਿਰਦੇ ਨੂੰ ਖਾਲਸਈ ਜਾਹੋ-ਜਲਾਲ ਨਾਲ ਭਰ ਦਿੰਦੇ ਹਨ। ਅਨੰਦਪੁਰ ਸਾਹਿਬ ਵਿਚ ਚਾਰੋਂ ਪਾਸੇ ਖਾਲਸਾ ਹੀ ਖਾਲਸਾ ਦਿਖਾਈ ਦੇ ਰਿਹਾ ਹੁੰਦਾ ਹੈ।

ਜੰਗੀ ਬਾਣੇ ਵਿਚ ਸਜੇ ਫੁਰਤੀਲੇ ਸਿੰਘਾਂ ਦਾ ਗਤਕਾ, ਦਿਨ ਰਾਤ ਚਲਦੇ ਲੰਗਰ, ਨਿਹੰਗ ਸਿੰਘਾਂ ਦੇ ਉਚੇ ਦੁਮਾਲੇ ਅਤੇ ਦੀਵਾਨਾਂ ਵਿਚ ਵੱਜਦੀਆਂ ਢੱਡ-ਸਰੰਗੀਆਂ ਦੀ ਕੜਕਵੀਆਂ ਆਵਾਜ਼ਾਂ ਅਲੌਕਿਕ ਨਜ਼ਾਰਾ ਪੇਸ਼ ਕਰ ਰਹੀਆਂ ਹੁੰਦੀਆਂ ਨੇ। ਚਾਅ, ਉਮਾਹ ਅਤੇ ਸ਼ਰਧਾ ਨਾਲ ਸਰਸ਼ਾਰ ਘੁੰਮ ਰਹੀਆਂ ਸੰਗਤਾਂ ਦੇ ਕੰਨੀਂ ਆਲੇ-ਦੁਆਲਿਓਂ ਸਪੀਕਰਾਂ ਦੀਆਂ ਆਵਾਜ਼ਾਂ ਗੂੰਜਦੀਆਂ ਹੁੰਦੀਆਂ ਨੇ- 'ਸੰਗਤੇ! ਜੀ ਹੋਲਾ ਮਹੱਲਾ ਅਨੰਦਪੁਰ ਦਾ!!'

## ਸੰਪਾਦਕ ਦੀ ਡਾਕ

### ਮਨਪ੍ਰੀਤ ਸਿੰਘ ਬਾਦਲ ਬਾਰੇ ਵਧੀਆ ਲੇਖ

'ਪੰਜਾਬ ਟਾਈਮਜ਼' ਦਾ ਹਰ ਅੰਕ ਹੀ ਨਿਵੇਕਲਾ ਹੁੰਦਾ ਹੈ। ਇਸੇ ਲਈ ਹਰ ਪਾਠਕ ਨੂੰ ਇਸ ਦੀ ਉਡੀਕ ਰਹਿੰਦੀ ਹੈ। ਸ. ਅਜਮੇਰ ਸਿੰਘ ਦੀਆਂ ਕਿਤਾਬਾਂ ਬਾਰੇ ਚਰਚਾ ਬਹੁਤ ਉਚੇ ਪੱਧਰ ਦੀ ਅਤੇ ਬਾ-ਦਲੀਲ ਹੁੰਦੀ ਹੈ। ਕਰਮ ਬਰਸਟ ਦੇ ਲੇਖਾਂ ਦੀ ਲੜੀ ਨੇ ਹਰ ਚੀਜ਼ ਬੜੀ ਸਪੱਸ਼ਟ ਕਰ ਦਿੱਤੀ ਹੈ। ਨਾਲ ਹੀ ਅਜਮੇਰ ਸਿੰਘ ਵਰਗੇ ਲੇਖਕਾਂ ਨੂੰ ਬੇਨਤੀ ਵੀ ਕਰ ਦਿੱਤੀ ਹੈ ਕਿ ਪੰਜਾਬ ਅਤੇ ਪੰਜਾਬ ਦੀ ਜਵਾਨੀ ਨੂੰ ਅੱਗ ਵਿਚ ਨਾ ਧੱਕੋ। ਅਜਿਹੀ ਸਾਫ਼ਗੋਈ ਹੀ ਪੰਜਾਬ ਲਈ ਨਵੇਂ ਰਾਹ ਬਣਾ ਸਕਦੀ ਹੈ।

19 ਮਾਰਚ ਦੇ ਅੰਕ ਵਿਚ ਹਰਮੀਤ ਸਮਾਘ ਦਾ ਮਨਪ੍ਰੀਤ ਸਿੰਘ ਬਾਦਲ ਬਾਰੇ ਲੇਖ ਉਨ੍ਹਾਂ ਨੂੰ ਚਾਹੁਣ ਵਾਲਿਆਂ ਅਤੇ ਵਿਰੋਧੀਆਂ ਲਈ ਕਈ ਸਵਾਲ ਖੜ੍ਹੇ ਕਰ ਗਿਆ ਹੈ। ਲੇਖਕ ਮੁਤਾਬਿਕ ਉਸ ਦੀ ਉਮਰ 25-26 ਸਾਲ ਹੈ ਪਰ ਲੇਖ ਪੜ੍ਹ ਕੇ ਲੱਗਦਾ ਹੈ ਕਿ ਉਸ ਕੋਲ ਘੱਟ ਤੋਂ ਘੱਟ 25-26 ਸਾਲ ਦਾ ਤਜਰਬਾ ਹੈ। ਇੰਨੀ ਛੋਟੀ ਉਮਰ ਵਿਚ ਇੰਨੀ ਸਾਫ਼ ਸੋਚ, ਗੱਲ ਕਹਿਣ ਦਾ ਢੰਗ ਅਤੇ ਕਲਮ 'ਤੇ ਉਸ ਦੀ ਪਕੜ ਲਾਜਵਾਬ ਹੈ। ਇੰਨਾ ਸੋਹਣਾ ਲੇਖ ਤਾਂ ਜਗਜੀਤ ਸਿੰਘ ਅਨੰਦ ਜਾਂ ਜਤਿੰਦਰ ਪੰਨੂ ਵਰਗਾ ਕੋਈ ਸੁਲਝਿਆ ਹੋਇਆ ਅਤੇ ਤਜਰਬੇਕਾਰ ਲੇਖਕ ਹੀ ਲਿਖ ਸਕਦਾ ਹੈ। ਆਉਣ ਵਾਲੇ ਸਮੇਂ ਵਿਚ ਸਾਨੂੰ ਹਰਜੀਤ ਸਮਾਘ ਵਰਗੇ ਲੇਖਕਾਂ ਦੀ ਲੋੜ ਹੈ। ਉਮੀਦ ਕਰਦੇ ਹਾਂ ਕਿ ਉਸ ਦੀ ਕਲਮ ਤੋਂ ਹੋਰ ਲੇਖ ਪੜ੍ਹਨ ਨੂੰ ਮਿਲਣ ਜਿਸ ਨਾਲ ਨੌਜਵਾਨਾਂ ਨੂੰ ਸਹੀ ਸੇਧ ਮਿਲੇ।

ਪਾਸ਼ ਦੇ ਕਤਲ ਬਾਰੇ ਝੂਠੇ ਪ੍ਰਚਾਰ ਦੇ ਜਵਾਬ ਵਿਚ ਸ੍ਰੀ ਧੀਦੋ ਦਾ ਲੇਖ ਬਹੁਤ ਤੱਥ ਭਰਪੂਰ ਅਤੇ ਸਪੱਸ਼ਟ ਸੀ। ਸੱਚਾਈ ਨੂੰ ਲੋਕਾਂ ਸਾਹਮਣੇ ਲਿਆਉਣ ਲਈ ਲੇਖਕ ਵਧਾਈ ਅਤੇ ਧੰਨਵਾਦ ਦਾ ਪਾਤਰ ਹੈ।

*-ਸੁਰਿੰਦਰ ਸਿੰਘ ਸੈਕਰਾਮੈਂਟੋ।*

## ਗਾਇਓ ਰੀ ਮੈ ਗੁਣਨਿਧ ਮੰਗਲ ਗਾਇਓ

ੴ ਸਤਿਗੁਰ ਪ੍ਰਸਾਦਿ ਸਾਰਗ ਮਹਲਾ 5

ਗਾਇਓ ਰੀ ਮੈ ਗੁਣਨਿਧਿ ਮੰਗਲ ਗਾਇਓ॥
ਭਲੇ ਸੰਜੋਗ ਭਲੇ ਦਿਨ ਅਉਸਰ
ਜਉ ਗੋਪਾਲੁ ਰੀਝਾਇਓ॥ ਰਹਾਓ॥
ਸੰਤਹ ਚਰਨ ਮੋਰਲੋ ਮਾਥਾ
ਹਮਰੇ ਮਸਤਕਿ ਸੰਤ ਧਰੇ ਹਾਥਾ॥
ਸਾਧਹ ਮੰਤ੍ਰ ਮੋਰਲੋ ਮਨੂਆ
ਤਾ ਤੇ ਗਤੁ ਹੋਏ ਤ੍ਰੈ ਗੁਨੀਆ॥
ਭਗਤਹ ਦਰਸੁ ਦੇਖਿ ਨੈਨ
ਰੰਗਾ ਲੋਭ ਮੋਹ ਤੂਟੇ ਭ੍ਰਮ ਸੰਗਾ॥
ਕਹੁ ਨਾਨਕ ਸੁਖ ਸਹਜ ਅਨੰਦਾ
ਖੋਲਿ ਭੀਤਿ ਮਿਲੇ ਪਰਮਾਨੰਦਾ॥

ਇਸ ਸ਼ਬਦ ਵਿਚ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਕਿਸੇ ਅਗੰਮੀ ਉਮਾਹ ਵਿਚ ਭਰੇ ਹੋਏ ਉਸ ਮਾਲਿਕ ਪ੍ਰਭੂ ਦੇ ਮਿਲਾਪ ਦੀ ਅਵਸਥਾ ਨੂੰ ਦਰਸਾ ਰਹੇ ਹਨ:

ਗਾਇਓ ਰੀ ਮੈ ਗੁਣਨਿਧ ਮੰਗਲ ਗਾਇਓ॥
ਭਲੇ ਸੰਜੋਗ ਭਲੇ ਦਿਨ ਅਉਸਰ
ਜਉ ਗੋਪਾਲੁ ਰੀਝਾਇਓ॥ ਰਹਾਓ॥

ਹੇ ਮੇਰੀ ਸਖੀਏ! ਉਹ ਸਮਾਂ ਅਤੇ ਉਹ ਦਿਨ ਕਿੰਨੇ ਭਾਗਾਂ ਵਾਲੇ ਅਤੇ ਸੁਹਾਵਣੇ ਹੁੰਦੇ ਹਨ ਜਦੋਂ ਉਹ ਇਸ ਸ੍ਰਿਸ਼ਟੀ ਦਾ ਪਾਲਣਹਾਰਾ ਕਰਤਾ ਪੁਰਖ ਪ੍ਰਭੂ ਕਿਸੇ ਜੀਵ 'ਤੇ ਰੀਝਦਾ ਹੈ ਅਤੇ ਕੋਈ ਵੱਡ ਭਾਗੀ ਜੀਵ ਆਤਮਾ ਉਸ ਪ੍ਰਭੂ ਦਾ ਸਿਮਰਨ ਕਰ ਕੇ ਉਸ ਦੇ ਮਿਲਾਪ ਨੂੰ ਪ੍ਰਾਪਤ ਕਰ ਲੈਂਦੀ ਹੈ। ਹੇ ਸਖੀ! ਮੈਂ ਭੀ ਗੁਣਾਂ ਦੇ ਉਸ ਖ਼ਜ਼ਾਨੇ ਪ੍ਰਭੂ ਦੀਆਂ ਸਿਫ਼ਤਾਂ ਦੇ ਗੀਤ ਗਾ ਰਹੀ ਹਾਂ ਜੋ ਸਭ ਦਾ ਮਾਲਿਕ ਹੈ:

ਸੰਤਹ ਚਰਨ ਮੋਰਲੋ ਮਾਥਾ
ਹਮਰੇ ਮਸਤਕਿ ਸੰਤ ਧਰੇ ਹਾਥਾ॥
ਸਾਧਹ ਮੰਤ੍ਰ ਮੋਰਲੋ ਮਨੂਆ
ਤਾ ਤੇ ਗਤੁ ਹੋਏ ਤ੍ਰੈ ਗੁਨੀਆ॥

ਹੇ ਸਖੀ! ਮੇਰਾ ਮੱਥਾ ਸੰਤਾਂ ਦੇ ਭਾਵ ਪੂਰੇ ਗੁਰੂ ਦੇ ਚਰਨਾਂ 'ਤੇ ਹੈ ਅਤੇ ਉਸ ਗੁਰੂ ਨੇ ਆਪਣੇ ਹੱਥ ਮੇਰੇ ਮਸਤਕ, ਮੱਥੇ 'ਤੇ ਰੱਖ ਦਿੱਤੇ

### ਗੁਰਬਾਣੀ ਗਿਆਨ

ਹਨ ਅਤੇ ਇਹ ਸਮਾਂ ਮੇਰੇ ਲਈ ਬਹੁਤ ਸੁਖਦਾਈ ਅਤੇ ਆਨੰਦ ਭਰਪੂਰ ਹੈ। ਇਸ ਗੁਰੂ ਦੀ ਕ੍ਰਿਪਾ ਸਦਕਾ ਹੁਣ ਗੁਰ ਉਪਦੇਸ਼ ਭੀ ਮੇਰੇ ਅੰਦਰ ਵੱਸ ਗਿਆ ਹੈ ਅਤੇ ਇਸ ਉਪਦੇਸ਼ ਸਦਕਾ ਹੀ ਇਸ ਮੋਹਣੀ ਮਾਇਆ ਦੇ ਤਿੰਨ ਗੁਣਾਂ ਦਾ ਜੋ ਪ੍ਰਭਾਵ ਸੀ, ਉਹ ਭੀ ਮੁੱਕ ਗਿਆ ਹੈ।

ਭਗਤਹ ਦਰਸੁ ਦੇਖਿ ਨੈਨ
ਰੰਗਾ ਲੋਭ ਮੋਹ ਤੂਟੇ ਭ੍ਰਮ ਸੰਗਾ॥
ਕਹੁ ਨਾਨਕ ਸੁਖ ਸਹਜ ਅਨੰਦਾ
ਖੋਲਿ ਭੀਤਿ ਮਿਲੇ ਪਰਮਾਨੰਦਾ॥

ਹੇ ਸਖੀ! ਪ੍ਰਭੂ ਦੇ ਪਿਆਰਿਆਂ ਦੇ ਦਰਸ਼ਨ ਕਰਕੇ ਮੇਰੀਆਂ ਅੱਖਾਂ ਨੂੰ ਪ੍ਰੇਮ ਦਾ ਐਸਾ ਰੰਗ ਚੜ੍ਹਿਆ ਹੈ ਕਿ ਲੋਭ ਮੋਹ ਅਤੇ ਸਾਰੇ ਭ੍ਰਮ ਭੁਲੇਖੇ ਦੂਰ ਹੋ ਗਏ ਹਨ ਅਤੇ ਇਹ ਨਾਨਕ ਆਖਦਾ ਹੈ ਹੇ ਸਖੀ ਮੇਰੇ ਅੰਦਰ ਜੋ ਹਉਮੈ ਦੀ ਦੀਵਾਰ ਸੀ, ਉਹ ਭੀ ਪ੍ਰਭੂ ਕ੍ਰਿਪਾ ਸਦਕਾ ਟੁਟ ਗਈ ਹੈ ਅਤੇ ਪੂਰਨ ਪਾਰਬ੍ਰਹਮ ਪ੍ਰਮੇਸ਼ਵਰ ਜੀ ਦਾ ਮਿਲਾਪ ਹੋ ਗਿਆ ਹੈ ਅਤੇ ਹੁਣ ਸੁਖਦਾਈ ਸਹਿਜ ਅਨੰਦਮਈ ਅਵਸਥਾ ਬਣ ਗਈ ਹੈ।

ਆਓ ਸ਼ਬਦ ਗੁਰੂ ਨਾਲ ਜੁੜੀਏ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

# ਕੌਣ ਕਰੇਗਾ ਚਿੰਤਾ ਪੰਜਾਬ ਤੇ ਭਾਰਤ ਦੇ ਸੋਮਾਲੀਆ ਬਣਨ ਦੀ

**ਸਿਆਸਤ ਦਾ ਪਿੜ**

**ਜਤਿੰਦਰ ਪਨੂੰ**

***ਸਾਡੇ ਦੇਸ਼ ਵਿਚ ਹਾਲਾਤ ਕਿੱਧਰ ਨੂੰ ਜਾ ਰਹੇ ਹਨ, ਇਸ ਬਾਰੇ ਸੋਚਣ ਦੀ ਨਾ ਕਿਸੇ ਕੋਲ ਵਿਹਲ ਹੈ ਤੇ ਨਾ ਹੀ ਕਿਸੇ ਨੂੰ ਇਸ ਦੀ ਲੋੜ ਜਾਪਦੀ ਹੈ। ਜਿਨ੍ਹਾਂ ਦੇ ਹੱਥਾਂ ਵਿਚ ਦੇਸ਼ ਦੀ ਕਮਾਨ ਹੈ, ਜਾਂ ਫਿਰ ਇੱਕ ਜਾਂ ਦੂਜੇ ਰਾਜ ਦੀ ਕਮਾਨ ਹੈ, ਉਹ ਆਪਣੇ ਟੱਬਰ ਦੇ ਜੀਆਂ ਤੋਂ ਅੱਗੇ ਸੋਚਦੇ ਹੀ ਨਹੀਂ। ਕੁਝ ਸਾਲ ਪਹਿਲਾਂ ਪੰਜਾਬ ਪੁਲਿਸ ਦੇ ਇਕ ਮੁਖੀ ਨਾਲ ਸਾਡੀ ਏਸੇ ਵਿਸ਼ੇ ਉਤੇ ਗੱਲ ਹੋਈ। ਉਨ੍ਹਾਂ ਦਾ ਦਾਮਾਦ ਵੀ ਪੁਲਿਸ ਦਾ ਵੱਡਾ ਅਫਸਰ ਹੈ। ਗੱਲਬਾਤ ਜਦੋਂ ਏਥੇ ਪਹੁੰਚੀ ਕਿ ਏਥੇ ਬਦਅਮਨੀ ਦੇ ਹਾਲਾਤ ਬਣਦੇ ਜਾ ਰਹੇ ਹਨ ਤਾਂ ਉਸ ਨੇ ਇਹ ਮੰਨਣ ਵਿਚ ਇੱਕ ਪਲ ਵੀ ਨਾ ਲਾਇਆ ਪਰ ਜ਼ਿੰਮੇਵਾਰੀ ਸਾਰੀ ਰਾਜਸੀ ਲੋਕਾਂ ਦੇ ਸਿਰ ਮੜ੍ਹ ਦਿੱਤੀ ਸੀ। ਸਾਡਾ ਸਵਾਲ ਸੀ ਕਿ ਰਾਜਸੀ ਲੋਕ ਤਾਂ ਆਪਣੀ ਕੁਰਸੀ ਖਾਤਰ ਹਰ ਗੰਦੇ ਬੰਦੇ ਨਾਲ ਸਾਂਝ ਪਾ ਲੈਂਦੇ ਹਨ, ਤੁਹਾਨੂੰ-ਸਾਨੂੰ ਇਹ ਭੁਗਤਣਾ ਪੈਣਾ ਹੈ, ਤੁਸੀਂ ਕੋਈ ਚਿੰਤਾ ਕਿਉਂ ਨਹੀਂ ਕਰਦੇ? ਹੈਰਾਨੀ ਵਾਲਾ ਸੀ ਉਸ ਪੁਲਿਸ ਅਫਸਰ ਦਾ ਜਵਾਬ ਕਿ ਸਾਨੂੰ ਭੁਗਤਣ ਦੀ ਨੌਬਤ ਹੀ ਨਹੀਂ ਆਉਣੀ, ਆਪੇ ਲੋਕ ਭੁਗਤਦੇ ਫਿਰਨਗੇ।***

ਸਮੁੰਦਰਾਂ ਦੇ ਵਿਸ਼ਾਲ ਖੇਤਰ ਬਾਰੇ ਸਿਰਫ ਓਹੋ ਜਾਣ ਸਕਦੇ ਹਨ, ਜਿਹੜੇ ਉਨ੍ਹਾਂ ਪਾਣੀਆਂ ਵਿਚ ਲਗਾਤਾਰ ਮਹੀਨਿਆਂ ਬੱਧੀ ਰਹਿੰਦੇ ਹਨ। ਮਾਲ ਲੈ ਕੇ ਜਾਣ ਵਾਲੇ ਸਮੁੰਦਰੀ ਜਹਾਜ਼ ਕਈ ਵਾਰੀ ਮਹੀਨਾ-ਮਹੀਨਾ ਪਾਣੀ ਵਿਚ ਹੀ ਤੁਰੇ ਜਾਂਦੇ ਹਨ, ਦੂਰ ਤੱਕ ਨੀਲਾ ਸਮੁੰਦਰ ਨਜ਼ਰ ਆਉਂਦਾ ਹੈ, ਧਰਤੀ ਦਾ ਬੰਨਾ ਦਿਖਾਈ ਨਹੀਂ ਦੇਂਦਾ। ਏਦਾਂ ਦੇ ਲਾਂਘਿਆਂ ਉਤੇ ਜਹਾਜ਼ਾਂ ਨੂੰ ਲੁੱਟੇ ਜਾਣ ਦਾ ਸਿਲਸਿਲਾ ਬੜਾ ਪੁਰਾਣਾ ਹੈ ਪਰ ਸਾਡੇ ਸਮਿਆਂ ਵਿਚ ਇਸ ਦੀ ਚਰਚਾ ਬਹੁਤੀ ਇਸ ਕਰ ਕੇ ਹੁੰਦੀ ਹੈ ਕਿ ਸੋਮਾਲੀਆ ਦੇ ਲੁਟੇਰਿਆਂ ਦੇ ਗਰੋਹ ਹੁਣ ਕਿਸੇ ਫੌਜ ਵਾਂਗ ਧਾਵੇ ਕਰਨ ਲੱਗ ਪਏ ਹਨ। ਉਹ ਸਿਰਫ ਮਾਲ ਨਹੀਂ ਲੁੱਟਦੇ, ਜਹਾਜ਼ਾਂ ਦੇ ਅਮਲੇ ਨੂੰ ਵੀ ਆਪਣੇ ਕਬਜ਼ੇ ਵਿਚ ਲੈ ਕੇ ਉਨ੍ਹਾਂ ਦੇ ਬਦਲੇ ਪੈਸੇ ਮੰਗਦੇ ਅਤੇ ਪੈਸੇ ਨਾ ਮਿਲਣ ਦੀ ਸੂਰਤ ਵਿਚ ਉਨ੍ਹਾਂ ਨੂੰ ਜਾਨੋਂ ਮਾਰ ਦੇਣ ਦੀ ਧਮਕੀ ਦੇਂਦੇ ਹਨ। ਪਿਛਲੇ ਸਮੇਂ ਵਿਚ ਭਾਰਤ ਦੇ ਕਈ ਸਮੁੰਦਰੀ ਜਹਾਜ਼ ਵੀ ਉਨ੍ਹਾਂ ਦੇ ਕਬਜ਼ੇ ਵਿਚ ਆਏ ਅਤੇ ਬੰਦਿਆਂ ਦੇ ਬਦਲੇ ਉਹ ਫਿਰੌਤੀ ਲੈ ਗਏ ਜਾਂ ਸਾਡੀ ਸਮੁੰਦਰੀ ਫੌਜ ਨੇ ਲੁਟੇਰੇ ਜਾ ਨੱਪੇ ਤੇ ਜੇਲ੍ਹ ਵਿਚ ਤਾੜ ਦਿੱਤੇ। ਉਸ ਪਿੱਛੋਂ ਵੀ ਰੁਕਣ ਦੀ ਥਾਂ ਉਨ੍ਹਾਂ ਕਿਸੇ ਹੋਰ ਭਾਰਤੀ ਜਹਾਜ਼ ਨੂੰ ਕਾਬੂ ਕੀਤਾ ਆਪਣੇ ਬੰਦੇ ਛੱਡਣ ਤੇ ਨਾਲ ਫਿਰੌਤੀ ਦੇਣ ਦੀ ਮੰਗ ਚੁੱਕ ਕੇ ਭਾਰਤ ਸਰਕਾਰ ਨੂੰ ਮੁਸ਼ਕਲ ਵਿਚ ਪਾ ਦਿੱਤਾ ਸੀ। ਫਿਰ ਵੀ ਭਾਰਤੀ ਨੇਵੀ ਅਤੇ ਕੋਸਟ ਗਾਰਡਜ਼ ਨੂੰ ਇਸ ਗੱਲ ਲਈ ਸ਼ਾਬਾਸ਼ ਦੇਣੀ ਚਾਹੀਦੀ ਹੈ ਕਿ ਸੋਮਾਲੀਆਈ ਲੁਟੇਰਿਆਂ ਨੂੰ ਭਾਜੜ ਪਾਉਣ ਵਾਲੀ ਹਿੰਮਤ ਉਨ੍ਹਾਂ ਕਰ ਵਿਖਾਈ ਹੈ।

ਅਸੀਂ ਖੁਸ਼ ਹਾਂ ਕਿ ਭਾਰਤ ਸਰਕਾਰ ਇਸ ਮਾਮਲੇ ਵਿਚ ਚੰਗੀ ਕਾਰਗੁਜ਼ਾਰੀ ਵਿਖਾ ਰਹੀ ਹੈ ਪਰ ਇਹ ਤਾਂ ਦੇਸ਼ ਤੋਂ ਬਾਹਰ ਸਮੁੰਦਰੀ ਪਾਣੀਆਂ ਵਿਚ ਹੋ ਰਿਹਾ ਹੈ, ਆਪਣੇ ਦੇਸ਼ ਦੇ ਅੰਦਰ ਜੋ ਹਾਲਤ ਬਣੀ ਪਈ ਹੈ, ਉਸ ਤੋਂ ਇਹ ਖਤਰਾ ਪੈਦਾ ਹੋਈ ਜਾ ਰਿਹਾ ਹੈ ਕਿ ਸਾਡੇ ਆਪਣੇ ਘਰ ਵਿਚ ਸੋਮਾਲੀਆ ਬਣ ਜਾਣਾ ਹੈ। ਸੋਮਾਲੀਆ ਦੇਸ਼ ਦੀ ਹਾਲਤ ਇਹ ਹੈ ਕਿ ਓਥੇ ਸਰਕਾਰ ਹੁੰਦੀ ਹੋਈ ਵੀ ਅਣਹੋਈ ਹੋ ਕੇ ਰਹਿ ਗਈ ਹੈ। ਪਹਿਲਾਂ ਦੋ ਧਿਰਾਂ ਦੇ ਟਕਰਾਓ ਦੀ ਗੱਲ ਸੀ, ਫਿਰ ਹਰ ਪਾਸੇ ਆਪੋ ਆਪਣਾ ਗਰੋਹ ਅਤੇ ਆਪੋ ਆਪਣੇ ਨਿਸ਼ਾਨੇ ਫੁੰਡਣ ਦਾ ਇਹੋ ਜਿਹਾ ਕੰਮ ਸ਼ੁਰੂ ਹੋਇਆ ਕਿ ਹੁਣ ਤੱਕ ਰੁਕਦਾ ਨਜ਼ਰ ਨਹੀਂ ਆਉਂਦਾ। ਕਾਰਨ ਇਸ ਦਾ ਦੇਸ਼ ਵਿਚ ਕਾਨੂੰਨ ਦਾ ਰਾਜ ਨਾ ਹੋਣਾ ਹੈ।

ਸਾਡੇ ਦੇਸ਼ ਵਿਚ ਹਾਲਾਤ ਕਿੱਧਰ ਨੂੰ ਜਾ ਰਹੇ ਹਨ, ਇਸ ਬਾਰੇ ਸੋਚਣ ਦੀ ਨਾ ਕਿਸੇ ਕੋਲ ਵਿਹਲ ਹੈ ਤੇ ਨਾ ਹੀ ਕਿਸੇ ਨੂੰ ਇਸ ਦੀ ਲੋੜ ਜਾਪਦੀ ਹੈ। ਜਿਨ੍ਹਾਂ ਦੇ ਹੱਥਾਂ ਵਿਚ ਦੇਸ਼ ਦੀ ਕਮਾਨ ਹੈ, ਜਾਂ ਫਿਰ ਇੱਕ ਜਾਂ ਦੂਜੇ ਰਾਜ ਦੀ ਕਮਾਨ ਹੈ, ਉਹ ਆਪਣੇ ਟੱਬਰ ਦੇ ਜੀਆਂ ਤੋਂ ਅੱਗੇ ਸੋਚਦੇ ਹੀ ਨਹੀਂ। ਕੁਝ ਸਾਲ ਪਹਿਲਾਂ ਪੰਜਾਬ ਪੁਲਿਸ ਦੇ ਇਕ ਮੁਖੀ ਨਾਲ ਸਾਡੀ ਏਸੇ ਵਿਸ਼ੇ ਉਤੇ ਗੱਲ ਹੋਈ। ਉਨ੍ਹਾਂ ਦਾ ਦਾਮਾਦ ਵੀ ਪੁਲਿਸ ਦਾ ਵੱਡਾ ਅਫਸਰ ਹੈ। ਗੱਲਬਾਤ ਜਦੋਂ ਏਥੇ ਪਹੁੰਚੀ ਕਿ ਏਥੇ ਬਦਅਮਨੀ ਦੇ ਹਾਲਾਤ ਬਣਦੇ ਜਾ ਰਹੇ ਹਨ ਤਾਂ ਉਸ ਨੇ ਇਹ ਮੰਨਣ ਵਿਚ ਇੱਕ ਪਲ ਵੀ ਨਾ ਲਾਇਆ ਪਰ ਜ਼ਿੰਮੇਵਾਰੀ ਸਾਰੀ ਰਾਜਸੀ ਲੋਕਾਂ ਦੇ ਸਿਰ ਮੜ੍ਹ ਦਿੱਤੀ ਸੀ। ਸਾਡਾ ਸਵਾਲ ਸੀ ਕਿ ਰਾਜਸੀ ਲੋਕ ਤਾਂ ਆਪਣੀ ਕੁਰਸੀ ਖਾਤਰ ਹਰ ਗੰਦੇ ਬੰਦੇ ਨਾਲ ਸਾਂਝ ਪਾ ਲੈਂਦੇ ਹਨ, ਤੁਹਾਨੂੰ-ਸਾਨੂੰ ਇਹ ਭੁਗਤਣਾ ਪੈਣਾ ਹੈ, ਤੁਸੀਂ ਕੋਈ ਚਿੰਤਾ ਕਿਉਂ ਨਹੀਂ ਕਰਦੇ? ਹੈਰਾਨੀ ਵਾਲਾ ਸੀ ਉਸ ਪੁਲਿਸ ਅਫਸਰ ਦਾ ਜਵਾਬ ਕਿ ਸਾਨੂੰ ਭੁਗਤਣ ਦੀ ਨੌਬਤ ਹੀ ਨਹੀਂ ਆਉਣੀ, ਆਪੇ ਲੋਕ ਭੁਗਤਦੇ ਫਿਰਨਗੇ। ਮੈਂ ਉਸ ਨੂੰ ਕਿਹਾ ਸੀ ਕਿ ਗੱਲ ਭਾਵੇਂ ਤੁਹਾਨੂੰ ਕੌੜੀ ਲੱਗੇ ਪਰ ਇਹ ਸੱਚ ਹੈ ਕਿ ਤੁਸੀਂ ਆਪ ਜ਼ਰੂਰ ਪੁਲਿਸ ਦੇ ਅਫਸਰ ਹੋ, ਆਪਣੇ ਲਈ ਜਵਾਈ ਵੀ ਪੁਲਿਸ ਦਾ ਅਫਸਰ ਲੱਭ ਸਕਦੇ ਹੋ ਪਰ ਇਹ ਯਕੀਨੀ ਨਹੀਂ ਬਣਾ ਸਕਦੇ ਕਿ ਤੁਹਾਡਾ ਪੁੱਤਰ ਵੀ ਪੁਲਿਸ ਦਾ ਅਫਸਰ ਹੀ ਬਣ ਜਾਵੇਗਾ। ਜਦੋਂ ਪੁੱਤਰ ਪੁਲਿਸ ਦਾ ਅਫਸਰ ਨਾ ਬਣ ਸਕਿਆ, ਉਹ ਜਦੋਂ ਬਾਜ਼ਾਰ ਵਿਚ ਗਿਆ ਜਾਂ ਕਿਸੇ ਹੋਰ ਥਾਂ ਗੁੰਡਾਗਰਦੀ ਦੇ ਖੇਤਰ ਵਿਚ ਫਸ ਗਿਆ, ਉਸ ਨਾਲ ਵੀ ਕੱਲ੍ਹ-ਕਲੋਤਰ ਨੂੰ ਓਹੋ ਹੋਵੇਗੀ, ਜਿਹੜੀ ਅੱਜ ਲੋਕ ਭੁਗਤਦੇ ਹਨ ਤੇ ਤੁਸੀਂ ਕਹਿੰਦੇ ਹੋ ਕਿ ਸਾਨੂੰ ਕੋਈ ਫਰਕ ਨਹੀਂ ਪੈਂਦਾ। ਤੁਹਾਡੇ ਪੁੱਤਰ ਨੂੰ ਸਿਰਫ ਪੈਸੇ ਅਤੇ ਜਾਇਦਾਦਾਂ ਨਹੀਂ, ਉਹ ਹਾਲਾਤ ਵੀ ਚਾਹੀਦੇ ਹਨ, ਜਿੱਥੇ ਉਹ ਘਰੋਂ ਬਾਹਰ ਜਾਵੇ ਤਾਂ ਪਿੱਛੋਂ ਪਰਿਵਾਰ ਦੇ ਜੀਆਂ ਦਾ ਸਾਹ ਨਾ ਸੁੱਕਾ ਰਹੇ ਕਿ ਵਾਪਸ ਆ ਜਾਵੇਗਾ ਜਾਂ ਰਾਹ ਵਿਚੋਂ ਚੁੱਕ ਕੇ ਲਿਆਉਣਾ ਪਵੇਗਾ?

ਅੱਜ ਦੇ ਹਾਲਾਤ ਕੀ ਹਨ? ਪੰਜਾਬ ਵਿਚ ਹਰ ਪਾਸੇ ਬਦਅਮਨੀ ਹੈ। ਪੁਲਿਸ ਦੇ ਅਫਸਰ ਹੁਣ ਪੁਲਿਸ ਦੇ ਨਹੀਂ, ਕੁਝ ਅਕਾਲੀਆਂ ਦੇ ਕਾਰਿੰਦੇ ਹਨ, ਕੁਝ ਕਾਂਗਰਸ ਵਾਲਿਆਂ ਦੇ ਤੇ ਜਿਹੜੇ ਪੱਕਾ ਠੱਪਾ ਨਹੀਂ ਲਵਾਈ ਫਿਰਦੇ, ਉਹ ਖੂੰਜੇ ਲੱਗੇ ਰਹਿੰਦੇ ਹਨ। ਕਈ ਪੁਲਿਸ ਅਫਸਰ ਤਾਂ ਕਮਾਈ ਕਰਨ ਵਾਲੇ ਗਰੋਹਾਂ ਦੇ ਸਰਪ੍ਰਸਤ ਮੰਨੇ ਜਾਂਦੇ ਹਨ। ਇਹੋ ਜਿਹਾ ਕੰਮ ਕਰਨ ਵਾਲੇ ਅਫਸਰ ਦੋ-ਚਾਰ ਕਾਂਗਰਸੀ ਆਗੂਆਂ ਅਤੇ ਦੋ-ਚਾਰ ਅਕਾਲੀ ਲੀਡਰਾਂ ਨਾਲ ਕੁੰਡੀ ਪਾ ਕੇ ਰੱਖਦੇ ਹਨ ਤੇ ਦੋਵਾਂ ਦੇ ਰਾਜ ਵਿਚ ਆਪਣਾ ਧੰਦਾ ਭੁਗਤਾਈ ਜਾਂਦੇ ਹਨ। ਫਰਕ ਏਨਾ ਕੁ ਪੈਂਦਾ ਹੈ ਕਿ ਉਨ੍ਹਾਂ ਨੂੰ ਸਰਕਾਰ ਬਦਲਣ ਦੇ ਨਾਲ ਜ਼ਿਲਾ ਬਦਲਣਾ ਪੈ ਜਾਂਦਾ ਹੈ। ਪੰਜਾਬ ਦੀ ਹਾਲਤ ਆਪਣੇ ਮੂੰਹੋਂ ਬੋਲੀ ਜਾਂਦੀ ਹੈ।

ਸਾਡੇ ਸਾਹਮਣੇ 19 ਮਾਰਚ ਦਾ ਅਖਬਾਰ ਪਿਆ ਹੈ। ਇਸ ਵਿਚ ਖਬਰ ਹੈ ਕਿ ਜਲੰਧਰ ਵਿਚ ਇੱਕ ਰਾਹ ਜਾਂਦੇ ਮੁੰਡੇ ਨੂੰ ਲੁਟੇਰਿਆਂ ਨੇ ਘੇਰ ਕੇ ਮੋਬਾਈਲ ਖੋਹ ਲਿਆ। ਉਸ ਨੇ ਇਸ ਦਾ ਜ਼ਰਾ ਕੁ ਵਿਰੋਧ ਕੀਤਾ। ਲੁਟੇਰੇ ਉਸ ਨੂੰ ਚਾਕੂ ਮਾਰ ਕੇ ਚਲੇ ਗਏ। ਮੁੰਡਾ ਹੁਣ ਹਸਪਤਾਲ ਪਿਆ ਹੋਇਆ ਹੈ। ਇਹ ਖਬਰ ਬਹੁਤੇ ਪਾਠਕਾਂ ਵਾਸਤੇ ਖਬਰ ਹੀ ਨਹੀਂ ਹੋਣੀ, ਕਿਉਂਕਿ ਏਦਾਂ ਆਮ ਹੀ ਹੁੰਦਾ ਰਹਿੰਦਾ ਹੈ।

ਹਾਲੇ ਦੋ ਦਿਨ ਪਹਿਲਾਂ ਇੱਕ ਐਨ ਆਰ ਆਈ ਪਰਿਵਾਰ ਕਿਸੇ ਥਾਂ ਪੈਟਰੋਲ ਪੰਪ ਉਤੇ ਗੱਡੀ ਵਿਚ ਤੇਲ ਭਰਾਉਣ ਲਈ ਰੁਕਿਆ ਸੀ। ਲੁਟੇਰੇ ਆਏ ਤੇ ਓਥੇ ਖੜਿਆਂ ਨੂੰ ਲੁੱਟ ਕੇ ਲੈ ਗਏ। ਜਾਣ ਲੱਗੇ ਐਨ ਆਰ ਆਈ ਨੂੰ ਗੋਲੀ ਮਾਰ ਕੇ ਜ਼ਖਮੀ ਵੀ ਕਰ ਗਏ। ਪੁਲਿਸ ਆਈ ਤੇ ਕਾਰਵਾਈ ਕਰ ਕੇ ਚਲੀ ਗਈ, ਪਰ ਉਹ ਐਨ ਆਰ ਆਈ ਵਾਪਸ ਆਪਣੇ ਦੇਸ਼ ਜਾ ਕੇ ਬਾਕੀਆਂ ਨੂੰ ਵੀ ਕਹੇਗਾ ਕਿ ਭਾਰਤ ਨੂੰ ਨਾ ਜਾਇਓ, ਜਾਂ ਜਾਣ ਵੇਲੇ ਸੰਭਲ ਕੇ ਜਾਇਓ।

ਇੱਕ ਥਾਂ ਇੱਕ ਬੀਬੀ ਆਪਣੇ ਪਤੀ ਨਾਲ ਧਰਮ ਅਸਥਾਨ ਵਿਚ ਮੱਥਾ ਟੇਕਣ ਗਈ। ਪਤੀ ਬਾਹਰ ਆ ਕੇ ਦੂਰ ਖੜੀ ਕੀਤੀ ਗੱਡੀ ਲੈਣ ਚਲਾ ਗਿਆ। ਜਦੋਂ ਤੱਕ ਉਹ ਆਇਆ, ਧਰਮ ਅਸਥਾਨ ਦੇ ਗੇਟ ਅੱਗੇ ਖੜੀ ਬੀਬੀ ਦੇ ਕੰਨਾਂ ਦੀਆਂ ਵਾਲੀਆਂ ਲਾਹ ਕੇ ਲੁਟੇਰੇ ਜਾ ਚੁੱਕੇ ਸਨ। ਪੁਲਿਸ ਵਾਲਿਆਂ ਕੋਲ ਪਹੁੰਚ ਕਰਨੀ ਚਾਹੀ ਤਾਂ ਪੂਰਾ ਦਿਨ ਇਹ ਗੱਲ ਸਮਝਾਉਣ ਲਈ ਲੱਗ ਗਿਆ ਕਿ ਵਾਰਦਾਤ ਤੁਹਾਡੇ ਇਲਾਕੇ ਦੀ ਹੀ ਹੈ।

ਪਿਛਲੇ ਹਫਤੇ ਦੀ ਇੱਕ ਸ਼ਾਮ ਜਲੰਧਰ ਦੀ ਮਾਡਲ ਟਾਊਨ ਨਾਲ ਲੱਗਦੀ ਮਾਰਕੀਟ ਤੋਂ ਇੱਕ ਬੰਦਾ ਕੰਮ ਤੋਂ ਵਿਹਲਾ ਹੋ ਕੇ ਨਿਕਲਿਆ। ਉਸ ਨੂੰ ਥੋੜ੍ਹੀ ਦੂਰ ਕਾਰ ਸਵਾਰ ਚਾਰ ਜਣੇ ਘੇਰ ਖੜੋਤੇ। ਪਿਸਤੌਲ ਦੀ ਨੋਕ ਉਤੇ ਉਸ ਦਾ ਪਰਸ ਕਢਵਾਇਆ, ਜਿਸ ਵਿਚ ਸਿਰਫ ਦਸ ਰੁਪਏ ਸਨ, ਉਹ ਵੀ ਖੋਹ ਕੇ ਲੈ ਗਏ। ਇਹ ਪੰਜਾਬ ਦਾ ਹਾਲ ਹੈ ਕਿ ਕਾਰ ਉਤੇ ਆਏ ਬੰਦੇ ਸਾਈਕਲ ਵਾਲੇ ਤੋਂ ਦਸ ਰੁਪਏ ਲੁੱਟ ਕੇ ਲਿਜਾਣ ਲੱਗ ਪਏ ਹਨ।

ਸ਼ਹਿਰ ਵਿਚ ਕੋਈ ਬਾਜ਼ਾਰ ਸ਼ਾਇਦ ਹੀ ਇਹੋ ਜਿਹਾ ਹੋਵੇ, ਜਿੱਥੇ ਹਫਤਾ ਵਸੂਲਣ ਵਾਲੇ ਗੈਂਗ ਨਾ ਫਿਰਦੇ ਹੋਣ। ਇੱਕ-ਦੋ ਥਾਂਈਂ ਦੁਕਾਨਦਾਰਾਂ ਨੇ ਇਕੱਠੇ ਹੋ ਕੇ ਕੁਟਾਪਾ ਚਾੜ੍ਹ ਦਿੱਤਾ ਤੇ ਫਿਰ ਪੁਲਿਸ ਦੇ ਹਵਾਲੇ ਕਰ ਦਿੱਤੇ। ਅਗਲੇ ਦਿਨ ਉਹ ਜ਼ਮਾਨਤਾਂ ਕਰਵਾ ਕੇ ਬਾਹਰ ਆ ਗਏ ਤੇ ਉਨ੍ਹਾਂ ਹੀ ਦੁਕਾਨਦਾਰਾਂ ਨੂੰ ਮੁੱਛਾਂ ਨੂੰ ਤਾਅ ਦੇ ਕੇ ਕਿਹਾ ਕਿ ਹੁਣ ਆਪਣਾ ਪ੍ਰਬੰਧ ਕਰ ਲਓ। ਦੁਕਾਨਦਾਰ ਇਹ ਸੁਣ ਕੇ ਹੈਰਾਨ ਰਹਿ ਗਏ ਕਿ ਇਹ ਫਲਾਣੇ ਮੰਤਰੀ ਦੇ ਬੰਦੇ ਹਨ। ਫਿਰ ਉਨ੍ਹਾਂ ਨੇ ਲੁਟੇਰਿਆਂ ਦਾ ਰਾਹ ਰੋਕਣ ਤੋਂ ਤੌਬਾ ਕਰ ਲਈ ਤੇ ਵਿਚੋਲੇ ਪਾ ਕੇ ਮਹੀਨਾ ਭਰਨ ਲੱਗ ਪਏ। ਪੰਜਾਬ ਦਾ ਤਕਰੀਬਨ ਹਰ ਸ਼ਹਿਰ ਇਹੋ ਜਿਹੇ ਗੈਂਗਾਂ ਦੇ ਦਬਾਅ ਹੇਠ ਦਿਨ ਕੱਟ ਰਿਹਾ ਹੈ।

ਅਸੀਂ ਹਰ ਦੋ-ਤਿੰਨ ਮਹੀਨੇ ਪਿੱਛੋਂ ਇਹ ਸੁਣ ਲੈਂਦੇ ਹਾਂ ਕਿ ਫਲਾਣੇ ਥਾਂ ਗਾਂਵਾਂ ਲੈ ਕੇ ਜਾਂਦੇ ਬੁੱਚੜਾਂ ਨੂੰ ਘੇਰ ਲਿਆ ਅਤੇ ਕੁਝ ਸਮਾਜ-ਸੇਵੀਆਂ ਨੇ ਗਾਂਵਾਂ ਛੁਡਾਉਣ ਮਗਰੋਂ ਪੁਲਿਸ ਦੇ ਹਵਾਲੇ ਕਰ ਦਿੱਤੇ ਹਨ। ਉਹ ਬੁੱਚੜ ਦੂਜੇ ਦਿਨ ਜ਼ਮਾਨਤਾਂ ਕਰਵਾ ਜਾਂਦੇ ਹਨ। ਜ਼ਮਾਨਤਾਂ ਕਰਵਾਉਣ ਦੀ ਗੱਲ ਹੀ ਨਹੀਂ, ਧੰਦਾ ਚੱਲਦਾ ਰੱਖਣ ਲਈ ਅੱਗੇ ਦੀ ਸੌਦੇਬਾਜ਼ੀ ਵੀ ਹੋ ਜਾਂਦੀ ਹੈ। ਪੰਜਾਬ ਦੇ ਤਕਰੀਬਨ ਹਰ ਵੱਡੇ ਸ਼ਹਿਰ ਤੋਂ ਜਾਨਵਰਾਂ ਦੀਆਂ ਗੱਡੀਆਂ ਭਰ ਕੇ ਆਏ ਦਿਨ ਜਾਂਦੀਆਂ ਹਨ, ਕਦੇ ਕੋਈ ਰੋਕਦਾ ਨਹੀਂ ਤੇ ਰੋਕੀਆਂ ਓਦੋਂ ਜਾਂਦੀਆਂ ਹਨ ਜਦੋਂ ਦੋ ਗਰੋਹਾਂ ਦਾ ਆਪਸੀ ਝਗੜਾ ਹੋਵੇ ਜਾਂ ਫਿਰ ਉਸ ਇਲਾਕੇ ਦੇ ਗੈਂਗ ਨੂੰ ਵੇਲੇ ਸਿਰ ਮਹੀਨਾ ਨਾ ਪੁਚਾਇਆ ਜਾਵੇ। ਓਦੋਂ ਉਹ ਗੈਂਗ ਆਪ ਪਿੱਛੇ ਰਹਿ ਕੇ ਕਿਸੇ ਸਮਾਜ-ਸੇਵੀ ਸੰਸਥਾ ਵਾਲਿਆਂ ਨੂੰ ਅੱਗੇ ਲਾ ਕੇ ਵਿਰੋਧ ਸ਼ੁਰੂ ਕਰਵਾਉਂਦੇ ਹਨ ਤੇ ਫਿਰ ਵਪਾਰੀਆਂ ਨੂੰ ਕੁਟਾਪਾ ਚਾੜ੍ਹਨ ਲਈ ਆਪਣੇ ਬੰਦੇ ਭੇਜ ਦੇਂਦੇ ਹਨ।

ਭਾਰਤੀ ਜਨਤਾ ਪਾਰਟੀ ਗਊ ਹੱਤਿਆ ਦੇ ਵਿਰੋਧ ਵਿਚ ਸਭ ਤੋਂ ਅੱਗੇ ਹੋਣ ਦਾ ਦਾਅਵਾ ਕਰਦੀ ਹੈ ਪਰ ਕੁਝ ਸਾਲ ਪਹਿਲਾਂ ਲੁਧਿਆਣੇ ਦੇ ਲੋਕ ਹੈਰਾਨ ਰਹਿ ਗਏ ਜਦੋਂ ਰੇਲਵੇ ਸਟੇਸ਼ਨ ਤੋਂ ਜਿਹੜੇ ਗਾਂਵਾਂ ਲਿਜਾਣ ਵਾਲੇ ਬੰਦਿਆਂ ਨੂੰ ਇੱਕ ਗੈਂਗ ਨੇ ਘੇਰਿਆ ਸੀ, ਉਨ੍ਹਾਂ ਵਪਾਰੀਆਂ ਕੋਲ ਭਾਜਪਾ ਦੇ ਇੱਕ ਸੀਨੀਅਰ ਐਮ ਐਲ ਏ ਦੇ ਸਰਕਾਰੀ ਲੈਟਰ ਹੈਡ ਉਤੇ ਲਿਖੇ ਸਿਫਾਰਸ਼ੀ ਪੱਤਰ ਮਿਲੇ ਸਨ। ਅਸਲ ਵਿਚ ਭਾਜਪਾ ਆਗੂ ਦਾ ਗੁੱਗਾ ਪੂਜਣ ਮਗਰੋਂ ਸਿਫਾਰਸ਼ੀ ਚਿੱਠੀ ਲੈ ਕੇ ਉਹ ਵਪਾਰੀ ਬਾਕੀਆਂ ਦੀ ਪ੍ਰਵਾਹ ਕਰਨੋਂ ਹਟ ਗਏ ਤੇ ਗੁੱਸੇ ਵਿਚ ਆਏ ਦੂਜੇ ਗੈਂਗ ਵਾਲਿਆਂ ਨੇ ਕਾਂਗਰਸੀ ਧਾੜ ਦੀ ਆੜ ਲੈ ਕੇ ਧਾਵਾ ਜਾ ਕੀਤਾ ਸੀ। ਜਦੋਂ ਵਪਾਰੀਆਂ ਨੇ ਦੋਵਾਂ ਨੂੰ ਮਹੀਨਾ ਦੇਣਾ ਮੰਨ ਲਿਆ, ਓਦੋਂ ਪਿੱਛੋਂ ਕਿਸੇ ਧਿਰ ਨੇ ਕਦੇ ਅੜਿੱਕਾ ਹੀ ਨਹੀਂ ਪਾਇਆ।

ਅਜਿਹਾ ਨਹੀਂ ਕਿ ਇਹ ਹਾਲਤ ਸਿਰਫ ਪੰਜਾਬ ਅੰਦਰ ਹੋਵੇ, ਕੁਝ ਦੂਜੇ ਰਾਜਾਂ ਵਿਚ ਹਾਲਤ ਸਾਡੇ ਤੋਂ ਵੀ ਵਾਹਵਾ ਮਾੜੀ ਹੈ। ਮਹਾਰਾਸ਼ਟਰ ਵਿਚ ਇੱਕ ਜ਼ਿਲੇ ਦਾ ਐਡੀਸ਼ਨਲ ਡਿਪਟੀ ਕਮਿਸ਼ਨਰ ਜਿਊਂਦਾ ਸਾੜ ਦਿੱਤਾ ਗਿਆ ਹੈ। ਉਸ ਦਾ ਕਸੂਰ ਇਹ ਸੀ ਕਿ ਉਹ ਟੈਂਕਰਾਂ ਵਿਚੋਂ ਪੈਟਰੋਲ ਕੱਢ ਕੇ ਉਸ ਦੀ ਥਾਂ ਮਿੱਟੀ ਦਾ ਤੇਲ ਪਾਉਣ ਦਾ ਕੰਮ ਕਰਦੇ ਗਰੋਹਾਂ ਦਾ ਵਿਰੋਧ ਕਰਦਾ ਸੀ। ਸਬੰਧਤ ਮਹਿਕਮਾ ਇਸ ਵਿਚ ਅਫਸਰ ਦਾ ਸਾਥ ਨਹੀਂ ਸੀ ਦੇਂਦਾ। ਇੱਕ ਦਿਨ ਉਸ ਅਫਸਰ ਨੇ ਜਾ ਕੇ ਮੌਕੇ ਉਤੇ ਟੈਂਕਰਾਂ ਵਿਚੋਂ ਪੈਟਰੋਲ ਕੱਢਿਆ ਜਾਂਦਾ ਫੜ ਲਿਆ ਤੇ ਸਬੰਧਤ ਮਹਿਕਮੇ ਦੇ ਅਫਸਰਾਂ ਨੂੰ ਫੋਨ ਕਰ ਕੇ ਓਥੇ ਆਉਣ ਨੂੰ ਕਿਹਾ। ਉਹ ਤਾਂ ਨਹੀਂ ਆਏ ਪਰ ਹੇਰਾਫੇਰੀ ਕਰਨ ਵਾਲਿਆਂ ਦੇ ਬੰਦੇ ਆ ਗਏ ਤੇ ਉਸ ਈਮਾਨਦਾਰ ਅਫਸਰ ਨੂੰ ਖੜੇ ਪੈਰ ਤੇਲ ਪਾ ਕੇ ਅੱਗ ਲਾ ਦਿੱਤੀ ਗਈ। ਪਿੱਛੋਂ ਪਤਾ ਲੱਗਾ ਕਿ ਉਹ ਬਦਮਾਸ਼ ਓਥੋਂ ਦੇ ਇੱਕ ਮੰਤਰੀ ਦੇ ਬੰਦੇ ਹਨ ਤੇ ਵਿਰੋਧੀ ਧਿਰ ਦੇ ਕੁਝ ਆਗੂਆਂ ਨਾਲ ਵੀ ਉਨ੍ਹਾਂ ਦੀ ਸਾਂਝ ਹੈ।

ਕੁਝ ਸਾਲ ਹੋਏ, ਬਿਹਾਰ ਵਿਚ ਇੱਕ ਥਾਂ ਡਿਊਟੀ ਕਰਨ ਜਾਂਦੇ ਹੋਏ ਇੱਕ ਡਿਪਟੀ ਕਮਿਸ਼ਨਰ ਨੂੰ ਵੀ ਕੁਝ ਲੋਕਾਂ ਨੇ ਏਦਾਂ ਹੀ ਮਾਰ ਦਿੱਤਾ ਸੀ। ਉਸ ਪਿੱਛੇ ਵੀ ਇਹੋ ਕਹਾਣੀ ਸਾਹਮਣੇ ਆਈ ਸੀ।

ਜਿਹੜੀ ਗੱਲ ਸਰਕਾਰਾਂ ਚਲਾਉਣ ਵਾਲੇ ਅੱਖੋਂ ਪਰੋਖੀ ਕਰੀ ਜਾਂਦੇ ਹਨ, ਉਹ ਇਹ ਹੈ ਕਿ ਲੋਕ ਸਦਾ ਇਹੋ ਹਾਲਤ ਭੁਗਤਣ ਲਈ ਤਿਆਰ ਨਹੀਂ ਹੁੰਦੇ, ਕਦੀ ਰੋਹ ਵਿਚ ਆ ਕੇ ਉਹ ਕੁਝ ਵੀ ਕਰ ਜਾਂਦੇ ਹਨ, ਜਿਸ ਨੂੰ ਜਾਇਜ਼ ਭਾਵੇਂ ਨਾ ਕਿਹਾ ਜਾਵੇ, ਅੱਖਾਂ ਖੋਲ੍ਹਣ ਵਾਲਾ ਜ਼ਰੂਰ ਹੁੰਦਾ ਹੈ। ਰਾਜਸਥਾਨ ਵਿਚੋਂ ਇਸ ਹਫਤੇ ਜਿਹੜੀ ਖਾਸ ਖਬਰ ਨੇ ਸਾਰੇ ਦੇਸ਼ ਦਾ ਧਿਆਨ ਖਿੱਚਿਆ ਹੈ, ਉਹ ਇੱਕ ਥਾਣਾ ਮੁਖੀ ਨੂੰ ਜਿਊਂਦੇ ਸਾੜ ਦੇਣ ਦੀ ਹੈ। ਇਹ ਕੰਮ ਕਰਨ ਵਾਲੇ ਕਿਸੇ ਗਰੋਹ ਦੇ ਬੰਦੇ ਨਹੀਂ, ਸਗੋਂ ਉਹ ਆਮ ਲੋਕ ਹਨ, ਜਿਹੜੇ ਰਾਜ ਦੀ ਪੁਲਿਸ ਵੱਲੋਂ ਇੱਕ ਕਤਲ ਦੇ ਮਾਮਲੇ ਵਿਚ ਕਾਰਵਾਈ ਨਾ ਕਰਨ ਤੋਂ ਅੱਕੇ ਪਏ ਸਨ। ਕਤਲ ਇੱਕ ਔਰਤ ਦਾ ਹੋਇਆ ਸੀ ਅਤੇ ਪੁਲਿਸ ਕਾਤਲਾਂ ਨੂੰ ਨਹੀਂ ਸੀ ਫੜਦੀ। ਲੋਕ ਰੋਸ ਕਰਨ ਲਈ ਪਾਣੀ ਦੀ ਟੈਂਕੀ ਉਤੇ ਚੜ੍ਹ ਗਏ ਤੇ ਪੁਲਿਸ ਇਸ ਨੂੰ ਮਜਮੇਬਾਜ਼ੀ ਸਮਝ ਕੇ ਹੱਸਦੀ ਰਹੀ ਪਰ ਵਧ ਗਏ ਰੋਸ ਵਿਚ ਇੱਕ ਨੌਜਵਾਨ ਨੇ ਆਪਣੇ ਆਪ ਨੂੰ ਅੱਗ ਲਾ ਕੇ ਟੈਂਕੀ ਤੋਂ ਛਾਲ ਮਾਰ ਦਿੱਤੀ। ਉਸ ਦੀ ਮੌਤ ਹੁੰਦੇ ਸਾਰ ਲੋਕਾਂ ਦਾ ਰੋਹ ਵਧ ਗਿਆ ਤੇ ਪੁਲਿਸ ਦੇ ਮਗਰ ਪੈ ਗਏ। ਸਥਾਨਕ ਪੁਲਿਸ ਤਾਂ ਦੌੜ ਗਈ ਤੇ ਉਸ ਪਾਸੇ ਤੋਂ ਲੰਘਦਾ ਦੂਜੇ ਥਾਣੇ ਦਾ ਮੁਖੀ ਕਾਬੂ ਆ ਗਿਆ। ਲੋਕਾਂ ਨੇ ਓਸੇ ਨੂੰ ਜੀਪ ਵਿਚ ਪਾ ਕੇ ਅੱਗ ਲਾ ਦਿਤੀ। ਉਹ ਤਾਂ ਸਾੜ ਕੇ ਮਾਰਿਆ ਤੇ ਨਾਲ ਦੇ ਸਿਪਾਹੀ ਵੀ ਲੋਕਾਂ ਨੇ ਕੁੱਟ-ਕੁੱਟ ਕੇ ਮਾਰ ਦਿੱਤੇ। ਕੀਤਾ ਲੋਕਾਂ ਨੇ ਠੀਕ ਨਹੀਂ ਸੀ, ਪਰ ਜਦੋਂ ਬਦ-ਅਮਨੀ ਫੈਲ ਜਾਵੇ, ਓਦੋਂ ਲੋਕ ਰੋਸ ਪ੍ਰਗਟ ਕਰਨ ਵਾਸਤੇ ਠੀਕ-ਗਲਤ ਕਦੋਂ ਵੇਖਦੇ ਹਨ?

ਪੰਜਾਬ ਵਿਚ ਬਦ-ਅਮਨੀ ਦੇ ਨਾਲ-ਨਾਲ ਪੁਲਿਸ ਉਤੇ ਬੇਵਿਸ਼ਵਾਸੀ ਵੀ ਵਧੀ ਜਾ ਰਹੀ ਹੈ। ਪਿਛਲੇ ਇੱਕ ਹਫਤੇ ਵਿਚ ਹੀ ਚਾਰ-ਪੰਜ ਘਟਨਾਵਾਂ ਏਦਾਂ ਦੀਆਂ ਹੋਈਆਂ ਹਨ, ਜਿਹੜੀਆਂ ਦੱਸਦੀਆਂ ਹਨ ਕਿ ਇਸ ਫੋਰਸ ਵਿਚ ਗੰਦੇ ਲੋਕਾਂ ਦੀ ਕਿੰਨੀ ਭਰਮਾਰ ਹੋ ਚੁੱਕੀ ਹੈ? ਇੱਕ ਥਾਂ ਇੱਕ ਥਾਣੇ ਦੇ ਮੁਖੀ ਨੂੰ ਤਾਂ ਓਸੇ ਥਾਣੇ ਵਿਚ ਬੰਦ ਕਰਨਾ ਪਿਆ, ਜਿੱਥੇ ਉਹ ਲੱਗਾ ਹੋਇਆ ਸੀ, ਕਿਉਂਕਿ ਉਸ ਨੇ ਇੱਕ ਕੇਸ ਦੀ ਤਫਤੀਸ਼ ਕੀਤੀ ਤੇ ਉਸ ਦਾ ਬਰਾਮਦ ਕੀਤਾ ਸਮਾਨ ਚੁੱਕ ਕੇ ਆਪਣੇ ਘਰ ਲੈ ਗਿਆ ਸੀ। ਦੂਜੀ ਥਾਂ ਇੱਕ ਡੀ ਐਸ ਪੀ ਨੂੰ ਰਿਸ਼ਵਤ ਦੇ ਕੇਸ ਵਿਚ ਉਸ ਦੇ ਅਧਿਕਾਰ ਖੇਤਰ ਹੇਠਲੇ ਉਸ ਥਾਣੇ ਦੀ ਹਵਾਲਾਤ ਵਿਚ ਜਾਣਾ ਪਿਆ ਜਿਸ ਥਾਣੇ ਦੀ ਚੈਕਿੰਗ ਲਈ ਜਾਣ ਉਤੇ ਓਥੇ ਖੜਾ ਸੰਤਰੀ ਉਸ ਨੂੰ ਅੱਡੀਆਂ ਜੋੜ ਕੇ ਸਲੂਟ ਮਾਰਦਾ ਹੁੰਦਾ ਸੀ। ਤੀਜੀ ਥਾਂ ਇੱਕ ਚੋਰੀ ਹੋਈ ਕਾਰ ਨੂੰ ਕਾਰ ਦੇ ਮਾਲਕ ਨੇ ਪਛਾਣ ਲਿਆ। ਉਸ ਨੇ ਜਾਅਲੀ ਨੰਬਰ ਲਾ ਕੇ ਬਾਜ਼ਾਰ ਵਿਚ ਖੜੀ ਕੀਤੀ ਕਾਰ ਦੀ ਵੀਡੀਓ ਬਣਾਈ ਤੇ ਫਿਰ ਉਸ ਦੇ ਪਿੱਛੇ ਲੱਗ ਤੁਰਿਆ। ਜਿਸ ਘਰ ਕਾਰ ਗਈ, ਥੋੜ੍ਹੀ ਦੇਰ ਪਿੱਛੋਂ ਉਹ ਪੁਲਿਸ ਲੈ ਕੇ ਓਸੇ ਘਰ ਪਹੁੰਚ ਗਿਆ। ਘਰ ਇੱਕ ਪੁਲਿਸ ਇੰਸਪੈਕਟਰ ਦਾ ਨਿਕਲਿਆ ਅਤੇ ਕਾਰ ਨੂੰ ਪੁਲਿਸ ਇੰਸਪੈਕਟਰ ਅਤੇ ਉਸ ਦਾ ਪੁੱਤਰ ਲਈ ਫਿਰਦੇ ਸਨ। ਜ਼ਿਲੇ ਦੇ ਪੁਲਿਸ ਮੁਖੀ ਦਾ ਬਿਆਨ ਸਿਰਫ ਏਨਾ ਆਇਆ ਹੈ ਕਿ ਇੰਪੈਕਟਰ ਸਸਪੈਂਡ ਕੀਤਾ ਹੋਇਆ ਹੈ ਪਰ ਏਨੇ ਬਿਆਨ ਨਾਲ ਲੋਕਾਂ ਦੀ ਤਸੱਲੀ ਕਿਵੇਂ ਹੋ ਸਕਦੀ ਹੈ?

ਲੋਕ ਇਹ ਸਮਝਦੇ ਹਨ ਕਿ ਜਦੋਂ ਇਹੋ ਜਿਹੇ ਹਾਲਾਤ ਹੋਣ, ਓਦੋਂ ਪੁਲਿਸ ਦੀ ਵਾਗ ਖਿੱਚ ਕੇ ਰੱਖਣਾ ਰਾਜ ਦੀ ਰਾਜਸੀ ਲੀਡਰਸ਼ਿਪ ਦੀ ਜ਼ਿੰਮੇਵਾਰੀ ਹੈ। ਰਾਜਸੀ ਲੀਡਰਸ਼ਿਪ ਦੀ ਜ਼ਿੰਮੇਵਾਰੀ ਦਾ ਪੱਧਰ ਬਠਿੰਡੇ ਸ਼ਹਿਰ ਵਿਚ ਪਤਾ ਲੱਗ ਗਿਆ ਹੈ। ਓਥੇ ਰਾਜ ਦੇ ਮੁੱਖ ਮੰਤਰੀ ਦੀ ਨੂੰਹ ਅਤੇ ਡਿਪਟੀ ਮੁੱਖ ਮੰਤਰੀ ਦੀ ਪਾਰਲੀਮੈਂਟ ਮੈਂਬਰ ਪਤਨੀ ਨੇ ਦੌਰਾ ਕਰਨ ਆਉਣਾ ਸੀ। ਬੇਰੁਜ਼ਗਾਰ ਕੁੜੀਆਂ-ਮੁੰਡੇ ਇੱਕ ਮੰਗ-ਪੱਤਰ ਦੇਣ ਪੁੱਜ ਗਏ। ਪੁਲਿਸ ਨੇ ਜਦੋਂ ਉਨ੍ਹਾਂ ਨੂੰ ਅੱਗੇ ਨਾ ਜਾਣ ਦਿੱਤਾ ਤਾਂ ਉਹ ਰੋਸ ਵਿਚ ਪੁਲਿਸ ਨਾਲ ਧੱਕਾ-ਮੁੱਕੀ ਹੁੰਦੇ ਉਸ ਤੱਕ ਜਾ ਪਹੁੰਚੇ। ਅੱਗੋਂ ਉਸ ਨੇ ਵੀ ਗੱਲ ਨਾ ਸੁਣੀ ਤਾਂ ਮੁੰਡੇ-ਕੁੜੀਆਂ ਨਾਹਰੇ ਮਾਰਨ ਲੱਗ ਪਏ। ਪਾਰਲੀਮੈਂਟ ਮੈਂਬਰ ਬੀਬੀ ਦੀ ਹਾਜ਼ਰੀ ਵਿਚ ਹੀ ਜਦੋਂ ਉਨ੍ਹਾਂ ਨੂੰ ਪੁਲਿਸ ਨੇ ਡਾਂਗਾਂ ਮਾਰੀਆਂ ਤਾਂ ਲੋਕਾਂ ਸਮਝਿਆ ਕਿ ਪੁਲਿਸ ਅਮਨ-ਕਾਨੂੰਨ ਦੀ ਜ਼ਿੰਮੇਵਾਰੀ ਨਿਭਾ ਰਹੀ ਹੈ। ਫਿਰ ਅਕਾਲੀ ਜਥੇਦਾਰਾਂ ਨੇ ਬਾਂਹਾਂ ਟੰਗ ਲਈਆਂ ਤੇ ਟੁੱਟ ਕੇ ਪੈ ਗਏ। ਲੋਕੀਂ ਇਹ ਵੇਖ ਕੇ ਹੈਰਾਨ ਰਹਿ ਗਏ ਕਿ ਨੀਲੀਆਂ ਪੱਗਾਂ ਅਤੇ ਬੀਬੀਆਂ ਦਾੜ੍ਹੀਆਂ ਵਾਲੇ ਅਕਾਲੀ ਜਥੇਦਾਰਾਂ ਨੇ ਬੇਗਾਨੀਆਂ ਧੀਆਂ ਨੂੰ ਗੁੱਤਾਂ ਤੋਂ ਫੜ-ਫੜ ਕੇ ਕੁੱਟਿਆ ਅਤੇ ਸੜਕ ਉਤੇ ਧੂਹਿਆ। ਪੁਲਿਸ ਜ਼ਿਆਦਤੀ ਦਾ ਹੱਕ ਹਰ ਰਾਜ ਵਿਚ ਆਪਣਾ ਸਮਝਦੀ ਹੈ, ਅਕਾਲੀ ਲੀਡਰਾਂ ਨੂੰ ਇਹ ਹੱਕ ਸਿਰਫ ਉਨ੍ਹਾਂ ਦੀ ਸਰਕਾਰ ਦੇ ਸਕਦੀ ਹੈ, ਜਾਂ ਸ਼ਾਇਦ ਉਹ ਆਪ ਹੀ ਰਾਜ ਦੇ ਮੁਖੀ ਕੋਲ ਆਪਣੀ ਫਰਮਾਬਰਦਾਰੀ ਸਾਬਤ ਕਰਨ ਲਈ ਇੰਜ ਬੇਸ਼ਰਮੀ ਦੀਆਂ ਹੱਦਾਂ ਪਾਰ ਕਰਨ ਤੁਰ ਪਏ ਹੋਣਗੇ।

ਅਕਾਲੀ ਸਟੇਜਾਂ ਉਤੇ ਅਸੀਂ ਕਈ ਮੋਰਚਿਆਂ ਵੇਲੇ 'ਜਬੈ ਬਾਣ ਲਾਗਯੋ, ਤਬੈ ਰੋਸ ਜਾਗਯੋ' ਦਾ ਹਵਾਲਾ ਦਿੱਤਾ ਜਾਂਦਾ ਸੁਣਦੇ ਰਹੇ ਹਾਂ। ਜਿਨ੍ਹਾਂ ਲੋਕਾਂ ਦੀਆਂ ਧੀਆਂ ਨਾਲ ਅਕਾਲੀ ਲੀਡਰਾਂ ਨੇ ਇਹ ਬੇਹੂਦਗੀ ਕੀਤੀ ਹੈ, ਕੀ ਉਨ੍ਹਾਂ ਦੇ ਮਨਾਂ ਵਿਚ 'ਰੋਸ ਜਾਗਯੋ' ਦੀ ਭਾਵਨਾ ਨਹੀਂ ਉਪਜੇਗੀ? ਇਹ ਭਾਵਨਾ ਉਨ੍ਹਾਂ ਨੂੰ ਚੋਣਾਂ ਮੌਕੇ ਅਕਾਲੀਆਂ ਨੂੰ ਸਬਕ ਸਿਖਾਉਣ ਦੇ ਰਾਹੇ ਵੀ ਪਾ ਸਕਦੀ ਹੈ ਤੇ ਕਿਸੇ ਦੇ ਮਨ ਵਿਚ ਧੀ-ਭੈਣ ਦੀ ਬੇਇੱਜ਼ਤੀ ਦਾ ਬਦਲਾ ਲੈਣ ਵਾਲਾ ਚੰਦਰਾ ਖਿਆਲ ਵੀ ਆ ਸਕਦਾ ਹੈ। ਹਾਲਾਤ ਤਾਂ ਪੰਜਾਬ ਵਿਚ ਪਹਿਲਾਂ ਹੀ ਬਦ-ਅਮਨੀ ਵਾਲੇ ਹਨ, ਅਕਾਲੀ ਆਗੂ ਆਪਣੇ ਹੋਛੇਪਣ ਨਾਲ ਬਲਦੀ ਉਤੇ ਤੇਲ ਪਾ ਰਹੇ ਹਨ।

ਇਨ੍ਹਾਂ ਸਾਰੀਆਂ ਕਹਾਣੀਆਂ ਨਾਲ ਜੋੜ ਕੇ ਦਰਜਨਾਂ ਨਹੀਂ, ਸੈਂਕੜੇ ਹੋਰ ਕਹਾਣੀਆਂ ਕਹੀਆਂ ਜਾ ਸਕਦੀਆਂ ਹਨ। ਸਾਰੀਆਂ ਦਾ ਤੱਤ ਨਿਚੋੜ ਇਹ ਹੈ ਕਿ ਨਾ ਅੱਜ ਕੱਲ੍ਹ ਕਿਸੇ ਪਾਸੇ ਅਮਨ-ਕਾਨੂੰਨ ਨਾਂ ਦੀ ਕੋਈ ਚੀਜ਼ ਹੈ ਤੇ ਨਾ ਹੁਣ ਰਾਜ ਹੀ ਆਪਣੇ ਸਹੀ ਅਰਥਾਂ ਵਿਚ ਰਾਜ ਰਹਿ ਗਿਆ ਜਾਪਦਾ ਹੈ। ਇਸ ਦੌਰ-ਦੌਰੇ ਵਿਚ ਲੋਕਾਂ ਦੀ ਬੇਚੈਨੀ ਹਰ ਆਏ ਦਿਨ ਦੂਣੀ-ਚੌਗੁਣੀ ਹੋਈ ਜਾਂਦੀ ਹੈ। ਸਾਡੇ ਪੰਜਾਬ ਨੂੰ ਇਹੋ ਬੇਚੈਨੀ ਕਿਸੇ ਸੋਮਾਲੀਆ ਵਰਗੀ ਅੰਨ੍ਹੀ ਗਲੀ ਵਿਚ ਵੀ ਵਾੜ ਸਕਦੀ ਹੈ। ਸਮੁੰਦਰਾਂ ਵਿਚ ਸੋਮਾਲੀਆਈ ਲੁਟੇਰਿਆਂ ਨੂੰ ਤਾਂ ਨੇਵੀ ਵਾਲੇ ਜਾ ਫੜਨਗੇ, ਜੇ ਗਲੀ-ਗਲੀ ਵਿਚ ਸੋਮਾਲੀਆ ਬਣ ਗਿਆ, ਫਿਰ ਕੀ ਬਣੇਗਾ ਪੰਜਾਬ ਦਾ ਤੇ ਕੀ ਬਣੇਗਾ ਭਾਰਤ ਵਰਗੇ ਦੇਸ਼ ਦਾ? ਇਹ ਗੱਲ ਸੋਚਣ ਦੀ ਨਾ ਕਿਸੇ ਕੋਲ ਵਿਹਲ ਹੈ ਤੇ ਨਾ ਕਿਸੇ ਦੀ ਫਿਕਰਮੰਦੀ।

**ਜਾਇਦਾਦ ਦੀ ਖਰੀਦ-ਵੇਚ**

**ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ**

**ਪੁਨੀਆ ਰੀਅਲ ਅਸਟੇਟ: 94173-34049**

**ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ**

# ਸਰਕਾਰੀ ਟਰਾਂਸਪੋਰਟ ਘਾਟੇ ਵਿਚ, ਪ੍ਰਾਈਵੇਟ ਦੇ ਵਾਰੇ-ਨਿਆਰੇ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਮਾੜੀਆਂ ਨੀਤੀਆਂ ਕਾਰਨ ਸਰਕਾਰੀ ਟਰਾਂਸਪੋਰਟ ਜਿਥੇ ਘਾਟੇ 'ਚ ਚੱਲ ਰਹੀ ਹੈ ਉਥੇ ਪ੍ਰਾਈਵੇਟ ਬੱਸਾਂ ਵਾਲਿਆਂ ਦੇ ਵਾਰੇ-ਨਿਆਰੇ ਹਨ। ਬਾਦਲ ਪਰਿਵਾਰ ਦੀ ਪੰਜਾਬ 'ਚ ਸਭ ਤੋਂ ਵੱਡੀ ਟਰਾਂਸਪੋਰਟ ਕੰਪਨੀ ਹੈ ਜਿਸ ਕਾਰਨ ਅਕਾਲੀ-ਭਾਜਪਾ ਸਰਕਾਰ ਆਉਣ ਤੋਂ ਬਾਅਦ ਸਾਰੇ ਕਰੀਮ ਵਾਲੇ ਰੂਟਾਂ 'ਤੇ ਬਾਦਲ ਪਰਿਵਾਰ ਦੀਆਂ ਬੱਸਾਂ ਦੌੜਦੀਆਂ ਹਨ ਜਦੋਂ ਕਿ ਲੋਕ ਸੇਵਾ ਦਾ ਕੰਮ ਸਰਕਾਰੀ ਬੱਸਾਂ ਦੇ ਹਵਾਲੇ ਕਰ ਦਿੱਤਾ ਹੈ। ਇਹੀ ਕਾਰਨ ਹੈ ਕਿ ਸਾਲ 1980-81 ਵਿਚ ਰੋਡਵੇਜ਼ ਦੇ ਬੇੜੇ ਵਿਚ 2248 ਬੱਸਾਂ ਸਨ ਤੇ ਸਾਲ 2009-10 ਵਿਚ ਇਹ ਗਿਣਤੀ 1568 'ਤੇ ਸੁੰਗੜ ਗਈ ਹੈ। ਇਸੇ ਤਰ੍ਹਾਂ ਪੈਪਸੂ ਦੀ ਉਸ ਵੇਲੇ ਦੀ ਗਿਣਤੀ ਵਿਚ 159 ਦਾ ਇਜ਼ਾਫ਼ਾ ਹੋਇਆ ਹੈ। ਪ੍ਰਾਈਵੇਟ ਟਰਾਂਸਪੋਰਟ ਇਸ ਅਰਸੇ ਵਿਚ ਛੜੱਪੇ ਮਾਰ ਕੇ ਵਧੀ ਹੀ ਹੈ। ਉਸ ਵੇਲੇ ਮਹਿਜ਼ 1649 ਬੱਸਾਂ ਵਾਲੇ ਪ੍ਰਾਈਵੇਟ ਸੈਕਟਰ ਵਿਚ ਇਸ ਵੇਲੇ 7025 ਬੱਸਾਂ ਹਨ। ਰੋਜ਼ਾਨਾ ਤੈਅ ਕੀਤੇ ਜਾਂਦੇ ਕਿਲੋਮੀਟਰਾਂ ਦੇ ਮਾਮਲੇ ਵਿਚ ਵੀ ਪ੍ਰਾਈਵੇਟ ਟਰਾਂਸਪੋਰਟ ਨੇ 6 ਲੱਖ ਕਿਲੋਮੀਟਰ ਹੋਰ ਵਧਾ ਲਏ ਹਨ।ਬਾਦਲ ਪਰਿਵਾਰ ਨੇ ਤਾਂ ਹੁਣ ਹੁਣ 'ਮਰਸਡੀ' ਬੱਸਾਂ ਵੀ ਸ਼ੁਰੂ ਕਰ ਦਿੱਤੀਆਂ ਹਨ। ਇਸ ਪਰਿਵਾਰ ਵੱਲੋਂ ਦੋ ਮਹੀਨਿਆਂ ਵਿਚ ਜਰਮਨ ਦੀ ਮਰਸਡੀਜ਼ ਕੰਪਨੀ ਦੀਆਂ ਕਰੀਬ ਡੇਢ ਦਰਜਨ ਬੱਸਾਂ ਲੰਮੇ ਰੂਟਾਂ 'ਤੇ ਚਲਾਈਆਂ ਗਈਆਂ ਹਨ। 'ਮਰਸਡੀਜ਼ ਬੈਂਜ਼' ਬੱਸ ਦੀ ਕੀਮਤ ਇਕ ਕਰੋੜ ਰੁਪਏ ਦੇ ਕਰੀਬ ਹੈ।

ਪੰਜਾਬ ਸਰਕਾਰ ਦੇ ਆਰਥਿਕ ਸਲਾਹਕਾਰ ਵੱਲੋਂ ਸਾਲ 2009-10 ਦੇ ਤਿਆਰ ਕੀਤੇ ਅੰਕੜਾ ਸਾਰ ਮੁਤਾਬਕ ਪੰਜਾਬ ਦੀਆਂ ਤਿੰਨੋਂ ਸਰਕਾਰੀ ਟਰਾਂਸਪੋਰਟਾਂ ਪੰਜਾਬ ਰੋਡਵੇਜ਼, ਪਨਬਸ ਤੇ ਪੈਪਸੂ ਰੋਡਵੇਜ਼ ਟਰਾਂਸਪੋਰਟ ਕਾਰਪੋਰੇਸ਼ਨ ਹਰ ਸਾਲ ਘਾਟਾ ਵਿਖਾ ਰਹੀਆਂ ਹਨ। ਸਰਕਾਰ ਵੱਲੋਂ ਬਜਟ ਸੈਸ਼ਨ ਵਿਚ ਪੇਸ਼ ਕੀਤੀ ਅੰਕੜਾ ਸਾਰ ਦੀ ਰਿਪੋਰਟ ਅਨੁਸਾਰ ਰਾਜ ਵਿਚ ਪੰਜਾਬ ਰੋਡਵੇਜ਼ ਤੋਂ ਪਿਛਲੇ ਮਾਲੀ ਸਾਲ ਵਿਚ 5785.65 ਲੱਖ ਰੁਪਏ ਦੀ ਆਮਦਨ ਹੋਈ ਹੈ। ਇਸ ਆਮਦਨ ਦੇ ਮੁਕਾਬਲੇ ਸਰਕਾਰੀ ਟਰਾਂਸਪੋਰਟ ਨੂੰ ਚਲਾਉਣ 'ਤੇ ਹੋਇਆ ਖਰਚਾ 13048.46 ਲੱਖ ਰੁਪਏ ਹੈ ਜੋ ਕਿ ਕਮਾਈ ਨਾਲੋਂ 56 ਫੀਸਦੀ ਜ਼ਿਆਦਾ ਬਣਦਾ ਹੈ। ਸਰਕਾਰ ਦੀ ਹੀ ਟਰਾਂਸਪੋਰਟ ਪਨਬਸ ਦੀ ਕਮਾਈ ਤਾਂ 27143 ਲੱਖ ਰੁਪਏ ਸੀ ਪਰ ਖਰਚਾ ਆਮਦਨ ਨਾਲੋਂ 351 ਲੱਖ ਰੁਪਏ ਜ਼ਿਆਦਾ ਹੋਇਆ ਹੈ। ਤੀਜੀ ਕਾਰਪੋਰੇਸ਼ਨ ਪੈਪਸੂ ਜਿਸ ਦੀ ਸਾਲ 2008-09 ਦੇ ਕਮਾਈ ਤੇ ਖਰਚ ਦੇ ਅੰਕੜੇ ਦੱਸੇ ਗਏ ਹਨ, ਦੀਆਂ ਬੱਸਾਂ ਵੱਲੋਂ ਪੂਰੇ ਸਾਲ ਵਿਚ 22667.46 ਲੱਖ ਰੁਪਏ ਦੀ ਕਮਾਈ ਕਰਕੇ ਲਿਆਂਦੀ ਗਈ ਪਰ ਇਹ ਸਾਰੀ ਕਮਾਈ ਸਮੇਤ 757 ਲੱਖ ਰੁਪਏ ਸਰਕਾਰ ਦੇ ਪੱਲਿਓਂ ਲੈ ਕੇ ਇਨ੍ਹਾਂ ਨੂੰ ਚਲਾਉਣ ਦੇ ਖਰਚਿਆਂ 'ਤੇ ਹੀ ਲੱਗ ਗਈ।

ਦੂਜੇ ਪਾਸੇ ਹੈਰਾਨੀ ਦੀ ਗੱਲ ਹੈ ਕਿ ਟਰਾਂਸਪੋਰਟ ਮੰਤਰੀ ਮਾਸਟਰ ਮੋਹਨ ਲਾਲ ਨੇ ਇਨ੍ਹਾਂ ਅੰਕੜਿਆਂ ਤੋਂ ਉਲਟ ਆਪਣੇ ਵਿਭਾਗ ਤੇ ਸਰਕਾਰੀ ਟਰਾਂਸਪੋਰਟ ਦੇ ਮੁਨਾਫ਼ੇ ਵਿਚ ਹੋਣ ਦਾ ਦਾਅਵਾ ਕੀਤਾ ਹੈ। ਉਨ੍ਹਾਂ ਵਿਧਾਨ ਸਭਾ 'ਚ ਵਿਚ ਦਿੱਤੇ ਜਵਾਬਾਂ ਵਿਚ ਸਰਕਾਰੀ ਟਰਾਂਸਪੋਰਟ ਦੇ ਪਿਛਲੇ ਸਾਲ 358.43 ਕਰੋੜ ਦਾ ਮਾਲੀਆ ਲਿਆਉਣ ਤੇ ਆਪਣੇ ਵਿਭਾਗ ਦੇ ਮਾਲੀਏ ਵਿਚ 10.91 ਫੀਸਦੀ ਦਾ ਵਾਧਾ ਹੋਣ ਬਾਰੇ ਦੱਸਿਆ ਹੈ।



## ਬਾਦਲ ਪਰਿਵਾਰ ਨੇ ਚਲਾਈਆਂ ਮਰਸਡੀਜ਼ ਬੱਸਾਂ

ਬਾਦਲ ਪਰਿਵਾਰ ਵੱਲੋਂ ਲੰਮੇ ਰੂਟ 'ਤੇ ਤਕਰੀਬਨ ਅੱਠ ਮਹੀਨੇ ਪਹਿਲਾਂ ਮਰਸਡੀ ਬੱਸ ਪਾਈ ਗਈ ਸੀ ਤੇ ਹੁਣ ਦੋ ਮਹੀਨਿਆਂ ਦੌਰਾਨ ਇਨ੍ਹਾਂ ਦੀ ਗਿਣਤੀ ਡੇਢ ਦਰਜਨ ਹੋ ਗਈ ਹੈ। ਪੀ.ਆਰ.ਟੀ.ਸੀ. ਦੀ ਏ.ਸੀ. ਬੱਸ ਦਾ ਬਠਿੰਡਾ ਤੋਂ ਚੰਡੀਗੜ੍ਹ ਦਾ ਕਿਰਾਇਆ 166 ਰੁਪਏ ਹੈ ਜਦੋਂ ਕਿ ਮਰਸਡੀਜ਼ ਬੈਂਜ਼ ਦਾ ਕਿਰਾਇਆ ਤਕਰੀਬਨ 300 ਰੁਪਏ ਹੈ। ਪੀ.ਆਰ.ਟੀ.ਸੀ. ਵੱਲੋਂ ਹੁਣ ਤੱਕ ਸਿਰਫ਼ 10 ਬੱਸਾਂ ਹੀ ਇੰਨਟੈਗਰਿਲ ਕੋਚ ਪਾਈਆਂ ਗਈਆਂ ਹਨ ਤੇ ਉਨ੍ਹਾਂ ਵਿੱਚੋਂ ਕੋਈ ਵੀ ਬਠਿੰਡਾ ਤੋਂ ਚੰਡੀਗੜ੍ਹ ਨਹੀਂ ਚੱਲਦੀ। ਬਾਦਲ ਪਰਿਵਾਰ ਦੀਆਂ ਬਠਿੰਡਾ ਤੋਂ ਚੰਡੀਗੜ੍ਹ ਲਈ ਤਕਰੀਬਨ ਅੱਧੀ ਦਰਜਨ 'ਮਰਸਡੀਜ਼ ਬੈਂਜ਼' ਬੱਸਾਂ ਚੱਲਦੀਆਂ ਹਨ ਤੇ ਅੰਮ੍ਰਿਤਸਰ ਤੋਂ ਚੰਡੀਗੜ੍ਹ ਲਈ 10 ਦੇ ਕਰੀਬ ਮਰਸਡੀਜ਼ ਬੈਂਜ਼ ਬੱਸਾਂ ਚੱਲਦੀਆਂ ਹਨ। ਫਿਰੋਜ਼ਪੁਰ ਤੇ ਹੁਸ਼ਿਆਰਪੁਰ 'ਤੇ ਵੀ ਬੱਸ ਚੱਲਦੀ ਹੈ।ਬਾਦਲ ਪਰਿਵਾਰ ਵੱਲੋਂ ਸਭ ਤੋਂ ਪਹਿਲਾਂ ਜਰਮਨ ਦੀ ਲੈਕਸੀਆ ਕੰਪਨੀ ਦੀ ਬੱਸ ਸੜਕਾਂ 'ਤੇ ਉਤਾਰੀ ਗਈ ਸੀ ਜਿਸ ਦੀ ਕੀਮਤ ਕਰੀਬ 65 ਲੱਖ ਰੁਪਏ ਹੈ। ਉਸ ਮਗਰੋਂ ਇਸ ਘਰਾਣੇ ਨੇ ਵੋਲਵੋ ਕੰਪਨੀ ਦੀ ਬੱਸ ਚਲਾਈ ਜਿਸ ਦੀ ਕੀਮਤ ਤਕਰੀਬਨ 70 ਤੋਂ 75 ਲੱਖ ਰੁਪਏ ਹੈ। ਹੁਣ 'ਮਰਸਡੀਜ਼ ਬੈਂਜ਼' ਬੱਸ ਸੜਕ 'ਤੇ ਉਤਾਰੀ ਹੈ ਜਿਸ ਦੀ ਕੀਮਤ ਤਕਰੀਬਨ 90 ਲੱਖ ਤੋਂ ਉਪਰ ਹੈ ਤੇ ਸਭ ਖਰਚਿਆਂ ਸਮੇਤ ਕਰੀਬ ਇਕ ਕਰੋੜ ਰੁਪਏ ਦੀ ਹੈ। ਇਨ੍ਹਾਂ ਬੱਸਾਂ ਦਾ ਕਿਰਾਇਆ ਦੁੱਗਣਾ ਹੈ।

## ਬਾਦਲ ਦੀਆਂ ਬੱਸਾਂ ਨੂੰ ਟੈਕਸ 'ਚ ਵੱਡੀ ਰਿਆਇਤ

ਪੰਜਾਬ ਸਰਕਾਰ ਵੱਲੋਂ 'ਇੰਨਟੈਗਰਿਲ ਕੋਚ' ਤੋਂ ਕੇਵਲ 25 ਪੈਸੇ (ਮਹੀਨਾਵਾਰ ਰੈਸਟ ਸਮੇਤ) ਪ੍ਰਤੀ ਕਿਲੋਮੀਟਰ ਟੈਕਸ ਲਿਆ ਜਾਂਦਾ ਹੈ ਜਦੋਂ ਕਿ ਸਾਧਾਰਨ ਬੱਸਾਂ ਦਾ ਟੈਕਸ 2.35 ਪੈਸੇ ਪ੍ਰਤੀ ਕਿਲੋਮੀਟਰ ਹੈ ਜਦੋਂਕਿ ਸਧਾਰਨ ਏ.ਸੀ. ਬੱਸਾਂ ਤੋਂ ਟੈਕਸ ਪ੍ਰਤੀ ਕਿਲੋਮੀਟਰ 85 ਪੈਸੇ ਵਸੂਲ ਕੀਤਾ ਜਾਂਦਾ ਹੈ। ਪੰਜਾਬ ਵਿਚ ਸਭ ਤੋਂ ਵੱਧ 'ਇੰਨਟੈਗਰਿਲ ਕੋਚ' ਬੱਸਾਂ ਬਾਦਲ ਪਰਿਵਾਰ ਦੀਆਂ ਹੀ ਹਨ ਜਿਸ ਕਰਕੇ ਇੰਨਟੈਗਰਿਲ ਕੋਚ ਦਾ ਸਿਰਫ਼ 25 ਪੈਸੇ ਪ੍ਰਤੀ ਕਿਲੋਮੀਟਰ ਟੈਕਸ ਹੈ ਜਦੋਂਕਿ ਗੁਆਂਢੀ ਸੂਬੇ ਹਰਿਆਣਾ ਵਿਚ ਇੰਨਟੈਗਰਿਲ ਕੋਚ ਦਾ ਟੈਕਸ ਪ੍ਰਤੀ ਕਿਲੋਮੀਟਰ ਕਰੀਬ 16.45 ਰੁਪਏ ਹੈ। ਹੋਰ ਸੂਬਿਆਂ ਵਿਚ ਵੀ ਇਨ੍ਹਾਂ ਬੱਸਾਂ ਦਾ ਟੈਕਸ ਪੰਜਾਬ ਨਾਲੋਂ ਕਈ ਗੁਣਾ ਜ਼ਿਆਦਾ ਹੈ। ਸੂਤਰ ਦੱਸਦੇ ਹਨ ਕਿ ਚੰਡੀਗੜ੍ਹ ਵਿਚ ਕੇਵਲ 70 ਇੰਨਟੈਗਰਿਲ ਕੋਚ ਬੱਸਾਂ ਨੂੰ ਦਾਖਲ ਹੋਣ ਦੀ ਇਜਾਜ਼ਤ ਹੈ ਜਿਸ ਵਿਚੋਂ 50 ਫੀਸਦੀ ਬੱਸਾਂ ਬਾਦਲ ਪਰਿਵਾਰ ਦੀਆਂ ਹਨ।

# ਪੰਜਾਬ 'ਚ ਲੜਕਿਆਂ ਦੀ ਘਟ ਰਹੀ ਗਿਣਤੀ ਚਿੰਤਾ ਦਾ ਵਿਸ਼ਾ: ਰਾਸ਼ਟਰਪਤੀ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਵਿਚ ਲੜਕੀਆਂ ਦੀ ਘਟ ਰਹੀ ਗਿਣਤੀ ਨੂੰ ਚਿੰਤਾਜਨਕ ਦੱਸਦਿਆਂ ਰਾਸ਼ਟਰਪਤੀ ਪ੍ਰਤਿਭਾ ਦੇਵੀ ਸਿੰਘ ਪਾਟਿਲ ਨੇ ਕਿਹਾ ਹੈ ਕਿ ਜੇ ਇਸ ਪ੍ਰਵਿਰਤੀ ਨੂੰ ਨਾ ਰੋਕਿਆ ਤਾਂ ਇਸ ਦਾ ਸਮਾਜ 'ਤੇ ਬੁਰਾ ਤੇ ਖ਼ਤਰਨਾਕ ਪ੍ਰਭਾਵ ਪਵੇਗਾ। ਉਨ੍ਹਾਂ ਰਾਜਾ ਰਾਮ ਮੋਹਨ ਰਾਏ ਦੀ ਉਦਾਹਰਨ ਦਿੰਦਿਆਂ ਬੱਚੀਆਂ ਨੂੰ ਬਚਾਉਣ ਲਈ ਪੁਰਸ਼ਾਂ ਨੂੰ ਅੱਗੇ ਆਉਣ ਦੀ ਅਪੀਲ ਕੀਤੀ। ਉਹ 17 ਮਾਰਚ ਨੂੰ ਪੰਜਾਬ ਯੂਨੀਵਰਸਿਟੀ ਵਿਚ ਡਾਕਟਰ ਵਿਸ਼ਵਾਨਾਥ ਤਿਵਾੜੀ ਯਾਦਗਾਰੀ ਭਾਸ਼ਣ ਦੇ ਰਹੇ ਸਨ। ਯੂਨੀਵਰਸਿਟੀ ਦੇ ਆਡੀਟੋਰੀਅਮ ਵਿਚ ਕਰਵਾਏ ਇਸ ਭਾਸ਼ਣ ਦਾ ਵਿਸ਼ਾ 'ਔਰਤ ਦਾ ਸਮਾਜ ਤੇ ਦੇਸ਼ ਦੇ ਵਿਕਾਸ ਵਿਚ ਯੋਗਦਾਨ' ਰੱਖਿਆ ਗਿਆ ਸੀ।



ਉਨ੍ਹਾਂ ਕਿਹਾ ਕਿ ਲਿੰਗ ਸੰਤੁਲਨ ਮਹਿਲਾ ਬਨਾਮ ਪੁਰਸ਼ ਪ੍ਰੋਗਰਾਮ ਨਹੀਂ ਹੈ ਬਲਕਿ ਪੁਰਸ਼ਾਂ ਨੂੰ ਔਰਤਾਂ ਦੇ ਵੱਧ ਅਧਿਕਾਰਾਂ ਲਈ ਅੱਗੇ ਹੋ ਕੇ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੁਰਸ਼ ਨੂੰ ਔਰਤ ਨੂੰ ਆਪਣੇ ਬਰਾਬਰ ਨਹੀਂ ਸਗੋਂ ਆਪਣੇ ਤੋਂ ਉੱਚੀ ਮੰਨਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਰਾਜਾ ਰਾਮ ਮੋਹਨ ਰਾਏ, ਸਵਾਮੀ ਦਇਆ ਨੰਦ ਤੇ ਜਯੋਤੀ ਰਾਏ ਫੂਲੇ ਨੇ ਔਰਤਾਂ ਵਾਸਤੇ ਲੜਾਈ ਅੱਗੇ ਹੋ ਕੇ ਲੜੀ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਅਜਿਹੇ ਮਹੱਤਵਪੂਰਨ ਨਜ਼ਰੀਏ ਨਾਲ ਇਕ ਮਜ਼ਬੂਤ ਸਮਾਜ ਦੀ ਨੀਂਹ ਰੱਖੀ ਜਾ ਸਕਦੀ ਹੈ ਤੇ ਇਸ ਲਈ ਔਰਤਾਂ ਵਾਸਤੇ ਪ੍ਰਗਤੀਸ਼ੀਲ ਪ੍ਰੋਗਰਾਮ ਉਲੀਕਣ ਦੀ ਲੋੜ ਹੈ।

ਉਨ੍ਹਾਂ ਕਿਹਾ ਕਿ ਔਰਤਾਂ ਦੇਸ਼ ਦੀ ਕੁੱਲ ਆਬਾਦੀ ਦਾ ਅੱਧਾ ਹਿੱਸਾ ਹਨ ਤੇ ਇਨ੍ਹਾਂ ਦੀ ਹਿੱਸੇਦਾਰੀ ਵਧਾਉਣ ਨਾਲ ਰਾਸ਼ਟਰ ਦੀ ਪ੍ਰਗਤੀ ਦੁੱਗਣੀ ਹੋ ਸਕਦੀ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਭਾਵੇਂ ਸਾਡੇ ਦੇਸ਼ ਦੀ ਰਾਸ਼ਟਰਪਤੀ, ਲੋਕ ਸਭਾ ਦੀ ਸਪੀਕਰ ਤੇ ਵਿਰੋਧੀ ਧਿਰ ਦੀ ਨੇਤਾ ਸਮੇਤ ਪ੍ਰਗਤੀਸ਼ੀਲ ਮੋਰਚੇ ਦੀ ਮੁਖੀ ਮਹਿਲਾ ਹੈ ਪਰ ਹੇਠਲੇ ਪੱਧਰ ਤੱਕ ਔਰਤ ਨੂੰ ਹੋਰ ਅਧਿਕਾਰ ਦੇਣ ਤੇ ਸ਼ਕਤੀਸ਼ਾਲੀ ਬਣਾਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਇਹ ਦੇਖਣ ਵਿਚ ਆਇਆ ਹੈ ਕਿ ਜਿਨ੍ਹਾਂ ਪਰਿਵਾਰਾਂ ਵਿਚ ਔਰਤ ਨੂੰ ਵਧੇਰੇ ਸਹਿਯੋਗ ਮਿਲਿਆ ਹੈ ਉਨ੍ਹਾਂ ਪਰਿਵਾਰਾਂ ਦੀਆਂ ਔਰਤਾਂ ਮਾਂ, ਭੈਣ ਤੇ ਪਤਨੀ ਸਮੇਤ ਸਾਰੀਆਂ ਜ਼ਿੰਮੇਵਾਰੀਆਂ ਬਿਹਤਰ ਢੰਗ ਨਾਲ ਨਿਭਾਅ ਸਕੀਆਂ ਹਨ। ਰਾਸ਼ਟਰਪਤੀ ਨੇ ਭਰੂਣ ਹੱਤਿਆ, ਬਾਲ ਵਿਆਹ, ਦਾਜ ਤੇ ਪੱਖਪਾਤ ਵਿਰੁੱਧ ਡਟਣ ਦਾ ਸੱਦਾ ਦਿੱਤਾ। ਆਪਣੇ ਭਾਸ਼ਣ ਦੇ ਸ਼ੁਰੂ ਵਿਚ ਉਨ੍ਹਾਂ ਡਾ. ਤਿਵਾੜੀ ਦੀ ਸਾਹਿਤ ਤੇ ਸਿਆਸਤ ਦੇ ਖੇਤਰ ਵਿਚ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ।

ਇਸ ਤੋਂ ਪਹਿਲਾਂ ਸਮਾਗਮ ਦੇ ਸ਼ੁਰੂ ਵਿਚ ਲੁਧਿਆਣਾ ਤੋਂ ਸੰਸਦ ਮੈਂਬਰ ਤੇ ਮਰਹੂਮ ਤਿਵਾੜੀ ਦੇ ਪੁੱਤਰ ਮੁਨੀਸ਼ ਤਿਵਾੜੀ ਨੇ ਸੁਆਗਤੀ ਸ਼ਬਦ ਕਹੇ ਤੇ ਪੰਜਾਬ ਯੂਨੀਵਰਸਿਟੀ ਵੱਲੋਂ ਆਪਣੇ ਪਿਤਾ ਦੀ ਯਾਦ ਵਿਚ ਸਾਲਾਨਾ ਲੜੀ ਜਾਰੀ ਰੱਖਣ ਦਾ ਧੰਨਵਾਦ ਕੀਤਾ।

## ਸੰਜੇ ਸ਼ਰਮਾ ਬਣੇ ਵਰਮੌਂਟ ਸਕੂਲ ਆਫ ਬਿਜ਼ਨਸ ਦੇ ਡੀਨ

**ਹੌਸਟਨ:** ਕੌਨਕੋਰਡੀਆ ਯੂਨੀਵਰਸਿਟੀ ਵਿਚ ਜੌਹਨ ਮੋਲਸਨ ਸਕੂਲ ਦੇ ਡੀਨ ਭਾਰਤੀ ਮੂਲ ਦੇ ਅਮਰੀਕਨ ਪ੍ਰੋ. ਸੰਜੇ ਸ਼ਰਮਾ ਨੂੰ ਵਰਮੌਂਟ ਯੂਨੀਵਰਸਿਟੀ ਦੇ ਸਕੂਲ ਆਫ ਬਿਜ਼ਨਸ ਐਡਮਨਿਸਟਰੇਸ਼ਨ ਦਾ ਡੀਨ ਨਿਯੁਕਤ ਕੀਤਾ ਗਿਆ ਹੈ।

ਕੈਨੇਡਾ ਦੀ 6ਵੀਂ ਵੱਡੀ ਯੂਨੀਵਰਸਿਟੀ ਜੇ.ਐਮ.ਐਸ.ਬੀ. ਵਿਚ ਉਨ੍ਹਾਂ ਦੀ ਅਗਵਾਈ 'ਚ ਬਿਜ਼ਨਸ ਸਕੂਲ ਨੇ ਵਿਸ਼ਵ ਪੱਧਰ 'ਤੇ ਨਾਂਮਣਾ ਖੱਟਿਆ ਹੈ। ਉਨ੍ਹਾਂ ਆਪਣਾ ਸਿੱਖਿਆ ਸ਼ਾਸਤਰੀ ਵਜੋਂ ਕਾਰਜਕਾਰ ਸੇਂਟ ਮੈਰੀਜ਼ ਯੂਨੀਵਰਸਿਟੀ ਆਫ ਹੈਲੀਫੈਕਸ ਤੋਂ ਸ਼ੁਰੂ ਕੀਤਾ। ਉਨ੍ਹਾਂ ਆਪਣੀ ਐਮ.ਬੀ.ਏ. ਦੀ ਡਿਗਰੀ 1976 ਵਿਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਹਾਸਲ ਕੀਤੀ ਤੇ ਡਾਕਟਰੇਟ ਆਫ ਮੈਨੇਜਮੈਂਟ ਯੂਨੀਵਰਸਿਟੀ ਆਫ ਕੈਲਗਿਰੀ ਤੋਂ 1996 ਵਿਚ ਹਾਸਲ ਕੀਤੀ।

## ਕੇਂਦਰ ਨੇ ਹਿਮਾਚਲ ਦੀ ਮੰਗ ਵਿਰੁੱਧ ਪੰਜਾਬ ਦਾ ਪੱਖ ਪੂਰਿਆ

**ਨਵੀਂ ਦਿੱਲੀ :** ਕੇਂਦਰ ਨੇ ਵੀ ਪੰਜਾਬ ਸਰਕਾਰ ਦਾ ਪੱਖ ਪੂਰਦਿਆ ਸੁਪਰੀਮ ਕੋਰਟ 'ਚ ਇਕ ਹੋ ਕੇ ਕਿਹਾ ਕਿ ਭਾਖੜਾ ਤੇ ਬਿਆਸ ਮੈਨੇਜਮੈਂਟ ਹਾਈਡਰੋ ਪਾਵਰ ਪ੍ਰਾਜੈਕਟਾਂ ਤੋਂ ਬਿਜਲੀ ਦਾ ਵਧੀਕ ਹਿੱਸਾ ਹਿਮਾਚਲ ਪ੍ਰਦੇਸ਼ ਨੂੰ ਨਹੀਂ ਦਿੱਤਾ ਜਾ ਸਕਦਾ। ਹਾਲਾਂਕਿ ਸਰਵਉੱਚ ਅਦਾਲਤ ਦਾ ਇਹ ਮੰਨਣਾ ਸੀ ਕਿ ਸੰਘੀ ਢਾਂਚੇ ਅਧੀਨ ਵੱਡੇ ਰਾਜਾਂ ਨੂੰ ਛੋਟੇ ਰਾਜਾਂ ਦੇ ਹਿੱਤਾਂ ਨੂੰ ਅਣਡਿੱਠ ਨਹੀਂ ਕਰਨਾ ਚਾਹੀਦਾ।

ਜਸਟਿਸ ਆਰ.ਵੀ. ਰਵਿੰਦਰਨ ਤੇ ਏ.ਕੇ. ਪਟਨਾਇਕ 'ਤੇ ਆਧਾਰਤ ਬੈਂਚ ਨੇ 17 ਮਾਰਚ ਨੂੰ ਕਿਹਾ ਕਿ ਸੰਘੀ ਢਾਂਚੇ ਵਿਚ ਜਦੋਂ ਵਿਵਾਦ ਛੋਟੇ ਰਾਜ ਵੱਲੋਂ ਉਠਾਇਆ ਗਿਆ ਹੋਵੇ, ਦਾ ਕੇਂਦਰ ਸਰਕਾਰ 'ਤੇ ਪ੍ਰਭਾਵ ਪਾਉਣ ਲਈ ਵੱਡੇ ਰਾਜ ਦੀ ਪ੍ਰੇਰਨ ਦੀ ਸਮਰੱਥਾ ਦੇ ਚੱਲਦਿਆਂ ਛੋਟੇ ਰਾਜਾਂ ਦੇ ਹੱਕਾਂ ਨੂੰ ਅਣਡਿੱਠ ਨਹੀਂ ਕੀਤਾ ਜਾਣਾ ਚਾਹੀਦਾ ਕਿਉਂਕਿ ਇਸ ਨਾਲ ਲੋਕਤੰਤਰ ਤੇ ਸੰਘੀ ਢਾਂਚੇ ਨੂੰ ਢਾਹ ਲੱਗਦੀ ਹੈ। ਕੇਂਦਰ ਵੱਲੋਂ ਵਧੀਕ ਸਾਲਿਸਟਰ ਜਨਰਲ ਮੋਹਨ ਜੈਨ ਪੇਸ਼ ਹੋਏ। ਪੰਜਾਬ ਲਈ ਸੀਨੀਅਰ ਵਕੀਲ ਸ਼ਿਆਮ ਦੀਵਾਨ ਅਦਾਲਤ 'ਚ ਹਾਜ਼ਰ ਸਨ।

# ਜਾਰਜੀਆ 'ਚ ਪੰਜਾਬੀ ਮੁੰਡੇ-ਕੁੜੀਆਂ ਸ਼ੋਸ਼ਣ ਦਾ ਸ਼ਿਕਾਰ

- ਲੜਕੀਆਂ ਨੂੰ ਕੀਤਾ ਜਾ ਰਿਹਾ ਹੈ ਗਲਤ ਕੰਮਾਂ ਲਈ ਮਜਬੂਰ
- ਟਰੈਵਲ ਏਜੰਟਾਂ ਨੇ ਲੱਖਾਂ ਰੁਪਏ ਲੁੱਟੇ

**ਚੰਡੀਗੜ੍ਹ:** ਬੇਰੁਜ਼ਗਾਰੀ ਦੇ ਸਤਾਏ ਵਿਦੇਸ਼ਾਂ ਵੱਲ ਦੌੜੇ ਪੰਜਾਬੀ ਨੌਜਵਾਨਾਂ ਨਾਲ ਬਗਾਨੇ ਮੁਲਕ 'ਚ ਜਾਨਵਰਾਂ ਨਾਲੋਂ ਵੀ ਮਾੜਾ ਵਤੀਰਾ ਹੋ ਰਿਹਾ ਹੈ। ਅਰਬ ਮੁਲਕਾਂ 'ਚ ਲਗਾਤਾਰ ਸ਼ੋਸ਼ਣ ਦੀਆਂ ਖ਼ਬਰਾਂ ਤੋਂ ਬਾਅਦ ਹੁਣ ਜਾਰਜੀਆ 'ਚ ਪੰਜਾਬੀਆਂ ਦੇ ਰੁਲਣ ਦਾ ਮਾਮਲਾ ਸਾਹਮਣੇ ਆਇਆ ਹੈ। ਜਾਰਜੀਆ 'ਚ ਫਸੀਆਂ ਦੋ ਔਰਤਾਂ ਦਲਵਿੰਦਰ ਕੌਰ ਪਤਨੀ ਪਰਵਿੰਦਰ ਸਿੰਘ, ਰਾਜਵਿੰਦਰ ਕੌਰ ਪਤਨੀ ਰਾਜ ਕੁਮਾਰ ਨੇ ਲੋਕ ਭਲਾਈ ਪਾਰਟੀ ਨੂੰ ਭੇਜੀ ਈ-ਮੇਲ ਰਾਹੀਂ ਦੱਸਿਆ ਹੈ ਕਿ ਜਾਰਜੀਆ 'ਚ ਪੰਜਾਬ ਦੇ ਏਜੰਟਾਂ ਦੇ ਬੰਦੇ ਲੜਕੀਆਂ ਨੂੰ ਗਲਤ ਕੰਮਾਂ ਲਈ ਉਕਸਾ ਰਹੇ ਹਨ।

ਇਨ੍ਹਾਂ ਮੁੰਡੇ-ਕੁੜੀਆਂ ਨੂੰ ਟਰੈਵਲ ਏਜੰਟਾਂ ਵੱਲੋਂ ਵਿਦੇਸ਼ਾਂ ਵਿਚ ਉੱਚ ਵਿੱਦਿਆ ਪ੍ਰਾਪਤ ਕਰਾਉਣ ਦੇ ਸਬਜ਼ਬਾਗ ਦਿਖਾ ਕੇ ਲੁੱਟਿਆ ਗਿਆ ਹੈ। ਜਾਰਜੀਆ ਤੋਂ ਪਰਤੇ ਰਜਿੰਦਰ ਸਿੰਘ ਵਾਸੀ ਚਚਰਾੜੀ (ਲੁਧਿਆਣਾ), ਗੁਰਪ੍ਰੀਤ ਸਿੰਘ ਵਾਸੀ ਬਿਲਾਸਪੁਰ (ਮੋਗਾ), ਜਸਵੀਰ ਕੌਰ ਵਾਸੀ ਭੋਤਨਾ (ਬਰਨਾਲਾ), ਪ੍ਰਭਜੋਤ ਸਿੰਘ ਵਾਸੀ ਰਾਜਪੁਰਾ ਨੇ ਦੱਸਿਆ ਕਿ ਉਨ੍ਹਾਂ ਵਰਗੇ ਸੈਂਕੜੇ ਮੁੰਡੇ-ਕੁੜੀਆਂ ਨੂੰ ਚੰਡੀਗੜ੍ਹ ਤੇ ਮੁਹਾਲੀ ਦੀਆਂ ਕੰਸਲਟੈਂਸੀਆਂ ਨੇ ਲੱਖਾਂ ਰੁਪਏ ਲੈ ਕੇ ਪੜ੍ਹਾਈ ਦੇ ਨਾਂ 'ਤੇ ਜਾਰਜੀਆ ਭੇਜਿਆ ਸੀ। ਇੱਥੇ ਹੁਣ ਹਾਲਾਤ ਇਹ ਹਨ ਕਿ ਨਕਲੀ ਪੀ.ਆਰ (ਪੱਕੀ ਰਿਹਾਇਸ਼), ਲੜਾਈ-ਝਗੜਿਆਂ ਕਰਕੇ ਓਵਰਸਟੇਅ ਹੋ ਚੁੱਕੇ ਮੁੰਡੇ-ਕੁੜੀਆਂ ਕੋਲ ਵੀਜ਼ਾ ਨਹੀਂ ਹੈ ਤੇ ਉਹ ਮਹਿੰਗੇ ਕਿਰਾਏ ਦੇ ਕਮਰਿਆਂ ਵਿਚ ਜਾਂ ਲੁਕ ਕੇ ਦਿਨ ਕਟੀ ਕਰ ਰਹੇ ਹਨ ਤੇ ਕੁਝ ਜੇਲ੍ਹਾਂ ਵਿਚ ਬੰਦ ਹਨ। ਜਾਰਜੀਆ ਸਰਕਾਰ ਵੱਲੋਂ ਵੀ ਇਨ੍ਹਾਂ ਨੂੰ ਆਰਜ਼ੀ ਰਿਹਾਇਸ਼ ਨਹੀਂ ਦਿੱਤੀ ਜਾ ਰਹੀ। ਉਕਤ ਸਾਰਿਆਂ ਦਾ ਕਹਿਣਾ ਹੈ ਕਿ ਟਰੈਵਲ ਏਜੰਟ ਮੁੰਡੇ-ਕੁੜੀਆਂ ਨੂੰ ਜਾਰਜੀਆ ਵਿਚ ਪੜ੍ਹਨ ਲਈ ਘੱਟ, ਉੱਥੇ ਪਹੁੰਚਾ ਕੇ ਦੂਜੇ ਦੇਸ਼ਾਂ ਪੋਲੈਂਡ, ਗਰੀਸ ਭੇਜਣ ਦਾ ਸਬਜ਼ਬਾਗ ਦਿਖਾਉਂਦੇ ਹਨ ਜਿਸ ਦੌਰਾਨ ਕਈ ਤਾਂ ਲੰਘ ਜਾਂਦੇ ਹਨ ਪਰ ਬਹੁਤੇ ਡੁੱਬ ਜਾਂਦੇ ਹਨ।

ਉਨ੍ਹਾਂ ਦੱਸਿਆ ਕਿ ਜਾਰਜੀਆ ਤੋਂ ਗਰੀਸ ਭੇਜਣ ਲਈ ਦੋ ਨੰਬਰ ਦੀ ਡੌਂਕੀ ਲਵਾਈ ਜਾਂਦੀ ਹੈ ਤੇ ਤੁਰਕੀ ਬਾਰਡਰ ਤੇ ਫੜੇ ਜਾਣ ਦੀ ਸੂਰਤ ਵਿਚ ਪਾਕਿਸਤਾਨ ਧੱਕ ਦਿੱਤਾ ਜਾਂਦਾ ਹੈ। ਕਈ ਮੁੰਡੇ ਕੁੜੀਆਂ ਤਾਂ ਖ਼ਤਰਨਾਕ ਰਸਤਿਆਂ ਕਾਰਨ ਮੌਤ ਦੇ ਮੂੰਹ ਜਾ ਰਹੇ ਹਨ। ਇਨ੍ਹਾਂ ਲੜਕਿਆਂ ਨੇ ਦੱਸਿਆ ਕਿ ਜਾਰਜੀਆ ਦੀ ਇੰਮੀ ਯੂਨੀਵਰਸਿਟੀ ਦੇ ਡਾਇਰੈਕਟਰ ਜਿਊਰਗੀ ਤੇ ਮੈਡਮ ਮਰੀਨਾ ਨੇ 32 ਲੜਕਿਆਂ ਤੋਂ ਪ੍ਰਤੀ ਵਿਅਕਤੀ ਪੰਜ ਹਜ਼ਾਰ ਅਮਰੀਕੀ ਡਾਲਰ ਪੋਲੈਂਡ ਦੇਸ਼ ਭੇਜਣ ਦੇ ਨਾਂ 'ਤੇ ਲਏ ਹਨ ਪਰ ਇਨ੍ਹਾਂ ਨੂੰ ਅੱਗੇ ਭੇਜਣ ਦੀ ਬਜਾਏ ਝਾਂਸੇ ਤੇ ਲਾਰੇ ਲਗਾਏ ਜਾ ਰਹੇ ਹਨ। ਵਿਰੋਧ ਕਰਨ ਵਾਲਿਆਂ ਨੂੰ ਵੀਜ਼ਾ ਖ਼ਤਮ ਹੋਣ ਤੇ ਟੀ.ਆਰ ਨਾ ਹੋਣ ਕਾਰਨ ਯੂਨੀਵਰਸਿਟੀ ਵੱਲੋਂ ਡਿਪੋਰਟ ਕਰਨ ਤੇ ਜੇਲ੍ਹਾਂ ਅੰਦਰ ਬੰਦ ਕਰਨ ਦੀ ਧਮਕੀ ਦਿੱਤੀ ਜਾ ਰਹੀ ਹੈ। ਜਸਵੀਰ ਕੌਰ ਨੇ ਦੱਸਿਆ ਕਿ ਉਹ ਏਜੰਟ ਨੂੰ ਚਾਰ ਲੱਖ ਰੁਪਏ ਦੇ ਕੇ ਚੰਡੀਗੜ੍ਹ ਦੀ ਕੰਸਲਟੈਂਸੀ ਰਾਹੀਂ ਜਾਰਜੀਆ ਗਈ ਸੀ ਤੇ ਤਿੰਨ ਮਹੀਨੇ ਦੀ ਐਂਟਰੀ ਸਮਾਪਤ ਹੋਣ ਉਪਰੰਤ ਟੀ.ਆਰ. ਨਾ ਮਿਲਣ ਕਰਕੇ 100 ਅਮਰੀਕੀ ਡਾਲਰ ਦਾ ਹਰਜਾਨਾ ਭਰਕੇ ਵਾਪਸ ਭਾਰਤ ਆਈ ਹੈ। ਇਨ੍ਹਾਂ ਲੜਕਿਆਂ ਤੇ ਲੜਕੀ ਨੇ ਦੱਸਿਆ ਕਿ ਜਦੋਂ ਉਹ ਟਰੈਵਲ ਏਜੰਟਾਂ ਕੋਲ ਗੱਲਬਾਤ ਕਰਨ ਲਈ ਚੰਡੀਗੜ੍ਹ ਜਾਂ ਮੁਹਾਲੀ ਜਾਂਦੇ ਤਾਂ ਉੱਥੋਂ ਦੇ ਏਜੰਟ ਕੁੱਤੇ ਮਗਰ ਛੱਡ ਦਿੰਦੇ ਹਨ ਜਾਂ ਫਿਰ ਮੌਕੇ 'ਤੇ ਪੁਲੀਸ ਪਾਰਟੀ ਬੁਲਾ ਕੇ ਉਲਟਾ ਉਨ੍ਹਾਂ ਨੂੰ ਫੜਵਾਉਣ ਜਾਂ ਕੇਸ ਦਰਜ ਕਰਾਉਣ ਦੀ ਧਮਕੀ ਦਿੰਦੇ ਹਨ।

ਇਸ ਬਾਰੇ ਸ. ਮੁੱਲਾਂਪੁਰੀ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਪ੍ਰਸ਼ਾਸਨ ਲੜਕੇ ਲੜਕੀਆਂ ਦੀ ਵਿਦੇਸ਼ ਭੇਜਣ ਦੇ ਨਾਂ 'ਤੇ ਹੋ ਰਹੀ ਆਰਥਿਕ ਲੁੱਟ ਤੇ ਮਾਨਸਿਕ ਸ਼ੋਸ਼ਣ ਵੱਲ ਕੋਈ ਧਿਆਨ ਨਹੀਂ ਹੈ। ਸ. ਮੁੱਲਾਂਪੁਰੀ ਨੇ ਕਿਹਾ ਕਿ ਇਸ ਕਾਲੇ ਧੰਦੇ ਨੂੰ ਬੰਦ ਕਰਾਉਣ ਤੇ ਕਾਨੂੰਨੀ ਦਾਇਰੇ ਅੰਦਰ ਲਿਆਉਣ ਲਈ ਲੋਕ ਭਲਾਈ ਪਾਰਟੀ ਦੇ ਆਗੂ ਪੀੜਤ ਲੜਕੇ-ਲੜਕੀਆਂ ਨੂੰ ਲੈ ਕੇ ਪੰਜਾਬ ਦੇ ਰਾਜਪਾਲ ਸ਼ਿਵਰਾਜ ਪਾਟਿਲ ਨੂੰ ਮਿਲਣਗੇ ਤੇ ਸਰਕਾਰ ਦਾ ਧਿਆਨ ਖਿੱਚਣ ਲਈ ਚੰਡੀਗੜ੍ਹ ਦੇ ਮਟਕਾ ਚੌਕ ਵਿਖੇ ਧਰਨਾ ਵੀ ਦਿੱਤਾ ਜਾਵੇਗਾ।

# ਭਗਵੰਤ ਮਾਨ ਵੀ ਪੰਜਾਬ ਨੂੰ ਜਗਾਉਣ ਤੁਰਿਆ

**ਚੰਡੀਗੜ੍ਹ:** ਰਾਜਸੀ ਪਾਰਟੀਆਂ ਤੇ ਸਿਆਸੀ ਮਾਹਿਰ ਭਾਵੇਂ ਅਜੇ ਸਾਬਕਾ ਖ਼ਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੂੰ ਕੋਈ ਵੱਡੀ ਧਿਰ ਨਹੀਂ ਮੰਨ ਰਹੇ ਪਰ ਉਸ ਵੱਲੋਂ ਸ਼ੁਰੂ ਕੀਤੀ 'ਜਾਗੋ ਯਾਤਰਾ' ਦਾ ਕਾਫ਼ਲਾ ਨਿੱਤ ਵੱਡਾ ਹੁੰਦਾ ਜਾ ਰਿਹਾ ਹੈ। ਕਈ ਸ਼ਹੀਦਾਂ ਦੇ ਪਰਿਵਾਰਾਂ ਤੇ ਵਿਦਵਾਨਾਂ ਤੋਂ ਬਾਅਦ ਹੁਣ ਕਲਾਕਾਰਾਂ ਨੇ ਵੀ ਮਨਪ੍ਰੀਤ ਨਾਲ ਖੜ੍ਹੇ ਹੋਣ ਦਾ ਫ਼ੈਸਲਾ ਕੀਤਾ ਹੈ। ਇਥੇ ਇਕ ਪ੍ਰੈਸ ਕਾਨਫਰੰਸ ਵਿਚ ਪ੍ਰਸਿੱਧ ਕਾਮੇਡੀਅਨ ਭਗਵੰਤ ਮਾਨ, ਸ਼੍ਰੋਮਣੀ ਅਕਾਲੀ ਦਲ ਯੂਥ ਵਿੰਗ ਦੇ ਜਨਰਲ ਸਕੱਤਰ ਜਸਵੀਰ ਸਿੰਘ ਜੱਸੀ ਸੇਖੋਂ ਤੇ ਹੋਰ ਅਕਾਲੀ ਆਗੂਆਂ ਨੇ ਜਾਗੋ ਮੁਹਿੰਮ 'ਚ ਸ਼ਾਮਲ ਹੋਣ ਦਾ ਐਲਾਨ ਕੀਤਾ। ਭਗਵੰਤ ਮਾਨ ਨੇ ਸਰਗਰਮ ਰਾਜਨੀਤੀ ਵਿਚ ਉਤਰਨ ਦਾ ਮਨ ਬਣਾ ਲਿਆ ਹੈ। ਮਾਨ ਨੇ ਕਿਹਾ ਕਿ ਪੰਜਾਬ ਦੀ ਰਾਜਨੀਤੀ ਦੀ ਜੋ ਮੌਜੂਦਾ ਹਾਲਤ ਹੈ ਉਸ ਨੂੰ ਦੇਖਦਿਆਂ ਸਪਸ਼ਟ ਹੈ ਕਿ ਬੁੱਧੀਜੀਵੀ ਵਰਗ ਨੂੰ ਮੈਦਾਨ ਵਿਚ ਆਉਣਾ ਹੀ ਪੈਣਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਨੂੰ ਆਜ਼ਾਦ ਕਰਾਉਣ ਵਾਲੇ ਜਿਨ੍ਹਾਂ ਪਰਵਾਨਿਆਂ ਨੇ ਆਪਣਾ ਬਲੀਦਾਨ ਦਿੱਤਾ, ਉਨ੍ਹਾਂ ਦੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਸਿਰਫ਼ ਕਿਤਾਬਾਂ ਲਿਖਣ, ਗੀਤ ਗਾਉਣ, ਹਸਾਉਣ ਜਾਂ ਫਿਰ ਫਿਲਮਾਂ ਵਿਚ ਭੂਮਿਕਾ ਨਿਭਾਉਣ ਨਾਲ ਹੀ ਕੰਮ ਨਹੀਂ ਚੱਲਣਾ।



*ਭਗਵੰਤ ਮਾਨ ਪ੍ਰੈਸ ਕਾਨਫਰੰਸ ਤੋਂ ਬਾਅਦ ਮਨਪ੍ਰੀਤ ਬਾਦਲ ਨਾਲ*

ਇਸ ਮੌਕੇ ਮਨਪ੍ਰੀਤ ਸਿੰਘ ਬਾਦਲ ਨੇ ਐਲਾਨ ਕੀਤਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਵਿਚ ਉਹ ਸਿੱਖ ਹੋਣ ਦੇ ਨਾਂ 'ਤੇ ਸਾਫ-ਸੁਥਰੇ ਅਕਸ ਵਾਲੇ ਉਮੀਦਵਾਰਾਂ ਦੀ ਮਦਦ ਕਰਨਗੇ। ਉਨ੍ਹਾਂ ਕਿਹਾ ਕਿ 27 ਮਾਰਚ ਨੂੰ ਐਲਾਨੀ ਜਾਣ ਵਾਲੀ ਪਾਰਟੀ ਦਾ ਖਾਸਾ ਧਰਮ ਨਿਰਪੱਖ ਤੇ ਰਾਸ਼ਟਰਵਾਦੀ ਹੋਵੇਗਾ। ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਸ਼ਮੂਲੀਅਤ ਨਹੀਂ ਕੀਤੀ ਜਾਵੇਗੀ ਪਰ ਚੰਗੇ ਉਮੀਦਵਾਰਾਂ ਦੀ ਹਮਾਇਤ ਕਰਾਂਗੇ। ਸ੍ਰੀ ਬਾਦਲ ਨੇ ਕਿਹਾ ਕਿ ਨਵੀ ਪਾਰਟੀ ਦੇ ਗਠਨ ਤੋਂ ਬਾਅਦ ਕਾਨੂੰਨੀ ਤੌਰ 'ਤੇ ਉਹ ਵਿਧਾਇਕ ਰਹਿ ਸਕਦੇ ਹਨ ਤੇ ਰਹਿਣਗੇ। ਉਨ੍ਹਾਂ ਕਿਹਾ ਕਿ ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ ਵਿਚ ਉਹ ਇਸ ਕਰਕੇ ਨਹੀਂ ਆਏ ਕਿਉਂਕਿ ਵਿਧਾਨ ਸਭਾ ਵਿਚ ਵੱਖਰੀ ਸੀਟ ਨਹੀਂ ਦਿੱਤੀ ਗਈ ਤੇ ਅਕਾਲੀ ਦਲ ਦੇ ਮੈਂਬਰ ਵਜੋਂ ਹੀ ਮਾਨਤਾ ਦਿੱਤੀ ਗਈ। ਅਜਿਹੀ ਹਾਲਤ ਵਿਚ ਗਵਰਨਰ ਦੇ ਭਾਸ਼ਨ ਜਾਂ ਬਜਟ 'ਤੇ ਉਨ੍ਹਾਂ ਨੂੰ ਕਿਸੇ ਨੇ ਬੋਲਣ ਨਹੀਂ ਸੀ ਦੇਣਾ। ਸਾਬਕਾ ਵਿੱਤ ਮੰਤਰੀ ਨੇ ਸਾਫ ਕੀਤਾ ਕਿ ਪਾਰਟੀ ਨੂੰ ਉਨ੍ਹਾਂ ਛੱਡਿਆ ਨਹੀਂ ਬਲਕਿ ਇਸ ਵਿਚੋਂ ਕੱਢਿਆ ਗਿਆ ਸੀ।

ਸਾਬਕਾ ਵਿੱਤ ਮੰਤਰੀ ਨੇ ਕਿਹਾ ਕਿ ਪੰਜਾਬ ਨੂੰ ਸਿਆਸਤਦਾਨਾਂ ਦੇ ਜ਼ਿਆਦਾ ਖ਼ਰਾਬ ਕੀਤਾ ਹੈ ਕਿਉਂਕਿ ਅਗਵਾਈ ਤਾਂ ਰਾਜਸੀ ਆਗੂ ਹੀ ਕਰਦੇ ਹਨ ਅਫ਼ਸਰ ਨਹੀਂ। ਸ਼੍ਰੋਮਣੀ ਅਕਾਲੀ ਦਲ ਵੱਲੋਂ ਵਿੱਤੀ ਖ਼ੁਦਮੁਖ਼ਤਾਰੀ ਦੀ ਮੰਗ ਕਰਨ ਦੇ ਮੁੱਦੇ 'ਤੇ ਮਨਪ੍ਰੀਤ ਬਾਦਲ ਨੇ ਕਿਹਾ ਕਿ 13ਵੇਂ ਵਿੱਤ ਕਮਿਸ਼ਨ ਦੀਆਂ ਮੀਟਿੰਗਾਂ ਵਿਚ ਪੰਜਾਬ ਸਮੇਤ ਸਾਰੇ ਸੂਬੇ ਜਿਨ੍ਹਾਂ ਵਿਚ ਕਾਂਗਰਸ ਪਾਰਟੀ ਦਾ ਰਾਜ ਹੈ, ਵੱਲੋਂ ਵੀ ਵਿੱਤੀ ਖ਼ੁਦਮੁਖ਼ਤਾਰੀ ਦੀ ਮੰਗ ਕੀਤੀ ਜਾਂਦੀ ਰਹੀ ਹੈ। ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਦੀ ਜਨਤਾ ਨੇ ਸਾਥ ਦਿੱਤਾ ਤਾਂ ਉਹ ਸ਼ਹੀਦਾਂ ਦੇ ਸੁਪਨਿਆਂ ਵਾਲਾ ਨਿਜ਼ਾਮ ਦੇਣਗੇ ਤੇ ਗੁਰਬਤ ਦੂਰ ਕਰਨਾ ਮੁੱਖ ਏਜੰਡਾ ਹੋਵੇਗਾ।

## ਪੰਜਾਬੀ ਖ਼ਿਲਾਫ਼ ਜਬਰ ਜਨਾਹ ਦਾ ਕੇਸ ਦਰਜ

**ਮੈਲਬਰਨ:** ਪਰਥ ਸ਼ਹਿਰ ਵਿਚ ਇਕ ਪੰਜਾਬੀ ਟੈਕਸੀ ਚਾਲਕ ਨੂੰ ਬਲਾਤਕਾਰ ਦੇ ਕੇਸ ਵਿਚ ਗ੍ਰਿਫ਼ਤਾਰ ਕੀਤਾ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ 24 ਸਾਲ ਦੀ ਆਸਟਰੇਲੀਆ ਔਰਤ ਨਾਲ ਬਲਾਤਕਾਰ ਕੇਸ 'ਚ ਸ਼ਾਮਲ ਪ੍ਰਭਜੀਤ ਸਿੰਘ ਗਿੱਲ ਪਹਿਲਾਂ ਵੀ ਦੋ ਵਾਰ ਔਰਤਾਂ ਨਾਲ ਸਰੀਰਕ ਛੇੜਛਾੜ ਦੇ ਕੇਸਾਂ 'ਚ ਜੇਲ੍ਹ ਜਾ ਚੁੱਕਾ ਹੈ।












# ਪਰਵਾਸ ਦੇ ਦੁਖ ਤੋਂ ਜਾਣੂ ਹਨ-ਜੱਸੀ ਖੰਗੂੜਾ

ਹਲਕਾ ਕਿਲ੍ਹਾ ਰਾਏਪੁਰ ਤੋਂ ਕਾਂਗਰਸ ਦੇ ਐਮ.ਐਲ.ਏ. ਸ. ਜਸਵੀਰ ਸਿੰਘ ਜੱਸੀ ਖੰਘੂੜਾ ਆਪ ਐਨ.ਆਰ.ਆਈ. ਹਨ ਅਤੇ ਉਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਪਰਵਾਸ ਕੀ ਚੀਜ਼ ਹੁੰਦੀ ਹੈ। ਇਸੇ ਕਰ ਕੇ ਐਨ.ਆਰ.ਆਈ. ਫਰੰਟ ਯੂ.ਐਸ.ਏ. ਵੱਲੋਂ 27 ਮਾਰਚ ਨੂੰ ਸੈਕਰਾਮੈਂਟੋ ਵਿਚ ਕਰਵਾਏ ਜਾ ਰਹੇ ਸੈਮੀਨਾਰ ਦੀ ਪ੍ਰਧਾਨਗੀ ਕਰਨ ਲਈ ਸੱਦਿਆ ਗਿਆ ਹੈ।



ਜੱਸੀ ਖੰਘੂੜਾ

ਸ. ਜਗਪਾਲ ਸਿੰਘ ਖੰਗੂੜਾ ਅਤੇ ਸਰਦਾਰਨੀ ਗੁਰਦਿਆਲ ਕੌਰ ਖੰਗੂੜਾ ਦਾ ਇਹ ਪੁੱਤਰ ਸਰਬਪੱਖੀ ਸ਼ਖ਼ਸੀਅਤ ਦਾ ਮਾਲਿਕ ਹੈ। ਸ. ਜੱਸੀ ਖੰਘੂੜਾ ਇੰਡੀਆ ਵਿਚ ਪੈਦਾ ਹੋਏ ਅਤੇ 2 ਸਾਲ ਦੀ ਉਮਰ ਵਿਚ ਹੀ ਆਪਣੇ ਮਾਤਾ-ਪਿਤਾ ਨਾਲ ਇੰਗਲੈਂਡ ਆ ਗਏ। ਉਨ੍ਹਾਂ ਦਾ ਬਚਪਨ ਅਤੇ ਸਾਰੀ ਵਿਦਿਆ ਇੰਗਲੈਂਡ ਵਿਚ ਹੀ ਪ੍ਰਵਾਨ ਚੜ੍ਹੇ। ਉਹ ਬੇਹੱਦ ਮਿੱਠੇ ਸੁਭਾਅ ਦੇ ਹਓਮੈ-ਹੰਕਾਰ ਤੋਂ ਅਣਭਿਜ ਹਨ। ਕੁਝ ਸਮਾਂ ਪਹਿਲਾਂ ਖੰਗੂੜਾ ਪਰਿਵਾਰ ਨੇ ਇੰਡੀਆ ਜਾ ਕੇ ਦੇਖਿਆ ਤਾਂ ਉਥੇ ਅੰਨ੍ਹਾ ਰਾਜਾ ਅਤੇ ਕੂੜ ਪਰਜਾ ਵਾਲੀ ਲੁੱਟ ਮੱਚੀ ਹੋਈ ਸੀ। ਸੋ ਇਨ੍ਹਾਂ ਨੇ ਜਦ ਆਪ ਉਹ ਸਾਰੀਆਂ ਤਕਲੀਫਾਂ ਵੇਖੀਆਂ ਤਾਂ ਖੰਗੂੜਾ ਪਰਿਵਾਰ ਨੇ ਪੰਜਾਬ ਜਾ ਕੇ ਕਾਂਗਰਸ ਦੀ ਟਿਕਟ 'ਤੇ ਚੋਣ ਲੜ ਕੇ ਉਹ ਕਿਲਾ ਫਤਹਿ ਕੀਤਾ ਜਿਸ ਦਾ ਨਾਮ ਵੀ ਕਿਲਾ ਰਾਏਪੁਰ ਹੀ ਹੈ। ਚੋਣ ਜਿੱਤਣ ਪਿਛੋਂ ਖੰਗੂੜਾ ਪਰਿਵਾਰ ਨੇ ਪਰਵਾਸੀ ਪਰਿਵਾਰਾਂ ਦੇ ਮਸਲੇ ਹੱਲ ਕਰਨ ਕਰਵਾਉਣ ਦਾ ਬੀੜਾ ਵੀ ਚੁਕ ਲਿਆ ਅਤੇ ਪਰਵਾਸੀ ਲਹਿਰ ਦਾ ਨੀਂਹ ਪੱਥਰ ਵੀ ਰੱਖ ਦਿੱਤਾ। ਅੱਜ-ਕੱਲ੍ਹ ਤਾਂ ਇਹ ਗੱਲ ਹੈ ਕਿ ਭਾਵੇਂ ਕੋਈ ਪੰਜਾਬ ਤੋਂ ਮੰਤਰੀ ਆਵੇ ਜਾਂ ਸੰਤਰੀ; ਉਹ ਸਾਰੇ ਹੀ ਪਰਵਾਸੀਆਂ ਦੇ ਲੀਡਰ ਬਣਨ ਨੂੰ ਤਿਆਰ ਬੈਠੇ ਹੁੰਦੇ ਹਨ। ਨਾਲ ਦੀ ਨਾਲ ਆਪੋ-ਆਪਣੇ ਰੋਣੇ ਵੀ ਰੋਂਦੇ ਹਨ, ਪਰ ਘੜੀ ਦੀ ਘੜੀ ਡਰਾਮਾ ਕਰਕੇ ਜਹਾਜ਼ 'ਤੇ ਜਾ ਚੜ੍ਹਦੇ ਹਨ; ਪਿੱਛੇ ਲੋਕੀਂ ਉਨ੍ਹਾਂ ਦੀਆਂ ਕਰਤੂਤਾਂ ਨੂੰ ਯਾਦ ਕਰਦੇ ਰਹਿੰਦੇ ਹਨ।

ਇਥੇ ਇਹ ਦੱਸਣਾ ਵੀ ਬਣਦਾ ਹੈ ਕਿ ਜੱਸੀ ਖੰਘੂੜਾ ਜਦੋਂ ਵੀ ਵਿਦੇਸ਼ਾਂ ਵਿਚ ਪਰਵਾਸੀਆਂ ਨੂੰ ਮਿਲਣ ਅਤੇ ਉਨ੍ਹਾਂ ਦੀਆਂ ਤਕਲੀਫਾਂ ਸੁਣਨ ਲਈ ਆਉਂਦੇ ਹਨ ਤਾਂ ਉਹ ਆਪਣੇ ਪੱਲਿਓਂ ਖਰਚੇ ਕਰਕੇ ਸਾਡੇ ਕੋਲ ਪਹੁੰਚਦੇ ਹਨ। ਉਹ ਹੋਰ ਮੰਤਰੀਆਂ ਜਾਂ ਲੀਡਰਾਂ ਵਾਂਗ ਚੰਦੇ ਇਕੱਠੇ ਕਰਨ ਨਹੀਂ ਆਉਂਦੇ। ਖੰਗੂੜਾ ਪਰਿਵਾਰ 'ਤੇ ਪਰਮਾਤਮਾ ਦੀ ਅਪਾਰ ਕ੍ਰਿਪਾ ਹੈ। ਮੈਂ ਪਾਰਕ ਪਲਾਜ਼ਾ ਵਿਚ ਲੋਕਾਂ ਲਈ ਲੰਗਰ ਚਲਦੇ ਆਪ ਵੇਖੇ ਹਨ। ਰੱਬ ਮਿਹਰ ਕਰੇ ਅਤੇ ਜੱਸੀ ਖੰਗੂੜਾ ਦੇਸ਼, ਧਰਮ, ਕੌਮ ਅਤੇ ਪਰਵਾਸੀਆਂ ਦੇ ਪਿਆਰ ਨਾਲ ਹਮੇਸ਼ਾ ਹੀ ਜੁੜੇ ਰਹਿਣ।

ਐਨ.ਆਰ.ਆਈ. ਫਰੰਟ ਯੂ.ਐਸ.ਏ. ਨੇ ਪਰਵਾਸੀਆਂ ਦੇ ਦੁੱਖ ਦੱਸਣ ਲਈ ਜੱਸੀ ਖੰਗੂੜਾ ਨੂੰ ਹੀ ਕਿਉਂ ਚੁਣਿਆ ਹੈ? ਕਿਉਂਕ ਜੱਸੀ ਖੰਗੂੜਾ ਹੀ ਅਜਿਹੇ ਐਮ.ਐਲ.ਏ. ਹਨ ਜੋ ਪੰਜਾਬ ਸਰਕਾਰ ਤੋਂ ਲੈ ਕੇ ਸੈਂਟਰ ਦੀ ਸਰਕਾਰ ਤੱਕ ਬਿਨਾਂ ਕਿਸੇ ਝਿਜਕ ਦੇ ਸਾਡੀਆਂ ਮੰਗਾਂ ਪਹੁੰਚਾ ਸਕਦੇ ਹਨ। ਸੋ, ਸਾਡਾ ਸਾਰਿਆਂ ਦਾ ਫ਼ਰਜ਼ ਬਣਦਾ ਹੈ ਕਿ ਅਸੀਂ ਆਪਣੇ ਹਰਦਿਲ ਅਜ਼ੀਜ਼ ਨੇਤਾ ਜੱਸੀ ਖੰਗੂੜਾ ਨੂੰ ਆਪਣੀਆਂ ਮੁਸ਼ਕਿਲਾਂ ਦੱਸਣ ਅਤੇ ਉਨ੍ਹਾਂ ਦੇ ਵਿਚਾਰ ਸੁਣਨ ਲਈ 27 ਮਾਰਚ ਨੂੰ ਹੁੰਮ-ਹਮਾ ਕੇ ਪਹੁੰਚੀਏ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

To Advertise with Punjab Times Call: 847-359-0746

# ਕਥਾਵਾਚਕ ਭਾਈ ਰਾਮ ਸਿੰਘ ਵਲੋਂ ਮਲਟੀ ਮੀਡੀਏ ਰਾਹੀਂ ਗੁਰਬਾਣੀ ਦਾ ਪ੍ਰਚਾਰ

**ਬੇਕਰਜ਼ਫੀਲਡ (ਮਾਨ ਮਨਦੀਪ):** ਇਥੇ ਗੁਰਦੁਆਰਾ ਦਸ਼ਮੇਸ਼ ਦਰਬਾਰ ਵਿਖੇ ਪੰਥ ਦੇ ਨੌਜਵਾਨ ਪ੍ਰਚਾਰਕ ਕਥਾਵਾਚਕ ਭਾਈ ਰਾਮ ਸਿੰਘ ਨੇ ਆਦਰਸ਼ ਸਮਾਜ ਦੀ ਸਿਰਜਣਾ ਦੇ ਬੀਜ ਬੀਜਣ ਲਈ ਮਲਟੀ ਮੀਡੀਏ ਰਾਹੀਂ ਬੱਚਿਆਂ ਅਤੇ ਨੌਜਵਾਨਾਂ ਦਾ ਕੈਂਪ ਲਾਇਆ ਜਿਸ ਵਿਚ ਡੇਢ ਸੌ ਤੋਂ ਵੱਧ ਬੱਚੇ ਅਤੇ ਨੌਜਵਾਨ ਸ਼ਾਮਲ ਹੋਏ। ਕੈਂਪ ਦਾ ਅਰੰਭ ਵਾਹਿਗੁਰੂ ਦੇ ਸਿਮਰਨ ਨਾਲ ਕੀਤਾ ਗਿਆ। ਉਸ ਉਪਰੰਤ ਮਲਟੀ ਮੀਡੀਏ ਰਾਹੀਂ ਸਿੱਖ ਧਰਮ ਬਾਰੇ ਜਾਣਕਾਰੀ ਦਿੱਤੀ ਗਈ। ਗੁਰਬਾਣੀ ਦੀਆਂ ਸਿੱਖਿਆਵਾਂ ਉਪਰ ਚਲਦਿਆਂ ਆਦਰਸ਼ ਇਨਸਾਨ ਬਣ ਕੇ ਸਮਾਜਕ ਤੇ ਮਾਨਵੀ ਕਦਰਾਂ ਕੀਮਤਾਂ ਦਾ ਧਾਰਨੀ ਜੀਵਨ ਜਿਉਣ ਦੀ ਪ੍ਰੇਰਨਾ ਦਿੱਤੀ ਗਈ। ਗੁਰੂ ਗ੍ਰੰਥ ਸਾਹਿਬ ਦੀ ਸਿਖਿਆ ਦੀ ਰੋਸ਼ਨੀ ਵਿਚ ਮਾਪਿਆਂ ਦੇ ਆਗਿਆਕਾਰੀ ਹੋਣ ਅਤੇ ਆਦਰਸ਼ ਸ਼ਹਿਰੀ ਹੋਣ ਦੇ ਗੁਰ ਸਿਖਾਏ ਗਏ। ਧਾਰਮਕ ਮੂਵੀ ਸ਼ੋਅ ਅਤੇ ਗੁਰਮਤਿ ਗੇਮਾਂ ਰਾਹੀਂ ਬੱਚਿਆਂ ਅਤੇ ਨੌਜਵਾਨਾਂ ਲਈ ਦਿਲਚਸਪੀ ਵਾਲਾ ਮਾਹੌਲ ਪੈਦਾ ਕੀਤਾ ਗਿਆ।



ਇਸ ਗੁਰਮਤਿ ਕੈਂਪ ਦੇ ਨਾਲ ਹੀ ਦੋ ਹਫਤੇ ਰੋਜ਼ਾਨਾ ਸ਼ਾਮ ਦੇ ਦੀਵਾਨ ਵਿਚ ਮਲਟੀਮੀਡੀਏ ਰਾਹੀਂ ਗੁਰਬਾਣੀ ਦਾ ਪ੍ਰਚਾਰ ਕੀਤਾ ਗਿਆ। ਅਖੀਰਲੇ ਦਿਨ ਗੁਰੂ ਗ੍ਰੰਥ ਸਾਹਿਬ ਦੀ ਸਿਖਿਆ ਦੀ ਰੋਸ਼ਨੀ ਵਿਚ ਕ੍ਰੋਧ ਉਪਰ ਕਾਬੂ ਪਾਉਣ ਦੇ ਗੁਰ ਦੱਸੇ ਗਏ। ਇਸ ਮੌਕੇ ਪੰਜਾਬੀ ਅਤੇ ਅੰਗਰੇਜ਼ੀ ਵਿਚ 4 ਸਫਿਆਂ ਦਾ ਇਕ ਪ੍ਰਿੰਟ ਆਊਟ ਵੀ ਵੰਡਿਆ ਗਿਆ।

ਅਮਰੀਕਾ ਤੋਂ ਲੈ ਕੇ ਨਿਊਜ਼ੀਲੈਂਡ ਤੱਕ ਦੁਨੀਆਂ ਦੇ 28 ਦੇਸ਼ਾਂ ਵਿਚ ਮਲਟੀ ਮੀਡੀਏ ਰਾਹੀਂ ਗੁਰਬਾਣੀ ਪ੍ਰਚਾਰ ਦੀ ਸੇਵਾ ਨਿਭਾ ਰਹੇ ਹਾਈਟੈਕ ਪ੍ਰਚਾਰਕ ਭਾਈ ਰਾਮ ਸਿੰਘ ਦੀ ਵਿਲੱਖਣਤਾ ਇਹ ਹੈ ਕਿ ਉਨ੍ਹਾਂ ਦਾ ਸਮਝਾਉਣ ਦਾ ਤਰੀਕਾ ਬਹੁਤ ਹੀ ਦਿਲਚਸਪ ਤੇ ਸਰਲ ਹੈ। ਉਹ ਨਿਰਾਲੇ ਢੰਗ ਨਾਲ ਗੁਰਬਾਣੀ ਦੇ ਸੰਦਰਭ ਵਿਚ ਇਸ ਗੱਲ 'ਤੇ ਚਾਨਣਾ ਪਾਉਂਦੇ ਹਨ ਕਿ ਅਸੀਂ ਆਉਣ ਵਾਲੀ ਪੀੜੀ ਵਿਚ ਗੁਰਬਾਣੀ ਦਾ ਪਿਆਰ ਕਿਵੇਂ ਜਗਾਉਣਾ ਹੈ? ਆਪਣੇ ਆਪ ਨੂੰ ਇਕ ਚੰਗੇ ਇਨਸਾਨ ਦੇ ਰੂਪ ਵਿਚ ਕਿਵੇਂ ਪੇਸ਼ ਕਰਨਾ ਹੈ? ਬੱਚਿਆਂ ਨੂੰ ਬੁਰਾਈਆਂ ਤੋਂ ਕਿਵੇਂ ਬਚਾਇਆ ਜਾ ਸਕਦਾ ਹੈ? ਗੁਰਦੁਆਰਾ ਪ੍ਰਬੰਧਕਾਂ ਅਤੇ ਸੰਗਤਾਂ ਦੇ ਇਸਰਾਰ ਉਤੇ ਭਾਈ ਰਾਮ ਸਿੰਘ ਨੇ ਅਗਲੇ ਸਾਲ ਅਪਰੈਲ ਮਹੀਨੇ 10 ਦਿਨਾਂ ਦਾ ਗੁਰਮਤਿ ਕੈਂਪ ਲਾਉਣ ਅਤੇ ਦੋ ਹਫਤਿਆਂ ਦੇ ਕਥਾ ਪ੍ਰਚਾਰ ਲਈ ਹਾਮੀ ਭਰੀ।

ਇਸ ਕੈਂਪ ਦੌਰਾਨ ਬੀਬੀ ਪ੍ਰਭਲੀਨ ਕੌਰ, ਬੀਬੀ ਤਹਿਨਾਦ ਕੌਰ, ਬੀਬੀ ਜੈਪਰੀਨ ਕੌਰ, ਬੀਬੀ ਪ੍ਰਭਜੋਤ ਕੌਰ, ਬੀਬੀ ਸੁਖਪ੍ਰੀਤ ਕੌਰ, ਬੀਬੀ ਅਮਰਜੀਤ ਕੌਰ, ਬੀਬੀ ਸਿਮਰਨਜੀਤ ਕੌਰ ਅਤੇ ਪਰਨਜੋਤ ਸਿੰਘ ਨੇ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਲਈ ਉਚੇਚੀ ਸੇਵਾ ਨਿਭਾਈ।







# ਸੀ.ਬੀ.ਆਈ. ਵੱਲੋਂ ਐਂਡਰਸਨ ਦੀ ਹਵਾਲਗੀ ਲਈ ਅਪੀਲ

**ਨਵੀਂ ਦਿੱਲੀ:** ਸੀ.ਬੀ.ਆਈ. ਨੇ ਯੂਨੀਅਨ ਕਾਰਬਾਈਡ ਦੇ ਸਾਬਕਾ ਮੁਖੀ ਵਾਰੇਨ ਐਂਡਰਸਨ (90) ਨੂੰ ਭਾਰਤ ਲਿਆ ਕੇ ਉਸ 'ਤੇ ਮੁਕੱਦਮਾ ਚਲਾਉਣ ਲਈ ਅਮਰੀਕੀ ਅਧਿਕਾਰੀਆਂ ਨੂੰ ਬੇਨਤੀ ਪੱਤਰ ਭੇਜਣ ਲਈ ਦਿੱਲੀ ਦੀ ਅਦਾਲਤ ਵਿਚ ਅਰਜ਼ੀ ਦਾਖਲ ਕੀਤੀ ਹੈ। 1984 ਦੇ ਭੋਪਾਲ ਗੈਸ ਲੀਕ ਕਾਂਡ ਜਿਸ ਵਿਚ 15 ਹਜ਼ਾਰ ਤੋਂ ਵੱਧ ਲੋਕ ਮਾਰੇ ਗਏ ਸਨ ਤੇ ਹਜ਼ਾਰਾਂ ਹੋਰ ਬਿਮਾਰੀਆਂ ਦੀ ਲਪੇਟ 'ਚ ਆ ਗਏ ਸਨ, ਦੇ ਕੇਸ ਵਿਚ ਐਂਡਰਸਨ ਨੂੰ ਵੀ ਨਾਮਜ਼ਦ ਕੀਤਾ ਗਿਆ ਸੀ।

ਚੀਫ ਮੈਟਰੋਪੌਲੀਟਨ ਮੈਜਿਸਟਰੇਟ ਵਿਨੋਦ ਯਾਦਵ ਦੀ ਅਦਾਲਤ ਵਿਚ ਪੇਸ਼ ਕੀਤੀ 33 ਪੰਨਿਆਂ ਦੀ ਅਰਜ਼ੀ ਵਿਚ ਸੀ.ਬੀ.ਆਈ. ਨੇ ਕਿਹਾ ਕਿ ਐਂਡਰਸਨ ਨੂੰ ਅਮਰੀਕਾ ਤੋਂ ਭਾਰਤ ਦੇ ਹਵਾਲੇ ਕੀਤਾ ਜਾਵੇ ਤਾਂ ਕਿ ਉਸ 'ਤੇ ਭੋਪਾਲ ਦੀ ਅਦਾਲਤ ਵਿਚ ਕੇਸ ਚਲਾਇਆ ਜਾ ਸਕੇ। ਭਾਰਤ ਅਤੇ ਅਮਰੀਕਾ ਵਿਚਕਾਰ 14 ਸਤੰਬਰ 1999 ਨੂੰ ਸਹੀ ਪਾਈ ਹਵਾਲਗੀ ਸੰਧੀ ਦੀਆਂ ਮਦਾਂ ਮੁਤਾਬਕ ਇਕ ਸਾਲ ਤੋਂ ਵੱਧ ਕੈਦ ਜਾਂ ਸਖਤ ਸਜ਼ਾ ਦੇ ਭਾਗੀ ਕਿਸੇ ਵਿਅਕਤੀ ਦੀ ਹਵਾਲਗੀ ਮੰਗੀ ਜਾ ਸਕਦੀ ਹੈ।


M.K. Nijjar DDS
Ruchi Nijjar DDS
Laser Dentistry
No shots, No Drill, No Pain.
Family Dentistry
Cosmetic Dentistry
Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome
510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont

ਘਰ ਖਰੀਦਣਾ ਹੈ ਜਾਂ ਵੇਚਣਾ!
ਸੈਂਟਰਲ ਵੈਲੀ ਦੇ ਸ਼ਹਿਰਾਂ–ਲਿਵਿੰਗਸਟਨ, ਐਟਵਾਟਰ, ਮਰਸਡ, ਟਰਲਕ, ਮਾਡੈਸਟੋ ਅਤੇ ਲਾਸ ਬੈਨੋਸ ਵਿਚ ਘਰਾਂ ਦੀ ਖਰੀਦ ਅਤੇ ਵੇਚ ਲਈ ਬਿਹਤਰੀਨ ਸੇਵਾ ਲਈ ਕਾਲ ਕਰੋ
ਜਰਨੈਲ ਸਿੰਘ ਲਾਲੜੀਆ
ਫੋਨ:209-856-2131



Century 21
M&M AND ASSOCIATES
Each office is independently owned and operated.
MLS
Jarnail Singh Lallria
Broker Associate
DRE#01440382
Cell: 209-620-5393
Fax:209-216-5502
e-mail: jlallria@c21mm.com
Mob Web: m.jlallria.c21mm.com
1472 'B' Street, Ste. D, Livingston, CA 95334

Dhillon Truck Stop
Dhillon Road Service
Interstate 40, exit 356, San Jon, NM
Gill Manj Gurdaspur Wale
ਪੰਜਾਬੀ ਢਾਬਾ



ਡੀਜ਼ਲ ਅਤੇ ਰੋਡ ਸਰਵਿਸ
New & Used Tires
Oil Change
ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ
Ph:575-576-4111, 317-918-6776

Are Worries Keeping You Awake?
Watch Your Business AnyTime Any Place.




Attention Business Owners!!
Are You Worried About Your Business When You`re Not There?



Watch your business from anywhere on iPhone with our new technology
QuikStop Shell am pm 7 Eleven 76 Holiday Inn Denny's Arby's
ਆਪਣੇ ਘਰ ਜਾਂ ਬਿਜਨਸ 'ਤੇ ਸਿਕਿਉਰਟੀ ਸਿਸਟਮ ਲਵਾਓ ਅਤੇ ਨਿਸ਼ਚਿੰਤ ਹੋ ਜਾਓ
Financing & Lease Options For 12, 24, 36 Months Available.
ਵਾਜਬ ਕੀਮਤ ਸਹੀ ਕੰਮ
DVR UNLIMITED
Call:1-(888) 233-4566 www.dvrunlimited.com

# ਹੋਲੇ ਮਹੱਲੇ ਮੌਕੇ ਸਿਆਸੀ ਪਾਰਟੀਆਂ ਵੱਲੋਂ ਰੱਜ ਕੇ ਦੂਸ਼ਣਬਾਜ਼ੀ

**ਸ੍ਰੀ ਆਨੰਦਪੁਰ ਸਾਹਿਬ (ਪੰਜਾਬ ਟਾਈਮਜ਼ ਬਿਊਰੋ):** ਹੋਲੇ ਮਹੱਲੇ ਮੇਲੇ ਮੌਕੇ ਦੇਸ਼ਾਂ-ਵਿਦੇਸ਼ਾਂ ਤੋਂ ਪੁੱਜੇ 10 ਲੱਖ ਤੋਂ ਵੱਧ ਸ਼ਰਧਾਲੂਆਂ ਨੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ। ਸ਼੍ਰੋਮਣੀ ਕਮੇਟੀ ਵੱਲੋਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਨੂੰ ਬਹੁਤ ਸੁੰਦਰ ਸਜਾਇਆ ਗਿਆ ਹੈ। ਸ਼ਰਧਾਲੂਆਂ ਨੇ ਗੁਰਦੁਆਰਾ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਦਰਸ਼ਨ ਕਰਨ ਤੋਂ ਇਲਾਵਾ ਆਨੰਦਪੁਰ ਸਾਹਿਬ ਦੇ ਇਤਿਹਾਸਕ ਗੁਰਦੁਆਰਿਆਂ ਗੁਰਦੁਆਰਾ ਭੋਰਾ ਸਾਹਿਬ, ਗੁਰਦੁਆਰਾ ਸ਼ੀਸ਼ ਗੰਜ, ਗੁਰਦੁਆਰਾ ਦਮਦਮਾ ਸਾਹਿਬ, ਗੁਰਦੁਆਰਾ ਸ਼ਹੀਦੀ ਬਾਗ, ਗੁਰਦੁਆਰਾ ਅਕਾਲ ਬੁੰਗਾ, ਗੁਰਦੁਆਰਾ ਮੰਜੀ ਸਾਹਿਬ, ਗੁਰਦੁਆਰਾ ਕਿਲ੍ਹਾ ਹੋਲਗੜ੍ਹ, ਗੁਰਦੁਆਰਾ ਕਿਲ੍ਹਾ ਆਨੰਦਗੜ੍ਹ ਸਾਹਿਬ ਵਿਖੇ ਮੱਥਾ ਟੇਕਿਆ।ਮੇਲੇ ਵਿਚ ਇੰਗਲੈਂਡ ਤੋਂ 1966 ਵਿਚ ਲਿਆਂਦੇ ਛੇ ਵੱਡੇ ਬਰਛੇ, ਛੋਟਾ ਬਰਛਾ, ਸ਼ਮਸ਼ੀਰ-ਇ-ਤੇਗ ਦਾਹੇ-ਆਹਨੀ, ਸੁਨਹਿਰੀ ਚੱਕਰ, ਗੈਂਡੇ ਦੀ ਖੱਲ ਦੀ ਬਣੀ ਹੋਈ ਢਾਲ ਤੇ ਨਾਂਦੇੜ ਸਾਹਿਬ ਤੋ ਲਿਆਂਦੇ ਛੇ ਇਤਿਹਾਸਕ ਸ਼ਾਸਤਰ ਸੰਗਤਾਂ ਦੇ ਦਰਸ਼ਨਾਂ ਲਈ ਰੱਖੇ ਗਏ ਹਨ।

ਹੋਲੇ ਮਹੱਲੇ ਮੌਕੇ ਜਿੱਥੇ ਸਿਆਸੀ ਪਾਰਟੀਆਂ ਨੇ ਇਕ-ਦੂਜੇ 'ਤੇ ਰੱਜ ਕੇ ਦੂਸ਼ਣ ਲਾਏ ਉਥੇ ਅਗਲੇ ਸਾਲ ਹੋਣ ਜਾ ਰਹੀਆਂ ਵਿਧਾਨ ਸਭਾ ਚੋਣਾਂ ਲਈ ਵੋਟਰਾਂ ਨੂੰ ਵੀ ਭਰਮਾਉਣ ਦੀ ਮੁਹਿੰਮ ਵੀ ਵਿੱਢ ਦਿੱਤੀ।

ਇਸ ਮੌਕੇ ਅਕਾਲ ਤਖ਼ਤ ਸਾਹਿਬ ਤੋਂ ਧਾਰਮਿਕ ਸਮਾਗਮਾਂ 'ਚ ਸਿਆਸੀ ਤਕਰੀਰਾਂ ਨਾ ਕਰਨ ਬਾਰੇ ਜਾਰੀ 'ਹੁਕਮਨਾਮੇ' ਦੀ ਵੀ ਖ਼ੂਬ ਉਲੰਘਣਾ ਕੀਤੀ ਗਈ। ਇਸ ਮੌਕੇ ਜਿੱਥੇ ਸੱਤਾਧਾਰੀ ਅਕਾਲੀ ਦਲ (ਬ) ਨੇ ਪੰਜਾਬ ਦੀ ਕੰਗਾਲੀ ਲਈ ਕੇਂਦਰੀ ਨੀਤੀਆਂ ਨੂੰ ਜ਼ਿੰਮੇਵਾਰ ਦੱਸਿਆ ਉਥੇ ਮੁੱਖ ਵਿਰੋਧੀ ਪਾਰਟੀ ਕਾਂਗਰਸ ਨੇ ਬਾਦਲ ਪਰਿਵਾਰ 'ਤੇ ਪੰਜਾਬ ਨੂੰ ਲੁੱਟਣ ਦਾ ਦੋਸ਼ ਲਾਇਆ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ (ਅ) ਵੱਲੋਂ ਕੀਤੀ ਗਈ ਕਾਨਫਰੰਸ 'ਚ ਅਕਾਲੀਆਂ ਤੇ ਕਾਂਗਰਸੀਆਂ 'ਤੇ ਪੰਜਾਬ ਦੇ ਹਿੱਤ ਕੇਂਦਰ ਸਰਕਾਰ ਕੋਲ ਗਹਿਣੇ ਰੱਖਣ ਦੇ ਦੋਸ਼ ਲਾਏ।



ਸ੍ਰੀ ਆਨੰਦਪੁਰ ਸਾਹਿਬ ਵਿਖੇ ਗੱਤਕੇ ਦੇ ਜੌਹਰ ਦਿਖਾ ਰਹੇ ਨਿਹੰਗ ਸਿੰਘ

# ਪੰਜਾਬ ਨੂੰ ਉਜਾੜਨ ਲਈ ਕਾਂਗਰਸ ਜ਼ਿੰਮੇਵਾਰ: ਬਾਦਲ



*ਕਾਨਫਰੰਸ ਦੌਰਾਨ ਸਲਾਹ-ਮਸ਼ਵਰਾ ਕਰ ਰਹੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸੁਖਦੇਵ ਸਿੰਘ ਢੀਂਡਸਾ ਤੇ ਸੁਖਬੀਰ ਸਿੰਘ ਬਾਦਲ*

**ਸ੍ਰੀ ਆਨੰਦਪੁਰ ਸਾਹਿਬ:** ਸ਼੍ਰੋਮਣੀ ਅਕਾਲੀ ਦਲ ਦੀ ਸਿਆਸੀ ਕਾਨਫਰੰਸ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਸਣੇ ਸਮੁੱਚੀ ਅਕਾਲੀ ਲੀਡਰਸ਼ਿਪ ਨੇ ਕੇਂਦਰ ਵਿਚਲੀਆਂ ਕਾਂਗਰਸ ਸਰਕਾਰਾਂ ਵੱਲੋਂ ਪੰਜਾਬ ਨਾਲ ਵਿਤਕਰੇ ਦਾ ਦੋਸ਼ ਲਾਇਆ। ਇਸ ਮੌਕੇ ਮੁਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਕੇਂਦਰ ਦੀਆਂ ਕਾਂਗਰਸ ਸਰਕਾਰਾਂ ਨੇ ਹਮੇਸ਼ਾਂ ਹੀ ਪੰਜਾਬ ਨਾਲ ਧੱਕਾ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਸਾਰੇ ਰਾਜਾਂ ਤੋਂ ਘੱਟ ਉਤਪਾਦਕਤਾ ਬੋਨਸ ਦਿੱਤਾ ਜਾਂਦਾ ਹੈ, ਜਦੋਂਕਿ ਭਾਰਤ ਭਰ ਵਿਚ ਸਭ ਤੋਂ ਵੱਧ ਅਨਾਜ ਦਾ ਉਤਪਾਦਨ ਪੰਜਾਬ ਕਰਦਾ ਹੈ। ਪਾਣੀਆਂ, ਟੈਕਸਾਂ ਵਿਚੋਂ ਦਿੱਤੇ ਜਾਣ ਵਾਲੇ ਫੰਡ ਤੇ ਕੇਂਦਰੀ ਸਕੀਮਾਂ ਆਦਿ, ਹਰ ਥਾਂ ਹੀ ਪੰਜਾਬ ਨੂੰ ਅਣਗੌਲਿਆ ਕੀਤਾ ਜਾਂਦਾ ਰਿਹਾ ਹੈ। ਇਸ ਲਈ ਪੰਜਾਬ ਦੇ ਉਜਾੜੇ ਲਈ ਕਾਂਗਰਸ ਹੀ ਜ਼ਿੰਮੇਵਾਰ ਹੈ।

ਉਨ੍ਹਾਂ ਕਿਹਾ ਕਿ ਕੇਂਦਰ ਦੀਆਂ ਕਾਂਗਰਸੀ ਸਰਕਾਰਾਂ ਹਮੇਸ਼ਾ ਹੀ ਪੰਜਾਬ ਦਾ ਸ਼ੋਸ਼ਣ ਕਰਨ ਲਈ ਨਵਾਂ ਫਾਰਮੂਲਾ ਘੜਦੀਆਂ ਰਹਿੰਦੀਆਂ ਹਨ। ਉਨ੍ਹਾਂ ਕਿਹਾ ਕਿ ਦੇਸ਼ ਦੀ ਆਜ਼ਾਦੀ ਤੋਂ ਬਾਅਦ ਕਾਂਗਰਸ ਨੇ ਏਨੇ ਜ਼ੁਲਮ ਕੀਤੇ ਹਨ ਇਸ ਬਾਰੇ ਕਈ ਕਿਤਾਬਾਂ ਲਿਖੀਆਂ ਜਾ ਸਕਦੀਆਂ ਹਨ। ਪੰਜਾਬ ਨਾਲ ਸਿਆਸੀ, ਧਾਰਮਿਕ ਤੇ ਆਰਥਿਕ ਤੌਰ 'ਤੇ ਵੱਡੀਆਂ ਬੇਇਨਸਾਫ਼ੀਆਂ ਕੀਤੀਆਂ ਗਈਆਂ।

ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਮੌਜੂਦਾ ਪੰਜਾਬ ਸਰਕਾਰ ਨੇ ਪਿਛਲੀਆਂ ਕਾਂਗਰਸ ਸਰਕਾਰਾਂ ਦੇ ਮੁਕਾਬਲੇ ਕਈ ਗੁਣਾ ਜ਼ਿਆਦਾ ਪੈਸਾ ਲੋਕ ਪੱਖੀ ਤੇ ਵਿਕਾਸ ਸਕੀਮਾਂ 'ਤੇ ਖਰਚ ਕੀਤਾ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਦੇ ਗੁਰਧਾਮਾਂ 'ਤੇ ਕਬਜ਼ਾ ਕਰਨ ਲਈ ਕਾਂਗਰਸ ਨੇ ਆਪਣੇ ਏਜੰਟ ਛੱਡੇ ਹੋਏ ਹਨ ਜੋ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਸਿੱਖਾਂ ਦੀਆਂ ਭਾਵਨਾਵਾਂ ਦਾ ਗ਼ਲਤ ਫ਼ਾਇਦਾ ਲੈਣਾ ਚਾਹੁੰਦੇ ਹਨ।

ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਉੱਤਰ ਪ੍ਰਦੇਸ਼ ਨੂੰ ਤਾਂ ਇਕ ਸਾਲ ਵਿਚ 40 ਹਜ਼ਾਰ ਕਰੋੜ ਦਿੰਦਾ ਹੈ ਪਰ ਪੰਜਾਬ ਨੂੰ ਮਹਿਜ਼ 2400 ਕਰੋੜ ਹੀ ਦਿੱਤੇ ਗਏ ਜੋ ਸਰਾਸਰ ਧੱਕਾ ਤੇ ਬੇਇਨਸਾਫ਼ੀ ਹੈ। ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ, ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਮਹੇਸ਼ਇੰਦਰ ਸਿੰਘ ਗਰੇਵਾਲ, ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਵੀ ਸੰਬੋਧਨ ਕੀਤਾ।

# ਮਾਨ ਵੱਲੋਂ ਅਕਾਲੀਆਂ ਤੇ ਕਾਂਗਰਸੀਆਂ ਨੂੰ ਖ਼ੂਬ ਰਗੜੇ

**ਸ੍ਰੀ ਆਨੰਦਪੁਰ ਸਾਹਿਬ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਕਾਨਫ਼ਰੰਸ 'ਚ ਅਕਾਲੀ ਦਲ ਬਾਦਲ, ਕਾਂਗਰਸ ਤੇ ਮਨਪ੍ਰੀਤ ਸਿੰਘ ਬਾਦਲ ਸਮੇਤ ਕੇਂਦਰ ਸਰਕਾਰ ਨੂੰ ਮੁੱਖ ਨਿਸ਼ਾਨਾ ਬਣਾਇਆ ਗਿਆ।



*ਅਕਾਲੀ ਦਲ (ਅ) ਦੀ ਸਟੇਜ 'ਤੇ ਬੈਠੇ ਸਿਮਰਨਜੀਤ ਸਿੰਘ ਮਾਨ ਤੇ ਹੋਰ ਆਗੂ*

ਦਲ ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਮੌਜੂਦਾ ਸਿੱਖ ਸਿਆਸਤ ਗੁਰੂਆਂ ਦੇ ਸਿਧਾਂਤ ਤੋਂ ਭਟਕ ਕੇ ਖ਼ੁਦਗ਼ਰਜ਼ੀ ਦੇ ਰਸਤੇ ਪੈ ਚੁੱਕੀ ਹੈ। ਉਨ੍ਹਾਂ ਕਿਹਾ ਕਿ ਅੱਜ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ, ਕੈਪਟਨ ਅਮਰਿੰਦਰ ਸਿੰਘ, ਸੁਰਜੀਤ ਸਿੰਘ ਬਰਨਾਲਾ, ਮਨਪ੍ਰੀਤ ਸਿੰਘ ਬਾਦਲ ਸਮੇਤ ਸ਼੍ਰੋਮਣੀ ਕਮੇਟੀ ਤੇ ਸੰਤ ਸਮਾਜ ਨੇ ਹਿੰਦੂ ਰਾਸ਼ਟਰ ਦੀ ਅਧੀਨਗੀ ਪ੍ਰਵਾਨ ਕਰ ਲਈ ਹੈ।

ਬੀਤੇ ਦਿਨੀਂ ਪੁਲਿਸ ਹਿਰਾਸਤ ਵਿਚ ਹੋਈ ਭਾਈ ਸੋਹਨ ਸਿੰਘ ਉਰਫ਼ ਭਾਈ ਸੋਹਣਜੀਤ ਸਿੰਘ ਦੀ ਮੌਤ ਨੂੰ ਸ. ਮਾਨ ਨੇ ਚਿੱਟੇ ਦਿਨ ਹੋਇਆ ਕਤਲ ਕਰਾਰ ਦਿੰਦਿਆਂ ਅਫ਼ਸੋਸ ਪ੍ਰਗਟ ਕੀਤਾ ਕਿ ਇਸ ਕਤਲ ਬਾਰੇ ਸਾਰੀਆਂ ਧਿਰਾਂ ਚੁੱਪ ਧਾਰ ਕੇ ਬੈਠੀਆਂ ਹਨ। ਉਨ੍ਹਾਂ ਕਿਹਾ ਕਿ 30 ਅਗਸਤ, 2009 ਨੂੰ ਮਿਆਦ ਪੁਗਾ ਚੁੱਕੀ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਕਰਾਉਣਾ ਬਾਦਲ ਦਲ ਨੇ ਜ਼ਰੂਰੀ ਨਹੀਂ ਸਮਝਿਆ ਤੇ ਨਾ ਹੀ ਕੋਈ ਕਾਰਵਾਈ ਕੀਤੀ ਕਿਉਂਕਿ ਇਨ੍ਹਾਂ ਦੇ ਹੱਥ ਗੁਰੂ ਦੀ ਗੋਲਕ ਆ ਚੁੱਕੀ ਹੈ ਜਿਸ ਦੀ ਰੱਜ ਕੇ ਦੁਰਵਰਤੋਂ ਹੋ ਰਹੀ ਹੈ।

ਉਨ੍ਹਾਂ ਸੂਬੇ ਦੀ ਰਵਾਇਤੀ ਅਕਾਲੀ ਤੇ ਕਾਂਗਰਸ ਲੀਡਰਸ਼ਿਪ 'ਤੇ ਪੰਜਾਬ ਦੇ ਬੁਨਿਆਦੀ ਮੁੱਦਿਆਂ ਤੋਂ ਮੂੰਹ ਫੇਰ ਲੈਣ ਤੇ ਗੁਰੂਆਂ ਦੇ ਸਿਧਾਂਤ ਤੋਂ ਭਟਕ ਜਾਣ ਦੇ ਦੋਸ਼ ਲਾਏ। ਉਨ੍ਹਾਂ ਕਿਹਾ ਕਿ ਰਾਜ ਕਰਨ ਵਾਲੀ ਰਵਾਇਤੀ ਲੀਡਰਸ਼ਿਪ ਸਿਰਫ਼ ਕੁਰਸੀਆਂ ਦੀ ਲਾਲਸਾ ਰੱਖਦੀ ਹੈ ਤੇ ਪਰਿਵਾਰਵਾਦ ਵਿਚ ਗ੍ਰਸੀ ਹੋਈ ਹੈ ਜਦੋਂਕਿ ਪੰਜਾਬ ਨਸ਼ਿਆਂ ਵਿਚ ਡੁੱਬਦਾ ਜਾ ਰਿਹਾ ਹੈ ਤੇ ਬੇਰੁਜ਼ਗਾਰੀ ਵਧ ਰਹੀ ਹੈ।

ਉਨ੍ਹਾਂ ਅਕਾਲੀਆਂ ਤੇ ਕਾਂਗਰਸੀਆਂ 'ਤੇ ਪੰਜਾਬ ਦੇ ਹਿਤ ਕੇਂਦਰ ਸਰਕਾਰ ਕੋਲ ਗਹਿਣੇ ਰੱਖਣ ਦੇ ਦੋਸ਼ ਲਾਏ। ਉਨ੍ਹਾਂ ਖਾਲਿਸਤਾਨ ਦੀ ਮੰਗ ਨੂੰ ਦੁਹਰਾਉਂਦਿਆਂ ਕਿਹਾ ਕਿ ਜਿਸ ਤਰ੍ਹਾਂ ਪੰਜਾਬ ਤਿੰਨ ਪਰਮਾਣੂ ਸ਼ਕਤੀਆਂ ਚੀਨ, ਪਾਕਿਸਤਾਨ ਤੇ ਭਾਰਤ ਦਰਮਿਆਨ ਘਿਰਿਆ ਹੋਇਆ ਹੈ, ਉਸ ਨੂੰ ਦੇਖਦਿਆਂ ਸਪੱਸ਼ਟ ਹੈ ਕਿ ਸਿੱਖ ਆਜ਼ਾਦ ਤੇ ਸੁਰੱਖਿਅਤ ਸਿਰਫ਼ ਬਫਰ ਸਟੇਟ ਵਿਚ ਹੀ ਰਹਿ ਸਕਦੇ ਹਨ।

# ਬਾਦਲ ਸਰਕਾਰ ਪਰਿਵਾਰ ਦੇ ਹਿੱਤ ਪਾਲਣ ਤੱਕ ਹੀ ਸੀਮਤ: ਭੱਠਲ

**ਸ੍ਰੀ ਆਨੰਦਪੁਰ ਸਾਹਿਬ :** ਕਾਂਗਰਸ ਨੇ ਅਕਾਲੀ-ਭਾਜਪਾ ਗੱਠਜੋੜ ਸਰਕਾਰ ਨੂੰ ਇਕ ਪਰਿਵਾਰ ਦੀ ਸਰਕਾਰ ਦੱਸਦਿਆਂ ਉਸ ਨੂੰ 10 ਮਹੀਨਿਆਂ 'ਚ ਸੱਤਾ ਤੋਂ ਲਾਂਭੇ ਕਰਨ ਦਾ ਸੱਦਾ ਦਿੱਤਾ। ਉਂਝ ਇਸ ਕਾਨਫਰੰਸ ਵਿਚ ਨਾ ਤਾਂ ਪੰਜਾਬ ਕਾਂਗਰਸ ਦੇ ਪ੍ਰਧਾਨ ਤੇ ਸਾਬਕਾ ਮੁੱਖ ਮੰਤਰੀ ਕੈਪਟਨ



*ਕਾਂਗਰਸ ਦੀ ਕਾਨਫਰੰਸ ਵਿਚ ਸਟੇਜ 'ਤੇ ਬੈਠੇ ਰਾਜਿੰਦਰ ਕੌਰ ਭੱਠਲ ਤੇ ਹੋਰ ਆਗੂ*

ਅਮਰਿੰਦਰ ਸਿੰਘ ਤੇ ਨਾ ਹੀ ਸ੍ਰੀ ਆਨੰਦਪੁਰ ਸਾਹਿਬ ਦੇ ਸੰਸਦ ਮੈਂਬਰ ਤੇ ਯੂਥ ਕਾਂਗਰਸ ਪੰਜਾਬ ਦੇ ਪ੍ਰਧਾਨ ਰਵਨੀਤ ਸਿੰਘ ਬਿੱਟੂ ਪੁੱਜੇ। ਕਾਂਗਰਸ ਦੇ ਵਿਧਾਇਕ ਤੇ ਹੋਰ ਸੀਨੀਅਰ ਆਗੂ ਵੀ ਬਹੁਤ ਘੱਟ ਨਜ਼ਰ ਆਏ ਤੇ ਇਥੋਂ ਤੱਕ ਕਿ ਇਸ ਕਾਨਫਰੰਸ ਦੇ ਕੋਆਰਡੀਨੇਟਰ ਚੌਧਰੀ ਸੰਤੋਖ ਸਿੰਘ ਵੀ ਇਕੱਠ ਵਿਚ ਸ਼ਾਮਲ ਨਹੀਂ ਸਨ। ਭਾਵੇਂ ਕਾਨਫਰੰਸ ਵਿਚ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਗ਼ੈਰ-ਹਾਜ਼ਰ ਰਹੇ ਪਰ ਇਸ ਕਾਨਫ਼ਰੰਸ ਨੂੰ ਬੜੇ ਯੋਜਨਾਬੱਧ ਢੰਗ ਨਾਲ ਕੀਤਾ ਗਿਆ ਸੀ ਅਤੇ ਇਕੱਠ ਵੀ ਪਹਿਲਾਂ ਦੀਆਂ ਰੈਲੀਆਂ ਨਾਲੋਂ ਵਧੇਰੇ ਪ੍ਰਤੀਤ ਹੁੰਦਾ ਸੀ।

ਬੀਬੀ ਰਾਜਿੰਦਰ ਕੌਰ ਭੱਠਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਆਪਣੇ-ਆਪ ਨੂੰ ਪੰਥਕ ਸਰਕਾਰ ਕਹਾਉਣ ਵਾਲੀ ਬਾਦਲ ਸਰਕਾਰ ਆਪਣੇ ਪਰਿਵਾਰ ਦੇ ਹਿੱਤ ਪਾਲਣ ਤੱਕ ਹੀ ਸੀਮਤ ਰਹਿ ਗਈ ਹੈ। ਉਨ੍ਹਾਂ ਦੋਸ਼ ਲਾਇਆ ਕਿ ਯੂ.ਪੀ.ਏ. ਸਰਕਾਰ ਵੱਲੋਂ ਪੰਜਾਬ ਦੇ ਕਿਸਾਨਾਂ ਲਈ ਜਾਰੀ ਕੀਤੇ 800 ਕਰੋੜ ਰੁਪਏ ਨੂੰ ਵੀ ਇਹ ਸਰਕਾਰ ਖੁਰਦ-ਬੁਰਦ ਕਰ ਗਈ ਹੈ ਕਿਉਂਕਿ ਖ਼ੁਦ ਸਰਕਾਰ ਵੱਲੋਂ ਕਿਸਾਨਾਂ ਨੂੰ 300 ਕਰੋੜ ਰੁਪਏ ਅਦਾ ਕਰਨ ਦਾ ਕੀਤਾ ਐਲਾਨ ਵੀ ਫਾਈਲਾਂ ਤੱਕ ਹੀ ਸੀਮਤ ਹੈ।

ਬੀਬੀ ਭੱਠਲ ਨੇ ਕਿਹਾ ਕਿ ਬਾਦਲ ਸਰਕਾਰ ਦਾ ਅਖੀਰਲਾ ਬਜਟ ਪੂਰੀ ਤਰ੍ਹਾਂ ਝੂਠ ਦਾ ਪੁਲੰਦਾ ਹੈ। ਦੂਸਰੇ ਪਾਸੇ ਇਸ ਸਰਕਾਰ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਸੋਧੀਆਂ ਤਨਖ਼ਾਹਾਂ ਤੇ ਪੈਨਸ਼ਨਾਂ ਦੇ ਬਕਾਏ 2013 ਤੱਕ ਤਿੰਨ ਸਾਲਾਂ ਤੱਕ ਦੇਣ ਦੇ ਦਾਅਵੇ ਵੀ ਫੋਕੇ ਹਨ। ਇਹ ਬਕਾਏ ਕਾਂਗਰਸ ਹੀ ਅਗਲੇ ਵਰ੍ਹੇ ਸੱਤਾ ਵਿਚ ਆ ਕੇ ਜਾਰੀ ਕਰੇਗੀ। ਉਨ੍ਹਾਂ ਕਿਹਾ ਕਿ ਦਸ ਮਹੀਨਿਆਂ ਬਾਅਦ ਪਿਓ-ਪੁੱਤ ਤੇ ਜੀਜੇ-ਸਾਲੇ ਦੀ ਸਰਕਾਰ ਨੂੰ ਚੱਲਦਾ ਕਰ ਦਿੱਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਗਠਜੋੜ ਤੋਂ ਮੁਲਾਜ਼ਮ, ਮਜ਼ਦੂਰ, ਨੌਜਵਾਨ, ਕਿਸਾਨ ਸਾਰੇ ਦੁਖੀ ਹਨ। ਇਹ ਸਰਕਾਰ ਇਨ੍ਹਾਂ ਨੂੰ ਲੁੱਟੀ ਵੀ ਜਾ ਰਹੀ ਹੈ ਅਤੇ ਕੁੱਟੀ ਵੀ। ਉਨ੍ਹਾਂ ਕਿਹਾ ਕਿ ਸਿੱਖ ਰਾਸ਼ਟਰਪਤੀ, ਗ੍ਰਹਿ ਮੰਤਰੀ ਤੇ ਹੁਣ ਸਿੱਖ ਪ੍ਰਧਾਨ ਮੰਤਰੀ ਕਾਂਗਰਸ ਦੀ ਹੀ ਦੇਣ ਹਨ ਜਦ ਕਿ ਅਕਾਲੀਆਂ ਨੇ ਸੱਤਾ ਪ੍ਰਾਪਤੀ ਪਿੱਛੋਂ ਹਮੇਸ਼ਾ ਸਿੱਖਾਂ ਦੀਆਂ ਪੱਗਾਂ ਰੋਲੀਆਂ। ਇਹ ਅਕਾਲੀ ਤਾਂ ਗੁਰੂਆਂ ਤੋਂ ਹੀ ਬੇਮੁੱਖ ਹੋਏ ਪਏ ਹਨ ਤੇ ਖ਼ਾਲਸ ਦੀ ਥਾਂ ਅਖ਼ਾਲਸ ਬਣ ਗਏ ਹਨ। ਧੀਆਂ ਭੈਣਾਂ ਨੂੰ ਬੇਪਤ ਕਰ ਰਹੇ ਹਨ।

ਇਸ ਕਾਨਫਰੰਸ ਦੇ ਇੰਚਾਰਜ ਤੇ ਨੰਗਲ ਦੇ ਵਿਧਾਇਕ ਰਾਣਾ ਕੇ.ਪੀ. ਸਿੰਘ ਨੇ ਕਿਹਾ ਕਿ ਇਸ ਸਰਕਾਰ ਨੂੰ ਅੱਜ ਦੇ ਸ਼ੁਭ ਦਿਹਾੜੇ ਆਨੰਦਪੁਰ ਸਾਹਿਬ ਵਿਖੇ ਕਾਨਫਰੰਸ ਕਰਨ ਦਾ ਕੋਈ ਨੈਤਿਕ ਆਧਾਰ ਹੀ ਨਹੀਂ ਹੈ ਕਿਉਂਕਿ ਸਾਲ 1997-2002 ਦੌਰਾਨ ਇਸੇ ਸਰਕਾਰ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਖੰਡ ਦੇ ਕੋਟੇ ਨੂੰ ਬੰਦ ਕੀਤਾ ਸੀ ਤੇ ਇਸ ਕੋਟੇ ਨੂੰ ਮੁੜ ਕਾਂਗਰਸ ਸਰਕਾਰ ਨੇ ਹੀ ਬਹਾਲ ਕੀਤਾ ਹੈ। ਇਸ ਮੌਕੇ ਜਗਮੋਹਨ ਸਿੰਘ ਕੰਗ ਨੇ ਕਿਹਾ ਕਿ ਪੰਥਕ ਕਹਾਉਣ ਵਾਲੀ ਇਸ ਸਰਕਾਰ ਨੇ ਧਾਰਮਿਕ ਅਤੇ ਇਤਿਹਾਸਕ ਖੇਤਰਾਂ ਲਈ ਕਦੇ ਵੀ ਕੱਖ ਨਹੀਂ ਕੀਤਾ। ਹੁਣ ਅੰਮ੍ਰਿਤਸਰ ਵਿਚ ਇਤਿਹਾਸਕ ਖਾਲਸਾ ਕਾਲਜ ਨੂੰ ਪ੍ਰਾਈਵੇਟ ਹੱਥਾਂ ਵਿਚ ਸੌਂਪਣ ਦੀ ਤਿਆਰੀ ਕੀਤੀ ਜਾ ਰਹੀ ਹੈ।

# ਜਪਾਨ:ਜਾਗਣ ਦੀ ਜਾਚ ਵਾਲੇ ਫਿਰ ਜਾਗ ਪੈਣਗੇ

**ਪਰਮਿੰਦਰ ਸੋਢੀ**

ਜਪਾਨੀਆਂ ਦਾ ਪਹਿਲਾ ਗੁਣ ਉਨ੍ਹਾਂ ਦਾ ਮਿਹਨਤੀ ਹੋਣਾ ਹੈ। ਉਨ੍ਹਾਂ ਦਾ ਇਹ ਗੁਣ ਪੰਜਾਬੀਆਂ ਨਾਲ ਸਾਂਝਾ ਹੈ। ਦੂਜਾ, ਉਹ ਆਪਣੇ ਆਪ ਨਾਲੋਂ ਆਪਣੇ ਆਲੇ-ਦੁਆਲੇ ਨੂੰ ਪਹਿਲ ਦੇਣਾ ਜ਼ਰੂਰੀ ਸਮਝਦੇ ਹਨ। ਉਹ ਆਪਣੇ ਦੋਸਤਾਂ, ਕੰਮ-ਕਾਰ ਵਾਲੀ ਸੰਸਥਾ ਅਤੇ ਸਮੁੱਚੇ ਸਮਾਜ ਲਈ ਆਪਣੇ ਸਾਰੇ ਸੁੱਖ-ਸਾਧਨ ਅਤੇ ਜੀਵਨ ਤਕ ਕੁਰਬਾਨ ਕਰ ਸਕਦੇ ਹਨ। ਤੀਜਾ, ਉਹ ਵੱਡੀ ਤੋਂ ਵੱਡੀ ਮੁਸੀਬਤ ਅਤੇ ਤਬਾਹੀ ਵੇਲੇ ਵੀ ਸਹਿਜ ਰਹਿੰਦੇ ਹਨ। ਪਿਛਲੇ ਹਫਤੇ ਭੂਚਾਲ ਨਾਲ ਤਬਾਹ ਹੋਏ ਇਕ ਪਿੰਡ ਦੇ ਮਲਬੇ ਵਿਚੋਂ ਜਦੋਂ ਸੱਤਰ-ਅੱਸੀ ਸਾਲ ਦੇ ਬਿਰਧ ਨੂੰ ਤਿੰਨ ਦਿਨ ਬਾਅਦ ਬਾਹਰ ਕੱਢਿਆ ਗਿਆ ਤਾਂ ਉਸ ਦਾ ਪਹਿਲਾ ਵਾਕ ਇਹ ਸੀ-ਮੁੜ ਕੇ ਹਿੰਮਤ ਮਾਰੋ ਅਤੇ ਮੁੜ ਕੇ ਸਭ ਉਸਾਰੋ। ਇਹ ਬਿਰਧ ਉਸ ਪੀੜ੍ਹੀ ਦਾ ਹੈ ਜਿਸ ਨੇ ਹੀਰੋਸ਼ੀਮਾ ਅਤੇ ਨਾਗਾਸਾਕੀ ਦੇ ਐਟਮੀ ਧਮਾਕਿਆਂ ਤੋਂ ਬਾਅਦ ਜਪਾਨ ਦੀ ਮੁੜ ਉਸਾਰੀ ਵਿਚ ਵੱਡਾ ਹਿੱਸਾ ਪਾਇਆ ਸੀ।

ਮੇਰਾ ਘਰ ਜਪਾਨ ਵਿਚ ਹੈ। ਕੁਝ ਦਿਨ ਪਹਿਲਾਂ ਜਦੋਂ ਉੱਥੇ ਵੱਡਾ ਭੂਚਾਲ ਆਇਆ ਤਾਂ ਮੈਂ ਆਪਣੇ ਕੰਮ 'ਤੇ ਸਾਂ। ਅਸੀਂ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਅਤੇ ਕੁਝ ਦੇਰ ਬਾਅਦ ਆਮ ਵਾਂਗ ਕੰਮ ਵਿਚ ਰੁੱਝ ਗਏ। ਛੋਟੇ-ਮੋਟੇ ਭੂਚਾਲ ਜਪਾਨ ਦੇ ਆਮ ਜੀਵਨ ਦਾ ਹਿੱਸਾ ਹਨ। ਜਦੋਂ ਟੈਲੀਵਿਜ਼ਨ ਦੀਆਂ ਖ਼ਬਰਾਂ ਤੋਂ ਭੂਚਾਲ ਦੀ ਸ਼ਿੱਦਤ ਅੱਠਵੇਂ ਅਤੇ ਨੌਵੇਂ ਪੱਧਰ ਵਿਚਕਾਰ ਦੱਸੀ ਗਈ ਤਾਂ ਸਾਨੂੰ ਸਾਰਿਆਂ ਨੂੰ ਇਕਦਮ ਇਸ ਦੀ ਗੰਭੀਰਤਾ ਦਾ ਅਹਿਸਾਸ ਹੋ ਗਿਆ।

ਇਸ ਪੱਧਰ ਦਾ ਭੂਚਾਲ ਸਮੁੱਚੀ ਤਬਾਹੀ ਦਾ ਸੂਚਕ ਹੁੰਦਾ ਹੈ। ਭੂਚਾਲ ਦਾ ਐਪੀਸੈਂਟਰ ਭਾਵ ਕੇਂਦਰ ਧਰਤੀ ਤੋਂ ਸਾਢੇ ਤਿੰਨ ਸੌ ਕਿਲੋਮੀਟਰ ਦੂਰ ਸਮੁੰਦਰ ਵਿਚਕਾਰ ਸੀ। ਇੰਨਾ ਵੱਡਾ ਭੂਚਾਲ ਧਰਤੀ ਉੱਪਰ ਵਾਪਰੇ ਤਾਂ ਪਰਲੋ ਲੈ ਕੇ ਆਉਂਦਾ ਹੈ। ਜੇ ਸਮੁੰਦਰ ਵਿਚ ਵਾਪਰੇ ਤਾਂ ਸੁਨਾਮੀ ਲਹਿਰਾਂ ਲੈ ਕੇ ਆਉਂਦਾ ਹੈ। ਸਾਗਰ ਵਿਚੋਂ ਉੱਠਦੀਆਂ ਸੁਨਾਮੀ ਲਹਿਰਾਂ ਦੀ ਭਿਆਨਕਤਾ ਦਾ ਤਾਂ ਸਾਨੂੰ ਸਾਰਿਆਂ ਨੂੰ ਪਤਾ ਹੀ ਹੈ।

ਇਸ ਵਾਰ ਵੀ ਸੁਨਾਮੀ ਲਹਿਰਾਂ ਨੇ ਸੇਨਦਾਈ ਅਤੇ ਮਿਆਗੀ ਦੇ ਪਿੰਡਾਂ 'ਤੇ ਵੱਡੀ ਮਾਰ ਕੀਤੀ। ਹਜ਼ਾਰਾਂ ਕਾਰਾਂ, ਸਮੁੰਦਰੀ ਜਹਾਜ਼ ਅਤੇ ਘਰ ਸੁਨਾਮੀ ਲਹਿਰਾਂ ਦੇ ਨਾਲ-ਨਾਲ ਖਿਡੌਣਿਆਂ ਵਾਂਗ ਰੁੜ੍ਹਦੇ ਅਸੀਂ ਸਾਰਿਆਂ ਨੇ ਟੀ.ਵੀ. 'ਤੇ ਵੇਖੇ। ਸੋਲਾਂ ਹਜ਼ਾਰ ਲੋਕ ਜੀਵਨ ਅਤੇ ਪੰਜਾਹ ਲੱਖ ਦੇ ਕਰੀਬ ਆਪਣੇ ਘਰ ਗੁਆ ਬੈਠੇ। ਇੱਥੋਂ ਤੱਕ ਤਾਂ ਕੁਦਰਤ ਦੀ ਪ੍ਰਕੋਪੀ ਸੀ।

ਮਨੁੱਖਤਾ ਨੇ ਇਸ ਤਰ੍ਹਾਂ ਦੀਆਂ ਤਬਾਹੀਆਂ ਪਹਿਲਾਂ ਵੀ ਕਈ ਵਾਰ ਦੇਖੀਆਂ ਹਨ ਪਰ ਇਸ ਵਾਰ ਭੂਚਾਲ ਅਤੇ ਸੁਨਾਮੀ ਨੇ ਮਨੁੱਖ ਦੇ ਸਿਰਜੇ ਵਿਗਿਆਨਕ ਸਿਖਰ ਨਿਊਕਲੀਅਰ ਪਲਾਂਟਾਂ 'ਤੇ ਸਿੱਧੀ ਮਾਰ ਕੀਤੀ। ਇਨ੍ਹਾਂ ਪਲਾਂਟਾਂ ਤੋਂ ਬਿਜਲੀ ਤਿਆਰ ਕੀਤੀ ਜਾਂਦੀ ਹੈ। ਇਹ ਊਰਜਾ, ਐਟਮੀ ਬੰਬਾਂ ਵਰਗੀ ਹੀ ਹੁੰਦੀ ਹੈ। ਇਨ੍ਹਾਂ ਪਲਾਂਟਾਂ ਦੀ ਤਬਾਹੀ ਤੋਂ ਮਾਰੂ ਕਿਰਨਾਂ ਦੇ ਫੈਲਣ ਦਾ ਡਰ ਸਾਰੀ ਦੁਨੀਆਂ ਵਿਚ ਫੈਲ ਗਿਆ।

ਉੱਪਰ ਲਿਖੀਆਂ ਇਨ੍ਹਾਂ ਗੱਲਾਂ ਦਾ ਸਾਨੂੰ ਸਾਰਿਆਂ ਨੂੰ ਹੀ ਪਤਾ ਹੈ ਪਰ ਮੈਂ ਇੱਥੇ ਗੱਲ ਕੋਈ ਹੋਰ ਕਰਨੀ ਹੈ। ਜਦੋਂ ਇਹ ਖ਼ਬਰਾਂ ਭਾਰਤ ਵਿਚ ਵਸਦੇ ਮੇਰੇ ਪਰਿਵਾਰ ਅਤੇ ਮਿੱਤਰ ਪਿਆਰਿਆਂ ਤੱਕ ਪਹੁੰਚੀਆਂ ਤਾਂ ਸਭ ਨੇ ਮੇਰਾ ਫ਼ਿਕਰ ਕੀਤਾ ਅਤੇ ਖ਼ੈਰੀਅਤ ਮੰਗੀ। ਉਨ੍ਹਾਂ ਨੇ ਫ਼ੋਨ ਅਤੇ ਈ-ਮੇਲਾਂ ਰਾਹੀਂ ਮੇਰੀ ਸੁਖ-ਸਾਂਦ ਪੁੱਛੀ ਅਤੇ ਨਾਲ ਹੀ ਜਪਾਨ ਤੋਂ ਭਾਰਤ ਪਰਤਣ ਲਈ ਵੀ ਕਿਹਾ। ਮੈਂ ਇਹੀ ਗੱਲ ਆਪਣੇ ਪਰਿਵਾਰ ਵਿਚ ਕੀਤੀ ਅਤੇ ਕੁਝ ਦੇਰ ਲਈ ਜਪਾਨ ਤੋਂ ਬਾਹਰ ਜਾਣ ਦਾ ਸੁਝਾਅ ਦਿੱਤਾ। ਮੇਰੀ ਇਹ ਗੱਲ ਸੁਣ ਕੇ ਜਪਾਨ ਵਿਚ ਜੰਮੇ-ਪਲੇ ਮੇਰੇ ਬੇਟੇ ਨੇ ਕਿਹਾ ਕਿ ਪਾਪਾ! ਤੁਸੀਂ ਜਿੱਥੇ ਵੀ ਚਾਹੋ, ਜਾ ਸਕਦੇ ਹੋ ਪਰ ਮੈਂ ਤਾਂ ਤਬਾਹੀ ਵਾਲੇ ਪਿੰਡਾਂ ਵਿਚ ਵਸਦੇ ਲੋਕਾਂ ਦੀ ਸਹਾਇਤਾ ਕਰਨ ਲਈ ਆਪਣੇ ਦੋਸਤਾਂ ਨਾਲ ਜਾ ਰਿਹਾ ਹਾਂ।

ਇਹ ਗੱਲ ਸੁਣ ਕੇ ਮੈਂ ਸੋਚਣ ਲਈ ਮਜਬੂਰ ਹੋਇਆ। ਮੈਨੂੰ ਲੱਗਿਆ ਕਿ ਜਪਾਨੀ ਲੋਕ ਆਪਣੇ ਦੇਸ਼ ਨੂੰ ਕਿੰਨਾ ਪਿਆਰ ਕਰਦੇ ਹਨ। ਅਸੀਂ ਪੰਜਾਬੀ ਹਰ ਵੇਲੇ ਆਪਣੀ ਧਰਤੀ ਨੂੰ ਛੱਡ ਕੇ ਦੂਜੇ ਦੇਸ਼ਾਂ ਵਿਚ ਜਾਣ ਲਈ ਤਿਆਰ-ਬਰ-ਤਿਆਰ ਰਹਿੰਦੇ ਹਾਂ। ਦੇਸ਼ ਪਿਆਰ ਮਹਿਜ਼ ਗੱਲਾਂ ਬਾਤਾਂ ਦਾ ਵਿਸ਼ਾ ਨਹੀਂ ਹੁੰਦਾ। ਇਹ ਸਾਡੇ ਵਿਹਾਰ ਦਾ ਹਿੱਸਾ ਹੁੰਦਾ ਹੈ। ਇਸ ਹਾਦਸੇ ਤੋਂ ਬਾਅਦ ਜਪਾਨ ਦੇ ਕੁਝ ਖੇਤਰਾਂ ਵਿਚ ਬਿਜਲੀ ਦੀ ਕਮੀ ਨੂੰ ਪੂਰਾ ਕਰਨ ਲਈ ਸਾਰੇ ਲੋਕਾਂ ਨੂੰ ਬਿਜਲੀ ਦੀ ਵਰਤੋਂ ਵਿਚ ਸੰਜਮ ਵਰਤਣ ਦੀ ਬੇਨਤੀ ਸਰਕਾਰ ਵੱਲੋਂ ਕੀਤੀ ਗਈ। ਜਪਾਨ ਵਿਚ ਸਰਦੀ ਦਾ ਮੌਸਮ ਹੈ। ਮੈਂ ਆਪਣੇ ਕਮਰੇ ਵਿਚ ਏ.ਸੀ. ਚਲਾ ਕੇ ਬੈਠਾ ਸਾਂ ਤਾਂ ਮੇਰੀ ਪਤਨੀ ਨੇ ਆ ਕੇ ਮੈਨੂੰ ਉਲਾਂਭੇ ਵਾਂਗ ਕਿਹਾ ਕਿ ਜਦੋਂ ਕੌਮ 'ਤੇ ਮੁਸੀਬਤ ਪਈ ਹੋਵੇ ਤਾਂ ਅਸੀਂ ਕੁਝ ਦਿਨ ਬਿਨਾਂ ਏ.ਸੀ. ਦੇ ਵੀ ਗੁਜ਼ਾਰਾ ਕਰ ਸਕਦੇ ਹਾਂ।

ਇਸ ਬੁੱਧਵਾਰ ਮੈਨੂੰ ਸ੍ਰੀਲੰਕਾ ਜਾਣਾ ਪਿਆ। ਕੋਲੰਬੋ ਸ਼ਹਿਰ ਦੇ ਬਾਹਰ ਇਕ ਬੋਧੀ ਮੰਦਰ ਵਿਚ ਜਾਣ ਦਾ ਮੌਕਾ ਮਿਲਿਆ। ਉੱਥੇ ਕੁਝ ਬੋਧੀ ਭਿਖੂ ਅਤੇ ਬਹੁਤ ਸਾਰੇ ਆਮ ਲੋਕ ਰਲ ਕੇ ਬੋਧੀ ਸੂਤਰਾਂ ਦਾ ਜਾਪ ਕਰ ਰਹੇ ਸਨ। ਮੈਂ ਆਪਣੇ ਨਾਲ ਗਈ ਸ੍ਰੀਲੰਕਾ ਵਾਲੀ ਮਿੱਤਰ ਨੂੰ ਇਸ ਦਾ ਕਾਰਨ ਪੁੱਛਿਆ ਤਾਂ ਉਸ ਨੇ ਕਿਹਾ ਕਿ ਇਹ ਸਾਰੇ ਲੋਕ ਜਪਾਨ ਵਿਚ ਵਾਪਰੇ ਦੁਖਾਂਤ ਦੇ ਪੀੜਤ ਲੋਕਾਂ ਦੀ ਸੁਖ-ਸਾਂਦ ਵਾਸਤੇ ਅਰਦਾਸ ਕਰ ਰਹੇ ਹਨ। ਕੁਝ ਦੇਰ ਬਾਅਦ ਮੈਨੂੰ ਭਾਰਤ ਤੋਂ ਇਕ ਦੋਸਤ ਦਾ ਫ਼ੋਨ ਆਇਆ ਅਤੇ ਉਸ ਨੇ ਦੱਸਿਆ ਕਿ ਸਾਡੇ ਮੁਹੱਲੇ ਦੀਆਂ ਔਰਤਾਂ ਨੇ ਅੱਜ ਜਪਾਨੀ ਲੋਕਾਂ ਦੀ ਖ਼ੈਰੀਅਤ ਲਈ ਸੁਖਮਨੀ ਸਾਹਿਬ ਦਾ ਪਾਠ ਕੀਤਾ ਹੈ।

ਇੱਥੋਂ ਮੈਨੂੰ ਇਸ ਗੱਲ ਦਾ ਅਹਿਸਾਸ ਹੋਇਆ ਕਿ ਮਨੁੱਖਤਾ ਇਕ ਦੂਜੇ ਦੇ ਕਿੰਨਾ ਨੇੜੇ ਹੁੰਦੀ ਹੈ ਅਤੇ ਇਕ ਦੂਜੇ ਦੀ ਸੁਖ-ਸਾਂਦ ਸੁਭਾਵਕ ਹੀ ਲੋਚਦੀ ਹੈ। ਪੰਜਾਬੀ ਦਾ ਅਖਾਣ ਹੈ-ਬੰਦਾ ਹੀ ਬੰਦੇ ਦਾ ਦਾਰੂ ਹੁੰਦਾ ਹੈ। ਜਪਾਨੀ/ਬੋਧੀ ਅਖਾਣ ਹੈ-ਜੇ ਤੁਹਾਡੇ ਪਿੰਡ ਤਿਤਲੀ ਪਰ ਹਿਲਾਉਂਦੀ ਹੈ ਤਾਂ ਸੱਤ ਸਮੁੰਦਰ ਪਾਰ ਤੂਫਾਨ ਆ ਜਾਂਦਾ ਹੈ; ਭਾਵ ਇੰਨਾ ਹੀ ਹੈ ਕਿ ਇਹ ਸਾਰੀ ਮਨੁੱਖਤਾ ਅਤੇ ਕੁਦਰਤ ਇਕ ਦੂਜੇ ਨਾਲ ਬਹੁਤ ਨੇੜੇ ਤੋਂ ਜੁੜੇ ਹੋਏ ਹਨ। ਅਸੀਂ ਜੋ ਵੀ ਕਰਦੇ ਹਾਂ, ਉਸ ਦੇ ਬੜੇ ਦੂਰਦਰਸ਼ੀ ਨਤੀਜੇ ਸੰਭਵ ਹੁੰਦੇ ਹਨ।

ਸੰਚਾਰ ਸਾਧਨਾਂ ਨੇ ਦੁਨੀਆਂ ਨੂੰ ਇਕ-ਦੂਜੇ ਦੇ ਬਹੁਤ ਨੇੜੇ ਲੈ ਆਂਦਾ ਹੈ। ਅਸੀਂ ਦੂਰ ਦੇਸ਼ ਵਿਚ ਵਸਦੇ ਲੋਕਾਂ ਨੂੰ ਆਪਣੇ ਨੇੜੇ ਮਹਿਸੂਸ ਕਰ ਸਕਦੇ ਹਾਂ। ਨਾਲ ਹੀ ਇਹੀ ਸੰਚਾਰ ਸਾਧਨ ਸਾਡੇ ਮਨਾਂ ਅੰਦਰ ਬੇਲੋੜੇ ਡਰ-ਸਹਿਮ ਵੀ ਪੈਦਾ ਕਰ ਦਿੰਦੇ ਹਨ। ਮੈਂ ਹੁਣੇ ਹੁਣੇ ਹੀ ਭਾਰਤ ਪਹੁੰਚਿਆ ਹਾਂ ਅਤੇ ਬਹੁਤ ਸਾਰੇ ਲੋਕਾਂ ਨੇ ਜਪਾਨ ਵਿਚਲੇ ਨਿਊਕਲੀਅਰ ਪਲਾਂਟਾਂ ਵਿਚੋਂ ਉਠਣ ਵਾਲੀਆਂ ਰੇਡੀਏਸ਼ਨ ਜਾਂ ਐਟਮੀ ਕਿਰਨਾਂ ਪ੍ਰਤੀ ਆਪਣੀ ਫ਼ਿਕਰ ਜ਼ਾਹਰ ਕੀਤਾ ਹੈ। ਉਨ੍ਹਾਂ ਦਾ ਖਿਆਲ ਹੈ ਕਿ ਅਗਲੀ ਵਰਖਾ ਦੀਆਂ ਬੂੰਦਾਂ ਉਨ੍ਹਾਂ ਲਈ ਜ਼ਹਿਰੀਲੀਆਂ ਸਿੱਧ ਹੋ ਸਕਦੀਆਂ ਹਨ। ਫੂਕੂਸ਼ੀਮਾ ਸ਼ਹਿਰ ਵਿਚਲੇ ਨਿਊਕਲੀਅਰ ਪਲਾਂਟਾਂ ਦੀ ਤਬਾਹੀ ਬਿਨਾਂ ਸ਼ੱਕ ਖ਼ਤਰਨਾਕ ਹਾਦਸਾ ਹੈ। ਜਪਾਨੀ ਸਰਕਾਰ ਨੇ ਫੂਕੂਸ਼ੀਮਾ ਸ਼ਹਿਰ ਦੇ ਆਲੇ-ਦੁਆਲੇ ਦੇ ਤੀਹ ਕਿਲੋਮੀਟਰ ਵਿਚ ਵਸਦੇ ਲੋਕਾਂ ਨੂੰ ਉੱਥੋਂ ਦੂਰ ਜਾਣ ਲਈ ਕਹਿ ਦਿੱਤਾ ਹੈ। ਜਪਾਨ ਦੇ ਬਾਕੀ ਹਿੱਸਿਆਂ ਵਿਚ ਵਸਦੇ ਲੋਕਾਂ ਨੇ ਆਪਣੀ ਸਮਝ ਅਤੇ ਸਹਿਜਤਾ ਨੂੰ ਕਾਇਮ ਰੱਖਿਆ ਹੈ। ਉਹ ਆਪਣੇ ਕੰਮਾਂ-ਕਾਰਾਂ ਵਿਚ ਪੂਰੇ ਤਨ-ਮਨ ਨਾਲ ਸਰਗਰਮ ਹਨ। ਦੁਨੀਆਂ ਭਰ ਦੇ ਵਿਗਿਆਨੀ ਵੀ ਇਸ ਹਾਦਸੇ ਦੀ ਤਬਾਹੀ ਦਾ ਅਸਰ ਘੱਟ ਤੋਂ ਘੱਟ ਸੀਮਤ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ।

ਮੈਂ ਜਪਾਨ ਵਿਚ ਵੱਸਣ ਵਾਲਾ ਆਮ ਪੰਜਾਬੀ ਹਾਂ, ਇਸ ਲਈ ਦੋਹਾਂ ਸੱਭਿਆਚਾਰਾਂ ਨਾਲ ਨੇੜੇ ਤੋਂ ਜੁੜਿਆ ਹੋਇਆ ਹਾਂ। ਜਿਵੇਂ ਪੰਜਾਬੀ ਲੋਕ ਆਪਣੇ ਕੁਝ ਖਾਸ ਗੁਣਾਂ ਕਾਰਨ ਦੁਨੀਆਂ ਭਰ ਵਿਚ ਮਸ਼ਹੂਰ ਹਨ, ਉਂਜ ਹੀ ਜਪਾਨੀਆਂ ਦੇ ਕੁਝ ਗੁਣਾਂ ਨੂੰ ਵੀ ਜਾਣ ਲੈਣਾ ਸਾਡੇ ਲਈ ਦਿਲਚਸਪ ਵੀ ਹੈ ਅਤੇ ਸਿੱਖਿਆਦਾਇਕ ਵੀ।

ਜਪਾਨੀਆਂ ਦਾ ਪਹਿਲਾ ਗੁਣ ਉਨ੍ਹਾਂ ਦਾ ਮਿਹਨਤੀ ਹੋਣਾ ਹੈ। ਉਨ੍ਹਾਂ ਦਾ ਇਹ ਗੁਣ ਪੰਜਾਬੀਆਂ ਨਾਲ ਸਾਂਝਾ ਹੈ। ਦੂਜਾ, ਉਹ ਆਪਣੇ ਆਪ ਨਾਲੋਂ ਆਪਣੇ ਆਲੇ-ਦੁਆਲੇ ਨੂੰ ਪਹਿਲ ਦੇਣਾ ਜ਼ਰੂਰੀ ਸਮਝਦੇ ਹਨ। ਉਹ ਆਪਣੇ ਦੋਸਤਾਂ, ਕੰਮ-ਕਾਰ ਵਾਲੀ ਸੰਸਥਾ ਅਤੇ ਸਮੁੱਚੇ ਸਮਾਜ ਲਈ ਆਪਣੇ ਸਾਰੇ ਸੁੱਖ-ਸਾਧਨ ਅਤੇ ਜੀਵਨ ਤਕ ਕੁਰਬਾਨ ਕਰ ਸਕਦੇ ਹਨ। ਤੀਜਾ, ਉਹ ਵੱਡੀ ਤੋਂ ਵੱਡੀ ਮੁਸੀਬਤ ਅਤੇ ਤਬਾਹੀ ਵੇਲੇ ਵੀ ਸਹਿਜ ਰਹਿੰਦੇ ਹਨ। ਪਿਛਲੇ ਹਫਤੇ ਭੂਚਾਲ ਨਾਲ ਤਬਾਹ ਹੋਏ ਇਕ ਪਿੰਡ ਦੇ ਮਲਬੇ ਵਿਚੋਂ ਜਦੋਂ ਸੱਤਰ-ਅੱਸੀ ਸਾਲ ਦੇ ਬਿਰਧ ਨੂੰ ਤਿੰਨ ਦਿਨ ਬਾਅਦ ਬਾਹਰ ਕੱਢਿਆ ਗਿਆ ਤਾਂ ਉਸ ਦਾ ਪਹਿਲਾ ਵਾਕ ਇਹ ਸੀ-ਮੁੜ ਕੇ ਹਿੰਮਤ ਮਾਰੋ ਅਤੇ ਮੁੜ ਕੇ ਸਭ ਉਸਾਰੋ। ਇਹ ਬਿਰਧ ਉਸ ਪੀੜ੍ਹੀ ਦਾ ਹੈ ਜਿਸ ਨੇ ਹੀਰੋਸ਼ੀਮਾ ਅਤੇ ਨਾਗਾਸਾਕੀ ਦੇ ਐਟਮੀ ਧਮਾਕਿਆਂ ਤੋਂ ਬਾਅਦ ਜਪਾਨ ਦੀ ਮੁੜ ਉਸਾਰੀ ਵਿਚ ਵੱਡਾ ਹਿੱਸਾ ਪਾਇਆ ਸੀ।

ਮੈਂ ਆਪਣੀ ਗੱਲ ਪੰਜਾਬੀ ਸ਼ਾਇਰ ਪ੍ਰਮਿੰਦਰਜੀਤ ਦੀਆਂ ਇਨ੍ਹਾਂ ਕਾਵਿ-ਸਤਰਾਂ ਨਾਲ ਖ਼ਤਮ ਕਰਦਾ ਹਾਂ:

ਉਹ ਜਾਗ ਪਏ ਸਨ
ਹੀਰੋਸ਼ੀਮਾ ਤੇ ਨਾਗਾਸਾਕੀ ਦੀਆਂ ਕਬਰਗਾਹਾਂ 'ਚੋਂ ਵੀ
ਉਨ੍ਹਾਂ ਜਾਗ ਹੀ ਪੈਣਾ ਸੀ
ਫੇਰ ਵੇਖੇਗੀ ਕੁਦਰਤ ਤੇ ਸਗਲ ਸੰਸਾਰ
ਉਨ੍ਹਾਂ ਨੂੰ ਹਰ ਸੰਘਣੀ ਰਾਤ ਤੋਂ ਬਾਅਦ
ਜਾਗਣ ਦੀ ਜਾਚ ਹੈ।



*ਸੁਨਾਮੀ ਦੀ ਮਾਰ ਦੇ ਬਾਵਜੂਦ ਮੁੜ-ਉਸਾਰੀ ਵਿਚ ਰੁੱਝੇ ਜਪਾਨ ਦੇ ਹਿੰਮਤੀ ਲੋਕ*

# ਪ੍ਰਮਾਣੂ ਕਿਰਨਾਂ ਦੇ ਮਾਰੂ ਅਸਰ

**ਭਜਨ ਸਿੰਘ**

ਪਿਛਲੇ ਕਈ ਦਹਾਕਿਆਂ ਤੋਂ ਰੇਡੀਏਸ਼ਨ ਦੇ ਵਿਸ਼ੇ ਦਾ ਵਿਸਥਾਰ ਏਨਾ ਜ਼ਿਆਦਾ ਹੋਇਆ ਹੈ ਕਿ ਇਸ ਨੂੰ ਕੁਝ ਸ਼ਬਦਾਂ ਵਿਚ ਵਰਨਣ ਕਰਨਾ ਮੁਸ਼ਕਿਲ ਹੀ ਨਹੀਂ ਸਗੋਂ ਨਾਮੁਮਕਿਨ ਹੈ। ਧਰਤੀ 'ਤੇ ਹਰ ਕਿਸਮ ਦਾ ਜੀਵਨ ਜਿਸ ਵਿਚ ਮਨੁੱਖਤਾ ਵੀ ਆਉਂਦੀ ਹੈ, ਲਗਾਤਾਰ ਧਰਾਤਲੀ ਅਤੇ ਬ੍ਰਹਿਮੰਡੀ ਘੱਟ ਪੱਧਰ ਦੀਆਂ ਕੁਦਰਤੀ ਰੇਡੀਏਸ਼ਨਾਂ ਨਾਲ ਪ੍ਰਭਾਵਿਤ ਹੋ ਰਿਹਾ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਮਨੁੱਖਤਾ ਇਨ੍ਹਾਂ ਰੇਡੀਏਸ਼ਨਾਂ ਦੀ ਮੌਜੂਦਗੀ ਵਿਚ ਹੀ ਪੈਦਾ ਹੋਈ ਹੈ। ਰੇਡੀਏਸ਼ਨ ਵਿਚ ਐਕਸ-ਰੇਅ ਅਤੇ ਗਾਮਾ ਕਿਰਨਾਂ ਤੋਂ ਇਲਾਵਾ ਇਨਫਰਾਰੈੱਡ, ਪ੍ਰਕਾਸ਼ ਅਤੇ ਅਲਟਰਾ ਵਾਇਲਟ ਕਿਰਨਾਂ ਆਦਿ ਵੀ ਆਉਂਦੀਆਂ ਹਨ। ਐਕਸ-ਰੇਅ ਕਿਰਨਾਂ ਐਟਮ ਦੇ ਬਾਹਰਲੇ ਹਿੱਸੇ ਤੋਂ ਇਲੈਕਟ੍ਰਾਨ ਦੀ ਅਸਥਿਰਤਾ ਤੋਂ ਪੈਦਾ ਹੁੰਦੀਆਂ ਹਨ ਅਤੇ ਗਾਮਾ ਕਿਰਨਾਂ ਐਟਮ ਦੇ ਅੰਦਰੂਨੀ ਹਿੱਸੇ ਤੋਂ ਪ੍ਰੋਟੋਨਾਂ ਅਤੇ ਨਿਊਟ੍ਰੋਨਾਂ ਦੀ ਅਸਥਿਰਤਾ ਤੋਂ ਪੈਦਾ ਹੁੰਦੀਆਂ ਹਨ। ਇਨਾਂ ਰੇਡੀਏਸ਼ਨਾਂ ਦੀ ਉਤਪਤੀ ਦੋ ਤਰੀਕਿਆਂ ਨਾਲ ਹੁੰਦੀ ਹੈ। ਇਕ ਤਾਂ ਕੁਦਰਤੀ ਤੌਰ 'ਤੇ ਦੂਜਾ ਵਿਗਿਆਨਕ ਤਰੀਕੇ ਵਰਤ ਕੇ। ਕੁਦਰਤੀ ਤੌਰ 'ਤੇ, ਪੈਦਾ ਹੋਈਆਂ ਰੇਡੀਏਸ਼ਨਾਂ ਦੀ ਉਤਪਤੀ ਬਿਗ ਬੈਂਗ ਸਿਧਾਂਤਵਾਦ ਤੋਂ ਹੋਈ ਜਿਸ ਨੂੰ ਇਸ ਬ੍ਰਹਿਮੰਡ ਦੇ ਸ਼ੁਰੂਆਤ ਦਾ ਸਮਾਂ ਮੰਨਿਆ ਜਾਂਦਾ ਹੈ। ਇਹ ਰੇਡੀਏਸ਼ਨ ਪਦਾਰਥਾਂ ਦੇ ਅੰਦਰੂਨੀ ਹਿੱਸੇ ਵਿਚ ਅਸਥਿਰਤਾ ਪੈਦਾ ਕਰਕੇ, ਜੋ ਪਦਾਰਥ ਇਸ ਕਿਰਿਆ ਨਾਲ ਬਣਦੇ ਹਨ ਉਨ੍ਹਾਂ ਨੂੰ ਰੇਡੀਓ ਆਈਸੋਟੋਪ ਕਹਿੰਦੇ ਹਨ। ਜਿਵੇਂ ਯੂਰੇਨੀਅਮ, ਥੋਰੀਅਮ, ਪੋਟਾਸ਼ੀਅਮ ਅਤੇ ਰੁਬੀਡੀਅਮ ਆਦਿ। ਮਨੁੱਖ ਦੁਆਰਾ ਬਣਾਈਆਂ ਗਈਆਂ ਰੇਡੀਏਸ਼ਨਾਂ ਦੀ ਉਤਪਤੀ ਐਟਮੀ ਐਕਸਲਰੇਟਰ ਅਤੇ ਐਟਮੀ ਰਿਐਕਟਰਾਂ ਨੂੰ ਵਰਤ ਕੇ ਕੀਤੀ ਜਾਂਦੀ ਹੈ। ਇਸ ਕਿਰਿਆ ਨਾਲ ਹਰ ਤਰ੍ਹਾਂ ਦੇ ਰੇਡੀਓ ਆਈਸੋਟੋਪ ਬਣਾਏ ਜਾਂਦੇ ਹਨ ਜਿਨ੍ਹਾਂ ਦੀ ਵਰਤੋਂ ਵੱਖ-ਵੱਖ ਖੇਤਰਾਂ ਵਿਚ ਮਨੁੱਖਤਾ ਦੀ ਭਲਾਈ ਲਈ ਕੀਤੀ ਜਾਂਦੀ ਹੈ। ਇਸ ਤਰ੍ਹਾਂ ਨਾਲ ਉਤਪਤ ਕੀਤੇ ਰੇਡੀਓ ਆਈਸੋਟੋਪ ਆਮ ਕਰਕੇ ਤਿੰਨ ਕਿਸਮ ਦੀਆਂ ਰੇਡੀਏਸ਼ਨ ਕਿਰਨਾਂ ਛੱਡਦੇ ਹਨ; ਅਲਫਾ ਅਤੇ ਬੀਟਾ ਕਣ ਅਤੇ ਗਾਮਾ ਰੇਡੀਏਸ਼ਨ। ਮੈਡੀਕਲ ਤੇ ਬਾਇਓਲੋਜੀ ਦੇ ਖੇਤਰ ਵਿਚ ਗਾਮਾ ਰੇਡੀਏਸ਼ਨ ਮਨੁੱਖਤਾ ਦੀ ਭਲਾਈ ਲਈ ਦੋ ਤਰੀਕਿਆਂ ਨਾਲ ਵਰਤੀਆਂ ਜਾਂਦੀਆਂ ਹਨ। ਇਕ ਤਾਂ ਬਿਮਾਰੀਆਂ ਦੀ ਤਸ਼ਖ਼ੀਸ ਕਰਨ ਲਈ ਅਤੇ ਦੂਸਰੀਆਂ ਬਿਮਾਰੀਆ ਦੇ ਇਲਾਜ ਕਰਨ ਲਈ।

ਖੇਤੀਬਾੜੀ ਦੇ ਖੇਤਰ ਵਿਚ ਰੇਡੀਓ ਆਈਸੋਟੋਪ ਬੀਜਾਂ ਦੀ ਅਨੁਵਾਰ ਬਣਤਰ ਨੂੰ ਬਦਲ ਕੇ ਚੰਗੀ ਕਿਸਮ ਦੇ ਬੀਜ ਤਿਆਰ ਕਰਨ ਲਈ ਵਰਤੇ ਜਾਂਦੇ ਹਨ ਤਾਂ ਕਿ ਫਸਲ ਦਾ ਝਾੜ ਵਧਾਇਆ ਜਾ ਸਕੇ ਅਤੇ ਫਸਲ ਬਿਮਾਰੀਆਂ ਤੋਂ ਰਹਿਤ ਅਤੇ ਚੰਗੀ ਕਿਸਮ ਦੀ ਹੋਵੇ। ਸਨਅਤ ਦੇ ਖੇਤਰ ਵਿਚ ਰੇਡੀਓ ਆਈਸੋਟੋਪਾਂ ਦੀ ਬਹੁਤ ਅਹਿਮੀਅਤ ਹੈ ਜਿਵੇਂ ਕਿਸੇ ਅਪਾਰਦਰਸ਼ੀ ਵਸਤੂ ਦੀ ਬਣਤਰ ਜਾਨਣ ਲਈ, ਮੋਟਾਈ-ਚੌੜਾਈ ਜਾਨਣ ਲਈ, ਬਿਨਾਂ ਤੋੜਨ ਤੋਂ ਖ਼ਲਾਅ ਅਤੇ ਤ੍ਰੇੜ ਦਾ ਪਤਾ ਲਗਾਉਣ ਲਈ ਅਤੇ ਪਦਾਰਥਾਂ ਵਿਚ ਤੱਤਾਂ ਦੀ ਮਾਤਰਾ ਜਾਨਣ ਲਈ ਆਦਿ। ਵੱਖ-ਵੱਖ ਖੇਤਰਾਂ ਵਿਚ ਖੋਜ ਕਰਨ ਲਈ ਇਨ੍ਹਾਂ ਰੇਡੀਓ ਆਈਸੋਟੋਪਾਂ ਦੀ ਵਰਤੋਂ ਕਈ ਤਰੀਕਿਆਂ ਨਾਲ ਕੀਤੀ ਜਾਂਦੀ ਹੈ।

ਪ੍ਰਮਾਣੂ ਊਰਜਾ ਦੇ ਖੇਤਰ ਵਿਚ ਨਿਊਕਲੀਅਰ ਕਿਰਨਾਂ ਦੀ ਬਹੁਤ ਮਹੱਤਤਾ ਹੈ। ਹਰ ਖੇਤਰ ਵਿਚ ਉਰਜਾ ਦੀ ਲੋੜ ਨੂੰ ਪੂਰਾ ਕਰਨ ਲਈ ਪ੍ਰਮਾਣੂ ਤਰੀਕੇ ਨਾਲ ਬਿਜਲੀ ਬਣਾਉਣ ਦੀ ਤਕਨੀਕ ਨੂੰ ਉੱਤਮ ਮੰਨਿਆ ਜਾਂਦਾ ਹੈ। ਪ੍ਰਮਾਣੂ ਉਰਜਾ ਦੋ ਤਰੀਕਿਆਂ ਨਾਲ ਪੈਦਾ ਕੀਤੀ ਜਾਂਦੀ ਹੈ। ਇਕ ਨਿਊਕਲੀ ਵਿਖੰਡਨ ਨਾਲ ਅਤੇ ਦੂਸਰੀ ਨਿਊਕਲੀ ਸੰਯੋਜਨ ਨਾਲ। ਇਹ ਕੰਮ ਨਿਊਕਲੀਅਰ ਰਿਐਕਟਰਾਂ ਦੁਆਰਾ ਕੀਤਾ ਜਾਂਦਾ ਹੈ। ਜੇਕਰ ਇਨ੍ਹਾਂ ਰਿਐਕਟਰਾਂ ਵਿਚੋਂ ਰੇਡੀਓ ਐਕਟੀਵਿਟੀ ਬਾਹਰ ਆ ਜਾਵੇ ਤਾਂ ਬਹੁਤ ਹੀ ਨੁਕਸਾਨਦਾਇਕ ਹੁੰਦੀ ਹੈ।

## ਭਾਰਤ ਜਪਾਨ ਹਾਦਸੇ ਤੋਂ ਸਬਕ ਸਿੱਖੇ

**ਪ੍ਰਫੁੱਲ ਬਿਦਵਈ**

ਆਲਮੀ ਪ੍ਰਮਾਣੂ ਸਨਅਤ ਚਰਨੋਬਲ (ਯੂਕਰੇਨ) ਦੁਰਘਟਨਾ ਦੀ ਪੀੜਾ ਤੋਂ ਅਜੇ ਵੀ ਪੂਰੀ ਤਰ੍ਹਾਂ ਉੱਭਰੀ ਨਹੀਂ। ਇਹ ਕੌੜਾ ਇਤਫ਼ਾਕ ਅਤੇ ਭਿਆਨਕ ਹੈਰਾਨੀ ਵਾਲੀ ਗੱਲ ਹੈ ਕਿ ਇਸ ਤੋਂ ਅਗਲੀ ਦੁਰਘਟਨਾ ਵੀ ਚਰਨੋਬਲ ਕਾਂਡ ਦੀ 25ਵੀਂ ਵਰ੍ਹੇਗੰਢ (26 ਅਪ੍ਰੈਲ) ਨੇੜੇ ਜਾ ਕੇ ਹੀ ਵਾਪਰੀ ਹੈ। ਇਹ ਦੁਰਘਟਨਾ ਫੂਕੂਸ਼ੀਮਾ (ਜਾਪਾਨ) ਵਿਚ ਪ੍ਰਮਾਣੂ ਪਲਾਂਟਾਂ ਵਿਚ ਧਮਾਕਾ ਹੋਣ ਨਾਲ ਵਾਪਰੀ ਹੈ। ਕੁਝ ਪੱਖਾਂ ਤੋਂ ਹਾਲੀਆ ਦੁਰਘਟਨਾ ਚਰਨੋਬਲ ਤੋਂ ਵਧੇਰੇ ਗੰਭੀਰ ਹੈ। ਯੂਕਰੇਨ ਹਾਦਸੇ ਨੂੰ ਤਾਂ ਸਨਅਤੀ ਤੌਰ 'ਤੇ ਪਛੜੇ ਸਮਾਜ ਵਿਚ ਪ੍ਰਮਾਣੂ ਮਸ਼ੀਨਰੀ ਦੇ ਦੋਸ਼ ਪੂਰਨ ਢਾਂਚੇ ਅਤੇ ਖਰਾਬ ਸੰਚਾਲਨ ਵਿਧੀਆਂ ਨਾਲ ਜੋੜਿਆ ਜਾ ਸਕਦਾ ਹੈ ਪਰ ਜਾਪਾਨ ਦੁਰਘਟਨਾ ਨੂੰ ਨਹੀਂ। ਜਾਪਾਨ ਵਿਚ ਸੰਸਾਰ ਦਾ ਤੀਜਾ ਸਭ ਤੋਂ ਵੱਡਾ ਪ੍ਰਮਾਣੂ ਪਲਾਂਟਾਂ ਦਾ ਝੁੰਡ ਹੈ ਜਿਨ੍ਹਾਂ ਤੋਂ ਇਸ ਦੇਸ਼ ਦੀਆਂ ਬਿਜਲੀ ਦੀਆਂ ਇਕ-ਤਿਹਾਈ ਲੋੜਾਂ ਪੂਰੀਆਂ ਹੁੰਦੀਆਂ ਹਨ।

ਪ੍ਰਮਾਣੂ ਪਲਾਂਟਾਂ ਦੇ ਸਭ ਤੋਂ ਵਧੀਆ ਪ੍ਰਬੰਧਾਂ ਲਈ ਜਾਪਾਨ ਨੇ ਆਲਮੀ ਪ੍ਰਮਾਣੂ ਸਨਅਤ ਵਿਚ ਨਾਮਣਾ ਖੱਟਿਆ ਹੈ ਪਰ ਧਮਾਕਿਆਂ, ਭੂਚਾਲਾਂ, ਫਾਸਟ-ਬਰੀਡਰ ਪਲਾਂਟਾਂ ਦੇ ਸੰਕਟਾਂ ਅਤੇ ਰੇਡੀਓ ਐਕਟਿਵ ਕਿਰਨਾਂ ਦੇ ਥੋੜ੍ਹੇ ਰਿਸਾਅ ਦੇ ਰੂਪ 'ਚ ਵਾਪਰੇ ਹਾਦਸਿਆਂ ਕਾਰਨ ਜਾਪਾਨ ਦਾ ਪ੍ਰਮਾਣੂ ਸ਼ਕਤੀ ਪ੍ਰੋਗਰਾਮ ਸੰਕਟ ਵਿਚ ਰਿਹਾ ਹੈ। ਇਸ ਤੋਂ ਪਹਿਲਾਂ ਇਥੇ ਕਦੇ ਵੀ ਪ੍ਰਮਾਣੂ ਹਾਦਸੇ ਨੇ ਏਨੀ ਤਬਾਹੀ ਨਹੀਂ ਮਚਾਈ।

ਇਹ ਸੰਕਟ ਭਾਰਤ ਲਈ ਵੱਡਾ ਸਬਕ ਹੈ ਜੋ ਵੱਡੀ ਪੱਧਰ 'ਤੇ ਪ੍ਰਮਾਣੂ ਸ਼ਕਤੀ ਪ੍ਰਸਾਰ ਪ੍ਰੋਗਰਾਮ ਚਲਾ ਰਿਹਾ ਹੈ। ਪਹਿਲਾ, ਪ੍ਰਮਾਣੂ ਸ਼ਕਤੀ ਉਤਪਾਦਨ ਮੁਢਲੇ ਤੌਰ 'ਤੇ ਤਬਾਹਕੁਨ ਹੈ। ਸਿਰਫ ਇਹ ਹੀ ਊਰਜਾ ਪੈਦਾਵਾਰ ਦਾ ਅਜਿਹਾ ਢੰਗ ਹੈ ਜੋ ਤਬਾਹਕੁਨ ਹਾਦਸੇ ਦਾ ਸਬੱਬ ਬਣ ਸਕਦਾ ਹੈ ਅਤੇ ਜਿਸ ਨਾਲ ਸਿਹਤ ਤੇ ਵਾਤਾਵਰਨ ਦਾ ਵੱਡਾ ਤੇ ਚਿਰ-ਸਥਾਈ ਨੁਕਸਾਨ ਹੁੰਦਾ ਹੈ। ਮਨੁੱਖੀ ਗ਼ਲਤੀ ਜਾਂ ਕੁਦਰਤੀ ਆਫ਼ਤ ਤਬਾਹੀ ਕਰ ਸਕਦੀ ਹੈ।

ਰਿਐਕਟਰ ਅਜਿਹੀ ਪ੍ਰਣਾਲੀ ਹੈ ਜਿਸ ਵਿਚ ਉੱਚ ਦਬਾਅ ਤੇ ਉੱਚ ਤਾਪਮਾਨ ਹੁੰਦਾ ਹੈ ਅਤੇ ਜਿਸ ਵਿਚ ਉੱਚ ਊਰਜਾ ਵਿਖੰਡਨ ਲੜੀ ਪ੍ਰਤੀਕਿਰਿਆ ਨੂੰ ਕੰਟਰੋਲ ਕੀਤਾ ਗਿਆ ਹੁੰਦਾ ਹੈ। ਵੱਖ-ਵੱਖ ਪ੍ਰਮਾਣੂ ਰਿਐਕਟਰ ਪ੍ਰਣਾਲੀਬੱਧ ਤਰੀਕੇ ਨਾਲ ਪੇਚੀਦਾ ਤੇ ਅੰਦਰੂਨੀ ਤੌਰ 'ਤੇ ਸਖ਼ਤ ਤਰੀਕੇ ਨਾਲ ਜੁੜੇ ਹੁੰਦੇ ਹਨ। ਜੇਕਰ ਇਕ ਰਿਐਕਟਰ ਵਿਚ ਖਰਾਬੀ ਪੈਦਾ ਹੁੰਦੀ ਹੈ ਤਾਂ ਉਹ ਤੁਰੰਤ ਦੂਜਿਆਂ ਤੱਕ ਤਬਦੀਲ ਹੋ ਜਾਂਦੀ ਹੈ ਤੇ ਉਦੋਂ ਤੱਕ ਵਧਦੀ ਰਹਿੰਦੀ ਹੈ ਜਦੋਂ ਤੱਕ ਪੂਰਾ ਸਿਸਟਮ ਸੰਕਟ 'ਚ ਨਹੀਂ ਘਿਰ ਜਾਂਦਾ।

ਦੂਜਾ, ਪ੍ਰਮਾਣੂ ਊਰਜਾ ਪ੍ਰੋਗਰਾਮ ਦੇ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਹਰ ਪੜਾਅ 'ਤੇ ਰੇਡੀਏਸ਼ਨਾਂ ਦਾ ਨਿਕਾਸ ਹੁੰਦਾ ਹੈ। ਪ੍ਰਮਾਣੂ ਰਿਐਕਟਰ ਆਪਣੇ ਪਿੱਛੇ ਜੋ ਕਚਰਾ ਛੱਡਦੇ ਹਨ, ਉਹ ਵੀ ਰੇਡੀਓਐਕਟਿਵ ਕਿਰਨਾਂ ਛੱਡਦਾ ਹੈ ਤੇ ਹਜ਼ਾਰਾਂ ਸਾਲਾਂ ਤੱਕ ਤਬਾਹਕੁਨ ਬਣਿਆ ਰਹਿੰਦਾ ਹੈ। ਵਿਗਿਆਨ ਅਜੇ ਤੱਕ ਇਸ ਕਚਰੇ ਦੇ ਸੁਰੱਖਿਅਤ ਭੰਡਾਰਨ ਦਾ ਤਰੀਕਾ ਨਹੀਂ ਲੱਭ ਸਕਿਆ।

ਤੀਜਾ, ਭਾਰਤ ਵਿਚ ਅਜਿਹੀ ਕੋਈ ਨਿਰਪੱਖ ਅਥਾਰਟੀ ਨਹੀਂ ਹੈ ਜੋ ਪ੍ਰਮਾਣੂ ਸੁਰੱਖਿਆ ਦੇ ਮਿਆਰਾਂ ਨੂੰ ਤੈਅ ਕਰ ਸਕੇ ਅਤੇ ਰਿਐਕਟਰਾਂ ਦੀ ਸੁਰੱਖਿਆ ਲਈ ਨਿਯਮ ਬਣਾ ਸਕੇ। ਪ੍ਰਮਾਣੂ ਊਰਜਾ ਰੈਗੂਲੇਟਰੀ ਬੋਰਡ ਆਪਣੇ ਬਜਟ, ਉਪਕਰਨਾਂ ਤੇ ਅਧਿਕਾਰੀ ਅਮਲੇ ਲਈ ਪ੍ਰਮਾਣੂ ਉਰਜਾ ਮਹਿਕਮੇ 'ਤੇ ਨਿਰਭਰ ਹੈ ਅਤੇ ਇਹ ਪ੍ਰਮਾਣੂ ਉਰਜਾ ਕਮਿਸ਼ਨ ਦੇ ਚੇਅਰਮੈਨ ਨੂੰ ਰਿਪੋਰਟ ਕਰਦਾ ਹੈ, ਜੋ ਮਹਿਕਮੇ ਦਾ ਸਕੱਤਰ ਹੈ। ਚਾਰ ਦਹਾਕਿਆਂ ਤੋਂ ਵੀ ਵੱਧ ਸਮੇਂ ਤੋਂ, ਜਦੋਂ ਤੋਂ ਤਾਰਾਪੁਰ ਰਿਐਕਟਰ ਸਥਾਪਿਤ ਕੀਤਾ ਹੋਇਆ ਹੈ, ਪ੍ਰਮਾਣੂ ਊਰਜਾ ਮਹਿਕਮਾ ਅਮਰੀਕਾ ਦੇ ਪ੍ਰਮਾਣੂ ਪ੍ਰੋਗਰਾਮਾਂ ਵਿਚ ਮਾਮੂਲੀ ਤਬਦੀਲੀ ਨਾਲ, ਭਾਵ ਕੈਨੇਡੀਅਨ ਰਿਐਕਟਰਾਂ ਦੇ ਡਿਜ਼ਾਇਨ ਦੀ ਨਕਲ ਕਰ ਰਿਹਾ ਹੈ।

ਅਖੀਰਲਾ, ਜਾਪਾਨ ਤ੍ਰਾਸਦੀ ਤੋਂ ਬਾਅਦ ਪ੍ਰਮਾਣੂ ਰਿਐਕਟਰਾਂ ਸੁਰੱਖਿਆ ਸਭ ਤੋਂ ਸਰਬਉੱਤਮ ਹੋ ਗਈ ਹੈ।

### ਕਸ਼ਮੀਰੀ ਔਰਤ ਦੀ ਭਬਕ

# ਔਖੇ ਹਾਲਾਤ ਵਿਚ ਬੁਰਕੇ ਦੀ ਪ੍ਰਵਾਹ ਕੌਣ ਕਰਦਾ: ਪ੍ਰਵੀਨਾ ਅਹੰਗਰ




***'ਲਾਪਤਾ ਲੋਕਾਂ ਦੇ ਮਾਪਿਆਂ ਦੀ ਸਭਾ' (ਐਸੋਸੀਏਸ਼ਨ ਆਫ ਪੇਰੈਂਟਸ ਆਫ ਡਿਸਅਪੀਅਰਡ ਪਰਸਨਜ਼-ਏ.ਪੀ.ਡੀ.ਪੀ.) ਜੰਮੂ-ਕਸ਼ਮੀਰ ਅੰਦਰ ਭਾਰਤੀ ਫ਼ੌਜੀ ਤਾਕਤਾਂ ਵਲੋਂ ਲਾਪਤਾ ਕੀਤੇ ਲੋਕਾਂ ਦੇ ਸਕੇ-ਸਬੰਧੀਆਂ ਦੀ ਜਥੇਬੰਦੀ ਹੈ। ਇਹ ਜਥੇਬੰਦੀ ਲਾਪਤਾ ਲੋਕਾਂ ਦਾ ਪਤਾ ਲਾਉਣ ਅਤੇ ਇਨ੍ਹਾਂ ਨੂੰ ਇਨਸਾਫ਼ ਦਿਵਾਉਣ ਦੇ ਮੰਤਵ ਨਾਲ 1994 ਵਿਚ ਬਣਾਈ ਗਈ ਸੀ। ਇਸ ਦੀ ਕਾਇਮੀ ਲਈ ਪ੍ਰਵੀਨਾ ਅਹੰਗਰ ਦੀ ਮੁੱਖ ਭੂਮਿਕਾ ਸੀ। 1991 ਵਿਚ ਪ੍ਰਵੀਨਾ ਦੇ ਪੁੱਤਰ ਜਾਵੇਦ ਅਹੰਗਰ ਨੂੰ ਭਾਰਤੀ ਫ਼ੌਜੀ ਦਸਤਿਆਂ ਨੇ ਚੁੱਕ ਲਿਆ ਸੀ। ਉਸ ਵੇਲੇ ਰਾਤ ਨੂੰ ਉਹ ਆਪਣੇ ਚਾਚੇ ਦੇ ਘਰ ਪੜ੍ਹ ਰਿਹਾ ਸੀ। ਪ੍ਰਵੀਨਾ ਨੂੰ ਤੜਕੇ ਜਾ ਕੇ ਇਸ ਬਾਰੇ ਪਤਾ ਲੱਗਿਆ। ਜਾਵੇਦ ਬਾਰੇ ਉਹ ਕਹਿੰਦੀ ਹੈ ਕਿ ਉਹ ਜ਼ਖ਼ਮ ਅਜੇ ਤੱਕ ਉਨਾ ਹੀ ਅੱਲਾ ਹੈ। ਉਸ ਦੇ ਪੁੱਤਰ ਦੇ ਨਾਲ ਹੀ ਉਸ ਦਾ ਡਰ ਵੀ ਗ਼ਾਇਬ ਹੋ ਗਿਆ। ਪੁੱਤਰ ਦੀ ਭਾਲ ਵਿਚ ਉਹ ਜਿੱਥੇ ਥਾਣਿਆਂ, ਤਸੀਹਾ ਕੇਂਦਰਾਂ, ਫ਼ੌਜੀ ਕੈਂਪਾਂ ਅਤੇ ਹਸਪਤਾਲਾਂ ਵਿਚ ਦਰ-ਦਰ ਠੋਕਰਾਂ ਖਾਂਦੀ ਰਹੀ; ਉੱਥੇ ਉਸ ਨੂੰ ਆਪਣੇ ਵਰਗੇ ਬਹੁਤ ਲੋਕ ਮਿਲੇ ਜੋ ਆਪੋ-ਆਪਣੇ ਪਿਆਰਿਆਂ ਨੂੰ ਲੱਭ ਰਹੇ ਸਨ। 1994 ਵਿਚ ਪ੍ਰਵੀਨਾ ਨੇ ਸ੍ਰੀਨਗਰ ਹਾਈ ਕੋਰਟ ਵਿਚ ਵਿਸ਼ੇਸ਼ ਪਟੀਸ਼ਨ ਦਾਇਰ ਕੀਤੀ। ਮਨੁੱਖੀ ਹਕੂਕ ਕਾਰਕੁਨਾਂ ਅਤੇ ਵਕੀਲਾਂ ਦੀ ਇਮਦਾਦ ਨਾਲ ਅਜਿਹੀਆਂ ਪਟੀਸ਼ਨਾਂ ਪਾਉਣ ਦੀ ਜੱਦੋਜਹਿਦ ਹੁਣ ਵੀ ਜਾਰੀ ਹੈ। ਏ.ਪੀ.ਡੀ.ਪੀ. ਦੇ ਸਮੂਹਿਕ ਯਤਨਾਂ ਨਾਲ ਲਾਪਤਾ ਲੋਕਾਂ ਦੀ ਭਾਲ ਕਰਨ ਦੀ ਲਹਿਰ ਦਾ ਮੁੱਢ ਬੱਝਿਆ। ਪ੍ਰਵੀਨਾ ਅਹੰਗਰ ਦਿੱਲੀ ਇਕ ਸਮਾਗਮ ਵਿਚ ਆਈ ਸੀ ਤਾਂ 'ਔਰਤਾਂ ਵਿਰੁੱਧ ਹਿੰਸਾ ਬਾਰੇ ਕਮੇਟੀ' (ਸੀ.ਏ.ਵੀ.ਓ.ਡਬਲਿਊ.) ਦੀਆਂ ਆਗੂਆਂ ਕੈਰੇਨ ਗੈਬਰਿਅਲ ਅਤੇ ਵਸੰਤਾ ਨੇ ਉਸ ਨਾਲ ਗੱਲਬਾਤ ਕੀਤੀ। ਗੱਲਬਾਤ ਇਸ ਤਰ੍ਹਾਂ ਹੈ:***

**ਸਵਾਲ:** ਕੀ ਮੌਜੂਦਾ ਹਾਲਾਤ ਕਾਰਨ ਕਸ਼ਮੀਰੀ ਔਰਤਾਂ ਇਸ ਅੰਦੋਲਨ ਵਿਚ ਸ਼ਾਮਲ ਹੋਣ ਲਈ ਮਜਬੂਰ ਹੋਈਆਂ ਜਾਂ ਉਹ ਖ਼ੁਦ ਇਸ ਕੰਮ ਲਈ ਵਚਨਬੱਧ ਹਨ, ਭਾਵ ਇਸ ਲਈ ਕਿ ਐਨੇ ਨੌਜਵਾਨ ਮਾਰੇ ਦਿੱਤੇ ਗਏ ਅਤੇ ਲਾਪਤਾ ਕਰ ਦਿੱਤੇ ਗਏ ਜਾਂ ਫੇਰ ਉਨ੍ਹਾਂ ਦੀ ਸੋਚ ਵਿਚ ਕਸ਼ਮੀਰ ਦੇ ਸਵੈ-ਨਿਰਣੇ ਦਾ ਸਵਾਲ ਹੈ?

**ਪ੍ਰਵੀਨਾ ਅਹੰਗਰ :** ਇਹ ਸਿਰਫ਼ ਮਰਦਾਂ ਦਾ ਅੰਦੋਲਨ ਨਹੀਂ ਹੈ। ਇਹ ਹਰ ਸ਼ਖ਼ਸ ਦਾ ਅੰਦੋਲਨ ਹੈ ਅਤੇ ਹਰ ਕੋਈ ਇਸ ਦੀ ਹਮਾਇਤ ਕਰ ਰਿਹਾ ਹੈ। ਇਸ ਵਿਚ ਅਜਿਹੀਆਂ ਕਸ਼ਮੀਰੀ ਔਰਤਾਂ ਵੱਡੀ ਗਿਣਤੀ ਵਿਚ ਹਨ ਜਿਨ੍ਹਾਂ ਦੇ ਬੱਚੇ ਖੋਹ ਲਏ ਗਏ ਜਾਂ ਜਿਨ੍ਹਾਂ ਨੇ ਇਨ੍ਹਾਂ ਨੂੰ 'ਲਾਪਤਾ' ਹੁੰਦੇ ਅੱਖੀਂ ਡਿੱਠਾ ਹੈ। ਮਿਸਾਲ ਵਜੋਂ ਇਕ ਔਰਤ ਨੇ ਆਪਣੇ ਗੁੰਮਸ਼ੁਦਾ ਬੱਚੇ ਦੀ ਭਾਲ ਵਿਚ ਸੂਬੇ ਦੀਆਂ ਸਾਰੀਆਂ ਜੇਲ੍ਹਾਂ ਛਾਣ ਮਾਰੀਆਂ। ਉਨ੍ਹਾਂ ਨੂੰ ਆਪਣੇ ਬੱਚਿਆਂ ਦੀ ਉੱਘ-ਸੁੱਘ ਲਈ ਸੰਘਰਸ਼ ਕਰਨਾ ਪੈ ਰਿਹਾ ਹੈ। ਇਹ ਉਨ੍ਹਾਂ ਦੀ ਮਜਬੂਰੀ ਹੈ। ਜਿੱਥੋਂ ਤੱਕ ਅੰਦੋਲਨ ਨੂੰ ਹਮਾਇਤ ਦੇਣ ਦਾ ਸਵਾਲ ਹੈ, ਹਰ ਕੋਈ ਇਸ ਦੇ ਪੱਖ ਵਿਚ ਹੈ।

**ਸਵਾਲ:** ਭਾਰਤੀ ਰਾਜ ਵਲੋਂ ਕੀਤੇ ਫ਼ੌਜੀ ਕਬਜ਼ੇ ਦਾ ਕਸ਼ਮੀਰੀ ਔਰਤਾਂ ਉੱਪਰ ਕੀ ਅਸਰ ਪਿਆ ਹੈ? ਇਸ ਬਾਰੇ ਕੀ ਤੁਸੀਂ ਕੁਝ ਦੱਸ ਸਕਦੇ ਹੋ?

**ਪ੍ਰਵੀਨਾ :** ਔਰਤਾਂ ਨੂੰ ਬਹੁਤ ਕੁਝ ਝੱਲਣਾ ਪਿਆ ਹੈ ਅਤੇ ਇਸ ਦਾ ਲੰਮਾ ਇਤਿਹਾਸ ਹੈ। ਕੋਨਨ ਕੇਸ਼ਪੁਰਾ ਬਲਾਤਕਾਰ ਨੂੰ ਲੈ ਲਵੋ ਜਿੱਥੇ ਲਿੰਗਕ ਹਿੰਸਾ ਦੀ ਪੀੜਤ ਨੂੰ ਡੂੰਘਾ ਮਾਨਸਿਕ ਸਦਮਾ ਅਤੇ ਸਮਾਜਿਕ ਦਬਾਅ ਸਹਿਣਾ ਪਿਆ ਸੀ। ਕੋਈ ਵੀ ਉਸ ਨਾਲ ਵਿਆਹ ਕਰਾਉਣ ਲਈ ਤਿਆਰ ਨਹੀਂ ਸੀ। ਪਿਛਲੇ ਸਾਲ ਵੀ ਫ਼ੌਜ ਵਲੋਂ ਸ਼ੋਪੀਆਂ ਵਿਚ ਬਲਾਤਕਾਰ ਦੇ ਜ਼ੁਲਮ ਨੂੰ ਦਬਾਅ ਦਿੱਤਾ ਗਿਆ ਸੀ।

**ਸਵਾਲ :** ਕੀ ਫ਼ੌਜੀ ਕਬਜ਼ੇ ਦੇ ਪ੍ਰਸੰਗ ਵਿਚ ਇਹ ਕਹਿਣਾ ਸਹੀ ਹੋਵੇਗਾ ਕਿ ਇਸ ਵਿਚ ਮਰਦਾਂ ਦੇ ਮੁਕਾਬਲੇ ਔਰਤਾਂ ਵੱਖਰੇ ਤਰੀਕੇ ਨਾਲ ਇਸ ਦਾ ਸ਼ਿਕਾਰ ਹੋ ਰਹੀਆਂ ਹਨ?

**ਪ੍ਰਵੀਨਾ:** ਹਾਂ, ਔਰਤਾਂ ਨੇ ਬਹੁਤ ਸਾਰੇ ਰੂਪਾਂ ਵਿਚ ਇਹ ਸਭ ਭੁਗਤਿਆ ਹੈ। ਠੀਕ ਇਸੇ ਤਰ੍ਹਾਂ ਹੀ ਉਨ੍ਹਾਂ ਦੇ ਪ੍ਰਤੀਕਰਮ ਵੀ ਕਈ ਤਰੀਕਿਆਂ ਨਾਲ ਸਾਹਮਣੇ ਆਏ ਹਨ। ਉਨ੍ਹਾਂ ਨੂੰ ਬੱਚੇ ਗੁਆਣੇ ਪਏ, ਉਨ੍ਹਾਂ ਨੇ ਆਪਣੇ ਲਾਪਤਾ ਜਾਂ ਮਰ ਚੁੱਕੇ ਬਾਪਾਂ ਦਾ ਦਰਦ ਹੰਢਾਇਆ ਹੈ। ਔਰਤਾਂ ਦਾ ਇਕ ਹਿੱਸਾ ਨੀਮ-ਵਿਧਵਾਵਾਂ ਦਾ ਹੈ ਜੋ ਆਪਣੇ ਲਾਪਤਾ ਪਤੀ ਦੇ ਘਰ ਪਰਤ ਆਉਣ ਦੀ ਉਡੀਕ ਵਿਚ ਬੈਠੀਆਂ ਹਨ। ਅਜਿਹੇ ਬੱਚੇ ਵੱਡੀ ਗਿਣਤੀ ਵਿਚ ਹਨ ਜਿਨ੍ਹਾਂ ਨੂੰ ਆਪਣੇ ਬਾਪ ਦਾ ਮੂੰਹ ਤੱਕਣਾ ਵੀ ਨਸੀਬ ਨਹੀਂ ਹੋਇਆ, ਜਿਨ੍ਹਾਂ ਦੇ ਬਾਪ ਭਾਰਤ ਦੇ ਸੁਰੱਖਿਆ ਦਸਤਿਆਂ ਨੇ ਪਹਿਲਾਂ ਹੀ ਮਾਰ ਕੇ ਖਪਾ ਦਿੱਤੇ। ਜਦੋਂ ਉਨ੍ਹਾਂ ਨੂੰ ਪੁੱਛਿਆ ਜਾਂਦਾ ਹੈ ਕਿ "ਤੁਹਾਡਾ ਬਾਪ ਕੌਣ ਹੈ?", ਤਾਂ ਉਹ ਆਪਣੇ ਬਾਪ ਬਾਰੇ ਨਹੀਂ ਦੱਸ ਸਕਦੇ। ਇਸ ਲਈ, ਕਸ਼ਮੀਰ ਦੇ ਵੱਖ-ਵੱਖ ਹਿੱਸਿਆਂ ਵਿਚ ਯਾਦਗਾਰਾਂ ਬਣਾਈਆਂ ਗਈਆਂ ਹਨ ਤਾਂ ਜੋ ਅਜਿਹੇ ਬੱਚੇ ਘੱਟੋ-ਘੱਟ ਯਾਦਗਾਰ ਦੀ ਪਛਾਣ ਕਰ ਸਕਣ ਕਿ ਉਨ੍ਹਾਂ ਦੇ ਬਾਪ ਕਿੱਥੇ ਹਨ। ਜਿਹੜੀਆਂ ਔਰਤਾਂ ਆਮ ਜ਼ਿੰਦਗੀ ਜੀਅ ਰਹੀਆਂ ਹਨ, ਉਹ ਵੀ ਜ਼ੁਲਮਾਂ ਦਾ ਸ਼ਿਕਾਰ ਹੋ ਕੇ ਘਰੋਂ ਬਾਹਰ ਆਉਣ ਲਈ ਮਜਬੂਰ ਹੋ ਗਈਆਂ।

**ਸਵਾਲ:** ਤੁਹਾਡੇ ਖ਼ਿਆਲ ਮੁਤਾਬਿਕ, ਆਜ਼ਾਦੀ ਦੇ ਸੰਘਰਸ਼ ਨੇ ਔਰਤਾਂ ਦੀ ਜ਼ਿੰਦਗੀ ਨੂੰ ਕਿਵੇਂ ਬਦਲਿਆ ਹੈ?

**ਪ੍ਰਵੀਨਾ:** ਅਜਿਹੇ ਬਥੇਰੇ ਲੋਕ ਨੇ ਜੋ ਕਸ਼ਮੀਰ ਦੀ ਆਜ਼ਾਦੀ ਲਈ ਜੂਝ ਰਹੇ ਹਨ ਜਾਂ ਜੋ ਆਜ਼ਾਦੀ ਦੀ ਜੱਦੋਜਹਿਦ ਨੂੰ ਕਾਇਮ ਰੱਖਣ ਦੇ ਦਾਅਵੇਦਾਰ ਹਨ ਪਰ ਵਿਅਕਤੀਗਤ ਤੌਰ 'ਤੇ ਮੈਂ ਆਪਣੀ ਆਜ਼ਾਦੀ ਲਈ ਸੰਘਰਸ਼ ਦਾ ਰਸਤਾ ਆਪ ਚੁਣਿਆ ਹੈ। ਸਾਨੂੰ ਇਹ ਜਾਨਣ ਦਾ ਹੱਕ ਹੈ ਕਿ ਉਨ੍ਹਾਂ ਦਸ ਲੱਖ ਤੋਂ ਵੱਧ ਕਸ਼ਮੀਰੀਆਂ ਨਾਲ ਕੀ ਬੀਤੀ ਜਿਨ੍ਹਾਂ ਦੀ ਵਰ੍ਹਿਆਂ ਤੋਂ ਕੋਈ ਉੱਘ-ਸੁੱਘ ਨਹੀਂ ਹੈ ਅਤੇ ਉਹ 'ਲਾਪਤਾ' ਹਨ; ਤਾਂ ਜੋ ਅਸੀਂ ਉਨ੍ਹਾਂ ਦੇ ਹਸ਼ਰ ਦਾ ਪਤਾ ਲਾ ਸਕੀਏ ਅਤੇ ਘੱਟੋ-ਘੱਟ ਉਨ੍ਹਾਂ ਨੂੰ ਸਹੀ ਢੰਗ ਨਾਲ ਸਪੁਰਦੇ-ਖ਼ਾਕ ਤਾਂ ਕਰ ਸਕੀਏ। ਸਾਡਾ ਸੰਘਰਸ਼ ਆਜ਼ਾਦੀ ਦੇ ਵਿਸ਼ਾਲ ਸੰਘਰਸ਼ ਦਾ ਅੰਗ ਹੁੰਦੇ ਹੋਏ ਇਨਸਾਫ਼ ਅਤੇ ਸਾਡੇ ਪਿਆਰਿਆਂ ਨਾਲ ਕੀ ਬੀਤੀ, ਬਾਰੇ ਜਾਨਣ ਦਾ ਸੰਘਰਸ਼ ਵੀ ਹੈ।

**ਸਵਾਲ:** 1990 ਦੇ ਮੁਕਾਬਲੇ ਹੁਣ ਮੁਜ਼ਾਹਰਿਆਂ ਵਿਚ ਕੀ ਔਰਤਾਂ ਦੀ ਗਿਣਤੀ ਵਧੀ ਹੈ? ਜੇ ਵਧੀ ਹੈ ਤਾਂ ਇਹ ਕੀ ਦਰਸਾਉਂਦੀ ਹੈ?

**ਪ੍ਰਵੀਨਾ:** ਔਰਤਾਂ ਐਨ ਸ਼ੁਰੂ ਤੋਂ ਹੀ ਆਜ਼ਾਦੀ ਦੀ ਤਹਿਰੀਕ ਦਾ ਹਿੱਸਾ ਰਹੀਆਂ ਹਨ ਅਤੇ ਕਿਸੇ ਵੀ ਪੜਾਅ 'ਤੇ ਇਸ ਵਿਚ ਕੋਈ ਤਬਦੀਲੀ ਨਹੀਂ ਹੋਈ। ਤੁਸੀਂ ਧਿਆਨ ਦਿੱਤਾ ਹੋਵੇਗਾ ਕਿ ਪੱਥਰਾਂ ਨਾਲ ਲੜਾਈ ਲੜਨ ਦੇ ਸਿਖ਼ਰ ਸਮੇਂ ਆਵਾਮ ਵਿਚ ਔਰਤਾਂ ਦੀ ਸ਼ਮੂਲੀਅਤ ਸੀ।

**ਸਵਾਲ:** ਜੇ ਆਜ਼ਾਦ ਕਸ਼ਮੀਰ ਬਣਦਾ ਹੈ ਤਾਂ ਇਸ ਦੇ ਬਣਨ ਵਿਚ ਔਰਤਾਂ ਦੀ ਕੀ ਭੂਮਿਕਾ ਹੋਵੇਗੀ?

**ਪ੍ਰਵੀਨਾ:** ਇਸ ਦੀ ਇਕ ਮਿਸਾਲ ਲੈਂਦੇ ਹਾਂ। ਸਿਖਿਆ ਹਾਸਲ ਕਰਕੇ ਕਸ਼ਮੀਰੀ ਔਰਤਾਂ ਖ਼ਾਮੋਸ਼ ਨਹੀਂ ਬੈਠਣਗੀਆਂ। ਮੈਂ ਲਹਿਰ ਵਿਚ ਆਪਣੀ ਭੂਮਿਕਾ ਅਤੇ ਨਾਲ ਹੀ ਲਾਪਤਾ ਬੰਦਿਆਂ ਨੂੰ ਇਨਸਾਫ਼ ਦਿਵਾਉਣ ਲਈ ਸੰਘਰਸ਼ ਜਾਰੀ ਰੱਖਣ ਦੀ ਜ਼ਰੂਰਤ ਬਾਰੇ ਜਾਗਰੂਕ ਹਾਂ। ਮੇਰੇ ਘਰ ਵਿਚ ਮੇਰਾ ਪਤੀ ਬੀਮਾਰ ਹੈ ਜਿਸ ਦੇ ਦਸ ਓਪਰੇਸ਼ਨ ਹੋ ਚੁੱਕੇ ਹਨ। ਫੇਰ ਵੀ, ਆਪਣੇ ਨਿੱਜੀ ਸੰਤਾਪ ਅਤੇ ਦੁੱਖ ਦੇ ਬਾਵਜੂਦ ਮੈਂ ਵਡੇਰੇ ਕਾਜ ਨੂੰ ਸਮਰਪਿਤ ਹਾਂ। ਇਸ ਖ਼ਾਤਰ ਮੈਂ ਸਦਾ ਸੰਘਰਸ਼ਸੀਲ ਰਹਾਂਗੀ।

**ਸਵਾਲ:** ਕੀ ਕਸ਼ਮੀਰ 'ਤੇ ਕਾਬਜ਼ ਭਾਰਤੀ ਫ਼ੌਜੀ ਤਾਕਤ ਦੀ ਮੌਜੂਦਗੀ ਅਤੇ ਨਾਲ ਹੀ ਤਰ੍ਹਾਂ-ਤਰ੍ਹਾਂ ਦੀ ਹਿੰਸਾ ਜਿਸ ਨੇ ਹਜ਼ਾਰਾਂ ਕਸ਼ਮੀਰੀਆਂ ਨੂੰ ਨਿਗਲ ਲਿਆ ਹੈ, ਕਾਰਨ ਔਰਤਾਂ ਉੱਪਰ ਬੇਥਾਹ ਆਰਥਿਕ ਬੋਝ ਨਹੀਂ ਪਿਆ? ਉਹ ਅਜਿਹੀ ਹਾਲਤ ਨਾਲ ਕਿਵੇਂ ਨਜਿੱਠਦੀਆਂ ਹਨ?

**ਪ੍ਰਵੀਨਾ:** ਲੋਕਾਂ, ਖ਼ਾਸ ਕਰਕੇ ਜਿਨ੍ਹਾਂ ਔਰਤਾਂ ਦੇ ਪਿਆਰੇ 'ਲਾਪਤਾ' ਹਨ, ਉਨ੍ਹਾਂ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।




*ਪ੍ਰਵੀਨਾ ਅਹੰਗਰ*

ਅਸੀਂ ਆਪਣੀ ਜਥੇਬੰਦੀ ਵਲੋਂ ਅਜਿਹੀਆਂ ਔਰਤਾਂ ਦੀ ਕਿਸੇ ਨਾ ਕਿਸੇ ਤਰੀਕੇ ਨਾਲ ਮਦਦ ਕਰਦੇ ਹੀ ਹਾਂ ਅਤੇ ਆਪਣੇ ਵਲੋਂ ਹਰ ਸੰਭਵ ਕੋਸ਼ਿਸ਼ ਕਰਦੇ ਹਾਂ।

**ਸਵਾਲ:** ਕਸ਼ਮੀਰੀ ਸਮਾਜ ਵਿਚ ਸਿਖਿਆ-ਪ੍ਰਾਪਤ ਔਰਤਾਂ ਦੀ ਫੀਸਦੀ ਕੀ ਹੈ? ਮੌਜੂਦਾ ਸਿਆਸੀ ਹਾਲਾਤ ਨੇ ਸਿਖਿਆ ਤੱਕ ਔਰਤਾਂ ਦੀ ਪਹੁੰਚ ਅਤੇ ਮੌਕਿਆਂ 'ਤੇ ਕਿਹੋ ਜਿਹਾ ਅਸਰ ਪਾਇਆ ਹੈ? ਕੀ ਕਸ਼ਮੀਰ ਦੀ ਲਹਿਰ ਔਰਤਾਂ ਨੂੰ ਸਿੱਖਿਆ ਹਾਸਲ ਕਰਾਉਣ ਦੀ ਜ਼ਰੂਰਤ ਬਾਰੇ ਜਾਗਰੂਕ ਹੈ?

**ਪ੍ਰਵੀਨਾ:** ਅੱਜ ਪੂਰੀ ਦੁਨੀਆ ਸਿਖਿਅਤ ਅਤੇ ਸਾਖ਼ਰ ਹੈ ਪਰ ਜੇ ਤੁਸੀਂ ਮੇਰੇ ਬਾਰੇ ਪੁੱਛੋ ਤਾਂ ਮੈਂ ਨਹੀਂ ਹਾਂ। ਗਿਆਨ ਚਾਨਣ ਹੈ। ਜੇ ਮੈਂ ਪੜ੍ਹੀ ਹੁੰਦੀ ਤਾਂ ਤੁਹਾਡੇ ਨਾਲ ਗੱਲ ਕਰਨ ਲਈ ਮੈਨੂੰ ਅਨੁਵਾਦਕ ਦੀ ਲੋੜ ਨਾ ਪੈਂਦੀ ਅਤੇ ਆਪਣੀ ਈ-ਮੇਲ ਦੇਖਣ ਲਈ ਮੈਨੂੰ ਕਿਸੇ ਦਾ ਸਹਾਰਾ ਨਾ ਲੈਣਾ ਪੈਂਦਾ। ਸ਼ਾਇਦ ਮੈਂ ਕੁਝ ਹੋਰ ਯੋਗਦਾਨ ਪਾਉਣ ਦੇ ਸਮਰੱਥ ਹੁੰਦੀ।

**ਸਵਾਲ:** ਲਿੰਗਕ ਪੱਖੋਂ ਜ਼ਮੀਨੀ ਸੁਧਾਰ ਤੋਂ ਪਿੱਛੋਂ ਜਾਇਦਾਦ ਸਬੰਧਾਂ ਵਿਚ ਕੀ ਤਬਦੀਲੀ ਆਈ ਹੈ? ਕੀ ਔਰਤਾਂ ਜਾਇਦਾਦ ਦੀਆਂ ਵਾਰਿਸ ਬਣ ਸਕਦੀਆਂ ਹਨ?

**ਪ੍ਰਵੀਨਾ:** ਹਾਂ, ਇਸ ਸਬੰਧੀ ਕੁਝ ਮੁਸ਼ਕਲਾਂ ਹਨ। ਮੈਂ ਇਸ ਦੀ ਮਿਸਾਲ ਦੇਂਦੀ ਹਾਂ। ਇਕ ਵਿਆਹੀ ਔਰਤ ਨੂੰ ਉਸ ਦੇ ਪਤੀ ਦੇ 'ਲਾਪਤਾ' ਹੋਣ ਤੋਂ ਬਾਅਦ ਸਹੁਰਾ ਘਰ ਛੱਡਣਾ ਪਿਆ। ਉਸ ਦੇ ਪੰਜ ਸਾਲ ਦਾ ਬੱਚਾ ਸੀ। ਉਸ ਨੂੰ ਆਪਣੇ ਪੇਕੇ ਜਾਣ ਲਈ ਮਜਬੂਰ ਹੋਣਾ ਪਿਆ। ਸਾਡੀ ਜਥੇਬੰਦੀ ਨੇ ਉਸ ਨੂੰ ਰੁਜ਼ਗਾਰ ਦਿਵਾਉਣ ਵਿਚ ਮਦਦ ਕੀਤੀ। ਸਮੇਂ-ਸਮੇਂ 'ਤੇ ਅਜਿਹੀਆਂ ਸਮੱਸਿਆਵਾਂ ਉੱਠਦੀਆਂ ਰਹਿੰਦੀਆਂ ਹਨ; ਹਾਲਾਂਕਿ ਆਪਣੇ ਮਾਪਿਆਂ ਦੀ ਜਾਇਦਾਦ ਉੱਪਰ ਔਰਤਾਂ ਦਾ ਹੱਕ ਹੈ ਅਤੇ ਮਰਦ ਦੇ ਨਾਲ-ਨਾਲ ਉਹ ਵੀ ਜਾਇਦਾਦ ਦੀ ਵਾਰਿਸ ਹੋ ਸਕਦੀ ਹੈ। ਜੇ ਲੜਕੇ ਨੂੰ ਜਾਇਦਾਦ ਦੇ ਦਸ ਹਿੱਸੇ ਮਿਲਦੇ ਹਨ ਤਾਂ ਲੜਕੀ ਨੂੰ ਪੰਜ ਹਿੱਸੇ ਦਿੱਤੇ ਜਾਂਦੇ ਹਨ। ਲੜਕੀ ਆਪਣੇ ਸਹੁਰਿਆਂ ਦੀ ਜਾਇਦਾਦ ਦੀ ਵਾਰਿਸ ਵੀ ਹੁੰਦੀ ਹੈ ਅਤੇ ਆਪਣੇ ਪਤੀ ਜਾਂ ਆਪਣੇ ਬੇਟੇ ਦੀ ਜਾਇਦਾਦ ਦੀ ਵਾਰਿਸ। ਫੇਰ ਵੀ ਔਰਤਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਕਿਉਂਕਿ ਚੀਜ਼ਾਂ ਹਮੇਸ਼ਾ ਸਹਿਜ ਤਰੀਕੇ ਨਾਲ ਨਹੀਂ ਚੱਲਦੀਆਂ। ਜਦੋਂ ਕਿਸੇ ਔਰਤ ਦਾ ਪਤੀ ਮਰ ਜਾਂਦਾ ਹੈ ਤਾਂ ਉਸ ਨੂੰ ਦੁਬਾਰਾ ਵਿਆਹ ਕਰਾਉਣ ਵਿਚ ਅਕਸਰ ਹੀ ਮੁਸ਼ਕਲ ਆਉਂਦੀ ਹੈ, ਕਿਉਂਕਿ ਅਜਿਹਾ ਬੰਦਾ ਲੱਭਣਾ ਬਹੁਤ ਮੁਸ਼ਕਲ ਹੈ ਜੋ ਉਸ ਦੇ ਪਹਿਲੇ ਵਿਆਹ ਦੇ ਬੱਚਿਆਂ ਦੀ ਜ਼ਿੰਮੇਵਾਰੀ ਓਟਣ ਲਈ ਤਿਆਰ ਹੋਵੇ।

**ਸਵਾਲ:** ਅਕਸਰ ਹੀ ਕਿਹਾ ਜਾਂਦਾ ਹੈ ਕਿ ਕਸ਼ਮੀਰ ਵਿਚ ਹਥਿਆਰਬੰਦ ਸੰਘਰਸ਼ ਦੇ ਉੱਭਰਨ ਨਾਲ ਔਰਤਾਂ ਉੱਪਰ ਖ਼ਾਸ ਤੌਰ 'ਤੇ ਉਲਟਾ ਇਸਲਾਮੀ ਪ੍ਰਤੀਕਰਮ ਸਾਹਮਣੇ ਆਇਆ ਹੈ ਅਤੇ ਇਸ ਤੋਂ ਪਿੱਛੋਂ ਔਰਤਾਂ ਦੀ ਜ਼ਿੰਦਗੀ ਹੋਰ ਜ਼ਿਆਦਾ ਰੂੜੀਵਾਦੀ ਹੋ ਗਈ ਹੈ? ਕੀ ਵਾਕਈ ਅਜਿਹਾ ਹੋਇਆ ਹੈ? ਜੇ ਹੈ ਤਾਂ ਔਰਤਾਂ ਇਸ ਨਾਲ ਕਿਵੇਂ ਨਜਿੱਠ ਰਹੀਆਂ ਹਨ ਅਤੇ ਉਨ੍ਹਾਂ ਨੂੰ ਕੀ ਕਰਨ ਦੀ ਲੋੜ ਹੈ?

**ਪ੍ਰਵੀਨਾ:** ਜੇ ਤੁਸੀਂ ਮੈਨੂੰ ਪੁੱਛੋ, ਮੈਂ ਬੁਰਕਾ ਪਹਿਨਦੀ ਸੀ ਪਰ ਆਪਣਾ ਬੱਚਾ ਗੁਆਣ ਤੋਂ ਬਾਅਦ ਮੈਂ ਸਾਰੇ ਮੁਜ਼ਾਹਰਿਆਂ ਅਤੇ ਜਲੂਸਾਂ ਵਿਚ ਸ਼ਾਮਲ ਹੋਈ ਹਾਂ। ਮੈਨੂੰ ਅਦਾਲਤਾਂ, ਜੇਲ੍ਹਾਂ ਅਤੇ ਤਸੀਹਾਂ ਕੇਂਦਰਾਂ ਵਿਚ ਜਾਣਾ ਪੈਂਦਾ ਸੀ। ਮੇਰੀ ਪੂਰੀ ਜ਼ਿੰਦਗੀ ਹੀ ਬਦਲ ਗਈ, ਅਤੇ ਅਜਿਹੇ ਹਾਲਾਤ ਵਿਚ ਬੁਰਕੇ ਦੀ ਪ੍ਰਵਾਹ ਕੌਣ ਕਰੇਗਾ!

**ਸਵਾਲ:** ਆਪਣੀ ਆਵਾਜ਼ ਸੁਣਾਉਣ ਅਤੇ ਜਥੇਬੰਦ ਹੋਣ ਵਿਚ ਤੁਹਾਨੂੰ ਕਿਸ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ?

**ਪ੍ਰਵੀਨਾ:** ਵਿਅਕਤੀਗਤ ਰੂਪ ਵਿਚ ਮੈਂ ਆਪਣੇ ਪਰਿਵਾਰ ਬਾਰੇ ਬਹੁਤ ਚਿੰਤਤ ਹਾਂ ਕਿਉਂਕਿ ਮੈਥੋਂ ਉਨ੍ਹਾਂ ਨੂੰ ਬਹੁਤ ਆਸਾਂ ਹਨ। ਮੌਜੂਦਾ ਹਾਲਾਤ ਮੇਰੇ ਲਈ ਸਦਮੇ ਵਾਂਗ ਹੈ। ਸੂਬੇ ਦੀ ਅਥਾਰਟੀ ਜਾਂ ਸਰਕਾਰ ਪ੍ਰਤੀ ਮੇਰੇ ਮਨ ਵਿਚ ਬਹੁਤਾ ਸਤਿਕਾਰ ਨਹੀਂ ਹੈ ਅਤੇ ਨਾ ਹੀ ਮੈਨੂੰ ਉਨ੍ਹਾਂ ਵਿਚ ਯਕੀਨ ਹੈ, ਨਾ ਹੀ ਮੈਂ ਕੋਈ ਲਾਹਾ ਲੈਣ ਲਈ ਉਨ੍ਹਾਂ ਨਾਲ ਸੰਪਰਕ ਕਰਦੀ ਹਾਂ। 1994 ਤੋਂ ਪਿੱਛੋਂ ਅਸੀਂ ਤੈਅ ਕੀਤਾ ਕਿ ਅਸੀਂ ਉਨ੍ਹਾਂ ਕੋਲ ਨਹੀਂ ਜਾਣਾ ਕਿਉਂਕਿ ਸਾਡੇ ਦੁੱਖ-ਮੁਸੀਬਤਾਂ ਦੇ ਜ਼ਿੰਮੇਵਾਰ ਇਹੀ ਲੋਕ ਹਨ। ਅਸੀਂ ਸਿਆਸੀ ਪਾਰਟੀਆਂ ਨਾਲ ਵੀ ਸੰਪਰਕ ਨਹੀਂ ਕਰਦੇ। ਸ੍ਰੀਨਗਰ ਵਿਚ ਪ੍ਰੈੱਸ ਅਤੇ ਮੀਡੀਆ ਦੀ ਸਾਡੇ ਨਾਲ ਹਮਦਰਦੀ ਹੈ ਜੋ ਸਾਡੀ ਮਦਦ ਕਰਦੇ ਹਨ।

**ਸਵਾਲ:** ਕੀ ਤੁਹਾਨੂੰ ਲਗਦਾ ਹੈ ਕਿ ਆਮ ਤੌਰ 'ਤੇ ਸਮਾਜ ਨੂੰ, ਖ਼ਾਸ ਤੌਰ 'ਤੇ ਕਸ਼ਮੀਰੀ ਸਮਾਜ ਨੂੰ ਬਦਲਣ ਅਤੇ ਮੌਜੂਦਾ ਸੰਘਰਸ਼ ਦੇ ਸੁਭਾਅ ਨੂੰ ਬਦਲਣ ਵਿਚ ਔਰਤਾਂ ਦੀ ਕੋਈ ਵਿਸ਼ੇਸ਼ ਭੂਮਿਕਾ ਹੋਣੀ ਚਾਹੀਦੀ ਹੈ?

**ਪ੍ਰਵੀਨਾ:** ਮਿਸਾਲ ਲੈ ਲਉ ਕਿ ਜਦੋਂ ਔਰਤਾਂ ਜ਼ੁਲਮ ਨਾਲ ਟੱਕਰ ਲੈਣ ਲਈ ਬਾਹਰ ਨਿੱਕਲਦੀਆਂ ਹਨ ਤਾਂ ਇਸ ਨਾਲ ਮਰਦਾਂ ਨੂੰ ਵੀ ਸੁਰੱਖਿਆ ਮਿਲਦੀ ਹੈ। ਜੇ ਔਰਤਾਂ ਮੂਹਰਲੀ ਕਤਾਰ ਵਿਚ ਹਨ ਤਾਂ ਸੁਰੱਖਿਆ ਦਸਤੇ ਤਾਕਤ ਵਰਤਣ ਸਮੇਂ ਬਹੁਤ ਚੌਕਸੀ ਤੋਂ ਕੰਮ ਲੈਂਦੇ ਹਨ। ਜੇ ਲੜਕੇ ਮੂਹਰੇ ਹੋਣਗੇ ਤਾਂ ਪੁਲਿਸ ਉਨ੍ਹਾਂ ਨੂੰ ਆਸਾਨੀ ਨਾਲ ਗ੍ਰਿਫ਼ਤਾਰ ਕਰ ਲੈਂਦੀ ਹੈ। ਇਸ ਕਾਰਨ ਕਸ਼ਮੀਰੀ ਔਰਤਾਂ ਇਹ ਭੂਮਿਕਾ ਨਿਭਾਉਂਦੀਆਂ ਹਨ। ਜਦੋਂ ਕਿਸੇ ਨੂੰ ਗ੍ਰਿਫ਼ਤਾਰ ਕੀਤਾ ਜਾਂਦਾ ਹੈ ਤਾਂ ਉਹ ਇਸ ਦਾ ਵਿਰੋਧ ਕਰਦੀਆਂ ਹਨ।

**ਸਵਾਲ:** ਕਸ਼ਮੀਰ ਦੇ ਸੰਘਰਸ਼ ਵਿਚ ਔਰਤਾਂ ਦੀ ਵਿਸ਼ੇਸ਼ ਹਿੱਸੇਦਾਰੀ ਨਾਲ ਕੀ ਕਸ਼ਮੀਰ ਦੇ ਆਜ਼ਾਦੀ ਦੇ ਨਜ਼ਰੀਏ ਵਿਚ ਕੋਈ ਤਬਦੀਲੀ ਆਏਗੀ?

**ਪ੍ਰਵੀਨਾ:** ਔਰਤਾਂ ਦੀ ਵਿਸ਼ਾਲ ਸ਼ਮੂਲੀਅਤ ਨਾਲ ਯਕੀਨਨ ਹੀ ਲਹਿਰ ਦੀ ਬਿਹਤਰੀ ਹੋਵੇਗੀ। ਨਿੱਜੀ ਤੌਰ 'ਤੇ ਔਰਤਾਂ ਨੂੰ ਵੱਧ ਮੁਸੀਬਤਾਂ ਝੱਲਣੀਆਂ ਪਈਆਂ ਹਨ। ਮਰਦਾਂ ਦੇ ਮੁਕਾਬਲੇ ਉਨ੍ਹਾਂ ਦਾ ਆਪਣੇ ਬੱਚਿਆਂ ਨਾਲ ਵੱਧ ਜਜ਼ਬਾਤੀ ਲਗਾਓ ਹੁੰਦਾ ਹੈ ਅਤੇ ਉਨ੍ਹਾਂ ਦਾ ਦਿਲ ਵੱਧ ਕੋਮਲ ਹੁੰਦਾ ਹੈ। ਉਹ ਜਨਮ ਤੋਂ ਪਹਿਲਾਂ ਬੱਚੇ ਨੂੰ ਆਪਣੇ ਪੇਟ ਵਿਚ ਨੌਂ ਮਹੀਨੇ ਪਾਲਦੀਆਂ ਹਨ। ਜੇ ਔਰਤ ਦੇ ਬੇਟੇ ਨੂੰ ਗੋਲੀ ਨਾਲ ਉਡਾਇਆ ਜਾਂਦਾ ਹੈ ਜਾਂ ਉਸ ਨੂੰ 'ਲਾਪਤਾ' ਕੀਤਾ ਜਾਂਦਾ ਹੈ ਤਾਂ ਉਸ ਨੂੰ ਬਹੁਤ ਜ਼ਿਆਦਾ ਧੱਕਾ ਲਗਦਾ ਹੈ।

**ਸਵਾਲ:** ਇਸ ਤਰ੍ਹਾਂ ਦੇ ਬੇਇੰਤਹਾ ਜ਼ੁਲਮਾਂ ਕਾਰਨ ਕੀ ਔਰਤਾਂ ਦਾ ਹੋਰ ਵੀ ਤਿੱਖਾ ਉਭਾਰ ਸਾਹਮਣੇ ਆਵੇਗਾ?

**ਪ੍ਰਵੀਨਾ:** ਅਜਿਹੇ ਬੇਇੰਤਹਾ ਜ਼ੁਲਮਾਂ ਕਾਰਨ ਅਸੀਂ ਬਹੁਤ ਰੋਹ ਵਿਚ ਹਾਂ। ਕੀ ਹੋਇਆ ਸਾਡੇ ਕੋਲ ਬੰਦੂਕਾਂ ਨਹੀਂ! ਅਸੀਂ ਕਸ਼ਮੀਰੀ ਔਰਤਾਂ, ਭਾਰਤੀ ਫ਼ੌਜੀ ਦਸਤਿਆਂ ਉੱਪਰ ਨਿਹੱਥੀਆਂ ਹੀ ਹਮਲੇ ਕਰਾਂਗੀਆਂ!

# ਕਨਿਸ਼ਕ ਕਾਂਡ: ਬਾਗੜੀ ਵੱਲੋਂ ਕੈਨੇਡਾ ਸਰਕਾਰ ਖ਼ਿਲਾਫ਼ ਕੇਸ ਦਰਜ ਕਰਨ ਦਾ ਫ਼ੈਸਲਾ

ਵੈਨਕੂਵਰ: ਕਨਿਸ਼ਕ ਬੰਬ ਕਾਂਡ ਦੇ ਕੇਸ 'ਚ ਰਿਹਾਅ ਹੋਏ ਅਜਾਇਬ ਸਿੰਘ ਬਾਗੜੀ ਨੇ ਆਪਣੇ ਅਕਸ ਨੂੰ ਲੱਗੀ ਢਾਹ ਤੇ ਪਏ ਬੇਲੋੜੇ ਕਾਨੂੰਨੀ ਖ਼ਰਚਿਆਂ ਲਈ ਸੰਘੀ ਤੇ ਸੂਬਾਈ ਨਿਆਂ ਵਿਭਾਗਾਂ ਵਿਰੁੱਧ ਮੁਕੱਦਮਾ ਦਾਇਰ ਕਰਨ ਦਾ ਫੈਸਲਾ ਕੀਤਾ ਹੈ।

ਅਜਾਇਬ ਸਿੰਘ ਬਾਗੜੀ ਨੇ ਬ੍ਰਿਟਿਸ਼ ਕੋਲੰਬੀਆ ਦੀ ਸੁਪਰੀਮ ਕੋਰਟ 'ਚ ਸਿਵਲ ਮੁਕੱਦਮਾ ਦਾਇਰ ਕੀਤਾ ਹੈ ਤੇ 23 ਜੂਨ 1985 ਨੂੰ ਹੋਏ ਹਵਾਈ ਧਮਾਕੇ ਲਈ ਆਪਣੀ ਗ੍ਰਿਫਤਾਰੀ ਤੇ ਮੁਕੱਦਮੇਬਾਜ਼ੀ 'ਤੇ ਕਿੰਤੂ ਕੀਤਾ ਹੈ। ਇਸ ਬੰਬ ਕਾਂਡ 'ਚ 329 ਲੋਕ ਮਾਰੇ ਗਏ ਸਨ। ਉਸੇ ਦਿਨ ਟੋਕੀਓ ਦੇ ਨਾਰੀਤਾ ਹਵਾਈ ਅੱਡੇ 'ਤੇ ਵੀ ਹੋਏ ਧਮਾਕਿਆਂ 'ਚ ਦੋ ਵਿਅਕਤੀ ਮਾਰੇ ਗਏ ਸਨ। ਕੈਮਲੂਪਸ ਵਿਚ ਪਾਏ ਦਾਅਵੇ 'ਚ ਕਿਹਾ ਗਿਆ ਹੈ ਕਿ ਇਸ ਮੁਕੱਦਮੇ ਦੌਰਾਨ ਉਸ ਨੂੰ ਆਪ ਵੀ ਇਸ 'ਤੇ ਪੈਸਾ ਖਰਚਣਾ ਪਿਆ ਤੇ ਆਪਣੇ ਬਚਾਅ ਲਈ ਪੈਸਾ ਉਧਾਰ ਵੀ ਲੈਣਾ ਪਿਆ। ਇਸ ਦੇ ਨਾਲ ਹੀ ਇਹ ਦਾਅਵਾ ਵੀ ਕੀਤਾ ਗਿਆ ਹੈ ਕਿ ਬਾਗੜੀ ਦੇ ਸੰਵਿਧਾਨ ਅਧਿਕਾਰਾਂ ਦੀ ਉਲੰਘਣਾ ਹੋਈ ਕਿਉਂਕਿ ਕੈਨੇਡਾ ਦੀ ਸਕਿਓਰਿਟੀ ਇੰਟੈਲੀਜੈਂਸ ਨੇ ਇਸ ਸਬੰਧ 'ਚ ਖੁਫ਼ੀਆ ਤੌਰ 'ਤੇ ਰਿਕਾਰਡ ਕੀਤੀ ਗਈ ਗੱਲਬਾਤ ਤੇ ਇਕ ਗਵਾਹ ਦੀ ਇੰਟਰਵਿਊ ਦਾ ਰਿਕਾਰਡ ਖਤਮ ਕਰ ਦਿੱਤਾ ਸੀ। ਇਸ ਦਾਅਵੇ 'ਚ ਇਹ ਨੁਕਤਾ ਪੇਸ਼ ਕੀਤਾ ਗਿਆ ਹੈ ਕਿ ਸੀ.ਐਸ.ਆਈ. ਐਸ. ਨੇ ਤਲਵਿੰਦਰ ਸਿੰਘ ਪਰਮਾਰ ਦੀ ਹੋਰਾਂ ਨਾਲ ਹੁੰਦੀ ਰਹੀ ਨਿੱਜੀ ਗੱਲਬਾਤ ਖੁਫ਼ੀਆ ਤੌਰ 'ਤੇ ਰਿਕਾਰਡ ਕੀਤੀ ਸੀ ਪਰ ਮਗਰੋਂ ਸੀ.ਐਸ.ਆਈ.ਐਸ. ਨੇ ਹੀ ਇਹ ਸਾਰਾ ਰਿਕਾਰਡ ਨਸ਼ਟ ਕਰ ਦਿੱਤਾ ਸੀ।

ਪਰਮਾਰ ਜਿਸ ਨੂੰ ਇਸ ਬੰਬ ਕਾਂਡ ਸਾਜ਼ਿਸ਼ ਦਾ ਮੁੱਖ ਧੁਰਾ ਮੰਨਿਆ ਗਿਆ ਸੀ, 1992 'ਚ ਭਾਰਤ 'ਚ ਪੰਜਾਬ ਪੁਲੀਸ ਨਾਲ ਹੋਏ ਮੁਕਾਬਲੇ 'ਚ ਮਾਰਿਆ ਗਿਆ ਸੀ। ਬਾਗੜੀ ਨੇ ਪੱਖ ਪੇਸ਼ ਕੀਤਾ ਹੈ ਕਿ ਪਰਮਾਰ ਦੀਆਂ ਰਿਕਾਰਡਿੰਗਾਂ ਨਸ਼ਟ ਕਰਨੀਆਂ ਸੀ.ਐਸ.ਆਈ.ਐਸ. ਤੇ ਕੈਨੇਡਾ ਸਰਕਾਰ ਦੀ ਵੱਡੀ ਕੁਤਾਹੀ ਸੀ। ਬੀ.ਸੀ. ਸੂਬੇ, ਅਟਾਰਨੀ ਜਨਰਲ, ਸੰਘੀ ਸਰਕਾਰ ਤੇ ਪਬਲਿਕ ਸੇਫਟੀ ਮੰਤਰਾਲਾ, ਜਿਸ ਦੇ ਅਧੀਨ ਸੀ.ਐਸ.ਆਈ.ਐਸ. ਤੇ ਆਰ.ਸੀ.ਐਮ.ਪੀ. ਹਨ, ਨੂੰ ਸਭ ਨੂੰ ਇਸ ਦਾਅਵੇ 'ਚ ਧਿਰ ਬਣਾਇਆ ਗਿਆ ਹੈ।


ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।


ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।


ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖ਼ੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)
MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627



Two Way Truck Wash Available
For Lease or Sale



Truck Wash in Illinois on I-80 Very Good Location with 2 Acres of Land which can be used for variety of purposes.

ਟੂ ਵੇਅ ਟਰੱਕ ਵਾਸ਼ ਸੇਲ ਜਾਂ ਲੀਜ਼ ਲਈ ਉਪਲਬਧ ਹੈ

ਇਲੀਨਾਏ ਵਿਚ ਆਈ-80 ਉਤੇ ਬਹੁਤ ਹੀ ਬਿਜ਼ੀ ਲੋਕੇਸ਼ਨ। ਨਾਲ ਲੱਗਦੀ ਦੋ ਏਕੜ ਜ਼ਮੀਨ ਸਮੇਤ। ਚੰਗੀ ਕਮਾਈ।

Contact: 815-603-5877




ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ

ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ

ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



RAM Commercial Insurance
High Five Plaza #204
19625 Harlan Rd Lathrop CA 95330
Exactly on I-5 and Luise Exit Opposite to Dennis Restaurant

Global Multi Services

ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.


Rajinder Singh
Insurance Lic No. 0G73739

Financing Available For Buying Trucks

Cell:(510) 557-6988, Ph:209-982-9996

# ਪਾਕਿਸਤਾਨ ਨੂੰ ਹੁਣ ਕ੍ਰਿਸ਼ਮਾ ਹੀ ਬਚਾ ਸਕਦੈ: ਪਰਵੇਜ਼ ਹੂਦਭਾਈ



**ਪ੍ਰੋਫ਼ੈਸਰ ਪਰਵੇਜ਼ ਹੂਦਭਾਈ (ਜਨਮ 11 ਜੁਲਾਈ 1950) ਕਾਇਦ-ਏ-ਆਜ਼ਮ ਯੂਨੀਵਰਸਿਟੀ, ਇਸਲਾਮਾਬਾਦ ਵਿਚ ਫਿਜ਼ਿਕਸ ਪੜ੍ਹਾਉਂਦੇ ਹਨ। ਪਾਕਿਸਤਾਨ ਦੇ ਸਿਆਸੀ ਅਤੇ ਸਮਾਜਕ ਮੁੱਦਿਆਂ ਬਾਰੇ ਉਹ ਲਗਾਤਾਰ ਅਤੇ ਠੋਕ-ਵਜਾ ਕੇ ਗੱਲ ਕਰਦੇ ਹਨ। ਪਾਕਿਸਤਾਨ ਵਿਚ ਦਹਿਸ਼ਤਪਸੰਦ ਧਾੜਾਂ ਅਤੇ ਇਨ੍ਹਾਂ ਵੱਲ ਮੀਡੀਆ ਦੀ ਪਹੁੰਚ ਬਾਰੇ ਉਨ੍ਹਾਂ ਖੁੱਲ੍ਹ ਕੇ ਵਿਚਾਰ ਪ੍ਰਗਟ ਕੀਤੇ ਹਨ। ਇਹ ਮੁਲਾਕਾਤ 4 ਜਨਵਰੀ ਨੂੰ ਗਵਰਨਰ ਸਲਮਾਨ ਤਾਸੀਰ ਦੇ ਕਤਲ ਤੋਂ ਤੁਰੰਤ ਬਾਅਦ 'ਵਿਊਪੁਆਇੰਟ' ਦੇ ਸੰਪਾਦਕ ਫ਼ਾਰੂਕ ਸੁਲੇਰੀਆ ਨੇ ਆਪਣੇ ਪਰਚੇ ਲਈ ਕੀਤੀ ਸੀ। ਕੁਫ਼ਰ ਵਿਰੋਧੀ ਕਾਨੂੰਨ ਖਿਲਾਫ ਵਿਚਾਰ ਪ੍ਰਗਟ ਕਰਨ ਕਰਕੇ, ਕੱਟੜਪੰਥੀਆਂ ਨੇ ਹੁਣ ਪਾਕਿਸਤਾਨ ਪੀਪਲ'ਜ਼ ਪਾਰਟੀ ਦੇ ਇਕ ਹੋਰ ਚੋਟੀ ਦੇ ਆਗੂ ਅਤੇ ਘੱਟ-ਗਿਣਤੀਆਂ ਬਾਰੇ ਮੰਤਰੀ ਸ਼ਾਹਬਾਜ਼ ਭੱਟੀ ਨੂੰ ਕਤਲ ਕਰ ਦਿੱਤਾ ਹੈ। ਇਸ ਮੁਲਾਕਾਤ ਵਿਚ ਉਠਾਏ ਨੁਕਤੇ ਇਕ ਵਾਰ ਫਿਰ ਲੋਕਾਂ ਦੀ ਨਜ਼ਰ ਕਰਨ ਹਿਤ ਇਹ ਮੁਲਾਕਾਤ ਛਾਪੀ ਜਾ ਰਹੀ ਹੈ।- ਸੰਪਾਦਕ**

### *ਪਾਕਿਸਤਾਨ ਨੂੰ ਬਚਾਉਣ ਲਈ ਕ੍ਰਿਸ਼ਮਾ*

1 ਪਾਕਿਸਤਾਨੀ ਫੌਜ ਭਾਰਤ ਨੂੰ ਆਪਣਾ ਦੁਸ਼ਮਣ ਮੰਨਣਾ ਬੰਦ ਕਰੇ।

2 ਜ਼ਰਦਾਰੀ ਸਰਕਾਰ ਦੀ ਥਾਂ ਘੱਟ ਭ੍ਰਿਸ਼ਟ ਸਰਕਾਰ ਹੋਵੇ।

3 ਅਫ਼ਗਾਨਿਸਤਾਨ 'ਚ ਕਿਵੇਂ ਵੀ ਅਮਨ-ਅਮਾਨ ਹੋਵੇ।

**ਸਵਾਲ:** ਪਾਕਿਸਤਾਨ ਵਿਚ ਕੁਫ਼ਰ ਵਿਰੋਧੀ ਕਾਨੂੰਨ ਦੀ ਮੁਖ਼ਾਲਫਤ ਕਰਨ ਵਾਲੇ ਪੰਜਾਬ ਦੇ ਗਵਰਨਰ ਸਲਮਾਨ ਤਾਸੀਰ ਦੇ ਕਤਲ ਨਾਲ ਸਾਰਾ ਜਹਾਨ ਦੰਗ ਰਹਿ ਗਿਆ, ਪਰ ਪਾਕਿਸਤਾਨ ਦੇ ਕੁਝ ਲੋਕਾਂ ਲਈ ਉਨ੍ਹਾਂ ਦਾ ਕਾਤਲ ਮੁਮਤਾਜ਼ ਕਦਰੀ, ਨਾਇਕ ਬਣ ਗਿਆ ਹੈ। ਅਜਿਹਾ ਕਿਉਂ?

**ਪਰਵੇਜ਼ ਹੂਦਭਾਈ:** ਰਵਾਇਤੀ ਧਾਰਮਿਕ ਕਦਰਾਂ-ਕੀਮਤਾਂ ਦੇ ਅਸਰ ਵਾਲੀ ਸੁਸਾਇਟੀ ਵਿਚ ਅਕਸਰ ਹੀ ਨਾਇਕਵਾਦ ਨੂੰ ਮਰਿਯਾਦਾ ਦੀ ਰਾਖੀ ਲਈ ਹਿੰਸਾ ਕਰਨ ਅਤੇ ਤਬਾਹੀ ਵਾਲੀ ਕਾਰਵਾਈ ਕਰਨ ਦੇ ਰੂਪ ਵਿਚ ਹੀ ਲਿਆ ਜਾਂਦਾ ਹੈ। ਗਵਰਨਰ ਤਾਸੀਰ ਭਾਵੇਂ ਕੁਫਰ ਵਿਰੋਧੀ ਕਾਨੂੰਨ ਦੇ ਦੋਸ਼ੀ ਨਹੀਂ ਸਨ, ਪਰ ਉਨ੍ਹਾਂ ਦਾ ਕਸੂਰ ਇਹ ਮੰਨਿਆ ਗਿਆ ਕਿ ਉਸ ਨੇ ਇਕ ਇਸਾਈ ਔਰਤ ਨੂੰ ਮੁਆਫ ਕਰਨ ਦੀ ਗੱਲ ਕੀਤੀ ਜਿਸ ਉਤੇ ਉਸ ਦੀਆਂ ਕੁਝ ਮੁਸਲਿਮ ਗੁਆਂਢਣਾਂ ਨੇ ਕੁਫ਼ਰ ਦਾ ਦੋਸ਼ ਲਾਇਆ ਸੀ। ਦਰਅਸਲ ਤਾਸੀਰ ਨੇ ਜਿਸ ਢੰਗ ਨਾਲ ਇਸ ਮਾਮਲੇ ਵਿਚ ਦਖ਼ਲ ਦਿੱਤਾ, ਉਹ ਕੱਟੜਪੰਥੀਆਂ ਲਈ ਨਾਕਾਬਲੇ ਬਰਦਾਸ਼ਤ ਸੀ। ਉਨ੍ਹਾਂ ਨੂੰ ਆਪਣੀ ਹੀ ਪਾਰਟੀ ਦੀ ਵੀ ਉਤਨੀ ਇਮਦਾਦ ਨਹੀਂ ਮਿਲੀ ਅਤੇ ਉਹ ਇਕੱਲਾ ਪੈ ਗਿਆ। ਮਲਿਕ ਮੁਮਤਾਜ਼ ਕਾਦਰੀ ਅਜਿਹਾ ਪਹਿਲਾ ਬੰਦਾ ਨਹੀਂ ਹੈ ਜੋ ਇਸ ਤਰ੍ਹਾਂ ਨਾਇਕ ਬਣ ਗਿਆ ਹੈ। 1920ਵਿਆਂ ਵਿਚ ਵੀ 'ਰੰਗੀਲਾ ਰਸੂਲ' ਕਿਤਾਬ ਦੇ ਲੇਖਕ ਨੂੰ 19 ਸਾਲਾਂ ਦੇ ਅਨਪੜ੍ਹ-ਉਜੱਡ ਮੁੰਡੇ ਨੇ ਮਾਰ ਘੱਤਿਆ ਸੀ। ਬਾਅਦ ਵਿਚ ਅੰਗਰੇਜ਼ਾਂ ਨੇ ਉਸ ਨੂੰ ਫਾਂਸੀ ਚਾੜ੍ਹ ਦਿੱਤਾ। ਪਾਕਿਸਤਾਨ ਦੇ ਮੋਢੀਆਂ ਮੁਹੰਮਦ ਇਕਬਾਲ ਅਤੇ ਮੁਹੰਮਦ ਅਲੀ ਜਿਨਾਹ ਨੇ ਇਸ ਮੁੰਡੇ ਨੂੰ ਬੜੀ ਉਚੀ ਥਾਂ ਦਿੱਤੀ। ਕਿਹਾ ਜਾਂਦਾ ਹੈ ਕਿ ਇਕਬਾਲ ਜੋ 20ਵੀਂ ਸਦੀ ਵਿਚ ਇਸਲਾਮ ਦਾ ਬੜਾ ਵੱਡਾ ਦਾਰਸ਼ਨਿਕ ਮੰਨਿਆ ਗਿਆ ਹੈ, ਨੇ ਇਸ ਮੁੰਡੇ ਦੀ ਦੇਹ ਆਪ, ਭਰੀਆਂ ਅੱਖਾਂ ਨਾਲ ਉਸ ਦੀ ਕਬਰ ਵਿਚ ਰੱਖੀ ਸੀ ਅਤੇ ਕਿਹਾ ਸੀ "ਇਹ ਨੌਜਵਾਨ ਸਾਨੂੰ ਪੜ੍ਹਿਆਂ-ਲਿਖਿਆਂ ਨੂੰ ਬਹੁਤ ਪਿੱਛੇ ਛੱਡ ਗਿਆ ਹੈ।" ਅਦਾਲਤ ਵਿਚ ਤਾਸੀਰ ਦੇ ਕਾਤਲ ਨੇ ਬੜੇ ਮਾਣ ਨਾਲ ਐਲਾਨ ਕੀਤਾ ਕਿ ਉਸ ਨੇ ਇਹ ਕੰਮ ਅੱਲਾ ਦੀ ਮਰਜ਼ੀ ਨਾਲ ਕੀਤਾ ਹੈ। ਸੈਂਕੜੇ ਵਕੀਲਾਂ ਨੇ ਉਸ 'ਤੇ ਗੁਲਾਬ ਦੇ ਫੁੱਲ ਬਰਸਾਏ। 200 ਵਕੀਲਾਂ ਨੇ ਉਸ ਦਾ ਕੇਸ ਮੁਫ਼ਤ ਲੜਨ ਦਾ ਪ੍ਰਣ ਲਿਆ। ਮਹੱਤਵਪੂਰਨ ਗੱਲ ਇਹ ਹੈ ਕਿ ਕਾਦਰੀ ਬਰੇਲਵੀ ਮੁਸਲਮਾਨ ਹੈ ਜਿਸ ਦਾ ਸਬੰਧ ਦਾਵਤ-ਏ-ਇਸਲਾਮੀ ਨਾਲ ਹੈ ਅਤੇ 500 ਮਲਾਣਿਆਂ ਨੇ ਉਸ ਦੀ ਹਮਾਇਤ ਕੀਤੀ। ਉਨ੍ਹਾਂ ਦਾ ਕਹਿਣਾ ਸੀ ਕਿ ਜਿਹੜੇ ਤਾਸੀਰ ਨਾਲ ਹਮਦਰਦੀ ਜ਼ਾਹਿਰ ਕਰ ਰਹੇ, ਉਨ੍ਹਾਂ ਨੂੰ ਵੀ ਸਜ਼ਾ ਮਿਲਣੀ ਚਾਹੀਦੀ ਹੈ।

ਨੋਟ ਕਰਨ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਵਿਚੋਂ ਬਹੁਤ ਮੁਲਣੇ ਸੁੰਨੀ ਤਹਿਰੀਕ ਨਾਲ ਸਬੰਧਤ ਹਨ ਅਤੇ ਇਨ੍ਹਾਂ ਨੂੰ ਆਮ ਕਰਕੇ ਤਾਲਿਬਾਨ-ਵਿਰੋਧੀ ਨਰਮ ਗਰੁੱਪ ਵਾਲੇ ਮੰਨਿਆ ਜਾਂਦਾ ਹੈ। ਅਸਲ ਵਿਚ ਇਨ੍ਹਾਂ ਦੇ ਲੀਡਰਾਂ ਵਿਚੋਂ ਇਕ ਮੁਲਾਣਾ ਸਰਫਰਾਜ਼ ਨਾਈਮੀ ਨੂੰ ਜੂਨ 2009 ਵਿਚ ਤਾਲਿਬਾਨ ਦੇ ਖ਼ੁਦਕੁਸ਼ ਬੰਬਰ ਨੇ ਉਡਾ ਦਿੱਤਾ ਸੀ। ਯਾਦ ਰਹੇ ਕਿ ਮੁਲਾਣਾ ਸਰਫਰਾਜ਼ ਨਾਈਮੀ ਨੇ ਖ਼ੁਦਕੁਸ਼ ਹਮਲਿਆਂ ਦੀ ਮੁਖ਼ਾਲਫਤ (ਵਿਰੋਧ) ਕੀਤੀ ਸੀ ਪਰ ਹੁਣ ਇਹ ਉਦਾਰ ਮੁਲਾਣੇ ਆਪਣੇ ਹੀ ਹਮਲਾਵਰਾਂ ਨਾਲ ਰਲ ਗਏ। ਹੁਣ ਇਹ ਇਨ੍ਹਾਂ ਨਾਲ ਰਲ ਕੇ ਪਾਕਿਸਤਾਨ ਦੀਆਂ ਗਲੀਆਂ-ਸੜਕਾਂ ਵਿਚ ਦਗੜ-ਦਗੜ ਕਰਦੇ ਫਿਰ ਰਹੇ ਹਨ ਅਤੇ ਨੈਤਿਕ ਤੌਰ 'ਤੇ ਗਿਰ ਚੁੱਕੀ ਸਰਕਾਰ ਇਨ੍ਹਾਂ ਅੱਗੇ ਗੋਡੇ ਟੇਕੀ ਬੈਠੀ ਹੈ।

**ਸਵਾਲ:** ਪਾਕਿਸਤਾਨੀ ਵੋਟਰਾਂ ਨੇ ਸਦਾ ਹੀ ਧਰਮਨਿਰਪੱਖ ਝੁਕਾਅ ਵਾਲੀਆਂ ਪਾਰਟੀਆਂ ਨੂੰ ਹੀ ਵੋਟ ਪਾਈ ਹੈ, ਪਰ ਹੁਣ ਜਾਪਦਾ ਹੈ ਕਿ ਲੋਕ ਹੁਣ ਧਾਰਮਿਕ ਰੰਗ ਵਾਲੀਆਂ ਪਾਰਟੀਆਂ ਵੱਲ ਉੱਲਰ ਗਏ ਹਨ। ਇਸ ਬਾਰੇ ਕੁਝ ਕਹੋ?

**ਜਵਾਬ:** ਹਾਂ, ਅਜਿਹਾ ਹੀ ਕੁਝ ਹੈ। ਜਿਹੜੇ ਇਹ ਦਾਅਵਾ ਕਰ ਰਹੇ ਹਨ ਕਿ ਪਾਕਿਸਤਾਨ ਵਿਚ ਚੁੱਪ ਰਹਿੰਦੀ ਵਸੋਂ ਵਿਚੋਂ ਬਹੁਤੇ, ਆਮ ਕਰਕੇ ਧਰਮਨਿਰਪੱਖ ਹੈ ਅਤੇ ਸ਼ਹਿਣਸ਼ੀਲ ਵੀ, ਇਹ ਗੱਲ ਬਹੁਤੀ ਠੀਕ ਨਹੀਂ। ਉਹ ਦਾਅਵਾ ਕਰਦੇ ਹਨ ਕਿ ਧਾਰਮਿਕ ਪਾਰਟੀਆਂ ਨੂੰ ਲੋਕਾਂ ਦਾ ਬਹੁਤਾ ਹੁੰਗਾਰਾ ਨਹੀਂ ਮਿਲਦਾ। ਇਸ ਲਈ ਇਹ ਪਾਰਟੀਆਂ ਲੋਕਪ੍ਰਿਯ ਨਹੀਂ ਹੋ ਸਕਦੀਆਂ। ਪਰ ਇਹ ਉਹ ਗੱਲ ਹੈ, ਜਿਸ ਦੀ ਤੁਸੀਂ ਇੱਛਾ ਕਰਦੇ ਹੋ। ਮੁਲਾਣਿਆਂ ਦੀਆਂ ਪਾਰਟੀਆਂ ਇਸ ਕਰਕੇ ਰਹਿੰਦੀਆਂ ਹਨ ਕਿਉਂਕਿ ਉਹ ਹਮੇਸ਼ਾ ਸੜਕਾਂ 'ਤੇ ਆ ਕੇ ਹੀ ਸਿਆਸਤ ਕਰਦੀਆਂ ਹਨ। ਚੋਣ ਸਿਆਸਤ ਵਿਚ ਇਨ੍ਹਾਂ ਦੀ ਬਹੁਤੀ ਰੁਚੀ ਹੀ ਨਹੀਂ ਹੈ। ਇਨ੍ਹਾਂ ਕੋਲ ਕ੍ਰਿਸ਼ਮਈ ਲੀਡਰਸ਼ੀਪ ਦੀ ਵੀ ਘਾਟ ਹੈ ਅਤੇ ਅੰਦਰੂਨੀ ਪੱਧਰ 'ਤੇ ਵੀ ਇਨ੍ਹਾਂ ਵਿਚ ਵਾਹਵਾ ਰਫੜ ਪਿਆ ਰਹਿੰਦਾ ਹੈ। ਉਂਝ 9 ਸਤੰਬਰ 2001 ਦੀ ਘਟਨਾ ਤੋਂ ਬਾਅਦ ਮੁਤਹਿਦਾ ਮਜਲਿਸ-ਏ-ਅਮਾਲ ਦੀ ਜਿੱਤ ਤੋਂ ਜ਼ਾਹਿਰ ਹੈ ਕਿ ਇਹ ਅੱਗੇ ਵਧ ਰਹੇ ਹਨ। ਇਹ ਵੀ ਸੰਭਵ ਹੈ ਕਿ ਇਨ੍ਹਾਂ ਵਿਚੋਂ ਹੀ ਕੋਈ ਲੀਡਰ ਨਿਕਲ ਆਵੇ ਅਤੇ ਫਿਰ ਭਵਿੱਖ ਵਿਚ ਚੋਣਾਂ ਵਿਚ ਵੀ ਮਾਅਰਕਾ ਮਾਰ ਲੈਣ। ਪਰ ਚੋਣਾਂ ਜਿੱਤਣ ਤੋਂ ਬਗੈਰ ਵੀ ਮੁਲਾਣਿਆਂ ਦੀਆਂ ਪਾਰਟੀਆਂ ਬਹੁਤ ਸ਼ਕਤੀਸ਼ਾਲੀ ਹਨ। ਇਹ ਪਾਕਿਸਤਾਨ ਪੀਪਲਜ਼ ਪਾਰਟੀ ਅਤੇ ਅਵਾਮੀ ਨੈਸ਼ਨਲ ਪਾਰਟੀ ਨਾਲੋਂ ਵੀ ਵੱਧ ਤੁਹਾਡੇ



'ਤੇ ਅਸਰਅੰਦਾਜ਼ ਹੋ ਰਹੀਆਂ ਹਨ। ਲੰਮੇ ਸਮੇਂ ਤੋਂ ਧਾਰਮਿਕ ਪਾਰਟੀਆਂ ਨੇ ਉਹ ਕੁਝ ਕੀਤਾ ਹੈ ਜੋ ਅਸੀਂ ਸਰਕਾਰੀ ਅਤੇ ਗੈਰ-ਸਰਕਾਰੀ ਸਕੂਲਾਂ ਵਿਚ ਵੀ ਨਹੀਂ ਹੋਇਆ। ਇਹ ਨੌਜਵਾਨਾਂ ਨੂੰ ਜਿਸ ਤਰ੍ਹਾਂ ਜ਼ਹਿਰੀਲੇ ਬਣਾ ਰਹੀਆਂ ਹਨ, ਉਸ ਨੂੰ ਰੋਕਣ ਦਾ ਕਿਸੇ ਵੀ ਸਰਕਾਰ ਦਾ ਜ਼ੇਰਾ ਨਹੀਂ ਹੈ। ਇਹ ਲੋਕ ਤਾਂ ਇਹ ਵੀ ਤੈਅ ਕਰਦੇ ਹਨ ਕਿ ਕੀ ਖਾਣਾ ਹੈ, ਕੀ ਪਹਿਨਣਾ ਹੈ ਤੇ ਕੀ ਪੀਣਾ ਹੈ! ਇਨ੍ਹਾਂ ਦੇ ਇਸ ਜ਼ੋਰ ਨਾਲ ਸੱਭਿਆਚਾਰਕ ਪੱਧਰ 'ਤੇ ਵੀ ਗੜਬੜ ਹੋਈ ਹੈ, ਕਿਉਂਕਿ ਇਹ ਸੰਗੀਤ ਨਾਚ, ਥੀਏਟਰ ਅਤੇ ਕਲਾ ਵਿਰੁੱਧ ਵੀ ਬਹੁਤ ਹਿੰਸਕ ਰੂਪ ਵਿਚ ਪੇਸ਼ ਆਉਂਦੇ ਹਨ। ਇਹ ਠੀਕ ਹੈ ਕਿ ਪਾਕਿਸਤਾਨ ਦੇ ਸ਼ਹਿਰੀ ਇਲਾਕਿਆਂ ਵਿਚ ਕਾਫ਼ੀ ਹੱਦ ਤੱਕ ਹਾਲਾਤ ਠੀਕ ਹਨ ਪਰ, ਇਹ ਇਲਾਕੇ ਲਗਾਤਾਰ ਸੁੰਗੜ ਰਹੇ ਹਨ। ਇਹ ਠੀਕ ਹੈ ਕਿ ਬਲੋਚ ਕੌਮਵਾਦੀ ਧਰਮਨਿਰਪੱਖ ਹਨ ਅਤੇ ਇਸੇ ਤਰ੍ਹਾਂ ਹੀ ਮੁਹਾਜ਼ਰ ਕੌਮੀ ਮੂਵਮੈਂਟ ਵੀ ਇਸੇ ਧਾਰਾ ਦੇ ਹਨ ਪਰ ਇਨ੍ਹਾਂ ਦਾ ਅਸਰ ਵਸੋਂ ਦੇ ਇਕ ਛੋਟੇ ਜਿਹੇ ਹਿੱਸੇ ਤੱਕ ਹੀ ਮਹਿਦੂਦ (ਸੀਮਤ) ਹੈ।

**ਸਵਾਲ:** ਸਰਕਾਰ ਨਿਹੱਥੀ ਹੋ ਚੁੱਕੀ ਹੈ। ਪ੍ਰਧਾਨ ਮੰਤਰੀ ਨੇ ਐਲਾਨ ਕੀਤਾ ਹੈ ਕਿ ਇਹ ਕੁਫ਼ਰ ਵਿਰੋਧੀ ਕਾਨੂੰਨ ਨੂੰ ਨਹੀਂ ਛੇੜੇਗੀ। ਕੀ ਇਸ ਦਾ ਮਤਲਬ ਇਹ ਨਹੀਂ ਕਿ ਧਾਰਮਕ ਜਨੂੰਨੀ ਕੌਮੀ ਅੰਸੈਂਬਲੀ ਵਿਚ ਕੋਈ ਨੁਮਾਇੰਦਗੀ ਨਾ ਹੋਣ ਦੇ ਬਾਵਜੂਦ ਇਉਂ ਆਪਣੀ ਮਰਜ਼ੀ ਚਲਾ ਸਕਦੇ ਹਨ?

**ਜਵਾਬ:** ਇਹ ਬਿਲਕੁਲ ਦਰੁਸਤ ਹੈ। ਜਦੋਂ ਮੁਲਾਣਿਆਂ ਵੱਲੋਂ ਇਕੱਠੇ ਕੀਤੇ 50 ਹਜ਼ਾਰ ਲੋਕ ਕਰਾਚੀਆਂ ਦੀਆਂ ਸੜਕਾਂ 'ਤੇ ਨਿਕਲ ਆਏ ਤਾਂ ਡਰੀ ਹੋਈ ਸਰਕਾਰ ਨੇ ਤੁਰੰਤ ਇਨ੍ਹਾਂ ਨਾਲ ਗੱਲਬਾਤ ਦੀ ਗੱਲ ਚਲਾਈ। ਇਸ ਤੋਂ ਵੀ ਪਹਿਲਾਂ ਗ੍ਰਹਿ ਮੰਤਰੀ ਰਹਿਮਾਨ ਮਲਿਕ ਨੇ ਤਾਂ ਇਹ ਐਲਾਨ ਵੀ ਕਰ ਦਿੱਤਾ ਕਿ ਕੁਫ਼ਰ ਵਿਰੁੱਧ ਬੋਲਣ ਵਾਲੇ ਨੂੰ ਉਹ ਆਪ ਗੋਲੀ ਮਾਰਨਗੇ। ਹੁਣ ਸਰਕਾਰ ਡਰੀ ਹੋਈ ਹੈ। ਇਹ ਇੰਨੀ ਡਰੀ ਹੋਈ ਹੈ ਕਿ ਸੱਤਾਧਾਰੀ ਪਾਰਟੀ ਨੇ ਸਲਮਾਨ ਤਾਸੀਰ ਜੋ ਉਨ੍ਹਾਂ ਦਾ ਚੋਟੀ ਦਾ ਲੀਡਰ ਸੀ, ਨੂੰ ਹੀ ਕਤਲ ਪਿੱਛੋਂ ਭੁਲਾ ਦਿੱਤਾ। ਹੁਣ ਰਾਸ਼ਟਰਪਤੀ ਜ਼ਰਦਾਰੀ ਲਈ ਅਮਰੀਕੀ ਗਾਰਡਾਂ ਤੋਂ ਸੁਰੱਖਿਆ ਲੈਣ ਦੀ ਗੱਲ ਹੋ ਰਹੀ ਹੈ ਕਿਉਂਕਿ ਆਪਣੇ ਹੀ ਗਾਰਡਾਂ ਉਤੇ ਯਕੀਨ ਨਹੀਂ ਰਿਹਾ। ਦਲੇਰ ਮਹਿਲਾ ਆਗੂ ਸ਼ੈਰੀ ਰਹਿਮਾਨ ਜਿਸ ਨੇ ਕੁਫ਼ਰ ਵਿਰੋਧੀ ਕਾਨੂੰਨ ਵਿਚ ਸੋਧ ਲਈ ਇਹ ਬਿੱਲ ਕੌਮੀ ਅਸੈਂਬਲੀ ਅੱਗੇ ਰੱਖਿਆ, ਨੂੰ ਵੀ ਪਿਛਾਂਹ ਧੱਕਿਆ ਜਾ ਰਿਹਾ ਹੈ। ਉਧਰ ਉਸ ਨੂੰ ਮਾਰਨ ਲਈ ਧਮਕੀਆਂ ਵੀ ਮਿਲ ਰਹੀਆਂ ਹਨ। ਸਭ ਤੋਂ ਅਹਿਮ ਗੱਲ ਇਹ ਵੀ ਹੈ ਕਿ ਫੌਜ ਨੇ ਤਾਸੀਰ ਦੇ ਕਤਲ ਬਾਰੇ ਕੁਝ ਵੀ ਨਹੀਂ ਕਿਹਾ/ਕੀਤਾ ਹਾਲਾਂਕਿ ਹੋਰ ਮਾਮਲਿਆਂ 'ਤੇ ਇਹ ਬੜੀ ਬੜਬੋਲੀ ਹੈ।

**ਸਵਾਲ:** ਪਾਕਿਸਤਾਨੀ ਮੀਡੀਆ ਨੂੰ ਆਮ ਕਰਕੇ ਆਜ਼ਾਦ ਅਤੇ ਸੰਵੇਦਨਸ਼ੀਲ ਮੰਨਿਆ ਜਾਂਦਾ ਹੈ, ਪਰ ਇਸੇ ਮੀਡੀਆ ਨੇ ਸਲਮਾਨ ਤਾਸੀਰ ਦੇ ਕਤਲ ਤੋਂ ਮਹੀਨਾ ਪਹਿਲਾਂ ਉਸ ਦੇ ਖਿਲਾਫ ਜ਼ਹਿਰੀਲਾ ਪ੍ਰਚਾਰ ਕੀਤਾ ਅਤੇ ਲੋਕਾਂ ਦੀਆਂ ਨਜ਼ਰਾਂ ਵਿਚ ਉਸ ਨੂੰ ਖਲਨਾਇਕ ਬਣਾ ਕੇ ਪੇਸ਼ ਕੀਤਾ। ਇਸ ਬਾਰੇ ਤੁਹਾਡਾ ਕੀ ਕਹਿਣਾ ਹੈ?

**ਜਵਾਬ:** ਮੀਡੀਆ ਦੀ ਇਹ ਆਖੌਤੀ ਆਜ਼ਾਦੀ ਅਤੇ ਸੰਵੇਦਨਸ਼ੀਲਤਾ ਹੀ ਹੈ। ਹੋਰ ਮਸਲਿਆਂ ਜਿਵੇਂ ਧਰਮ ਬਾਰੇ ਤਰਕਸੰਗਤ ਬਹਿਸ ਅਤੇ ਸਮਾਜ ਵਿਚ ਫੌਜ ਦੀ ਭੂਮਿਕਾ ਆਦਿ ਬਾਰੇ ਮੀਡੀਆ ਉੱਕਾ ਹੀ ਖਾਮੋਸ਼ ਹੈ। ਵੱਖ-ਵੱਖ ਪ੍ਰੋਗਰਾਮਾਂ 'ਤੇ ਪਾਗਲ ਕਿਸਮ ਦੇ ਬੰਦੇ ਸੱਦੇ ਜਾਂਦੇ ਹਨ।

ਮੈਂ ਤੁਹਾਨੂੰ ਆਪਣਾ ਤਜਰਬਾ ਦੱਸਦਾ ਹਾਂ। ਤਾਸੀਰ ਦੇ ਕਤਲ ਤੋਂ ਅਗਲੇ ਦਿਨ ਐਫ.ਐਮ.-99 (ਉਰਦੂ) ਨੇ ਇੰਟਰਵਿਊ ਲਈ ਮੈਨੂੰ ਸੱਦਿਆ। ਪ੍ਰੋਡਿਊਸਰ ਕੁੜੀ ਨੇ ਭਰੀਆਂ ਅੱਖਾਂ ਨਾਲ ਇਹ ਦੱਸਿਆ ਕਿ ਇਸ ਕਤਲ ਦੀ ਨਿੰਦਾ ਕਰਨ ਲਈ ਕੋਈ ਇਕ ਧਾਰਮਿਕ ਆਗੂ ਵੀ ਤਿਆਰ ਨਹੀਂ ਹੋਇਆ। ਉਸ ਦਾ ਕਹਿਣਾ ਸੀ ਕਿ ਮੇਰੇ ਵਰਗੇ ਸਧਾਰਨ ਲੋਕ ਵੀ ਹੁਣ ਬਹੁਤੇ ਨਹੀਂ ਮਿਲਦੇ।

ਅਗਲੇ ਦਿਨ ਕੁਫ਼ਰ ਵਿਰੋਧੀ ਪ੍ਰੋਗਰਾਮ ਨਸ਼ਰ ਕੀਤਾ ਗਿਆ। ਇਸ ਦੀ ਐਂਕਰ 'ਸਮਾਂ ਟੀਵੀ' ਵੱਲੋਂ ਅਸਮਾ ਸ਼ੀਰਾਜ਼ੀ ਸੀ। ਅਸਮਾ ਦਾ ਕਹਿਣਾ ਸੀ ਕਿ ਮੈਂ ਵੀ ਇਸ ਪ੍ਰੋਗਰਾਮ ਵਿਚ ਸ਼ਾਮਲ ਹੋਵਾਂ। ਸੋ ਮੈਂ ਗਿਆ, ਇਹ ਜਾਣਨ ਦੇ ਬਾਵਜੂਦ ਕਿ ਉਥੇ ਹੋਣਾ ਕੀ ਹੈ! ਮੇਰੇ ਨਾਲ ਜਮਾਤ-ਏ ਇਸਲਾਮੀ ਦਾ ਤਰਜਮਾਨ ਫਰੀਦ ਪਰਾਚਾ ਅਤੇ ਸੁੰਨੀ ਤਹਿਰੀਕ ਦੇ ਮੌਲਾਨਾ ਸਿਆਲਵੀ ਸਨ। ਉਸ ਰਿਕਾਰਡਿੰਗ ਵੇਲੇ 100 ਦੇ ਕਰੀਬ ਵਿਦਿਆਰਥੀ ਵੀ ਆਏ ਹੋਏ ਸਨ ਜਿਹੜੇ ਇਸਲਾਮਾਬਾਦ ਅਤੇ ਪਿੰਡੀ ਦੇ ਵੱਖ-ਵੱਖ ਕਾਲਜਾਂ ਤੋਂ ਆਏ ਸਨ। ਉਥੇ ਮੁਲਾਣੇ ਮੇਰੇ ਦੁਆਲੇ ਹੋ ਗਏ। ਇਸੇ ਦੌਰਾਨ ਮੈਂ ਸਪੱਸ਼ਟ ਰੂਪ ਵਿਚ ਕਿਹਾ ਕਿ ਧਾਰਮਿਕ ਦਹਿਸ਼ਤਪਸੰਦੀ ਵਾਲਾ ਕਲਚਰ ਖੂਨ-ਖਰਾਬਾ ਕਰ ਰਿਹਾ ਹੈ ਜਿਸ ਦੇ ਬਹੁਤੇ ਸ਼ਿਕਾਰ ਮੁਸਲਮਾਨ ਹੀ ਹੋ ਰਹੇ ਹਨ; ਕਿ ਗੈਰ-ਮੁਸਲਮਾਨ ਪਾਕਿਸਤਾਨ ਛੱਡ ਕੇ ਜਾ ਰਹੇ ਹਨ; ਕਿ ਇਸਲਾਮ ਦੇ ਆਪੇ ਬਣੇ ਠੇਕੇਦਾਰ ਹੋਰ ਮੁਸਲਮਾਨ ਦੇਸ਼ਾਂ ਦੇ ਕਾਨੂੰਨਾਂ ਨੂੰ ਦਰਕਿਨਾਰ ਕਰ ਰਹੇ ਹਨ ਜਿੱਥੇ ਕੁਫ਼ਰ ਵਿਰੋਧੀ ਦੋਸ਼ ਲਈ ਮੌਤ ਦੀ ਸਜ਼ਾ ਨਹੀਂ ਹੈ; ਕਿ ਕੁਫ਼ਰ ਵਿਰੋਧੀ ਕਾਨੂੰਨ ਦੀ ਧਾਰਾ 295-ਸੀ ਬਾਰੇ ਗੱਲ ਕਰਨੀ ਕੁਫ਼ਰ ਵਿਰੋਧੀ ਕਾਨੂੰਨ ਬਾਰੇ ਬੋਲਣਾ ਨਹੀਂ ਹੁੰਦਾ, ਕਿ ਅਮਰੀਕੀ ਮੁਸਲਮਾਨ ਇਸ ਸਾਰੀ ਹਲਚਲ ਤੋਂ ਪਰੇ ਹਨ; ਕਿ ਜਦੋਂ ਕੁਫ਼ਰ ਵਿਰੋਧੀ ਕਾਨੂੰਨ ਬਾਰੇ ਚੱਲ ਰਹੀ ਹੈ ਤਾਂ ਡਰੋਨ ਹਮਲਿਆਂ ਬਾਰੇ ਗੱਲ ਕਰਨੀ ਬੇਤੁਕੀ ਹੈ?

ਫਿਰ ਹੁੰਗਾਰਾ ਪਤਾ ਕੀ ਮਿਲਿਆ? ਕਿਸੇ ਇਕ ਜਣੇ ਨੇ ਵੀ ਮੇਰੀ ਹਮਾਇਤ ਨਾ ਕੀਤੀ। ਜਦੋਂ ਮੇਰੇ ਨਾਲਦਿਆਂ ਨੇ ਕੁਫ਼ਰ ਵਿਰੋਧੀਆਂ ਨੂੰ ਮੌਤ ਦੀ ਸਜ਼ਾ ਦੀ ਗੱਲ ਕੀਤੀ ਤਾਂ ਤਾੜੀਆਂ ਵੱਜੀਆਂ। ਤਾਸੀਰ ਦੇ ਕਾਤਲ ਮੁਮਤਾਜ਼ ਕਾਦਰੀ ਦੀ ਗੱਲ ਚੱਲੀ ਤਾਂ ਲੋਕਾਂ ਨੇ ਨਾਅਰੇ ਲਾਏ। ਜਦੋਂ ਮੈਂ ਮੌਲਾਨਾ ਸਿਆਲਵੀ ਨਾਲ ਸਿੱਧੀ ਹੀ ਗੱਲ ਕੀਤੀ ਅਤੇ ਕਿਹਾ ਕਿ ਉਸ ਦੇ ਹੱਥਾਂ ਉਤੇ ਤਾਂ ਸਲਮਾਨ ਤਾਸੀਰ ਦਾ ਖੂਨ ਲੱਗਾ ਹੋਇਆ ਹੈ ਤਾਂ ਉਸ ਨੇ ਕਿਹਾ "ਕਾਸ਼! ਯਹ ਕਤਲ ਮੈਨੇ ਖੁਦ ਕਿਆ ਹੋਤਾ।" ਹੁਣ ਬਹਿਸ ਦਾ ਨੁਕਤਾ ਇਹ ਹੈ ਕਿ ਇਸ ਤਰ੍ਹਾਂ ਦੇ ਪ੍ਰੋਗਰਾਮਾਂ ਲਈ ਮੀਡੀਆ ਨੂੰ ਦੋਸ਼ੀ ਠਹਿਰਾਇਆ ਜਾਵੇ ਜਾਂ ਇਹ ਮੰਨਿਆ ਜਾਵੇ ਕਿ ਇਹ ਪਬਲਿਕ ਦਾ ਰੋਸ ਹੀ ਸੀ? ਪਰ, ਇਸ ਵਿਚ ਭੋਰਾ ਭਰ ਵੀ ਸ਼ੱਕ ਨਹੀਂ ਕਿ ਪਾਕਿਸਤਾਨ ਦਾ ਮੀਡੀਆ ਭੁਗਤ ਕਿਸੇ ਪਾਸੇ ਰਿਹਾ ਹੈ! ਪ੍ਰੋਗਰਾਮ ਦੇ ਪੇਸ਼ਕਾਰ ਵੱਲੋਂ ਕਤਲ ਦੀ ਨਿਖੇਧੀ ਨਾ ਕਰਨ ਤੋਂ ਜ਼ਾਹਿਰ ਹੈ ਕਿ ਅਜਿਹਾ ਹੀ ਹੈ। ਹਰ ਚੈਨਲ 'ਤੇ ਮੁਲਾਣਿਆਂ ਦੀਆਂ ਤਸਵੀਰਾਂ ਦਿਖਾਈਆਂ ਗਈਆਂ ਅਤੇ ਭਾਸ਼ਣ ਸੁਣਾਏ ਗਏ। ਕੁਝ ਪੱਤਰਕਾਰਾਂ ਅਤੇ ਟੀਵੀ 'ਤੇ ਸ਼ਾਮਲ ਹੋਏ ਲੋਕਾਂ ਨੇ ਕਾਦਰੀ ਦੀ ਤੁਲਨਾ ਇਲਮ-ਏ-ਦੀਨ ਨਾਲ ਕੀਤੀ। ਕੁਝ ਦਾ ਕਹਿਣਾ ਸੀ ਕਿ ਤਾਸੀਰ ਨੇ ਮੌਤ ਖੁਦ ਸਹੇੜੀ।

**ਸਵਾਲ:** ਪਾਕਿਸਤਾਨ ਵਿਚ ਬਹੁਤੇ ਜਿਨ੍ਹਾਂ ਵਿਚ ਇਮਰਾਨ ਖ਼ਾਨ ਵਰਗੇ ਸ਼ਾਮਲ ਹਨ, ਦਾ ਦੋਸ਼ ਹੈ ਕਿ ਪਾਕਿਸਤਾਨ ਵਿਚ ਦਹਿਸ਼ਤਪਸੰਦੀ ਅਮਰੀਕਾ ਵੱਲੋਂ ਅਫ਼ਗਾਨੀਸਤਨ 'ਤੇ ਕਬਜ਼ੇ ਤੋਂ ਬਾਅਦ ਵਧੀ। ਤੁਹਾਡੇ ਵਿਚਾਰ ਵਿਚ ਇਸ ਦਾ ਅਸਲ ਕਾਰਨ ਕੀ ਹੈ? ਜਵਾਬ: ਜੇ ਅਮਰੀਕਾ ਅਫ਼ਗਾਨਿਸਤਾਨ ਵਿਚ ਨਾ ਆਉਂਦਾ ਤਾਂ ਪਾਕਿਸਤਾਨ ਵਿਚ ਐਨੀ ਹਿੰਸਾ ਨਹੀਂ ਹੋਣੀ ਸੀ, ਜਿੰਨੀ ਹੁਣ ਹੋ ਰਹੀ ਹੈ। ਇਸ ਦਾਅਵੇ ਵਿਚ ਇਕ ਸੱਚ ਤਾਂ ਹੈ, ਪਰ ਇਹ ਪੂਰਾ ਸੱਚ ਨਹੀਂ ਹੈ। ਮੈਂ ਤੁਹਾਨੂੰ ਇਕ ਮਿਸਾਲ ਦਿੰਦਾ ਹਾਂ। ਮੰਨ ਲਓ ਕਿ ਸੁੱਕੀ ਲੱਕੜ ਪਈ ਹੈ ਅਤੇ ਕੋਲ ਤੀਲੀ ਬਲ ਰਹੀ ਹੈ। ਅਮਰੀਕਾ ਦੀ ਅਗਵਾਈ ਵਾਲੀ ਸੋਵੀਅਤ ਵਿਰੋਧੀ ਜੰਗ ਇਹ ਬਲ ਰਹੀ ਤੀਲੀ ਹੀ ਸੀ। ਰੂੜ੍ਹੀਵਾਦ ਉਹ ਖਤਰਨਾਕ ਸਮੱਗਰੀ ਸੀ ਜੋ ਸਮਾਂ ਬੀਤਣ ਨਾਲ ਵਧਦੀ ਹੀ ਗਈ। ਇਸਲਾਮਵਾਦੀ ਪਾਰਟੀਆਂ ਦਾ ਜ਼ੋਰ 1973-74 ਵਿਚ ਜ਼ੁਲਫਕਾਰ ਅਲੀ ਭੁੱਟੋ ਦੇ ਵੇਲੇ ਵਧਣਾ ਸ਼ੁਰੂ ਹੋਇਆ, ਜਦੋਂ ਉਹ ਇਨ੍ਹਾਂ ਦੇ ਥੱਲੇ ਲੱਗ ਗਏ। ਪੰਜ-ਛੇ ਸਾਲ ਦਾ ਇਹ ਉਹ ਸਮਾਂ ਸੀ ਜਿਸ ਤੋਂ ਬਾਅਦ ਸੋਵੀਅਤ ਯੂਨੀਅਨ ਨੇ ਅਫਗਾਨਿਸਤਾਨ ਵਿਚ ਪੈਰ ਪਾਏ। ਇਸ ਲਈ, ਇਸ ਭਿਅੰਕਰ ਰੁਖ਼ ਦਾ ਦੋਸ਼ ਅਮਰੀਕਾ 'ਤੇ ਦਿੱਤਾ ਜਾ ਸਕਦਾ ਹੈ। ਅਹਿਮ ਗੱਲ ਇਹ ਕਿ ਪੱਛਮ ਨੇ ਇਸ ਸੁੱਕੀ ਲੱਕੜ ਨੂੰ ਅੱਗ ਲੱਗਣ ਦਿੱਤੀ।

**ਸਵਾਲ:** ਤੁਹਾਡੀ ਨਜ਼ਰ ਵਿਚ ਪਾਕਿਸਤਾਨ ਵਿਚ ਇਸ ਧਾਰਮਿਕ ਦਹਿਸ਼ਤਪਸੰਦੀ ਦੀ ਚੜ੍ਹਾਈ ਨੂੰ ਕਿਸ ਤਰ੍ਹਾਂ ਠੱਲ੍ਹਿਆ ਜਾ ਸਕਦਾ ਹੈ?

**ਜਵਾਬ:** ਜੇ ਤੁਸੀਂ ਸੱਚ ਸੁਣਨਾ ਚਾਹੁੰਦੇ ਹੋ ਤਾਂ ਜਵਾਬ ਹੈ: ਹੁਣ ਰਸਤਾ ਬੰਦ ਹੈ। ਵਕਤ ਲੰਘ ਚੁੱਕਾ ਹੈ। ਕਈ ਵਾਰ ਜੰਗਲ ਦੀ ਅੱਗ ਬੁਝਾਉਣ ਲਈ ਕੋਈ ਪੇਸ਼ ਨਹੀਂ ਜਾਂਦੀ ਹੁੰਦੀ। ਸਭ ਕੁਝ ਤਬਾਹ ਹੋਣ ਤੱਕ ਇੰਤਜ਼ਾਰ ਕਰਨਾ ਪੈਂਦਾ ਹੈ। ਆਖ਼ਰਕਾਰ, ਸੜ-ਬਲਣ ਲਈ ਫਿਰ ਕੁਝ ਵੀ ਨਹੀਂ ਬਚੇਗਾ। ਉਂਝ, ਆਖਰੀ ਲਿਬਰਲ ਦੇ ਫੌਤ ਹੋਣ ਤੱਕ ਇਹ ਜੋ ਮੁਲਾਣੇ ਹਨ, ਇਕ-ਦੂਜੇ ਵੱਲ ਹੀ ਬੰਦੂਕਾਂ ਤਾਣ ਲੈਣਗੇ। ਮੁਲਾਣਿਆਂ ਦੇ ਸਿਖਾਏ ਖੁਦਕੁਸ਼ ਬੰਬਰਾਂ ਨੇ ਇਕ-ਦੂਜੇ ਦੇ ਧਾਰਮਿਕ ਸਥਾਨਾਂ ਅਤੇ ਮਸੀਤਾਂ ਨੂੰ ਉਡਾਉਣਾ ਸ਼ੁਰੂ ਕਰ ਦਿੱਤਾ ਹੈ। ਇੰਟਰਨੈਟ ਉਤੇ ਅਜਿਹੀਆਂ ਫੋਟੋਆਂ ਦਾ ਹੜ੍ਹ ਆਇਆ ਹੋਇਆ ਹੈ ਜਿਸ ਵਿਚ ਵਿਰੋਧੀਆਂ ਦੇ ਮਿੱਧੇ ਹੋਏ ਸਿਰ ਦਿਸਦੇ ਹਨ। ਮੁਮਤਾਜ਼ ਕਾਦਰੀ ਕਹਿ ਹੀ ਚੁੱਕਾ ਹੈ ਕਿ ਉਸ ਨੂੰ ਸਲਮਾਨ ਤਾਸੀਰ ਦੇ ਕਤਲ ਦੀ ਪ੍ਰੇਰਨਾ ਇਕ ਮੁਲਾਣੇ ਦੇ ਭਾਸ਼ਣ ਤੋਂ ਮਿਲੀ ਸੀ। ਸੋ, ਗੱਲ ਹੁਣ ਇਥੇ ਪੁੱਜ ਗਈ ਹੈ ਕਿ ਮੁਲਾਣੇ, ਵਿਰੋਧੀ ਧੜੇ ਦੇ ਮੁਲਾਣਿਆਂ ਉਤੇ ਹਮਲੇ ਕਰਨਗੇ। ਇੱਦਾਂ ਦੇ ਹਾਲਾਤ ਯੂਰਪ ਦੀ 30 ਸਾਲ ਦੀ ਜੰਗ ਦੌਰਾਨ ਬਣੇ ਸਨ।

ਪਾਕਿਸਤਾਨ ਨੂੰ ਬਚਾਉਣ ਲਈ ਅਸੀਂ ਅੱਲਾ ਤੋਂ ਕਿਸ ਤਰ੍ਹਾਂ ਦੇ ਕ੍ਰਿਸ਼ਮੇ ਦੀ ਆਸ ਰੱਖ ਸਕਦੇ ਹਾਂ ਭਲਾ? ਮੇਰੇ ਨਿੱਜੀ ਵਿਚਾਰ ਇਉਂ ਹਨ: ਪਹਿਲਾ, ਪਾਕਿਸਤਾਨੀ ਫੌਜ ਭਾਰਤ ਨੂੰ ਆਪਣਾ ਦੁਸ਼ਮਣ ਨਬਰ ਇਕ ਮੰਨਣਾ ਬੰਦ ਕਰੇ ਅਤੇ ਦਹਿਸ਼ਤਪਸੰਦੀ ਨੂੰ ਘਾਤਕ/ਵੱਡੀ ਵੰਗਾਰ ਮੰਨੇ। ਦੂਜਾ, ਜ਼ਰਦਾਰੀ ਸਰਕਾਰ ਦੀ ਥਾਂ ਅਜਿਹੀ ਸਰਕਾਰ ਬਣਾਈ ਜਾਵੇ ਜਿਹੜੀ ਘੱਟ ਭ੍ਰਿਸ਼ਟ ਹੋਵੇ, ਵਧੇਰੇ ਕਾਰਗਰ ਹੋਵੇ ਅਤੇ ਇਸ ਕੋਲ ਧਾਰਮਿਕ ਫਾਸ਼ੀਵਾਦ ਨੂੰ ਵੰਗਾਰਨ ਦੀ ਇੱਛਾ ਸ਼ਕਤੀ ਅਤੇ ਜਾਨ ਹੋਵੇ। ਤੀਜਾ, ਕਿਵੇਂ ਨਾ ਕਿਵੇਂ ਅਫ਼ਗਾਨਿਸਤਾਨ ਵਿਚ ਅਮਨ-ਅਮਾਨ ਹੋਵੇ।

ਪੁਸਤਕ ਚਰਚਾ

# "ਏ ਗਾਈਡ ਟੂ ਰੈਫ਼ਰੈਂਸ ਸੋਰਸਿਜ਼ ਇਨ ਪੰਜਾਬੀ"

# ਪੰਜਾਬੀ ਭਾਸ਼ਾ ਦੇ ਦੁਰਲੱਭ ਸੋਮਿਆਂ ਦੀ ਖਾਣ

ਪੰਜਾਬੀ ਭਾਸ਼ਾ ਵਿਚ ਸ੍ਰੋਤ ਸਾਮੱਗਰੀ ਦੀ ਘਾਟ ਹਮੇਸ਼ਾ ਰੜਕਦੀ ਰਹੀ ਹੈ ਅਤੇ ਇਸ ਸ੍ਰੋਤ ਸਾਮੱਗਰੀ ਦਾ ਕੋਈ ਕੈਟਾਲਾਗ ਬਣਾਉਣ ਵਾਲੇ ਪਾਸੇ ਤਾਂ ਹੋਰ ਵੀ ਘੱਟ ਯਤਨ ਹੋਏ ਹਨ। ਡਾ. ਐਮ. ਪੀ ਸਤੀਜਾ, ਡਾ. ਸੁਖਦੇਵ ਸਿੰਘ ਅਤੇ ਡਾ. ਲਖਬੀਰ ਸਿੰਘ ਨੇ "ਏ ਗਾਈਡ ਟੂ ਰੈਫ਼ਰੈਂਸ ਸੋਰਸਿਜ਼ ਇਨ ਪੰਜਾਬੀ" ਪੁਸਤਕ ਦੇ ਰੂਪ ਵਿਚ ਇਸ ਖੇਤਰ ਦਾ ਮੁੱਢ ਬੰਨ ਦਿੱਤਾ ਹੈ। ਕਿਤਾਬ ਦੀ ਸੁਰ ਜੋ ਸੀ, ਜੋ ਹੈ ਅਤੇ ਜੋ ਹੋਣਾ ਚਾਹੀਦਾ ਹੈ ਦੁਆਲੇ ਘੁੰਮਦੀ ਭੂਤ, ਵਰਤਮਾਨ ਅਤੇ ਭਵਿੱਖ ਦੇ ਵਿਚਕਾਰ ਇਕ ਸੰਜੀਦਾ ਤੇ ਦਿਲਚਸਪ ਸੰਵਾਦ ਰਚਾਉਂਦੀ ਹੈ। ਇਹ ਸੰਵਾਦ ਹੀ ਕਿਤਾਬ ਦੀ ਖੁਸ਼ਕ ਸਾਮੱਗਰੀ ਨੂੰ ਰੌਚਕਤਾ ਪ੍ਰਦਾਨ ਕਰਦਾ ਹੈ।

ਇਸ ਕਿਤਾਬ ਨੂੰ ਤੇਰਾਂ ਅਧਿਆਇਆਂ ਵਿਚ ਵੰਡਿਆ ਗਿਆ ਹੈ। ਪਹਿਲੇ ਦੋ ਅਧਿਆਇ ਸਿਧਾਂਤਕ ਹਨ। ਅਧਿਆਇ ਤਿੰਨ ਤੋਂ ਲੈ ਕੇ ਬਾਰਾਂ ਤੱਕ ਵੱਖੋ-ਵੱਖਰੇ ਸ੍ਰੋਤਾਂ ਨਾਲ ਜਾਣ-ਪਛਾਣ ਕਰਾਈ ਗਈ ਹੈ। ਤੇਰ੍ਹਵੇਂ ਅਧਿਆਇ ਵਿਚ ਰਹਿ ਗਏ ਖੱਪਿਆਂ ਪ੍ਰਤੀ ਜਾਣਕਾਰੀ ਅਤੇ ਸਾਰੰਸ਼ ਦਿੱਤਾ ਗਿਆ ਹੈ। ਅੰਤ ਵਿਚ ਦੋ ਅੰਤਿਕਾਵਾਂ ਹਨ। ਅੰਤਿਕਾ ਨੰਬਰ 1 ਡਾਟਾ ਸ਼ੀਟ ਦੀ ਵਿਸਤ੍ਰਿਤ ਜਾਣਕਾਰੀ ਹੈ ਜਿਸ ਨੂੰ ਵਰਤ ਕੇ ਕਿਤਾਬ ਵਿਚ ਸ਼ਾਮਲ ਸ੍ਰੋਤਾਂ ਦੀ ਤਰਤੀਬ ਕੀਤੀ ਗਈ ਹੈ। ਅੰਤਿਕਾ 2 ਵਿਚ ਨਿਰੀਖਣ ਅਧੀਨ ਵਰਤੇ ਗਏ ਸ੍ਰੋਤਾਂ ਦੇ ਵੇਰਵੇ ਹਨ।


ਪਹਿਲਾ ਅਧਿਆਇ ਹਵਾਲਾ ਸ੍ਰੋਤਾਂ, ਮਹੱਤਤਾ, ਕਿਸਮਾਂ ਅਤੇ ਦਰਜੇ ਬਾਰੇ ਜਾਣਕਾਰੀ ਦਿੰਦਾ ਹੈ। ਹਵਾਲਾ ਸ੍ਰੋਤਾਂ ਦਾ ਵੇਰਵਾ ਕਿਸੇ ਲਿਖਤ ਵਿਚ ਸਰੀਰ ਵਿਚ ਰੀੜ ਦੀ ਹੱਡੀ ਜਿੰਨਾ ਅਹਿਮ ਹੈ। ਹਵਾਲਾ ਸ੍ਰੋਤਾਂ ਨੂੰ ਤਿੰਨ ਕਿਸਮਾਂ ਵਿਚ ਵੰਡਿਆ ਗਿਆ ਹੈ। ਪਹਿਲੀ ਕਿਸਮ ਦੇ ਹਵਾਲਾ ਸ੍ਰੋਤ ਨਿਰਦੇਸ਼ ਕਿਸਮ ਦੇ ਹਵਾਲਾ ਸ੍ਰੋਤ ਹੁੰਦੇ ਹਨ। ਇਸ ਵਿਚ ਇੰਦਰਾਜ ਅਤੇ ਪੁਸਤਕ ਸੂਚੀ ਆਉਂਦੇ ਹਨ। ਇਸ ਕਿਸਮ ਦੇ ਹਵਾਲਾ ਸ੍ਰੋਤ ਲਾਇਬ੍ਰੇਰੀਅਨ ਤਿਆਰ ਕਰਦੇ ਹਨ। ਇਸ ਵਿਚ ਪੁਸਤਕ ਸੂਚੀ, ਕੈਟਾਲਾਗ, ਇੰਡੈਕਸਿੰਗ, ਐਬਸਟ੍ਰੈਕਟ, ਕੈਟਾਲਾਗ ਅਤੇ ਯੂਨੀਅਨ ਕੈਟਾਲਾਗ ਆਦਿ ਆਉਂਦੇ ਹਨ। ਦੂਜੀ ਕਿਸਮ ਦੇ ਸ੍ਰੋਤ ਟਾਈਪ ਹਵਾਲਾ ਪੁਸਤਕਾਂ ਹਨ, ਜਿਨ੍ਹਾਂ ਵਿਚ ਸ੍ਰੋਤਾਂ ਬਾਰੇ ਸੰਖੇਪ ਜਾਣਕਾਰੀ ਦਿੱਤੀ ਹੁੰਦੀ ਹੈ। ਇਸ ਵਿਚ ਵਿਸ਼ਵ ਕੋਸ਼, ਡਿਕਸ਼ਨਰੀਆਂ, ਯੀਅਰ ਬੁਕਸ, ਹੈਂਡ ਬੁਕਸ ਅਤੇ ਬੁਕਲੈਟ, ਜੀਵਨੀ ਨੁਮਾ ਸ੍ਰੋਤ, ਭੂਗੋਲਿਕ ਸ੍ਰੋਤ, ਡਾਇਰੈਕਟਰੀਆਂ ਆਦਿ ਆਉਂਦੇ ਹਨ। ਤੀਜੀ ਕਿਸਮ ਵਿਚ ਸਰਕਾਰੀ ਦਸਤਾਵੇਜ਼ ਹੁੰਦੇ ਹਨ ਜੋ ਕਿ ਉਪਰੋਕਤ ਵਰਣਿਤ ਪਹਿਲੀਆਂ ਦੋ ਕਿਸਮਾਂ ਦੇ ਹਵਾਲਾ ਸ੍ਰੋਤਾਂ ਦਾ ਹੀ ਅੰਗ ਹੁੰਦੇ ਹਨ। ਇਸ ਅਧਿਆਇ ਦਾ ਮਗਰਲਾ ਹਿੱਸਾ ਕਿਸੇ ਸਰੋਤ ਦੇ ਨਿਰੀਖਣ ਲਈ ਵਰਤੇ ਜਾਣ ਵਾਲੇ ਨੁਕਤਿਆਂ ਦੀ ਜਾਣਕਾਰੀ ਦਿੰਦਾ ਹੈ।

ਦੂਜਾ ਅਧਿਆਇ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਹਵਾਲਾ ਸ੍ਰੋਤਾਂ ਦੀ ਉਤਪਤੀ, ਇਤਿਹਾਸ ਅਤੇ ਵਿਕਾਸ ਬਾਰੇ ਹੈ। ਇਸ ਵਿਚ ਪੰਜਾਬੀ ਹਵਾਲਾ ਕਿਤਾਬਾਂ ਨੂੰ ਉਪਲਬਧੀ ਦੇ ਆਧਾਰ 'ਤੇ ਮੁੱਢ ਤੋਂ ਲੈ ਕੇ ਹੁਣ ਤੱਕ ਦੇ ਸਮੇਂ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਗਿਆ ਹੈ। ਅੰਗਰੇਜ਼ਾਂ ਦੇ ਪੰਜਾਬ ਤੇ ਕਬਜ਼ਾ ਕਰਨ 1849 ਤੱਕ ਦੇ ਸਮੇਂ ਨੂੰ ਮੁੱਢਲਾ ਪੜਾਅ, 1849 ਤੋਂ ਲੈ ਕੇ ਪੰਜਾਬ ਦੀ ਵੰਡ 1947 ਤੱਕ ਦੇ ਸਮੇਂ ਨੂੰ ਇਤਿਹਾਸਕ ਪੜਾਅ ਅਤੇ 1947 ਤੋਂ ਮਗਰੋਂ ਦੇ ਸਮੇਂ ਨੂੰ ਵਿਕਾਸ ਦੇ ਪੜਾਅ ਦਾ ਨਾਂ ਦਿੱਤਾ ਗਿਆ ਹੈ।

ਮੁੱਢਲੇ ਪੜਾਅ ਨੂੰ ਸੱਤ ਹਿੱਸਿਆਂ-ਨਾਮ ਮਾਲਾ ਕੋਸ਼, ਅਮਰ ਕੋਸ਼, ਗੁਰਬਾਣੀ ਕੋਸ਼, ਦੋ-ਭਾਸ਼ੀ ਕੋਸ਼, ਬਹੁ-ਭਾਸ਼ੀ ਕੋਸ਼ ਅਤੇ ਵਿਸ਼ਵ ਕੋਸ਼ ਆਦਿ ਵਿਚ ਵੰਡ ਕੇ ਵਿਸਤਾਰ ਵਿਚ ਜਾਣਕਾਰੀ ਦਿੱਤੀ ਗਈ ਹੈ। ਇਤਿਹਾਸਕ ਪੜਾਅ ਨੂੰ ਦੋ-ਭਾਸ਼ੀ ਕੋਸ਼ਾਂ ਤਹਿਤ ਅੰਗਰੇਜ਼ੀ-ਪੰਜਾਬੀ ਕੋਸ਼ਧਾਰਾ ਅਤੇ ਪੰਜਾਬੀ-ਅੰਗਰੇਜ਼ੀ ਕੋਸ਼ਧਾਰਾ ਵਿਚ ਵੰਡ ਕੇ ਵਿਸਤਾਰ ਵਿਚ ਚਾਨਣਾ ਪਾਇਆ ਹੈ। ਦੋ-ਭਾਸ਼ੀ ਕੋਸ਼ਾਂ ਤੋਂ ਬਿਨਾ ਪੰਜਾਬੀ-ਪੰਜਾਬੀ ਕੋਸ਼ਧਾਰਾ ਨੂੰ ਗੁਰੂ ਗ੍ਰੰਥ ਸਾਹਿਬ ਕੋਸ਼ ਅਤੇ ਪੰਜਾਬੀ ਸ਼ਬਦ ਕੋਸ਼ ਵਿਚ ਵੰਡ ਕੇ ਇਸ ਖੇਤਰ ਵਿਚ ਮਿਲਦੇ ਹਵਾਲਾ ਸ੍ਰੋਤਾਂ ਦੇ ਵੇਰਵੇ ਦਿੱਤੇ ਹਨ। ਵਿਕਾਸ ਦੇ ਪੜਾਅ ਤਹਿਤ ਗੁਰਬਾਣੀ ਕੋਸ਼, ਪੰਜਾਬੀ ਕੋਸ਼, ਦੋ-ਭਾਸ਼ੀ ਕੋਸ਼, ਸਮਅਰਥੀ ਅਤੇ ਵਿਰੋਧੀ ਸ਼ਬਦ-ਕੋਸ਼, ਸ਼ਬਦ-ਜੋੜ ਕੋਸ਼, ਸਾਹਿਤ ਕੋਸ਼, ਵਿਦਿਆਰਥੀ ਕੋਸ਼, ਖਾਲਸਾਈ ਬੋਲੇ ਕੋਸ਼, ਵਿਸ਼ਾ ਆਧਾਰਤ ਕੋਸ਼, ਵਿਸ਼ੇਸ਼ ਕੋਸ਼, ਵਿਸ਼ਵ ਕੋਸ਼, ਦੋ-ਭਾਸ਼ੀ ਕੋਸ਼, ਅੰਗਰੇਜ਼ੀ-ਪੰਜਾਬੀ ਕੋਸ਼, ਪੰਜਾਬੀ-ਅੰਗਰੇਜ਼ੀ ਕੋਸ਼, ਹਿੰਦੀ-ਪੰਜਾਬੀ ਕੋਸ਼, ਰੂਸੀ-ਪੰਜਾਬੀ ਸ਼ਬਦ ਕੋਸ਼, ਪੰਜਾਬੀ-ਸੰਸਕ੍ਰਿਤ ਕੋਸ਼, ਪੰਜਾਬੀ-ਉਰਦੂ ਕੋਸ਼, ਤਕਨੀਕੀ ਸ਼ਬਦਾਵਲੀ ਕੋਸ਼ ਤੋਂ ਇਲਾਵਾ ਮੁਹਾਵਰਾ ਅਤੇ ਅਖਾਣ ਕੋਸ਼ ਆਦਿ ਬਾਰੇ ਬਹੁਮੁੱਲੀ ਜਾਣਕਾਰੀ ਦਿੱਤੀ ਗਈ ਹੈ।

ਤੀਜਾ ਅਧਿਆਇ ਪੁਸਤਕ ਸੂਚੀ ਸ੍ਰੋਤ, ਕੈਟਾਲਾਗ, ਇੰਡੈਕਸ ਸਰਵਿਸ ਅਤੇ ਡਾਇਰੈਕਟਰੀਆਂ ਬਾਰੇ ਹੈ। ਪੁਸਤਕ ਸੂਚੀ ਸ੍ਰੋਤ ਨੂੰ ਉਨ੍ਹਾਂ ਨੌਂ ਹਿੱਸਿਆਂ ਵਿਚ ਵੰਡ ਕੇ ਪੰਜਾਬੀ ਵਿਚ ਇਸ ਦੀ ਸ਼ੁਰੂਆਤ ਡਾ. ਗੰਡਾ ਸਿੰਘ ਤੋਂ ਹੋਈ ਮੰਨੀ ਹੈ। ਕੈਟਾਲਾਗ ਤਹਿਤ ਉਨ੍ਹਾਂ ਅੱਠ ਪੰਜਾਬੀ ਕੈਟਾਲਾਗਾਂ ਦਾ ਜ਼ਿਕਰ ਕੀਤਾ ਹੈ ਜਿਵੇਂ; ਕੈਟਾਲਾਗ ਆਫ ਰੇਅਰ ਬੁਕਸ (ਪ੍ਰੇਮ ਪ੍ਰਕਾਸ਼ ਵਰਮਾ), ਸਾਡਾ ਹੱਥ ਲਿਖਤੀ ਪੰਜਾਬੀ ਸਾਹਿਤ (ਸ਼ਮਸ਼ੇਰ ਸਿੰਘ ਅਸ਼ੋਕ), ਕੈਟਾਲਾਗ ਆਫ ਪੰਜਾਬੀ ਪ੍ਰਿੰਟਡ ਬੁਕਸ ਆਫ ਪੰਜਾਬ (ਗਨੇਸ਼ ਗੌਰ), ਕੈਟਾਲਾਗ ਆਫ ਦੀ ਪੰਜਾਬੀ ਮੈਨੂਸਕ੍ਰਿਪਟਜ਼ (ਗੁਰੂ ਨਾਨਕ ਦੇਵ ਯੂਨੀਵਰਸਿਟੀ) ਆਦਿ। ਇੰਡੈਕਸਿੰਗ ਸਰਵਿਸ ਅਧੀਨ ਲੇਖ ਚੇਤਨਾ ਅਤੇ ਪੰਜਾਬੀ ਪ੍ਰੈਸ (ਡਾ. ਗੰਡਾ ਸਿੰਘ) ਦੀਆਂ ਲਿਖਤਾਂ ਬਾਰੇ ਜਾਣਕਾਰੀ ਦਿੱਤੀ ਹੈ ਅਤੇ ਅੰਤ ਵਿਚ ਡਾਇਰੈਕਟਰੀਆਂ ਨੂੰ ਛੇ ਹਿੱਸਿਆਂ ਵਿਚ ਵੰਡਿਆ ਹੈ, ਲੋਕਲ, ਗੌਰਮਿੰਟ, ਸੰਸਥਾਗਤ ਆਦਿ।

ਚੌਥਾ ਅਧਿਆਇ ਵਿਸ਼ਵ ਕੋਸ਼ ਬਾਰੇ ਹੈ ਜਿਸ ਵਿਚ ਉਨ੍ਹਾਂ ਨੇ ਦਸ ਵਿਸ਼ਵ ਕੋਸ਼ਾਂ ਬਾਰੇ




**ਪ੍ਰਕਾਸ਼ਕ: ਪੰਜਾਬ ਲਾਇਬਰੇਰੀ ਐਸੋਸੀਏਸ਼ਨ, ਪਟਿਆਲਾ।**
**ਮੁੱਲ: 800 ਰੁਪਏ, ਸਫ਼ੇ: 297**

ਵਿਸਤਾਰਪੂਰਵਕ ਜਾਣਕਾਰੀ ਦਿੱਤੀ ਹੈ। ਇਨ੍ਹਾਂ ਵਿਚ ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਇਨਸਾਈਕਲੋਪੀਡੀਆ ਆਫ ਸਪੋਰਟਸ ਸਾਇੰਸ (ਪਿਆਰਾ ਸਿੰਘ ਸਹਿਰਾਈ), ਗੁਰਸ਼ਬਦ ਰਤਨਾਕਰ: ਮਹਾਨ ਕੋਸ਼ (ਭਾਈ ਕਾਨ੍ਹ ਸਿੰਘ ਨਾਭਾ), ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ (ਸੋਹਿੰਦਰ ਸਿੰਘ ਵਣਜਾਰਾ ਬੇਦੀ) ਅਤੇ ਗੁਰੂ ਗ੍ਰੰਥ ਵਿਸ਼ਵ ਕੋਸ਼ (ਰਤਨ ਸਿੰਘ ਜੱਗੀ) ਹਨ।

ਪੰਜਵੇਂ ਅਧਿਆਇ ਨੂੰ ਉਨ੍ਹਾਂ ਤਿੰਨ ਹਿੱਸਿਆਂ ਵਿਚ ਵੰਡਿਆ ਹੈ। ਸਧਾਰਣ ਕੋਸ਼ਾਂ ਤਹਿਤ 11 ਕੋਸ਼ਾਂ ਦਾ ਜ਼ਿਕਰ ਹੈ ਜਿਨ੍ਹਾਂ ਵਿਚ ਪੰਜਾਬੀ ਸ਼ਬਦ ਭੰਡਾਰ (ਬਿਸ਼ਨ ਦਾਸ ਪੁਰੀ), ਰਾਸ ਸ਼ਬਦ ਰਤਨਾਕਰ: ਪੰਜਾਬੀ ਸ਼ਬਦ ਕੋਸ਼ (ਨਿਹਾਲ ਸਿੰਘ ਰਸ), ਪੰਜਾਬੀ ਸ਼ਬਦ ਜੋੜ ਕੋਸ਼ (ਪੰਜਾਬੀ ਯੂਨੀਵਰਸਿਟੀ), ਪੰਜਾਬੀ ਸ਼ਬਦ-ਰੂਪ ਅਤੇ ਪੰਜਾਬੀ ਸ਼ਬਦ ਜੋੜ ਕੋਸ਼ (ਡਾ. ਹਰਕੀਰਤ ਸਿੰਘ) ਅਤੇ ਅਰਬੀ-ਫ਼ਾਰਸੀ ਵਿਚੋਂ ਉਤਪਨ ਪੰਜਾਬੀ ਸ਼ਬਦਾਵਲੀ (ਅਮਰਵੰਤ ਸਿੰਘ) ਜ਼ਿਕਰਯੋਗ ਹਨ। ਅਨੇਕਾਰਥ ਕੋਸ਼ਾਂ ਜਾਂ ਥਿਜ਼ੌਰਸ ਅਧੀਨ ਅਨੇਕਾਰਥ ਕੋਸ਼ (ਭਾਈ ਕਾਨ੍ਹ ਸਿੰਘ ਨਾਭਾ), ਸਮ ਅਰਥ ਕੋਸ਼ (ਗਿਆਨੀ ਕ੍ਰਿਪਾਲ ਸਿੰਘ) ਅਤੇ ਪੰਜਾਬੀ ਸਮ ਅਰਥੀ ਅਤੇ ਵਿਰੋਧ ਅਰਥੀ ਤਿੰਨ ਕੋਸ਼ਾਂ ਦਾ ਜ਼ਿਕਰ ਹੈ। ਵਿਸ਼ੇਸ਼ ਕੋਸ਼ਾਂ ਅਧੀਨ 9 ਕੋਸ਼ਾਂ ਦਾ ਜ਼ਿਕਰ ਹੈ ਜਿਨ੍ਹਾਂ ਵਿਚੋਂ ਜੱਟ ਕਿਸਾਨਾਂ ਦੀਆਂ ਪੰਜਾਬੀ ਅਖੌਤਾਂ (ਜੀਵਨ ਸਿੰਘ ਪੈਨਸ਼ਨਰੀ), ਪੰਜਾਬੀ ਅਖਾਣ ਕੋਸ਼ (ਮਹਿਤਾਬ ਸਿੰਘ), ਪੰਜਾਬੀ ਅਖਾਣਾਂ ਦੀ ਖਾਣ (ਦੇਵਦਾਸ ਹਿੰਦੀ) ਅਤੇ ਭਾਸ਼ਾ ਵਿਭਾਗ ਪਟਿਆਲਾ ਵੱਲੋਂ ਪ੍ਰਕਾਸ਼ਿਤ ਪੰਜਾਬੀ ਅਖਾਣ ਕੋਸ਼ ਅਤੇ ਪੰਜਾਬੀ ਮੁਹਾਵਰਾ ਕੋਸ਼ ਸ਼ਾਮਲ ਹਨ।

ਛੇਵਾਂ ਅਧਿਆਇ ਦੋ-ਭਾਸ਼ੀ ਅਤੇ ਤ੍ਰੈ-ਭਾਸ਼ੀ ਕੋਸ਼ਾਂ ਬਾਰੇ ਹੈ, ਜਿਸ ਵਿਚ 34 ਦੋ-ਭਾਸ਼ਾਈ ਕੋਸ਼ਾਂ ਅਤੇ 5 ਤ੍ਰੈ-ਭਾਸ਼ਾਈ ਕੋਸ਼ਾਂ ਬਾਰੇ ਜਾਣਕਾਰੀ ਹੈ। ਸੱਤਵਾਂ ਅਧਿਆਇ ਤਕਨੀਕੀ ਸ਼ਬਦਾਵਲੀ ਸਬੰਧੀ ਹੈ। 1928 ਵਿਚ ਟੈਕਸਟ ਬੁੱਕ ਕਮੇਟੀ, ਲਾਹੌਰ ਨੇ ਵਿਦਿਅਕ ਅਦਾਰਿਆਂ ਵਿਚ ਭੂਗੋਲ, ਸਾਇੰਸ ਅਤੇ ਗਣਿਤ ਵਿਸ਼ੇ ਪੜ੍ਹਾਉਣ ਲਈ ਤਕਨੀਕੀ ਸ਼ਬਦਾਵਲੀ ਕੋਸ਼ ਬਣਾਉਣ ਸਬੰਧੀ ਆਗਾਜ਼ ਕੀਤਾ। ਪੰਜਾਬੀ ਭਾਸ਼ਾ ਨੂੰ ਰਾਜ ਭਾਸ਼ਾ ਦਾ ਰੁਤਬਾ ਮਿਲਣ ਦੇ ਨਾਲ ਇਸ ਦਾ ਅਰੰਭ ਪੰਜਾਬੀ ਵਿਚ ਵੀ ਹੋ ਗਿਆ। ਇਸ ਅਧਿਆਇ ਵਿਚ ਕੁੱਲ ਉਨੀ ਸ੍ਰੋਤ ਵਿਚਾਰੇ ਗਏ ਹਨ, ਜਿਨ੍ਹਾਂ ਵਿਚੋਂ ਛੇ ਪੰਜਾਬੀ ਦੋ-ਭਾਸ਼ਾਈ ਕੋਸ਼ਾਂ ਨਾਲ ਸਬੰਧਤ ਹਨ। ਅੱਠਵਾਂ ਅਧਿਆਇ ਧਰਮ ਨਾਮ ਸਬੰਧਤ ਸ੍ਰੋਤਾਂ ਸਬੰਧੀ ਹੈ, ਜਿਸ ਵਿਚ 34 ਸ੍ਰੋਤਾਂ ਬਾਰੇ ਜਾਣਕਾਰੀ ਹੈ। ਨੌਵੇਂ ਅਧਿਆਇ ਵਿਚ ਨੈਚੂਰਲ ਸਾਇੰਸ, ਆਰਟਸ ਅਤੇ ਇਤਿਹਾਸ ਨਾਲ ਸਬੰਧਤ ਸ੍ਰੋਤਾਂ ਬਾਰੇ ਦੱਸਿਆ ਗਿਆ ਹੈ। ਦਸਵਾਂ ਅਧਿਆਇ ਭਾਸ਼ਾ ਵਿਗਿਆਨ ਅਤੇ ਸਾਹਿਤ ਨਾਲ ਸਬੰਧਤ ਤੇਰਾਂ ਸ੍ਰੋਤਾਂ ਬਾਰੇ ਹੈ। ਗਿਆਰਵਾਂ ਅਧਿਆਇ ਜੀਵਨੀਆਂ, ਭੂਗੋਲਿਕ ਅਤੇ ਸੰਖਿਅਕ ਸ੍ਰੋਤਾਂ ਪ੍ਰਤੀ ਹੈ। ਇਸ ਵਿਚ ਕੁਲ ਗਿਆਰਾਂ ਸ੍ਰੋਤ ਹਨ ਜਿਨ੍ਹਾਂ ਵਿਚ ਪ੍ਰੋ. ਜੁਗਿੰਦਰ ਸਿੰਘ ਰਮਦੇਵ ਦਾ 1964 ਵਿਚ ਸੰਪਾਦਿਤ ਕੀਤਾ 'ਪੰਜਾਬੀ ਲਿਖਾਰੀ ਕੋਸ਼' ਪੰਨਾ 236 'ਤੇ ਸ਼ਾਮਲ ਹੈ। ਇਸ ਕਿਤਾਬ ਦਾ ਆਖਰੀ ਅਧਿਆਇ ਬਾਰਵਾਂ ਹੈ, ਜਿਸ ਵਿਚ ਉਨ੍ਹਾਂ 30 ਸ੍ਰੋਤਾਂ ਦਾ ਵੇਰਵਾ ਹੈ ਜੋ ਪਹਿਲੇ ਅਧਿਆਇਆਂ ਵਿਚ ਕਿਸੇ ਖਾਸ ਤਰਤੀਬ ਵਿਚ ਨਾ ਆ ਸਕਣ ਕਾਰਨ ਸ਼ਾਮਲ ਨਹੀਂ ਹੋ ਸਕੇ।

ਤੇਰ੍ਹਵਾਂ ਅਧਿਆਇ ਜੋ ਹੋਣਾ ਚਾਹੀਦਾ ਦੇ ਸੰਕਲਪ ਨੂੰ ਉਜਾਗਰ ਕਰਦਾ ਹੈ। ਇਸ ਵਿਚ ਪੰਜਾਬੀ ਭਾਸ਼ਾ ਦੀ ਉਨਤੀ ਲਈ ਜਿਨ੍ਹਾਂ ਸ੍ਰੋਤਾਂ ਦੀ ਲੋੜ ਹੈ ਉਸ ਵੱਲ ਪਾਠਕਾਂ ਦਾ ਧਿਆਨ ਕੇਂਦ੍ਰਿਤ ਕੀਤਾ ਗਿਆ ਹੈ। ਇਨ੍ਹਾਂ ਰਹਿ ਗਏ ਖੱਪਿਆਂ ਦਾ ਜ਼ਿਕਰ ਇਸ ਤਰੀਕੇ ਨਾਲ ਕੀਤਾ ਗਿਆ ਹੈ ਜੋ ਪੰਜਾਬੀ ਪਿਆਰਿਆਂ ਅੰਦਰ ਇਸ ਖੇਤਰ ਵਿਚ ਕੰਮ ਕਰਨ ਦਾ ਚਾਅ ਪੈਦਾ ਕਰਦਾ ਹੈ। ਉਨ੍ਹਾਂ ਪ੍ਰਮਾਣਿਕ ਪੰਜਾਬੀ-ਅੰਗ੍ਰੇਜ਼ੀ ਕੋਸ਼ ਨੂੰ ਬਣਾਉਣ ਤੇ ਸਭ ਤੋਂ ਜ਼ਿਆਦਾ ਜ਼ੋਰ ਦਿੱਤਾ ਹੈ। ਇਸ ਤੋਂ ਬਿਨਾ ਸਾਲਾਨਾ ਪੁਸਤਕ ਲੜੀਆਂ ਦੀ ਘਾਟ, ਐਟਲਸ, ਵਰਤਮਾਨ ਪੁਸਤਕ ਸੂਚੀ ਸ੍ਰੋਤਾਂ ਦੀ ਘਾਟ, ਪੰਜਾਬ ਦੇ ਦੇਸ਼ ਭਗਤਾਂ ਤੇ ਸ਼ਹੀਦਾਂ ਦੇ ਕੋਸ਼ਾਂ ਦੀ ਘਾਟ ਅਤੇ ਨਿਰੁਕਤ ਕੋਸ਼ ਆਦਿ ਦੀ ਘਾਟ ਪੂਰੀ ਕਰਨ ਦਾ ਸੱਦਾ ਦਿੰਦਿਆਂ ਸ਼ਾਹਮੁਖੀ ਲਿਪੀ ਵਿਚ ਮਿਲਦੇ ਸ੍ਰੋਤਾਂ ਨੂੰ ਇਕੱਤਰ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ ਹੈ।

ਕਿਤਾਬ ਦੇ ਅੰਤ ਵਿਚ ਦੋ ਅੰਤਿਕਾਵਾਂ ਵਿਚੋਂ ਪਹਿਲੀ ਵਿਚ ਡਾਟਾ ਸ਼ੀਟ ਦਿੱਤੀ ਗਈ ਹੈ, ਜਿਸ ਵਿਚ ਕਿਸੇ ਵੀ ਸ੍ਰੋਤ ਪ੍ਰਤੀ ਜਾਣਕਾਰੀ ਨੂੰ ਇਕੱਤਰ ਕਰਨ ਲਈ ਅਠਾਰਾਂ ਨੁਕਤਿਆਂ ਨੂੰ ਆਧਾਰ ਬਣਾਇਆ ਗਿਆ ਹੈ। ਦੂਜੀ ਅੰਤਿਕਾ ਵਿਚ 221 ਸ੍ਰੋਤਾਂ ਦਾ ਵੇਰਵਾ ਹੈ ਜਿਨ੍ਹਾਂ ਨੂੰ ਇਸ ਕਿਤਾਬ ਵਿਚ ਨਿਰੀਖਣ ਲਈ ਆਧਾਰ ਬਣਾਇਆ ਗਿਆ ਹੈ।

ਇਹ ਕਿਤਾਬ ਦੋ ਭਾਸ਼ਾਵਾਂ-ਅੰਗ੍ਰੇਜ਼ੀ ਅਤੇ ਪੰਜਾਬੀ, ਦੋ ਲਿਪੀਆਂ-ਰੋਮਨ ਅਤੇ ਗੁਰਮੁਖੀ ਦਾ ਮਿਲਗੋਭਾ ਹੈ। ਅੰਗ੍ਰੇਜ਼ੀ ਭਾਸ਼ਾ ਵਾਲੇ ਪਾਠਕ ਲਈ ਪੰਜਾਬੀ ਭਾਸ਼ਾ ਦੇ ਗਿਆਨ ਨਾਲ ਇਸ ਕਿਤਾਬ ਨੂੰ ਸਮਝਣਾ ਕੋਈ ਮੁਸ਼ਕਲ ਨਹੀਂ ਹੈ ਕਿਉਂਕਿ ਪੰਜਾਬੀ ਭਾਸ਼ਾ ਵਾਲੀਆਂ ਕਿਤਾਬਾਂ ਦੇ ਸਿਰਲੇਖ ਪੰਜਾਬੀ ਜ਼ਬਾਨ ਵਿਚ ਹੁੰਦੇ ਹੋਏ ਰੋਮਨ ਲਿਪੀ ਵਿਚ ਹਨ। ਪੰਜਾਬੀ ਕਿਤਾਬਾਂ ਦੀ ਵਿਸਤ੍ਰਿਤ ਜਾਣਕਾਰੀ ਅੰਗ੍ਰੇਜ਼ੀ ਭਾਸ਼ਾ ਵਿਚ ਹੈ। ਇਕ ਤੋਂ ਵੱਧ ਭਾਸ਼ਾਵਾਂ ਦੇ ਰਲੇਵੇਂ ਕਰਕੇ ਇਸ ਦੇ ਪਾਠਕਾਂ ਦਾ ਘੇਰਾ ਹੋਰ ਵੀ ਵਿਸ਼ਾਲ ਹੋ ਗਿਆ ਹੈ।

ਡਾ. ਚਿਲਾਨਾ ਦੇ ਇਸ ਕਥਨ ਨਾਲ ਸਹਿਮਤੀ ਪ੍ਰਗਟਾਈ ਜਾ ਸਕਦੀ ਹੈ ਕਿ ਪੰਜਾਬੀ ਵਿਚ ਅੱਜ ਕਲ ਵਿਸ਼ਵ ਪੱਧਰ 'ਤੇ ਕੰਮ ਹੋ ਰਿਹਾ ਹੈ।

ਪੰਜਾਬ ਵਿਚ ਪੰਜਾਬੀ ਨੂੰ ਰਾਜ ਭਾਸ਼ਾ ਦਾ ਦਰਜਾ ਮਿਲਿਆਂ ਭਾਵੇਂ ਅੱਧੀ ਸਦੀ ਤੋਂ ਜ਼ਿਆਦਾ ਹੋ ਚੁੱਕਾ ਹੈ ਪਰ ਇਹ ਦਰਜਾ ਅਜੇ ਅਮਲੀ ਰੂਪ ਵਿਚ ਮਿਲਣਾ ਬਾਕੀ ਹੈ।

ਇਹ ਕਿਤਾਬ ਖੁਦ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਡਿਪਟੀ ਲਾਇਬਰੇਰੀਅਨ ਰਹੇ ਪ੍ਰੋ. ਜੁਗਿੰਦਰ ਸਿੰਘ ਰਮਦੇਵ ਅਤੇ ਉਨ੍ਹਾਂ ਦੀ ਸਵਰਗੀ ਪਤਨੀ ਬੀਬੀ ਸਤਿੰਦਰ ਕੌਰ ਰਮਦੇਵ ਨੂੰ ਸਮਰਪਿਤ ਹੈ। ਪ੍ਰੋ. ਰਮਦੇਵ ਵੱਲੋਂ ਆਪਣੀ ਪਤਨੀ ਦੀ ਯਾਦ ਵਿਚ ਬਣਾਏ ਗਏ ਸਤਕਾਲ ਟਰਸਟ ਨੇ ਲਾਇਬਰੇਰੀ ਦੇ ਖੇਤਰ ਵਿਚ ਕੰਮ ਕਰਨ ਵਾਲਿਆਂ ਦੇ ਹੌਸਲੇ ਬੁਲੰਦ ਕੀਤੇ ਹਨ।

*-ਡਾ. ਸਵਰਨਜੀਤ ਸਿੰਘ*

ਵਿਅੰਗ

# ਇੱਕ ਖਤ-ਮਹਿਮਾ ਅਪਰ-ਅਪਾਰ ਵਾਲੇ ਬਾਬਾ ਜੀ ਦੇ ਨਾਂ!

ਚਾਰੇ ਪਾਸੇ ਧੰਨ-ਧੰਨ ਕਰਵਾਉਣ ਵਾਲੇ ਮੇਰੇ ਬਾਬਾ ਜੀ! ਚਰਨੀਂ ਪੈਂਦਾ ਹਾਂ!

ਬਾਬਾ ਜੀ! ਮੇਰੀ ਚਰਨੋ ਤਾਂ ਗਲ ਨੂੰ ਪੈਂਦੀ ਰਹਿੰਦੀ ਐ ਕਿ ਮੈਂ ਦਸਵਾਂ ਦਸੌਂਧ ਬਾਬਾ ਜੀ ਦੇ ਡੇਰੇ ਵਾਸਤੇ ਕਿਉਂ ਭੇਜਦਾ ਰਹਿੰਦਾ ਹਾਂ? ਤੁਸੀਂ ਤਾਂ ਜਾਣੀ ਜਾਣ ਹੋ ਕਿ ਪੁਰਸ਼ਾਂ ਤੋਂ ਪੀੜਤ ਇਸਤਰੀਆਂ ਤੁਹਾਡੇ ਲੜ ਲੱਗ ਕੇ ਆਪਣਾ

**ਗੁਰਮੇਲ ਸਿੰਘ ਬਦੇਸ਼ਾ, ਕੈਨੇਡਾ**
**ਫੋਨ: 604-537-9490**

ਜੀਵਨ ਸਫਲ ਕਰਦੀਆਂ ਨੇ! ਪਰ ਮੇਰੇ ਘਰ ਦੀ ਹਾਲਤ ਉਲਟ-ਪੁਲਟ ਹੋਈ ਪਈ ਆ। ਵੈਸੇ, ਤੁਹਾਡਾ ਮਿਹਰ ਭਰਿਆ ਹੱਥ ਸਕਿਉਰਿਟੀ ਕੈਮਰੇ ਵਾਂਗੂੰ ਮੇਰੇ ਸਿਰ 'ਤੇ ਹੋਣਾ ਚਾਹੀਦੈ, ਮੈਂ ਤਾਂ ਭੁਝੰਗੀਆਂ ਦੀ ਪਿੱਗੀ ਬੈਂਕ ਤੋਂ ਲੈ ਕੇ ਟੀ. ਡੀ. ਬੈਂਕ ਤੱਕ ਖਾਲੀ ਕਰ ਕੇ ਤੁਹਾਡੇ ਲੇਖੇ ਲਾ ਸਕਦਾ ਹਾਂ। ਬਾਅਦ 'ਚ ਚਰਨੀਂ ਲੱਗੇ ਤੁਹਾਡੇ ਦਾਸ ਨੂੰ ਐਫ.ਬੀ.ਆਈ. ਵੀ ਨਹੀਂ ਲੱਭ ਸਕਦੀ, ਘਰਵਾਲੀ ਨੇ ਤਾਂ ਮੈਨੂੰ ਕਿੱਥੋਂ ਲੱਭਣੈ?

ਮੇਰੇ ਅੰਤਰਜਾਮੀ ਬਾਬਾ ਜੀ! ਮੇਰਾ ਤਾਂ ਜੀਅ ਕਰਦੈ, ਮੈਂ ਮਨ ਦਾ ਬੁਝਿਆ 'ਜੁਗਨੂੰ' ਤੁਹਾਡੀ ਕਾਰ ਦੀ ਲਾਲ ਬੱਤੀ 'ਤੇ ਬਿਠਾ ਕੇ ਆਪਣੇ ਅੰਦਰ ਗਿਆਨ ਦਾ ਰੰਗ-ਬਿਰੰਗਾ ਚਾਨਣ ਭਰ ਲਵਾਂ! ਕਦੇ ਕਦੇ ਚਿੱਤ ਕਰਦੈ, ਮੈਂ ਕਾਰ ਦੇ ਟਾਇਰਾਂ ਦੀ ਧੂੜ ਬਣ ਜਾਵਾਂ! ਫਿਰ ਸੋਚਦਾਂ ਕਿ ਕੋਈ ਬੀਬੀ ਚੁੱਕ ਕੇ ਮੱਥੇ ਨੂੰ ਹੀ ਨਾ ਲਵੇ! ਉਂਜ ਤਾਂ ਹੁਣ ਕੋਈ ਮੈਨੂੰ ਮੂੰਹ ਲਾ ਕੇ ਨਹੀਂ ਰਾਜ਼ੀ!

ਤੁਹਾਡੀ ਬਖਸ਼ਿਸ਼ ਹੋਵੇ ਤਾਂ ਮੈਂ ਆਪਣੀ ਚਰਨ ਕੌਰ ਨੂੰ ਤਨਖਾਹੀਆ ਕਰਾਰ ਦੇ ਕੇ ਇਹਦੀ ਸਾਰੀ ਤਨਖਾਹ ਤੁਹਾਡੀ ਸੇਵਾ 'ਚ ਲਾ ਦਿਆਂ! ਫਿਰ ਸੋਚਦਾਂ, ਕਿਤੇ ਕਾਲਾ ਸੂਟ ਪਾ ਕੇ ਪ੍ਰੋ. ਰਾਗੀ ਸਿੰਘ ਵਾਂਗੂੰ ਮੇਰਾ ਬਾਈਕਾਟ ਹੀ ਨਾ ਕਰ ਦੇਵੇ!

ਕਦੇ ਕਦੇ ਚਿੱਤ ਕਰਦੈ, ਧੁੰਮੇ ਹੋਣਾਂ ਦੇ ਕੈਲੰਡਰ ਵਾਂਗੂੰ ਇਹਨੂੰ ਵੀ ਸੋਧ ਕੇ ਕੰਧ 'ਤੇ ਟੰਗ ਦਿਆਂ! ਪਰ ਘਰੇਲੂ ਕਲੇਸ਼ ਕਾਰਨ ਤੁਹਾਡੇ ਸੇਵਕਾਂ 'ਤੇ ਇਥੇ ਵੀ ਅੱਕਲ ਭੀੜਾਂ ਪਈਆਂ ਹੋਈਆਂ ਨੇ! ਜਿੰਨਾ ਚਿਰ ਇਨ੍ਹਾਂ ਦੇ ਝਾੜੂਬਰਦਾਰ ਬਣੇ ਰਹੋ, ਓਨਾ ਚਿਰ ਹੀ ਦੇਸੀ ਘਿਓ ਨਾਲ ਪਿੰਜਣੀਆਂ ਸਿੰਜਦੀਆਂ ਨੇ, ਬਾਅਦ 'ਚ ਤਾਂ ਇਹ ਵੀ ਬੇਹੇ ਕੜਾਹ ਵਾਂਗੂੰ ਲੈਂਦੀਆਂ ਨੇ! ਪਤਾ ਨਹੀਂ ਕੀ ਇਨ੍ਹਾਂ ਨੇ ਜਥੇਦਾਰਾਂ ਦਾ ਜੂਠਾ ਖਾ ਲਿਐ, ਕਦੇ ਘਰੇ ਵਾੜ ਲੈਂਦੀਆਂ ਨੇ, ਕਦੇ ਘਰ 'ਚੋਂ ਛੇਕ ਦਿੰਦੀਆਂ ਨੇ! ਪਰ ਸਾਡੀਆਂ ਲਾਵਾਂ ਵੇਲੇ ਪਾਠੀ ਨੇ ਪਤਾ ਨਹੀਂ ਨਾਲ ਕੀ ਚੰਡੀ ਦੀ ਵਾਰ ਪੜ ਦਿੱਤੀ ਸੀ, ਹੁਣ ਤਾਂ ਬਾਬਾ ਜੀ! ਮੇਰੀ ਸਿੰਘਣੀ ਚੰਡਾਲ ਦਾ ਰੂਪ ਧਾਰਨ ਕਰਕੇ ਬਲੀ ਦੇ ਬੱਕਰੇ ਨੂੰ ਚੱਜ ਨਾਲ ਮਿਆਂਕਣ ਵੀ ਨਹੀਂ ਦਿੰਦੀ।

ਸਿਰਸੇ ਵਾਲੇ ਸਾਧ ਵਾਂਗੂੰ ਤੁਸੀਂ ਵੀ ਹੁਣ ਕੋਈ ਕਰੋ ਨਵਾ ਬਾਣਾ ਤਿਆਰ! ਤਾਂ ਕਿ ਭੇਡੂ-ਬੱਕਰੇ ਵੀ ਸ਼ੇਰਾਂ ਦੀ ਖੱਲ ਪਾ ਕੇ ਗਿੱਦੜ ਭਬਕੀਆਂ ਜੋਗੇ ਤਾਂ ਹੋ ਸਕਣ! ਪਰ ਬਾਬਾ ਜੀ! ਮੇਰੀ ਸੱਸ ਤੁਹਾਡੀ ਬੜੀ ਪੱਕੀ ਸ਼ਰਧਾਲੂ ਹੈ। ਤੁਹਾਨੂੰ ਟੀ.ਵੀ. 'ਤੇ ਮੁੱਛਾਂ ਉਪਰ ਹੱਥ ਫੇਰ ਕੇ ਪ੍ਰਵਚਨ ਕਰਦਿਆਂ ਦੇਖ ਆਪ ਵੀ ਨਾਲ ਧਾਰਨਾ ਪੜਨ ਲੱਗ ਪੈਂਦੀ ਐ, 'ਮੈਂ ਬਾਬਾ ਜੀ ਦੀ ਮੁੱਛ ਦਾ ਵਾਲ ਬਣ ਜਾਵਾਂ... ਜਿੱਥੇ ਰਹਿੰਦੇ ਹੱਥ...!' ਅਜੇ 'ਹੱਥ ਫੇਰਦੇ' ਮੂੰਹ 'ਚ ਹੀ ਹੁੰਦੈ! ਉਨੇ ਚਿਰ ਨੂੰ ਮੇਰੇ ਸਹੁਰਾ ਸਾਹਬ! ਡੀ.ਜੀ.ਪੀ. 'ਰਠੌਰ' ਵਾਂਗੂੰ ਮੁੱਛਾਂ ਚੜ੍ਹਾ ਕੇ ਟੀ. ਵੀ. ਬੰਦ ਕਰ ਦਿੰਦੇ ਨੇ ਤੇ ਤੁਹਾਡੀਆਂ ਢੋਲਕੀਆਂ-ਛੈਣਿਆਂ ਵਾਂਗੂੰ ਭਾਂਡੇ ਖੜਕਾਉਣ ਲੱਗ ਪੈਂਦੇ ਨੇ ...ਕਦੇ ਕਦੇ ਮੇਰੀ ਸੱਸ ਨੂੰ ਵੀ!

ਪਰ ਉਹ ਤਾਂ ਆਪਣੇ ਬਚਨਾਂ ਤੋਂ ਫਿਰ ਵੀ ਨਹੀਂ ਫਿਰਦੀ। ਤੁਹਾਡੇ ਬਾਣੇ 'ਤੇ ਮੋਹਿਤ ਹੋ ਕੇ ਝੂਮ-ਝੂਮ ਕੇ ਗਾਉਂਦੀ ਰਹਿੰਦੀ ਐ, "ਹੋਇਆ ਉਮਰਾਂ ਦਾ ਦੂਰ ਹਨੇਰਾ! ਚਮਕ ਪਈ ਚੋਲੇ ਦੀ! ਤੇਰੇ ਚਰਨਾਂ 'ਚ ਕਰ'ਲਾਂ ਬਸੇਰਾ! ਚਮਕ ਪਈ ਚੋਲੇ ਦੀ! ਬੋਲੋ ਸਾਰੇ...!" ਪਰ ਸਹੁਰਾ ਸਾਹਬ ਫਿਰ ਕ੍ਰੋਧਿਤ ਹੋ ਕੇ ਮੰਦੇ ਬਚਨ ਬਿਲਾਸ ਕਰਦੇ ਹੋਏ ਕਹਿੰਦੇ ਨੇ, "ਬਸੇਰਾ ਚਰਨਾਂ 'ਚ ਕਿਉਂ ਕਰਨੈ? ਚੋਲੇ 'ਚ ਈ ਕਰ 'ਲਾ'!"

ਵ੍ਹਾਗੁਰੂ! ਵ੍ਹਾਗੁਰੂ!! ਰੱਬ ਸੁਮੱਤ ਬਖ਼ਸ਼ੇ! ਪਰ ਮਨਮੁੱਖ-ਮਨਮੱਤੀਏ ਪੁਰਖਾਂ ਦਾ ਕੀ ਕੀਤਾ ਜਾਵੇ?

ਵੈਸੇ, ਲਾਈਵ ਪ੍ਰਸਾਰਣ ਰਾਹੀਂ ਤੁਹਾਡੇ ਸਜੇ ਦੀਵਾਨਾਂ ਵੱਲ ਦੇਖ ਕੇ ਇੰਜ ਲਗਦੈ ਜਿਵੇਂ ਡੇਰੇ ਵਿਚ ਵਾਤਾਵਰਣ ਦੇ ਪ੍ਰਦੂਸ਼ਣ ਸਬੰਧੀ ਵਿਸ਼ਵ ਦਾ ਸਿਖਰ ਸੰਮੇਲਨ ਹੋ ਰਿਹਾ ਹੋਵੇ! ਐਨਾ 'ਕੱਠ! ਕਿਧਰੇ ਸੰਗਤ ਵਲੋਂ ਰੁੱਖ ਵੱਢ-ਵੱਢ ਕੇ ਲੰਗਰ ਵਾਸਤੇ ਬਾਲਣ, ਕਿਧਰੇ ਨਵੇਂ ਬਣ ਰਹੇ ਡੇਰੇ ਵਾਸਤੇ ਬੱਜਰੀ-ਰੇਤਾ ਵਾਲੇ ਟਰੱਕਾਂ ਦੇ ਟਰੱਕ! ਹਰੇਕ ਪ੍ਰਾਣੀ ਬੱਠਲ ਕੜਾਹਿਏ ਚੁੱਕੀ ਫਿਰਦਾ ਵੇਖ ਕੇ ਇੰਜ ਪ੍ਰਤੀਤ ਹੁੰਦੈ ਜਿਵੇਂ ਬਾਬਾ ਜੀ ਨੇ ਸਾਰੇ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਬਖ਼ਸ਼ ਕੇ ਸਰਕਾਰਾਂ ਦਾ ਮੂੰਹ ਬੰਦ ਕਰਵਾ ਦਿੱਤਾ ਹੋਵੇ! ਤੇ ਓਧਰ ਰਸਦਾਂ ਦੇ ਭਰੇ ਆਉਂਦੇ ਟਰੱਕਾਂ ਵੱਲ ਦੇਖ ਕੇ ਲਗਦੈ ਜਿਵੇਂ ਬਾਬਾ ਜੀ! ਜਪਾਨ ਦੇ ਭੁਚਾਲ ਪੀੜਤਾਂ ਵਾਸਤੇ ਰਾਸ਼ਨ ਇੱਕਠਾ ਕਰਕੇ ਰੈਡ ਕਰਾਸ ਵਾਲਿਆਂ ਨੂੰ ਚੈਲੰਜ ਕਰ ਰਹੇ ਹੋਣ!

ਤੁਸੀਂ ਤਾਂ ਧੰਨ ਹੋ ਬਾਬਾ ਜੀ! ਮੇਰਾ ਵੱਸ ਚੱਲੇ ਤਾਂ ਕੈਨੇਡਾ 'ਚ ਕੋਈ ਸੈਕੰਡਰੀ ਸਕੂਲ ਖਾਲੀ ਕਰਵਾ ਕੇ ਤੁਹਾਡਾ ਇੱਕ ਡੇਰਾ ਇੱਥੇ ਵੀ ਬਣਵਾ ਦਿਆਂ! ਪਹਿਲਾਂ ਇੱਕ ਐਲੀਮੈਂਟਰੀ ਸਕੂਲ ਖਾਲੀ ਹੋਇਆ ਸੀ ਪਰ ਉਥੇ ਕੋਈ ਹੋਰ ਠਾਠ ਬਣਾ ਕੇ ਠਾਠਾਂ ਪਿਆ ਕਰਦਾ ਏ ਪਰ ਪੰਜਾਬ 'ਚ ਪਿੰਡਾਂ ਦੇ ਵਿਹਲੇ ਪਏ ਸਰਕਾਰੀ ਸਕੂਲਾਂ ਉਪਰ ਹੁਣ ਤਾਂ ਤੁਹਾਨੂੰ ਵੀ ਕੋਈ 'ਮੱਕੜ ਜਾਲ' ਵਿਛਾ ਕੇ ਝੰਡੇ ਝੁਲਾ ਦੇਣੇ ਚਾਹੀਦੇ ਨੇ। ਨਾਲੇ ਬਾਦਲ ਕਿਆਂ ਨੂੰ ਕਹਿ ਕੇ ਪੋਤੂ ਬੱਚਿਆਂ ਨੂੰ ਧਰਮ ਦੀ ਉਚ ਵਿਦਿਆ ਲਈ ਅਫਗਾਨਿਸਤਾਨ ਦੇ ਮਦਰੱਸਿਆਂ 'ਚ ਦਾਖਲਾ ਦਿਵਾਉਣਾ ਚਾਹੀਦੈ ਤਾਂ ਕਿ ਧਰਮ ਵਿਚ ਪਰਪੱਕ ਹੋ ਸਕਣ। ਨਹੀਂ, ਇੱਥੇ ਤਾਂ ਕਾਨਵੈਂਟ ਸਕੂਲਾਂ 'ਚ ਸਾਇੰਸਦਾਨ ਬਣ ਕੇ ਫਿਰ ਰੱਬ ਨੂੰ ਟੱਬ ਹੀ ਦੱਸਿਆ ਕਰਨਗੇ।

ਇੱਕ ਹੋਰ ਗੱਲ, ਮੇਰੇ 108 ਨੰ: ਵਾਲੇ ਬਾਬਾ ਜੀ! ਸਾਡੇ ਦੋਖੀਆਂ ਦੇ ਅੱਠ ਨੰਬਰ ਵਾਲੇ ਬਾਬੇ ਬੇਸ਼ੱਕ, ਦੂਰ ਰੱਬ ਦੇ ਘਰ ਤੱਕ ਪਹੁੰਚ ਜਾਣ ਪਰ ਤੁਸੀਂ ਤਾਂ ਚੇਲਿਆਂ ਦੇ ਘਰ-ਘਰ ਤੱਕ ਪਹੁੰਚੇ ਹੋਏ ਹੋ! ਕਈਆ ਦੇ ਤਾਂ...!! ਚਲੋ, ਉਹ ਗੱਲ ਤਾਂ ਕਦੇ ਫਿਰ ਸਹੀ! ਪਰ ਦੋਖੀ ਇੱਕ ਸੌ ਅੱਠ ਨੂੰ, ਅੱਠ ਨਾਲ ਤਕਸੀਮ ਕਰਕੇ ਤਾਂ ਇੱਕ ਵਾਰੀ ਦੇਖ ਲੈਣ, ਫੇਰ ਹੀ ਬ੍ਰਹਮ-ਗਿਆਨਤਾ ਦੀ ਪਾਵਰ ਦਾ ਪਤਾ ਲੱਗੇਗਾ।

ਹੂੰ! ਛੱਜ ਤਾਂ ਬੋਲੇ ਪਰ ਛਾਨਣੀ ਵੀ! ਤੁਹਾਡੇ ਯੋਗੋ ਉਪਰ 'ਧੰਨ ਧੰਨ ਬਾਬਾ 108 ਬ੍ਰਹਮ ਗਿਆਨੀ' ਲਿਖਿਆ ਦੇਖ ਕੇ ਉਜਾਂ ਕਸਦੇ ਹੋਏ ਪੁੱਛਦੇ ਨੇ ਕਿ ਇਸ ਦਾ ਕੀ ਭਾਵ ਹੈ? ਫਿਰ ਵਿਚੋਂ ਆਪ ਹੀ ਕਿਆਸਅਰਾਈਆਂ ਲਾ ਕੇ ਕਹਿੰਦੇ ਨੇ, 'ਇਸ ਦਾ ਮਤਲਬ ਹੈ ਕਿ ਬਾਬਾ ਜੀ ਦੀ ਹਾਰਸ ਪਾਵਰ ਇੱਕ ਸੌ ਅੱਠ ਹੈ! ਐਵੇਂ ਤਾਂ ਨਹੀਂ ਬੀਬੀਆਂ...!'

ਚਲੋ, ਨਿੱਕੀਆਂ-ਨਿੱਕੀਆਂ ਗੱਲਾਂ ਨੂੰ ਛੱਡ ਕੇ ਇੱਕੋ ਹੀ ਜੋਦੜੀ ਕਰਦਾਂ ਕਿ ਨਿਹੰਗਾਂ ਦੇ ਬਾਣੇ ਵਾਂਗੂੰ ਮਾਂਜੇ ਆਪਣੇ ਚਰਨਾਂ 'ਤੇ ਮਿਹਰ ਕਰ ਦੇਵੋ ਤਾਂ ਕਿ ਮੇਰੀ ਚਰਨ ਕੌਰ ਵੀ ਤੁਹਾਡੇ ਚਰਨੀਂ ਲੱਗ ਸਕੇ! ਤੇ ਮੈਂ ਵੀ ਦੇਸੀ ਘਿਓ ਵਾਂਗੂੰ ਤੁਹਾਡੀ ਪਵਿੱਤਰ ਦੇਹ 'ਚ ਰਚ ਕੇ ਆਪਣਾ ਜੀਵਨ ਸਫਲ ਕਰ ਲਵਾਂ!

ਭੰਗ ਦੇ ਪਿਆਲੇ ਵਰਗਾ,
ਆਪ ਜੀ ਦਾ ਦਾਸ
ਗੁਰਮੇਲ ਸਿੰਘ ਬਦੇਸ਼ਾ (ਸਰੀ, ਬੀ.ਸੀ.)

# ਗੁਰਮਤਿ ਅਤੇ ਯੋਗ ਦਰਸ਼ਨ-5

**ਡਾ. ਗੁਰਨਾਮ ਕੌਰ**

ਪਿਛਲੇ ਲੇਖ ਵਿਚ ਚਰਚਾ ਕੀਤੀ ਸੀ ਕਿ ਵਿਦਵਾਨ ਲੇਖਕ ਦੀ ਧਾਰਨਾ ਹੈ, 'ਪਤੰਜਲਿ ਦੇ ਪੰਜ ਯਮਾਂ ਵਿਚੋਂ ਅਹਿੰਸਾ, ਸੱਤ, ਅਸਤੇਅ (ਚੋਰੀ ਨਾ ਕਰਨਾ) ਅਤੇ ਅਪਰਿਗ੍ਰਹ (ਕੁੱਝ ਵੀ ਇਕੱਠਾ ਨਾ ਕਰਕੇ ਰਖ ਜਾਣਾ) ਦੀ ਮਹਾਨਤਾ ਨੂੰ ਤਾਂ ਗੁਰੂ ਜਨਾਂ ਨੇ ਵੀ ਸਵੀਕਾਰ ਕੀਤਾ ਹੈ।' ਜਿਨ੍ਹਾਂ ਵਿਚੋਂ ਅਹਿੰਸਾ ਅਤੇ ਸਤਿ ਦੀ ਚਰਚਾ ਪਹਿਲਾਂ ਹੀ ਕੀਤੀ ਜਾ ਚੁੱਕੀ ਹੈ। ਅਗਲਾ ਯਮ ਹੈ ਅਸਤੇਅ (ਚੋਰੀ ਨਾ ਕਰਨਾ)। 'ਚੋਰੀ' ਦਾ ਸਧਾਰਨ ਅਰਥ ਬਣਦਾ ਹੈ ਕਿਸੇ ਦੂਸਰੇ ਦੀ ਚੀਜ਼ ਉਸ ਨੂੰ ਪਤਾ ਲੱਗਣ ਤੋਂ ਬਿਨਾ ਹਥਿਆ ਲੈਣਾ। ਦੂਸਰੇ ਦੀ ਚੀਜ਼ ਨਾ ਹਥਿਆਉਣ ਬਾਰੇ ਵੀ ਗੁਰਮਤਿ ਦਾ ਆਪਣਾ ਸੰਕਲਪ ਅਤੇ ਸਿਧਾਂਤ ਹੈ। ਗੁਰੂ ਸਾਹਿਬਾਨ ਨੇ ਨਾ ਕੇਵਲ ਦੂਸਰੇ ਦੀ ਚੀਜ਼ ਉਸ ਨੂੰ ਬਿਨਾਂ ਪਤਾ ਲੱਗਣ ਤੋਂ ਲੈਣ ਦੀ ਮਨਾਹੀ ਕੀਤੀ ਹੈ, ਉਨ੍ਹਾਂ ਨੇ ਤਾਂ ਇੱਥੋਂ ਤੱਕ ਕਿਹਾ ਹੈ ਕਿ ਜੋ ਤੁਹਾਡਾ ਹੱਕ ਨਹੀਂ ਹੈ, ਜੋ ਚੀਜ਼ ਤੁਹਾਡੀ ਨਹੀਂ ਹੈ, ਕਿਸੇ ਹੋਰ ਦਾ ਹੱਕ ਹੈ, ਉਸ ਨੂੰ ਚੋਰੀ ਜਾਂ ਸਾਹਮਣੇ ਖੋਹ ਲੈਣਾ ਬਹੁਤ ਵੱਡਾ ਧਾਰਮਿਕ ਗੁਨਾਹ ਹੈ।

ਗੁਰੂ ਨਾਨਕ ਦੇਵ ਦੇ ਇਸ ਸੰਸਾਰ ਉਤੇ

## ਗੁਰਮਤਿ ਚਿੰਤਨ

ਆਉਣ ਸਮੇਂ ਭਾਰਤ ਵਿਚ ਦੋ ਹੀ ਪ੍ਰਮੁੱਖ ਧਰਮ ਆਪਣੀਆਂ ਵੱਖਰੀਆ ਵੱਖਰੀਆਂ ਸ਼ਾਖਾਂ ਸਮੇਤ (ਸਮੇਤ ਯੋਗ ਦੇ) ਪ੍ਰਧਾਨ ਸਨ-ਹਿੰਦੂ ਧਰਮ ਅਤੇ ਇਸਲਾਮ। ਹਿੰਦੂ ਧਰਮ ਵਿਚ ਗਊ ਨੂੰ ਪਵਿੱਤਰ ਮੰਨਿਆ ਜਾਂਦਾ ਹੈ ਅਤੇ ਇਸਲਾਮ ਵਿਚ ਸੂਰ ਦੀ ਆਣ ਮੰਨੀ ਜਾਂਦੀ ਹੈ। ਗੁਰੂ ਨਾਨਕ ਸਾਹਿਬ ਨੇ ਦੂਸਰੇ ਦਾ ਹੱਕ ਮਾਰਨ ਨੂੰ ਹਿੰਦੂ ਲਈ ਗਊ ਅਤੇ ਮੁਸਲਮਾਨ ਲਈ ਸੂਰ ਕਿਹਾ ਹੈ। ਭਾਵ ਇਹ ਇੱਕ ਤਰ੍ਹਾਂ ਨਾਲ ਧਾਰਮਿਕ ਉਲੰਘਣਾ ਹੈ। ਗੁਰੂ ਨਾਨਕ ਕਹਿੰਦੇ ਹਨ ਕਿ ਗੁਰੂ ਜਾਂ ਪੀਰ ਤਾਂ ਹੀ ਕਿਸੇ ਦੀ ਹਾਮੀ ਭਰਦਾ ਜਾਂ ਸਿਫ਼ਾਰਸ਼ ਕਰਦਾ ਹੈ ਜੋ ਮਨੁੱਖ ਪਰਾਇਆ ਹੱਕ ਨਾ ਵਰਤੇ। ਮਹਿਜ ਗੱਲਾਂ ਕਰਨ ਨਾਲ ਬਹਿਸ਼ਤ ਪ੍ਰਾਪਤ ਨਹੀਂ ਹੁੰਦੀ। ਸੱਚ ਨੂੰ ਅਮਲੀ ਜੀਵਨ ਵਿਚ ਵਰਤਣ ਨਾਲ ਹੀ ਨਿਜ਼ਾਤ ਮਿਲਦੀ ਹੈ। ਕੂੜੀਆਂ ਗੱਲਾਂ ਨਾਲ ਕੂੜ ਹੀ ਮਿਲਦਾ ਹੈ:

ਹਕੁ ਪਰਾਇਆ ਨਾਨਕਾ
ਉਸੁ ਸੂਅਰ ਉਸ ਗਾਇ॥
ਗੁਰੁ ਪੀਰੁ ਹਾਮਾ ਤਾ ਭਰੇ
ਜਾ ਮੁਰਦਾਰੁ ਨ ਖਾਇ॥
ਗਲੀ ਭਿਸਤਿ ਨ ਜਾਈਐ
ਛੁਟੈ ਸਚੁ ਕਮਾਇ॥
ਮਾਰਣ ਪਾਹਿ ਹਰਾਮ ਮਹਿ
ਹੋਇ ਹਲਾਲੁ ਨ ਜਾਇ॥
ਨਾਨਕ ਗਲੀ ਕੂੜੀਈ
ਕੂੜੋ ਪਲੈ ਪਾਇ॥ (ਪੰਨਾ 141)

ਆਮ ਤੌਰ 'ਤੇ ਮਨੁੱਖੀ ਸੋਚ ਹੈ ਕਿ ਜੇ ਹਰਾਮ ਦੀ ਕਮਾਈ ਜਾਂ ਚੋਰੀ ਦੇ ਧਨ ਵਿਚੋਂ ਦਾਨ ਕਰ ਦਿੱਤਾ ਜਾਵੇ ਤਾਂ ਸ਼ਾਇਦ ਅਜਿਹੀ ਕਮਾਈ ਚੰਗੀ ਬਣ ਜਾਂਦੀ ਹੈ। ਗੁਰਮਤਿ ਅਨੁਸਾਰ ਜਿਹੋ ਜਿਹੀ ਕਮਾਈ ਮਨੁੱਖ ਇਸ ਸੰਸਾਰ 'ਤੇ ਕਰਦਾ ਹੈ, ਉਸ ਦਾ ਉਹੋ ਜਿਹਾ ਹੀ ਫਲ ਮਿਲਣਾ ਹੈ। ਆਸਾ ਦੀ ਵਾਰ ਵਿਚ ਗੁਰੂ ਨਾਨਕ ਦੇਵ ਨੇ ਆਦੇਸ਼ ਕੀਤਾ ਹੈ ਕਿ ਜੇ ਕੋਈ ਕਿਸੇ ਦੇ ਘਰ ਚੋਰੀ ਕਰਕੇ ਜਾਂ ਪਰਾਇਆ ਘਰ ਠੱਗ ਕੇ ਉਸ ਨਾਲ ਆਪਣੇ ਪਿਤਰਾਂ ਨਮਿਤ ਦਾਨ ਵੀ ਦੇ ਦੇਵੇ, ਤਾਂ ਜੇ ਇਹ ਦਾਨ ਸੱਚ-ਮੁੱਚ ਉਨ੍ਹਾਂ ਤੱਕ ਪਹੁੰਚਦਾ ਹੀ ਹੈ (ਕਿਉਂਕਿ ਗੁਰਮਤਿ ਅਨੁਸਾਰ ਅਜਿਹਾ ਸੰਭਵ ਨਹੀਂ ਹੈ) ਪਰਲੋਕ ਵਿਚ ਉਹ ਪਦਾਰਥ ਪਛਾਣਿਆ ਜਾਂਦਾ ਹੈ, ਤਾਂ ਅਜਿਹਾ ਦਾਨ ਦੇਣ ਵਾਲਾ ਮਨੁੱਖ ਆਪਣੇ ਪਿਤਰਾਂ ਨੂੰ ਵੀ ਚੋਰ ਬਣਾਉਂਦਾ ਹੈ। ਅੱਗੋਂ ਪਰਮਾਤਮਾ ਇਹ ਨਿਆ ਕਰਦਾ ਹੈ ਕਿ ਚੋਰੀ ਦਾ ਮਾਲ ਅਪੜਾਉਣ ਵਾਲੇ ਦਲਾਲ ਭਾਵ ਬ੍ਰਾਹਮਣ ਜਾਂ ਪ੍ਰੋਹਿਤ ਦੇ ਹੱਥ ਵੱਢੇ ਜਾਂਦੇ ਹਨ। ਗੁਰੂ ਸਾਹਿਬ ਅਨੁਸਾਰ ਮਨੁੱਖ ਨੂੰ ਉਹੀ ਕੁੱਝ ਮਿਲਦਾ ਹੈ ਜੋ ਉਹ ਖੱਟਦਾ ਅਤੇ ਕਮਾਉਂਦਾ ਹੈ ਅਤੇ ਆਪਣੇ ਹੱਥੀਂ ਦੇਂਦਾ ਹੈ:

ਜੇ ਮੁਹਾਕਾ ਘਰੁ ਮੁਹੈ
ਘਰੁ ਮੁਹਿ ਪਿਤਰੀ ਦੇਇ॥
ਅਗੈ ਵਸਤੁ ਸਿਞਾਣੀਐ
ਪਿਤਰੀ ਚੋਰ ਕਰੇਇ॥
ਵਢੀਅਹਿ ਹਥ ਦਲਾਲ ਕੇ
ਮੁਸਫੀ ਏਹ ਕਰੇਇ॥ (ਪੰਨਾ 472)

***ਸਿੱਖ ਧਰਮ ਚਿੰਤਨ ਅਨੁਸਾਰ ਮਨੁੱਖ ਦੀਆਂ ਦੋ ਹੀ ਕੋਟੀਆਂ ਮੰਨੀਆਂ ਗਈਆਂ ਹਨ, ਗੁਰਮੁਖਿ ਅਤੇ ਮਨਮੁਖਿ, ਹੋਰ ਕੋਈ ਤੀਸਰੀ ਕੋਟੀ ਨਹੀਂ ਮੰਨੀ ਗਈ। ਜੋ ਮਨੁੱਖ ਗੁਰੂ ਦੇ ਦੱਸੇ ਸੱਚੇ-ਸੁਚੇ ਮਾਰਗ 'ਤੇ ਚਲਦਾ ਹੈ ਉਹ ਗੁਰਮੁਖਿ ਹੈ ਅਤੇ ਜਿਹੜਾ ਮਨੁੱਖ ਆਪਣੇ ਮਨ ਦੀ ਮੱਤ ਅਨੁਸਾਰ ਚਲਦਾ ਹੈ ਉਹ ਮਨਮੁੱਖ ਹੈ। ਮਨ ਆਮ ਤੌਰ 'ਤੇ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਆਦਿ ਉਲਾਰ ਬਿਰਤੀਆਂ ਜਾਂ ਵਿਕਾਰਾਂ ਦੇ ਅਸਰ ਹੇਠ ਕਰਮ ਕਰਦਾ ਹੈ ਜਿਸ ਦੇ ਨਤੀਜੇ ਫੇਰ ਸਹੀ ਨਹੀਂ ਨਿਕਲਦੇ। ਗੁਰਮਤਿ ਚਿੰਤਨ ਵਿਚ ਇਨ੍ਹਾਂ ਨੂੰ 'ਪੰਜ ਚੋਰ' ਵੀ ਕਿਹਾ ਹੈ, ਜਿਹੜੇ ਮਨੁੱਖ ਕੋਲੋਂ ਚੰਗਿਆਈ ਖੋਹ ਲੈਂਦੇ ਹਨ। ਇਨ੍ਹਾਂ ਬਿਰਤੀਆਂ ਅਧੀਨ ਕੀਤੇ ਕੰਮਾਂ ਦੀ ਸਜਾ ਵੀ ਪਰਮਾਤਮਾ ਵੱਲੋਂ ਦਿੱਤੀ ਜਾਂਦੀ ਹੈ ਜੋ ਭੁਗਤਣੀ ਵੀ ਪੈਂਦੀ ਹੈ।***

ਚੋਰ ਉਤੇ ਕੋਈ ਭਰੋਸਾ ਨਹੀਂ ਕੀਤਾ ਜਾ ਸਕਦਾ ਭਾਵੇਂ ਉਹ ਜਿੰਨੀ ਮਰਜ਼ੀ ਖੁਸ਼ਾਮਦ ਕਰੇ, ਜੇ ਉਹ ਬਦਖੋਈ ਕਰੇ ਤਾਂ ਵੀ ਕੁੱਝ ਨਹੀਂ ਵਿਗੜਦਾ। ਕੋਈ ਵੀ ਮਨੁੱਖ ਕਿਸੇ ਚੋਰ ਦੇ ਚੰਗੇ ਹੋਣ ਦੀ ਗਵਾਹੀ ਨਹੀਂ ਭਰਦਾ। ਜਿਹੜਾ ਮਨੁੱਖ ਲੋਕਾਂ ਦੀਆਂ ਨਜ਼ਰਾਂ ਵਿਚ ਚੋਰ ਮੰਨਿਆ ਗਿਆ ਹੈ, ਉਹ ਖੁਸ਼ਾਮਦਾਂ ਜਾਂ ਬਦਖੋਈਆਂ ਕਰਨ ਨਾਲ ਚੰਗਾ ਨਹੀਂ ਬਣ ਸਕਦਾ। ਮਨ ਨੂੰ ਸੰਬੋਧਨ ਕਰਕੇ ਕਿਹਾ ਹੈ, ਹੇ ਅੰਨ੍ਹੇ, ਝੂਠੇ ਅਤੇ ਲਾਲਚੀ ਮਨ! ਸੁਣ। ਸੱਚਾ ਮਨੁੱਖ ਬਿਨਾ ਬੋਲਿਆਂ ਹੀ ਪਛਾਣਿਆ ਜਾਂਦਾ ਹੈ। ਚੋਰ ਭਾਵੇਂ ਕਿੰਨਾ ਵੀ ਸੁਹਣਾ ਬਣ ਕੇ ਆ ਜਾਵੇ, ਉਸ ਦੀ ਕਦਰ ਨਹੀਂ ਪੈਂਦੀ। ਖੋਟੇ ਰੁਪਏ ਦਾ ਕੋਈ ਮੁੱਲ ਨਹੀਂ ਹੁੰਦਾ। ਜੇ ਖੋਟੇ ਰੁਪਏ ਨੂੰ ਖਰੇ ਰੁਪਿਆਂ ਵਿਚ ਮਿਲਾ ਵੀ ਦੇਈਏ ਤਾਂ ਵੀ ਜਦੋਂ ਉਸ ਦੀ ਪਰਖ ਹੁੰਦੀ ਹੈ ਤਾਂ ਉਹ ਖੋਟਾ ਹੀ ਕਿਹਾ ਜਾਂਦਾ ਹੈ। ਮਨੁੱਖ ਜਿਹੋ ਜਿਹੀ ਕਿਰਤ ਕਰਦਾ ਹੈ ਉਸ ਨੂੰ ਫਲ ਵੀ ਉਹੋ ਜਿਹਾ ਹੀ ਮਿਲਦਾ ਹੈ। ਹਰ ਕੋਈ ਆਪਣੇ ਬੀਜੇ ਦਾ ਹੀ ਫਲ ਖਾਂਦਾ ਹੈ, ਚੋਰੁ ਸਲਾਹੇ ਚੀਤੁ ਨ ਭੀਜੈ॥ ...ਜੈਸਾ ਕਰੇ ਸੁ ਤੈਸਾ ਪਾਵੈ। ਆਪਿ ਬੀਜਿ ਆਪੇ ਹੀ ਖਾਵੈ॥ (ਪੰਨਾ 662)।

ਸਿੱਖ ਧਰਮ ਚਿੰਤਨ ਅਨੁਸਾਰ ਮਨੁੱਖ ਦੀਆਂ ਦੋ ਹੀ ਕੋਟੀਆਂ ਮੰਨੀਆਂ ਗਈਆਂ ਹਨ, ਗੁਰਮੁਖਿ ਅਤੇ ਮਨਮੁਖਿ, ਹੋਰ ਕੋਈ ਤੀਸਰੀ ਕੋਟੀ ਨਹੀਂ ਮੰਨੀ ਗਈ। ਜੋ ਮਨੁੱਖ ਗੁਰੂ ਦੇ ਦੱਸੇ ਸੱਚੇ-ਸੁਚੇ ਮਾਰਗ 'ਤੇ ਚਲਦਾ ਹੈ ਉਹ ਗੁਰਮੁਖਿ ਹੈ ਅਤੇ ਜਿਹੜਾ ਮਨੁੱਖ ਆਪਣੇ ਮਨ ਦੀ ਮੱਤ ਅਨੁਸਾਰ ਚਲਦਾ ਹੈ ਉਹ ਮਨਮੁੱਖ ਹੈ। ਮਨ ਆਮ ਤੌਰ 'ਤੇ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਆਦਿ ਉਲਾਰ ਬਿਰਤੀਆਂ ਜਾਂ ਵਿਕਾਰਾਂ ਦੇ ਅਸਰ ਹੇਠ ਕਰਮ ਕਰਦਾ ਹੈ ਜਿਸ ਦੇ ਨਤੀਜੇ ਫੇਰ ਸਹੀ ਨਹੀਂ ਨਿਕਲਦੇ। ਗੁਰਮਤਿ ਚਿੰਤਨ ਵਿਚ ਇਨ੍ਹਾਂ ਨੂੰ 'ਪੰਜ ਚੋਰ' ਵੀ ਕਿਹਾ ਹੈ, ਜਿਹੜੇ ਮਨੁੱਖ ਕੋਲੋਂ ਚੰਗਿਆਈ ਖੋਹ ਲੈਂਦੇ ਹਨ। ਇਨ੍ਹਾਂ ਬਿਰਤੀਆਂ ਅਧੀਨ ਕੀਤੇ ਕੰਮਾਂ ਦੀ ਸਜਾ ਵੀ ਪਰਮਾਤਮਾ ਵੱਲੋਂ ਦਿੱਤੀ ਜਾਂਦੀ ਹੈ ਜੋ ਭੁਗਤਣੀ ਵੀ ਪੈਂਦੀ ਹੈ। ਇਨ੍ਹਾਂ ਵਿਕਾਰਾਂ ਦੇ ਅਧੀਨ ਕੀਤੇ ਕਰਮ ਇੱਕ ਤਰ੍ਹਾਂ ਨਾਲ ਮਨੁੱਖ ਦੇ ਗਲ ਵਿਚ ਜੰਜੀਰ ਦੀ ਤਰ੍ਹਾਂ ਹਨ ਅਤੇ ਉਸ ਦੀ ਹਾਲਤ ਬੰਦੀਖਾਨੇ ਵਿਚ ਪਏ ਹੋਣ ਵਰਗੀ ਹੁੰਦੀ ਹੈ ਜਿਸ ਤੋਂ ਛੁਟਕਾਰਾ ਪਾਉਣਾ ਮੁਸ਼ਕਿਲ ਹੋ ਜਾਂਦਾ ਹੈ। ਇਸ ਕਿਸਮ ਦੇ ਬੰਧਨਾਂ ਤੋਂ ਛੁਟਕਾਰਾ ਸਿਰਫ ਸੱਚ ਦੀ ਪਛਾਣ ਕਰਨ ਨਾਲ ਅਤੇ ਸੱਚ ਦੇ ਰਸਤੇ 'ਤੇ ਚੱਲਿਆਂ ਹੀ ਹੋ ਸਕਦਾ ਹੈ, 'ਇਕਨਾ ਗਲੀਂ ਜੰਜੀਰ ਬੰਦਿ ਰਵਾਣੀਐ॥... ਚੋਰ ਜਾਰ ਜੂਆਰ ਪੀੜੇ ਘਾਣੀਐ॥ ਨਿੰਦਕ ਲਾਇਤਬਾਰ ਮਿਲੈ ਹੜਵਾਣੀਐ॥ ਗੁਰਮੁਖਿ ਸਚਿ ਸਮਾਇ ਸੁ ਦਰਗਹ ਜਾਣੀਐ॥' (ਪੰਨਾ 1287)। ਗੁਰਮਤਿ ਚਿੰਤਨ ਵਿਚ ਦਸਾਂ ਨੌਂਹਾਂ ਦੀ ਕਿਰਤ ਕਰਕੇ ਖਾਣ ਦਾ ਹੀ ਆਦੇਸ਼ ਹੈ ਜਦਕਿ ਯੋਗ ਮਤਿ ਵਿਚ ਸੰਸਾਰਕ ਕੰਮਾਂ ਤੋਂ ਪ੍ਰਹੇਜ ਕਰਦੇ ਹੋਏ ਦੂਸਰਿਆਂ ਤੋਂ ਮੰਗ ਕੇ ਖਾਣ ਦੀ ਰਵਾਇਤ ਹੈ। ਜਦੋਂ ਰਹਿਣ ਸਹਿਣ ਵਿਚ ਮੌਲਿਕ ਅੰਤਰ ਹੈ ਫਿਰ ਕੋਈ ਵੀ ਨੈਤਿਕ ਕੀਮਤ ਜਾਂ 'ਯਮ' ਉਧਾਰਾ ਲਿਆ ਕਿਵੇਂ ਹੋ ਸਕਦਾ ਹੈ? ਗੁਰਮਤਿ ਚਿੰਤਨ ਅਨੁਸਾਰ ਚੋਰੀ ਦੀ ਤਰ੍ਹਾਂ ਹੀ ਮੰਗ ਕੇ ਖਾਣਾ ਵੀ ਇੱਕ ਤਰ੍ਹਾਂ ਦਾ ਗੁਨਾਹ ਹੈ।

ਅਗਲੀ ਗੱਲ ਲੇਖਕ ਨੇ ਕਹੀ ਹੈ, 'ਅਪਰਿਗ੍ਰਹ (ਕੁਝ ਵੀ ਇਕੱਠਾ ਨਾ ਕਰਕੇ ਜਾਣਾ) ਦੀ ਮਹਾਨਤਾ ਨੂੰ ਤਾਂ ਗੁਰੂ ਜਨਾਂ ਨੇ ਸਵੀਕਾਰ ਕੀਤਾ ਹੈ ਪ੍ਰੰਤੂ ਬ੍ਰਹਮਚਰਯ ਦੇ ਪ੍ਰਤੀ ਉਨ੍ਹਾਂ ਦੀ ਆਪਣੀ ਹੀ ਧਾਰਨਾ ਹੈ ਅਤੇ ਉਨ੍ਹਾਂ ਨੇ ਗ੍ਰਹਿਸਥ ਜੀਵਨ ਨੂੰ ਸਭ ਤੋਂ ਉਤਮ ਮੰਨਿਆ ਹੈ ਕਿਉਂਕਿ ਇਸੇ ਰਾਹੀਂ ਸੰਸਾਰ ਨਾਲ ਜੁੜਿਆ ਜਾ ਸਕਦਾ ਹੈ।' ਵਿਦਵਾਨ ਲੇਖਕ ਭਾਰਤੀ ਦਰਸ਼ਨ ਅਤੇ ਗੁਰਮਤਿ ਫਿਲਾਸਫੀ ਤੋਂ ਜਾਣੂ ਹੋ ਕੇ ਵੀ ਇੱਕ ਬਹੁਤ ਮਹੱਤਵਪੂਰਨ ਗੱਲ ਭੁੱਲ ਜਾਂਦਾ ਹੈ ਕਿ ਵੈਦਿਕ ਧਰਮ ਜਾਂ ਜਿਸ ਨੂੰ ਵਰਤਮਾਨ ਯੁੱਗ ਵਿਚ ਹਿੰਦੂ ਧਰਮ ਵੀ ਕਿਹਾ ਜਾਂਦਾ ਹੈ, ਦੀ ਹਰ ਸ਼ਾਖਾ ਇਸ ਦੇ ਛੇ ਦੇ ਛੇ ਦਰਸ਼ਨ ਸ਼ਾਸਤਰ ਅਲੱਗ ਅਲੱਗ ਹੋ ਕੇ ਵੀ ਦੋ ਅਸੂਲਾਂ 'ਤੇ ਇੱਕ ਮੱਤ ਹਨ: ਪਹਿਲਾ ਇਹ ਕਿ ਸਾਰੇ ਛੇ ਦਰਸ਼ਨਾਂ ਲਈ ਵੇਦ ਸ਼ਬਦ ਪ੍ਰਮਾਣ ਹਨ ਅਤੇ ਵੇਦਾਂ ਵਿਚ ਵਿਸ਼ਵਾਸ ਕਾਰਨ ਹੀ ਇਨ੍ਹਾਂ ਨੂੰ ਆਸਤਿਕ ਕਿਹਾ ਜਾਂਦਾ ਹੈ। ਬੁੱਧ ਧਰਮ, ਜੈਨ ਧਰਮ ਅਤੇ ਚਾਰਵਾਕ ਦਰਸ਼ਨਾਂ ਨੂੰ ਨਾਸਤਿਕ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਉਹ ਵੇਦਾਂ ਨੂੰ ਸ਼ਬਦ ਪ੍ਰਮਾਣ ਨਹੀਂ ਮੰਨਦੇ। ਦੂਸਰਾ ਸਾਰੇ ਦੇ ਸਾਰੇ ਛੇ ਦਰਸ਼ਨਾਂ ਦੀ ਵਰਣ-ਆਸ਼੍ਰਮ ਧਰਮ ਦਾ ਸਿਧਾਂਤ ਚੂਲ ਹੈ। ਇਹ ਦੋ ਸਿਧਾਂਤ ਹਿੰਦੂ ਧਰਮ ਦਾ ਧੁਰਾ ਹਨ। ਗੁਰਮਤਿ ਦਰਸ਼ਨ ਇਨ੍ਹਾਂ ਦੋਹਾਂ ਸਿਧਾਂਤਾਂ ਨੂੰ ਨਕਾਰਦਾ ਹੈ। ਗੁਰਮਤਿ ਦਰਸ਼ਨ ਲਈ ਸ਼ਬਦ ਪ੍ਰਮਾਣ ਸ੍ਰੀ ਗੁਰੂ ਗ੍ਰੰਥ ਸਹਿਬ ਹੈ। ਇਸ ਵਿਚ ਸ਼ਾਮਲ ਬਾਣੀ ਸ਼ਬਦ ਪ੍ਰਮਾਣ ਹੈ। ਵਰਣ ਆਸ਼੍ਰਮ ਧਰਮ ਦੇ ਸਿਧਾਂਤ ਨੂੰ ਗੁਰਮਤਿ ਦਰਸ਼ਨ ਮੁੱਢੋਂ ਨਕਾਰਦਾ ਹੈ। ਗੁਰੂ ਸਾਹਿਬਾਨ ਨੇ ਤਾਂ ਨਾ ਸਿਰਫ ਆਪਣੀ ਕਿਰਤ ਕਮਾਈ ਕਰਕੇ ਖਾਣ ਦਾ ਆਦੇਸ਼ ਕੀਤਾ ਹੈ ਸਗੋਂ ਇਸ ਨੂੰ ਲੋੜਵੰਦਾਂ ਵਿਚ ਬਾਕਾਇਦਾ ਵੰਡ ਕੇ ਖਾਣ ਦਾ ਆਦੇਸ਼ ਕੀਤਾ ਹੈ, 'ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥' ਅਤੇ ਯੋਗੀ ਨੂੰ ਕਿਰਤ ਕਰਨ ਤੋਂ ਭੱਜਣ ਵਾਲਾ ਕਿਹਾ ਹੈ, 'ਮਖਟੂ ਹੋਇ ਕੈ ਕੰਨ ਪੜਾਏ॥ ਫਕਰੁ ਕਰੈ ਹੋਰੁ ਜਾਤਿ ਗਵਾਏ॥ (ਪੰਨਾ 1245) ਗੁਰਮਤਿ ਚਿੰਤਨ ਅਨੁਸਾਰ ਤਾਂ ਤੀਰਥ, ਵਰਤ, ਮਾਲਾ ਜਪਣਾ ਆਦਿ ਸਭ ਕੁੱਝ ਨੈਤਿਕ ਕੀਮਤਾਂ ਦੀ ਪਾਲਣਾ ਵਿਚ ਸ਼ਾਮਲ ਹੈ, ਇਸ ਲਈ ਗੁਰਮਤਿ ਦੇ ਸਤਿ, ਸੰਤੋਖ ਅਤੇ ਪਰਮਾਤਮਾ ਦੀ ਭਜਨ ਬੰਦਗੀ ਦੇ ਸੰਕਲਪ ਵੀ ਆਪਣੇ ਸੱਜਰੇ ਅਤੇ ਸਦ-ਤਾਜ਼ਾ ਹਨ, ਕਿਸੇ ਤੋਂ ਉਧਾਰੇ ਲਏ ਹੋਏ ਨਹੀਂ ਕਿਉਂਕਿ ਉਨ੍ਹਾਂ ਦੀ ਗੁਰਮਤਿ ਵਿਆਖਿਆ ਨਿਵੇਕਲੀ ਹੈ:

ਸਚੁ ਵਰਤੁ ਸੰਤੋਖੁ ਤੀਰਥੁ
ਗਿਆਨੁ ਧਿਆਨੁ ਇਸਨਾਨੁ॥
ਦਇਆ ਦੇਵਤਾ ਖਿਮਾ ਜਪਮਾਲੀ
ਤੇ ਮਾਣਸ ਪਰਧਾਨ॥
ਜੁਗਤਿ ਧੋਤੀ ਸੁਰਤਿ ਚਉਕਾ
ਤਿਲਕੁ ਕਰਣੀ ਹੋਇ॥
ਭਾਉ ਭੋਜਨੁ ਨਾਨਕਾ
ਵਿਰਲਾ ਤ ਕੋਈ ਕੋਇ॥1॥
(ਪੰਨਾ 1245)

ਹੁਣ ਇਥੇ ਅਸੀਂ ਇਹ ਨਹੀਂ ਕਹਿ ਸਕਦੇ ਕਿ ਗੁਰੂ ਸਾਹਿਬ ਨੇ ਪੰਡਿਤ ਤੋਂ ਸਿਧਾਂਤ ਉਧਾਰੇ ਲਏ ਹਨ। ਇਥੇ ਉਹ ਪੰਡਿਤ ਨੂੰ ਸੰਬੋਧਨ ਕਰ ਰਹੇ ਹਨ ਕਿ ਧਰਮੀ ਕਹਾਉਣ ਲਈ ਕਿਸ ਕਿਸਮ ਦੇ ਨੈਤਿਕ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ, ਇਹ ਪੰਡਿਤ ਦੇ ਚਿੰਨਾਂ ਨੂੰ ਲੈ ਕੇ ਹੀ ਸਮਝਾ ਰਹੇ ਹਨ। ਗੁਰਮਤਿ ਚਿੰਤਨ ਵਿਚ ਤਾਂ ਮਨੁੱਖ ਦਾ ਸੰਸਾਰ 'ਤੇ ਆਉਣਾ ਪਰਮਜੋਤਿ ਦਾ ਪ੍ਰਕਾਸ਼ਨ ਹੈ ਕਿਉਂਕਿ ਸੰਸਾਰ ਦੀ ਤਹਿ ਵਿਚ ਪਰਮਾਤਮ-ਜੋਤਿ ਵਰਤ ਰਹੀ ਹੈ, 'ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ॥' ਇਸ ਲਈ ਸੰਸਾਰ ਵਿਚ ਰਹਿੰਦਿਆਂ, ਇਸ ਦੇ ਫਰਜਾਂ ਨੂੰ ਪੂਰੇ ਕਰਦਿਆਂ ਕਿਸ ਤਰ੍ਹਾਂ ਪਰਮਾਤਮ-ਜੋਤਿ ਨਾਲ ਇੱਕਸੁਰ ਹੋਣਾ ਹੈ, ਇਸ ਦੀ ਜੁਗਤਿ ਗੁਰੂ ਦੇ ਦੱਸੇ ਰਸਤੇ 'ਤੇ ਚਲਦਿਆਂ ਸਮਝ ਲਗਦੀ ਹੈ, 'ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥ ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥' ਅਤੇ ਇਹ ਜੁਗਤਿ ਕਿਹੜੀ ਹੈ, 'ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥ ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥1॥' (ਪੰਨਾ 522)

ਪਹਿਲਾਂ ਵੀ ਇਹ ਚਰਚਾ ਕੀਤੀ ਜਾ ਚੁੱਕੀ ਹੈ ਕਿ ਗੁਰੂ ਨਾਨਕ ਸ਼ੋਚ, ਮੋਨ ਅਤੇ ਵਰਤ ਆਦਿ ਪਰੰਪਰਕ ਪਰਿਪਾਟੀਆਂ ਨੂੰ ਜਪੁਜੀ ਸਾਹਿਬ ਦੇ ਸ਼ੁਰੂ ਵਿਚ ਹੀ ਰੱਦ ਕਰਕੇ ਅੱਗੇ ਚਲਦੇ ਹਨ। ਯੋਗੀਆਂ ਦੀ ਜੁਗਤਿ ਬਾਰੇ ਗੁਰਮਤਿ ਦਾ ਕੀ ਨਜ਼ਰੀਆ ਹੈ, ਗੁਰਬਾਣੀ ਵਿਚ ਬਹੁਤ ਸਾਰੇ ਹਵਾਲੇ ਮਿਲ ਜਾਂਦੇ ਹਨ। ਇੱਥੇ ਅਸੀਂ ਸੂਹੀ ਰਾਗ ਵਿਚ ਗੁਰੂ ਨਾਨਕ ਦੇਵ ਦੀ ਬਾਣੀ ਉਦਾਹਰਣ ਦੇ ਤੌਰ 'ਤੇ ਦੇਖ ਸਕਦੇ ਹਾਂ ਜਿਥੇ ਉਨ੍ਹਾਂ ਨੇ ਸਪਸ਼ਟ ਕੀਤਾ ਹੈ ਕਿ 'ਯੋਗ (ਸੁਰਤਿ ਦਾ ਰੱਬੀ ਸੁਰਤਿ ਵਿਚ ਮਿਲ ਜਾਣਾ) ਸੰਸਾਰ ਨੂੰ ਛੱਡ ਕੇ ਭੇਖ ਧਾਰਨ ਕਰਨ ਨਾਲ ਨਹੀਂ ਹੁੰਦਾ, ਬਲਕਿ ਮਾਇਆਵੀ ਸੰਸਾਰ ਵਿਚ ਰਹਿੰਦਿਆਂ ਹੋਇਆਂ ਨਿਰਲੇਪ (ਨਿਰੰਜਨ) ਕਰਤਾ ਪੁਰਖ ਵਿਚ ਸਮਾਏ ਰਹਿਣ ਨਾਲ ਸਹੀ ਜੋਗ ਬਣਦਾ ਹੈ। ਯੋਗ ਦੀ ਪ੍ਰਾਪਤੀ ਨਾ ਗੋਦੜੀ ਪਾ ਲੈਣ ਨਾਲ ਹੈ, ਨਾ ਹੀ ਹੱਥ ਵਿਚ ਯੋਗੀਆਂ ਵਾਲਾ ਡੰਡਾ ਰੱਖਣ ਨਾਲ ਹੈ ਅਤੇ ਨਾ ਹੀ ਪਿੰਡੇ ਤੇ ਸੁਆਹ (ਵਿਭੂਤ) ਮਲਣ ਵਿਚ ਹੈ। ਯੋਗ ਕੰਨਾਂ ਵਿਚ ਮੁੰਦਰਾਂ ਪਾਉਣ, ਸਿਰ ਘੋਨ ਮੋਨ ਕਰਾਉਣ ਜਾਂ ਸਿੰਗੀ ਵਜਾਉਣ ਵਿਚ ਵੀ ਨਹੀਂ ਹੈ। ਇਹ ਤਾਂ ਇਸ ਮਾਇਆਵੀ ਸੰਸਾਰ ਵਿਚ ਰਹਿੰਦਿਆਂ ਹੋਇਆਂ ਵੀ ਉਸ ਨਿਰਲੇਪ ਪਰਮਾਤਮਾ ਵਿਚ ਸਮਾਏ ਰਹਿਣ ਨਾਲ ਹੀ ਹੋ ਸਕਦਾ ਹੈ। ਯੋਗ ਗੱਲਾਂ ਨਾਲ ਨਹੀਂ ਸਗੋਂ ਸਭ ਨੂੰ ਇੱਕੋ ਨਜ਼ਰ ਨਾਲ ਦੇਖਣ ਭਾਵ ਸਭ ਨੂੰ ਬਰਾਬਰ ਜਾਣਨ ਵਿਚ ਹੈ। ਯੋਗ ਮੜ੍ਹੀਆਂ-ਮਸਾਣਾਂ ਵਿਚ ਜਾਣ ਜਾਂ ਤਾੜੀ ਲਾਉਣ ਵਿਚ ਨਹੀਂ ਅਤੇ ਨਾ ਹੀ ਦੇਸ-ਪ੍ਰਦੇਸ ਵਿਚ ਘੁੰਮਣ ਅਤੇ ਤੀਰਥ ਯਾਤਰਾ ਕਰਨ ਵਿਚ ਹੈ। ਸੱਚੇ ਗੁਰੂ ਨੂੰ ਮਿਲ ਕੇ ਹੀ ਮਨ ਦਾ ਭਰਮ ਦੂਰ ਹੁੰਦਾ ਹੈ ਅਤੇ ਮਨ ਵਿਸ਼ੇ-ਵਿਕਾਰਾਂ ਵੱਲੋਂ ਹਟ ਕੇ ਪਰਮਾਤਮਾ ਵਿਚ ਲੀਨ ਹੁੰਦਾ ਹੈ। ਯੋਗੀ ਲੋਕ ਦਸਮ ਦੁਆਰ ਤੋਂ ਅੰਮ੍ਰਿਤ-ਰਸ ਦਾ ਟਪਕਣਾ ਮੰਨਦੇ ਹਨ ਪਰ ਗੁਰਮਤਿ ਵਿਚ ਆਤਮ-ਅਨੰਦ ਦੇ ਲਗਾਤਾਰ ਰਸ ਨੂੰ ਅੰਮ੍ਰਿਤ ਮੰਨਿਆ ਹੈ ਜੋ ਗੁਰੂ ਦੇ ਦਸੇ ਰਸਤੇ 'ਤੇ ਚੱਲਿਆਂ ਪ੍ਰਾਪਤ ਹੁੰਦਾ ਹੈ ਅਤੇ ਅਨੰਦਮਈ ਅਵਸਥਾ ਵਿਚ ਸਹਿਜ ਧੁਨਿ (ਸੰਗੀਤਕ ਲਹਿਰ) ਪੈਦਾ ਹੁੰਦੀ ਹੈ। ਯੋਗੀ ਲੋਕ ਮੰਨਦੇ ਹਨ ਕਿ ਹਠ ਯੋਗ ਦੀ ਸਾਧਨਾ ਨਾਲ ਦਸਮ-ਦੁਆਰ ਵਿਚ ਅਨਾਹਦ ਸ਼ਬਦ ਸੁਣਦਾ ਹੈ ਪਰ ਗੁਰਮਤਿ ਅਨੁਸਾਰ ਪਰਮਾਤਮਾ ਦੇ ਸਿਮਰਨ ਵਿਚ ਲੀਨ ਹੋਇਆਂ ਮਨ ਪੂਰੇ ਟਿਕਾਉ ਵਿਚ ਆ ਜਾਂਦਾ ਹੈ ਅਤੇ ਸਹਿਜ ਅਨੰਦ ਦੀ ਪ੍ਰਾਪਤੀ ਹੁੰਦੀ ਹੈ ਜਿਸ ਨੂੰ ਸਹਿਜ ਧੁਨੀ ਦਾ ਉਠਣਾ ਕਿਹਾ ਹੈ। ਇਹੀ ਅਸਲੀ ਯੋਗ ਹੈ ਜਿਸ ਵਿਚ ਕੋਈ ਸਿੰਗੀ ਨਹੀਂ ਵਜਾਉਣੀ ਪੈਂਦੀ, ਆਪਣੇ ਆਪ ਹੀ ਨਾਮ ਦੀ ਅਖੰਡ ਧੁਨੀ ਉਠਦੀ ਹੈ, 'ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ॥...(ਪੰਨਾ 730) ਇਸ ਕਿਸਮ ਦੇ ਹੋਰ ਵੀ ਬਹੁਤ ਸਾਰੇ ਹਵਾਲੇ ਪ੍ਰਾਪਤ ਹਨ। ਭਾਈ ਗੁਰਦਾਸ ਨੇ ਵੀ ਗੁਰੂ ਨਾਨਕ ਦੀ ਸਿੱਧਾਂ ਨਾਲ ਗੋਸਟਿ ਦੀ ਚਰਚਾ ਦਾ ਜ਼ਿਕਰ ਕਰਦਿਆਂ ਦੱਸਿਆ ਹੈ ਕਿ ਜਦੋਂ ਸਿੱਧ ਗੁਰੂ ਨਾਨਕ ਨੂੰ ਪੁੱਛਦੇ ਹਨ, 'ਮਾਤ ਲੋਕ ਵਿਚਿ ਕਿਆ ਵਰਤਾਰਾ?' ਤਾਂ ਗੁਰੂ ਨਾਨਕ ਉਤਰ ਦਿੰਦੇ ਹਨ, 'ਸਿਧ ਛਪਿ ਬੈਠੇ ਪਰਬਤੀ ਕਉਣੁ ਜਗਤਿ ਕਉ ਪਾਰਿ ਉਤਾਰਾ। ਜੋਗੀ ਗਿਆਨ ਵਿਹੂਣਿਆ ਨਿਸਦਿਨਿ ਅੰਗਿ ਲਗਾਏ ਛਾਰਾ।' (1-29)

ਇਸ ਦੇ ਨਾਲ ਹੀ ਲੇਖਕ ਨੇ ਗੁਰਮਤਿ ਵਿਚ ਯੋਗ ਦੀ ਵਿਸ਼ੇਸ ਪ੍ਰਾਪਤੀ ਰਿਧੀਆਂ ਸਿੱਧੀਆਂ ਨੂੰ ਨਕਾਰਨ ਦੀ ਗੱਲ ਕਰਕੇ ਕਿਹਾ ਹੈ, "ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਚਰਿਤ੍ਰ ਬਚਿਤ੍ਰ ਨਾਟਕ ਵਿਚ ਆਪਣੇ ਪੂਰਬਲੇ ਜਨਮ ਦੇ ਬਾਰੇ ਅਤੇ ਆਪਣੇ ਮਾਤਾ-ਪਿਤਾ ਦੀ ਤਪੱਸਿਆ ਦੇ ਬਾਰੇ ਸੰਖੇਪ ਰੂਪ ਵਿਚ ਸੰਕੇਤ ਦਿੱਤਾ ਹੈ। ਉਹ ਲਿਖਦੇ ਹਨ, 'ਅਬ ਮੈ ਅਪਨੀ ਕਥਾ ਬਖਾਨੋ॥ ਤਪ ਸਾਧਤ ਜਿਹ ਬਿਧ ਮੋਹਿ ਆਨੋ॥ ਹੇਮ ਕੁੰਟ ਪਰਬਤ ਹੈ ਜਹਾਂ॥ ਸਪਤ ਸ੍ਰਿੰਗ ਸੋਭਤ ਹੈ ਤਹਾਂ॥ ਇਹ ਬਿਧ ਕਰਤ ਤਪੱਸਿਆ ਭਯੋ॥ ਦਵੈ ਤੇ ਏਕ ਰੂਪ ਹਵੈ ਗਯੋ॥ ਤਾਤ ਮਾਤ ਮੁਰ ਅਲਖ ਅਰਾਧਾ॥ ਬਹੁ ਬਿਧ ਜੋਗ ਸਾਧਨਾ ਸਾਧਾ॥...(ਦਸਮ ਗ੍ਰੰਥ, ਬਚਿਤ੍ਰ ਨਾਟਕ, 6.3)' ਇਥੇ ਇਹ ਪ੍ਰਸ਼ਨ ਕੀਤਾ ਜਾ ਸਕਦਾ ਹੈ ਕਿ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਯੋਗ ਸਾਧਨਾ ਦੀ ਗੱਲ ਕਰਦੇ ਹਨ ਤਾਂ ਫਿਰ ਗੁਰੂ ਗ੍ਰੰਥ ਸਾਹਿਬ ਵਿਚ ਯੋਗਿਕ ਕਿਰਿਆਵਾਂ ਅਰਥਾਤ ਰੇਚਕ, ਪੂਰਕ, ਕੁੰਭਕ, ਮਹਾਂਬੰਧਾਂ ਜਾਂ ਖਟ-ਚਕਰਾਂ ਦੇ ਭੇਦਨ ਆਦਿ ਨੂੰ ਕਿਉਂ ਸਵੀਕਾਰ ਕੀਤਾ ਨਹੀਂ ਦਿਖਾਇਆ ਗਿਆ?"

ਲੇਖਕ ਨੇ ਇਸ ਦਾ ਉਤਰ ਵੀ ਆਪ ਹੀ ਦਿੱਤਾ ਹੈ ਜਿਸ ਦੀ ਸਮੇਤ ਉਪਰ ਦਿੱਤੇ ਨੁਕਤੇ ਦੇ, ਚਰਚਾ ਅਗਲੇ ਲੇਖ ਵਿਚ ਕੀਤੀ ਜਾਵੇਗੀ।

***(ਚਲਦਾ...)***

## ਸਿਆਣਿਆਂ ਦਾ ਕਿਹਾ

(1) ਕਲਮ, ਹਥਿਆਰ ਹੈ ਸਾਡੇ ਯੁੱਧ ਦਾ। ਕਲਮ, ਸੱਚ ਲਿਖਣ ਅਤੇ ਕਹਿਣ ਦੀ ਜੁਅਰਤ ਦਾ ਚਿੰਨ ਹੈ। ਕਲਮ, ਸੱਚ ਦੀ ਰਾਖੀ ਦੀ ਇੱਛਾ ਦਾ ਪ੍ਰਗਟਾਵਾ ਹੈ।

(2) ਯੂਰਪ ਨੇ ਟੈਲੀਵੀਜ਼ਨ ਨੂੰ ਬੁੱਧੂ ਬਕਸੇ (ਈਡੀਅਟ ਬਾਕਸ) ਦਾ ਨਾਂ ਦਿੱਤਾ ਸੀ। ਭਾਰਤੀ ਦੂਰਦਰਸ਼ਨ ਬੁੱਧੂ ਬਕਸੇ ਦੀ ਮਿੱਥ ਤੋਂ ਅਗਾਂਹ ਨਹੀਂ ਲੰਘ ਸਕਿਆ। ਦੂਰਦਰਸ਼ਨ ਹਨੇਰੀ ਸੁਰੰਗ ਵੱਲ ਜਾਂਦਾ ਰਸਤਾ ਹੈ ਜਿੱਥੇ ਆਪਣੇ ਵਿਰਸੇ ਤੇ ਸਭਿਆਚਾਰ ਦਾ ਦਮ ਘੁੱਟ ਜਾਣਾ ਹੈ।

(3) ਪੰਜਾਬੀ ਫਿਲਮਕਾਰਾਂ ਨੇ 'ਜੱਟ' ਦੇ ਕੱਚ ਘਰੜ ਬਿੰਬ ਨੂੰ ਇੰਜ ਘਸਾਇਆ ਹੈ ਜਿਵੇਂ ਬਾਂਦਰ ਸੱਪ ਦੀ ਸਿਰੀ ਨੂੰ ਧਰਤੀ ਤੇ ਰਗੜਦਾ ਹੈ।

(4) ਗੁਨਾਹਾਂ ਦਾ ਚਿੱਕੜ ਕਮਲ ਦੇ ਫੁੱਲਾਂ ਦਾ ਜਨਮ ਅਸਥਾਨ ਨਹੀਂ ਹੁੰਦਾ।

(5) ਜਦੋਂ ਸਥਾਨਕ ਸੱਭਿਆਚਾਰ, ਬੋਲੀ ਅਤੇ ਇਲਾਕਾਈ ਵੱਖਰੇਵੇਂ ਨੂੰ ਗੰਧਲਾ ਕਰਨ ਜਾਂ ਖਤਮ ਕਰਨ ਦੀ ਕੋਸ਼ਿਸ਼ ਹੁੰਦੀ ਹੈ ਤਾਂ ਇਸ 'ਚੋਂ ਹਮੇਸ਼ਾ ਵਿਦਰੋਹ ਅਤੇ ਟਕਰਾਅ ਜਨਮਦਾ ਹੈ।

(6) ਪੰਜਾਬ ਦੀ ਆਪਣੀ ਇੱਕ ਬੋਲੀ ਅਤੇ ਸਭਿਆਚਾਰ ਹੈ। ਆਪਣਾ ਜੀਣ ਦਾ ਰੰਗ ਢੰਗ ਹੈ। ਪ੍ਰੰਤੂ ਭਾਰਤੀ ਹੁਕਮਰਾਨਾਂ ਨੇ ਇਸ ਨੂੰ ਪ੍ਰਵਾਨ ਨਹੀਂ ਕੀਤਾ। ਉਹ ਤਾਂ ਇਸ ਸਭ ਕਾਸੇ ਨੂੰ ਦਿੱਲੀ ਦੇ ਰੰਗ 'ਚ ਰੰਗਣਾ ਚਾਹੁੰਦੇ ਹਨ। ਇਸ ਲਈ ਉਨ੍ਹਾਂ ਕਲਮ, ਬੁਰਸ਼, ਮਾਇਕ ਤੇ ਬੰਦੂਕ ਤੋਂ ਲੈ ਕੇ ਸਭ ਕੁੱਝ ਵਰਤਿਆ ਹੈ।

(7) ਚਿਹਰਾ ਜਿਨ੍ਹਾਂ ਦਾ ਬਹੁਤ ਬਦਸੂਰਤ ਹੈ, ਸ਼ੀਸ਼ਾ ਉਨ੍ਹਾਂ ਦਾ ਦੁਸ਼ਮਣ ਨੰਬਰ ਇੱਕ ਹੈ।

(8) ਹਕੀਕਤਾਂ ਇੰਨੀਆਂ ਬੁਜਦਿਲ ਨਹੀਂ ਹੁੰਦੀਆਂ ਕਿ ਅੱਖਾਂ ਦੀ ਘੂਰ ਨਾਲ ਮਰ ਜਾਣ।

(9) ਹਰ ਚੰਗਿਆਈ ਦੇ ਪੈਦਾ ਹੋਣ ਸਮੇਂ ਬੁਰਾਈ ਆਪਣੇ ਆਪ ਹੀ ਜੰਮ ਪੈਂਦੀ ਹੈ।

(10) ਜਦੋਂ ਕੁੱਝ ਚਾਨਣ ਵਰਗਾ ਹੋਂਦ 'ਚ ਆਉਣ ਲਗਦਾ ਹੈ ਤਦ ਕਾਲੀਆਂ ਤਾਕਤਾਂ ਉਸ ਦਾ ਪਿੱਛਾ ਕਰਦੀਆਂ ਹਨ।

(11) ਪੰਜਾਬੀ ਸੱਭਿਆਚਾਰ ਕੁੱਝ ਸਿੰਗਰਾਂ ਦੁਆਲੇ ਹੀ ਨਹੀਂ ਘੁੰਮਦਾ। ਪੰਜਾਬੀ ਸੱਭਿਆਚਾਰ ਇੰਨਾ ਸੌੜਾ ਨਹੀਂ ਕਿ ਇਹ ਨਖਿੱਧ ਗਾਇਕੀ ਦੇ ਅਲੰਮਬਰਦਾਰਾਂ ਦੇ ਲੁਧਿਆਣੇ ਸਥਿਤ ਕੋਠਿਆਂ 'ਚੋਂ ਹੀ ਬਾਹਰ ਨਾ ਨਿਕਲੇ। ਸੱਭਿਆਚਾਰ ਕੋਈ ਵਪਾਰ ਨਹੀਂ। ਜਿਨ੍ਹਾਂ ਦੇ ਮਨਾਂ ਵਿਚ ਵਪਾਰਕ ਭਾਵਨਾ ਕੁੱਟ ਕੁੱਟ ਭਰੀ ਹੋਵੇ ਉਹ ਮਾਂ ਦੇ ਪਵਿੱਤਰ ਰਿਸ਼ਤੇ 'ਚੋਂ ਵੀ ਸ਼ੋਸ਼ਣ ਦਾ ਤਰੀਕਾ ਲੱਭ ਲੈਂਦੇ ਹਨ।

(12) ਕੋਹੜੀ ਕੌਣ ਹੁੰਦੇ ਹਨ? ਜਿਹੜੇ ਸਰੀਰਕ ਤੌਰ 'ਤੇ ਆਪਣੀਆਂ ਦੁਨਿਆਵੀ ਤੇ ਮਾਨਵੀ ਡਿਊਟੀਆਂ ਨਾ ਦੇ ਸਕਣ। ਅੱਜ ਦੇ ਸਿਆਸੀ ਸਿੱਖ ਲੀਡਰ ਵੀ ਕੋਹੜੀਆਂ ਤੋਂ ਘੱਟ ਨਹੀਂ ਹਨ।

(13) ਜੇ ਸਕੂਲ ਦੀ ਇਮਾਰਤ ਨਹੀਂ ਹੈ ਤਾਂ ਨਾ ਸਹੀ, ਰੁੱਖਾਂ ਥੱਲੇ ਬੈਠ ਕੇ ਕੰਮ ਸਾਰ ਲਿਆ ਜਾ ਸਕਦਾ ਹੈ। ਬਲੈਕ ਬੋਰਡ ਨਹੀਂ ਹਨ ਤਾਂ ਨਾ ਸਹੀ, ਬੱਚਿਆਂ ਦੀਆਂ ਫੱਟੀਆਂ ਜਾਂ ਕਾਪੀਆਂ ਉਤੇ ਨਹੀਂ ਤਾਂ ਧਰਤੀ 'ਤੇ ਅੱਖਰ ਵਾਹ ਕੇ ਪੜ੍ਹਾਇਆ ਜਾ ਸਕਦਾ ਹੈ। ਪਰ ਜੇ ਹਮਦਰਦੀ ਨਾਲ ਪੜ੍ਹਾਉਣ ਵਾਲਾ ਉਸਤਾਦ ਨਾ ਹੋਵੇ ਅਤੇ ਜੇ ਹੋਵੇ ਤੇ ਪੜ੍ਹਾਏ ਨਾ, ਤਾਂ ਬੱਚੇ ਦੇ ਅੰਦਰ ਸੁੱਤੀ ਪਈ ਯੋਗਤਾ ਦਾ ਵਿਕਾਸ ਕਿਵੇਂ ਹੋਵੇ?

(14) ਪੰਜਾਬ 'ਚ ਛੋਟੇ ਬੱਚਿਆਂ ਨੂੰ ਸਿੱਖਿਆ ਪੰਜਾਬੀ ਵਿਚ ਹੀ ਦਿੱਤੀ ਜਾਣੀ ਚਾਹੀਦੀ ਹੈ ਇਸ ਨਾਲ ਸਿੱਖ ਕੌਮ ਦੀਆਂ ਜੜਾਂ ਮਜਬੂਤ ਰਹਿਣਗੀਆਂ।

(15) ਜੇ ਪੰਜਾਬ ਦੇ ਸਕੂਲਾਂ ਵਿਚ ਅੰਗਰੇਜ਼ੀ ਮਾਧਿਅਮ ਹੈ ਤਾਂ ਉਥੇ ਪੰਜਾਬੀ ਹਮੇਸ਼ਾ ਫੁਟ-ਪੈਡਾਂ ਉਤੇ ਬੈਠੀ ਹੀ ਨਜ਼ਰ ਆਵੇਗੀ, ਬਰਾਬਰ ਦੀ ਕੁਰਸੀ ਉਤੇ ਨਹੀਂ।

(16) ਛੁਰੀ ਨੂੰ ਖਰਬੂਜੇ ਉਤੇ ਮਾਰਿਆ ਜਾਏ ਜਾਂ ਖਰਬੂਜੇ ਨੂੰ ਛੁਰੀ ਉਤੇ, ਨੁਕਸਾਨ ਵਿਚਾਰੇ ਖਰਬੂਜੇ ਦਾ ਹੀ ਹੋਵੇਗਾ।

(17) ਜੇ ਸਿੱਖ ਕੌਮ ਅਤੇ ਪੰਜਾਬ ਨੂੰ ਬਚਾਉਣਾ ਹੈ ਤਾਂ ਪੰਜਾਬ ਵਿਚ ਮੁੱਢਲੀਆਂ ਜਮਾਤਾਂ ਅੰਦਰ ਸਿੱਖਿਆ ਵਜੋਂ ਕੇਵਲ ਮਾਂ ਬੋਲੀ ਹੀ ਬੱਚੇ ਦੇ ਕੰਨਾਂ ਵਿਚ ਪੈਣੀ ਚਾਹੀਦੀ ਹੈ।

(18) ਪੰਜਾਬ ਉਤੇ ਵੀ ਅੰਗਰੇਜ਼ਾਂ ਦਾ ਝੰਡਾ ਝੁੱਲਿਆ ਪਰ ਅਫਸੋਸ ਹੈ ਕਿ ਸ਼ਹਿਰੀਆਂ ਦੀ ਸਾਜਿਸ਼ ਕਰਕੇ।

(19) ਦੁਰ ਫਿਟੇ ਮੂੰਹ ਤੁਹਾਡੇ! ਪੰਜਾਬ ਪੰਜਾਬੀ ਤੇ ਪੰਜਾਬੀਅਤ ਨੂੰ ਦਗਾ ਦੇਣ ਵਾਲਿਓ।

***ਪੇਸ਼ਕਾਰ-ਪਰਮਜੀਤ ਸਿੰਘ ਦਾਖਾ***

## ਨੈਣ-ਨਕਸ਼

# ਇਹ ਗੱਲ ਸ਼ਾਇਦ ਤੁਹਾਡੇ ਮਨ ਨੂੰ ਵੀ ਲੱਗੇ ਪਰ...

**ਬੁੱਢਿਆਂ ਦੇ ਆਸ਼ਕ ਬਣਨ ਦੀਆਂ ਖ਼ਬਰਾਂ ਭਾਵੇਂ ਅੱਜ ਦੇ ਜ਼ਮਾਨੇ ਵਿਚ ਆਉਣ ਲੱਗ ਪਈਆਂ ਹਨ ਪਰ ਪਿਆਰ ਨੂੰ ਸਿਰਫ਼ ਜਵਾਨੀ ਹੀ ਬਰਦਾਸ਼ਤ ਕਰ ਸਕਦੀ ਹੈ ਕਿਉਂਕਿ ਏਸ ਦੇ ਜ਼ੋਰ ਦਾ ਨਾਂ ਹੀ ਪਿਆਰ ਹੁੰਦਾ ਹੈ। ਪੱਥਰਾਂ ਵਿਚ ਰੱਬ ਨਹੀਂ ਹੁੰਦਾ ਪਰ ਜੇ ਸੀ ਤਾਂ ਸਿਰਫ਼ ਧੰਨੇ ਜੱਟ ਦੇ ਵਿਸ਼ਵਾਸ ਨੂੰ ਬਹਾਲ ਰੱਖਣ ਕਰਕੇ। ਰਾਂਝੇ ਨੇ ਬਾਰਾਂ ਸਾਲ ਮੱਝਾਂ ਚਰਾਈਆਂ ਜਾਂ ਨਹੀਂ, ਅਰਥ ਇਹ ਨਿਕਲਦੇ ਹਨ ਕਿ ਪਿਆਰ ਵਿਚ ਕੁਰਬਾਨੀ ਦੀ ਕੋਈ ਸੀਮਾ ਨਹੀਂ ਹੁੰਦੀ। ਇਹ ਵੀ ਜੰਗਲਾਂ ਵਿਚ ਜੋਗੀਆਂ ਦੀ ਤਪੱਸਿਆ ਵਾਂਗ ਹੀ ਸੀ। ਫਰਕ ਸਿਰਫ 'ਰੱਬ' ਅਤੇ 'ਹੀਰ' ਲੱਭਣ ਵਿਚ ਸੀ। ਹਾਲਾਂਕਿ ਵੈਲੇਨਟਾਈਨ ਡੇ ਮਨਾਉਣ ਦੇ ਸਮਿਆਂ ਵਿਚ ਪਿਆਰ ਦਾ ਭੱਠਾ ਬੈਠਣ ਨੂੰ ਫਿਰਦੈ, ਰਾਂਝਾ ਤਾਂ ਵਿਚਾਰਾ ਬਾਰਾਂ ਸਾਲ ਵੱਗ ਚਾਰਦਾ ਰਿਹਾ, ਹੁਣ ਤਾਂ ਪਿਆਰ ਬਾਰਾਂ ਘੰਟੇ ਨਹੀਂ ਕੱਟਦਾ। ਏਨੀ ਕੁ ਉਮਰ ਵਿਚ ਕੁੜੀਆਂ ਮਾਂਵਾਂ ਬਣਨ ਲੱਗ ਪਈਆਂ ਹਨ ਅਤੇ ਮੁੰਡੇ ਹੁਣ ਆਪੇ ਕੰਨ ਪਾੜ ਕੇ ਮੁੰਦਰਾਂ ਵਾਲੇ ਆਸ਼ਕ ਬਣੀ ਫਿਰਦੇ ਹਨ। ਜਿਸ ਰਾਹ ਤੋਂ ਬਹੁਤ ਸਾਰੇ ਲੋਕਾਂ ਨੇ ਗੁਜ਼ਰ ਕੇ ਉਸ ਨੂੰ ਜਰਨੈਲੀ ਸੜਕ ਬਣਾ ਦਿੱਤਾ ਹੈ, ਉਸ ਰਾਹ ਵਿਚ ਮੈਂ ਤਾਂ ਸਿਰਫ਼ 'ਰੁਕਾਵਟ ਲਈ ਖੇਦ ਹੈ' ਵਾਲਾ ਫੱਟਾ ਲੈ ਕੇ ਹੀ ਖੜ੍ਹਨ ਲੱਗਾ ਹਾਂ ਪਰ ਜ਼ਰਾ ਰੁਕ ਕੇ ਜ਼ਰੂਰ ਲੰਘਣਾ ਅਤੇ ਵਿਜ਼ਟਰ ਬੁੱਕ ਵਿਚ ਕੁਝ ਲਿਖਣਾ ਵੀ ਹਜ਼ੂਰ...!**



ਐਸ. ਅਸ਼ੋਕ ਭੌਰਾ

ਜਿਹਨੂੰ ਗੱਲ ਕਰਨ ਅਤੇ ਗੱਲ ਸਮਝਾਉਣ ਦੀ ਕਲਾ ਆ ਜਾਵੇ, ਸ਼ਾਇਦ ਉਸ ਤੋਂ ਵੱਡਾ ਕੋਈ ਕਲਾਕਾਰ ਨਾ ਹੋਵੇ। ਇਹ ਗੱਲ ਵੀ ਵਿਚਾਰਨ ਦੀ ਹੈ ਕਿ ਕਈ ਵਾਰ ਪਾਗਲ ਵੀ ਪਾਗਲਪੁਣੇ ਦੀ ਅਜਿਹੀ ਕਲਾ ਦਿਖਾ ਜਾਂਦਾ ਹੈ ਕਿ ਸਾਧਾਰਣ ਮਨੁੱਖ ਵੀ ਹੱਕਾ-ਬੱਕਾ ਰਹਿ ਜਾਂਦਾ ਹੈ। ਪਾਸਕਲ ਵਿਗਿਆਨੀ ਬਾਅਦ ਵਿਚ ਬਣਿਆ ਪਰ ਜਦੋਂ ਉਸ ਨੇ ਪਾਣੀ ਵਿਚ ਛਾਲ ਇਹ ਸਿੱਧ ਕਰਨ ਵਾਸਤੇ ਮਾਰੀ ਸੀ ਕਿ ਇਹ ਸਾਰੇ ਪਾਸੇ ਬਰਾਬਰ ਦਬਾਓ ਪਾਉਂਦਾ ਹੈ, ਉਦੋਂ ਲੋਕ ਉਸ ਨੂੰ ਪਾਗਲ ਕਹਿ ਕੇ ਹੀ ਦੰਦ ਕੱਢਦੇ ਸਨ। ਜ਼ਰੂਰੀ ਨਹੀਂ ਕਿ ਸਾਰੇ ਪੜ੍ਹੇ-ਲਿਖੇ ਸਿਆਣੇ ਹੁੰਦੇ ਨੇ। ਕਈ ਵਾਰ ਉਮਰ ਦਾ ਤਜਰਬਾ ਯੋਗਤਾ ਤੋਂ ਵੀ ਵੱਡਾ ਹੋ ਜਾਂਦਾ ਹੈ। ਕਈ ਵਾਰ ਸਿਆਣੇ ਲੋਕਾਂ ਦੇ ਖਿਆਲ, ਖੋਜ ਕਰਨ ਵੱਲ ਖਿੱਚ ਲਿਆਉਂਦੇ ਨੇ।

ਜਾਣੇ-ਪਛਾਣੇ ਲੇਖਕ ਤਰਲੋਚਨ ਸਿੰਘ ਦਾ ਪਿੰਡ ਦੁਪਾਲਪੁਰ, ਮਤੈਲ ਸਿੰਘ ਸਰਾਂ ਦਾ ਮੋਇਲਾ ਵਾਹਦਪੁਰ, ਪੰਜਾਬ ਵਿਚ ਇਕ ਦਹਾਕਾ ਸਰਗਰਮ ਰਿਹਾ ਪਰ ਹੁਣ ਸੈਨ ਹੋਜ਼ੇ ਰਹਿ ਕੇ ਚੁੱਪ ਲੇਖਕ ਮਨਜੀਤ ਸਿੰਘ ਦਾ ਪਿੰਡ ਢਾਡੀ ਅਮਰ ਸਿੰਘ ਸ਼ੌਕੀ ਦੇ ਪਿੰਡ ਭੱਜਲਾਂ ਲਾਗੇ ਗੋਲੀਆਂ ਅਤੇ ਮੇਰਾ ਪਿੰਡ ਭੌਰਾ ਭਾਵੇਂ ਪੈਂਦੇ ਦੋ ਜ਼ਿਲ੍ਹਿਆਂ-ਹੁਸ਼ਿਆਰਪੁਰ ਤੇ ਸ਼ਹੀਦ ਭਗਤ ਸਿੰਘ ਨਗਰ, ਵਿਚ ਹੋਣ ਪਰ ਲੋਕ ਬੋਲੀਆਂ ਵਾਂਗ ਹੈਗੇ ਚਾਰੇ ਕੋਲੋ ਕੋਲੀ ਹਨ। ਇਸ ਕਰਕੇ ਅਸੀਂ ਕਈ ਗੱਲਾਂ ਦੀ ਸਾਂਝ ਅਕਸਰ ਵਿਚਾਰ-ਵਟਾਂਦਰੇ ਵਿਚ ਨਿਬੇੜ ਲੈਂਦੇ ਹਾਂ। ਪਿੱਛੇ ਜਿਹੇ ਮਨਜੀਤ ਮੇਰੇ ਕੋਲ ਆਇਆ ਤਾਂ ਉਹਦਾ ਸਵਾਲ ਬੜਾ ਦਿਲਚਸਪ ਸੀ ਪਰ ਮੈਂ ਆਈ-ਗਈ ਵਿਚ ਟਾਲ ਦਿੱਤਾ। ਉਹ ਪੁੱਛਣ ਲੱਗਾ, "ਮਤੈਲ ਸਿੰਘ ਅਤੇ ਮੈਂ ਇਕ ਦਿਨ ਗੱਲ ਕਰਦੇ ਸੀ ਕਿ ਇਹ ਹੀਰ-ਰਾਂਝਾ ਹੋਏ ਵੀ ਨੇ ਕਿ ਐਵੇਂ ਗੱਲਾਂ ਈ ਨੇ?"

ਮੈਂ ਕਿਹਾ, "ਜਿਸ ਹੀਰ ਦਾ ਕਿੱਸਾ ਲਿਖ ਕੇ ਵਾਰਿਸ ਸ਼ਾਹ ਅਮਰ ਹੋ ਗਿਐ, ਹੀਰ ਰਾਂਝੇ ਤੋਂ ਖੋਹ ਕੇ ਆਪਣੇ ਨਾਂ ਕਰ ਲਈ, ਜਿਸ ਕਹਾਣੀ 'ਤੇ ਬੜੀਆਂ ਫਿਲਮਾਂ ਅਤੇ ਸੀਰੀਅਲ ਬਣੇ, ਜਿਸ ਹੀਰ-ਰਾਂਝੇ ਦੀ ਮਜ਼ਾਰ 'ਤੇ ਪੰਜਾਬ ਦਾ ਸਾਬਕਾ ਕਾਂਗਰਸੀ ਮੰਤਰੀ ਹਰਨੇਕ ਸਿੰਘ ਘੜੂੰਆਂ ਪਾਕਿਸਤਾਨ ਉਚੇਚੇ ਤੌਰ 'ਤੇ ਜਾ ਕੇ ਸ਼ਰਧਾ ਦੇ ਫੁੱਲ ਭੇਟ ਕਰਕੇ ਆਇਐ; ਗੱਲ ਤਾਂ ਕੋਈ ਜ਼ਰੂਰ ਹੋਊ।"

ਵਿਚੋਂ ਟੋਕ ਕੇ ਕਹਿਣ ਲੱਗਾ, "ਵਿਚਾਰ ਕਰਿਓ ਕਿਤੇ। ਦਾਨਿਸ਼ਮੰਦ ਕਹਿੰਦੇ ਨੇ, ਸਾਰਾ ਕੁਝ ਮਨਘੜਤ ਜਿਹਾ ਹੀ ਲਗਦੈ।"

ਮਨ ਵਿਚ ਸੋਚਿਆ ਹੀਰ ਅਤੇ ਸਾਹਿਬਾਂ ਇਕੋ ਕੁਨਬੇ ਦੀਆਂ ਸਨ, ਇਸ਼ਕ ਉਮਰ ਵਿਚ ਹਾਣਨਾਂ, ਸਿਆਲਾਂ ਦੀਆਂ ਪਰੀਆਂ। ਇਕ ਨੇ ਇਸ਼ਕ ਦੀ ਲੱਜ ਪਾਲੀ ਅਤੇ ਦੂਜੀ ਨੇ ਮਿਰਜ਼ਾ ਮਰਵਾ ਕੇ ਦਾਗ ਲਾ'ਤਾ। ਕਲਪਨਾ ਕਰਕੇ ਅਜਿਹੀ ਅੰਗਲੀ ਵਿਚ ਸੰਗਲੀ ਫਸਾਉਣੀ ਔਖੀ ਬੜੀ ਹੈ।

ਫਿਰ ਝੋਟੇ ਦੇ ਨਾਲ ਹੀ ਜੂੰਆਂ ਮਰ ਗਈਆਂ। ਵਰਕਾ ਉਥੇ ਹੀ ਪਾੜ'ਤਾ ਕਿ ਚਲੋ, ਕਦੇ ਕਿਸੇ ਫਿਲਾਸਫਰ ਨਾਲ ਗੱਲ ਕਰਾਂਗੇ।

ਹਾਲ ਹੀ ਵਿਚ ਪੀਐਚ.ਡੀ. ਕਰ ਰਹੇ ਦੋ ਫਿਲਾਸਫਰਾਂ ਨਾਲ ਪੰਜਾਬ ਯੂਨੀਵਰਸਿਟੀ ਦੀ ਲਾਇਬ੍ਰੇਰੀ ਵਿਚ ਸੱਚੀਂ ਮੁਲਾਕਾਤ ਹੋ ਗਈ ਪਰ ਗੱਲ ਉਲਟ ਹੋ ਗਈ। ਉਪਰੋਕਤ ਸਵਾਲ ਮੈਂ ਉਨ੍ਹਾਂ ਨੂੰ ਪੁੱਛਣਾ ਸੀ, ਉਨ੍ਹਾਂ ਮੈਥੋਂ ਹੀ ਪੁੱਛ ਲਿਆ। ਵਿਚਾਰ-ਵਟਾਂਦਰਾ ਚੱਲਿਆ। ਇਕ ਕਹਿਣ ਲੱਗਾ, "ਪਿਛਲੇ ਲੰਬੇ ਅਰਸੇ ਤੋਂ ਤੁਹਾਡਾ ਕੁਝ ਲਿਖਿਆ 'ਅਜੀਤ' ਜਾਂ 'ਪੰਜਾਬੀ ਟ੍ਰਿਬਿਊਨ' ਵਿਚ ਪੜ੍ਹਨ ਨੂੰ ਨਹੀਂ ਮਿਲਦਾ। ਗੱਲ ਕੀ ਐ?"

"ਮੈਂ ਚੋਲਾ ਬਦਲ ਲਿਆ ਹੈ।"

ਉਹ ਦੋਵੇਂ ਟਪਾਕ ਦੇਣੀ ਹੱਸ ਪਏ, "ਸਾਧ ਬਣ ਗਏ।"

"ਅੱਜ ਕੱਲ੍ਹ ਮੈਂ ਅਮਰੀਕਾ ਰਹਿ ਕੇ 'ਪੰਜਾਬ ਟਾਈਮਜ਼' ਲਈ ਲਿਖਦਾ ਹਾਂ।"

ਦੂਜੇ ਮਿੱਤਰ ਪਿਆਰੇ ਨੂੰ ਪੁੱਛਿਆ, "ਤੁਸੀਂ ਕੀ ਕਰ ਰਹੇ ਹੋ?"

"ਮਗਜ਼ ਖਪਾਈ। ਪੀਐਚ.ਡੀ. ਹੀਰ-ਰਾਂਝੇ 'ਤੇ ਕਰਨੀ ਸੀ ਪਰ ਵਿਸ਼ਾ ਨੀਂ ਮਿਲਿਆ।"

"ਮੁੰਡਿਓ! ਕੰਜਰਖਾਨੇ 'ਤੇ ਪੀਐਚ.ਡੀ. ਕਰਨੀ ਸੀ। ਹੱਦ ਹੋ ਗਈ, ਕੋਈ ਚੱਜ ਦਾ ਖੋਜੀ ਕੰਮ ਕਰੋ।"

"ਇਹੋ ਤਾਂ ਦੱਸਣਾ ਸੀ ਕਿ ਇਹ ਕੰਜਰਖਾਨਾ ਝੂਠ ਦਾ ਪੁਲੰਦਾ ਸੀ ਜਿਸ ਨੂੰ ਕਵੀਆਂ ਜਾਂ ਲੇਖਕਾਂ ਨੇ ਲਫ਼ਜ਼ਾਂ ਦੀ ਲੜਾਈ ਨਾਲ ਸੱਚਾ ਸਿੱਧ ਕਰਤਾ।"

ਤੇ ਗੱਲ ਫਿਰ ਮਨਜੀਤ ਵਾਲੀ ਸਾਹਮਣੇ ਆ ਗਈ। ਇਨ੍ਹਾਂ ਵਿਦਵਾਨ ਮੁੰਡਿਆਂ ਨਾਲ ਵਾਰਤਾਲਾਪ ਦਾ ਜਿਹੜਾ ਨਿਚੋੜ ਸੀ, ਉਹ ਤੁਹਾਡੇ ਨਾਲ ਸਾਂਝਾ ਕਰਨ ਲੱਗਾ ਹਾਂ।

ਰਾਂਝਾ ਜਿਹੜਾ ਅੱਠ ਭਰਾਵਾਂ ਵਿਚੋਂ ਸਭ ਤੋਂ ਅਖੀਰਲੇ ਨੰਬਰ 'ਤੇ ਸੀ, ਤਖ਼ਤ ਹਜ਼ਾਰਾ ਦੇ ਨਾਮੀ ਅਤੇ ਧੜੱਲੇਦਾਰ ਚੌਧਰੀ ਦਾ ਲਾਡਲਾ ਸੀ। ਉਸ ਦਾ ਦੂਜਾ ਨਾਂ ਸੀ ਧੀਦੋ। ਅੱਠ ਲਾਠੀਆਂ ਘਰ ਦੀਆਂ ਹੋਣ ਅਤੇ ਮੁਰੱਬਿਆਂ ਵਿਚ ਚੌਧਰੀ ਦੀ ਉਪਜਾਊ ਪੈਲੀ ਹੋਵੇ, ਤਖ਼ਤ ਹਜ਼ਾਰੇ ਵਿਚ ਸਰਦਾਰੀ ਹੋਣੀ ਸੁਭਾਵਿਕ ਸੀ। ਵਾਰਿਸ ਦੀ ਹੀਰ, ਸੂਬਾ ਸਿੰਘ ਦੀ ਵਿਅੰਗਮਈ ਹੀਰ ਅਤੇ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀਆਂ ਇਨ੍ਹਾਂ ਆਸ਼ਕਾਂ ਬਾਰੇ ਪ੍ਰੀਤ ਗਾਥਾਵਾਂ ਮੈਂ ਬੜੇ ਗਹੁ ਨਾਲ ਪੜ੍ਹੀਆਂ ਹਨ।

ਰਾਂਝਾ ਕੰਮ ਨਹੀਂ ਕਰਦਾ ਸੀ। ਵਿਹਲੜ ਸੀ। ਮਿਸਰ ਦੇ ਯੂਸਫ਼ ਵਰਗਾ ਮੁੱਖ ਸੀ। ਵਿਆਹਿਆ ਨਹੀਂ ਸੀ ਅਤੇ ਭਾਬੀਆਂ ਨੇ ਨਖੱਟੂ ਨੂੰ ਮਜ਼ਾਕ ਵਿਚ ਤਾਅਨਾ ਮਾਰਿਆ ਕਿ "ਸਾਥੋਂ ਨੀਂ ਕੰਮ ਚੋਰ ਨੂੰ ਪਕਾ ਕੇ ਖੁਆ ਹੁੰਦੀਆਂ। ਸਾਡੀਆਂ ਪੱਕੀਆਂ ਵਿਚ ਨੁਕਸ ਕੱਢਦੈ, ਵਿਆਹ ਕੇ ਲੈ ਆਵੇ ਸਿਆਲਾਂ ਦੀ ਹੀਰ, ਖਾਵੇ ਉਹਦੀਆਂ ਪੱਕੀਆਂ।"

ਦੇਖਿਆ ਨੀਂ ਪਰ ਦੱਸਦੇ ਨੇ ਕਿ ਸਿਆਲਾਂ ਅਤੇ ਤਖ਼ਤ ਹਜ਼ਾਰੇ ਵਿਚ ਕੋਈ ਪੰਤਾਲੀ ਕੁ ਮੀਲ ਦੀ ਵਿੱਥ ਹੈ। ਵਿਚਾਲੇ ਝਨਾਂ ਪੈਂਦਾ ਸੀ ਅਤੇ ਜੇ ਉਸ ਵੇਲੇ ਹੀਰ ਦੇ ਹੁਸਨ ਦੀਆਂ ਧੁੰਮਾਂ ਚਾਲੀਆਂ ਪਿੰਡਾਂ ਵਿਚ ਪਈਆਂ ਹੋਈਆਂ ਸਨ ਤੇ ਜ਼ਰੂਰੀ ਹੈ ਕਿ ਉਹ ਬੱਚੜਾ ਨਹੀਂ ਹੋਵੇਗੀ। ਜਵਾਨੀ ਦਾ ਸੋਲਵਾਂ ਸਾਲ ਲਾਜ਼ਮੀ ਟੱਪੀ ਹੋਊ ਤੇ ਹੁਸਨ ਦੀ ਕਾਂਵਾਂ ਰੌਲੀ ਪੈਣ ਨੂੰ ਵੀ ਦੋ ਤਿੰਨ ਸਾਲ ਲੱਗ ਗਏ ਹੋਣੇ ਆਂ। ਯਾਨਿ ਜਦੋਂ ਰਾਂਝਾ ਹੀਰ ਲੱਭਣ ਘਰੋਂ ਨਿਕਲਿਆ ਤਾਂ ਉਹ ਸਿੱਟਵੇਂ ਹੱਥ ਉਨੀਆਂ ਕੁ ਦੀ ਤਾਂ ਹੋਊ ਈ।

ਫਿਰ ਮਲਾਹ ਲੁੱਡਣ ਦੀ ਬੇੜੀ ਪਾਰ ਕਰ ਕੇ ਜਦੋਂ ਉਹ ਸਿਆਲਾਂ ਦੇ ਹੀਰ ਦੇ ਬਾਗ ਵਿਚ ਨਵਾਰੀ ਪਲੰਘ 'ਤੇ ਸੌਂ ਗਿਆ। ਤੇ ਹੀਰ ਜਦੋਂ ਸਹੇਲੀਆਂ ਨਾਲ ਆਈ, ਅਨਜਾਣ ਨੂੰ ਪਲੰਘ 'ਤੇ ਸੁੱਤਾ ਪਿਆ ਦੇਖ ਕੇ ਗੁੱਸੇ ਵਿਚ ਤੂਤ ਦੀਆਂ ਛਟੀਆਂ ਵਰ੍ਹਾਉਣ ਲਈ ਤੋੜੀਆਂ। ਤੇ ਹਵਾ ਨਾਲ ਜਦੋਂ ਰਾਂਝੇ ਦੇ ਮੁੱਖ ਤੋਂ ਪਰਨਾ ਉਡਿਆ ਤਾਂ ਉਹ ਰਾਂਝੇ ਦਾ ਰੂਪ ਦੇਖ ਕੇ ਸੁਦੈਣ ਹੋ ਗਈ। ਛਟੀਆਂ ਹੱਥ ਵਿਚੋਂ ਡਿੱਗ ਪਈਆਂ। ਫਿਰ ਰਾਂਝੇ ਨੇ ਵੀ ਫਿੰਗਰ ਪ੍ਰਿੰਟ ਸਹੀ ਹੀ ਦਿੱਤੇ। ਨਾ ਨਾਂ ਬਦਲਿਆ, ਨਾ ਪਤਾ ਟਿਕਾਣਾ। ਤਖ਼ਤ ਹਜ਼ਾਰੇ ਦੇ ਚੌਧਰੀਆਂ ਦਾ ਪੁੱਤ। ਵਿਚਾਰਨ ਵਾਲੀ ਗੱਲ ਇਹ ਹੈ ਕਿ ਜਿਸ ਜ਼ਮਾਨੇ ਵਿਚ ਧੀਆਂ ਨੂੰ ਘਰੋਂ ਵੀ ਬੁਰਕਾ ਪਹਿਨ ਕੇ ਨਿਕਲਣਾ ਪੈਂਦਾ ਸੀ, ਉਦੋਂ ਬਾਗਾਂ ਵਿਚ ਨਵਾਰੀ ਪਲੰਘ ਕਿਵੇਂ ਆ ਗਏ? ਚਲੋ ਜੇ ਜੱਟ ਮੁਸਲਮਾਨ ਦਲੇਰੀ ਵਾਲੇ ਵੀ ਹੋਣਗੇ ਅਤੇ ਥੋੜ੍ਹੀ ਬਹੁਤੀ ਖੁੱਲ੍ਹ-ਖੇਡ ਵੀ ਹੋਊ, ਫਿਰ ਰਾਂਝਾ ਕਿਹੜਾ ਯੂ.ਪੀ. ਬਿਹਾਰ ਦਾ ਭਈਆ ਸੀ ਜਿਸ ਨੂੰ ਧੀ ਦੀ ਤਜਵੀਜ਼ 'ਤੇ ਵੱਗ ਚਾਰਨ ਲਈ ਰੱਖ ਲਿਆ ਜਿਹਦੇ ਰੂਪ ਦੀ ਚਰਚਾ ਪੂਰੇ ਇਲਾਕੇ ਵਿਚ ਹੱਟੀ-ਭੱਠੀ 'ਤੇ ਹੁੰਦੀ ਸੀ। ਐਡਾ ਸੋਹਣਾ ਮੁੰਡਾ ਉਈਂ ਘਰ ਵਿਚ ਰੱਖਣਾ ਖ਼ਤਰੇ ਤੋਂ ਖਾਲੀ ਨਹੀਂ ਸੀ।

ਸਿਆਲਾਂ ਪਿੰਡ ਸੀ। ਮੁੰਬਈ ਜਾਂ ਦਿੱਲੀ ਵਰਗੀ ਮਹਾਂ ਨਗਰੀ ਨਹੀਂ ਜਿਥੇ ਹੀਰ ਪਹਿਲੇ ਦਿਨ ਤੋਂ ਰਾਂਝੇ ਨਾਲ ਅੱਖਾਂ ਚਾਰ ਕਰ ਬੈਠੀ ਹੋਵੇ ਅਤੇ ਇਸ ਪਿਆਰ 'ਤੇ ਬਾਰਾਂ ਸਾਲ ਤੀਕਰ ਪਰਦਾ ਹੀ ਪਿਆ ਰਿਹਾ ਹੋਵੇ। ਇਹ ਹਾਲੇ ਤੀਕ ਵੀ ਸੱਚ ਹੈ ਕਿ ਸਾਡੇ ਪਿੰਡਾਂ ਵਿਚ ਪਿਆਰ ਅੱਵਲ ਤਾਂ ਦਿਨਾਂ ਵਿਚ ਨਹੀਂ ਤਾਂ ਮਹੀਨਿਆਂ ਵਿਚ ਦੁਹਾਈਆਂ ਪਾਉਣ ਲੱਗ ਪੈਂਦੈ। ਜੁਆਨ ਧੀ ਦੀਆਂ ਹਰਕਤਾਂ ਦੱਸ ਦੇਂਦੀਆਂ ਨੇ ਕਿ ਸਭ ਸੁੱਖ-ਸਾਂਦ ਹੈ ਜਾਂ ਨਹੀਂ।

ਜੇ ਹੀਰ ਸੱਚੀ ਸੀ ਤਾਂ ਇਹ ਗੱਲ ਪੱਕੀ ਹੈ ਕਿ ਮਾਂ ਧੀ ਨਾਲ ਰਲੀ ਹੋਈ ਸੀ। ਕਿਉਂਕਿ ਚੂਚਕ ਤੋਂ ਓਹਲਾ ਤਾਂ ਰਹਿ ਸਕਦਾ ਹੈ ਪਰ ਦੇਸੀ ਘਿਓ ਵਿਚ ਚੂਰੀ ਦਾ ਛੰਨਾ ਮੱਝੀਆਂ ਚਰਾਉਣ ਵਾਲੇ ਪਾਲੀ ਲਈ ਰੋਜ਼ ਲੈ ਕੇ ਜਾਣਾ, ਮਾਂ ਇਸ ਗੱਲ ਤੋਂ ਅਣਜਾਣ ਕਿਵੇਂ ਰਹਿ ਸਕਦੀ ਹੈ? ਹੀਰ ਨਾ ਕਾਲਜ ਪੜ੍ਹਦੀ ਸੀ, ਨਾ ਯੂਨੀਵਰਸਿਟੀ। ਕੀ ਬਹਾਨਾ ਲਾ ਕੇ ਜਾਂਦੀ ਹੋਵੇਗੀ ਮਾਂ ਕੋਲ, ਇਕ ਅਖ਼ਬ ਬਾਪ ਤੋਂ ਚੋਰੀ?

ਜੇ ਇਹ ਮੰਨ ਲਈਏ ਕਿ ਹੀਰ ਦਾ ਚਾਚਾ ਕੈਦੋਂ ਲੰਗੜਾ ਵੀ ਇਕ ਪਾਤਰ ਸੀ ਅਤੇ ਉਹ ਆਪਣੀ ਭਤੀਜੀ ਦਾ ਲੁਕ ਕੇ ਪਿੱਛਾ ਕਰਦਾ ਸੀ, ਤੇ ਉਹਨੇ ਅੱਖੀਂ ਵੇਖ ਲਿਆ ਸੀ ਕਿ ਹੀਰ ਰਾਂਝੇ ਦੇ ਮੂੰਹ ਵਿਚ ਕੂਲੇ ਹੱਥਾਂ ਨਾਲ ਬੁਰਕੀਆਂ ਪਾਉਂਦੀ ਸੀ ਤੇ ਇਸ ਗੱਲ ਦਾ ਖੁਲਾਸਾ ਵੀ ਆਪਣੇ ਭਰਾ ਚੂਚਕ ਕੋਲ ਕਰ ਦਿੱਤਾ ਸੀ ਜਿਵੇਂ ਲੋਕ ਗਾਥਾਵਾਂ 'ਚ ਜ਼ਿਕਰ ਹੈ:

ਇਕ ਦਿਨ ਕੈਦੋਂ ਸੱਥ ਵਿਚ
ਬੈਠਾ ਮੂਹਰੇ ਚੂਚਕ ਦੇ
ਲਾਹ ਕੇ ਸਿਰ ਆਪਣੇ ਤੋਂ ਪੱਗ
ਪੈਰਾਂ ਵਿਚ ਪਾਈ
ਪੱਟੇ ਗਏ ਅੱਜ ਆਪਾਂ
ਸੁਣ ਸਿਆਲਾਂ ਦਿਆ ਚੌਧਰੀਆ
ਤੇਰੀ ਧੀ ਨੇ ਲਾ ਲਈ
ਨਾਲ ਚਾਕ ਦੇ ਯਾਰੀ...

ਤੇ ਫਿਰ ਜਦੋਂ ਬਾਪ ਨੂੰ ਪਤਾ ਸੀ ਕਿ ਧੀ ਕੀ ਚੰਦ ਚੜ੍ਹਾ ਰਹੀ ਹੈ ਤੇ 'ਆਖ ਦਮੋਦਰ ਅੱਖੀਂ ਡਿੱਠਾ' ਨਾਲ ਸ਼ਾਇਰ ਇਹ ਆਖਦਾ ਹੈ ਕਿ ਉਹ ਉਸ ਵੇਲੇ ਸਿਆਲਾਂ ਦਾ ਪਟਵਾਰੀ ਸੀ ਤੇ ਉਸ ਨੇ ਸਭ ਅੱਖੀਂ ਵੇਖਿਆ ਤਾਂ ਚੂਚਕ ਨੇ ਫਿਰ ਵੀ ਧੀਦੋ ਨੂੰ ਘਰੋਂ ਨਾ ਭਜਾਇਆ? ਜੇ ਰਾਂਝੇ ਦੀ ਵੰਝਲੀ ਤੇ ਮੱਝੀਆਂ ਆਗਿਆਕਾਰ ਬਣ ਗਈਆਂ ਸਨ ਤੇ ਏਡੇ ਸੁਰੀਲੇ ਸੰਗੀਤਕਾਰ ਨੂੰ ਤਾਂ ਉਦੋਂ ਕਿਸੇ ਰਾਜੇ ਮਹਾਰਾਜੇ ਨੇ ਚੁੱਕ ਕੇ ਦਰਬਾਰ ਜਾ ਬਿਠਾਉਣਾ ਸੀ। ਉਸ ਵੇਲੇ ਨਾ ਤਾਂ ਦਮੋਦਰ ਕੋਲ ਦੂਰਬੀਨ ਸੀ, ਨਾ ਉਹ ਸੈਟੇਲਾਈਟ ਦਾ ਯੁੱਗ ਸੀ। ਤੇ ਫਿਰ ਜ਼ਮੀਨ ਦੀਆਂ ਫਰਦਾਂ ਦੇਣ ਵਾਲਾ ਪਟਵਾਰੀ ਜਾਂ ਇੰਤਕਾਲ ਚੜ੍ਹਾਉਣ ਵਾਲਾ ਸ਼ਾਇਰ ਇਸ ਪਿਆਰ ਨੂੰ ਅੱਖੀਂ ਕਿਵੇਂ ਵੇਖ ਸਕਦਾ ਸੀ? ਦਰਅਸਲ ਦਾਲ 'ਚ ਕਿਤੇ ਕੁਝ ਕਾਲਾ-ਮਾਲਾ ਹੈ ਜਾਂ ਖੰਭ ਤਾਂ ਸੀ, ਬਾਅਦ ਵਿਚ ਡਾਰ ਬਣ ਗਈ।

ਇਕ ਗੱਲ ਹੋਰ। ਹੀਰ ਅਠਾਰਾਂ-ਉਨੀਆਂ ਸਾਲਾਂ ਦੀ ਸੀ ਜਦੋਂ ਰਾਂਝਾ ਤਖ਼ਤ ਹਜ਼ਾਰਾ ਛੱਡ ਕੇ ਸਿਆਲੀਂ ਆਇਆ। ਬਾਰਾਂ ਸਾਲ ਮੱਝਾਂ ਚਾਰਦਾ ਰਿਹਾ। ਹੀਰ 'ਕੱਤੀਆਂ' ਦੀ ਹੋ ਗਈ। ਫਿਰ ਦੋ ਕੁ ਸਾਲ ਹੋਰ ਰੌਲਾ ਪੈਂਦਾ ਰਿਹਾ ਸੈਦੇ ਨਾਲ ਤੋਰਨ ਦਾ। ਜਾਣੀ ਕਿ ਮੋਟੇ ਹਿਸਾਬ ਨਾਲ ਹੀ ਚੌਤੀ-ਪੈਤੀ ਸਾਲ ਦੀ ਹੋਊ ਜਦੋਂ ਰੰਗਪੁਰ ਨੂੰ ਕਾਣੇ ਦੀ ਡੋਲੀ ਬੈਠੀ। ਜਿਸ ਉਮਰ ਵਿਚ ਧੀਆਂ ਨੂੰ ਨਿੱਕੀ ਉਮਰੇ 'ਕਬੂਲ ਹੈ' ਸਿਖਾ ਦਿੱਤਾ ਜਾਂਦਾ ਸੀ, ਉਸ ਸਮੇਂ ਵਿਚ ਪਿਆਰ ਵਿਚ ਪਾਗਲ ਹੋਈ ਧੀ ਨੂੰ ਏਨਾ ਚਿਰ ਕੁਆਰੀ ਰੱਖਣ ਦੇ ਅਰਥ ਸਮਝ ਨਹੀਂ ਪੈਂਦੇ! ਰਾਂਝਾ ਸਾਧ ਬਣ ਕੇ ਹੀਰ ਨੂੰ ਰੰਗਪੁਰ ਮਿਲਣ ਜਾਂਦਾ ਰਿਹੈ, ਤੇ ਮੂਹਰੇ ਹੀਰ ਦੀ ਨਨਾਣ ਸਹਿਤੀ ਵੀ ਮੁਰਾਦ ਦੇ ਚੱਕਰ ਵਿਚ ਉਲਝੀ ਪਈ ਸੀ। ਜਿਸ ਹੀਰ ਅਤੇ ਰਾਂਝੇ ਦੇ ਪਿਆਰ ਦੀਆਂ ਚਹੁੰ ਕੂੰਟੀਂ ਧੁੰਮਾਂ ਪਈਆਂ ਹੋਈਆਂ ਸਨ, ਸੈਦਾ ਵਿਚਾਰਾ ਸਰੀਫ ਹੀ ਹੋਣੈ, ਨਹੀਂ ਤਾਂ ਰਾਂਝਾ ਪੀਪੇ ਵਾਂਗ ਖੜਕਾਇਆ ਹੁੰਦਾ। ਗੋਰਖ ਨਾਥ ਤੋਂ ਰਾਂਝਾ ਕੰਨ ਪੜਵਾ ਕੇ ਮੁੰਦਰਾਂ ਪੁਆ ਜੋਗੀ ਹੋਇਆ, ਇਹ ਗੱਲ ਵੀ ਦਿਲ ਨਹੀਂ ਮੰਨਦਾ ਸੱਚੀ ਹੋਊ। ਗੋਰਖ ਨਾਥ ਵਰਗਾ ਗੁਰੂ ਜਿਹਦੇ ਸਾਰੇ ਚੇਲੇ ਹੀ ਸੰਨਿਆਸੀ ਸਨ, ਆਸ਼ਕ ਨੂੰ ਜੋਗ ਕਿਵੇਂ ਦੇ'ਤਾ?

ਤਖ਼ਤ ਹਜ਼ਾਰੇ ਦੇ ਜਿਸ ਚੌਧਰੀ ਦਾ ਲਾਡਲਾ ਪੁੱਤ ਅਤੇ ਸੱਤਾਂ ਭਰਾਵਾਂ ਦਾ ਅੱਠਵਾਂ ਭਰਾ ਏਨੀ ਜ਼ਮੀਨ ਦਾ ਮਾਲਕ ਹੋ ਕੇ ਇਥੇ ਤੀਵੀਂ ਪਿੱਛੇ ਲੱਗ ਬਾਰਾਂ ਸਾਲ ਕਿਸੇ ਦੀਆਂ ਮੱਝਾਂ ਚਾਰਦਾ ਰਿਹਾ, ਉਹਦਾ ਕਿਸੇ ਨੇ ਪਿੱਛਾ ਈ ਨਹੀਂ ਕੀਤਾ? ਨਾ ਦਮੋਦਰ ਨੇ, ਤੇ ਨਾ ਵਾਰਿਸ ਸ਼ਾਹ ਨੇ ਆਪਣੀ ਹੀਰ ਵਿਚ ਕਿਤੇ ਵੀ ਇਸ ਗੱਲ ਦਾ ਜ਼ਿਕਰ ਕੀਤਾ ਕਿ ਧੀਦੋ ਦਾ ਕੋਈ ਭਰਾ ਜਾਂ ਉਹਦਾ ਪਿਓ ਉਹਨੂੰ ਸਿਆਲਾਂ ਤੋਂ ਮੋੜਨ ਗਏ ਹੋਣ। ਉਸ ਮਾਂ ਨੂੰ ਕਿਵੇਂ ਚੈਨ ਮਿਲ ਗਿਆ ਹੋਊ ਜਿਸ ਦੀਆਂ ਆਂਦਰਾਂ ਦਾ ਅੱਠਵਾਂ ਗੁੱਛਾ ਨੌਕਰ ਬਣ ਕੇ ਧੱਕੇ ਖਾਂਦਾ ਰਿਹਾ ਹੋਵੇ।

ਤੇ ਮੇਰੇ ਕੋਲ ਵੀ ਇਨ੍ਹਾਂ ਫਿਲਾਸਫਰ ਮੁੰਡਿਆਂ ਦੇ ਸਵਾਲਾਂ ਦੇ ਜੁਆਬ ਦੇਣ ਲਈ ਸ਼ਬਦ ਨਹੀਂ ਸਨ। ਖੈਰ, ਉਨ੍ਹਾਂ ਨੂੰ ਇਸ ਵਿਸ਼ੇ 'ਤੇ ਖੜ੍ਹੇ ਕਰਨ ਦਾ ਮੌਕਾ ਤਾਂ ਨੀਂ ਮਿਲਿਆ ਪਰ ਦੱਬਵੀਂ ਜੀਭੇ ਉਹ ਇਹ ਵੀ ਕਹੀ ਜਾਂਦੇ ਸਨ ਕਿ ਜਿਸ ਘਰ ਵਿਚ ਹੀਰ ਨੇ ਹੀ ਏਡਾ ਚੰਦ ਚੜ੍ਹਾ ਦਿੱਤਾ ਸੀ, ਉਸ ਘਰ ਵਿਚ ਸਾਹਿਬਾਂ ਪਿਆਰ ਦੇ ਗੁਬਾਰੇ ਏਨੇ ਉਚੇ ਕਿਵੇਂ ਉਡਾ ਗਈ? ਸਿਆਲਾਂ ਵਰਗੇ ਏਡੇ ਵੱਡੇ ਪਿੰਡ ਵਿਚ ਇਕੋ ਘਰ ਵਿਚ ਦੋ ਹੀ ਕੁੜੀਆਂ ਵਿਗੜਨੀਆਂ ਸਨ? ਤੇ ਇਨ੍ਹਾਂ ਵਿਚੋਂ ਇਕ ਹੱਸਦਿਆਂ ਫਿਰ ਕਹਿਣ ਲੱਗਾ 'ਵੇਖ ਲਿਓ ਜੇ ਕਿਤੇ ਲਿਖਣ-ਲੁਖਣ ਵਿਚ ਗੱਲ ਬਣ ਗਈ ਇਹਦੇ ਬਾਰੇ। ਊਂ ਵਾਰਿਸ ਝੂਠਾ ਵੀ ਨੀਂ ਹੋ ਸਕਦੈ?

**ਅੰਤਿਕਾ:**

ਰੁੱਸ ਕੇ ਤੁਰਿਆ ਘਰ ਤੋਂ ਰਾਂਝਾ
ਭਾਈ ਰੋਕ ਕੇ ਕਹਿੰਦੇ
ਬਾਝ ਭਰਾਵਾਂ ਕਦੇ ਨਾ ਲੋਕੀਂ
ਸਾਰ ਕਿਸੇ ਦੀ ਲੈਂਦੇ
ਅੱਠ ਡਾਂਗਾਂ ਨੇ ਘਰ ਦੀਆਂ ਸਾਡੇ
ਕੌਣ ਮਾਰੂ ਲਲਕਾਰਾ
ਕਿਹੜੀ ਗੱਲ ਤੋਂ ਦੱਸ ਦੇ ਰਾਂਝਿਆ
ਛੱਡਿਆ ਤਖ਼ਤ ਹਜ਼ਾਰਾ।

ਤੇ ਬਾਰਾਂ ਸਾਲ ਭਰਾ ਫਿਰ ਕੁੰਭਕਰਨ ਕੋਲ ਲੰਕਾ ਵਿਚ ਸ਼ਾਇਦ ਸੌਣ ਚਲੇ ਗਏ ਸਨ।

## ਗੱਲ ਬਣੀ ਕਿ ਨਹੀਂ

ਐਸ. ਅਸ਼ੋਕ ਭੌਰਾ

### ਰੱਬ ਦੀ ਰਾਜਨੀਤੀ

ਪਿਆਰ ਦੀ ਤਾਸੀਰ ਬੜੀ ਗਰਮ ਜਿਹੀ ਹੋਈ ਜਾਂਦੀ, ਸੱਚ ਵੀ ਦਿਵਾਲੀਆ ਜਿਹਾ ਹੋਇਆ ਅੱਜ ਕੱਲ੍ਹ ਏ।
ਦਾਦੀਆਂ ਤੇ ਨਾਨੀਆਂ ਨੂੰ ਯਾਦ ਨਹੀਂਓ ਰਹੀਆਂ ਬਾਤਾਂ, ਝੂਠਾ ਸਤਿਕਾਰ ਨਿਰਾ ਜਾਪਦਾ ਕੋਈ ਛੱਲ ਏ।
ਚੋਰ-ਮੋਰੀਆਂ ਦੇ ਥਾਣੀਂ ਸਭ ਕੁਝ ਹੋਈ ਜਾਂਦਾ, ਛਿੱਲ ਛਿੱਲ ਸੁੱਟੀ ਜਾਣ ਆਪਣੇ ਹੀ ਖੱਲ ਏ।
ਡਾਵੇ ਨੂੰ ਮਿਲਾਉਣ ਦੀਆਂ ਦੱਸਣ ਸਕੀਮਾਂ ਜਿਹੜੇ, ਹਰ ਥਾਂ ਖਿਲਾਰਦੇ ਨੇ ਕੂੜ ਦਾ ਹੀ ਝੱਲ ਏ।
ਫਰਕ ਨੀਂ ਰਿਹਾ ਕੋਈ ਵਿਆਹੀਆਂ ਤੇ ਕੁਆਰੀਆਂ ਦਾ, ਜਤੀ ਨਾ ਲੰਗੋਟੇ ਦਾ ਕੋਈ ਰਿਹਾ ਹੁਣ ਮੱਲ ਏ।
ਪਾਈਂ ਨਾ ਪਲੇਪੇ ਰੱਬਾ ਦੱਸਣਾ ਪਊਗਾ ਤੈਨੂੰ, ਨੀਲੀਆਂ ਤੇ ਚਿੱਟੀਆਂ 'ਚੋਂ ਦੱਸ ਕੀਹਦੇ ਵੱਲ ਏ।

## ਮੌਤ ਤੋਂ ਬਾਰਾਂ ਘੰਟੇ ਪਹਿਲਾਂ

**ਧੁੱਪੇ ਬੈਠੀਆਂ ਯਾਦਾਂ**

ਮੌਤ ਪਿਛੇ ਪਿਛੇ ਤਾਂ ਸਾਰਿਆਂ ਦੇ ਤੁਰੀ ਆਉਂਦੀ ਹੈ ਪਰ ਜਦੋਂ ਸਾਹਮਣੇ ਟੱਕਰ ਜਾਵੇ ਤਾਂ ਫਿਰ ਦਿਸਣੋ ਸਭ ਕੁਝ ਹਟ ਜਾਂਦਾ ਹੈ। ਇਹ ਤਸਵੀਰ 7 ਮਾਰਚ 1988 ਦੀ ਹੈ, ਯਾਨਿ ਪੂਰੇ ਤੇਈ ਸਾਲ ਪੁਰਾਣੀ। ਸਾਡੇ ਲਾਗੇ ਪਰ ਜ਼ਿਲ੍ਹਾ ਹੁਸ਼ਿਆਰਪੁਰ 'ਚ ਪੈਂਦੇ ਸ਼ਹੀਦ ਭਗਤ ਸਿੰਘ ਦੇ ਨਾਨਕੇ ਪਿੰਡ ਮੋਰਾਂਵਾਲੀ ਇਕ ਵਿਆਹ 'ਤੇ ਇਸੇ ਦਿਨ ਅਮਰ ਸਿੰਘ ਚਮਕੀਲੇ ਤੇ ਅਮਰਜੋਤ ਦਾ ਪ੍ਰੋਗਰਾਮ ਸੀ। ਉਹ ਤਕਰੀਬਨ 6 ਕੁ ਵਜੇ ਮੇਰੇ ਕੋਲ ਪਿੰਡ ਆਏ। ਉਨ੍ਹਾਂ ਨਾਲ ਕਾਮੇਡੀਅਨ ਮਣਕੂ ਤੇ ਤਬਲਾ ਵਾਦਕ ਲਾਲ ਚੰਦ ਵੀ ਸੀ। ਹਾਲਾਤ ਬੜੇ ਨਾਜ਼ੁਕ ਸਨ, ਸੂਰਜ ਛਿਪਦੇ ਹੀ ਹੋਣੀਆਂ ਮੌਤ ਦੇ ਕਾਰੋਬਾਰ ਲਈ ਨਿਕਲ ਤੁਰਦੀਆਂ ਸਨ। ਤੇ ਨਾਲੇ ਕੁਝ ਮਹੀਨੇ ਪਹਿਲਾਂ ਹੀ ਅਸੀਂ ਇਸ ਜੋੜੀ ਤੋਂ ਉਨ੍ਹਾਂ ਅੱਗੇ ਹੱਥ ਜੁੜਾ ਕੇ ਲਿਆਏ ਸਾਂ, ਉਨ੍ਹਾਂ ਦਿਨਾਂ ਵਿਚ ਧਰਮ ਰਾਜ ਦੇ ਦਫਤਰੋਂ ਸ਼ਾਇਦ ਚੋਰੀ ਕੀਤੇ ਹੋਏ ਵਾਰੰਟਾਂ 'ਤੇ ਜਿਨ੍ਹਾਂ ਨੂੰ ਹਸਤਾਖਰ ਕਰਨ ਦੀ ਮੋਹਲਤ ਮਿਲੀ ਹੋਈ ਸੀ। ਭਾਵੇਂ ਮੇਰੀ ਮਾਤਾ ਨੂੰ ਗੀਤਾਂ-ਗੁਤਾਂ ਨਾਲ ਬਹੁਤਾ ਵਾਹ ਵਾਸਤਾ ਨਹੀਂ ਸੀ ਪਰ ਫਿਰ ਵੀ ਸਾਡੇ ਘਰ ਗਾਇਕਾਂ ਦਾ ਅਕਸਰ ਆਉਣਾ-ਜਾਣਾ ਹੋਣ ਕਰਕੇ ਉਹ ਬਾਕੀਆਂ ਵਾਂਗ ਇਸ ਜੋੜੀ ਨੂੰ ਵੀ ਜਾਣਦੀ ਸੀ। ਬਿਮਾਰ ਪੈ ਕੇ ਉਠੀ ਮੇਰੀ ਮਾਂ ਨਾਲ ਦੋਵਾਂ ਨੇ ਫੋਟੋ ਖਿਚਵਾਉਣ ਦੀ ਇੱਛਾ ਜਾਹਿਰ ਕੀਤੀ। ਫਿਰ ਕਿਹੜਾ ਉਦੋਂ ਸਾਡੇ ਪਿੰਡ ਸਟੂਡੀਓ ਸੀ। ਦੇਸੀ ਕੈਮਰਾ ਹੀ ਕੰਮ ਦੇ ਗਿਆ। ਚਮਕੀਲਾ ਮਾਂ ਨੂੰ ਕਹਿਣ ਲੱਗਾ, ਮਾਂ ਅਸ਼ੀਰਵਾਦ ਦੇਹ, ਹੋਣੀ ਅੰਨੀ ਹੋ ਜਾਵੇ ਤੇ ਸਾਡੇ ਰਾਹ 'ਚ ਨਾ ਆਵੇ। ਖੈਰ! ਜਿਉਂਦਾ ਰਹਿ ਤੇ ਜੁਗ ਜੁਗ ਜਿਉਣ ਦੀ ਗੱਲ ਤਾਂ ਮਾਂ ਨੇ ਕਹਿ ਦਿੱਤੀ ਪਰ ਰਾਤੀਂ ਇਕ ਵਜੇ 'ਨਾ ਜਾਓ, ਨਾ ਜਾਓ' ਕਹਿੰਦਿਆਂ ਵੀ ਉਹ ਇਸ ਕਰਕੇ ਚਲੇ ਗਏ ਕਿ ਅਗਲੇ ਦਿਨ ਗੁਰਾਇਆ ਲਾਗੇ ਮਹਿਸਾਪੁਰ 'ਚ ਪ੍ਰੋਗਰਾਮ ਸੀ। ਤੇ ਫਿਰ ਅਗਲੇ ਦਿਨ ਇਕ ਵੱਜਣ 'ਚ ਵੀ ਦਸ ਮਿੰਟ ਰਹਿੰਦਿਆਂ 'ਤੇ ਹੀ ਅਸਾਲਟਾਂ ਸਾਉਣ ਦੇ ਛਰਾਟਿਆਂ ਵਾਂਗ ਵਰ੍ਹ ਪਈਆਂ। ਪੂਰੇ ਗਿਆਰਾਂ ਘੰਟਿਆਂ ਪਿਛੋਂ ਜੁਆਨ ਜਹਾਨ, ਰਿਸ਼ਟ ਪੁਸ਼ਟ ਲੋਥਾਂ ਵਿਚ ਬਦਲ ਗਏ। ਮੇਰੀ ਮਾਂ ਵੀ



ਪਿਛੇ ਜਿਹੇ ਚਲੇ ਹੀ ਗਈ ਹੈ ਪਰ ਇੱਕੀ ਸਾਲ ਉਹ ਇਹ ਕਹਿੰਦੀ ਰਹੀ ਕਿ ਰੱਬ ਮਾਂਵਾਂ ਦੀਆਂ ਅਰਦਾਸਾਂ ਤੇ ਅਸੀਸਾਂ ਉਤੇ ਕਾਟਾ ਕਿਉਂ ਮਾਰਨ ਲੱਗ ਪਿਆ ਹੈ, ਮੈਂ ਤਾਂ ਉਸ ਨੂੰ ਜੁਗ ਜੁਗ ਜਿਉਣ ਦਾ ਪਿਆਰ ਦਿੱਤਾ ਸੀ ਪਰ ਕਹਾਣੀ ਤਾਂ ਘੰਟਿਆਂ 'ਚ ਮੁੱਕ ਗਈ। ਉਹ ਫਿਰ ਆਏ ਸਾਲ ਪੁੱਛਦੀ, ਕਿੰਨੇ ਸਾਲ ਹੋ ਗਏ ਨੇ ਚਮਕੀਲੇ ਤੇ ਅਮਰਜੋਤ ਨੂੰ ਤੁਰਿਆਂ। ਤੇ ਗਿਣਤੀ ਕਰਦੀ ਕਰਦੀ ਆਪ ਗਿਣਤੀ 'ਚ ਗੁਆਚ ਗਈ ਪਰ ਮੈਂ ਉਹਨੂੰ ਆਖਦਾ ਹੁੰਦਾ ਸੀ ਕਿ ਮਾਂ ਪੰਜਾਬ 'ਚ ਦਸ ਕੁ ਸਾਲ ਗਾਜਰਾਂ-ਮੂਲੀਆਂ ਬੰਦਿਆਂ ਨਾਲੋਂ ਮਹਿੰਗੀਆਂ ਹੋ ਗਈਆਂ ਸਨ।

-ਐਸ. ਅਸ਼ੋਕ ਭੌਰਾ

ਵਿਚਾਰ-ਚਰਚਾ

### ਇਕੀਵੀਂ ਸਦੀ ਵਿਚ "ਸਿੱਖ ਸਟੇਟ" ਦਾ ਸੁਪਨਾ-5

# ਅਣਕਿਆਸਿਆ ਕਹਿਰ: ਸਿੱਖਾਂ ਦੀ ਯਹੂਦੀਆਂ ਨਾਲ ਤੁਲਨਾ ਦੀ ਕਵਾਇਦ ਬੇ-ਸਿਰ-ਪੈਰ

***ਸਿੱਖ ਚਿੰਤਕ ਸ. ਅਜਮੇਰ ਸਿੰਘ ਦੀਆਂ ਪੁਸਤਕਾਂ ਉਤੇ ਬਹਿਸ ਜਾਰੀ ਹੈ। ਇਸ ਬਹਿਸ ਦੇ ਸਿਲਸਿਲੇ ਵਿਚ ਖੱਬੇ ਪੱਖੀ ਚਿੰਤਕ ਸ੍ਰੀ ਕਰਮ ਬਰਸਟ ਦਾ ਇਹ ਪੰਜਵਾਂ ਲੇਖ ਅਸੀਂ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। ਕਰਮ ਬਰਸਟ ਨੇ ਇਸ ਲੇਖ ਵਿਚ ਵੀ ਅਜਮੇਰ ਸਿੰਘ ਦੀਆਂ ਪੁਸਤਕਾਂ ਵਿਚਲੇ ਵਿਰੋਧਾਭਾਸਾਂ ਉਪਰ ਉਂਗਲ ਧਰਨ ਦੀ ਕੋਸ਼ਿਸ਼ ਕੀਤੀ ਹੈ। ਸਾਨੂੰ ਇਸ ਸਿਲਸਿਲੇ ਵਿਚ ਹੋਰ ਚਿੰਤਕਾਂ ਦੇ ਵਿਚਾਰਾਂ ਦੀ ਉਡੀਕ ਰਹੇਗੀ। ਫਿਰ ਸਪਸ਼ਟ ਕਰ ਦਈਏ ਕਿ ਅਦਾਰਾ ਪੰਜਾਬ ਟਾਈਮਜ਼ ਦਾ ਇਸ ਬਹਿਸ ਵਿਚ ਪੇਸ਼ ਕੀਤੇ ਜਾ ਰਹੇ ਵੱਖੋ ਵੱਖਰੇ ਨੁਕਤਾ ਨਿਗਾਹਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। -ਸੰਪਾਦਕ***

**ਕਰਮ ਬਰਸਟ**

ਸੰਸਾਰ ਭਰ ਦੇ ਬਾਜ਼ਮੀਰ ਲੋਕਾਂ ਨੇ ਹਮੇਸ਼ਾ ਹੀ ਜ਼ਾਲਮਾਂ ਦੇ ਖਿਲਾਫ਼ ਮਜ਼ਲੂਮਾਂ ਦਾ ਸਾਥ ਦਿੱਤਾ ਹੈ ਅਤੇ ਭਵਿੱਖ ਵਿਚ ਵੀ ਇਵੇਂ ਹੀ ਹੁੰਦਾ ਰਹੇਗਾ। ਮਨੁੱਖੀ ਜਾਮੇ ਵਿਚ ਭਾਵੇਂ ਕਿੱਡੇ ਵੀ ਵੱਡੇ ਦੁਸ਼ਟ ਪੈਦਾ ਹੋਏ ਹੋਣ, ਉਨ੍ਹਾਂ ਨੂੰ ਲਾਹਣਤਾਂ ਹੀ ਮਿਲੀਆਂ ਹਨ। ਯਹੂਦੀਆਂ ਦੇ ਖਿਲਾਫ਼ ਵਹਿਸ਼ੀ ਕਹਿਰ ਵਰਤਾਉਣ ਵਾਲਿਆਂ ਨੂੰ ਜੰਗੀ ਮੁਜ਼ਰਮ ਮੰਨ ਕੇ ਸਜ਼ਾਵਾਂ ਦਿੱਤੀਆਂ ਗਈਆਂ ਸਨ ਭਾਵੇਂ ਯੋਰਪ ਦੇ 60 ਲੱਖ ਯਹੂਦੀ ਔਰਤਾਂ ਬੱਚੇ ਅਤੇ ਬੇਸ਼ਕੀਮਤੀ ਬੁੱਧੀਜੀਵੀ ਜਿਨ੍ਹਾਂ ਨੂੰ ਅੰਨ੍ਹੇ ਕੌਮੀ ਜਨੂੰਨ ਹੇਠ ਨਾਜੀਆਂ ਨੇ ਗੈਸ ਚੈਂਬਰਾਂ ਵਿਚ ਭੁੰਨ ਸੁਟਿਆ, ਦੀ ਭਰਪਾਈ ਕਦੇ ਵੀ ਨਹੀਂ ਹੋ ਸਕੇਗੀ। ਸਥਿਤੀ ਦਾ ਵਿਅੰਗ ਤਾਂ ਇਹ ਵੀ ਹੈ ਕਿ ਨਿਊਰਮਬਰਗ ਦੀ ਕਚਹਿਰੀ ਵਿਚ ਨਾਜੀ ਮੁਜਰਿਮਾਂ ਨੂੰ ਸਜ਼ਾਵਾਂ ਦੇਣ ਵਾਲੇ ਵੀ ਦੁੱਧ ਧੋਤੇ ਨਹੀਂ ਸਨ। ਇਨ੍ਹਾਂ ਪਿਛੇ ਵੀ ਉਹੀ ਲੋਕ ਖੜ੍ਹੇ ਸਨ, ਜਿਨ੍ਹਾਂ ਨੇ ਹੀਰੋਸ਼ੀਮਾ ਅਤੇ ਨਾਗਾਸਾਕੀ ਉਪਰ ਪ੍ਰਮਾਣੂ ਬੰਬ ਸੁੱਟ ਕੇ ਮਨੁੱਖਤਾ ਦਾ ਸਰਬਨਾਸ਼ ਕਰਨ ਦਾ 'ਮੰਗਲਾਚਰਨ' ਪੜ੍ਹਿਆ ਸੀ, ਬੀਤੇ ਵੇਲਿਆਂ ਵਿਚ ਵੀਅਤਨਾਮ, ਲਾਓਸ ਤੇ ਕੰਬੋਡੀਆ ਅਤੇ ਅਜੇ ਵੀ ਈਰਾਕ, ਪਕਿਸਤਾਨ ਤੇ ਅਫਗਾਨਿਸਤਾਨ ਵਿਚ ਬੰਬ ਸੁੱਟ ਕੇ ਆਪਣੀ ਕਾਤਲਾਨਾ ਜਹਿਨੀਅਤ ਦਾ ਪ੍ਰਗਟਾਵਾ ਕਰ ਰਹੇ ਹਨ। ਸੱਦਾਮ ਹੁਸੈਨ ਨੂੰ ਕਤਲ ਕਰਨ ਵਾਲੇ ਅਤੇ ਇਰਾਕ, ਜੋ ਕਿ ਮੱਧ ਪੂਰਬ ਵਿਚ ਇਕੋ ਇਕ ਆਧੁਨਿਕ ਅਤੇ ਧਰਮ ਨਿਰਪੇਖ ਦੇਸ਼ ਸੀ, ਨੂੰ ਬੇਕਿਰਕੀ ਨਾਲ ਬਰਬਾਦੀ ਵਲ ਧੱਕ ਦੇਣ ਵਾਲੇ ਵੀ ਉਹੀ ਲੋਕ ਹਨ।

ਮਸਲੇ ਦਾ ਦੂਜਾ ਪੱਖ ਵੀ ਉਨਾ ਹੀ ਭਿਆਨਕ ਹੈ ਕਿ ਕੁਝ ਅਜਿਹੀਆਂ ਹੀ ਬੇਜ਼ਮੀਰ ਧਿਰਾਂ ਨੇ ਭਾਰਤੀ ਹਾਕਮਾਂ ਨੂੰ ਤੱਤੀ ਵਾਅ ਨਹੀਂ ਲੱਗਣ ਦਿੱਤੀ, ਭਾਵੇਂ ਦਿੱਲੀ ਦੰਗਿਆਂ ਵਾਂਗ ਅਖੌਤੀ ਅਜ਼ਾਦ ਭਾਰਤ ਵਿਚ ਸਿੱਖਾਂ ਦੀ ਪਹਿਲੀ ਨਿਵੇਕਲੀ ਨਸਲਕੁਸ਼ੀ ਹੋਵੇ ਜਾਂ ਫਿਰ ਮੁਸਲਮਾਨਾਂ ਦਾ ਘਾਣ। ਭਾਰਤੀ ਰਾਜਤੰਤਰ ਦੀਆਂ ਸਾਰੀਆਂ ਹੀ ਚੂਲਾਂ ਇਨ੍ਹਾਂ ਮਸਲਿਆਂ 'ਤੇ ਮਿੱਟੀ ਪਾਉਂਦੀਆਂ ਰਹੀਆਂ ਹਨ। ਅਜਮੇਰ ਸਿੰਘ ਦਾ ਇਸ ਮਾਮਲੇ ਵਿਚ ਕਹਿਣਾ ਦਰੁਸਤ ਹੈ ਕਿ 1984 ਦੇ ਸਿੱਖ ਕਤਲੇਆਮ ਤੋਂ ਬਾਅਦ ਭਾਰਤੀ ਸੰਸਦ ਵਲੋਂ ਪਿਛਲੇ ਪੱਚੀ ਸਾਲਾਂ ਵਿਚ ਹਮਦਰਦੀ ਦੇ ਦੋ ਬੋਲ ਵੀ ਨਹੀਂ ਸਰੇ, ਹੋਰ ਤਾਂ ਕੁਝ ਕਰਨਾ ਹੀ ਕੀ ਸੀ? ਲੇਕਿਨ ਅਜਮੇਰ ਬਾਈ ਦਾ ਦਿੱਲੀ ਦੇ ਕਤਲੇਆਮ ਬਾਰੇ ਇਹ ਕਹਿਣਾ ਕਿ 'ਉਹ ਯਹੂਦੀਆਂ ਦੇ ਮਹਾਂਨਾਸ਼ (ਹਾਲੋਕਾਸਟ) ਨਾਲੋਂ ਘੱਟ ਨਹੀਂ ਸੀ... ਸਗੋਂ ਦੋ ਰੱਤੀ ਵੱਧ ਹੀ ਸੀ... (ਤੀਜੀ ਕਿਤਾਬ, ਪੰਨਾ 273), ਮਸਲੇ ਨੂੰ ਬਹੁਤ ਹੀ ਸਨਸਨੀਖੇਜ਼ ਬਣਾ ਕੇ ਪੇਸ਼ ਕਰਨਾ ਹੈ। ਜਦੋਂ ਉਹ ਡਾ. ਅੰਬੇਦਕਰ ਦੇ ਹਵਾਲੇ ਨਾਲ 'ਹਿੰਦੂ ਵਰਗਾਂ ਦੇ ਮਾਮਲੇ 'ਚ ਮਸਲਾ ਜਰਮਨ ਕੌਮ ਦੀ ਤਰ੍ਹਾਂ ਜਾਗਦੀਆਂ ਜ਼ਮੀਰਾਂ ਦੇ ਸੌਂ ਜਾਣ ਦਾ ਨਹੀਂ, ਜ਼ਮੀਰਾਂ ਤੋਂ ਸੱਖਣੇ ਹੋਣ ਦਾ ਹੈ'-ਵਰਗੀ ਧਾਰਨਾ ਪੇਸ਼ ਕਰਦੇ ਹਨ ਤਾਂ ਉਹ ਸਿਰਫ਼ ਜਰਮਨਾਂ ਤੇ ਹਿੰਦੂਆਂ ਨੂੰ ਬਾਕੀ ਦੁਨੀਆਂ ਦੇ ਵਹਿਸ਼ੀ ਦਰਿੰਦਿਆਂ ਤੋਂ ਨਿਖੇੜ ਰਹੇ ਹਨ। ਉਹ ਪੂਰੀਆਂ ਦੀਆਂ ਪੂਰੀਆਂ ਕੌਮਾਂ ਨੂੰ ਗੁਨਾਹਾਂ ਦੇ ਕਟਹਿਰੇ ਵਿਚ ਖੜਾ ਕਰਨ ਦਾ ਜਤਨ ਕਰ ਰਹੇ ਹਨ। ਸਵਾਲ ਹੈ ਕਿ ਕੀ ਅੱਜ ਇਜ਼ਰਾਇਲ ਅੰਦਰ ਵਸਦੀ ਪੂਰੀ ਦੀ ਪੂਰੀ ਯਹੂਦੀ ਕੌਮ ਹੀ ਵਹਿਸ਼ੀ ਹੈ ਜਾਂ ਸਿਰਫ਼ ਉਥੇ ਰਾਜ ਕਰਦੀਆਂ ਹਾਕਮ ਜਮਾਤਾਂ? ਜੋ ਪਿਛਲੇ 60 ਸਾਲਾਂ ਤੋਂ ਫਲਸਤੀਨਾਂ ਦੇ ਆਪਣੇ ਘਰ ਅੰਦਰ ਵੜ੍ਹ ਕੇ 'ਮਹਾਂਨਾਸ' ਦਾ ਨਿਤ ਨਵਾਂ ਕਾਰਾ ਕਰ ਰਹੀਆਂ ਹਨ?

ਅਸੀਂ ਪਹਿਲਾਂ ਵੀ ਕਹਿ ਚੁੱਕੇ ਹਾਂ ਅਤੇ ਇਕ ਵਾਰ ਮੁੜ ਯਾਦ ਕਰਵਾਉਣਾ ਚਾਹਵਾਂਗੇ ਕਿ ਪੁਸਤਕ ਲੇਖਕ ਤੋਂ ਵੱਧ ਭਲਾ ਕੌਣ ਜਾਣ ਸਕਦਾ ਹੈ ਕਿ ਹਾਕਮਾਂ ਦਾ ਕੋਈ ਧਰਮ, ਜਾਤ, ਨਸਲ ਜਾਂ ਰੰਗ ਨਹੀਂ ਹੁੰਦਾ? ਹਰੀ ਸਿੰਘ ਨਲੁਵਾ ਦੀ ਕਸ਼ਮੀਰ ਦੀ ਗਵਰਨਰੀ ਸਮੇਂ ਕਸ਼ਮੀਰ ਅੰਦਰ, ਬਰਤਾਨਵੀ ਫੌਜ ਵਿਚ ਕੰਮ ਕਰਦੇ ਇਕ ਲੱਖ ਸਿੱਖ ਸਿਪਾਹੀਆਂ ਵਲੋਂ ਵਿਸ਼ਵ ਯੁਧਾਂ ਅੰਦਰ, ਕਥਿਤ ਅਜ਼ਾਦ ਭਾਰਤ ਵਿਚ ਨਾਗਾਲੈਂਡ, ਮਿਜ਼ੋਰਮ ਅਤੇ ਕਸ਼ਮੀਰ ਵਿਚ, ਸਿੱਖ ਫੌਜੀਆਂ ਤੇ ਨੀਮ ਫੌਜੀਆਂ ਵਲੋਂ ਆਮ ਲੋਕਾਂ ਅਤੇ ਪੰਜਾਬ ਅੰਦਰ ਤਾਂ ਖੁਦ ਸਿੱਖਾਂ ਵੱਲੋਂ ਹੀ ਸਿੱਖਾਂ ਉਪਰ ਢਾਹੇ ਜ਼ੁਲਮਾਂ ਦੀ ਕੋਈ ਜਚਣਹਾਰ ਵਿਆਖਿਆ ਹੀ ਨਹੀਂ ਮਿਲਦੀ। ਉਂਜ ਤਾਂ ਸਾਨੂੰ ਇਹ ਵੀ ਭਲੀਭਾਂਤ ਪਤਾ ਹੈ ਕਿ ਅਜਮੇਰ ਸਿੰਘ ਬਹੁਤ ਹੀ ਚਤੁਰ ਇੰਜੀਨੀਅਰ ਹੈ ਅਤੇ ਉਹ ਚਾਹੇ ਤਾਂ 'ਅਜਿਹੀਆਂ ਜਚਣਹਾਰ ਵਿਆਖਿਆਵਾਂ' ਦੇ ਕੁਤਬ ਮੀਨਾਰ ਵੀ ਖੜੇ ਕਰ ਸਕਦਾ ਹੈ।

ਸਿੱਖਾਂ ਅਤੇ ਯਹੂਦੀਆਂ ਦਾ ਮਸਲਾ ਤੱਤ ਰੂਪ ਵਿਚ ਵੱਖਰਾ ਹੈ। ਯਹੂਦੀਆਂ ਨੇ ਧਰਮ ਦੇ ਤੌਰ 'ਤੇ ਕਦੇ ਵੀ ਵੱਖਰੇ ਦੇਸ਼ ਦੀ ਮੰਗ ਨਹੀਂ ਸੀ ਕੀਤੀ। 'ਮਹਾਂ ਵਿਨਾਸ਼' ਦੇ ਕਾਲੇ ਦੌਰ ਵਿਚ ਵੀ ਵੱਖ ਵੱਖ ਦੇਸ਼ਾਂ ਦੇ ਯਹੂਦੀ ਆਪਣੇ ਆਪ ਨੂੰ ਸਬੰਧਤ ਦੇਸ਼ਾਂ ਜਾਂ ਕੌਮਾਂ ਦਾ ਹੀ ਅੰਗ ਸਮਝਦੇ ਸਨ। ਉਹ ਜਰਮਨਾਂ ਵਾਂਗ ਜਰਮਨ, ਪੋਲਿਸ਼ਾਂ ਵਾਂਗ ਪੋਲਿਸ਼ ਅਤੇ ਰੂਸੀਆਂ ਵਾਂਗ ਰੂਸੀ ਸਨ। ਭਾਰਤੀ ਉਪ ਮਹਾਂਦੀਪ ਵਿਚ "ਦੋ ਕੌਮਾਂ" ਦੇ ਬਦਨਾਮ ਸਿਧਾਂਤ ਨੂੰ ਬਦੋਬਦੀ ਯਹੂਦੀਆਂ 'ਤੇ ਢੁਕਾਉਣਾ ਇਤਿਹਾਸਕ ਤੌਰ 'ਤੇ ਮੁਢੋਂ ਹੀ ਗਲਤ ਹੈ। ਵੀਹਵੀਂ ਸਦੀ ਦੇ ਅੱਧ ਵਿਚ ਯਹੂਦੀਆਂ ਲਈ ਇਕ ਵੱਖਰਾ ਦੇਸ਼ ਬਣ ਜਾਣਾ ਅਤੇ ਇਸੇ ਸਦੀ ਦੇ ਅਖੀਰਲੇ ਦਹਾਕਿਆਂ ਤੋਂ ਲੈ ਕੇ ਇਕੀਵੀਂ ਸਦੀ ਵਿਚ ਧਰਮ ਆਧਾਰਤ ਵਖਰੀ ਸਿੱਖ ਸਟੇਟ ਦੇ ਸੁਪਨੇ ਲੈਣੇ- ਦੋ ਅਲੱਗ ਅਲੱਗ ਸਮਿਆਂ ਦੀਆਂ ਦੋ ਅਲੱਗ ਅਲੱਗ ਗੱਲਾਂ ਹਨ। ਇਜ਼ਰਾਈਲ ਉਸ ਦੌਰ ਵਿਚ ਬਣਿਆ ਸੀ ਜਦੋਂ ਬਸਤੀਆਂ ਟੁੱਟ ਰਹੀਆਂ ਸਨ ਅਤੇ ਇਨ੍ਹਾਂ ਨੂੰ ਵੱਡੀਆਂ ਤਾਕਤਾਂ ਵਲੋਂ ਆਪਣੀਆਂ ਅਰਧ ਬਸਤੀਆਂ ਜਾਂ ਨਵਬਸਤੀਆਂ ਵਿਚ ਨਵੇਂ ਸਿਰਿਓਂ ਵੰਡਿਆ ਜਾ ਰਿਹਾ ਸੀ। ਡਾ. ਪਰੇਮ ਸਿੰਘ ਨੇ ਇਸ ਵਰਤਾਰੇ ਵੱਲ ਇਸ਼ਾਰਾ ਕੀਤਾ ਸੀ ਲੇਕਿਨ ਉਹ ਇਸ ਦੀ ਵਿਆਖਿਆ ਕਰਨ ਵਿਚ ਉਕ ਗਏ ਸਨ। ਇਸ ਵਰਤਾਰੇ ਦੀ ਖੁਦ ਅਜਮੇਰ ਹੁਰਾਂ ਨੇ ਬੜੀ ਢੁੱਕਵੀਂ ਵਿਆਖਿਆ ਕੀਤੀ ਹੋਈ ਹੈ। ਉਹ ਸ਼ਾਇਦ ਭੁੱਲ ਗਏ ਹੋਣ ਲੇਕਿਨ ਆਪਾਂ ਉਨ੍ਹਾਂ ਦੀ ਅਗਵਾਈ ਵਿਚ ਲਿਖੇ ਲੇਖ ਦਾ ਸੰਖੇਪ ਸਾਰ ਦੇ ਕੇ ਯਾਦ ਕਰਾਉਣ ਦੀ ਕੋਸ਼ਿਸ਼ ਕਰਨੀ ਚਾਹਾਂਗੇ।

ਸ. ਅਜਮੇਰ ਸਿੰਘ ਨੇ ਕਦੇ ਫਲਸਤੀਨ ਦੇ ਕੌਮੀ ਮੁਕਤੀ ਸੰਘਰਸ਼ ਨੂੰ ਲੋਕ ਯੁੱਧ ਵਿਚ ਬਦਲ ਦੇਣ ਦਾ ਨਾਅਰਾ ਦਿੱਤਾ ਸੀ ਅਤੇ ਫਲਸਤੀਨੀ ਕੌਮ ਦੇ ਸੰਘਰਸ਼ ਦੇ ਇਤਿਹਾਸ ਬਾਰੇ ਲਿਖਦਿਆਂ ਕਿਹਾ ਸੀ, "ਪਹਿਲੀ ਸੰਸਾਰ ਜੰਗ 'ਚ ਜਦੋਂ ਬਰਤਾਨੀਆ ਅਤੇ ਫਰਾਂਸ ਨੇ ਸਾਰੇ ਮੱਧ ਪੂਰਬ ਤੇ ਕਬਜ਼ਾ ਕਰ ਲਿਆ ਤਾਂ ਉਨ੍ਹਾਂ ਨੇ ਇਸ ਖੇਤਰ ਨੂੰ ਆਪਸ ਵਿਚ ਵੰਡ ਲਿਆ...ਬਰਤਾਨਵੀ ਬਸਤੀਵਾਦੀਆਂ ਨੇ ਫਲਸਤੀਨ ਨੂੰ ਆਪਣੇ ਕਾਬੂ 'ਚ ਕਰ ਲਿਆ। ਦੂਜੀ ਸੰਸਾਰ ਜੰਗ ਤੋਂ ਬਾਅਦ ਵੀ ਉਹ ਤੇਲ ਨਾਲ ਮਾਲਾ ਮਾਲ ਇਸ ਖੇਤਰ ਨੂੰ ਛਡਣਾ ਨਹੀਂ ਸੀ ਚਾਹੁੰਦੇ। ਉਨ੍ਹਾਂ ਨੇ ਹਿਟਲਰ ਦੇ ਜ਼ੁਲਮਾਂ ਦੇ ਸਤਾਏ ਆਪਣੇ ਪੱਖੀ ਯਹੂਦੀਆਂ ਨੂੰ ਲਿਆ ਕੇ ਇਥੇ ਵਸਾਉਣਾ ਸ਼ੁਰੂ ਕਰ ਦਿੱਤਾ। ਸਾਮਰਾਜੀਆਂ ਨੇ ਇਨ੍ਹਾਂ ਯਹੂਦੀਆਂ ਰਾਹੀਂ ਇਸ ਸਾਰੇ ਇਲਾਕੇ 'ਤੇ ਕਬਜ਼ਾ ਕਰਨ ਦੀ ਯੋਜਨਾ ਬਣਾਈ ਅਤੇ ਇਨ੍ਹਾਂ ਦੀ ਹਮਾਇਤ ਨਾਲ ਯਹੂਦੀਆਂ ਨੇ ਫਲਸਤੀਨੀ ਲੋਕਾਂ ਦਾ ਕਤਲੇਆਮ ਕਰਨਾ ਅਤੇ ਉਨ੍ਹਾਂ ਨੂੰ ਉਜਾੜਨਾ ਸ਼ੁਰੂ ਕਰ ਦਿੱਤਾ। ਦੂਜੀ ਸੰਸਾਰ ਜੰਗ ਤੋਂ ਬਾਅਦ ਨਵੀਂ ਉਭਰੀ ਸਾਮਰਾਜੀ ਸ਼ਕਤੀ ਅਮਰੀਕਾ ਨੇ ਧੱਕੇ ਨਾਲ ਸਥਾਪਤ ਕੀਤੀ ਯਹੂਦੀ ਸਟੇਟ ਇਜ਼ਰਾਇਲ ਦੀ ਪਿੱਠ ਪੂਰਨੀ ਸ਼ੁਰੂ ਕਰ ਦਿੱਤੀ ਅਤੇ ਇਸ ਨੇ ਆਪਣੀਆਂ ਹੱਦਾਂ ਦੇ ਬਾਹਰ ਫੈਲਣਾ ਸ਼ੁਰੂ ਕਰ ਦਿੱਤਾ। ਇਜ਼ਰਾਇਲੀ ਹਾਕਮਾਂ ਨੇ ਫਲਸਤੀਨੀਆਂ ਨੂੰ ਆਪਣੇ ਗੁਲਾਮ ਬਣਾ ਕੇ ਰੱਖਿਆ ਹੋਇਆ ਹੈ ਅਤੇ ਉਹ ਇਸ ਖੇਤਰ ਵਿਚ ਅਮਰੀਕੀ ਸਾਮਰਾਜੀਆਂ ਦੀ ਪੁਲੀਸ ਚੌਂਕੀ ਦਾ ਕੰਮ ਕਰ ਰਹੇ ਹਨ।" (ਜਨਤਕ ਪੈਗਾਮ, ਸਤੰਬਰ 1998, ਸਫ਼ਾ 20-21)

"ਸਿੱਖ ਕੌਮਵਾਦੀਆਂ" ਲਈ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਇਜ਼ਰਾਈਲੀ ਸਟੇਟ ਯਹੂਦੀਆਂ ਨੇ ਨਾਂ ਤਾਂ ਆਪ ਬਣਾਈ ਸੀ ਨਾ ਇਹ ਮੁੱਢ ਵਿਚ ਉਨ੍ਹਾਂ ਨੇ ਇਲਾਕੇ ਜਿੱਤ ਕੇ ਸਿਰਜੀ ਸੀ। ਇਹ ਇਲਾਕਾ ਬਰਤਾਨਵੀ ਸਾਮਰਾਜੀਆਂ ਦੀ ਬਸਤੀ ਸੀ। ਉਦੋਂ ਇਥੇ ਸਮੁੱਚੀ ਦੁਨੀਆਂ ਦੇ ਸਿਰਫ 5% ਯਹੂਦੀ ਰਹਿੰਦੇ ਸਨ ਅਤੇ ਉਨ੍ਹਾਂ ਅਧੀਨ ਫਲਸਤੀਨ ਦੀ ਸਿਰਫ ਢਾਈ ਫੀਸਦੀ ਜ਼ਮੀਨ ਸੀ। ਇਜ਼ਰਾਈਲ ਦੇ ਹੋਂਦ ਵਿਚ ਆਉਣ ਦੇ 63 ਸਾਲਾਂ ਬਾਅਦ ਵੀ ਇਥੇ ਦੁਨੀਆਂ ਦੇ ਅਜੇ ਵੀ ਸਿਰਫ਼ 40% ਯਹੂਦੀ ਹੀ ਵਸਦੇ ਹਨ। ਵੱਖਰੀ ਸਟੇਟ ਬਣਨ ਅਤੇ ਮੱਧ ਪੂਰਬ ਦੇ ਵੱਡੇ ਹਿੱਸੇ ਉਪਰ ਕਬਜ਼ੇ ਦੇ ਬਾਵਜੂਦ ਇਹ ਸਾਰੇ ਯਹੂਦੀਆਂ ਨੂੰ ਆਪਣੇ ਵਿਚ ਸਮੋਣ ਦੇ ਸਮਰੱਥ ਨਹੀਂ ਹੈ। ਇਜ਼ਰਾਈਲ ਕਦੇ ਵੀ ਯਹੂਦੀਆਂ ਦੀ ਮੰਗ ਨਹੀਂ ਸੀ ਜਿਵੇਂ ਕਿ ਭਾਰਤੀ ਉਪਮਹਾਂਦੀਪ ਵਿਚ ਪਾਕਿਸਤਾਨ ਮੁਸਲਿਮ ਲੀਗੀਆਂ ਦੀ ਮੰਗ ਸੀ ਜਾਂ ਅੱਜ ਸਿੱਖਾਂ ਦੇ ਬੌਧਿਕ ਹਲਕਿਆਂ ਦੀ ਨਿਗੂਣੀ ਘੱਟਗਿਣਤੀ 'ਸਿੱਖ ਸਟੇਟ' ਦੀ ਮੰਗ ਲਈ ਅਧਾਰਹੀਣ ਅਧਾਰ ਤਿਆਰ ਕਰਨ ਵਿਚ ਲੱਗੀ ਹੋਈ ਹੈ। ਸਿੱਖ ਹੋਰ ਕਿਸੇ ਵੀ ਵਿਕਸਿਤ ਕੌਮੀਅਤ ਵਾਂਗ ਭਾਰਤੀ ਸਟੇਟ ਵਿਚ ਇੰਨਾ ਗੂੜ੍ਹੀ ਤਰਾਂ ਰਚ ਚੁੱਕੇ ਹਨ ਕਿ ਸਿੱਖ ਕਿਸਾਨੀ ਅਤੇ ਸ਼ਹਿਰੀ ਸਿੱਖ ਸਰਮਾਏਦਾਰੀ ਦੀਆਂ ਕੁਝ ਆਰਥਕ ਮੰਗਾਂ ਅਤੇ




ਸਿੱਖ ਧਾਰਮਿਕ ਘੱਟਗਿਣਤੀ ਭਾਈਚਾਰੇ ਦੀਆਂ ਧਾਰਮਿਕ ਮੰਗਾਂ ਤੋਂ ਸਿਵਾਏ (ਜੋ ਵੱਖਰੀ ਸਿੱਖ ਸਟੇਟ ਲਈ ਅਧਾਰ ਨਹੀਂ ਬਣਦੀਆਂ) ਹੋਰ ਕੋਈ ਵਿਸ਼ੇਸ਼ ਹੱਕ ਨਹੀਂ ਹਨ, ਜੋ ਪੰਜਾਬੀਆਂ ਵਿਸ਼ੇਸ਼ ਕਰਕੇ ਸਿੱਖਾਂ ਨੂੰ ਭਾਰਤੀ ਸਟੇਟ ਵਿਚ ਹਾਸਲ ਨਾ ਹੋਣ। ਪੰਜਾਬ ਇਕ ਵਿਕਸਤ ਕੌਮੀਅਤ ਹੈ, ਜਿਸ ਦੀ ਸਰਮਾਏਦਾਰੀ ਅਤੇ ਨੌਕਰਸ਼ਾਹੀ ਅੰਗਰੇਜ਼ਾਂ ਦੇ ਜ਼ਮਾਨੇ ਤੋਂ ਹੀ ਘਟ ਵਿਕਸਤ ਕੌਮੀਅਤਾਂ ਅਤੇ ਧਾਰਮਿਕ ਘੱਟ ਗਿਣਤੀਆਂ ਦਾ ਕੰਘਾ ਕਰਨ ਵਿਚ ਮੂਹਰਲੀਆਂ ਸਫ਼ਾਂ ਵਿਚ 'ਮਾਂਗਵੀਂ ਧਾੜ' ਬਣ ਕੇ ਰਹਿੰਦੀ ਆ ਰਹੀ ਹੈ।

ਸਿੱਖਾਂ ਦੀ ਯਹੂਦੀਆਂ ਨਾਲ ਇਕ ਵੀ ਸਾਂਝ ਨਹੀਂ ਬਣਦੀ ਸਿਵਾਏ ਇਸ ਦੇ ਕਿ ਪੰਜਾਬੀ ਅਤੇ ਸਮੁੱਚੇ ਤੌਰ 'ਤੇ ਸਿੱਖ ਪੰਜਾਬ ਅਤੇ ਬਾਹਰਲੇ ਸੂਬਿਆਂ ਵਿਚ ਯਹੂਦੀਆਂ ਵਾਂਗ ਹੀ ਹੋਰਨਾਂ ਦੇ ਮੁਕਾਬਲੇ ਕਿਤੇ ਵੱਧ ਖੁਸ਼ਹਾਲ ਹਨ। ਬਾਹਰਲੇ ਸੂਬਿਆਂ ਦੇ ਮਜ਼ਦੂਰ ਤਾਂ ਪੰਜਾਬ ਵਿਚ ਮਜ਼ਦੂਰੀ ਕਰਨ ਆ ਰਹੇ ਹਨ, ਲੇਕਿਨ ਕੋਈ ਪੰਜਾਬੀ ਜਾਂ ਸਿੱਖ ਹੋਰਨਾਂ ਸੂਬਿਆਂ ਵਿਚ ਮਜ਼ਦੂਰੀ ਕਰਨ ਬਾਰੇ ਸੋਚ ਵੀ ਨਹੀਂ ਸਕਦਾ। ਸਿੱਖਾਂ ਦਾ ਹਿੰਦੂਆਂ ਨਾਲ ਕਦੇ ਵੀ ਉਸ ਰੂਪ ਵਿਚ ਟਕਰਾਅ ਨਹੀਂ ਆਇਆ (1984 ਦੀਆਂ ਦੋ ਕੁਲੱਛਣੀਆਂ ਘਟਨਾਵਾਂ ਨੂੰ ਛੱਡ ਕੇ) ਜਿਵੇਂ ਈਸਾਈਆਂ ਤੇ ਯਹੂਦੀਆਂ ਦਾ ਜਾਂ ਮੁਸਲਮਾਨਾਂ ਤੇ ਯਹੂਦੀਆਂ ਵਿਚਾਲੇ 2000 ਵਰ੍ਹੇ ਪਹਿਲਾਂ ਮਸੀਹੇ ਦੇ ਜਨਮ ਸਮੇਂ ਤੋਂ ਲਗਾਤਾਰ ਹੁੰਦਾ ਆ ਰਿਹਾ ਹੈ। ਦੋਵੇਂ ਧਰਮ ਇੰਨੇ ਬੇਮੇਲ ਰਹੇ ਹਨ ਕਿ ਉਨ੍ਹਾਂ ਵਿਚ ਸਾਂਝ ਦੀ ਤੰਦ ਹੀ ਦਿਖਾਈ ਨਹੀਂ ਦਿੰਦੀ। ਜੇ ਯਹੂਦੀਆਂ ਕੋਲ ਪੁਰਾਣੀ ਅੰਜੀਲ (ਓਲਡ ਟੈਸਟਾਮੈਂਟ) ਹੈ ਤਾਂ ਈਸਾਈਆਂ ਨੇ ਨਵੀਂ ਅੰਜੀਲ (ਨਿਊ ਟੈਸਟਾਮੈਂਟ) ਈਜਾਦ ਕਰ ਲਈ। ਈਸਾਈਆਂ ਦੇ ਯਹੂਦੀਆਂ ਨਾਲ ਖੂਨੀ ਭੇੜ ਦਾ ਮੁੱਢ ਤਾਂ ਉਦੋਂ ਹੀ ਬੱਝ ਗਿਆ ਸੀ ਜਦੋਂ ਈਸਾਈਆਂ ਨੇ ਇਹ ਵਿਸ਼ਵਾਸ ਕਰ ਲਿਆ ਸੀ ਕਿ ਈਸਾ ਮਸੀਹ ਨੂੰ ਕਤਲ ਕਰਾਉਣ ਪਿੱਛੇ ਯਹੂਦੀਆਂ ਦਾ ਹੱਥ ਸੀ ਅਤੇ ਉਨ੍ਹਾਂ ਨੇ ਈਸਾ ਮਸੀਹ ਨੂੰ ਮਸੀਹਾ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਹੌਲੀ ਹੌਲੀ ਇਹ ਨਫ਼ਰਤ ਇੰਨੀ ਵੱਧਦੀ ਗਈ ਕਿ ਯੂਰਪ ਵਿਚ ਹਰੇਕ ਮੁਸੀਬਤ ਦਾ ਕਾਰਣ ਯਹੂਦੀਆਂ ਨੂੰ ਹੀ ਸਮਝਿਆ ਜਾਣ ਲੱਗ ਪਿਆ। ਕਹਿੰਦੇ ਹਨ ਕਿ ਜਦੋਂ 14ਵੀਂ ਸਦੀ ਵਿਚ ਯੂਰਪ ਅੰਦਰ ਪਲੇਗ ਵਰਗੀ ਮਹਾਂਮਾਰੀ ਫੈਲੀ ਅਤੇ ਲੱਖਾਂ ਲੋਕ ਮਾਰੇ ਗਏ ਤਾਂ ਉਸ ਲਈ ਵੀ "ਦੁਸ਼ਟ" ਯਹੂਦੀਆਂ ਨੂੰ ਕਸੂਰਵਾਰ ਮੰਨਿਆ ਗਿਆ। ਯੂਰਪ ਵਿਚ ਯਹੂਦੀਆਂ ਦੀ ਸਥਿਤੀ ਪੰਜਾਬ ਦੀ ਸ਼ਾਹੂਕਾਰਾ ਬਰਾਦਰੀ ਵਰਗੀ ਮੰਨੀ ਜਾਂਦੀ ਰਹੀ ਹੈ ਜੋ ਈਸਾਈ ਕਿਸਾਨਾਂ ਤੇ ਕਾਮਿਆਂ ਦੇ ਖੂਨ ਦਾ ਆਖਰੀ ਤੁਪਕਾ ਤੱਕ ਨਿਚੋੜ ਲੈਣ ਲਈ ਬਦਨਾਮ ਸਨ ਅਤੇ ਉਨ੍ਹਾਂ ਦੀਆਂ ਧੀਆਂ ਭੈਣਾਂ ਨਾਲ ਕੁਕਰਮ ਕਰਦੇ ਸਨ। ਕਿਸੇ ਵੇਲੇ ਇਕ ਤਸਵੀਰ ਬਹੁਤ ਪ੍ਰਚਲਿਤ ਰਹੀ ਹੈ ਜਿਸ ਵਿਚ ਇਕ ਢਿੱਡਲ ਜਿਹਾ ਯਹੂਦੀ ਇਕ ਸੋਹਣੀ ਸੁਨੱਖੀ ਮੁਟਿਆਰ ਨੂੰ ਆਪਣੇ ਪੱਟਾਂ 'ਤੇ ਬਿਠਾ ਕੇ, ਉਸ ਦੀਆਂ ਛਾਤੀਆਂ 'ਤੇ ਹੱਥ ਫੇਰਦਾ ਦਿਖਾਇਆ ਗਿਆ ਹੁੰਦਾ ਸੀ।

ਯਹੂਦੀਆਂ ਪ੍ਰਤੀ ਈਸਾਈਆਂ ਦੀ ਨਫ਼ਰਤ ਦੀਆਂ ਜੜ੍ਹਾਂ ਫਰੋਲਦੀ ਯਹੂਦੀ ਲੇਖਕ ਈਲੇਨ ਪੇਜਲਜ ਦੱਸਦੀ ਹੈ ਕਿ ਬਾਅਦ ਦੇ ਸਮਿਆਂ ਨੂੰ ਤਾਂ ਛੱਡੋ: ਸੰਤ ਮਾਰਕ, ਲਿਊਕ, ਮੈਥਿਊ ਅਤੇ ਜੌਹਨ ਵਰਗੇ ਰੱਬੀ ਪ੍ਰੇਮ ਵਿਚ ਰੰਗੇ ਪਵਿੱਤਰ ਅੰਜੀਲ ਦੇ ਸ਼ੁਰੂਆਤੀ ਪੈਗੰਬਰ ਵੀ ਯਹੂਦੀਆਂ ਪ੍ਰਤੀ ਨਫਰਤ ਅਤੇ ਵਿਹੁ ਨਾਲ ਭਰੇ ਹੋਏ ਸਨ। ਅਸਲ ਵਿਚ ਇਹ ਚਾਰ ਕਥਾਵਾਚਕ ਯਹੂਦੀ ਤੋਂ ਈਸਾਈ ਬਣੇ ਤਾਰਸੁਸ ਦੇ ਸੰਤ ਪਾਲ ਦੇ ਪਾਏ ਪੂਰਨਿਆਂ 'ਤੇ ਹੀ ਚੱਲਦੇ ਸਨ। ਇਕ ਪੜਾਅ 'ਤੇ ਜਾ ਕੇ ਤਾਂ ਉਨ੍ਹਾਂ ਨੇ ਈਸਾ ਮਸੀਹ ਦੇ ਅਸਲੀ ਕਾਤਲਾਂ ਰੋਮਨ ਬਾਦਸ਼ਾਹਾਂ ਨੂੰ ਹੀ ਬਰੀ ਕਰ ਦਿੱਤਾ। ਇਹ ਪ੍ਰਚਾਰ ਇੰਨੇ ਸ਼ੋਰੀਲੇ ਅੰਦਾਜ਼ ਵਿਚ ਕੀਤਾ ਗਿਆ ਕਿ ਇਲੇਨ ਮੁਤਾਬਕ "ਯਹੂਦੀਆਂ ਅਤੇ ਸਮੁੱਚੀ ਕੌਮ" ਨੇ ਈਸਾ ਨੂੰ ਸੂਲੀ ਚੜ੍ਹਾਉਣ ਦੀ ਸਮੂਹਕ ਨੈਤਿਕ ਜਿੰਮੇਵਾਰੀ ਓਟ ਲਈ ਅਤੇ ਆਪਣੇ ਆਪ ਨੂੰ ਕੋਸਣ ਲੱਗ ਪਏ ਕਿ "ਉਸ ਦਾ ਖੂਨ ਸਾਡੇ ਅਤੇ ਸਾਡੇ ਬੱਚਿਆਂ ਦੇ ਹੱਥਾਂ 'ਤੇ ਲੱਗਿਆ ਪਿਆ ਹੈ।" (ਓਰੀਜ਼ਨ ਆਫ਼ ਡੈਵਿਲ, ਪੰਨਾ-33)

ਇਸ ਦੇ ਉਲਟ ਸਿੱਖਾਂ ਅਤੇ ਹਿੰਦੂਆਂ ਦੀ ਪੁਜੀਸ਼ਨ ਕੀ ਹੈ? ਸਿੱਖਾਂ ਨੇ ਚੰਦੂ ਮੱਲ, ਗੰਗੂ ਰਾਮ ਅਤੇ ਸੁੱਚਾ ਨੰਦ ਦੀਆਂ ਕਰਤੂਤਾਂ ਬਦਲੇ ਕਦੇ ਵੀ ਸਮੁਚੇ ਹਿੰਦੂ ਭਾਈਚਾਰੇ ਨੂੰ ਪੰਜਵੇਂ ਗੁਰੂ ਸਾਹਿਬ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਲਈ ਪਾਪ ਦਾ ਭਾਗੀ ਨਹੀਂ ਠਹਿਰਾਇਆ। ਇਨ੍ਹਾਂ ਵਿਚੋਂ ਵੀ ਗੰਗੂ ਦਾ ਮਾਮਲਾ ਤਾਂ ਹੈ ਹੀ ਵੱਖਰਾ। ਜਦੋਂ ਸੈਂਕੜਿਆਂ ਦੀ ਗਿਣਤੀ ਵਿਚ ਅੰਮ੍ਰਿਤਧਾਰੀ ਸਿੰਘ ਉਨ੍ਹਾਂ ਦੁਸ਼ਵਾਰ ਘੜੀਆਂ ਵਿਚ ਗੁਰੂ ਗੋਬਿੰਦ ਸਿੰਘ ਨੂੰ ਬੇਦਾਵੇ ਲਿਖ ਕੇ ਦੇ ਗਏ ਹੋਣ ਕਿ 'ਨਾ ਤੁਸੀਂ ਸਾਡੇ ਗੁਰੂ ਅਤੇ ਨਾ ਅਸੀਂ ਤੁਹਾਡੇ ਸਿੰਘ' ਹਾਂ ਤਾਂ ਇਕ ਗਰੀਬ ਬ੍ਰਾਹਮਣ ਰਸੋਈਏ ਗੰਗੂ ਦੀ ਹਕੂਮਤੀ ਕਹਿਰ ਅੱਗੇ ਕੀ ਵੱਟੀਂਦੀ ਸੀ? ਸਿੰਘਾਂ ਨੇ ਬੇਦਾਵੇ ਆਪਣੀ ਮਰਜ਼ੀ ਨਾਲ ਦਿੱਤੇ ਸਨ, ਜਦੋਂਕਿ ਗੰਗੂ ਦਾ ਪਾਪ ਉਸ ਦੇ ਪਰਿਵਾਰ ਅਤੇ ਪੂਰੇ ਪਿੰਡ ਉਪਰ ਆਉਣ ਵਾਲੀ ਹਕੂਮਤੀ ਸਾੜ੍ਹਸਤੀ ਦੇ ਡਰ ਵਿਚੋਂ ਨਿਕਲਿਆ ਹੋ ਸਕਦਾ ਹੈ। ਇਥੇ ਮਕਸਦ ਗੰਗੂ ਦੀ ਕਰਤੂਤ ਨੂੰ ਜ਼ਾਇਜ਼ ਠਹਿਰਾਉਣਾ ਨਹੀਂ ਹੈ ਸਗੋਂ ਮਸਲਾ ਉਨ੍ਹਾਂ ਔਖੀਆਂ ਘੜੀਆਂ ਦਾ ਹੈ ਜਿਨ੍ਹਾਂ ਵਿਚ ਗੁਰੂ ਨੂੰ ਅਰਪਿਤ 'ਸੀਸ' ਵੀ ਡੋਲ ਗਏ ਤਾਂ ਗੰਗੂ ਵਰਗੇ ਪੋਲੇ ਮਾਦੇ ਦੀ ਤਾਂ ਔਕਾਤ ਹੀ ਕੀ ਸੀ?

ਮੁਕਤਸਰ ਜਾਂ ਖਿਦਰਾਣੇ ਦੀ ਢਾਬ 'ਤੇ ਸ਼ਹੀਦ ਹੋਏ 40 ਸਿੰਘ ਤਾਂ ਸਿਰਫ਼ ਉਹ ਸਨ, ਜਿਹੜੇ ਮਾਈ ਭਾਗੋ ਦੇ ਹਮਾਇਤੀ ਲਲਕਾਰੇ 'ਤੇ ਵਾਪਸ ਮੁੜ ਆਏ ਸਨ। ਇਸ ਦੇ ਮੁਕਾਬਲੇ ਉਹ ਪਲ ਤਾਂ ਕੁਝ ਵੀ ਨਹੀਂ ਸਨ ਜਦੋਂ "ਅਪਰੇਸ਼ਨ ਕਾਲੀ ਗਰਜ" ਦੌਰਾਨ ਗੁਰੂ ਦੇ ਅਖੌਤੀ ਸਿੰਘਾਂ ਨੇ ਸ੍ਰੀ ਦਰਬਾਰ ਸਾਹਿਬ ਦੇ ਪਵਿੱਤਰ ਦੇਗਚੇ ਆਪਣੀ ਬਿਸ਼ਟਾ ਅਤੇ ਮੂਤਰ ਨਾਲ ਭਰ ਦਿੱਤੇ ਸਨ। ਕੀ ਕਦੇ ਸਿੱਖ ਪੰਥ ਅਤੇ ਵਿਸ਼ੇਸ਼ ਕਰਕੇ ਅਜਮੇਰ ਸਿੰਘ ਨੇ ਇਨ੍ਹਾਂ "ਧਰਮੀ ਯੋਧਿਆਂ" ਨੂੰ ਫਿੱਟ ਲਾਹਨਤਾਂ ਪਾਉਣ ਦੀ ਮਾਮੂਲੀ ਜਿਹੀ ਵੀ ਹਿੰਮਤ ਜੁਟਾਈ ਹੈ? ਗੈਰ ਸਿੱਖ ਫੌਜੀਆਂ ਵਲੋਂ ਦਰਬਾਰ ਸਾਹਿਬ ਦੀ ਬੇਅਦਬੀ ਤਾਂ ਸਾਨੂੰ ਯਾਦ ਹੈ (ਇਹ ਕੁਕਰਮ ਯਾਦ ਰਹਿਣੇ ਵੀ ਚਾਹੀਦੇ ਹਨ) ਲੇਕਿਨ ਸਿੰਘਾਂ ਵਲੋਂ ਸਦੀਆਂ ਦੀ ਰਹਿਤ ਮਰਿਆਦਾ ਵਿਚ ਪਾਈ ਭੰਗਣਾ ਵੀ ਸਾਨੂੰ ਭੁੱਲਣੀ ਨਹੀਂ ਚਾਹੀਦੀ। ਇਸ ਲਈ ਹਿੰਦੂਆਂ ਦੀ "ਸਮੂਹਕ ਜ਼ਮੀਰ" ਦਾ ਮਸਲਾ ਈਸਾਈਆਂ ਤੇ ਯਹੂਦੀਆਂ ਨਾਲੋਂ ਤੱਤ ਰੂਪ ਵਿਚ ਵੱਖਰਾ ਹੈ।

ਈਸਾਈਆਂ ਨੇ ਤਾਂ ਹਜ਼ਰਤ ਈਸਾ ਨੂੰ ਸੂਲੀ ਚੜ੍ਹਾਉਣ ਵਾਲੇ ਰੋਮਨ ਬਾਦਸ਼ਾਹਾਂ ਨੂੰ ਬਰੀ ਕਰਕੇ ਸਾਰਾ ਦੋਸ਼ ਯਹੂਦੀਆਂ ਸਿਰ ਮੜ੍ਹ ਦਿੱਤਾ ਸੀ। ਉਘੇ ਯਹੂਦੀ ਵਿਦਵਾਨ ਰੌਨ ਰੋਜ਼ਨਬਾਮ ਨੇ ਆਪਣੀ ਜਗਤ ਪ੍ਰਸਿੱਧ ਕਿਰਤ "ਐਕਸਪਲੇਨਿੰਗ ਦਾ ਹਿਟਲਰ" ਦੇ ਪੰਨਾ 324 ਤੇ ਲਿਖਿਆ ਹੈ, "ਭਾਵੇਂ ਨਵੀਂ ਅੰਜੀਲ ਵਿਚ ਜੂਡਸ ਨੂੰ ਉਸ ਦੇ ਯਹੂਦੀ ਹੋਣ ਵਜੋਂ ਨਹੀਂ ਟਿੱਕਿਆ ਗਿਆ, ਭਾਵੇਂ ਸਾਰੇ ਹੀ ਪੈਰੋਕਾਰ ਉਸ ਵੇਲੇ ਯਹੂਦੀ ਹੀ ਸਨ, ਤਦ ਵੀ ਪੰਜਵੀਂ ਸਦੀ ਦੇ ਮੁੱਢ ਵਿਚ ਹੀ ਮੁੱਖ ਪਾਦਰੀ ਦੇ ਵਿਖਿਆਨਾਂ ਨੇ ਅਧਿਕਾਰਤ ਤੌਰ 'ਤੇ ਉਨ੍ਹਾਂ ਦੇ ਯਹੂਦੀ ਹੋਣ ਦਾ ਐਲਾਨ ਕਰ ਦਿੱਤਾ...ਯਹੂਦੀਆਂ ਦਾ ਇਕ ਸਿੱਕੇਬੰਦ ਅਕਸ ਸਿਰਜ ਦਿੱਤਾ ਗਿਆ ਕਿ ਉਨ੍ਹਾਂ ਦੀ ਗੱਦਾਰੀ ਮਾਂਗਵੀਂ ਧਾੜ ਵਰਗੀ ਸੀ। ਜੂਡਸ ਨੇ ਚਾਂਦੀ ਦੇ ਤੀਹ ਸਿੱਕਿਆਂ ਬਦਲੇ ਈਸਾ ਨੂੰ ਹਾਕਮਾਂ ਕੋਲ ਵੇਚ ਦਿੱਤਾ, ਕਿ ਉਹ ਧੋਖੇਬਾਜ਼, ਹੇਰਾਫੇਰੀ ਮਾਸਟਰ, ਬੇਈਮਾਨ, ਫਰੇਬੀ, ਗੱਦਾਰ ਸੀ। ਉਹ ਮੀਸਣਾ ਬਦਮਾਸ਼ ਸੀ, ਜਿਸ ਨੇ ਇਕ ਪਾਸੇ ਈਸਾ ਦਾ ਮੂੰਹ ਚੁੰਮਦੇ ਹੋਏ, ਦੂਜੇ ਪਾਸੇ ਪਿੱਠ ਪਿੱਛੇ ਛੁਰਾ ਖੋਭ ਦਿੱਤਾ ਸੀ। ਹਿਟਲਰ ਨੇ ਯਹੂਦੀਆਂ ਦੇ ਖਿਲਾਫ਼ ਸਦੀਆਂ ਤੋਂ ਚੱਲੀ ਆਉਂਦੀ ਇਸੇ ਧਾਰਨਾ ਨੂੰ ਵਰਤਿਆ। ਉਸ ਦਾ ਪ੍ਰਚਾਰ ਸੀ ਕਿ ਪਹਿਲੀ ਸੰਸਾਰ ਜੰਗ ਵਿਚ ਵੀ ਧੋਖੇਬਾਜ਼ ਯਹੂਦੀਆਂ ਨੇ ਜਰਮਨੀ ਦੀ ਬਹਾਦਰ ਫੌਜ ਦੇ ਪਿੱਠ ਵਿਚ ਛੁਰਾ ਮਾਰ ਦਿੱਤਾ ਸੀ। ਇਹੀ ਕੰਮ ਘਰੋਗੀ ਮੋਰਚੇ 'ਤੇ ਯਹੂਦੀਆਂ ਦੇ ਪੈਸੇ 'ਤੇ ਪਲ ਰਹੇ ਸਿਆਸਤਦਾਨਾਂ ਨੇ ਕੀਤਾ।" ਨਵੀਂ ਅੰਜੀਲ ਦੇ ਕਥਾਵਾਚਕਾਂ ਨੇ ਯਹੂਦੀਆਂ ਨੂੰ ਕੋਠੇ ਦੀਆਂ ਰੰਡੀਆਂ, ਠੱਗ, ਜੰਗਲੀ ਜਾਨਵਰ, ਡੰਗਰਾਂ ਵਾਂਗ ਮੂੰਹ ਮਾਰਨ ਵਾਲੇ, ਸੂਰਾਂ ਤੋਂ ਵੀ ਗੰਦੇ, ਖਾਣ ਸੂਰੇ ਅਤੇ ਭੋਗ ਵਿਲਾਸੀ ਤੱਕ ਪ੍ਰਚਾਰਿਆ ਹੋਇਆ ਹੈ। ਇਸ ਦੇ ਬਾਵਜੂਦ ਵੀ ਯਹੂਦੀ ਵਿਦਵਾਨ ਰੋਜ਼ਨਬਾਮ ਹਿਟਲਰ ਦੇ ਮਹਾਂਵਿਨਾਸ਼ ਲਈ ਜਰਮਨ ਕੌਮ ਨੂੰ ਨਹੀਂ ਸਗੋਂ ਈਸਾਈਅਤ ਵਿਚ ਆਏ ਵਿਗਾੜਾਂ ਨੂੰ ਦੋਸ਼ ਦਿੰਦਾ ਹੈ।

ਸਵਾਲ ਹੈ ਕਿ ਜੋ ਲੋਕ ਗਾਂਧੀ ਅਤੇ ਹਿੰਦੂ ਧਾਰਮਿਕ ਆਗੂਆਂ 'ਤੇ ਸਿੱਖਾਂ ਨੂੰ "ਬ੍ਰਾਹਮਣਵਾਦ ਦੇ ਖ਼ਾਰੇ ਸਮੁੰਦਰ" ਵਿਚ ਸਮੋਣ ਦਾ ਇਲਜ਼ਾਮ ਲਾਉਂਦੇ ਹਨ, ਅਤੇ ਇਹਦੇ ਹੱਕ ਵਿਚ ਸੰਵਿਧਾਨ ਦੀ ਧਾਰਾ 25 ਨੂੰ ਭੁਗਤਾਉਣ ਦਾ ਜਤਨ ਕਰਦੇ ਹਨ, ਉਹ ਇਹ ਦੱਸ ਸਕਦੇ ਹਨ ਕਿ ਸਮੁੱਚਾ ਹਿੰਦੂ ਵਰਗ ਸਿੱਖਾਂ ਪ੍ਰਤੀ ਉਹੋ ਜਿਹੀ ਹੀ ਵੈਰ ਭਾਵਨਾ ਰੱਖਦਾ ਹੈ, ਜੋ ਯਹੂਦੀਆਂ ਪ੍ਰਤੀ ਈਸਾਈ ਸਾਹਿਤ ਦੇ ਦੋ ਹਜ਼ਾਰ ਸਾਲਾਂ ਵਿਚ ਮਿਲਦੀ ਹੈ? ਹਿੰਦੂ ਤਾਂ ਇਸ ਦੇ ਉਲਟ ਸਿੱਖਾਂ ਨੂੰ ਆਪਣੀ 'ਜੰਗੀ ਬਾਂਹ' ਕਹਿੰਦੇ ਆ ਰਹੇ ਹਨ, ਆਪਣੇ ਸਰੀਰ ਦਾ ਅਟੁੱਟ ਅੰਗ, ਆਪਣੀ ਬਹੁਪੱਖੀ ਸਭਿਅਤਾ ਦੇ ਅਨੇਕਾਂ ਫੁੱਲਾਂ ਵਿਚ ਖਿੜਿਆ ਇਕ ਫੁੱਲ, ਜਿਸ ਦੇ ਬਿਨਾ ਭਾਰਤੀ ਰਾਸ਼ਟਰ ਦਾ ਗੁਲਦਸਤਾ ਪੂਰਾ ਨਹੀਂ ਹੋ ਸਕਦਾ।

ਗੁਰੂ ਨਾਨਕ ਦੇਵ ਵਲੋਂ 1486 ਵਿਚ ਵੱਖਰੇ ਮੱਤ ਦਾ ਪ੍ਰਚਾਰ ਸ਼ੁਰੂ ਕਰਨ ਤੋਂ ਲੈ ਕੇ ਜੂਨ 1984 ਤੋ ਨਵੰਬਰ 1984 ਦੀਆਂ ਕੁਲਹਿਣੀਆਂ ਵਾਰਦਾਤਾਂ ਤੱਕ ਦੇ ਕਰੀਬ ਪੰਜ ਸਦੀਆਂ ਦੇ ਇਤਿਹਾਸ ਵਿਚ ਦੋਹਾਂ ਭਾਈਚਾਰਿਆਂ ਵਿਚ ਸਥਾਈ ਪਾਟਕ-ਪਾਊ ਇਕ ਵੀ ਵੱਡੀ ਘਟਨਾ ਨਹੀਂ ਵਾਪਰੀ। ਇਸ ਦੇ ਉਲਟ ਅਸੀਂ ਯਹੂਦੀਆਂ ਦੀ ਸਥਿਤੀ ਦੇਖ ਹੀ ਚੁੱਕੇ ਹਾਂ। ਯਹੂਦੀਆਂ ਖਿਲਾਫ਼ ਜੇਹਾਦ ਬਾਬਤ ਬਹੁਤ ਕੁੱਝ ਕਿਹਾ ਜਾ ਸਕਦਾ ਹੈ, ਲੇਕਿਨ ਆਪਾਂ ਕੁੱਝ

ਚਿਰਸਥਾਈ ਵਰਤਾਰਿਆਂ ਦੀ ਗੱਲ ਕਰਾਂਗੇ। ਗਿਆਰਵੀਂ ਸਦੀ ਦੇ ਅੰਤ ਤੱਕ ਯਹੂਦੀਆਂ ਦੇ ਖਿਲਾਫ਼ ਵਿਸ਼ੈਲਾ ਪ੍ਰਚਾਰ ਤਾਂ ਹੁੰਦਾ ਰਿਹਾ ਲੇਕਿਨ ਉਨ੍ਹਾਂ ਦਾ ਸਰੀਰਕ ਨੁਕਸਾਨ ਨਹੀਂ ਸੀ ਕੀਤਾ ਗਿਆ। ਸੰਨ 1095 ਵਿਚ ਅਰਬਨ ਦੂਜੇ ਨੇ ਪਹਿਲੀ ਵਾਰ ਜੇਹਾਦ ਦੀ ਸ਼ੁਰੂਆਤ ਕੀਤੀ। ਬੂਇਲਨ ਦੇ ਸਹਿਜ਼ਾਦੇ ਗੌਡਫੇਰ ਨੇ ਈਸਾ ਦੇ ਖੂਨ ਦਾ ਬਦਲਾ ਯਹੂਦੀਆਂ ਨੂੰ ਲਹੂ ਵਿਚ ਡੋਬ ਦੇਣ ਦੇ ਨਾਅਰੇ ਨਾਲ ਸ਼ੁਰੂ ਕਰ ਦਿੱਤਾ ਸੀ। ਦੁਨੀਆਂ ਦੇ ਸਾਰੇ ਵਰਤਾਰਿਆਂ ਵਾਂਗ ਹੀ ਅਸਲ ਕਤਲੇਆਮ ਕਰਨ ਵਾਲਿਆਂ ਵਿਚ ਲਫੰਡਰ, ਅਵਾਰਾਗਰਦ ਅਤੇ ਕੰਗਲੇ ਕੰਗਾਲ ਸਭ ਤੋਂ ਮੂਹਰੇ ਸਨ ਜਿਨ੍ਹਾਂ ਨੇ ਕਤਲੇਆਮ ਦੇ ਨਾਲ ਨਾਲ ਲੁੱਟ ਦੇ ਮਾਲ ਨਾਲ ਵੀ ਹੱਥ ਰੰਗੇ। ਸੰਨ 1347 ਤੋਂ 1350 ਦੇ 4 ਸਾਲ ਤਾਂ ਯਹੂਦੀਆਂ ਲਈ ਕਹਿਰ ਬਣ ਕੇ ਬਹੁੜੇ। ਪਲੇਗ ਵਰਗੀ ਕੁਦਰਤੀ ਬਿਮਾਰੀ ਦਾ ਦੋਸ਼ ਯਹੂਦੀਆਂ ਸਿਰ ਮੜ੍ਹ ਕੇ ਹਜ਼ਾਰਾਂ ਦੀ ਗਿਣਤੀ ਵਿਚ ਵਢਾਂਗਾ ਕੀਤਾ ਗਿਆ। 14ਵੀਂ ਸਦੀ ਦੇ ਦੂਜੇ ਅੱਧ ਵਿਚ ਯਹੂਦੀਆਂ ਖਿਲਾਫ਼ ਨਫ਼ਰਤ ਸਿਖਰ 'ਤੇ ਪਹੁੰਚ ਗਈ। ਸਿਰਫ਼ ਜਰਮਨੀ ਹੀ ਨਹੀਂ ਸਗੋਂ ਇੰਗਲੈਂਡ ਅਤੇ ਫਰਾਂਸ ਵਿਚ ਵੀ ਉਨ੍ਹਾਂ ਨੂੰ ਲੱਭ ਲੱਭ ਕੇ ਮਾਰਿਆ ਜਾਣ ਲੱਗਾ। ਸਿਰਫ਼ ਉਹ ਯਹੂਦੀ ਹੀ ਬਚ ਪਾਇਆ ਜਿਸਨੇ ਧਰਮ ਬਦਲੀ ਕਰਕੇ ਈਸਾਈਆਂ ਦਾ 'ਅੰਮ੍ਰਿਤ' ਛਕ ਲਿਆ ਸੀ।

ਇਸ ਤੋਂ ਬਾਅਦ ਮੱਧ ਕਾਲ ਵਿਚ ਇਸਾਈਆਂ ਦੀ ਪ੍ਰੋਟੈਸਟੈਂਟ ਧਾਰਾ ਦੇ ਬਾਨੀ ਮਾਰਟਿਨ ਲੂਥਰ ਦਾ ਦ੍ਰਿਸ਼ 'ਤੇ ਆਉਣਾ ਯਹੂਦੀਆਂ ਲਈ ਬਹੁਤ ਹੀ ਭਿਆਨਕ ਸਾਬਤ ਹੋਇਆ। ਪਹਿਲਾਂ ਤਾਂ ਉਸਨੇ ਆਪਣੀ 1523 ਈਸਵੀ ਵਿਚ ਲਿਖੀ ਕਿਤਾਬ, ਜਿਸ ਦਾ ਸਿਰਲੇਖ ਸੀ-'ਔਨ ਦਾ ਫੈਕਟ ਦੈਟ ਕਰਾਈਸਟ ਵਾਜ਼ ਬੌਰਨ ਏ ਜਿਊ' ਵਿਚ ਲਿਖਿਆ, "ਤੱਥ ਦੇ ਤੌਰ 'ਤੇ ਈਸਾ ਮਸੀਹ ਯਹੂਦੀ ਪਰਿਵਾਰ ਵਿਚ ਪੈਦਾ ਹੋਇਆ ਸੀ, ਇਸ ਲਈ ਸਾਰੇ ਯਹੂਦੀਆਂ ਨੂੰ ਵੀ ਉਸਦੇ ਚਰਨ ਚਿੰਨ੍ਹਾਂ 'ਤੇ ਚੱਲਦੇ ਹੋਏ, ਈਸਾਈ ਮੱਤ ਧਾਰਨ ਕਰ ਲੈਣਾ ਚਾਹੀਦਾ ਹੈ (ਇਹ ਦਲੀਲ ਉਵੇਂ ਹੀ ਹੈ ਜਿਵੇਂ ਕੋਈ ਕਹੇ ਕਿ ਗੁਰੂ ਨਾਨਕ ਦੇਵ ਜੀ ਹਿੰਦੂਆਂ ਦੇ ਘਰ ਪੈਦਾ ਹੋਏ, ਇਸ ਲਈ ਸਾਰੇ ਹਿੰਦੂਆਂ ਨੂੰ ਸਿੱਖ ਬਣ ਜਾਣਾ ਚਾਹੀਦਾ ਹੈ) ਜਦੋਂ ਯਹੂਦੀਆਂ ਨੇ ਮੋੜਵੇਂ ਜਵਾਬ ਦੇ ਤੌਰ 'ਤੇ ਕਿਹਾ ਕਿ ਤਾਲਮੁੱਦ ਨੇ ਅੰਜੀਲ ਦੀ ਉਸ ਨਾਲੋਂ ਭਾਵ ਲੂਥਰ ਨਾਲੋਂ ਵਧੀਆ ਵਿਆਖਿਆ ਕੀਤੀ ਹੋਈ ਹੈ, ਸਗੋਂ ਖੁਦ ਲੂਥਰ ਨੂੰ ਹੀ ਯਹੂਦੀ ਧਰਮ ਗ੍ਰਹਿਣ ਕਰਨਾ ਚਾਹੀਦਾ ਹੈ। ਬੱਸ ਫੇਰ ਕੀ ਸੀ ਸੇਂਟ ਲੂਥਰ ਮੱਚ ਕੇ ਕੋਲਾ ਹੋ ਗਿਆ ਅਤੇ ਉਸ ਨੇ ਯਹੂਦੀਆਂ ਦੇ ਖਿਲਾਫ਼ ਸਿਧਾਂਤਕ ਕਹਿਰ ਬਰਸਾ ਦਿਤਾ। ਵਿਦਵਾਨਾਂ ਨੇ ਉਸ ਦੀਆਂ ਲਿਖਤਾਂ ਨੂੰ ਸਾਮੀ ਧਰਮਾਂ ਦੇ ਆਧੁਨਿਕ ਵਿਰੋਧ ਦਾ 'ਮੰਗਲਾਚਰਨ' ਅਤੇ ਮਹਾਂਵਿਨਾਸ਼ ਵੱਲ ਜਾਂਦੇ ਮਾਰਗ ਵੱਲ ਪੁਟਿਆ ਵੱਡਾ ਕਦਮ ਕਿਹਾ ਹੈ। (ਪਾਲ ਜੌਹਨਸਨ-ਯਹੂਦੀਆਂ ਦਾ ਇਤਿਹਾਸ, ਪੰਨਾ 242) ਯਹੂਦੀ ਲੇਖਕ ਜੌਹਨ ਵੀਸ ਨੇ "ਆਈਡੀਆਲੋਜ਼ੀ ਆਫ਼ ਡੈਥ" ਵਿਚ "ਲੂਥਰ ਨੂੰ ਸਾਫ਼ ਤੇ ਸਪਸ਼ਟ ਨਸਲਪ੍ਰਸਤ ਕਿਹਾ ਹੈ ਕਿ ਉਹਦੇ ਲਈ ਯਹੂਦੀ ਇਨਸਾਨ ਹੀ ਨਹੀਂ ਸਨ।"

ਇਸ ਮਸਲੇ 'ਤੇ ਬਹੁਤ ਕੁੱਝ ਕਿਹਾ ਜਾ ਸਕਦਾ ਹੈ, ਲੇਕਿਨ ਕੁੱਲ ਤੋਂ ਪਹਿਲੀ ਅਤੇ ਕੁੱਲ ਤੋਂ ਅੰਤਮ ਗੱਲ ਇਹ ਨਿਕਲਦੀ ਹੈ ਕਿ ਯਹੂਦੀਆਂ ਅਤੇ ਸਿੱਖਾਂ ਦਾ ਸਿਰ ਨਰੜ ਕਰਨਾ ਮਸਲੇ ਨੂੰ ਗੰਧਲਾਉਣ ਦੇ ਸਮਾਨ ਹੈ। ਸਿੱਖਾਂ ਦਾ ਹਿੰਦੂਆਂ ਨਾਲ ਉਸ ਤਰ੍ਹਾਂ ਦਾ ਰਿਸ਼ਤਾ ਹੀ ਨਹੀਂ ਹੈ, ਜਿਹੋ ਜਿਹਾ ਯਹੂਦੀਆਂ ਦਾ ਈਸਾਈਆਂ ਨਾਲ ਰਿਹਾ ਹੈ। ਅਜਮੇਰ ਸਿੰਘ ਨੇ ਆਪਣੀ ਪੁਸਤਕ ਲੜੀ ਦੀ ਪਹਿਲੀ ਪੁਸਤਕ ਦੇ ਪੰਨਾ 99 ਉਪਰ ਮਾਸਟਰ ਤਾਰਾ ਸਿੰਘ ਦੇ ਹਵਾਲੇ ਨਾਲ ਐਵੇਂ ਟਰਪੱਲ ਮਾਰ ਛੱਡਿਆ ਸੀ ਕਿ ਰੂਸ ਦੇ ਵੱਡੇ ਅਖਬਾਰ ਪਰਾਵਦਾ ਨੇ ਲਿਖਿਆ ਹੈ ਕਿ "ਦੁਨੀਆਂ ਵਿਚ ਦੋ ਹੀ ਕੌਮਾਂ ਹਨ ਜਿਨ੍ਹਾਂ ਦਾ ਕੋਈ ਘਰ ਨਹੀਂ ਬਣਿਆ ਭਾਵੇਂ ਉਨ੍ਹਾਂ ਵਿਚ ਕੌਮੀਅਤ ਦੇ ਸਾਰੇ ਗੁਣ ਹਨ। ਇਕ ਹਨ-ਯਹੂਦੀ ਤੇ ਦੂਜੇ ਹਨ-ਸਿੱਖ। ਯਹੂਦੀਆਂ ਲਈ ਤਾਂ ਘਰ ਬਣਾ ਦਿੱਤਾ ਗਿਆ ਹੈ ਪਰ ਸਿੱਖ ਬਿਨਾ ਘਰ ਹਨ।" (ਦੇਸ਼ ਪੰਜਾਬ, ਮਾਰਚ 1999, ਪੰਨਾ-58) ਸਮਝ ਨਹੀਂ ਆਉਂਦੀ ਬਾਈ ਅਜਮੇਰ ਆਪਣੇ ਪਾਠਕਾਂ ਨੂੰ ਕਿਸ ਮੰਤਵ ਲਈ ਪੁੱਠੇ ਰਾਹ ਪਾਉਣ ਦਾ ਯਤਨ ਕਰ ਰਹੇ ਸਨ। ਰੂਸ ਵਿਚ ਉਹ ਸਟਾਲਿਨ ਦਾ ਦੌਰ ਸੀ ਅਤੇ ਸਭਨਾਂ ਨੂੰ ਪਤਾ ਹੈ ਕਿ ਕੌਮਾਂ ਬਾਰੇ ਸਟਾਲਿਨ ਦੀ ਕੀ ਪਹੁੰਚ ਸੀ। ਫੇਰ 'ਪਰਾਵਦਾ' ਵਿਚ ਯਹੂਦੀ ਅਤੇ ਸਿੱਖ ਕਿਵੇਂ ਅਤੇ ਕੀਹਨੇ ਕੌਮ ਬਣਾ ਦਿੱਤੇ? ਚੰਗਾ ਹੁੰਦਾ ਜੇ ਹਵਾਲਾ ਦੇਣ ਤੋਂ ਪਹਿਲਾਂ ਉਹ ਪਰਾਵਦਾ ਦੇ ਛਪਣ ਦਾ ਸਾਲ ਅਤੇ ਅੰਕ ਨੰਬਰ ਵੀ ਦੱਸ ਦਿੰਦੇ, ਨਾਲ ਹੀ ਇਹ ਵੀ ਦੱਸ ਛੱਡਦੇ ਕਿ ਸਿੱਖਾਂ ਦਾ ਅਜਿਹਾ ਵੱਖਰਾ ਘਰ ਜੇ ਬਣ ਵੀ ਜਾਂਦਾ ਤਾਂ ਉਥੇ ਗੁਰੂ ਸਾਹਿਬ ਦੇ ਆਦਰਸ਼ਾਂ ਦੇ ਅਨੁਸਾਰੀ ਹੱਕ-ਸੱਚ, ਇਨਸਾਫ 'ਤੇ ਆਧਾਰਤ ਸਮਾਜ ਕਿੰਜ ਉਸਰਨਾ ਸੀ ਅਤੇ ਮਲਿਕ ਭਾਗੋ ਵਰਗੇ ਸਰਦਾਰਾਂ ਦੀ ਸਥਿਤੀ ਉਥੇ ਕਿਸ ਤਰ੍ਹਾਂ ਦੀ ਹੋਣੀ ਸੀ?

ਚੱਲਦੇ ਚੱਲਦੇ ਮੈਂ ਪਾਠਕਾਂ ਦਾ ਧਿਆਨ ਇਕ ਹੋਰ ਅਹਿਮ ਤੱਥ ਵੱਲ ਵੀ ਖਿੱਚਣਾ ਚਾਹੁੰਦਾ ਹਾਂ ਕਿ ਮਹਾਤਮਾ ਗਾਂਧੀ 1924 ਤੱਕ ਸਿੱਖਾਂ ਨੂੰ ਮੁਸਲਿਮ ਤੇ ਈਸਾਈਆਂ ਵਰਗੇ ਗੈਰ ਹਿੰਦੂ ਧਰਮਾਂ ਵਾਂਗ ਹੀ ਸਮਝਦਾ ਸੀ। ਇਸ ਸਬੰਧੀ ਉਸ ਨੇ ਕੇਰਲ ਵਿਚ ਦਿੱਤੇ ਇਕ ਭਾਸ਼ਣ ਵਿਚ ਜ਼ਿਕਰ ਵੀ ਕੀਤਾ ਸੀ ਜਿਸ ਦਾ ਸਿੱਖਾਂ ਦੇ ਇਕ ਹਿੱਸੇ ਨੇ ਵਿਰੋਧ ਕੀਤਾ ਅਤੇ ਗਾਂਧੀ ਨੂੰ ਸਖ਼ਤ ਪੱਤਰ ਲਿਖ ਕੇ ਚੇਤੇ ਕਰਵਾਇਆ ਕਿ ਉਹ ਹਿੰਦੂ ਵਰਗ ਦਾ ਹੀ ਅੰਗ ਹਨ ਅਤੇ ਉਨ੍ਹਾਂ ਨੂੰ ਮੁਸਲਮਾਨਾਂ ਤੇ ਈਸਾਈਆਂ ਵਾਂਗ ਵੱਖਰੇ ਤੌਰ 'ਤੇ ਨਾ ਲਿਆ ਜਾਵੇ। ਗਾਂਧੀ ਨੇ ਸਾਰੀ ਜਾਣਕਾਰੀ ਇਕੱਤਰ ਕਰਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕਰਨ ਤੋਂ ਬਾਅਦ ਇਸ ਭੁੱਲ ਲਈ ਮੁਆਫ਼ੀ ਮੰਗੀ ਅਤੇ ਸਿੱਖਾਂ ਨੂੰ ਅੱਗੇ ਤੋਂ ਗੈਰ ਹਿੰਦੂ ਧਰਮਾਂ ਨਾਲ ਨੱਥੀ ਨਾ ਕਰਨ ਦਾ ਭਰੋਸਾ ਦਿਵਾਇਆ (ਮਹਾਤਮਾ ਗਾਂਧੀ ਦੀਆਂ ਸਮੂਹਕ ਲਿਖਤਾਂ, ਇੰਟਰਨੈਟ ਐਡੀਸ਼ਨ 28, ਪੰਨਾ 10-12) ਬਾਈ ਅਜਮੇਰ ਸਿੰਘ ਦੇ ਪੈਰੋਕਾਰਾਂ ਨੂੰ ਮੈਂ ਇਹ ਦਸੱਣਾ ਚਾਹੁੰਦਾ ਹਾਂ ਕਿ ਪੈਗੰਬਰ ਈਸਾ ਦੇ ਪ੍ਰੇਮ ਦੇ ਸੰਦੇਸ਼ ਦੇ ਬਾਵਜੂਦ ਇਸਾਈ ਵਿਦਵਾਨ ਇਹ ਕਹਿੰਦੇ ਰਹੇ ਕਿ ਯਹੂਦੀ ਯੋਰਪੀ ਸਮਾਜ ਦੀ ਦੇਹ ਨੂੰ ਚਿੰਬੜੇ ਪਲੇਗ ਦੇ ਪਿਸੂ ਹਨ-ਇਨ੍ਹਾਂ ਨੂੰ ਬਾਹਰ ਕੱਢ ਮਾਰੋ। ਜਦੋਂਕਿ ਇਸ ਦੇ ਟਾਕਰੇ 'ਤੇ ਕੁਝ ਅਹਿਮਕ ਹਿੰਦੂ ਵਿਦਵਾਨਾਂ ਨੂੰ ਛੱਡ ਕੇ ਜ਼ਿਆਦਾਤਰ ਹਿੰਦੂ ਚਿੰਤਕ ਵਾਰ-ਵਾਰ ਇਹੋ ਦੁਹਰਾਉਂਦੇ ਰਹੇ ਹਨ ਕਿ ਗੁਰੂ ਨਾਨਕ ਨੇ ਉਪਨਿਸ਼ਦਾਂ ਦੀ ਆਤਮਾ ਦੀਆਂ ਉਚੀਆਂ ਸੁਰਾਂ ਨੂੰ ਹੀ ਨਵਿਆ ਕੇ ਆਪਣੀ ਨਵੀਂ ਇਲਹਾਮ ਵਾਣੀ ਵਿਚ ਪੇਸ਼ ਕੀਤਾ ਸੀ। ਹਿੰਦੂਆਂ ਦੇ ਇਨ੍ਹਾਂ ਚਿੰਤਕਾਂ ਨਾਲ ਵੀ ਅਸਹਿਮਤੀ ਰੱਖੀ ਜਾ ਸਕਦੀ ਹੈ। ਸਿੱਖਾਂ ਨੂੰ ਮੂਲੋਂ ਹੀ ਨਵਾਂ ਧਰਮ ਕਿਹਾ ਜਾ ਸਕਦਾ ਹੈ ਪਰ ਹਿੰਦੂਆਂ ਅਤੇ ਸਿੱਖਾਂ ਦੇ ਤਫ਼ਰਕੇ ਨੂੰ ਯਹੂਦੀਆਂ ਅਤੇ ਈਸਾਈਆਂ ਦੇ ਤਫ਼ਰਕੇ ਨਾਲ ਨਾ ਜੋੜੋ। ਮੈਨੂੰ ਇਕ ਵਾਰ ਮੁੜ ਡਾ. ਬਲਕਾਰ ਸਿੰਘ ਦੀ ਅਜਮੇਰ ਸਿੰਘ ਨੂੰ ਦਿੱਤੀ ਸਲਾਹ ਯਾਦ ਆ ਰਹੀ ਹੈ, "ਏਤਰਾਂ ਨਾ ਕਰੋ ਯਾਰੋ, ਨਾ ਕਰੋ ਏਤਰਾਂ!"

ਸ. ਅਜਮੇਰ ਸਿੰਘ ਨੇ ਆਪਣੀ ਤੀਜੀ ਕਿਤਾਬ "1984-ਅਣਚਿਤਵਿਆ ਕਹਿਰ" ਦੇ ਪਹਿਲੇ ਦੋ ਪਾਠਾਂ, 'ਸ੍ਰੀ ਦਰਬਾਰ ਸਾਹਿਬ ਦਾ ਨਿਆਰਾ ਮਹੱਤਵ' ਅਤੇ 'ਸ਼ਹੀਦੀ ਪਰੰਪਰਾ' ਵਿਚ ਸਿੱਖ ਪੰਥ ਦੀ ਰੱਜ ਕੇ ਮਹਿਮਾ ਕੀਤੀ ਹੈ। ਵਿਚਾਰਾਂ ਦਾ ਪੱਖ ਛੱਡ ਦਿੱਤਾ ਜਾਵੇ ਤਾਂ ਗਲਪ ਸਾਹਿਤ ਦੀ ਇਹ ਉਤਮ ਤੇ ਵਿਲੱਖਣ ਪੇਸ਼ਕਾਰੀ ਹੈ। ਇਸ ਲਈ ਉਹ ਵਧਾਈ ਦੇ ਪਾਤਰ ਵੀ ਹਨ। ਵਿਚਾਰਾਂ ਨੂੰ ਅਜਿਹੀ ਸ਼ਿੱਦਤ ਨਾਲ ਪੇਸ਼ ਕਰਨ ਦਾ ਉਨ੍ਹਾਂ ਦਾ ਜਮਹੂਰੀ ਹੱਕ ਹੈ ਅਤੇ ਇਸ ਹੱਕ ਦੀ ਸਭਨਾਂ ਨੂੰ ਹਮਾਇਤ ਕਰਨੀ ਚਾਹੀਦੀ ਹੈ। ਲੇਕਿਨ ਇਨ੍ਹਾਂ ਦੋ ਪਾਠਾਂ ਦਾ ਮੰਤਕੀ ਸਿੱਟਾ ਕੱਢਣ ਵੇਲੇ ਉਹ "ਦੁਸ਼ਟ ਹਿੰਦੂ ਹਾਕਮਾਂ" ਨੂੰ ਜਿਸ ਅੰਦਾਜ਼ ਵਿਚ ਭੰਡਦੇ ਹਨ ਅਤੇ ਚੱਲਦੇ ਚੱਲਦੇ ਇਹ ਮਿਹਣਾ ਵੀ ਮਾਰ ਜਾਂਦੇ ਹਨ ਹਨ ਕਿ ਹਿੰਦੂਆਂ ਨੂੰ ਤਾਂ ਕਦੇ ਆਪਣੇ ਮੰਦਰਾਂ ਦੀ ਕਦਰ ਨਹੀਂ ਰਹੀ, ਅਤੇ ਇਸ ਦੇ ਸਬੂਤ ਵਜੋਂ ਉਹ ਸੋਮਨਾਥ ਮੰਦਰ ਦੀ ਮੁੜ ਉਸਾਰੀ ਦਾ ਮੁੱਦਾ ਉਠਾਲਦੇ ਹਨ ਕਿ ਇਸ ਨੂੰ 1026 ਈ. ਵਿਚ ਲੁਟਿਆ ਤੇ ਉਜਾੜਿਆ ਗਿਆ ਸੀ, ਲੇਕਿਨ ਹਿੰਦੂਆਂ ਵਿਚ ਨੌਂ ਸਦੀਆਂ ਤੱਕ ਇਸ ਨੂੰ ਮੁੜ ਉਸਾਰਨ ਦੀ ਤਾਂਘ ਹੀ ਪੈਦਾ ਨਹੀਂ ਹੋਈ। ਅਸਲ ਵਿਚ ਇਥੇ ਉਹ ਸਿੱਖਾਂ ਦੇ ਮੁਕਾਬਲੇ ਹਿੰਦੂਆਂ ਨੂੰ ਪੱਜਲ ਦਿਖਾਉਣਾ ਚਾਹੁੰਦੇ ਹਨ, ਜਿਨ੍ਹਾਂ ਦੇ ਮਨ ਵਿਚ ਆਪਣੇ ਧਰਮ ਅਸਥਾਨਾਂ ਲਈ ਮਰ ਮਿਟਣ ਦਾ ਤੰਤ ਹੀ ਨਹੀਂ ਹੈ। ਉਹ ਆਜ਼ਾਦ ਭਾਰਤ ਵਿਚ ਜਦੋਂ ਪੂਰੀ ਤਰ੍ਹਾਂ ਡਰ ਮੁਕਤ ਹੋ ਗਏ ਤਾਂ ਅੰਤ 1951 ਵਿਚ ਜਾ ਕੇ ਹੀ ਇਸ ਨੂੰ ਮੁੜ ਉਸਾਰਨ ਦਾ ਹੀਆ ਕਰ ਸਕੇ। ਫੇਰ ਵੀ ਇਸ ਸਾਰੇ ਕਾਸੇ ਨਾਲ, ਸਿਵਾਏ ਹਿੰਦੂਆਂ ਦੇ, ਕਿਸੇ ਨੂੰ ਕੀ ਇਤਰਾਜ਼ ਹੋ ਸਕਦਾ ਹੈ?

ਸਿਰਦਾਰ ਕਪੂਰ ਸਿੰਘ ਦਰਬਾਰ ਸਾਹਿਬ ਦੇ ਮਹੱਤਵ ਨੂੰ ਵੈਟੀਕਨ, ਮੱਕੇ ਅਤੇ ਯੂਰੋਸਲਮ ਨਾਲ ਤੁਲਨਾ ਰਹੇ ਹਨ। ਲੇਕਿਨ ਅਫ਼ਸੋਸ ਇਸ ਗੱਲ ਦਾ ਹੈ ਕਿ ਸਾਡੇ ਲੇਖਕ ਜੀ ਸਿਰਦਾਰ ਕਪੂਰ ਸਿੰਘ ਦੀਆਂ ਉਸੇ ਸਫ਼ੇ 'ਤੇ ਕਹੀਆਂ ਗੱਲਾਂ ਦਾ ਟੀਕਾ ਕਰਨ ਲੱਗ ਪੈਂਦੇ ਹਨ, ਜਿਵੇਂ ਕਿਤੇ ਪਾਠਕਾਂ ਨੂੰ ਸਿਰਦਾਰ ਸਾਹਿਬ ਦੀਆਂ ਗੱਲਾਂ ਸਮਝ ਨਾ ਆ ਰਹੀਆਂ ਹੋਣ। ਅਜਮੇਰ ਸਿੰਘ ਉਨ੍ਹਾਂ ਦੇ ਹਵਾਲੇ ਨਾਲ ਦੱਸਦੇ ਹਨ ਕਿ ਦਰਬਾਰ ਸਾਹਿਬ ਸਮੂਹ ਉਪਰ ਬਾਕੀ ਮਜ਼੍ਹਬਾਂ ਦੇ ਧਰਮ ਸਥਾਨਾਂ ਦੇ ਨਿਯਮ ਜਾਂ ਮਾਪਦੰਡ ਲਾਗੂ ਨਹੀਂ ਹੁੰਦੇ। ਕੌਮ ਦੇ ਇਸੇ ਸਿਰਦਾਰ ਦੀ ਅਜਮੇਰ ਸਿੰਘ ਨੇ ਅਨੇਕਾਂ ਥਾਂਵਾਂ 'ਤੇ ਡੰਡ ਲਾਹੀ ਹੋਈ ਹੈ, ਆਪਾਂ ਹੁਣ ਇਸ ਮਸਲੇ 'ਤੇ ਨਹੀਂ ਬੋਲਾਂਗੇ, ਲੇਕਿਨ ਧਾਰਮਿਕ ਸਥਾਨਾਂ ਵਿਚਾਲੇ ਅਜਿਹੀ ਤੁਲਨਾ ਘਟੋ-ਘਟ ਅਜਮੇਰ ਸਿੰਘ ਜਿਹੇ ਵਿਦਵਾਨ ਲੇਖਕ ਨੂੰ ਸ਼ੋਭਾ ਨਹੀਂ ਦਿੰਦੀ। ਧਰਮਾਂ ਅੰਦਰ ਇਸ ਤਰੀਕੇ ਧੱਕੇ ਨਾਲ ਦੁਫੇੜ ਪਾਉਣ ਦਾ ਕਾਰਜ ਸਿਰਫ਼ ਧਾਰਮਿਕ ਜਨੂੰਨੀ ਅਤੇ ਮੂਲਵਾਦੀ ਕਰਦੇ ਹੁੰਦੇ ਹਨ, ਵਿਦਵਾਨ ਨਹੀਂ।

ਪ੍ਰਿੰਸੀਪਲ ਅਮਰਜੀਤ ਸਿੰਘ ਪਰਾਗ ਨੇ ਦਲੀਲਾਂ ਨਾਲ ਸਾਬਤ ਕੀਤਾ ਸੀ ਕਿ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨਣ ਵਾਲੇ ਸ੍ਰੀ ਹਰਗੋਬਿੰਦ ਸਾਹਿਬ ਨੇ ਦਰਬਾਰ ਸਾਹਿਬ ਭਵਨ ਸਮੂਹ ਨੂੰ ਸਿਰਫ਼ ਦੁਨਿਆਵੀ ਤੇ ਧਾਰਮਿਕ ਸੱਤਾ ਦਾ ਕੇਂਦਰ ਬਣਾਇਆ ਸੀ। ਉਨ੍ਹਾਂ ਨੇ ਇਥੋਂ ਜੰਗਾਂ ਨਹੀਂ ਲੜੀਆਂ। ਇਕ ਪੜ੍ਹਾਅ 'ਤੇ ਜਦੋਂ ਉਨ੍ਹਾਂ ਦੇ ਸ਼ਰੀਕਾਂ ਨੇ ਉਨ੍ਹਾਂ ਦਾ ਉਥੇ ਰਹਿਣਾ ਦੁੱਭਰ ਕਰ ਦਿੱਤਾ ਤਾਂ ਚੁੱਪਚਾਪ ਕਰਤਾਰਪੁਰ (ਜਲੰਧਰ) ਦਾ ਨਵਾਂ ਨਗਰ ਵਸਾ ਲਿਆ। ਜਦੋਂ ਇਥੇ ਵੀ ਵਿਰੋਧੀਆਂ ਨੇ ਨਾ ਟਿਕਣ ਦਿੱਤਾ, ਤਾਂ ਉਹ ਕੀਰਤਪੁਰ ਸਾਹਿਬ ਆ ਕੇ ਵਸ ਗਏ। ਸ਼ਰੀਕਾਂ ਨੇ ਗੁਰੂ ਤੇਗ ਬਹਾਦਰ ਨੂੰ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਤਾਂ ਕੀ ਕਰਨ ਦੇਣੇ ਸਨ, ਸ਼ਹਿਰ ਅੰਦਰ ਵੀ ਵੜਨ ਨਾ ਦਿੱਤਾ, ਦਸਮ ਪਿਤਾ ਗੁਰੂ ਗੋਬਿੰਦ ਸਿੰਘ ਤਾਂ ਉਸ ਪਾਸੇ ਵੱਲ ਗਏ ਹੀ ਨਹੀਂ। 18ਵੀਂ ਸਦੀ ਦੇ ਸਿੰਘਾਂ ਨੇ ਉਨਾਂ ਕਾਲੇ ਸਮਿਆਂ ਵਿਚ ਵੀ ਇਸ ਭਵਨ ਸਮੂਹ ਦੀ ਠਾਹਰ ਨਹੀਂ ਸੀ ਲਈ, ਜਦੋਂ ਸਿੱਖ ਇਤਿਹਾਸ ਦੇ ਦੋ ਵੱਡੇ ਵਿਨਾਸ਼ਕਾਰੀ ਘੱਲੂਘਾਰੇ ਵਾਪਰੇ ਸਨ। ਉਨ੍ਹਾਂ ਨੇ ਇਸ ਭਵਨ ਸਮੂਹ ਦੀ ਰਾਖ਼ੀ ਲਈ ਰਾਮਰੌਣੀ ਵਰਗਾ ਨਿੱਕਾ ਜਿਹਾ ਕਿਲਾ ਬਣਾਇਆ ਸੀ।

ਇਸ ਲਈ ਜਦੋਂ ਅਜਮੇਰ ਸਿੰਘ ਸ੍ਰੀ ਦਰਬਾਰ ਸਾਹਿਬ ਦੇ ਨਿਆਰੇ ਮਹੱਤਵ ਅਤੇ ਇਸ ਦੇ ਸਿੱਖਾਂ ਦੀ ਹਰ ਕਿਸਮ ਦੀ ਸੱਤਾ ਦਾ ਕੇਂਦਰ ਹੋਣ ਦਾ ਮੰਤਕੀ ਸਿੱਟਾ ਕੱਢਦੇ ਹਨ ਤਾਂ ਉਹ ਸੰਤ ਭਿੰਡਰਾਂਵਾਲਿਆਂ ਅਤੇ ਉਨ੍ਹਾਂ ਦੇ ਬਾਅਦ ਦੇ ਪੈਰੋਕਾਰਾਂ ਵੱਲੋਂ ਇਸ ਨੂੰ ਜੰਗ ਦਾ ਮੈਦਾਨ ਬਣਾਉਣ ਦੀ ਵਜਾਹਤ ਕਰਦੇ ਪ੍ਰਤੀਤ ਹੁੰਦੇ ਹਨ। ਖੁਸ਼ਵੰਤ ਸਿੰਘ ਵਰਗੇ ਵਿਦਵਾਨਾਂ ਨੇ ਸਾਬਤ ਕੀਤਾ ਹੋਇਆ ਹੈ ਕਿ ਜਦੋਂ ਤੱਕ ਇਸ ਨੂੰ ਸੰਤਾਂ ਨੇ ਫੌਜੀ ਅੱਡੇ ਵਿਚ ਤਬਦੀਲ ਨਹੀਂ ਸੀ ਕਰ ਲਿਆ ਅਤੇ ਉਥੋਂ ਵਿਰੋਧੀਆਂ ਨੂੰ ਮਟਕਿਆਂ ਵਿਚੋਂ ਮਾਰਨ ਦੀਆਂ ਪਰਚੀਆਂ ਨਿਕਲਣ ਦਾ ਵਰਤਾਰਾ ਪੂਰੀ ਚੜ੍ਹਤ ਵਿਚ ਨਹੀਂ ਸੀ ਆ ਗਿਆ, ਉਦੋਂ ਤੱਕ ਸ਼ਾਇਦ "ਦੁਸ਼ਟ" ਹਿੰਦੂਆਂ ਦੀ ਹਕੂਮਤ ਦਾ ਇਸ ਉਪਰ ਹਮਲਾ ਕਰਨ ਦਾ ਕੋਈ ਵਿਚਾਰ ਹੀ ਨਹੀਂ ਸੀ।

ਨਿਰੰਕਾਰੀ ਗੁਰਬਚਨ ਸਿੰਘ ਅਤੇ ਲਾਲਾ ਜਗਤ ਨਰਾਇਣ ਵਰਗਿਆਂ ਨਾਲ ਮੇਰੀ ਕੋਈ ਹਮਦਰਦੀ ਨਹੀਂ, ਜੇ ਇੰਦਰਾ ਗਾਂਧੀ, ਅਰੁਣ ਵੈਦਿਆ ਅਤੇ ਬੇਅੰਤ ਸਿੰਘ ਵਰਗੇ ਲੋਕ ਕਤਲ ਹੋ ਗਏ ਤਾਂ ਉਹ ਆਪਣੇ ਕੀਤੇ ਦੀ ਸਜ਼ਾ ਭੁਗਤ ਗਏ ਹੋਣਗੇ। ਲੇਕਿਨ ਇਕ ਗੱਲ ਜੋ ਨਾ ਤਾਂ ਸੰਤ ਜਰਨੈਲ ਸਿੰਘ, ਨਾ ਜਨਰਲ ਸੁਬੇਗ ਸਿੰਘ ਨੂੰ ਸਮਝ ਲੱਗ ਸਕੀ (ਅਫਸੋਸ ਕਿ ਸਾਨੂੰ ਮੁੜ ਪਹਿਲਾ ਕੀਤੀ ਗੱਲ ਦੁਹਰਾਉਣੀ ਪੈ ਰਹੀ ਹੈ)-ਉਹ ਅਪ੍ਰੇਸ਼ਨ ਕਾਲੀ ਗਰਜ ਦੇ ਤੁਰੰਤ ਮਗਰੋਂ ਜੂਨ-ਜੁਲਾਈ 1988 ਦੇ ਲਾਗੇ-ਚਾਗੇ ਖਾਲਿਸਤਾਨ ਕਮਾਂਡੋ ਫੋਰਸ ਦੇ "ਜਨਰਲ" ਲਾਭ ਸਿੰਘ, ਜਾਂ ਜੇਕਰ ਅਫ਼ਵਾਹਾਂ 'ਤੇ ਯਕੀਨ ਕਰ ਲਈਏ ਤਾਂ ਮਰਨ ਉਪਰੰਤ ਉਸ ਦੀ ਜੇਬ ਵਿਚੋਂ ਨਿਕਲੀ ਚਿੱਠੀ ਦੇ ਚਰਚਿਤ ਲੇਖਕ ਅਜਮੇਰ ਸਿੰਘ ਦੇ ਪੱਲੇ ਪੈ ਗਈ ਸੀ। ਇਹ ਚਿੱਠੀ ਜਾਂ ਡਾਇਰੀ ਇਤਿਹਾਸ ਦਾ ਇਕ ਅਜਿਹਾ ਗੁੰਦਵਾਂ ਦਸਤਾਵੇਜ਼ ਹੈ ਜਿਹੜਾ ਹਰ ਕਿਸਮ ਦੇ ਧਾਰਮਿਕ ਮੁਜ਼ਾਹਿਦੀਨਾਂ ਲਈ ਸਬਕ ਹੈ ਕਿ ਕਿਸੇ ਵੀ ਪਵਿੱਤਰ ਧਾਰਮਿਕ ਸਥਾਨ ਨੂੰ ਖੂਨੀ ਲੜਾਈ ਦਾ ਅੱਡਾ ਨਹੀਂ ਬਣਾਉਣਾ ਚਾਹੀਦਾ। ਭਰੋਸੇਯੋਗ ਸੂਤਰਾਂ ਮੁਤਾਬਕ ਅਜਮੇਰ ਸਿੰਘ ਨੇ ਇਕੱਲੀ ਉਹੀ ਚਿੱਠੀ ਨਹੀਂ ਸੀ ਲਿਖੀ। ਡਾ. ਹਰਜਿੰਦਰਮੀਤ ਸਿੰਘ ਨੇ ਸਤੰਬਰ 2008 ਦੇ 'ਕੌਮੀ ਸੂਰਾ' ਦੇ ਪੰਨਾ 28-29 ਤੇ ਬੜੇ ਰੌਚਕ ਇੰਕਸਾਫ਼ ਕੀਤੇ ਹੋਏ ਹਨ:

1. ਅਖੰਡ ਕੀਰਤਨੀ ਜਥੇ ਦੇ ਆਗੂਆਂ ਦੀ ਸਮਝ ਅਨੁਸਾਰ ਸੰਤ ਜਰਨੈਲ ਸਿੰਘ ਇਕ ਡਰੂ ਸਾਧ ਹੈ ਅਤੇ ਗਿਆਨੀ ਜ਼ੈਲ ਸਿੰਘ ਦੀ ਸ਼ਹਿ ਤੇ ਹੀ ਤੱਤੇ ਬਿਆਨ ਦੇ ਰਿਹਾ ਅਤੇ ਭੜਕਾਊ ਕਾਰਵਾਈਆਂ ਕਰ ਰਿਹਾ ਹੈ। ਇਸ ਨੇ ਚਲਾਕੀ ਨਾਲ ਸਾਡੇ ਜਥੇ ਦੇ ਸਿੰਘਾਂ ਨੂੰ ਨਿਰੰਕਾਰੀ ਕਾਂਡ ਵੇਲੇ ਅੱਗੇ ਲਾ ਕੇ ਮਰਵਾਇਆ ਹੈ। ਅਸੀਂ ਇਸ ਨੂੰ ਪੰਥ ਦਾ ਆਗੂ ਨਹੀਂ ਬਣਨ ਦੇਣਾ।

***ਸਿੱਖਾਂ ਅਤੇ ਯਹੂਦੀਆਂ ਦਾ ਮਸਲਾ ਤੱਤ ਰੂਪ ਵਿਚ ਵੱਖਰਾ ਹੈ। ਯਹੂਦੀਆਂ ਨੇ ਧਰਮ ਦੇ ਤੌਰ 'ਤੇ ਕਦੇ ਵੀ ਵੱਖਰੇ ਦੇਸ਼ ਦੀ ਮੰਗ ਨਹੀਂ ਸੀ ਕੀਤੀ। 'ਮਹਾਂ ਵਿਨਾਸ਼' ਦੇ ਕਾਲੇ ਦੌਰ ਵਿਚ ਵੀ ਵੱਖ ਵੱਖ ਦੇਸ਼ਾਂ ਦੇ ਯਹੂਦੀ ਆਪਣੇ ਆਪ ਨੂੰ ਸਬੰਧਤ ਦੇਸ਼ਾਂ ਜਾਂ ਕੌਮਾਂ ਦਾ ਹੀ ਅੰਗ ਸਮਝਦੇ ਸਨ। ਉਹ ਜਰਮਨਾਂ ਵਾਂਗ ਜਰਮਨ, ਪੋਲਿਸ਼ਾਂ ਵਾਂਗ ਪੋਲਿਸ਼ ਅਤੇ ਰੂਸੀਆਂ ਵਾਂਗ ਰੂਸੀ ਆਦਿ ਸਨ। ਭਾਰਤੀ ਉਪ ਮਹਾਂਦੀਪ ਵਿਚ "ਦੋ ਕੌਮਾਂ" ਦੇ ਬਦਨਾਮ ਸਿਧਾਂਤ ਨੂੰ ਬਦੋਬਦੀ ਯਹੂਦੀਆਂ 'ਤੇ ਢੁਕਾਉਣਾ ਇਤਿਹਾਸਕ ਤੌਰ 'ਤੇ ਗਲਤ ਹੀ ਨਹੀਂ, ਸਗੋਂ "ਸਿੱਖ ਇਕ ਕੌਮ ਹੈ" ਦੀ ਗੈਰ ਵਿਗਿਆਨਕ ਮਨੌਤ ਨੂੰ ਦਰੁਸਤ ਠਹਿਰਾਉਣ ਦੀ ਕਵਾਇਦ ਵਜੋਂ ਲਿਆ ਜਾ ਰਿਹਾ ਹੈ।***

2. ਦਲਜੀਤ ਸਿੰਘ ਬਿੱਟੂ ਦੇ ਨਾਂ 'ਤੇ ਬਹੁਤ ਸਾਲ ਪਹਿਲਾਂ ਸਿੱਖ ਲਹਿਰ ਪ੍ਰਤੀ ਬੜੀ ਹੀ ਪੇਤਲੀ ਸਮਝ ਵਾਲਾ ਰੀਵੀਊ "ਭਵਿੱਖ ਫਿਰ ਵੀ ਸਾਡਾ ਹੈ", (ਜਦੋਂ ਕਿ ਉਹ ਅਜੇ ਜੇਲ੍ਹ ਵਿਚ ਹੀ ਸੀ), ਵੰਡਿਆ ਗਿਆ ਸੀ। ਇਸ ਦੀ ਸ਼ਬਦਾਵਲੀ ਤੋਂ ਸਪਸ਼ਟ ਪਤਾ ਲੱਗਦਾ ਸੀ ਕਿ ਇਹ ਨਕਸਲਵਾੜੀ ਲਹਿਰ ਦੇ ਕਿਸੇ ਕਾਮਰੇਡ ਦਾ ਲਿਖਿਆ ਹੋਇਆ ਹੈ। ਮੇਰੇ ਕੋਲ ਇਸ ਰੀਵੀਊ ਨੂੰ ਲਿਆਉਣ ਵਾਲੇ ਦੋਸਤ ਨੇ ਸਪਸ਼ਟ ਹੀ ਦੱਸ ਦਿੱਤਾ ਕਿ ਇਹ ਅਜਮੇਰ ਸਿੰਘ ਦਾ ਲਿਖਿਆ ਹੋਇਆ ਹੈ।

3. ਮੈਂ ਦਲਜੀਤ ਸਿੰਘ ਬਿੱਟੂ ਅਤੇ ਉਸ ਦੀ ਅਗਵਾਈ ਵਿਚ ਕੰਮ ਕਰਦੇ ਰਹੇ ਪੰਚ ਪ੍ਰਧਾਨੀ ਜਥੇਦਾਰਾਂ ਨੂੰ ਕਈ ਵਾਰ ਪਿਛਲੀ ਲਹਿਰ ਦਾ ਰੀਵੀਊ ਸਿੱਖ ਕੌਮ ਅੱਗੇ ਪੇਸ਼ ਕਰਨ ਲਈ ਆਖਿਆ ਹੈ, ਉਨ੍ਹਾਂ ਦਾ ਜਵਾਬ ਹੁੰਦਾ ਹੈ ਕਿ ਸਾਡੀ ਲਹਿਰ ਦਾ ਰੀਵੀਊ ਅਜਮੇਰ ਸਿੰਘ ਦੀ "ਵੀਹਵੀਂ ਸਦੀ ਦੀ ਸਿੱਖ ਰਾਜਨੀਤੀ" ਨਾਮ ਦੀ ਪੁਸਤਕ ਵਿਚ ਕੀਤਾ ਗਿਆ ਹੈ...ਲਹਿਰ ਕੋਈ ਹੋਰ ਚਲਾਵੇ ਅਤੇ ਲਹਿਰ ਦਾ ਰੀਵੀਊ ਕੋਈ ਮਾਰਕਸੀ ਚਿੰਤਕ ਕਰੇ, ਇਹ ਆਪਣੇ ਆਪ ਵਿਚ ਬਹੁਤ ਅਫਸੋਸਜਨਕ ਗੱਲ ਹੈ।

ਆਪਣੀ ਪਿਛਲੀ ਟਿੱਪਣੀ ਵਿਚ ਮੈਂ "ਜਨਰਲ" ਲਾਭ ਸਿੰਘ ਦੀ ਚਿੱਠੀ ਦਾ ਜ਼ਿਕਰ ਕੀਤਾ ਸੀ, ਜੋ ਇੰਡੋ ਕਨੇਡੀਅਨ ਟਾਈਮਜ਼ ਦੇ 1 ਤੋਂ 7 ਜੂਨ 1995 ਦੇ ਅੰਕ ਵਿਚ ਛਪ ਚੁੱਕੀ ਹੈ। ਲਾਭ ਸਿੰਘ ਦੀ ਮੌਤ 12 ਜੁਲਾਈ 1988 ਨੂੰ ਹੋਈ ਅਤੇ ਇਹ ਚਿੱਠੀ ਉਸ ਦੀ ਜੇਬ ਵਿਚੋਂ ਨਿੱਕਲੀ ਦੱਸੀ ਜਾਂਦੀ ਹੈ। ਭਾਵੇਂ ਜਮਹੂਰੀ ਹਲਕਿਆਂ ਵਿਚ ਇਹ ਉਦੋਂ ਰਾਜ਼ ਦੀ ਗੱਲ ਨਹੀਂ ਰਹੀ ਸੀ ਕਿਉਂਕਿ ਇਸ ਚਿੱਠੀ ਦਾ ਖ਼ੁਰਾ ਨੱਪਦੀ ਪੰਜਾਬ ਪੁਲਿਸ ਚਿੱਠੀ ਦੇ ਅਸਲ ਲੇਖਕ ਦੇ ਹਮਜੋਲੀਆਂ ਤੱਕ ਪਹੁੰਚ ਗਈ ਸੀ। ਛਪਣ ਤੋਂ ਬਾਅਦ ਅਤੇ ਇਸ ਉਪਰ ਪਾਸ਼ ਦੇ ਪਿਤਾ ਮੇਜਰ ਸੋਹਣ ਸਿੰਘ ਸੰਧੂ ਵਲੋਂ "ਪ੍ਰੀਤਲੜੀ" ਦੇ ਸਤੰਬਰ-2010 ਦੇ ਅੰਕ ਵਿਚ ਕੀਤੀ ਟਿੱਪਣੀ ਨਾਲ ਹੁਣ ਤਾਂ ਰਾਜ਼ ਦੀ ਗੱਲ ਰਹੀ ਵੀ ਨਹੀਂ। ਚਿੱਠੀ ਦਾ ਵਿਸ਼ਾ ਵਸਤੂ, ਇਸ ਦੀ ਲਿਖਣ ਸ਼ੈਲੀ, ਸ਼ਬਦਾਵਲੀ ਅਤੇ ਛਾਪਾਮਾਰ ਯੁੱਧ ਬਾਰੇ ਕੀਤੀਆਂ ਟਿੱਪਣੀਆਂ ਕਿਸੇ ਸਬੂਤ ਦੀਆਂ ਮੁਥਾਜ ਨਹੀਂ ਹਨ। ਲੇਕਿਨ ਸਾਡੇ ਲਈ ਅਹਿਮ ਗੱਲ ਅਜਮੇਰ ਸਿੰਘ ਦੇ ਦਰਬਾਰ ਸਾਹਿਬ ਦੇ ਨਿਆਰੇਪਣ ਦੀ ਧਾਰਨਾ ਅਤੇ ਸ਼ਹੀਦੀ ਪਰੰਪਰਾ ਦੇ ਅਧਿਐਨ ਬਾਰੇ ਹੈ। ਤੀਜੀ ਕਿਤਾਬ ਵਿਚ ਪੇਸ਼ ਕੀਤੀਆਂ ਅੰਤਰਮੁੱਖੀ ਧਾਰਨਾਵਾਂ ਦੇ ਪ੍ਰਸੰਗ ਵਿਚ 'ਚਿੱਠੀ ਲੇਖਕ' ਦੀਆਂ ਧਾਰਨਾਵਾਂ ਦੇ ਸੱਚ ਦੀ ਪਰਖ ਕਰਨੀ ਚਾਹਾਂਗੇ। ਲੇਖਕ ਦੀ ਧਾਰਨਾ ਹੈ,

1. ਦਰਬਾਰ ਸਾਹਿਬ ਉਪਰ ਫੌਜੀ ਹਮਲੇ ਨਾਲ ਕਈਆਂ ਦੀਆਂ ਰਾਜਸੀ ਵਫ਼ਾਦਾਰੀਆਂ ਖੜੇ ਪੈਰ ਬਦਲ ਗਈਆਂ।

2. ਧਰਮ, ਸਭਿਆਚਾਰ ਤੇ ਵਿਰਸੇ ਨਾਲ ਸਾਂਝਾਂ ਮੁੜ ਹਰੀਆਂ ਹੋ ਗਈਆਂ ਅਤੇ ਆਪ ਮੁਹਾਰੇ ਹੀ ਸਿੱਖੀ ਪ੍ਰੇਮ ਅਤੇ ਜਜ਼ਬੇ ਦੀਆਂ ਛੱਲਾਂ ਵਗ ਤੁਰੀਆਂ। ਮਾਰਕਸਵਾਦੀ ਬਣੇ ਸਿੱਖਾਂ ਅੰਦਰ ਵੀ ਮੁੜ ਤੋਂ ਸਿੱਖੀ ਪਿਆਰ ਦਾ ਅਮੋੜ ਜ਼ਜ਼ਬਾ ਉਮਡ ਆਇਆ ਅਤੇ ਉਨ੍ਹਾਂ ਨੇ ਮੁੱਦਤਾਂ ਬਾਅਦ ਆਪਣੇ ਆਪ ਨੂੰ ਘਰ ਪਰਤੇ ਮਹਿਸੂਸ ਕੀਤਾ। (ਆਪਣੀ ਇਸ ਦਲੀਲ ਦੇ ਹੱਕ ਵਿਚ ਉਹ ਸਫ਼ਾ-2 ਦੀ ਚਰਨ ਟੂਕ ਵਿਚ ਸੰਤ ਸਿੰਘ ਸੇਖੋਂ, ਗੁਰਵੇਲ ਸਿੰਘ ਪੰਨੂ ਅਤੇ ਡਾ. ਨਾਜ਼ਰ ਸਿੰਘ ਦੇ ਤਿੰਨ ਨਾਂ ਗਿਣਾਉਂਦੇ ਹਨ)

3. ਮੋਨੇ ਸਿੱਖਾਂ ਦੇ ਸਿਰਾਂ 'ਤੇ ਜੂੜੇ ਅਤੇ ਦਸਤਾਰਾਂ ਪ੍ਰਗਟ ਹੋ ਗਈਆਂ। ਸ਼ਰਾਬ ਤੇ ਸਿਗਰਟਨੋਸ਼ੀ ਕਰਨ ਵਾਲਿਆਂ ਨੇ ਨਵਾਂ ਆਚਰਣ ਧਾਰਨ ਕਰ ਲਿਆ। ਕਿਸੇ ਨੇ ਬੰਦੂਕ ਚੁੱਕ ਲਈ, ਕਿਸੇ ਨੇ ਕਲਮ ਉਠਾ ਲਈ। ਰਾਜ ਸੇਵਾ ਨੂੰ ਧਰਮ ਮੰਨੀ ਬੈਠੇ ਪਤਵੰਤਿਆਂ ਨੇ ਨੌਕਰੀਆਂ, ਸਨਮਾਨਾਂ ਨੂੰ ਲੱਤ ਮਾਰ ਦਿੱਤੀ ਅਤੇ ਬਾਕੀ ਨੇ ਬੁੱਝੇ ਮਨਾਂ ਨਾਲ ਹੀ ਰਾਜ ਸੇਵਾ ਕਰਨ ਦਾ ਧਰਮ ਨਿਭਾਉਣਾ ਜਾਰੀ ਰੱਖਿਆ।

ਅਜਮੇਰ ਸਿੰਘ ਇਹ ਗੱਲਾਂ 2009 ਵਿਚ ਲਿਖ ਰਿਹਾ ਹੈ ਅਤੇ ਜਨਰਲ ਲਾਭ ਸਿੰਘ ਦੀ ਉਹ ਕਥਿਤ ਚਿੱਠੀ 9 ਤੋਂ 18 ਮਈ 1988 ਨੂੰ ਹੋਏ 'ਅਪਰੇਸ਼ਨ ਕਾਲੀ ਗਰਜ' ਅਤੇ 12 ਜੁਲਾਈ 1988 ਨੂੰ ਹੋਈ "ਜਨਰਲ" ਦੀ ਮੌਤ ਦਰਮਿਆਨ ਕਿਸੇ ਵੇਲੇ ਲਿਖੀ ਗਈ ਹੋਵੇਗੀ। ਉਸ ਚਿੱਠੀ ਦਾ ਸਾਰ ਤੱਤ ਹੈ, "ਇਸ ਦੂਜੀ ਵੱਡੀ ਜੰਗ ਵਿਚ ਦੁਸ਼ਮਣ ਸਿਆਸੀ, ਸੈਨਿਕ ਤੇ ਨੈਤਿਕ ਪੱਖ ਤੋਂ ਇਕ ਵਾਰ ਖਾੜਕੂ ਲਹਿਰ ਦੀ ਹੇਠੀ ਕਰਨ ਵਿਚ ਸਫ਼ਲ ਹੋ ਨਿਬੜਿਆ ਹੈ। ਸ੍ਰੀ ਦਰਬਾਰ ਸਾਹਿਬ ਦੀ ਦਸ ਦਿਨ ਮੁਕੰਮਲ ਘੇਰਾਬੰਦੀ ਕਰੀ ਰੱਖਣਾ, ਭਾਰਤੀ ਹਾਕਮਾਂ ਦੀ ਸਭ ਤੋਂ ਵੱਡੀ ਸਿਆਸੀ ਸਫ਼ਲਤਾ ਹੈ। ਲੋਕਾਂ ਅੰਦਰ ਹਕੂਮਤ ਦੀ ਇਸ ਕਾਰਵਾਈ ਖਿਲਾਫ਼ ਤਿੱਖੀ ਔਖ ਤੇ ਰੋਹ ਦੇਖਣ ਨੂੰ ਨਹੀਂ ਮਿਲਿਆ। ਖਾੜਕੂ ਲਹਿਰ ਸਿੱਖ ਜਗਤ ਦੀ ਹਮਾਇਤ ਤੇ ਹਮਦਰਦੀ ਤੋਂ ਸੱਖਣੀ ਹੋ ਚੁੱਕੀ ਹੈ। ਖਾੜਕੂ ਸਿੱਖਾਂ ਨੂੰ ਲੋਕਾਂ ਦਾ ਬਾਹਰੋਂ ਹਮਾਇਤੀ ਲਲਕਾਰਾ ਨਹੀਂ ਮਿਲਿਆ। ਲਹਿਰ ਵਿਚ ਅਜਿਹਾ ਲੁਟੇਰਾ ਗ੍ਰੋਹ ਘੁਸ ਆਇਆ ਹੈ, ਜਿਸ ਦਾ ਕਿਸੇ ਨਿਸ਼ਾਨੇ ਜਾਂ ਸਿਧਾਂਤ ਨਾਲ ਕੋਈ ਸਰੋਕਾਰ ਨਹੀਂ। ਤਾਕਤਵਰ ਵੈਰੀ ਨਾਲ ਸਿੱਧੇ ਮੱਥੇ ਥਾਂ-ਮੱਲਵੀਂ ਲੜਾਈ ਦੇਣ ਦਾ ਪੈਂਤੜਾ ਗਲਤ ਸਾਬਤ ਹੋਇਆ ਹੈ। ਸਾਰੇ ਹਿੰਦੂਆਂ ਨੂੰ ਥੋਕ ਰੂਪ ਵਿਚ ਦੁਸ਼ਮਣ ਬਣਾ ਧਰਨ ਦੀ ਨੀਤੀ ਨਿਹਾਇਤ ਘਾਤਕ ਹੈ। 'ਭਈਆਂ' ਨੂੰ ਮਾਰਨ ਵਾਲੀ ਗਲਤ ਸੋਚ ਲਹਿਰ ਨੂੰ ਜੱਟ ਸਿੱਖਾਂ ਅੰਦਰ ਹੀ ਬੁਰੀ ਤਰ੍ਹਾਂ ਬਦਨਾਮ ਕਰਕੇ ਰੱਖ ਦੇਵੇਗੀ।"

ਇਕ ਵਾਰ ਮੁੜ ਦੱਸੀਏ ਕਿ ਜੋ ਗੱਲਾਂ ਜਨਰਲ ਲਾਭ ਸਿੰਘ ਨੂੰ ਸਮਝ ਆ ਗਈਆਂ ਸਨ, ਜੇਕਰ ਉਹ ਕਥਿਤ ਚਿੱਠੀ ਅਜਮੇਰ ਸਿੰਘ ਦੀ ਹੀ ਲਿਖੀ ਹੋਈ ਸੀ ਤਾਂ ਉਹ ਪੂਰੇ 20 ਸਾਲਾਂ ਬਾਅਦ ਕਿਸ ਮੰਤਵ ਨਾਲ ਆਪਣੀ ਹੀ ਪੁਰਾਣੀ ਸਮਝ ਦਾ ਅਤੇ ਸਿੱਖੀ ਇਤਿਹਾਸ ਦਾ ਘਾਣ ਕਰਨ ਵਿਚ ਲੱਗੇ ਹੋਏ ਹਨ? ਸਿੱਖੀ ਪ੍ਰੇਮ ਦੀਆਂ ਛੱਲਾਂ, ਬਦਲੀਆਂ ਹੋਈਆਂ ਰਾਜਸੀ ਵਫ਼ਾਦਾਰੀਆਂ, ਸਿਰਾਂ 'ਤੇ ਸਜੇ ਹੋਏ ਜੂੜੇ ਅਤੇ ਦਸਤਾਰਾਂ ਇੰਨੀ ਜਲਦੀ ਇਤਿਹਾਸ ਦੇ ਕਿਸੇ ਵੀ ਸਮੇਂ ਨਾਲੋਂ ਸੈਂਕੜੇ ਗੁਣਾਂ ਵੱਧ ਤੇਜ਼ੀ ਨਾਲ ਕਿਵੇਂ ਅਲੋਪ ਹੋ ਗਏ? ਡਾ. ਹਰਪਾਲ ਸਿੰਘ ਪੰਨੂੰ ਦੇ ਕਥਨ ਮੁਤਾਬਕ ਤਾਂ 18ਵੀਂ ਸਦੀ ਵਿਚ ਹਿੰਦੂਆਂ ਦੇ ਪਰਿਵਾਰਾਂ ਵਿਚੋਂ ਪੂਰਾਂ ਦੇ ਪੂਰ ਸਿੰਘ ਬਣ ਬਣ ਕੇ ਨਿਕਲ ਰਹੇ ਸਨ ਅਤੇ ਰੰਘੜਾਂ, ਅਬਦਾਲੀਆਂ ਦੇ ਨਾਸੀਂ ਧੂੰਆਂ ਲਿਆ ਰਹੇ ਸਨ, ਲੇਕਿਨ ਇਥੇ ਤਾਂ 20ਵੀਂ ਸਦੀ ਦੇ ਅਖੀਰਲੇ ਦਹਾਕੇ ਵਿਚ ਹੀ ਐਸੀ ਚੰਦਰੀ ਹਵਾ ਵਗੀ ਕਿ ਚੰਗੇ ਭਲੇ ਘਰਾਂ ਦੇ ਨਿਆਣੇ ਦਿਨਾਂ ਵਿਚ ਹੀ 'ਘਰੜ-ਮਰੜ' ਹੁੰਦੇ ਜਾ ਰਹੇ ਹਨ।

ਮੇਰੇ ਹਿਸਾਬ ਵਿਚ ਸ. ਅਜਮੇਰ ਸਿੰਘ ਨੇ ਜਿੰਨੀ ਤੇਜ਼ੀ ਨਾਲ ਬੜੇ ਥੋੜੇ ਸਮੇਂ ਵਿਚ ਜਿੰਨਾ ਵਿਸ਼ਾਲ ਗਿਆਨ ਇਕੱਤਰ ਕਰ ਲਿਆ ਹੈ, ਇਹ ਬਹੁਤ ਹੀ ਸ਼ਲਾਘਾਯੋਗ ਤੇ ਰਸ਼ਕ ਕਰਨ ਵਾਲੀ ਗੱਲ ਹੈ। ਇਸ ਲਈ ਮੇਰੇ ਵਰਗਾ ਸਾਧਾਰਨ ਪਾਠਕ ਤਾਂ ਉਨ੍ਹਾਂ ਨਾਲ "ਸੰਵਾਦ" ਰਚਾਉਣ ਦੀ ਹਾਲਤ ਵਿਚ ਵੀ ਨਹੀਂ ਪਹੁੰਚ ਸਕਦਾ। ਲੇਕਿਨ ਇਕ ਗੱਲ ਪੱਕੀ ਹੈ ਕਿ ਉਨ੍ਹਾਂ ਤੋਂ ਵੱਧ ਸ਼ਾਇਦ ਹੀ ਕੋਈ ਜਾਣਦਾ ਹੋਵੇ ਕਿ ਕਿਸੇ ਵੀ ਨਵੇਂ ਧਰਮ ਅਤੇ ਉਸ ਦੇ ਧਰਮ ਅਸਥਾਨ ਦੀ ਪਹਿਲ-ਤਾਜ਼ਗੀ ਦੀ ਸਦੀਵਤਾ ਅਤੇ ਕਿਸੇ ਮਕਸਦ ਦੀ ਖਾਤਰ ਸਿਰਾਂ ਨੂੰ ਕੁਰਬਾਨ ਕਰ ਦੇਣ ਦੀ ਹੁੜਕ ਪਿੱਛੇ ਕਈ ਵਿਸ਼ੇਸ਼ ਕਿਸਮ ਦੇ ਬਾਹਰਮੁਖੀ ਹਾਲਾਤ ਅਤੇ ਕਾਰਨ ਕਾਰਜਸ਼ੀਲ ਹੋਇਆ ਕਰਦੇ ਹਨ। ਸ੍ਰੀ ਹਰਿਮੰਦਰ ਸਾਹਿਬ ਉਪਰ ਫੌਜੀ ਹਮਲਾ ਕਹਿਰ ਸੀ। ਇਸ ਨੂੰ ਕਹਿਰ ਮੰਨਦਿਆਂ ਹੀ ਸ. ਖੁਸ਼ਵੰਤ ਸਿੰਘ ਵਰਗੇ ਖੁਲ੍ਹ-ਦਿਲੇ ਚਿੰਤਕ ਨੇ ਭਾਰਤ ਸਰਕਾਰ ਦੇ ਸਾਰੇ ਮਾਣ-ਸਨਮਾਨ ਪਰ੍ਹਾਂ ਵਗਾਹ ਮਾਰੇ ਸਨ। ਪਰ ਸਵਾਲ ਤਾਂ ਇਹ ਕਿ ਇਹ ਭਾਣਾ ਵਾਪਰਿਆ ਕਿਉਂ? ਸਿੱਖਾਂ ਅਤੇ ਹਿੰਦੂਆਂ ਦੇ ਆਪਸੀ ਰਿਸ਼ਤਿਆਂ ਦੀ ਤੰਦ ਸਾਰੇ ਆਪਸੀ ਸ਼ੰਕਿਆ ਦੇ ਬਾਵਜੂਦ ਇੰਨੀ ਲੰਮੀ ਅਤੇ ਮਜ਼ਬੂਤ ਹੈ ਕਿ 1984 ਦੇ ਕੁਲਹਿਣੇ ਸੁਪਨੇ ਅਪਵਾਦ ਬਣ ਕੇ ਰਹਿ ਜਾਂਦੇ ਹੁੰਦੇ ਹਨ ਅਤੇ ਇਹ ਸਿੱਖ ਭਾਈਚਾਰੇ ਦੀ ਸਮੂਹਿਕ ਮਾਨਸਿਕਤਾ ਨੂੰ ਬਹੁਤੀ ਦੇਰ ਹਾਂਟ ਨਹੀਂ ਕਰ ਸਕਦੇ। ਇਹੀ ਕਾਰਨ ਹੈ ਕਿ ਸ੍ਰੀ ਦਰਬਾਰ ਸਾਹਿਬ ਉਪਰ ਦੋਵਾਂ ਵੱਡੀਆਂ ਰੂਹ-ਝੰਜੋੜੂ ਕਾਰਵਾਈਆਂ ਦੇ ਮੋਹਰੀ ਕਮਾਂਡਰ ਕੋਈ ਜ਼ਕਰੀਆ ਖਾਨ, ਮੱਸਾ ਰੰਘੜ, ਅਬਦਾਲੀ ਜਾਂ ਲਖਪਤ ਰਾਏ ਵਰਗੇ ਨਹੀਂ ਸਨ, ਸਗੋ ਰਣਜੀਤ ਸਿੰਘ ਦਿਆਲ, ਕੁਲਦੀਪ ਸਿੰਘ ਬਰਾੜ ਅਤੇ ਕੇ ਪੀ ਐਸ ਵਰਗੇ ਦੀਨੇ ਜਾਂ ਬੇਦੀਨੇ ਸਿੰਘ ਹੀ ਸਨ। ਇਸ ਲਈ 18ਵੀਂ ਸਦੀ ਦੀਆਂ ਪਰੰਪਰਾਵਾਂ ਨੂੰ ਬਦੋਬਦੀ ਇਕੀਵੀਂ ਸਦੀ ਤੱਕ ਧੂਹਣਾ ਪੰਜਾਬੀ ਵਿਸ਼ੇਸ਼ ਕਰਕੇ ਸਿੱਖ ਸਮਾਜ ਵਿਚ ਆ ਚੁੱਕੀਆਂ ਵਿਆਪਕ ਤਬਦੀਲੀਆਂ ਨੂੰ ਅਣਡਿੱਠ ਕਰਨ ਦੇ ਬਰਾਬਰ ਹੈ। ਸਾਨੂੰ ਅੱਜ ਦੇ ਯੁੱਗ ਵਿਚ ਸਭ ਲੋਕਾਈ ਦੇ ਸਾਂਝੇ ਪੈਗੰਬਰ ਬਾਬੇ ਨਾਨਕ ਵੱਲੋਂ ਪੰਜ ਸਦੀਆਂ ਪਹਿਲਾਂ ਕੀਤੇ ਸਮਾਜ ਦੇ ਵਿਸ਼ਲੇਸ਼ਣ ਤੋਂ ਹੀ ਕੁੱਝ ਸਬਕ ਸਿੱਖ ਲੈਣਾ ਚਾਹੀਦਾ ਹੈ:

ਸਰਮੁ ਧਰਮੁ ਦੁਇ ਛਪਿ ਖਲੋਏ  
ਕੂੜੁ ਫਿਰੈ ਪਰਧਾਨੁ ਵੇ ਲਾਲੋ॥  
ਕਾਜੀਆ ਬਾਮਣਾ ਕੀ ਗਲ ਥਕੀ  
ਅਗਦੁ ਪੜੈ ਸੈਤਾਨੁ ਵੇ ਲਾਲੋ॥ ਪੰਨਾ-722  
ਪਾਨ ਸੁਪਾਰੀ ਖਾਤੀਆ  
ਮੁਖਿ ਬੀੜੀਆ ਲਾਈਆ॥

(ਬਾਕੀ ਸਫਾ 35 'ਤੇ)

# ਨਾਸਤਿਕ ਦੇਸ਼ 'ਚ ਆਸਤਿਕ ਮੇਲਾ

ਪ੍ਰੋ. ਪ੍ਰੀਤਮ ਸਿੰਘ

***ਪੰਜਾਬੀ ਸਾਹਿਤ ਜਗਤ ਵਿਚ ਮਰਹੂਮ ਪ੍ਰੋਫ਼ੈਸਰ ਪ੍ਰੀਤਮ ਸਿੰਘ ਦਾ ਮੁਕਾਮ ਬਹੁਤ ਉੱਚ ਦੁਮਾਲੜਾ ਹੈ। ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਲਈ ਉਨ੍ਹਾਂ ਸਦਾ ਡਟ ਕੇ ਪੈਂਤੜਾ ਮੱਲਿਆ। ਪੰਜਾਬੀ ਦੀਆਂ ਨੀਹਾਂ ਉਸਾਰਨ ਵਿਚ ਉਨ੍ਹਾਂ ਦਾ ਕੋਈ ਸਾਨੀ ਨਹੀਂ। ਇਹ ਲੇਖ ਰੂਸ ਵਿਚ ਹੋਏ ਸਰਬ-ਧਰਮ ਸਮਾਗਮ ਬਾਰੇ ਹੈ ਜਿਸ ਵਿਚ ਧਰਮ ਦੇ ਨਾਲ-ਨਾਲ ਸਾਹਿਤ, ਸਭਿਆਚਾਰ, ਸਿਆਸੀ ਅਤੇ ਸਮਾਜਕ ਸਰੋਕਾਰਾਂ ਦੀਆਂ ਗੱਲਾਂ ਵੀ ਉਨ੍ਹਾਂ ਨਿੱਠ ਕੇ ਕੀਤੀਆਂ ਹਨ। ਇਸ ਵਿਚ ਪੰਜਾਬੀ ਰੰਗ-ਢੰਗ ਵੀ ਡੁੱਲ੍ਹ-ਡੁੱਲ੍ਹ ਪੈਂਦਾ ਹੈ। ਪੰਜਾਬ ਅਤੇ ਪੰਜਾਬੀ ਵਿਰਸੇ ਦੀ ਨੁਮਾਇੰਦਗੀ ਕਰਦਿਆਂ ਉਹ ਰੂਸ ਵਿਚ ਆਪਣੀ ਵਿਰਾਸਤ ਦਾ ਝੰਡਾ ਉੱਚਾ ਕਰਦੇ ਹਨ। ਰੂਸ ਅਤੇ ਸਮਾਗਮ ਦੀਆਂ ਗੱਲਾਂ ਸੁਣਾਉਂਦਿਆਂ-ਸੁਣਾਉਂਦਿਆਂ ਉਹ ਆਪਣੀਆਂ ਗੱਲਾਂ ਵੀ ਬਰਾਬਰ ਸੁਣਾਈ ਜਾਂਦੇ ਹਨ। ਕੋਈ ਤੀਹ ਸਾਲ ਪਹਿਲਾਂ ਲਿਖਿਆ ਇਹ ਲੇਖ ਅੱਜ ਵੀ ਉਨਾ ਹੀ ਪਿਆਰਾ ਲੱਗਦਾ ਹੈ।***

***-ਸੰਪਾਦਕ***



**ਪ੍ਰੋ. ਪ੍ਰੀਤਮ ਸਿੰਘ**

ਮੇਰੀ ਸੋਵੀਅਤ ਰੂਸ ਦੀ ਪਹਿਲੀ ਯਾਤਰਾ ਦਾ ਸਬਬ ਜੂਨ 1977 ਵਿਚ ਬਣਿਆ ਪਰ ਮੈਨੂੰ ਨਹੀਂ ਪਤਾ ਕਿ ਕਿਸ ਮਿਹਰਬਾਨ ਨੇ ਰੂਸੀਆਂ ਨੂੰ ਮੇਰੇ ਨਾਂ ਦਾ ਸੁਝਾਓ ਦਿੱਤਾ ਸੀ। ਸੋਵੀਅਤ ਸਫ਼ਾਰਤਖ਼ਾਨੇ ਵੱਲੋਂ ਪੰਜਾਬ ਦੇ ਚੋਟੀ ਦੇ ਲੇਖਕਾਂ ਨੂੰ ਕਿਸੇ ਨਾ ਕਿਸੇ ਬਹਾਨੇ, ਸੋਵੀਅਤ ਦੇਸ਼ ਦੀ ਸੈਰ ਦੇ ਬੁਲਾਵਿਆਂ ਦੀਆਂ ਖ਼ਬਰਾਂ ਛਪਦੀਆਂ ਰਹਿੰਦੀਆਂ ਸਨ ਪਰ ਨਾ ਤਾਂ ਮੈਂ ਉਸ ਗਿਣਤੀ ਵਿਚ ਆ ਸਕਦਾ ਸਾਂ ਤੇ ਨਾ ਮੈਂ ਕਿਸੇ ਅਜਿਹੇ ਦੇਸੀ ਮਾਰਕਸੀ ਆਗੂ ਨੂੰ ਜਾਣਦਾ ਸਾਂ ਜਿਸ ਦੀ ਸਿਫ਼ਾਰਸ਼ੀ ਚਿੱਠੀ ਮੇਰੇ ਲਈ ਏਅਰੋਫ਼ਲੋਟ ਦੀ ਟਿਕਟ ਬਣ ਜਾਂਦੀ। ਕਿਸੇ ਛੋਟੇ ਜਾਂ ਵੱਡੇ ਰੂਸੀ ਲੇਖਕ ਨਾਲ ਵੀ ਮੇਰੀ ਜਾਣ-ਪਛਾਣ ਨਹੀਂ ਸੀ, ਫੇਰ ਵੀ ਅਸਲੀਅਤ ਮੇਰੇ ਸਾਹਮਣੇ ਸੀ। ਕੋਈ ਅਣਕਿਆਸੀ ਘਟਨਾ ਅਚਾਨਕ ਵਾਪਰ ਜਾਏ ਤਾਂ ਉਸ ਦੇ ਪਿਛੋਕੜ ਦਾ ਸੁਰਾਗ਼ ਲਾਉਣ ਦਾ ਜਤਨ ਕਈ ਵਾਰੀ ਉਮਰ ਭਰ ਜਾਰੀ ਰਹਿੰਦਾ ਹੈ। ਖ਼ੈਰ, ਜਿਸ ਕਿਸੇ ਨੇ ਵੀ ਗ਼ਾਇਬਾਨਾ ਕਿਰਪਾ ਕੀਤੀ ਸੀ, ਉਸ ਦਾ ਨਤੀਜਾ ਇਹ ਹੋਇਆ ਕਿ ਮੈਨੂੰ ਰਸ਼ੀਅਨ ਔਰਥੋਡੌਕਸ ਚਰਚ ਵੱਲੋਂ ਮਾਸਕੋ ਵਿਚ ਹੋਣ ਵਾਲੀ ਕੌਮਾਂਤਰੀ ਕਾਨਫ਼ਰੰਸ ਵਿਚ ਹਿੱਸਾ ਲੈਣ ਦਾ ਬੁਲਾਵਾ ਆ ਗਿਆ ਸੀ। ਘਰੋਂ ਤੁਰ ਕੇ ਮੁੜ ਘਰ ਪਹੁੰਚਣ ਤਕ ਸਾਰਾ ਖ਼ਰਚ ਚਰਚ ਨੇ ਕਰਨਾ ਸੀ। ਏਅਰੋਫ਼ਲੋਟ ਕੰਪਨੀ ਦੇ ਜਹਾਜ਼ ਦਾ ਨੰਬਰ, ਟਿਕਟ ਦਾ ਨੰਬਰ, ਉਡਾਰੀ ਦੀ ਮਿਤੀ ਅਤੇ ਸਮਾਂ ਸਭ ਕੁਝ ਤਾਰ ਵਿਚ ਦਿੱਤਾ ਹੋਇਆ ਸੀ। ਬਹੁ-ਪ੍ਰਚਾਰੇ ਸੋਵੀਅਤ ਨਿਜ਼ਾਮ ਦੀਆਂ ਸਮਾਜਕ ਤੇ ਆਰਥਿਕ ਪ੍ਰਾਪਤੀਆਂ ਦੀ ਝਲਕ ਅੱਖੀਂ ਵੇਖਣ ਦੀ ਗੁੱਝੀ ਰੀਝ, ਅਣਮੰਗਿਆਂ ਪੂਰੀ ਹੋ ਰਹੀ ਸੀ!

ਕਾਨਫ਼ਰੰਸ ਦਾ ਵਿਸ਼ਾ ਸੀ 'ਸਦੀਵੀ ਅਮਨ, ਸ਼ਸਤਰਾਂ ਦਾ ਤਿਆਗ ਅਤੇ ਸੁਖਾਵੇਂ ਕੌਮਾਂਤਰੀ ਸਬੰਧ'। ਮਾਸਕੋ ਜਾ ਕੇ ਪਤਾ ਲੱਗਾ ਕਿ ਸਾਰੀ ਦੁਨੀਆਂ ਵਿਚੋਂ ਧਾਰਮਿਕ ਸੰਸਥਾਵਾਂ ਦੇ ਇਕ ਹਜ਼ਾਰ ਦੇ ਕਰੀਬ ਚੋਣਵੇਂ ਪ੍ਰਾਹੁਣੇ ਬੁਲਾਏ ਗਏ ਸਨ। ਕਰੋੜਾਂ ਰੂਬਲਾਂ ਦਾ ਸਾਰਾ ਖ਼ਰਚਾ ਚਰਚ ਕਰ ਰਿਹਾ ਸੀ। ਸਰਕਾਰ ਸਹਿਯੋਗ ਤਾਂ ਦੇ ਰਹੀ ਸੀ ਪਰ ਮਾਲੀ ਮਦਦ ਨਹੀਂ ਸੀ ਦੇ ਰਹੀ। ਨਾਸਤਿਕ ਸੋਵੀਅਤ ਨਿਜ਼ਾਮ ਵਿਚ ਸੰਗਠਿਤ ਔਰਥੋਡੌਕਸ ਚਰਚ ਦੀ ਖ਼ੁਸ਼ਹਾਲੀ ਮੂੰਹੋਂ ਬੋਲ ਰਹੀ ਸੀ।

ਦਿੱਲੀ ਤੋਂ ਉਡ ਕੇ ਹਵਾਈ ਜਹਾਜ਼ ਰਾਤ ਨੂੰ ਤਾਸ਼ਕੰਦ ਜਾ ਖੜ੍ਹਾ ਹੋਇਆ। ਸਵਾਰੀਆਂ ਨੂੰ ਉਤਰਨ ਦਾ ਹੁਕਮ ਹੋਇਆ। ਸਵਾਰੀਆਂ ਵਿਚੋਂ ਪੱਗ ਵਾਲੇ ਇਕ ਮੁਸਾਫ਼ਰ ਦਾ ਝਾਉਲਾ ਪਿਆ। ਉਹ ਜ਼ਰਾ ਨੇੜੇ ਹੋਏ ਤਾਂ ਮੈਂ ਪਛਾਣ ਲਿਆ। ਪੰਜਾਬੀ ਯੂਨੀਵਰਸਿਟੀ ਦੇ ਡਾ. ਤਾਰਨ ਸਿੰਘ ਸਨ। ਉਨ੍ਹਾਂ ਨੂੰ ਨਹੀਂ ਸੀ ਪਤਾ ਕਿ ਮੈਨੂੰ ਵੀ ਬੁਲਾਇਆ ਗਿਆ ਹੈ ਅਤੇ ਮੈਨੂੰ ਪਤਾ ਨਹੀਂ ਸੀ ਕਿ ਉਨ੍ਹਾਂ ਨੇ ਵੀ ਆਉਣਾ ਹੈ। ਅਸਾਂ ਦੋਵਾਂ ਨੇ ਕਾਨਫ਼ਰੰਸ ਵਿਚ ਸਿੱਖ ਧਰਮ ਦੀ ਨੁਮਾਇੰਦਗੀ ਕਰਨੀ ਸੀ। ਮਾਸਕੋ ਪਹੁੰਚੇ ਤਾਂ ਸਭ ਨੂੰ ਪੰਜ-ਤਾਰਾ ਹੋਟਲਾਂ ਵਿਚ ਠਹਿਰਾਇਆ ਗਿਆ। ਕਾਨਫ਼ਰੰਸ ਲਈ ਸੋਵੀਅਤ ਸਰਕਾਰ ਨੇ ਕ੍ਰੈਮਲਿਨ ਦੇ ਅੰਦਰ ਸੋਵੀਅਤ ਸੰਸਦ ਲਈ ਬਣੇ ਨਵੇਂ ਬੜੇ ਖ਼ੂਬਸੂਰਤ ਹਾਲ ਦੀ ਵਰਤੋਂ ਦੀ ਇਜਾਜ਼ਤ ਦਿੱਤੀ ਹੋਈ ਸੀ। ਰਿਹਾਇਸ਼, ਪੇਟ-ਪੂਜਾ, ਲਿਆਈ-ਲਿਜਾਈ ਦਾ ਬੜਾ ਹੀ ਤਸੱਲੀਬਖ਼ਸ਼ ਪ੍ਰਬੰਧ ਸੀ।



*'ਸਵੈਨ ਲੇਕ' ਬੈਲੇ ਵਿਚ ਫ਼ਨ ਦਾ ਮੁਜ਼ਾਹਰਾ ਕਰ ਰਹੀ ਮਾਇਆ ਪਾਲੀਸੇਤਸਕਾਯਾ*

ਕਾਨਫ਼ਰੰਸ ਦੇ ਪਹਿਲੇ ਦਿਨ ਬੱਸਾਂ ਨੇ ਵੱਖ-ਵੱਖ ਹੋਟਲਾਂ ਵਿਚ ਠਹਿਰੇ ਪ੍ਰਾਹੁਣਿਆਂ ਨੂੰ ਮੀਟਿੰਗ ਹਾਲ ਦੇ ਬਾਹਰ ਉਤਾਰਨਾ ਸ਼ੁਰੂ ਕੀਤਾ। ਇੰਨੀ ਵੱਡੀ ਭੀੜ ਵਿਚ ਅਸੀਂ ਕਿਸੇ ਡੈਲੀਗੇਟ ਨੂੰ ਵੀ ਨਹੀਂ ਸਾਂ ਜਾਣਦੇ। ਮੇਲੇ ਵਿਚ ਗੁਆਚੇ ਬਾਲਾਂ ਵਾਲਾ ਹਾਲ ਸੀ ਸਾਡਾ। ਵੱਖ-ਵੱਖ ਹੋਟਲਾਂ ਵਿਚ ਠਹਿਰੇ ਹੋਣ ਦੇ ਬਾਵਜੂਦ ਸਾਰੀ ਕਾਨਫ਼ਰੰਸ ਦੌਰਾਨ ਅਸੀਂ ਪੱਗਾਂ ਵਾਲੇ ਦੋਵੇਂ ਝੱਟ ਇਕੱਠੇ ਹੋ ਜਾਂਦੇ। ਅਰੰਭਿਕ ਸਮਾਗਮ ਵਿਚ ਸਾਨੂੰ ਦੋਵਾਂ ਨੂੰ ਮੰਚ ਦੇ ਨੇੜੇ ਦੀ ਅਗਲੀ ਕਤਾਰ ਵਿਚ ਥਾਂ ਮਿਲੀ। ਮੰਚ ਦੇ ਖੱਬੇ-ਸੱਜੇ ਪਤਲੇ ਪਰਦਿਆਂ ਦੇ ਪਿੱਛੇ ਦੁਪਾਸੀਂ ਬੈਠੇ ਦੁਭਾਸ਼ੀਆਂ ਦੀਆਂ ਸ਼ਕਲਾਂ ਸਾਫ਼ ਦਿਸ ਰਹੀਆਂ ਸਨ। ਹਰ ਸੀਟ ਨਾਲ ਕੰਨ-ਫ਼ੋਨ ਦਾ ਪ੍ਰਬੰਧ ਸੀ। ਅਸੀਂ ਅੰਗਰੇਜ਼ੀ ਵਾਲੀ ਚੈਨਲ ਖੋਲ੍ਹ ਕੇ ਫ਼ੋਨ ਪੱਗਾਂ ਦੇ ਉਪਰ ਦੀ ਦੋਹਾਂ ਕੰਨਾਂ ਉਤੇ ਟਿਕਾ ਲਏ। ਇਸ ਤਰ੍ਹਾਂ ਮੰਚ ਉਤੇ ਹਰ ਬੁਲਾਰੇ ਦਾ ਭਾਸ਼ਣ ਸਾਨੂੰ ਅੰਗਰੇਜ਼ੀ ਵਿਚ ਸੁਣ ਰਿਹਾ ਸੀ; ਭਾਵੇਂ ਬੁਲਾਰਾ ਰੂਸੀ, ਅਰਬੀ, ਸਪੇਨੀ, ਫ਼ਰਾਂਸੀਸੀ ਜਾਂ ਜਰਮਨ ਭਾਸ਼ਾ ਵਿਚ ਬੋਲ ਰਿਹਾ ਸੀ। ਦੁਭਾਸ਼ੀਏ ਆਪੋ-ਆਪਣੇ ਕੰਮ ਵਿਚ ਇੰਨੇ ਮਾਹਿਰ ਸਨ ਕਿ ਲੱਗਦਾ ਸੀ ਉਹ ਅਨੁਵਾਦ ਨਹੀਂ ਕਰ ਰਹੇ, ਬੁਲਾਰਾ ਆਪ ਅੰਗਰੇਜ਼ੀ ਵਿਚ ਬੋਲ ਰਿਹਾ ਹੈ।

ਜਦੋਂ ਰੋਟੀ ਲਈ ਸਵੇਰ ਦੀ ਬੈਠਕ ਬਰਖ਼ਾਸਤ ਹੋਈ ਤਾਂ ਜਿਸ ਬੱਸ ਵਿਚ ਸਾਨੂੰ ਥਾਂ ਮਿਲੀ, ਉਸ ਵਿਚ ਮੈਨੂੰ ਇਕ ਨੌਜਵਾਨ ਦੁਭਾਸ਼ੀਆ ਵੀ ਬੈਠਾ ਦਿੱਸਿਆ। ਮੈਂ ਉਸ ਨੂੰ ਇਸ਼ਾਰੇ ਨਾਲ ਆਪਣੇ ਪਾਸ ਬੁਲਾਇਆ। ਉਹ ਆ ਗਿਆ। ਮੈਂ ਉਸ ਨੂੰ ਅੰਗਰੇਜ਼ੀ ਵਿਚ ਪੁੱਛਿਆ, "ਬੇਟਾ, ਤੁਸੀਂ ਕਿਹੜੀ-ਕਿਹੜੀ ਭਾਸ਼ਾ ਦੇ ਬੁਲਾਰਿਆਂ ਨੂੰ ਸਰੋਤਿਆਂ ਤਕ ਪਹੁੰਚਾਉਂਦੇ ਹੋ?"

ਉਸ ਦੇ ਜਵਾਬ ਨੇ ਮੈਨੂੰ ਹੈਰਾਨ ਕਰ ਦਿੱਤਾ। ਉਹ 22 ਕੁ ਸਾਲਾਂ ਦਾ ਮੁੱਛ-ਫੁੱਟ ਜਵਾਨ ਸੀ ਪਰ ਜਰਮਨ, ਫ਼ਰੈਂਚ, ਰੂਸੀ ਤੇ ਅਰਬੀ ਜ਼ਬਾਨਾਂ ਨੂੰ ਅੰਗਰੇਜ਼ੀ ਵਿਚ ਅਤੇ ਅੰਗਰੇਜ਼ੀ ਨੂੰ ਜਰਮਨ, ਫ਼ਰੈਂਚ, ਰੂਸੀ ਤੇ ਅਰਬੀ ਵਿਚ ਪਰਤਾ ਸਕਦਾ ਸੀ। ਮੈਂ ਪੁੱਛਿਆ, "ਇੰਨੀ ਛੋਟੀ ਉਮਰ ਵਿਚ ਇੰਨੀਆਂ ਜ਼ਬਾਨਾਂ ਕਿਵੇਂ ਸਿੱਖ ਲਈਆਂ?"

ਬੋਲਿਆ, "ਰੂਸੀ ਮੇਰੀ ਮਾਦਰੀ ਜ਼ਬਾਨ ਹੈ, ਸਕੂਲ ਵਿਚ ਮੈਂ ਅੰਗਰੇਜ਼ੀ ਤੇ ਫ਼ਰੈਂਚ ਜ਼ਬਾਨਾਂ ਸਿੱਖ ਲਈਆਂ ਸਨ। ਜਰਮਨ ਮੈਂ ਆਪ ਬਾਜ਼ਾਰੋਂ ਸਿੱਖੀ ਤੇ ਅਰਬੀ ਮੈਂ ਵਿਦੇਸ਼ੀ ਜ਼ਬਾਨਾਂ ਸਿਖਾਉਣ ਵਾਲੇ ਸਰਕਾਰੀ ਸਕੂਲ ਵਿਚ ਸਿੱਖ ਰਿਹਾ ਹਾਂ। ਮੈਨੂੰ ਦੂਜਾ ਸਾਲ ਹੋ ਗਿਆ ਹੈ ਅਰਬੀ ਸਿਖਦਿਆਂ।"

ਮੈਂ ਫੇਰ ਪੁੱਛਿਆ, "ਕਿਸੇ ਅਰਬੀ ਭਾਸ਼ੀ ਦੇਸ਼ ਵਿਚ ਜਾਣ ਦਾ ਮੌਕਾ ਮਿਲਿਆ ਹੈ?"

ਬੋਲਿਆ, "ਅੱਜ ਕੱਲ੍ਹ ਕੋਈ ਬੋਲੀ ਸਿੱਖਣ ਲਈ ਕਿਤੇ ਬਾਹਰ ਜਾਣ ਦੀ ਲੋੜ ਨਹੀਂ ਪੈਂਦੀ। ਅੱਖਾਂ ਤੇ ਕੰਨਾਂ ਲਈ ਬੜੇ ਮਦਦਗਾਰ ਜੰਤਰ ਸਾਡੀ ਲੈਬਾਰਟਰੀ ਵਿਚ ਮੌਜੂਦ ਹਨ। ਟੈਲੀਵਿਜ਼ਨ ਹਨ, ਈਅਰ ਫ਼ੋਨ ਹਨ, ਟੇਪ ਰਿਕਾਰਡਰ ਹਨ, ਕੈਸੇਟ ਭਰਨ ਵਾਲੀਆਂ ਮਸ਼ੀਨਾਂ ਹਨ, ਬੁੱਲਾਂ ਤੋਂ ਸੰਘ ਤਕ ਮੂੰਹ ਦੇ ਹਰ ਭਾਗ ਦੇ ਵੱਡੇ-ਵੱਡੇ ਚਿੱਤਰ ਹਨ। ਇਨ੍ਹਾਂ ਤੋਂ ਇਲਾਵਾ ਹੋਰ ਸੈਂਕੜੇ ਮਸ਼ੀਨਾਂ ਹਨ ਜਿਨ੍ਹਾਂ ਦੀ ਮਦਦ ਨਾਲ ਲੈਬ ਵਿਚ ਬੈਠੇ ਅਸੀਂ ਕੋਈ ਵੀ ਬੋਲੀ, ਅਸਲ ਬੁਲਾਰਿਆਂ ਦੀ ਤਰ੍ਹਾਂ ਬੋਲਣੀ ਸਿਖ ਸਕਦੇ ਹਾਂ। ਬਾਕੀ ਦੀ ਕਸਰ ਉਸਤਾਦ ਅਭਿਆਸ ਨਾਲ ਪੂਰੀ ਕਰਵਾ ਦਿੰਦੇ ਹਨ। ਮੈਂ ਦੋ ਸਾਲਾਂ ਦੇ ਅੰਦਰ-ਅੰਦਰ ਅਰਬੀ ਜ਼ਬਾਨ ਚੰਗੀ ਤਰ੍ਹਾਂ ਸਮਝਣ ਤੇ ਸਮਝਾਉਣ ਜੋਗਾ ਹੋ ਗਿਆ ਹਾਂ।"

ਮੇਰੇ ਵਾਸਤੇ ਇਹ ਬੜੀ ਲਾਭਦਾਇਕ ਵਾਕਫ਼ੀ ਸੀ। ਸਾਡੇ ਦੇਸ਼ ਵਿਚ ਬੱਚਿਆਂ ਨੂੰ ਅੰਗਰੇਜ਼ੀ ਸਿਖਾਉਣ ਲਈ ਬੱਚੇ ਦੀ ਮਾਂ-ਬੋਲੀ ਦੀ ਕੁਰਬਾਨੀ ਦਿੱਤੀ ਜਾਂਦੀ ਹੈ। ਵੱਡੇ ਅਮੀਰ ਸਕੂਲਾਂ ਵਿਚ ਆਪਣੀ ਮਾਂ-ਬੋਲੀ ਦਾ ਕੋਈ ਸ਼ਬਦ ਬੋਲਣ ਵਾਲਿਆਂ ਨੂੰ ਜੁਰਮਾਨੇ ਤਾਰਨੇ ਪੈਂਦੇ ਹਨ। ਦਲੀਲ ਇਹ ਦਿੱਤੀ ਜਾਂਦੀ ਹੈ ਕਿ ਜੇ ਬੱਚੇ ਦੀ ਸੋਚ-ਨਾਲੀ ਵਿਚ ਮਾਂ-ਬੋਲੀ ਵਾਲੀ ਥਾਂ ਅੰਗਰੇਜ਼ੀ ਨਹੀਂ ਮੱਲ ਲੈਂਦੀ ਤਾਂ ਅੰਗਰੇਜ਼ੀ ਉਤੇ ਬੱਚੇ ਦਾ ਪੂਰਾ ਅਧਿਕਾਰ ਨਹੀਂ ਹੋ ਸਕਦਾ। ਇਹ ਕਿੰਨੀ ਬੋਦੀ, ਗੈਰ-ਵਿਗਿਆਨਕ ਤੇ ਦੇਸ਼-ਧਰੋਹੀ ਦਲੀਲ ਹੈ, ਸਾਰੇ ਭਾਸ਼ਾ ਵਿਗਿਆਨੀ ਜਾਣਦੇ ਹਨ ਪਰ ਸਾਡੇ ਮੰਤਰੀ, ਵੱਡੇ ਅਫ਼ਸਰ ਅਤੇ ਸਕੂਲਾਂ-ਕਾਲਜਾਂ ਦੇ ਬਹੁਤ ਸਾਰੇ ਅਧਿਆਪਕ ਜਾਂ ਤਾਂ ਜਾਣਦੇ ਨਹੀਂ, ਤੇ ਜਾਂ ਫਿਰ ਨਾ ਜਾਣਨ ਦਾ ਮਕਰ ਕਰਦੇ ਹਨ। ਉਹ ਦੁਨੀਆਂ ਦੇ ਪ੍ਰਬੀਨ ਮਨੋਵਿਗਿਆਨੀਆਂ, ਸਿੱਖਿਆ ਸ਼ਾਸਤਰੀਆਂ ਤੇ ਯੂਨੈਸਕੋ ਦੇ ਬਾਲ-ਭਾਸ਼ਾ ਮਾਹਿਰਾਂ ਦੀ ਵਾਰ-ਵਾਰ ਦ੍ਰਿੜਾਈ ਇੰਨੀ ਕੁ ਗੱਲ ਵੀ ਸੁਣਨ ਨੂੰ ਤਿਆਰ ਨਹੀਂ ਕਿ ਪਹਿਲਾਂ ਬੱਚੇ ਨੂੰ ਮੁੱਢਲੀ ਸਿੱਖਿਆ ਉਸ ਦੀ ਮਾਂ-ਬੋਲੀ ਵਿਚ ਪ੍ਰਪੱਕ ਕਰਾਓ, ਤੇ ਬਾਅਦ ਵਿਚ ਉਸ ਨੂੰ ਵਿਸ਼ੇਸ਼ ਅਧਿਆਪਕਾਂ ਤੇ ਲੈਬਾਰਟਰੀਆਂ ਰਾਹੀਂ ਜਿੰਨੀਆਂ ਦੇਸ਼ੀ ਤੇ ਵਿਦੇਸ਼ੀ ਬੋਲੀਆਂ ਸਿਖਾਉਣਾ ਚਾਹੋ, ਸਿਖਾ ਲਓ। ਇਸ ਤਰ੍ਹਾਂ ਸਾਡੇ ਬੱਚੇ ਜ਼ਿਹਨੀ ਗ਼ੁਲਾਮੀ ਤੋਂ ਵੀ ਬਚੇ ਰਹਿਣਗੇ ਅਤੇ ਅੰਗਰੇਜ਼ੀ ਸਮੇਤ, ਵਿਦੇਸ਼ੀ ਭਾਸ਼ਾਵਾਂ ਵੀ ਬੜੀ ਆਸਾਨੀ ਨਾਲ ਸਿੱਖ ਜਾਣਗੇ।

ਜਿਸ ਖਾਣ ਵਾਲੇ ਮੇਜ਼ ਦੁਆਲੇ ਸਾਨੂੰ ਬੈਠਣ ਲਈ ਇਸ਼ਾਰਾ ਕੀਤਾ ਗਿਆ, ਉਸ ਉਤੇ ਬੜੇ ਕਰੀਨੇ ਨਾਲ ਹਰ ਤਰ੍ਹਾਂ ਦੇ ਪਕਵਾਨਾਂ ਦੇ ਅੰਬਾਰ ਲੱਗੇ ਹੋਏ ਸਨ। ਕਈ ਤਰ੍ਹਾਂ ਦਾ ਮਾਸ। ਕਈ ਤਰ੍ਹਾਂ ਦੀ ਮੱਛੀ। ਮੱਛੀ ਦੇ ਛੋਟੇ ਅੰਗੂਰਾਂ ਜਿੱਡੇ ਅੰਡਿਆਂ ਦੇ ਢੇਰ। ਖ਼ੁਰਾਕ ਦੇ ਢੇਰਾਂ ਨੂੰ ਵੇਖ ਕੇ ਮੈਨੂੰ ਸਮਝ ਆ ਗਈ ਕਿ ਚਰਚ ਦੇ ਜਿੰਨੇ ਵੀ ਪਾਦਰੀ ਕਾਲੇ ਚੋਗੇ ਪਾਈ ਹਰ ਪਾਸੇ ਮੰਡਰਾ ਰਹੇ ਸਨ, ਉਨ੍ਹਾਂ ਦੇ ਸਰੀਰ ਦੁੰਬਿਆਂ ਵਰਗੇ ਧੈੜ-ਧੁੱਲੜ ਕਿਉਂ ਸਨ! ਕਰੀਬ-ਕਰੀਬ ਹਰ ਪਕਵਾਨ ਮਾਸ-ਮੱਛੀ ਦਾ ਬਣਿਆ ਹੋਇਆ ਸੀ ਪਰ ਪੇਟ-ਪੂਜਾ ਦੇ ਇਸ ਵਿਸ਼ਾਲ ਜ਼ਖ਼ੀਰੇ ਵਿਚੋਂ ਮੈਨੂੰ ਆਪਣੇ ਕੰਮ ਦੀ ਚੀਜ਼ ਲੱਭਣ ਵਿਚ ਕਾਫ਼ੀ ਮੁਸ਼ਕਲ ਪੇਸ਼ ਆ ਰਹੀ ਸੀ। ਮੈਂ ਮਾਸ-ਮੱਛੀ ਨਹੀਂ ਸੀ ਖਾਂਦਾ, ਅੰਡਾ ਵੀ ਨਹੀਂ ਸੀ ਖਾਂਦਾ। ਦਾਲ-ਸਬਜ਼ੀ ਦਾ ਸ਼ੌਕੀਨ ਸਾਂ ਪਰ ਇਨ੍ਹਾਂ ਦਾ ਕਿਤੇ ਨਾਂ-ਨਿਸ਼ਾਨ ਵੀ ਨਹੀਂ ਸੀ। ਮੈਨੂੰ ਬਾਬਰ ਦਾ ਕਥਨ ਯਾਦ ਆਇਆ: "ਇਹ ਹਿੰਦੁਸਤਾਨੀ ਅਜੀਬ ਲੋਕ ਨੇ, 'ਗ਼ੱਲਹ ਰਾ ਬਾ ਗ਼ੱਲਹ ਖ਼ੁਰੰਦ'- ਅਰਥਾਤ ਅੰਨ ਨੂੰ ਅੰਨ ਨਾਲ ਖਾਈ ਜਾਂਦੇ ਨੇ! ਉਸ ਦਾ ਹਕਾਰਤ ਭਰਿਆ ਇਸ਼ਾਰਾ ਕਣਕ ਦੀ ਰੋਟੀ ਨੂੰ ਦਾਲ ਨਾਲ ਖਾਣ ਵੱਲ ਸੀ। ਖ਼ੈਰ, ਮੈਂ ਕਿਸ਼ਮਿਸ਼ ਤੇ ਹੋਰ ਸੁੱਕੇ ਫਲਾਂ ਨਾਲ ਭਰੀ ਡਬਲਰੋਟੀ, ਹਰੇ ਕਚੂਚ ਖੀਰਿਆਂ, ਸ਼ਾਨਦਾਰ ਗੋਲ-ਗੋਲ ਟਮਾਟਰਾਂ, ਉਬਾਲੇ ਹੋਏ ਆਲੂਆਂ ਦੇ ਗੁੰਨ੍ਹੇ ਹੋਏ ਆਟੇ ਅਤੇ ਰਸੀਲੇ ਬੱਗੂ-ਗੋਸ਼ਿਆਂ ਤੇ ਅੰਗੂਰਾਂ ਨਾਲ ਆਪਣਾ ਢਿੱਡ ਸੰਤੁਸ਼ਟ ਕਰ ਲਿਆ। ਬਾਅਦ ਵਿਚ ਜਦੋਂ ਯੂਰਪ ਤੇ ਅਮਰੀਕਾ ਜਾਣ ਦਾ ਸਬਬ ਬਣਿਆ ਤਾਂ ਪਤਾ ਲੱਗਾ ਕਿ ਖਾਧ-ਖ਼ੁਰਾਕ ਦੇ ਮਾਮਲੇ ਵਿਚ ਹਰ ਥਾਂ ਮਾਸਾਹਾਰੀਆਂ ਦਾ ਰਾਜ ਹੈ।



*ਮਾਸਕੋ ਵਿਚ ਸਥਿਤ 'ਕ੍ਰਾਈਟ ਦਿ ਸੇਵੀਅਰ ਚਰਚ'*

ਇਥੋਂ ਵਿਹਲੇ ਹੋਏ ਤਾਂ ਫੇਰ ਬੱਸਾਂ ਸਾਨੂੰ ਢੋ ਕੇ ਕਾਨਫ਼ਰੰਸ ਵਾਲੇ ਟਿਕਾਣੇ ਉਤੇ ਲੈ ਗਈਆਂ। ਵੱਖ-ਵੱਖ ਬੁਲਾਰਿਆਂ ਨੇ ਆਪੋ-ਆਪਣੀਆਂ ਜ਼ਬਾਨਾਂ ਵਿਚ ਗੱਜ-ਵੱਜ ਕੇ ਅਮਨ ਅਤੇ ਇਨਸਾਫ਼ ਦੀਆਂ ਗੱਲਾਂ ਕਰਨੀਆਂ ਸ਼ੁਰੂ ਕੀਤੀਆਂ, ਤੇ ਸਰੋਤਿਆਂ ਨੇ ਆਪਣੀਆਂ ਪਸੰਦ ਦੀਆਂ ਭਾਸ਼ਾਵਾਂ ਵਿਚ ਕੰਨ-ਫ਼ੋਨਾਂ ਉਤੇ ਸੁਣੀਆਂ। ਡਾ. ਤਾਰਨ ਸਿੰਘ ਕਾਨਫ਼ਰੰਸ ਦੀ ਕਾਰਵਾਈ ਵਿਚ ਖੁੱਭ ਨਹੀਂ ਸਨ ਰਹੇ। ਹੋਰਨਾਂ ਨਾਲੋਂ ਅਲੱਗ-ਥਲੱਗ ਸ਼ਕਲਾਂ ਵਾਲੀਆਂ ਮੂਰਤੀਆਂ ਹੋਣ ਕਰਕੇ ਹਰ ਡੈਲੀਗੇਟ ਕਾਨਫ਼ਰੰਸ ਦੇ ਹਾਲ ਤੋਂ ਬਾਹਰ ਨਿਕਲਦੇ ਸਾਰ ਸਾਡੇ ਦੁਆਲੇ ਹੋਣਾ ਚਾਹੁੰਦਾ ਸੀ। ਡਾਕਟਰ ਸਾਹਿਬ ਕਿਸੇ ਨਾਲ ਘੁਲਣ-ਮਿਲਣ ਤੋਂ ਸੰਕੋਚ ਕਰਦੇ ਸਨ ਪਰ ਮੈਂ ਹਰ ਇਕ ਦੀ ਤਸੱਲੀ ਕਰਾਉਣ ਦਾ ਇੱਛੁਕ ਹੁੰਦਾ ਸਾਂ। ਸੋਵੀਅਤ ਰੂਸ ਦੇ ਮੁਸਲਮਾਨ ਇਲਾਕਿਆਂ ਤੋਂ ਆਏ ਡੈਲੀਗੇਟਾਂ ਦਾ ਵੱਡਾ ਸਵਾਲ ਹੁੰਦਾ ਸੀ, "ਮੁਸਲਮਾਨ!"

ਮੇਰਾ ਜਵਾਬ ਹੁੰਦਾ ਸੀ, "ਮੁਸਲਮਾਨ ਦੋਸਤ, ਸਿੱਖ।"

ਡਾਕਟਰ ਸਾਹਿਬ ਆਪਣੇ ਦਿਲ ਦੇ ਗੰਭੀਰ ਰੋਗ ਤੋਂ ਡਰਦੇ ਮੇਲ-ਜੋਲ ਤੋਂ ਕੰਨੀਂ ਕਤਰਾਉਂਦੇ ਸਨ। ਜਦ ਵੀ ਦਾਅ ਲੱਗਦਾ, ਉਹ ਭੀੜ ਵਿਚੋਂ ਨਿਕਲ ਕੇ ਆਪਣੇ ਹੋਟਲ ਵਿਚ ਆਰਾਮ ਕਰਨ ਲਈ ਪਹੁੰਚ ਜਾਂਦੇ। ਉਸ ਸ਼ਾਮ ਨੂੰ ਪ੍ਰਬੰਧਕਾਂ ਵੱਲੋਂ ਡੈਲੀਗੇਟਾਂ ਨੂੰ ਮਾਸਕੋ ਤੇ ਇਸ ਦੇ ਆਲੇ-ਦੁਆਲੇ ਦੀਆਂ ਕੁਝ ਵੇਖਣਯੋਗ ਥਾਂਵਾਂ 'ਤੇ ਲਿਜਾਣ ਦਾ ਪ੍ਰਬੰਧ ਕੀਤਾ ਗਿਆ ਸੀ। ਮੈਂ ਪੁੱਛਗਿੱਛ ਵਾਲਿਆਂ ਨੂੰ ਜਾ ਕੇ ਕਿਹਾ, "ਮੈਨੂੰ ਮਾਸਕੋ ਦੇ ਨੇੜੇ ਕਿਸੇ ਵੀ ਧਰਮ ਦਾ ਕੋਈ ਇਤਿਹਾਸਕ ਸਥਾਨ ਵਿਖਾ ਦਿਓ।"

ਮੈਥੋਂ ਪਹਿਲਾਂ ਦੋ-ਚਾਰ ਡੈਲੀਗੇਟ ਹੋਰ ਵੀ ਖੜ੍ਹੇ ਸਨ ਜਿਨ੍ਹਾਂ ਨੇ ਈਸਾਈ ਧਰਮ ਦਾ ਕੋਈ ਗੜ੍ਹ ਵੇਖਣ ਦੀ ਇੱਛਾ ਪ੍ਰਗਟਾਈ ਹੋਵੇਗੀ। ਸੋ, ਸਾਨੂੰ ਵੈਗਨ ਉਤੇ ਮਾਸਕੋ ਤੋਂ ਤਕਰੀਬਨ 75 ਮੀਲ ਦੂਰ, ਜਾਗੋਰਸਕ ਨਾਂ ਵਾਲੇ ਪੁਰਾਣੇ ਈਸਾਈ ਸਥਾਨ ਉਤੇ ਲੈ ਗਏ। ਵੈਗਨ ਤੋਂ ਉਤਰੇ ਤਾਂ ਸਾਹਮਣੇ ਕਿਸੇ ਕਿਲੇ ਦੀਆਂ ਉਚੀਆਂ ਕੰਧਾਂ ਵਿਚ ਘਿਰੀ ਇਮਾਰਤ ਦਾ ਉਚਾ ਵੱਡਾ ਪ੍ਰਵੇਸ਼ ਦੁਆਰਾ ਦਿਸਿਆ ਜੋ ਚੌੜ-ਚਪੱਟ ਖੁੱਲ੍ਹਾ ਸੀ। ਡਰਾਈਵਰ ਨੇ ਉਧਰ ਉਂਗਲ ਕਰ ਕੇ ਸਾਨੂੰ ਖੁੱਲ੍ਹੀ ਛੁੱਟੀ ਦੇ ਦਿੱਤੀ। ਦੁਆਰ ਵੱਲ ਵੇਖਦਿਆਂ ਮੇਰਾ ਧਿਆਨ ਖਿੱਚਿਆ, ਇਕ ਬੁੱਢੀ ਮਾਈ ਨੇ। ਉਹ ਦੁਆਰ ਦੇ ਇਕ ਪਾਸੇ ਦੀ ਚੌੜੀ ਕੰਧ 'ਤੇ ਆਪਣਾ ਕੂਲਾ ਹੱਥ ਫੇਰ ਕੇ ਉਸ ਨੂੰ ਆਪਣੀਆਂ ਅੱਖਾਂ ਤੇ ਮੂੰਹ ਸਿਰ ਉਤੇ ਫੇਰ ਰਹੀ ਸੀ। ਫੇਰ ਉਸ ਨੇ ਦੁਆਰ ਦੇ ਦੂਜੇ ਪਾਸੇ ਜਾ ਕੇ ਉਸੇ ਤਰ੍ਹਾਂ ਕੰਧ ਉਤੇ ਹੱਥ ਫੇਰ ਕੇ ਅੱਖਾਂ ਤੇ ਮੂੰਹ ਸਿਰ ਉਤੇ ਮਲਿਆ ਤੇ ਬਾਹਰ ਨਿਕਲ ਪਈ। ਮੈਂ ਅੰਦਾਜ਼ਾ ਲਾ ਲਿਆ ਕਿ ਉਥੇ 'ਈਸਾ ਮਸੀਹ' ਤੇ 'ਮੈਰੀ' ਦੀਆਂ ਤਸਵੀਰਾਂ ਹੋਣਗੀਆਂ। ਗੂੰਗੀ ਸ਼ਰਧਾ ਨੇ ਜਦੋਂ ਆਪਣੇ ਅੰਦਰਲੇ ਦਾ ਪ੍ਰਗਟਾਵਾ ਕਰਨਾ ਹੁੰਦਾ ਹੈ ਤਾਂ ਸਾਰੀ ਦੁਨੀਆਂ ਵਿਚ ਸਮਾਨ ਮੁਦਰਾਵਾਂ ਵਾਲੀਆਂ ਹਰਕਤਾਂ ਕਰਦੀ ਹੈ। ਬੁੱਢੀ ਵਾਲਾ ਇਹੀ ਅਮਲ ਹਿੰਦ-ਪਾਕਿ ਵਿਚ ਰੋਜ਼ ਵੇਖਿਆ ਜਾ ਸਕਦਾ ਹੈ।

ਵਿਹੜੇ ਦੇ ਅੰਦਰ ਕਦਮ ਧਰਿਆ ਤਾਂ ਪਤਾ ਲੱਗਾ ਕਿ ਮੁੱਢਲੇ ਪੁਜਾਰੀਆਂ ਨੇ ਬੜੀ ਲੰਮੀ-ਚੌੜੀ ਥਾਂ ਘੇਰੀ ਹੋਈ ਸੀ। ਦੱਸਿਆ ਜਾਂਦਾ ਹੈ ਕਿ ਇਹੀ ਥਾਂ ਸੀ ਜਿਥੇ ਰੂਸ ਵਿਚ ਈਸਾਈ ਧਰਮ ਦੇ ਪਹਿਲੇ ਪ੍ਰਚਾਰਕ ਨੇ ਆ ਕੇ ਡੇਰਾ ਲਾਇਆ ਸੀ। ਅੰਦਰ ਕਈ ਨਵੀਆਂ-ਪੁਰਾਣੀਆਂ ਉਸਾਰੀਆਂ ਹੋਈਆਂ ਬਿਲਡਿੰਗਾਂ ਦਿਸ ਰਹੀਆਂ ਸਨ। ਇਕ ਪਾਸੇ ਬਹੁਤੀ ਰੌਣਕ ਵੇਖ ਕੇ ਮੈਂ ਵੀ ਓਧਰ ਹੀ ਹੋ ਲਿਆ। ਇਹ ਗਿਰਜਾ ਸੀ ਜਿਸ ਅੰਦਰ ਬੜੀ ਭੀੜ ਸੀ। ਸਭ ਸ਼ਰਧਾਲੂ ਖੜ੍ਹੇ ਸਨ। ਮੈਂ ਵੀ ਘੁਸੜ-

*(ਅਗਲੇ ਸਫੇ 'ਤੇ ਜਾਰੀ)*

ਘਸੜ ਕੇ ਅਗਲੀ ਪਾਲ ਵਿਚ ਜਾ ਖੜ੍ਹਾ ਹੋਇਆ। ਖੱਬੇ ਪਾਸੇ 'ਈਸਾ ਮਸੀਹ' ਤੇ 'ਮੈਰੀ' ਦੀਆਂ ਖ਼ਾਲਸ ਸੋਨੇ ਦੀਆਂ ਕੱਦਾਵਰ ਮੂਰਤੀਆਂ ਸਨ। ਸਾਹਮਣੇ ਨੌਜਵਾਨ ਮੁੰਡਿਆਂ ਦਾ ਜਥਾ ਕੀਰਤਨ ਕਰ ਰਿਹਾ ਸੀ। ਆਲੇ-ਦੁਆਲੇ ਦੇ ਲੋਕਾਂ ਵਿਚ ਮੈਂ ਅੰਦਾਜ਼ਾ ਲਾਇਆ ਕਿ ਜ਼ਿਆਦਾ ਤਾਂ ਬੁੱਢੇ ਸਨ ਪਰ ਜਵਾਨਾਂ ਦੀ ਗਿਣਤੀ ਵੀ ਕਾਫ਼ੀ ਸੀ। ਮੈਨੂੰ ਇਸ ਉਤੇ ਕੁਝ ਹੈਰਾਨੀ ਹੋਈ ਕਿਉਂਕਿ ਸਰਕਾਰ ਨੂੰ ਧਰਮ ਦੇ ਵਿਰੁਧ ਪ੍ਰਚਾਰ ਕਰਦਿਆਂ ਕਾਫ਼ੀ ਸਾਲ ਹੋ ਚੁੱਕੇ ਸਨ।

ਉਥੋਂ ਨਿਕਲੇ ਤਾਂ ਮੈਨੂੰ ਕਾਲੇ ਚੋਗੇ ਵਾਲਾ ਪਾਦਰੀ ਨੇੜਿਓਂ ਲੰਘਦਾ ਦਿਸਿਆ। ਮੈਂ ਉਸ ਨੂੰ ਰੋਕ ਕੇ ਮੁਆਫ਼ੀ ਮੰਗਦਿਆਂ ਪੁੱਛਿਆ, "ਕੀ ਤੁਸੀਂ ਅੰਗਰੇਜ਼ੀ ਜਾਣਦੇ ਹੋ?" ਉਸ ਨੇ ਹਾਮੀ ਭਰੀ, ਮੈਂ ਉਸ ਨੂੰ ਪੁੱਛਿਆ, "ਇਥੇ ਪੂਜਾ ਲਈ ਚਰਚ ਤਾਂ ਹੈ ਪਰ ਕੀ ਈਸਾਈ ਧਰਮ ਦੀ ਬਾਕਾਇਦਾ ਸਿੱਖਿਆ ਦੇਣ ਦਾ ਕੋਈ ਪ੍ਰਬੰਧ ਵੀ ਹੈ?"

ਉਹ ਮੈਨੂੰ ਨਵੀਂ ਬਣੀ ਹੋਈ ਇਮਾਰਤ ਵੱਲ ਲੈ ਲਿਆ। ਇਹ ਉਨ੍ਹਾਂ ਦੀ 'ਸੈਮੀਨਰੀ' ਸੀ। ਸੁੰਦਰ ਪਲਾਟ ਦੇ ਦੁਆਲੇ ਖ਼ੂਬਸੂਰਤ ਕਮਰੇ ਬਣੇ ਹੋਏ ਸਨ ਜਿਥੇ ਜਮਾਤਾਂ ਲੱਗਦੀਆਂ ਸਨ। ਹਾਈ ਸਕੂਲ ਦੇ ਬਾਅਦ ਛੇ ਸਾਲ ਦਾ ਕੋਰਸ ਸੀ।

"ਦਾਖ਼ਲੇ ਵੇਲੇ ਸਾਨੂੰ ਕਈ ਵਾਰੀ ਕੇਂਦਰੀ ਵਜ਼ੀਰਾਂ ਦੀਆਂ ਸਿਫ਼ਾਰਸ਼ਾਂ ਵੀ ਰੱਦ ਕਰਨੀਆਂ ਪੈਂਦੀਆਂ ਹਨ," ਮੈਨੂੰ ਪਾਦਰੀ ਦੇ ਇਹ ਸ਼ਬਦ ਸੁਣ ਕੇ ਹੋਰ ਵੀ ਹੈਰਾਨੀ ਹੋਈ। ਮਾਰਕਸਵਾਦੀ ਨਾਸਤਿਕ ਸਰਕਾਰ ਦੇ ਵਜ਼ੀਰ ਰੂਸੀ ਔਰਥੋਡੌਕਸ ਚਰਚ ਦੀ ਸੈਮੀਨਾਰੀ ਦੇ ਛੇ-ਸਾਲਾ ਪ੍ਰੋਗਰਾਮ ਵਿਚ ਆਪਣੇ ਕਿਸੇ ਅਜ਼ੀਜ਼ ਨੂੰ ਦਾਖ਼ਲ ਕਰਾਉਣ ਦੇ ਇੱਛਕ ਹੋਣ! ਮੇਰੇ ਮੂੰਹ ਉਤੇ ਅਵਿਸ਼ਵਾਸ ਦਾ ਪੋਚਾ ਫਿਰਿਆ ਵੇਖ ਕੇ ਪਾਦਰੀ ਬੋਲਿਆ, "ਕਾਰਨ ਇਹ ਹੈ ਕਿ ਪਿੰਡਾਂ ਤੇ ਸ਼ਹਿਰਾਂ ਦੇ ਚਰਚਾਂ ਵਿਚ ਲੱਗਣ ਵਾਲੇ ਸਾਡੇ ਗਰੈਜੂਏਟਾਂ ਨੂੰ ਸਰਕਾਰੀ ਡਾਕਟਰਾਂ, ਇੰਜੀਨੀਅਰਾਂ ਤੇ ਯੂਨੀਵਰਸਿਟੀਆਂ ਦੇ ਲੈਕਚਰਾਰਾਂ ਨਾਲੋਂ ਵੱਧ ਤਨਖ਼ਾਹ ਮਿਲਦੀ ਹੈ।"

ਮੈਂ ਕਿਹਾ, "ਤੁਹਾਨੂੰ ਸਰਕਾਰ ਵੱਲੋਂ ਤਾਂ ਕਿਸੇ ਤਰ੍ਹਾਂ ਦੀ ਮਾਲੀ ਇਮਦਾਦ ਮਿਲਦੀ ਨਹੀਂ, ਫੇਰ ਤੁਹਾਡੇ ਪਾਸ ਇੰਨੇ ਪੈਸੇ ਕਿੱਥੋਂ ਆਉਂਦੇ ਨੇ?"

"ਸ਼ਰਧਾਲੂਆਂ ਪਾਸੋਂ। ਸਾਡੇ ਚਰਚਾਂ ਵਿਚ ਹੀ ਨਹੀਂ, ਮੁਸਲਮਾਨਾਂ ਦੀਆਂ ਮਸੀਤਾਂ ਦੇ ਮੌਲਵੀਆਂ ਨੂੰ ਵੀ ਸਰਕਾਰ ਵੱਲੋਂ ਨਿਸ਼ਚਿਤ, ਘੱਟ ਤੋਂ ਘੱਟ ਤਨਖ਼ਾਹ ਤੋਂ ਸੌ ਰੂਬਲ ਵੱਧ ਤਨਖ਼ਾਹ ਮਿਲਦੀ ਹੈ। ਸਰਕਾਰ ਦੇ ਦੋ ਸੌ ਰੂਬਲ, ਪਾਦਰੀਆਂ-ਮੌਲਵੀਆਂ ਦੇ ਤਿੰਨ ਸੌ ਰੂਬਲ ਮਾਹਵਾਰ।"

ਇਹ ਸੂਚਨਾ ਨਾ ਤਾਂ ਮੇਰੇ ਕਿਸੇ ਸੋਵੀਅਤ ਰੂਸ ਤੋਂ ਆਏ ਲੇਖਕ ਮਿੱਤਰ ਨੇ ਮੇਰੇ ਤੱਕ ਪਹੁੰਚਾਈ ਸੀ ਅਤੇ ਨਾ ਸੋਵੀਅਤ ਰੂਸ ਦੇ ਕਿਸੇ ਪ੍ਰਚਾਰਕ ਸਰੋਤ ਤੋਂ ਹੀ ਮਿਲੀ ਸੀ। ਬਾਅਦ ਵਿਚ ਜਦੋਂ ਮੈਨੂੰ ਦੂਜੀ ਵਾਰ ਸੋਵੀਅਤ ਰੂਸ ਦੇ ਇਸਲਾਮੀ ਭਾਗ ਵੱਲ ਜਾਣ ਦਾ ਮੌਕਾ ਮਿਲਿਆ ਤਾਂ ਮੇਰੇ ਪੁੱਛਣ ਉਤੇ ਇਸਲਾਮਿਕ ਬੋਰਡ ਦੇ ਮੁਖੀ ਨੇ ਪਾਦਰੀ ਦੀ ਦਿੱਤੀ ਸੂਚਨਾ ਦੀ ਪ੍ਰੋੜ੍ਹਤਾ ਕੀਤੀ ਸੀ।

ਡੂੰਘੀ ਸ਼ਾਮ ਹੋ ਚੁੱਕੀ ਸੀ। ਬਿਜਲੀਆਂ ਜਗ ਚੁੱਕੀਆਂ ਸਨ ਜਦੋਂ ਮੈਂ ਪਾਦਰੀ ਦਾ ਸ਼ੁਕਰੀਆ ਕਰ ਕੇ ਕਾਹਲੀ-ਕਾਹਲੀ ਆਪਣੀ ਉਡੀਕ ਕਰ ਰਹੀ ਵੈਨ ਵੱਲ ਉਲਰਿਆ। ਡਰਾਈਵਰ ਰੂਸੀ ਵਿਚ ਕੁਝ ਬੁੜਬੁੜਾਇਆ। ਮੁਸਾਫ਼ਰ ਵੀ ਜੋ ਮੇਰੇ ਨਾਲ ਚਰਚ ਵੇਖਣ ਗਏ ਸਨ, ਮੂੰਹ ਸੁਜਾਈ ਬੈਠੇ ਸਨ। ਸਭ ਪਾਸੋਂ ਮੁਆਫ਼ੀ ਮੰਗ ਕੇ ਮੈਂ ਖ਼ਾਲੀ ਸੀਟ ਉਤੇ ਬੈਠਾ ਸੋਚੀਂ ਪੈ ਗਿਆ, ਧਰਮ ਤੇ ਸਰਕਾਰਾਂ; ਤੱਥ ਤੇ ਮਿੱਥ; ਅੱਖਾਂ ਤੇ ਕੰਨ; ਵਗ਼ੈਰਾ ਵਗ਼ੈਰਾ।

ਕਾਨਫਰੰਸ ਦੀ ਹਰ ਬੈਠਕ ਵਿਚ ਮੈਂ ਹਾਜ਼ਰ ਤਾਂ ਹੁੰਦਾ ਰਿਹਾ ਪਰ ਪਹਿਲੇ ਦਿਨ ਹੀ ਚਾਨਣ ਹੋ ਗਿਆ ਕਿ ਹਰ ਬੁਲਾਰੇ ਨੇ ਚਿੱਥੀਆਂ ਨੂੰ ਹੀ ਚਗਲਣਾ ਹੈ। ਇਸ ਲਈ ਦਿਲਚਸਪੀ ਕੁਝ ਪੇਤਲੀ ਪੈਂਦੀ ਗਈ। ਡਾ. ਤਾਰਨ ਸਿੰਘ ਤਾਂ ਮੇਰੇ ਨਾਲੋਂ ਵੀ ਘੱਟ ਧਿਆਨ ਦਿੰਦੇ ਸਨ।

ਇਕ ਸ਼ਾਮ ਪਤਾ ਲੱਗਾ ਕਿ ਪ੍ਰਾਹੁਣਿਆਂ ਨੂੰ ਇਸਲਾਮੀ ਇਲਾਕੇ ਦੀਆਂ ਯਾਦਗਾਰਾਂ ਵਿਖਾਉਣ ਵਾਸਤੇ ਹਵਾਈ ਜਹਾਜ਼ ਵਿਚ ਲਿਜਾਇਆ ਜਾਣਾ ਹੈ। ਇੱਛਕਾਂ ਨੂੰ ਆਪਣੇ ਨਾਂ ਦਰਜ ਕਰਵਾਉਣ ਲਈ ਕਿਹਾ ਗਿਆ। ਮੈਂ ਵੀ ਚਾਹਵਾਨਾਂ ਵਿਚ ਜਾ ਖੜ੍ਹਾ ਹੋਇਆ। ਮੇਰੀ ਵਾਰੀ ਆਈ ਤਾਂ ਮੈਨੂੰ ਪੁੱਛਿਆ ਗਿਆ, "ਮੁਸਲਿਮ!" ਮੈਂ ਆਪਣਾ ਮੰਤਰ ਦੁਹਰਾਉਂਦਿਆਂ ਕਿਹਾ, "ਮੁਸਲਿਮ ਦੋਸਤ, ਸਿੱਖ।" ਮੇਰੇ ਮੂੰਹੋਂ ਇਹ ਨਿਕਲਣ ਦੀ ਦੇਰ ਸੀ ਕਿ ਮੇਰਾ ਪੱਤਾ ਕੱਟਿਆ ਗਿਆ। ਐਮ.ਏ. ਫ਼ਾਰਸੀ ਦੀ ਤਿਆਰੀ ਵੇਲੇ ਮੱਧ ਏਸ਼ੀਆ ਦੇ ਅੱਧ-ਪਚੱਧ ਇਤਿਹਾਸ ਨਾਲ ਬਦੋਬਦੀ ਵਾਕਫ਼ੀ ਹੋ ਗਈ ਸੀ। ਇਸ ਲਈ ਬੁਖ਼ਾਰਾ, ਸਮਰਕੰਦ ਅਤੇ ਤਾਸ਼ਕੰਦ ਵਰਗੇ ਜਾਣੇ-ਪਛਾਣੇ ਸ਼ਹਿਰਾਂ ਨੂੰ ਵੇਖਣ ਦੀ ਮੇਰੀ ਬੜੀ ਤੀਬਰ ਇੱਛਾ ਸੀ ਪਰ ਕੀ ਪਤਾ ਸੀ ਕਿ ਸੋਵੀਅਤ ਰੂਸ ਦੇ ਮੁਸਲਮਾਨਾਂ ਦਾ ਬੋਰਡ ਵੀ ਇੰਨਾ ਤੰਗਦਿਲ ਹੋਵੇਗਾ ਕਿ ਕਿਸੇ ਗ਼ੈਰ-ਮੁਸਲਮਾਨ ਨੂੰ ਇਸਲਾਮੀ ਇਲਾਕਿਆਂ ਦੇ ਦਰਸ਼ਨ ਕਰਾਉਣ ਤੋਂ ਵੀ ਸੰਕੋਚ ਕਰੇਗਾ! ਮਜ਼ਹਬ ਚੀੜ੍ਹਾ ਹੈ ਤਾਂ ਉਸ ਨਾਲ ਚਿੰਬੜੇ ਨਿਸ਼ੇਧ ਜਾਂ ਕਥਿਤ ਨਿਸ਼ੇਧ ਉਸ ਤੋਂ ਵੱਧ ਚੀੜ੍ਹੇ ਹੁੰਦੇ ਹਨ।

ਅਗਲੇ ਦਿਨ ਮਾਸਕੋ ਦੇ ਨੇੜੇ ਵਗਦੇ ਮਸਕਵਾ ਦਰਿਆ ਦੀ ਸੈਰ ਦੇ ਪ੍ਰੋਗਰਾਮ ਦਾ ਐਲਾਨ ਹੋਇਆ। ਇਹੀ ਦਰਿਆ ਹੈ ਜਿਸ ਦੇ ਕੰਢੇ ਉਤੇ ਮਾਸਕੋ ਨੇ ਆਪਣੇ ਜਨਮ ਦੇ ਦਿਨ ਤੋਂ ਵੱਸਣਾ ਸ਼ੁਰੂ ਕੀਤਾ ਹੋਵੇਗਾ। ਸ਼ਾਮ ਨੂੰ ਸਾਨੂੰ ਬੱਸਾਂ ਦਰਿਆ ਦੇ ਕੰਢੇ ਲੈ ਗਈਆਂ। ਵੱਡੀ ਸਾਰੀ ਬੇੜੀ ਜਾਂ ਕਹਿ ਲਓ, ਛੋਟਾ ਜਹਾਜ਼ ਤਿਆਰ ਖੜ੍ਹਾ ਸੀ। ਹੋਰਨਾਂ ਦੇ ਨਾਲ ਮੈਂ ਵੀ ਉਸ ਵਿਚ ਜਾ ਵੜਿਆ। ਮੇਰਾ ਬੜਾ ਜੀਅ ਕਰੇ ਕਿ ਡਾ. ਤਾਰਨ ਸਿੰਘ ਹੁਰੀਂ ਮੇਰੇ ਨਾਲ ਹੋਣ ਤਾਂ ਜੋ ਆਪੋ-ਵਿਚੀ ਕੋਈ ਪ੍ਰਭਾਵ ਸਾਂਝੇ ਕਰ ਸਕੀਏ। ਪਰ ਅਫ਼ਸੋਸ, ਉਹ ਦਰਿਆਈ ਸੈਰ ਲਈ ਵੀ ਨਹੀਂ ਸਨ ਜਾ ਸਕੇ। ਮੈਂ ਇਕੱਲਾ ਤੁਰ-ਫਿਰ ਕੇ ਪਹਿਲਾਂ ਤਾਂ ਜਹਾਜ਼ ਵੇਖਿਆ। ਕਮਰੇ ਵਿਚ ਮੇਜ਼ਾਂ ਉਤੇ ਪਕਵਾਨਾਂ ਅਤੇ ਫਲਾਂ ਦੇ ਢੇਰ ਲੱਗੇ ਵੇਖੇ। ਇਹ ਸਭ ਸਾਡੇ ਲਈ ਸਨ। ਮੈਨੂੰ ਜਦ ਕਦੇ ਤੇ ਜਿਥੇ ਵੀ ਉਦਰ-ਪੂਰਤੀ ਲਈ ਲਿਜਾਇਆ ਗਿਆ, ਮੈਂ ਆਪਣੇ ਆਪ ਨੂੰ ਔਰਥੋਡੌਕਸ ਚਰਚ ਦੀ ਬੇਓੜਕ ਪ੍ਰਾਹੁਣਚਾਰੀ ਦੇ ਭਾਰ ਥੱਲੇ ਦੱਬਿਆ-ਦੱਬਿਆ ਮਹਿਸੂਸ ਕਰਦਾ ਰਿਹਾ। ਇਹ ਖ਼ਿਆਲ ਵੀ ਆਉਂਦਾ ਕਿ ਜਦੋਂ ਅਸੀਂ ਤੁਰ ਜਾਵਾਂਗੇ ਤਾਂ ਖਾਧ-ਖ਼ੁਰਾਕ ਦੇ ਬਚੇ ਹੋਏ ਅੰਬਾਰਾਂ ਦਾ ਕੀ ਕਰਨਗੇ? ਇਸ ਮੁਲਕ ਵਿਚ ਸੋਵੀਅਤ ਸਰਕਾਰ ਅਨੁਸਾਰ, ਗ਼ਰੀਬ-ਗ਼ੁਰਬਿਆਂ ਦੀ ਕੋਈ ਵੱਖਰੀ ਮਾਜਰੀ ਜਾਂ ਬਸਤੀ ਤਾਂ ਰਹੀ ਨਹੀਂ ਸੀ ਜਿਥੋਂ ਆਪਣੀਆਂ ਟੱਡੀਆਂ ਹੋਈਆਂ ਝੋਲੀਆਂ ਵਿਚ ਰੰਗ-ਬਰੰਗੀਆਂ ਨਿਆਮਤਾਂ ਪਵਾਉਣ ਲਈ ਸੈਂਕੜੇ ਨਰ-ਨਾਰੀਆਂ ਨੇ ਨਿਕਲ ਆਉਣਾ ਸੀ। ਪਾਦਰੀ ਆਪ ਕਿੰਨਾ ਕੁ ਖਾ ਸਕਣਗੇ? ਉਹ ਤਾਂ ਅੱਗੇ ਹੀ ਧੌਣਾਂ ਤੋਂ ਧੁੰਨੀਆਂ ਤਕ ਆਫਰੇ ਹੋਏ ਪੇਟ ਹੀ ਬਣੇ ਹੋਏ ਸਨ। ਉਨ੍ਹਾਂ ਵਿਚ ਕਿਸੇ ਵੀ ਹੋਰ ਸ਼ੈਅ ਦੇ ਪ੍ਰਵੇਸ਼ ਦੀ ਥਾਂ ਹੀ ਕਿੱਥੇ ਸੀ?



ਮਾਇਆ ਪਾਲੀਸੇਤਸਕਾਯਾ

ਚਰਚ ਨੇ ਸਾਡੀ ਆਖ਼ਰੀ ਸ਼ਾਮ, ਅਭੁੱਲ ਕ੍ਰਿਸ਼ਮੇ ਲਈ ਸੁਰੱਖਿਅਤ ਕੀਤੀ ਹੋਈ ਸੀ। ਸਾਨੂੰ ਬੋਲਸ਼ੋਈ ਥੀਏਟਰ ਵਿਚ ਲਿਜਾਇਆ ਜਾਣਾ ਸੀ। ਮਾਸਕੋ ਦੇ ਬੋਲਸ਼ੋਈ ਥੀਏਟਰ, ਉਸ ਦੇ ਬੈਲੇ, ਖ਼ਾਸ ਕਰਕੇ 'ਸਵੈਨ ਲੇਕ' ਅਤੇ ਉਸ ਦੀ ਮੁੱਖ ਬੈਲਰੀਨਾ ਮਾਇਆ ਪਲੀਸੇਤਸਕਾਯਾ ਦੀ ਪ੍ਰਸ਼ੰਸਕ ਚਰਚਾ ਭਾਰਤ ਦੇ ਮੀਡੀਆ ਵਿਚ ਆਮ ਹੁੰਦੀ ਰਹਿੰਦੀ ਸੀ। ਬਲਵੰਤ ਗਾਰਗੀ ਦੇ ਨਾਟਕੀ ਅੰਦਾਜ਼ ਵਿਚ ਇਸ ਥੀਏਟਰ ਬਾਰੇ ਬੋਲੇ ਸ਼ਬਦ ਮੇਰੇ ਜ਼ਿਹਨ ਵਿਚ ਗੂੰਜਦੇ ਰਹਿੰਦੇ ਸਨ। ਮੈਂ ਤਾਂ ਸੁਫ਼ਨੇ ਵਿਚ ਵੀ ਨਹੀਂ ਸਾਂ ਸੋਚ ਸਕਦਾ ਕਿ ਮੈਂ ਆਪਣੀ ਹਯਾਤੀ ਵਿਚ ਅਸਲੀ ਬੋਲਸ਼ੋਈ ਵਿਚ ਅਸਲੀ ਬੈਲਰੀਨਾ ਮਾਇਆ ਪਲੀਸੇਤਸਕਾਯਾ ਦੀ ਅਗਵਾਈ ਵਿਚ 'ਸਵੈਨ ਲੇਕ' ਵਰਗੇ ਬੈਲੇ ਦੇ ਦਰਸ਼ਨ ਆਪਣੀਆਂ ਅੱਖਾਂ ਨਾਲ ਕਰ ਸਕਾਂਗਾ। ਇਹ ਸੁਫ਼ਨਾ ਰੂਸੀ ਔਰਥੋਡੌਕਸ ਚਰਚ ਦੇ ਦੂਰਅੰਦੇਸ਼ ਪ੍ਰਬੰਧਕਾਂ ਨੇ ਆਪਣੇ ਪ੍ਰਾਹੁਣਿਆਂ ਲਈ ਸਾਕਾਰ ਕਰ ਦਿੱਤਾ ਸੀ। ਵਾਹ! ਕੈਸਾ ਕ੍ਰਿਸ਼ਮਾ ਵਾਪਰ ਰਿਹਾ ਸੀ! ਮੈਨੂੰ ਯਕੀਨ ਹੈ ਕਿ ਜਿਸ ਵੀ ਡੈਲੀਗੇਟ ਨੇ ਉਸ ਸ਼ਾਮ ਦੀ ਅਦਾਕਾਰੀ ਦੇ ਦਰਸ਼ਨ ਕੀਤੇ ਸਨ, ਉਹ ਆਪਣੀ ਉਮਰ ਦੇ ਅਖ਼ੀਰਲੇ ਸਾਹ ਤਕ, ਮਨੁੱਖੀ ਕਲਾ ਦੀ ਸਿਖਰਲੀ ਕਮਾਈ ਦੀ ਝਲਕ ਨੂੰ ਨਹੀਂ ਭੁਲਾ ਸਕਿਆ ਹੋਣਾ!! ਮੈਨੂੰ ਅਫ਼ਸੋਸ ਹੋਇਆ ਕਿ ਆਪਣੀ ਨਾਸਾਜ਼ ਤਬੀਅਤ ਕਰਕੇ ਮੇਰੇ ਸਾਥੀ ਡਾ. ਤਾਰਨ ਸਿੰਘ, ਧਰਤੀ ਉਤੇ ਸੁਰਗ ਦਾ ਨਜ਼ਾਰਾ ਆਪਣੀਆਂ ਅੱਖਾਂ ਨਾਲ ਨਾ ਵੇਖ ਸਕੇ।

ਜਦੋਂ ਸਾਨੂੰ ਨਾਟ-ਘਰ ਦੇ ਸਾਹਮਣੇ ਬੱਸਾਂ ਤੋਂ ਉਤਾਰਿਆ ਗਿਆ ਤਾਂ ਸ਼ੋਅ ਦੇ ਸ਼ੁਰੂ ਹੋਣ ਵਿਚ ਪੰਦਰਾਂ ਕੁ ਮਿੰਟ ਬਾਕੀ ਸਨ। ਮੈਂ ਇਕਦਮ ਹਾਲ ਦੇ ਅੰਦਰ ਵੜਨ ਦੀ ਥਾਂ ਬਾਹਰ ਖੜ੍ਹੇ ਉਡੀਕਵਾਨਾਂ ਦੀਆਂ ਇੱਛਾਵਾਂ ਨੂੰ ਭਾਂਪਣ ਲਈ ਬਾਹਰ ਹੀ ਟਹਿਲਣ ਲੱਗ ਪਿਆ। ਸਾਨੂੰ ਤਾਂ ਪ੍ਰਬੰਧਕਾਂ ਵੱਲੋਂ ਸਟੇਜ ਦੇ ਨੇੜੇ ਦੀਆਂ ਸੀਟਾਂ ਦੇ ਪਾਸ ਮਿਲੇ ਹੋਏ ਸਨ ਪਰ ਬਾਹਰਲੀ ਭੀੜ, ਹੱਥਾਂ ਵਿਚ ਟਿਕਟਾਂ ਤੋਂ ਦੂਣੇ-ਤੀਣੇ ਨੋਟ ਫੜੀ ਇਸ ਆਸ ਵਿਚ ਖੜ੍ਹੀ ਸੀ ਕਿ ਸ਼ਾਇਦ ਕੋਈ ਟਿਕਟ ਵੇਚਣ ਵਾਲੀ ਸਵਾਰੀ ਬਲੈਕ ਵਿਚ ਕਮਾਈ ਕਰਨ ਦੀ ਖ਼ਾਤਰ ਹਾਲ ਤੋਂ ਬਾਹਰ ਆ ਜਾਵੇ।

ਸਾਫ਼ ਦਿੱਸ ਰਿਹਾ ਸੀ ਕਿ ਹਾਲ ਦੀਆਂ ਸੀਟਾਂ ਪਹਿਲਾਂ ਬੁੱਕ ਹੋ ਚੁੱਕੀਆਂ ਸਨ, ਫੇਰ ਵੀ ਕਿਸਮਤ ਅਜ਼ਮਾਈ ਲਈ ਬੈਲੇ ਦੇ ਆਸ਼ਿਕਾਂ ਦੀ ਭੀੜ ਹਾਲ ਦੇ ਦੁਆਲੇ ਮੰਡਰਾ ਰਹੀ ਸੀ।

ਪਹਿਲੀ ਘੰਟੀ ਵੱਜੀ ਤਾਂ ਮੈਂ ਆਪਣੀ ਸੀਟ ਲੱਭਣ ਲਈ ਦੌੜ ਕੇ ਹਾਲ ਦੇ ਅੰਦਰ ਵੜਿਆ। ਦਰਬਾਨ ਨੇ ਮੇਰਾ ਪਾਸ ਵੇਖ ਕੇ ਸਟੇਜ ਦੇ ਨੇੜੇ ਹੀ ਸੀਟ ਉਤੇ ਮੈਨੂੰ ਜਾ ਬਿਠਾਇਆ। ਅਗਲੀਆਂ ਸੀਟਾਂ ਪ੍ਰਾਹੁਣਿਆਂ ਲਈ ਰਾਖਵੀਆਂ ਸਨ। ਮੈਂ ਜ਼ਿੰਦਗੀ ਵਿਚ ਪਹਿਲਾ ਬੈਲੇ ਵੇਖ ਰਿਹਾ ਸਾਂ ਪਰ ਕੁਦਰਤ ਦੇ ਵਾਰੇ-ਵਾਰੇ ਜਾਈਏ ਕਿ ਇਸ ਕਲਾ ਨਾਲ ਮੇਰੀ ਪਹਿਲੀ ਜਾਣ-ਪਛਾਣ ਦੁਨੀਆਂ ਦੇ ਸਭ ਤੋਂ ਉਤਮ ਨਮੂਨੇ ਨਾਲ ਕਰਵਾਈ ਜਾ ਰਹੀ ਸੀ। ਅਜੇ ਬੈਲੇ ਸ਼ੁਰੂ ਨਹੀਂ ਸੀ ਹੋਇਆ, ਪਰ ਵਿਗਸ ਚੁੱਕੇ ਦਰਸ਼ਕ-ਸਭਿਆਚਾਰ ਦਾ ਇਹ ਹਾਲ ਸੀ ਕਿ ਕਿਸੇ ਪਾਸਿਓਂ ਚੂੰ ਦੀ ਆਵਾਜ਼ ਵੀ ਨਹੀਂ ਸੀ ਆ ਰਹੀ। ਕੋਈ ਹਿਲਜੁਲ ਨਹੀਂ ਸੀ ਹੋ ਰਹੀ। ਕੋਈ ਕਿਸੇ ਨੂੰ ਹਾਕ ਨਹੀਂ ਸੀ ਮਾਰ ਰਿਹਾ, ਤੇ ਨਾ ਕੋਈ ਮੂੰਗਫਲੀ ਜਾਂ ਕੋਕਾ-ਕੋਲਾ ਵੇਚਣ ਵਾਲਾ ਫੇਰੀ ਲਾ ਰਿਹਾ ਸੀ। ਸਾਡੇ ਦਰਸ਼ਕਾਂ ਨੂੰ ਕਲਾ ਦੀ ਉਡੀਕ ਵਿਚ ਇਸ ਤਰ੍ਹਾਂ ਦਾ ਅਦਬ-ਸਤਿਕਾਰ ਵਾਲਾ ਵਿਹਾਰ ਧਾਰਨ ਵਿਚ ਪਤਾ ਨਹੀਂ ਕਿੰਨਾ ਸਮਾਂ ਲੱਗੇਗਾ!

ਬੈਲੇ ਸ਼ੁਰੂ ਹੋਇਆ ਤਾਂ ਸਭ ਦੇ ਸਾਹ ਸੂਤੇ ਗਏ। ਇਉਂ ਲੱਗਦਾ ਸੀ ਕਿ ਸਟੇਜ ਨੂੰ ਛੱਡ ਕੇ ਸਾਰੇ ਹਾਲ ਵਿਚ ਮੌਤ ਦਾ ਸੰਨਾਟਾ ਛਾ ਗਿਆ ਹੈ। ਮਨੁੱਖੀ ਸਰੀਰ ਨੂੰ ਇੱਛਿਤ ਮੁਦਰਾ ਵਿਚ ਕਿਸ ਸਰਲ ਪ੍ਰਬੀਨਤਾ ਨਾਲ ਢਾਲਿਆ ਜਾ ਸਕਦਾ ਹੈ, ਹਰ ਕਲਾਕਾਰ ਇਸ ਦਾ ਸਬੂਤ ਬਣ ਕੇ ਸਾਹਮਣੇ ਆ ਰਿਹਾ ਸੀ। ਕਹਾਣੀ ਚੱਲ ਰਹੀ ਸੀ, ਨਾਚ ਰਾਹੀਂ, ਮੁਦਰਾਵਾਂ ਰਾਹੀਂ, ਹਾਵਾਂ-ਭਾਵਾਂ ਦੇ ਅਬੋਲ ਪ੍ਰਗਟਾਵਿਆਂ ਰਾਹੀਂ। ਦਰਸ਼ਕ, ਪੇਸ਼ਾਵਾਰਾਨਾ ਉਤਮਤਾ ਨੇ ਕੀਲੇ ਪਏ ਸਨ। ਲੱਗਦਾ ਸੀ ਕਿ ਅੱਖਾਂ ਨੂੰ ਆਪਣਾ ਝਪਕਣ ਵਾਲਾ ਕੁਦਰਤੀ ਅਮਲ ਭੁੱਲ ਗਿਆ ਹੈ। ਵੇਖ ਕੇ ਸਮਝ ਆ ਰਹੀ ਸੀ ਕਿ ਕਿੱਥੇ ਸਿਆਸੀ ਦਰਾੜਾਂ ਦੇ ਬਾਵਜੂਦ ਇਸ ਕਲਾ ਦੀ ਆਪ-ਮੁਹਾਰੀ ਵਿਸ਼ਵਵਿਆਪੀ ਸ਼ੋਭਾ ਕਿਉਂ ਹੋ ਰਹੀ ਸੀ।

ਬੈਲੇ ਮੁੱਕਿਆ ਤਾਂ ਲੋਕਾਂ ਨੇ ਕਲਾਕਾਰਾਂ ਦੇ ਸਤਿਕਾਰ ਵਿਚ ਖੜ੍ਹੇ ਹੋ ਕੇ ਤਾੜੀਆਂ ਮਾਰੀਆਂ ਤੇ ਜਿੰਨਾ ਚਿਰ ਉਹ ਸਟੇਜ ਉਤੇ ਨਿਉਂ-ਨਿਉਂ ਦਰਸ਼ਕਾਂ ਦੀ ਪ੍ਰਸ਼ੰਸਾ ਦਾ ਉਤਰ ਦਿੰਦੇ ਰਹੇ, ਤਾੜੀਆਂ ਬੰਦ ਨਾ ਹੋਈਆਂ। ਖੜ੍ਹੇ ਹੋ ਕੇ ਤਾੜੀਆਂ ਤਾਂ ਮੈਂ ਵੀ ਮਾਰੀਆਂ, ਬੇਵੱਸ ਹੋ ਕੇ। ਤਾੜੀਆਂ ਦੀ ਇਕਸਾਰ ਤਾਲ ਦੀ ਘਨਘੋਰਤਾ ਵਿਚ ਅਚੇਤ ਤੌਰ ਉਤੇ ਸ਼ਾਮਲ ਹੋਣ ਲਈ, ਪਰ ਮੇਰਾ ਸਮੁੱਚਾ ਆਪਾ ਕਲਾ ਦੇ ਉਸ ਸ਼੍ਰੋਮਣੀ ਬਲਕਿ ਪਰਾ-ਮਾਨਵੀ ਵਿਖਾਲੇ ਵਿਚ ਲੀਨ ਹੋਇਆ ਪਿਆ ਸੀ, ਤਾੜੀਆਂ ਜਿਸ ਦੀ ਸਮਾਪਤੀ ਦਾ ਐਲਾਨ ਕਰ ਰਹੀਆਂ ਸਨ।

ਮੈਨੂੰ ਕੋਈ ਫ਼ਿਲਮ ਵੇਖੀ ਨੂੰ ਬੜਾ ਚਿਰ ਹੋ ਗਿਆ ਹੈ। ਜਿਹੜੀਆਂ ਵੇਖੀਆਂ ਸਨ, ਉਨ੍ਹਾਂ ਵਿਚੋਂ ਕਿਸੇ ਵਿਰਲੀ ਦਾ ਕੋਈ ਦ੍ਰਿਸ਼ ਮੇਰੇ ਮਨ-ਮੰਚ ਨੂੰ ਆ ਮੱਲਦਾ ਹੈ ਪਰ ਜ਼ਿੰਦਗੀ ਵਿਚ ਪਹਿਲਾ ਬੈਲੇ ਵੇਖਿਆ ਤੇ ਤਿੰਨ ਦਹਾਕੇ ਲੰਘ ਜਾਣ ਦੇ ਬਾਅਦ ਵੀ ਇਹ ਮੇਰੇ ਮਾਨਸਿਕ ਮੰਚ ਨੂੰ ਖ਼ਾਲੀ ਨਹੀਂ ਕਰ ਰਿਹਾ। ਮੇਰਾ ਯਕੀਨ ਬਣਦਾ ਜਾ ਰਿਹਾ ਹੈ ਕਿ 'ਸਵੈਨ ਲੇਕ' ਵਾਲੀ ਕਲਾ ਨਿਪੁੰਨਤਾ ਕਿਸੇ ਆਰਥਿਕ ਜਾਂ ਸਿਆਸੀ ਨਿਜ਼ਾਮ ਦਾ ਨਤੀਜਾ ਘੱਟ ਤੇ ਕਲਾਕਾਰਾਂ ਵਿਚ ਆਪੋ-ਆਪਣੀ ਕਲਾ ਨੂੰ ਸਿਖਰ ਤਕ ਪਹੁੰਚਾਉਣ ਲਈ ਨਿਰਵਿਘਨ ਆਪਾ-ਸਮਰਪਣ ਦੀ ਲਗਨ ਦਾ ਨਤੀਜਾ ਵੱਧ ਸੀ। ਜੋ ਵੀ ਸੀ, ਉਨ੍ਹਾਂ ਮ੍ਰਿਤ ਤੇ ਜੀਵਤ ਡਾਇਰੈਕਟਰਾਂ ਤੇ ਕਲਾਕਾਰਾਂ ਲਈ ਮੇਰੇ ਅੰਦਰੋਂ ਅਸੀਸਾਂ ਹੀ ਨਿਕਲਦੀਆਂ ਹਨ ਜਿਨ੍ਹਾਂ ਦੀ ਘਾਲ ਨੇ ਸੁੰਦਰ ਸੁਡੌਲ ਮਨੁੱਖੀ ਸਰੀਰਾਂ ਨੂੰ ਸੁਹਜ ਤੇ ਖੇੜਾ ਉਪਜਾਉਣ, ਸੁੱਚਾ ਕਰੁਣਾ ਰਸ ਪੈਦਾ ਕਰਨ ਤੇ ਧੁਰ ਅੰਦਰ ਤਕ ਝੰਜੋੜ ਸੁੱਟਣ ਜੋਗੇ ਬਣਾ ਲਿਆ ਸੀ। ਮੈਨੂੰ ਕਰਨਜੀਤ ਹੁਰਾਂ ਬੈਲੇ ਦੀ ਮੂਲ ਕਹਾਣੀ ਦਾ ਸਾਰ ਵੀ ਭੇਜ ਦਿੱਤਾ। ਸੁਕੀਰਤ ਨੇ ਦੱਸਿਆ ਹੈ ਕਿ 19ਵੀਂ ਸਦੀ ਦੇ ਪ੍ਰਸਿੱਧ ਸੰਗੀਤਕਾਰ ਚਾਈਕੋਵਸਕੀ ਨੇ ਬੈਲੇ ਦਾ ਸੰਗੀਤ ਤਿਆਰ ਕੀਤਾ ਸੀ।

ਮੇਰੀ ਬੜੀ ਰੀਝ ਸੀ ਕਿ ਮੈਂ ਵਾਪਸੀ ਤੋਂ ਪਹਿਲਾਂ-ਪਹਿਲਾਂ ਲੈਨਿਨ ਦੇ ਸਾਂਭੇ ਹੋਏ ਸਰੀਰ ਨੂੰ ਆਪਣੀਆਂ ਅੱਖਾਂ ਨਾਲ ਵੇਖ ਲਵਾਂ ਪਰ ਸਪਸ਼ਟ ਕਾਰਨਾਂ ਕਰਕੇ ਚਰਚ ਵਾਲਿਆਂ ਨੇ ਇਸ ਮੱਦ ਨੂੰ ਆਪਣੇ ਪ੍ਰੋਗਰਾਮ ਵਿਚ ਨਹੀਂ ਸੀ ਰੱਖਿਆ ਤੇ ਮੇਰਾ ਜਾਣੂੰ ਕੋਈ ਅਜਿਹਾ ਸੋਵੀਅਤ ਮਿਹਰਬਾਨ ਹੈ ਨਹੀਂ ਸੀ ਜੋ ਮੇਰੀ ਬਾਂਹ ਫੜਦਾ ਤੇ ਕਿਊ ਤੋੜ ਕੇ ਮੈਨੂੰ ਲੈਨਿਨ ਦੇ ਰੂਬਰੂ ਜਾ ਖੜ੍ਹਾ ਕਰਦਾ। ਸੋ, ਕਈ ਹੋਰ ਰੀਝਾਂ ਦੀ ਤਰ੍ਹਾਂ ਇਹ ਰੀਝ ਵੀ ਬੇਮੁਰਾਦ ਹੀ ਰਹੀ।

ਹੁਣ ਤਕ ਮੈਂ ਆਪਣੇ ਪਹਿਲੇ ਸੋਵੀਅਤ ਰੂਸ ਦੇ ਸਫ਼ਰ ਨੂੰ ਕਾਨਫ਼ਰੰਸ ਦੇ ਅੰਦਰ ਦੀ ਥਾਂ, ਕਾਨਫ਼ਰੰਸ ਤੋਂ ਬਾਹਰ ਦੇ ਰੰਗ-ਤਮਾਸ਼ਿਆਂ ਵਿਚ ਵਧੇਰੇ ਉਲਝਾਈ ਰੱਖਿਆ ਹੈ। ਅਸਲ ਵਿਚ ਕਾਨਫ਼ਰੰਸਾਂ ਅਤੇ ਉਨ੍ਹਾਂ ਵਿਚ ਪਾਸ ਕੀਤੇ ਗਏ ਨੇਕ-ਨੀਅਤ ਮਤਿਆਂ ਬਾਰੇ ਮੇਰਾ ਵਤੀਰਾ ਕੁਝ ਵਧੇਰੇ ਹੀ ਸਨਕੀ ਹੋ ਚੁੱਕਾ ਸੀ। ਯੂ.ਐਨ.ਓ. ਦੀ ਜ਼ਿੰਦਾ ਮਿਸਾਲ ਸਭ ਦੇ ਸਾਹਮਣੇ ਹੈ। ਸੈਂਕੜੇ ਸਾਲ ਪਹਿਲਾਂ ਈਰਾਨ ਦਾ ਮਹਾ ਕਵੀ ਫ਼ਿਰਦੌਸੀ ਮੇਰੇ ਪ੍ਰਤੀਕਰਮ ਨੂੰ ਅਦੁੱਤੀ ਸੰਜਮ ਨਾਲ ਬਿਆਨ ਕਰ ਗਿਆ ਹੈ। ਉਸ ਦੇ ਸ਼ਾਹਨਾਮੇ ਵਿਚ ਤੁਕ ਹੈ:

ਨਸ਼ਿਸਤੰਦ, ਗੁਫ਼ਤੰਦ ਬਰਖ਼ਾਸਤੰਦ
ਅਰਥਾਤ: ਬੈਠੇ, ਬੋਲੇ, ਗਏ।

ਕਾਨਫ਼ਰੰਸ ਹੋਈ। ਬੁਲਾਰਿਆਂ ਉਤੇ ਕੋਈ ਕੁੰਡਾ ਨਹੀਂ ਸੀ, ਜੋ ਮਰਜ਼ੀ ਬੋਲੋ। ਤੀਜੇ ਦਿਨ ਡੈਲੀਗੇਟਾਂ ਦੀਆਂ ਦੇਸਵਾਰ ਟੋਲੀਆਂ ਬਣਾ ਕੇ ਉਨ੍ਹਾਂ ਨੂੰ ਕਾਨਫ਼ਰੰਸ ਦੇ ਮੁੱਦਿਆਂ ਬਾਰੇ ਆਪਣੇ ਪ੍ਰਤੀਕਰਮ ਅਤੇ ਸੁਝਾਅ ਦੇਣ ਲਈ ਕਿਹਾ ਗਿਆ। ਭਾਰਤੀ ਟੋਲੀ ਦੇ ਮੁਖੀ ਸਨ ਸਵਾਮੀ ਰੰਗਾਚਾਰੀਆ ਜੋ ਬੜੇ ਪ੍ਰਭਾਵਸ਼ਾਲੀ ਬੁਲਾਰੇ ਸਨ। ਇਸ ਟੋਲੀ ਦੀ ਬੈਠਕ ਵਿਚ ਸਵਾਮੀ ਨੇ ਜੋ ਮਤਾ ਪੇਸ਼ ਕੀਤਾ, ਉਹ ਨਿਰੋਲ ਗਾਂਧੀਵਾਦੀ ਸੀ। ਮੈਂ ਜ਼ੋਰ ਦਿੱਤਾ ਕਿ ਗੁਰੂ ਗੋਬਿੰਦ ਸਿੰਘ ਦੇ ਫ਼ਲਸਫ਼ੇ ਨੂੰ ਵੀ ਭਾਰਤੀ ਮਤੇ ਵਿਚ ਥਾਂ ਦਿੱਤੀ ਜਾਏ।

# ਸੰਗੀਤ ਤੇ ਸ਼ੁਗਲਾਂ ਦਾ ਸੁਮੇਲ ਪੰਡਿਤ ਭੀਮਸੈਨ ਜੋਸ਼ੀ



ਗੁਰਬਚਨ ਸਿੰਘ ਭੁੱਲਰ

ਇਕ ਦਿਨ ਗਰਾਮੋਫ਼ੋਨ ਰਿਕਾਰਡਾਂ ਦੀ ਦੁਕਾਨ ਦੇ ਮਾਲਕ ਨੇ ਲੰਘੇ ਜਾਂਦੇ ਬੰਦੇ ਨੂੰ ਰੋਕ ਕੇ ਕਿਹਾ, "ਮਾਸਟਰ, ਤੇਰਾ ਮੁੰਡਾ ਬਹੁਤ ਵਧੀਆ ਗਾਉਂਦਾ ਹੈ। ਤੂੰ ਨਹੀਂ ਕਦੀ ਸੁਣਿਆ? ਸਕੂਲ ਦੀ ਛੁੱਟੀ ਹੁੰਦਿਆਂ ਹੀ ਉਹ ਮੇਰੀ ਦੁਕਾਨ ਵਿਚ ਆ ਬੈਠਦਾ ਹੈ। ਜਿਹੜਾ ਤਵਾ ਉਹ ਕੁਝ ਵਾਰ ਸੁਣ ਲਵੇ, ਉਸ ਨੂੰ ਹੂ-ਬ-ਹੂ ਗਾ ਦਿੰਦਾ ਹੈ।" ਉਹ ਬੰਦਾ ਗੁਰੁਰਾਜ ਜੋਸ਼ੀ ਸੀ ਅਤੇ ਉਸਦਾ ਪੁੱਤਰ ਭਵਿੱਖ ਦਾ ਭਾਰਤ ਰਤਨ ਭੀਮਸੈਨ ਜੋਸ਼ੀ!

88 ਸਾਲ ਦੀ ਉਮਰ ਬਿਤਾ ਕੇ ਪੂਰੇ ਹੋਏ ਪੰਡਿਤ ਭੀਮਸੈਨ ਜੋਸ਼ੀ ਜਿੰਨੇ ਵੱਡੇ ਕਲਾਕਾਰ ਸਨ, ਉਨੇ ਹੀ ਸਰਲ ਤੇ ਸਾਦਾ ਮਨੁੱਖ ਸਨ। ਉਹ ਦੋ ਸੰਸਾਰਾਂ ਦੇ ਵਾਸੀ ਸਨ ਪਰ ਇਕ ਸੰਸਾਰ ਤੋਂ ਦੂਜੇ ਵਿਚ ਪੁੱਜਣਾ ਉਨ੍ਹਾਂ ਲਈ ਬਹੁਤ ਹੀ ਸਹਿਜ ਕਾਰਜ ਸੀ। ਇਕ ਸੰਸਾਰ ਸੰਗੀਤ ਦਾ ਸੀ ਜਿਸ ਵਿਚ ਉਨ੍ਹਾਂ ਨੇ ਉੱਚੀਆਂ ਸਿਖਰਾਂ ਛੋਹੀਆਂ ਅਤੇ ਬੇਸ਼ੁਮਾਰ ਸੰਗੀਤ-ਪ੍ਰੇਮੀਆਂ ਦੇ ਦਿਲਾਂ ਉੱਤੇ ਰਾਜ ਕੀਤਾ। ਦੂਜਾ ਸੰਸਾਰ ਆਮ ਮਨੁੱਖੀ ਸ਼ੁਗਲਾਂ ਅਤੇ ਸ਼ੌਕਾਂ ਦਾ ਸੀ ਜੋ ਉਨ੍ਹਾਂ ਨੇ ਰੱਜ-ਰੱਜ ਮਾਣੇ। ਇਨ੍ਹਾਂ ਵਿਚ ਫੁਟਬਾਲ, ਯੋਗ ਅਤੇ ਤੈਰਾਕੀ ਤੋਂ ਇਲਾਵਾ ਵਧੀਆ ਖਾਣਾ ਤੇ ਜੀਅ ਭਰ ਕੇ ਪੀਣਾ ਸ਼ਾਮਲ ਸੀ। ਉਨ੍ਹਾਂ ਦੇ ਸਭ ਤੋਂ ਵੱਧ ਕਿੱਸੇ ਕਾਰਾਂ ਦੇ ਸ਼ੌਕ ਦੇ ਹਨ। ਦੂਰ-ਦੂਰ ਤੱਕ ਜਿਹੜੇ ਨਗਰ ਉਨ੍ਹਾਂ ਦੀ ਕਾਰ ਦੀ ਮਾਰ ਵਿਚ ਆਉਂਦੇ, ਉਹ ਆਪਣੇ ਸਾਜ਼ਿੰਦਿਆਂ ਨੂੰ ਬਿਠਾ ਕੇ ਸਟੇਅਰਿੰਗ ਆਪ ਸੰਭਾਲਦੇ। ਉਨ੍ਹਾਂ ਦੇ ਇਕ ਪੁਰਾਣੇ ਸਾਥੀ ਦਾ ਕਹਿਣਾ ਹੈ, "ਜਦੋਂ ਉਹ ਕਾਰ ਚਲਾਉਂਦੇ, ਟੁੱਟੀ ਹੋਈ ਜਾਂ ਤਿਲ੍ਹਕਣੀ ਸੜਕ, ਖੱਡਿਆਂ, ਸਾਹਮਣਿਓਂ ਆਉਂਦੇ ਵਾਹਨਾਂ, ਅਵਾਰਾ ਪਸ਼ੂਆਂ ਦੀ ਕੱਖ ਪਰਵਾਹ ਨਹੀਂ ਸੀ ਕਰਦੇ। ਦੋ ਕੁ ਵਾਰ ਤਾਂ ਕਿਸਮਤ ਨੇ ਹੀ ਬਚਾਏ ਪਰ ਫੇਰ ਉਹ ਕੁਝ-ਕੁਝ ਸੰਭਲ ਕੇ ਕਾਰ ਚਲਾਉਣ ਲੱਗੇ।" ਜਦੋਂ ਕਿਤੇ ਵਧੇਰੇ ਦੂਰ ਜਾਣਾ ਪੈਂਦਾ, ਉਹ ਆਖਦੇ, ਮੇਰੀ ਮਰਸਿਡੀਜ਼ ਵਿਲੰਬਿਤ ਤਾਲ ਦੀ ਚਾਲ ਚੱਲਦੀ ਹੈ ਅਤੇ ਹਵਾਈ ਯਾਤਰਾ ਕਰਦੇ ਲੋਕ ਆਖਦੇ ਸਵਾਈ ਗੰਧਰਵ ਦਾ ਸ਼ਿਸ਼ ਹਵਾਈ ਗੰਧਰਵ ਬਣ ਗਿਆ ਹੈ। ਉਹ ਕਹਿੰਦੇ ਸਨ, ਜੇ ਮੈਂ ਸੰਗੀਤਕਾਰ ਨਾ ਹੁੰਦਾ, ਮੌਜ ਨਾਲ ਸਾਰਾ ਜੀਵਨ ਮਕੈਨਿਕ ਵਜੋਂ ਕਾਰਾਂ ਦੇ ਇੰਜਣ ਸਟਾਰਟ ਕਰਦਿਆਂ ਬਿਤਾ ਦਿੰਦਾ।

ਉਹ ਅਧਿਆਪਕ ਪਿਤਾ ਦੇ 16 ਬੱਚਿਆਂ ਵਿਚੋਂ ਇਕ ਸਨ। ਗਿਆਰਾਂ ਸਾਲ ਦੀ ਉਮਰ ਵਿਚ ਉਸਤਾਦ ਅਬਦੁਲ ਕਰੀਮ ਖ਼ਾਂ ਦੀ ਠੁਮਰੀ 'ਪੀਆ ਬਿਨ ਨਾਹੀਂ ਆਵਤ ਚੈਨ' ਸੁਣ ਕੇ ਇੰਨੇ ਮੋਹੇ ਗਏ ਕਿ ਘਰ-ਬਾਰ ਛੱਡ ਕੇ ਕਿਸੇ ਅਜਿਹੇ ਉਸਤਾਦ ਦੀ ਭਾਲ ਵਿਚ ਤੁਰ ਪਏ ਜੋ ਇਹੋ ਜਿਹਾ ਗਾਉਣਾ ਸਿਖਾ ਦੇਵੇ। ਉਹ 14 ਸਾਲ ਦੇ ਸਨ ਜਦੋਂ ਪੰਡਿਤ ਰਾਮਭਾਊ ਕੁੰਡਗੋਲਕਰ ਜਿਨ੍ਹਾਂ ਨੂੰ ਲੋਕ ਸਵਾਈ ਗੰਧਰਵ ਆਖਦੇ ਸਨ, ਨੇ ਉਨ੍ਹਾਂ ਨੂੰ ਸ਼ਿਸ਼ ਵਜੋਂ ਸਵੀਕਾਰ ਕੀਤਾ। ਉਨ੍ਹਾਂ ਦੀ ਆਵਾਜ਼ ਵਿਚ ਲੋਹੜੇ ਦੀ ਲੋਚ-ਲਚਕ ਸੀ। ਜਦੋਂ 1985 ਵਿਚ ਦੂਰਦਰਸ਼ਨ ਨੇ ਕੌਮੀ ਇਕਜੁੱਟਤਾ ਦਾ ਅਮਰ ਗੀਤ 'ਮਿਲੇ ਸੁਰ ਮੇਰਾ ਤੁਮਹਾਰਾ' ਪੇਸ਼ ਕਰਨਾ ਸ਼ੁਰੂ ਕੀਤਾ, ਉਸ ਦੀਆਂ ਆਰੰਭਕ ਸਤਰਾਂ ਦਾ ਗਾਇਕ ਹੋਣ ਕਰਕੇ ਉਨ੍ਹਾਂ ਦੀ ਜਾਦੂਈ ਆਵਾਜ਼ ਘਰ-ਘਰ ਪਹੁੰਚ ਗਈ।

ਉਹ ਗੁਰੂ-ਸ਼ਿਸ਼ ਦੀ ਭਾਰਤੀ ਪਰੰਪਰਾ ਦੇ ਦ੍ਰਿੜ੍ਹ ਹਮਾਇਤੀ ਸਨ। ਉਨ੍ਹਾਂ ਨੂੰ ਫ਼ਿਕਰ ਸੀ ਕਿ ਯੂਨੀਵਰਸਿਟੀਆਂ ਵਿਚ ਹੋਰ ਵਿਸ਼ਿਆਂ ਵਾਂਗ ਮਹਿਜ਼ ਵਿਸ਼ਾ ਸਮਝ ਕੇ ਦਿੱਤੀ ਜਾਂਦੀ ਸੰਗੀਤ ਦੀ ਸਿੱਖਿਆ ਇਸ ਦੇ ਰਸ ਨੂੰ ਪਤਲਾ ਪਾ ਦੇਵੇਗੀ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਕਲਾ ਦੀ ਸਿੱਖਿਆ ਗੁਰੂ ਦੀ ਸਖ਼ਤ ਮਰਿਆਦਾ ਰਾਹੀਂ ਹੀ ਪ੍ਰਾਪਤ ਹੋ ਸਕਦੀ ਹੈ। ਗੁਰੂ-ਸ਼ਿਸ਼ ਪਰੰਪਰਾ ਵਿਚ ਉਨ੍ਹਾਂ ਦਾ ਇਹ ਵਿਸ਼ਵਾਸ ਗੁਰੂ ਬਣ ਜਾਣ ਪਿੱਛੋਂ ਨਹੀਂ ਸੀ ਬਣਿਆ ਸਗੋਂ ਸ਼ਿਸ਼ ਹੋਣ ਸਮੇਂ ਵੀ ਉਨ੍ਹਾਂ ਦਾ ਵਿਸ਼ਵਾਸ ਇਹੋ ਸੀ। ਉਨ੍ਹਾਂ ਦੇ ਪਿਤਾ ਨੇ ਲਿਖਿਆ ਹੈ ਕਿ ਇਕ ਵਾਰ ਉਹ ਸਵਾਈ ਗੰਧਰਵ ਤੋਂ ਸਿਖਲਾਈ ਲੈ ਰਹੇ ਬੇਟੇ ਨੂੰ ਮਿਲਣ ਗਏ ਤਾਂ ਉਹ ਸਿਰ ਉੱਤੇ ਪਾਣੀ ਦਾ ਵੱਡਾ ਘੜਾ ਚੁੱਕੀ ਜਾ ਰਿਹਾ ਸੀ। ਉਸ ਦੀਆਂ ਅੱਖਾਂ ਲਾਲ ਸਨ, ਉਹ ਮੂੰਹ ਰਾਹੀਂ ਸਾਹ ਲੈ ਰਿਹਾ ਸੀ ਅਤੇ ਉਸ ਦੀਆਂ ਪੁੜਪੁੜੀਆਂ ਦੀਆਂ ਨਾੜਾਂ ਉਭਰੀਆਂ ਹੋਈਆਂ ਸਨ। ਉਸ ਨੂੰ ਤੇਜ਼ ਬੁਖ਼ਾਰ ਸੀ। ਪਿਤਾ ਗੁੱਸੇ ਹੋ ਕੇ ਸਿੱਧੇ ਸਵਾਈ ਗੰਧਰਵ ਕੋਲ ਪੁੱਜੇ ਅਤੇ ਬੋਲੇ, ਉਸ ਨੂੰ ਬੁਖ਼ਾਰ ਹੈ ਤੇ ਤੁਸੀਂ ਉਸ ਤੋਂ ਪਾਣੀ ਢੁਆ ਰਹੇ ਹੋ! ਗੁਰੂ ਜੀ ਨੇ ਦੋ ਪਲ ਘੂਰ ਕੇ ਦੇਖਿਆ, ਫੇਰ ਬੋਲੇ, ਜੇ ਮੇਰੀ ਕਾਰਜਸ਼ੈਲੀ ਨਾਲ ਕੋਈ ਸਮੱਸਿਆ ਹੈ, ਆਪਣੇ ਬੇਟੇ ਨੂੰ ਬੜੀ ਖ਼ੁਸ਼ੀ ਨਾਲ ਘਰ ਲੈ ਜਾਓ। ਭੀਮਸੈਨ ਨੇ ਪਿਤਾ ਨੂੰ ਪਾਸੇ ਲਿਜਾ ਕੇ ਕਿਹਾ, ਮੈਂ ਇੱਥੇ ਖ਼ੁਸ਼ ਹਾਂ, ਤੁਸੀਂ ਚਿੰਤਾ ਨਾ ਕਰੋ ਤੇ ਬਹਿਸ ਵਿਚ ਨਾ ਪਵੋ, ਸਗੋਂ ਹੁਣੇ ਹੀ ਘਰ ਮੁੜ ਜਾਓ! ਤਦੇ ਤਾਂ ਉਨ੍ਹਾਂ ਦੇ ਚਲਾਣੇ ਮਗਰੋਂ ਪ੍ਰਸਿੱਧ ਬੰਸਰੀ-ਵਾਦਕ ਪੰਡਿਤ ਹਰੀਪ੍ਰਸਾਦ ਚੌਰਸੀਆ ਨੇ ਕਿਹਾ ਸੀ ਕਿ "ਪੰਡਿਤ ਜੀ ਕਲਾਸੀਕਲ ਸੰਗੀਤ ਦੀ ਦੁਨੀਆਂ ਦੇ ਸੰਤ ਸਨ। ਉਹ ਜਦੋਂ ਗਾਉਂਦੇ ਸਨ, ਸੁਣਨ ਵਾਲਾ ਹੋਰ ਸਭ ਕੁਝ ਵਿਸਰ ਜਾਂਦਾ ਸੀ।"

# ਕਰੀਰ ਦੀ ਢਿੰਗਰੀ

*ਪੰਜਾਬੀ ਸਾਹਿਤ ਵਿਚ ਦਿਲਚਸਪੀ ਰੱਖਣ ਵਾਲਾ ਹਰ ਪਾਠਕ "ਮੜੀ ਦਾ ਦੀਵਾ" ਨਾਵਲ ਦੇ ਲੇਖਕ ਗੁਰਦਿਆਲ ਸਿੰਘ ਤੋਂ ਵਾਕਿਫ ਹੈ। ਗੁਰਦਿਆਲ ਸਿੰਘ ਦੀਆਂ ਲਿਖਤਾਂ ਵਿਚ ਭਾਵੇਂ ਉਹ ਨਾਵਲ "ਮੜੀ ਦਾ ਦੀਵਾ" ਹੋਵੇ ਜਾਂ "ਪਰਸਾ"–ਮਾਲਵੇ ਦੇ ਠੇਠ ਪੇਂਡੂ ਸਭਿਆਚਾਰ ਦੀ ਝਲਕ ਮਿਲਦੀ ਹੈ। ਗੁਰਦਿਆਲ ਸਿੰਘ ਨੂੰ ਬੇਸ਼ਕ ਨਾਵਲਕਾਰ ਦੇ ਤੌਰ 'ਤੇ ਹੀ ਵਧੇਰੇ ਮਾਨਤਾ ਹਾਸਲ ਹੋਈ ਹੈ ਪਰ ਉਸ ਦੀਆਂ ਕਹਾਣੀਆਂ ਵੀ ਕੋਈ ਘੱਟ ਪਾਏਦਾਰ ਨਹੀਂ। ਕਹਾਣੀ ਸੰਗ੍ਰਿਹ 'ਓਪਰਾ ਘਰ' ਵਿਚੋਂ ਲਈ ਗਈ ਇਹ ਕਹਾਣੀ "ਕਰੀਰ ਦੀ ਢਿੰਗਰੀ" ਵੀ ਪੰਜਾਬ ਦੇ ਮਾਲਵਾ ਖੇਤਰ ਦੇ ਪੇਂਡੂ ਜੀਵਨ ਉਤੇ ਇਕ ਝਲਕ ਪਾਉਂਦੀ ਹੈ। –ਸੰਪਾਦਕ*

**ਗੁਰਦਿਆਲ ਸਿੰਘ**

ਬਲੰਤੋ ਦੇ ਸਹੁਰੇ ਤੇ ਦਿਉਰ, ਮਾਘੀ ਨੇ ਸ਼ਰਾਬ ਨਾਲ ਰੱਜ ਕੇ ਰਾਤ ਫੇਰ ਗਾਲ੍ਹਾਂ ਦਿੱਤੀਆਂ ਸਨ। ਉਹਦੀ ਬਰਾਬਰ ਦੀ ਧੀ ਕੋਲ ਪਈ ਸੀ ਪਰ ਉਨ੍ਹਾਂ ਪਿਉ–ਪੁੱਤਾਂ ਨੂੰ ਸ਼ਰਮ ਨਹੀਂ ਸੀ ਆਈ। ਉਹਦੇ ਦੋਵੇਂ ਨਿੱਕੇ ਮੁੰਡੇ ਸਹਿਮ ਨਾਲ ਛਹਿ ਕੇ ਬੈਠੇ ਤਿੱਤਰਾਂ ਵਾਂਗ ਖੇਸਾਂ ਵਿਚ ਮੂੰਹ ਸਿਰ ਵਲ੍ਹੇਟੀ ਪਏ ਰਹੇ ਸਨ ਤੇ ਗਿਆਲਾ 'ਤੀਵੀਆਂ ਵਾਂਗੂੰ' ਕੋਲ ਪਿਆ ਸੁਣਦਾ ਰਿਹਾ ਸੀ ਪਰ ਉਹਦਾ ਚਿੱਤ ਟਿਕਾਣੇ ਨਹੀਂ ਸੀ ਰਿਹਾ। ਗਿਆਲੇ ਨੂੰ ਦਿੱਤੇ 'ਵਚਨ' ਦਾ ਉਹਨੂੰ ਰਾਤ ਵੀ ਚੇਤਾ ਆਇਆ ਸੀ ਪਰ ਅੱਗੇ ਵਾਂਗ ਚੱਲ ਹੋਊ' ਉਹਤੋਂ ਨਹੀਂ ਆਖਿਆ ਗਿਆ ਪਿਛਲੇ ਕੁਝ ਮਹੀਨਿਆਂ ਤੋਂ ਉਹ ਕਦੇ ਵੀ ਇੰਜ ਨਹੀਂ ਸੀ ਕਹਿ ਸਕੀ।

ਇਹ ਪਹਿਲੀ ਵੇਰ ਨਹੀਂ ਸੀ ਕਿ ਉਹਦੇ ਸਹੁਰੇ ਤੇ ਦਿਉਰ ਨੇ ਗਾਲ੍ਹਾਂ ਦਿੱਤੀਆਂ ਸਨ। ਬਾਰਾਂ–ਤੇਰਾਂ ਵਰ੍ਹੇ ਹੋ ਗਏ ਸਨ ਜਦੋਂ ਉਨ੍ਹਾਂ ਨੂੰ ਹਲਕ ਛੁਟਦਾ ਉਹਨੂੰ ਗਾਲ੍ਹਾਂ ਦੇ ਲੈਂਦੇ। ਅੱਡ–ਵਿੱਢ ਉਹ ਕਦੇ ਕਿਸੇ ਨੂੰ ਮੰਦਾ ਨਹੀਂ ਸੀ ਬੋਲੀ। ਪਰ ਉਹ ਏਡੇ ਚੰਦਰੇ ਬੰਦੇ ਸਨ ਜਿਵੇਂ ਗਾਲ੍ਹਾਂ ਦਿੱਤੇ ਬਿਨਾ ਉਨ੍ਹਾਂ ਦੀ ਪੀਤੀ ਖਰੀ ਨਹੀਂ ਸੀ ਹੁੰਦੀ। ਵਾਹ ਲੱਗਦੀ ਆਪ ਉਹ ਕਿਸੇ ਪਸ਼ੂ ਨੂੰ ਵੀ ਗਾਲ੍ਹ ਨਹੀਂ ਸੀ ਕੱਢਦੀ ਮਤੇ ਉਹ ਗੱਲ ਪੁੱਠੀ ਪਾ ਲੈਣ, ਅੱਗੇ ਉਹ ਜਰ ਲੈਂਦੀ ਸੀ ਪਰ ਹੁਣ ਕੋਲ ਪਈ ਬਰਾਬਰ ਦੀ ਧੀ ਸਾਹਮਣੇ ਉਹਤੋਂ ਬਿਨਾ ਉਹਦੀ ਕਿਸੇ ਖੁਨਾਮੀਓਂ, ਗੰਦ ਬਕਦੇ ਉਹ ਝੱਲੇ ਨਹੀਂ ਸਨ ਜਾਂਦੇ।

ਸਾਰੀ ਰਾਤ ਬਲੰਤੋ ਨੂੰ ਨੀਂਦ ਨਾ ਆਈ। ਉਹਦੇ ਅੰਦਰ ਜਿਵੇਂ ਕਿਸੇ ਨੇ ਕਿੱਕਰ ਦੀਆਂ ਸੂਲਾਂ ਦਾ ਰੁੱਗ ਭਰ ਕੇ ਖਿੰਡਾ ਦਿੱਤਾ ਸੀ, ਪਾਸਾ ਵੀ ਉਹਤੋਂ ਨਹੀਂ ਸੀ ਪਰਤਿਆ ਜਾਂਦਾ। ਸੂਲਾਂ ਦੀ ਪੀੜ ਨਾਲ ਉਹਦਾ ਲੂੰ–ਲੂੰ ਪੱਛਿਆ ਜਾ ਰਿਹਾ ਸੀ। ਅੱਧੀ ਰਾਤ ਤਾਈਂ ਅੱਖਾਂ ਸੌਣ–ਭਾਦੋਂ ਦੇ ਤਾਰਿਆਂ ਵਾਂਗ ਸਲ੍ਹਾਬੀਆਂ ਰਹੀਆਂ ਪਰ ਅੱਧੀ ਰਾਤ ਮਗਰੋਂ ਹੌਲੀ–ਹੌਲੀ ਸੁੱਕ ਕੇ ਤਪਣ ਲੱਗ ਪਈਆਂ। ਏਸੇ ਤਪਸ਼ ਦੇ ਤਾਅ ਨਾਲ ਨਾਲ ਉਹ ਆਪੇ ਈ ਮਿਚ ਗਈਆਂ ਤੇ ਜਦੋਂ ਮੁੜ ਖੁੱਲ੍ਹੀਆਂ ਤਾਂ ਉਹ ਉਭੜਵਾਹੀ ਉਠ ਕੇ ਬਹਿ ਗਈ।

ਦਿਨ ਚਿੱਟਾ ਚੜ੍ਹਿਆ ਹੋਇਆ ਸੀ। ਗਿਆਲਾ ਬਲਦਾਂ ਨੂੰ ਪੱਠੇ ਪਾ ਰਿਹਾ ਸੀ। ਉਹਦੀ ਵੱਡੀ ਧੀ ਚਾਹ ਧਰ ਰਹੀ ਸੀ। ਉਸ ਆਸੀਂ–ਪਾਸੀਂ ਤੱਕਿਆ, ਉਨੀਂਦਰੇ ਦੀ ਰੜਕ ਨਾਲ ਅੰਬੀਆਂ ਅੱਖਾਂ ਨਾਲ ਸਭ ਕੁਝ ਓਪਰਾ–ਓਪਰਾ ਲੱਗਿਆ। ਅੱਖਾਂ ਮੱਲੋਜੋਰੀ ਮਿਚ–ਮਿਚ ਜਾਂਦੀਆਂ ਸਨ। ਉਸ ਹਥੇਲੀਆਂ ਨਾਲ ਅੱਖਾਂ ਮਲੀਆਂ ਪਰ ਚਾਣਚੱਕ ਈ ਉਸ ਦੋਵੇਂ ਹੱਥ ਸਾਹਮਣੇ ਕਰਕੇ ਹਥੇਲੀਆਂ ਵੱਲ ਇੰਜ ਵੇਖਿਆ ਜਿਵੇਂ ਉਨ੍ਹਾਂ ਨੂੰ ਤੂਤੜੇ ਦੇ ਲੂੰ ਲੱਗ ਗਏ ਹੋਣ। ਬਿੰਦ ਕੁ ਮਗਰੋਂ ਹੱਥ ਝਾੜ ਕੇ ਮੁੜ ਅੱਖਾਂ ਮਲਣ ਲੱਗ ਪਈ। ਪਿਛਲੇ ਦੋ ਕੁ ਵਰ੍ਹਿਆਂ ਤੋਂ ਜਦੋਂ ਵੀ ਉਹ ਅੱਖਾਂ ਮਲਦੀ ਤਾਂ ਉਹਨੂੰ ਇੰਜ ਲੱਗਦਾ ਸੀ ਜਿਵੇਂ ਉਹ ਬਾਜਰੇ ਦੇ ਸਿੱਟੇ ਦੀ ਆਖਰੀ ਫਾਂਕ ਵਾਂਗ, ਆਪਣੇ ਰੂਪ ਨੂੰ ਮਸਲਣ ਲੱਗੀ ਹੋਵੇ, ਹਰ ਵਾਰ ਲੱਗਦਾ ਉਹਦੇ ਰੂਪ ਦੇ ਸਾਰੇ ਦਾਣੇ ਕਿਰਦੇ ਜਾਂਦੇ ਸਨ ਤੇ ਨਿਰਾ ਤੂਤੜਾ ਰਹਿੰਦਾ ਜਾਂਦਾ ਸੀ, ਪੋਲਾ–ਪੋਲਾ, ਫੋਕਾ ਤੂਤੜਾ, ਜੀਹਨੂੰ ਚਿੜੀਆਂ–ਕਾਵਾਂ ਨੇ ਫਰੋਲ–ਫਰੋਲ ਕੇ ਖਿੰਡਾ ਦਿੱਤਾ ਹੋਵੇ।

ਜਦੋਂ ਬਲੰਤੋ ਵਿਆਹੀ ਆਈ ਸੀ, ਉਦੋਂ ਉਹਨੂੰ ਵੇਖਣ ਆਈਆਂ ਤੋਂ ਉਹਦੀ ਸਿਫਤ ਨਹੀਂ ਸੀ ਹੋਈ। ਪਿੰਡ ਦੀ ਸਭ ਤੋਂ ਵੱਡੀ ਨਘੋਚਣ, ਸੋਧਾਂ ਨੈਣ ਨੂੰ ਵੀ ਕੋਈ ਘਾਟ ਨਹੀਂ ਸੀ ਦਿਸੀ, ਉਹ ਉਹਦੇ ਰੂਪ ਨੂੰ ਕੋਈ ਉਪਮਾ ਨਹੀਂ ਸੀ ਦੇ ਸਕੀ। 'ਪਰੀ ਵਰਗੀ', 'ਮੂਰਤ ਵਰਗੀ' ਤੇ 'ਫੂਲਾਂ ਰਾਣੀ' ਵਰਗੇ ਸਾਰੇ ਸ਼ਬਦ ਉਹਨੂੰ ਫੋਕੇ–ਫੋਕੇ ਲੱਗੇ ਸਨ। ਤੇ ਫੇਰ ਉਹਨੇ ਆਖਿਆ ਸੀ, 'ਨੰਗ ਜੱਟਾਂ ਨੂੰ ਡਿੱਗਿਆ ਲਾਲ ਥਿਆ ਗਿਆ।' ਉਹਦੀਆਂ ਅੱਖਾਂ ਉਹਨੂੰ ਸੱਚੀਂ ਲਾਲਾਂ ਵਾਂਗ ਚਮਕਦੀਆਂ ਲੱਗੀਆਂ ਸਨ। ਪਰ ਅੱਜ, ਚੌਦਾਂ ਵਰ੍ਹਿਆਂ ਦੀ ਵਿੱਥ ਮਸਾਂ ਅਜੇ ਪਈ ਸੀ ਕਿ ਉਹੋ ਅੱਖਾਂ ਰਿੱਚ ਕੌਡੀਆਂ ਵਰਗੀਆਂ ਹੋ ਗਈਆਂ ਸਨ। ਉਨ੍ਹਾਂ ਲਾਲਾਂ ਵਿਚੋਂ ਫੁੱਟਦੀਆਂ ਸਾਰੀਆਂ ਕਿਰਨਾਂ ਏਡੀਆਂ ਮੱਧਮ ਪੈ ਗਈਆਂ ਸਨ ਕਿ ਉਨ੍ਹਾਂ ਦੇ ਆਰੋਂ–ਪਾਰੋਂ ਕੁਝ ਵੀ ਨਹੀਂ ਸੀ ਦਿਸਦਾ – ਨਾ ਕਿਸੇ ਅੰਦਰਲੀ ਸ਼ੈ ਦਾ ਆਕਾਰ, ਨਾ ਬਾਹਰਲੀ ਦਾ ਅਕਸ – ਜਿਵੇਂ ਉਨ੍ਹਾਂ ਦੇ ਦੋਹੀਂ ਪਾਸੀਂ, ਚੌਦਾਂ ਵਰ੍ਹਿਆਂ ਦੀ ਧੂੜ ਜੰਮ–ਜੰਮ ਕੇ ਦੋਵੇਂ ਪਾਸੇ ਘਸਮੈਲੇ ਹੋ ਗਏ ਹੋਣ।

ਬਲਦਾਂ ਨੂੰ ਪੱਠੇ ਪਾ ਕੇ, ਗਿਆਲਾ ਚੁੱਲ੍ਹੇ ਮੂਹਰੇ ਆ ਬੈਠਾ। ਜੀਤਾਂ, ਉਨ੍ਹਾਂ ਦੀ ਵੱਡੀ ਧੀ ਨੇ ਕੌਲੇ ਵਿਚ ਚਾਹ ਪਾ ਕੇ ਉਹਦੇ ਅੱਗੇ ਲਿਆ ਧਰੀ। ਜਦੋਂ ਗਿਆਲੇ ਨੇ ਕੌਲਾ ਚੁੱਕ ਕੇ ਮੂੰਹ ਨੂੰ ਲਾਇਆ ਤਾਂ ਜੀਤਾਂ ਨੇ ਨਿਗਾਹ ਉਚੀ ਕਰਕੇ ਪਿਓ ਦੇ ਮੁਹਾਂਦਰੇ ਵੱਲ ਇੰਜ ਤੱਕਿਆ ਕਿ ਗਿਆਲੇ ਤੋਂ ਧੀ ਦੀਆਂ ਅੱਖਾਂ ਦੀ ਝਾਲ ਝੱਲੀ ਨਾ ਗਈ। ਉਸ ਨੀਵੀਂ ਪਾ ਲਈ। ਪਰ ਜੀਤਾਂ, ਓਵੇਂ ਝਾਕੀ ਗਈ ਕਦੇ ਪਿਓ ਦੀਆਂ ਡੂੰਘੀਆਂ ਅੱਖਾਂ ਵੱਲ ਤੇ ਕਦੇ ਕਰੜ–ਬਰੜੀ ਦਾੜ੍ਹੀ ਵੱਲ।

ਤੇ ਪਿਓ–ਧੀ ਦੀ ਏਸ ਤੱਕਣੀ ਵਿਚ ਪਤਾ ਨਹੀਂ 'ਕੀ' ਸੀ ਕਿ ਬਲੰਤੋ ਦੀ ਭੁੱਬ ਨਿਕਲ ਗਈ ਤੇ ਉਸ ਚੁੰਨੀ ਦਾ ਪੱਲਾ ਮਰੋੜ ਕੇ ਮੂੰਹ ਵਿਚ ਤੁੰਨ ਲਿਆ। ਓਹੋ ਸੂਲਾਂ ਬਲੰਤੋ ਦੇ ਅੰਦਰ ਚੁਭੀਆਂ ਤੇ ਪੀੜ ਨਾਲ ਉਹਦਾ ਲੂੰ–ਲੂੰ ਪੱਛਿਆ ਗਿਆ। ਉਹ ਓਵੇਂ ਬੈਠੀ ਬਿਠਾਈ ਮੁੜ ਮੰਜੀ ਉਤੇ ਡਿੱਗ ਪਈ। ਏਧਰ ਪਿੱਠ ਹੋਣ ਕਰਕੇ ਗਿਆਲੇ ਨੂੰ ਕੋਈ ਪਤਾ ਨਹੀਂ ਸੀ ਲੱਗਿਆ।

ਚਾਹ ਪੀ ਕੇ ਗਿਆਲਾ ਨਰਮਾ ਗੋਡਣ ਖੇਤ ਨੂੰ ਤੁਰ ਗਿਆ। ਜੀਤਾਂ ਨੇ ਘਰ ਦਾ ਸਾਰਾ ਗੋਹਾ–ਕੂੜਾ ਕੀਤਾ, ਚੁੱਲ੍ਹਾ–ਚੌਂਕਾ ਸਾਂਭਿਆ ਤੇ ਖੇਤ ਵੀ ਰੋਟੀ ਉਹੋ ਲੈ ਕੇ ਗਈ। ਬਲੰਤੋ ਨਿਢਾਲ ਹੋ ਕੇ ਮੰਜੀ ਉਤੇ ਪਈ ਰਹੀ। ਰੋਟੀ ਵੀ ਉਸ ਨਾ ਖਾਧੀ। ਨਿੱਕੇ ਦੋਵੇਂ ਆਪੇ ਈ ਪਤਾ ਨਹੀਂ ਕਦੋਂ ਚੁੱਪ–ਚੁਪੀਤੇ ਸਕੂਲ ਚਲੇ ਗਏ। ਸੁੰਨੇ ਘਰ ਵਿਚ ਬਲੰਤੋ ਦਾ ਚਿਤ ਕਾਹਲਾ ਪੈਣ ਲੱਗ ਪਿਆ ਤੇ ਉਹ ਕਿਸੇ ਆਹਰ ਲੱਗਣ ਲਈ ਉਠ ਕੇ ਬਹਿ ਗਈ। ਪਰ ਮੰਜੀ ਤੋਂ ਉਠਦੀ ਨੂੰ ਸਾਹਮਣੀ ਸਾਂਝੀ ਕੰਧ ਉਤੋਂ ਦੀ ਸਹੁਰੇ ਦੀ ਪੱਗ ਦਿਸੀ। ਉਹਦੇ ਅੰਦਰ ਖਿਲਰੀਆਂ ਸੂਲਾਂ ਨੇ ਲੂੰ–ਲੂੰ ਮੁੜ ਪੱਛ ਦਿੱਤਾ। ਬਲੰਤੋ ਫੇਰ ਮੰਜੀ 'ਤੇ ਪੈ ਗਈ ਤੇ ਉਹਨੂੰ ਗਿਆਲੇ ਨੂੰ ਦਿੱਤਾ ਵਚਨ ਯਾਦ ਆ ਗਿਆ।

ਜਿਦੋਂ ਉਹ ਵਿਆਹੀ ਆਈ ਸੀ ਉਹਦੀ ਸੱਸ ਓਦੋਂ ਤੋਂ ਈ ਉਹਨੂੰ ਮਿਹਣੇ ਮਾਰਨ ਲੱਗ ਪਈ ਸੀ। ਸਭ ਤੋਂ ਵੱਡਾ ਮਿਹਣਾ ਉਹਦਾ ਦਾਜ ਦਾ ਸੀ। 'ਅਸੀਂ ਕੋਈ ਸਿਗਲੀਗਰ ਸੀ, ਜਾਏਖਾਣਿਆਂ ਨੇ ਚਾਂਦੀ ਦੀਆਂ ਬਾਂਕਾਂ ਪਾ ਕੇ ਸਾਡੇ ਮੱਥੇ ਮਾਰੀ...। ਨਿਰੇ ਰੂਪ ਨੂੰ ਕਿਸੇ ਨੇ ਥੇਲ੍ਹੀ 'ਤੇ ਪਾ ਕੇ ਚੱਟਣੈ।' ਬਲੰਤੋ ਦੇ ਮੂੰਹ ਉਤੇ ਉਸ ਕਿੰਨਾ ਚਿਰ ਅਜਿਹਾ ਮਿਹਣਾ ਭਾਵੇਂ ਨਹੀਂ ਸੀ ਦਿੱਤਾ ਪਰ ਆਂਢਣਾਂ–ਗੁਆਂਢਣਾਂ ਕੋਲ ਕੀਤੀਆਂ ਉਹਦੀਆਂ ਬਦਖੋਈਆਂ ਦਾ ਬਲੰਤੋ ਨੂੰ ਪਤਾ ਲੱਗਦਾ ਰਿਹਾ ਸੀ। ਆਪਣੇ ਵੱਲੋਂ ਬਲੰਤੋ ਨੇ ਕਦੇ ਕੋਈ ਸ਼ਿਕਾਇਤ ਨਹੀਂ ਸੀ ਹੋਣ ਦਿੱਤੀ। ਸਾਰੇ ਘਰ ਦਾ ਕੰਮ ਉਹ ਅਣਥੱਕ ਹੋ ਕੇ ਕਰਦੀ। ਦਸਾਂ ਜੀਆਂ ਦੀਆਂ ਰੋਟੀਆਂ ਪਕਾਂਦੀ, ਅੱਠ–ਸੱਤ ਪਸ਼ੂ ਸਾਂਭਦੀ, ਕਿਸੇ ਦੇ ਗਲ ਮੈਲਾ ਕੱਪੜਾ ਨਾ ਰਹਿਣ ਦਿੰਦੀ, ਘਰ ਨੂੰ ਕੂਚੇ ਰਿੜਕਣੇ ਵਾਂਗ ਲਿਸ਼ਕਾਈ ਰੱਖਦੀ। ਪਰ ਫੇਰ ਵੀ ਦਿਨੋ–ਦਿਨ ਉਹਦੀ ਸੱਸ ਦੇ ਮਿਹਣੇ ਵੱਧਦੇ ਵੇਖ ਕੇ ਉਹਦਾ ਚਿੱਤ ਭੈੜਾ ਪੈਣ ਲੱਗ ਪਿਆ ਸੀ। ਹੌਲੀ–ਹੌਲੀ ਉਹ ਜਦੋਂ ਆਨੀਂ–ਬਹਾਨੀਂ ਮੂੰਹ ਉਤੇ ਵੀ ਉਹਨੂੰ ਮੰਦਾ ਬੋਲਣ ਲੱਗ ਪਈ ਤਾਂ ਬਲੰਤੋ ਦਾ ਸਬਰ ਟੁੱਟ ਗਿਆ।

ਇੱਕ ਰਾਤ ਉਸ ਗਿਆਲੇ ਨੂੰ ਸਾਰੀ ਗੱਲ ਦੱਸੀ। ਪਰ ਗਿਆਲਾ 'ਤੀਵੀਂਆਂ' ਵਰਗਾ ਬੰਦਾ ਸੀ। ਉਸ ਬੜੀ ਨਰਮੀ ਨਾਲ ਆਖਿਆ, "ਮੈਂ ਜਿਉਂ ਜੰਮਿਐਂ ਕਦੇ ਮਾਪਿਆਂ ਸਾਹਮਣੇ ਨਹੀਂ ਬੋਲਿਆ। ਜੇ ਤੂੰ ਅੱਗੋਂ ਬੋਲ ਪਈ ਤਾਂ ਸਾਰੀ ਰੱਖੀ ਰਖਾਈ ਖੂਹ 'ਚ ਪੈ ਜਾਏਗੀ। ਹੋਰ ਭਾਵੇਂ ਜੋ ਜੀ ਆਵੇ ਉਹ ਕਰ ਪਰ ਮੇਰੇ ਮਾਪਿਆਂ ਮੂਹਰੇ ਨਾ ਬੋਲੀਂ – ਸਾਰੀ ਉਮਰ ਵਾਸਤੇ ਨਾ ਬੋਲੀਂ।"

ਤੇ ਗਿਆਲੇ ਨੇ ਉਹਤੋਂ ਮਾਪਿਆਂ ਮੂਹਰੇ ਨਾ ਬੋਲਣ ਦਾ 'ਵਚਨ' ਲੈ ਲਿਆ ਤੇ ਇਹ 'ਵਚਨ' ਬਲੰਤੋ ਨੂੰ ਇੰਜ ਲੱਗਿਆ ਜਿਵੇਂ ਕਿਸੇ ਨੇ ਚਾਣਚੱਕ, ਰਮਦੀ ਪੈਲੀ ਵਿਚ ਪੈਂਦੇ ਮੋਘੇ ਦੇ ਮੂੰਹ ਅੱਗੇ ਕਰੀਰ ਦੀ ਕੋਈ ਢਿੰਗਰੀ ਅੜਾ ਦਿੱਤੀ ਹੋਵੇ...ਤੇ ਉਹਦਾ ਅੰਦਰ ਪਾਣੀ ਦੀ ਤਿਹਾਈ ਪੈਲੀ ਵਾਂਗ ਪਹਿਲਾਂ ਸੁੱਕਣ ਤੇ ਫੇਰ ਤਿੜਕਣ ਲੱਗ ਪਿਆ।

ਪੂਰੇ ਤਿੰਨ ਵਰ੍ਹੇ ਉਹ ਸੱਸ ਦੇ ਖਰ੍ਹਵੇ ਬੋਲ ਤੇ ਮਿਹਣੇ ਸੁਣਦੀ ਰਹੀ। ਸ਼ਰਾਬੀ ਸਹੁਰੇ ਤੇ ਅਲੱਥ ਦਿਉਰ ਦੀਆਂ ਨਾ ਜਰੀਆਂ ਜਾਣ ਵਾਲੀਆਂ ਗੱਲਾਂ ਤੇ ਗਾਲ੍ਹਾਂ ਸੁਣਦੀ ਰਹੀ ਪਰ ਗਿਆਲੇ ਨੂੰ ਦਿੱਤਾ 'ਵਚਨ' ਉਸ ਨਾ ਤੋੜਿਆ। ਗਿਆਲੇ ਉਤੇ ਪਹਿਲੇ ਦਿਨੋਂ ਉਹਨੂੰ ਏਡਾ ਤਰਸ ਆਉਣ ਲੱਗ ਪਿਆ ਸੀ ਕਿ ਉਹ ਨਿਆਣਿਆਂ ਵਾਂਗ ਉਹਨੂੰ ਚਾਰੇ ਪਾਸਿਓਂ ਲੁਕਾ–ਲੁਕਾ ਕੇ ਰੱਖਦੀ ਰਹੀ ਸੀ – ਤੇ ਉਹਦਾ ਇਹ ਤਰਸ ਏਡਾ ਮੋਹ ਬਣ ਗਿਆ ਸੀ ਕਿ ਉਹ ਗਿਆਲੇ ਪਿੱਛੇ ਆਪਣਾ ਸਭ ਕੁਝ ਵਾਰ ਸਕਦੀ ਸੀ।

ਫੇਰ ਉਹਦੇ ਦਿਓਰ ਦਾ ਵਿਆਹ ਹੋਇਆ। ਉਹਦੀ ਦਰਾਣੀ ਨੇ ਸਾਰਾ ਅੰਦਰ–ਬਾਹਰ ਭਰ ਦਿੱਤਾ। ਬਲੰਤੋ ਦਾ ਰਹਿੰਦਾ–ਖੂੰਹਦਾ ਉਕਰ ਵੀ ਮੁੱਕ ਗਿਆ। ਉਸ ਨੇ ਗਿਆਲੇ ਨੂੰ ਕਈ ਵਾਰੀ ਅੱਡ ਹੋਣ ਦੀ ਸਲਾਹ ਦਿੱਤੀ ਪਰ ਜਦੋਂ ਤਾਈਂ ਮਾਪਿਆਂ ਤੇ ਭਰਾ ਨੇ ਉਹਦੀ ਤੀਵੀਂ ਤੇ ਸੌ ਸੌ ਊਝਾਂ ਲਾ ਕੇ ਤੇ ਉਹਨੂੰ 'ਰੰਨ ਦਾ ਗੋਲਾ' ਆਖ ਆਖ ਕੇ ਘਰੋਂ ਨਾ ਕੱਢਿਆ, ਓਨਾ ਚਿਰ ਉਹ ਅੱਡ ਨਾ ਹੋਇਆ।



ਅੱਡ ਹੋਣ ਵੇਲੇ ਵੀ ਗਿਆਲੇ ਨੇ 'ਤੀਵੀਆਂ ਵਾਲੀ' ਗੱਲ ਕੀਤੀ। ਪਿਉ ਨੇ ਹਿੱਸੇ ਆਉਂਦੀ ਪੂਰੀ ਪੈਲੀ ਵੀ ਨਾ ਦਿੱਤੀ, ਜਿਹੜੀ ਦਿੱਤੀ ਉਹ ਵੀ ਬਾਕੀ ਨਾਲੋਂ ਰੱਦੀ, ਮਾਰੂ ਤੇ ਝਾੜ–ਮਲ੍ਹਿਆਂ ਵਾਲੀ। ਘਰ ਵਿਚੋਂ ਵੀ ਪੰਜਵਾਂ ਛੀਵਾਂ ਹਿੱਸਾ ਈ ਵੰਡ ਕੇ ਦਿੱਤਾ। ਬਲਦ ਦੋਵੇਂ ਹਾਰੇ ਤੇ ਸੰਦ ਉਹ ਫੜਾਏ ਜਿਹੜੇ ਕਿਸੇ ਵੀ ਕੰਮ ਦੇ ਨਹੀਂ ਸਨ। ਬਲੰਤੋ ਦੇ ਪੇਕਿਆਂ ਦੇ ਭਾਂਡੇ, ਕੱਪੜੇ ਵੀ ਅੱਧਿਓਂ ਬਹੁਤੇ, ਰੱਖ–ਰਖਾ ਲਏ। ਗਿਆਲਾ ਚੁੱਪ ਕਰ ਰਿਹਾ, ਬਲੰਤੋ ਉਹਨੂੰ ਦਿੱਤੇ 'ਵਚਨ' ਤੇ ਕਾਇਮ ਰਹੀ ਤੇ ਦੋਵੇਂ ਸਬਰ ਦਾ ਘੁੱਟ ਭਰ ਕੇ ਬਹਿ ਗਏ।

ਤੇ ਹੁਣ ਗਿਆਰਾਂ ਵਰ੍ਹੇ ਉਨ੍ਹਾਂ ਨੂੰ 'ਸਬਰ ਦਾ ਘੁੱਟ' ਭਰਦਿਆਂ ਹੋ ਗਏ ਸਨ, ਬਾਰ੍ਹਵਾਂ ਲੱਗਿਆ ਹੋਇਆ ਸੀ – ਓਹੋ ਬਾਰ੍ਹਵਾਂ, ਜਿਹੜੇ ਵਰ੍ਹੇ ਆਖਦੇ ਨੇ ਰੂੜੀ ਦੀ ਵੀ ਸੁਣੀ ਜਾਂਦੀ ਏ। ਪਰ ਉਨ੍ਹਾਂ ਦੀ ਸੁਣੀ ਨਹੀਂ ਸੀ ਗਈ। ਉਨ੍ਹਾਂ ਦਾ ਅੱਧ–ਢੱਠਾ ਘਰ ਓਵੇਂ ਜਿਵੇਂ ਸੀ – ਪੱਕੀ ਤਾਂ ਕੀ ਕੱਚੀ ਇੱਟ ਵੀ ਉਹ ਨਹੀਂ ਸਨ ਲੁਆ ਸਕੇ। ਓਹੋ ਖੁਰਲੀ ਸੀ ਜਿੱਥੇ ਜੇਠ ਹਾੜ ਦੇ ਮਹੀਨੇ ਬੱਧੇ ਪਸ਼ੂਆਂ ਨੂੰ ਸਿੱਧੀ ਧੁੱਪ ਆਉਂਦੀ ਸੀ, ਖੁਰਲੀ ਉਤੇ ਪਾਇਆ ਪੁਰਾਣਾ ਛੱਪਰ ਵੀ ਓਵੇਂ ਜਿਵੇਂ ਸੀ ਜਿਹੜਾ ਧੁੱਪ ਨੂੰ ਵੇਂਹਦਿਆਂ, ਪਸ਼ੂਆਂ ਨੂੰ ਆਸਰਾ ਦੇਣ ਦੀ ਥਾਂ ਆਪ ਹੌਂਕਣ ਲੱਗ ਪੈਂਦਾ, ਪਿਛਲੀ ਸਬਾਤ ਵੀ ਓਵੇਂ ਮੀਹਾਂ ਦੀ ਰੁੱਤੇ ਪਾਣੀ ਨਾਲ ਭਰ ਜਾਂਦੀ ਸੀ। ਸਾਰਾ ਘਰ ਵਾਹ ਲੱਗਦੀ ਬਲੰਤੋ ਹਰ ਵੇਲੇ ਸੁਆਰਦੀ ਰਹਿੰਦੀ ਪਰ ਨਿਰੀ ਉਹਦੀ ਹੱਥਾਂ ਦੀ ਖੇਚਲ ਨਾਲ, ਅੱਧੀ ਸਦੀ ਦੀਆਂ ਪੁਰਾਣੀਆਂ ਕੰਧਾਂ ਤੇ ਕਾਠ ਨਵਾਂ ਨਰੋਆ ਨਹੀਂ ਸੀ ਬਣਦਾ। ਅੱਡ ਹੋ ਕੇ ਨਾ ਉਨ੍ਹਾਂ ਕੋਈ ਭਾਰੀ ਮੱਝ ਖਰੀਦੀ ਸੀ ਤੇ ਨਾ ਕੋਈ ਨਰੋਆ ਬਲਦ ਲਿਆ ਸੀ। ਗੱਡੇ ਦੀ ਜੋੜੀ ਵੀ ਨਵੀਂ ਨਹੀਂ ਸੀ ਚੜ੍ਹਾਈ, ਮੁੜ ਮੁੜ ਬੂਜਲੀਆਂ ਲੁਆ ਕੇ ਉਖੜੇ–ਹਿੱਲੇ ਗੱਡੇ ਨੂੰ ਠਿੱਬੇ ਛਿੱਤਰ ਵਾਂਗ ਗਿਆਲਾ ਧੂਹੀ ਫਿਰਿਆ ਸੀ ਤੇ ਠਠੇ ਨਾਲ ਲੋਕ ਉਨ੍ਹਾਂ ਦੇ ਗੱਡੇ ਨੂੰ 'ਗਿਆਲੇ ਦੀ ਨਗੌਰੀ ਗੱਡ' ਆਖਣ ਲੱਗ ਪਏ ਸਨ।

ਇਹ ਗਿਆਰਾਂ ਵਰ੍ਹੇ ਉਹ ਸੱਸ ਸਹੁਰੇ ਤੇ ਸ਼ਰੀਕ ਦੀਆਂ ਤੱਤੀਆਂ–ਠੰਢੀਆਂ ਸੁਣਦੀ ਰਾਹੀ ਸੀ ਤੇ ਉਹਨੇ ਗਿਆਲੇ ਦੇ 'ਵਚਨ' ਦੀ ਅੜਾਈ ਕਰੀਰ ਦੀ ਢਿੰਗਰੀ ਨਹੀਂ ਸੀ ਟੁੱਟਣ ਦਿੱਤੀ। ਇਹਦੇ ਨਾਲ ਲੱਗ–ਲੱਗ ਕੇ ਹੋਰ ਕਿੰਨਾ ਸਾਰਾ ਨਿੱਕ–ਸੁੱਕ ਇਕੱਠਾ ਹੋ ਗਿਆ ਸੀ ਤੇ ਪਾਣੀ ਦਾ ਨਿਕਾਸ ਉਕਾ ਰੁਕ ਗਿਆ ਸੀ...ਉਹਦਾ ਅੰਦਰ ਏਨੇ ਚਿਰ ਦੇ ਸੋਕੇ ਨਾਲ, ਖੱਖੜੀ ਵਾਂਗ ਪਾਟ ਚੱਲਿਆ ਸੀ...ਤੇ ਪਾਣੀ ਕਦੇ–ਕਦੇ ਏਨਾ ਜ਼ੋਰ ਮਾਰਦਾ ਕਿ ਢਿੰਗਰੀ ਟੁੱਟਣ–ਟੁੱਟਣ ਕਰਨ ਲੱਗ ਪੈਂਦੀ ਸੀ।

ਹੋਰ ਤਾਂ ਸਾਰੇ ਜੋ ਆਹੰਦੇ ਸਨ ਸੋ ਆਹੰਦੇ ਸਨ ਪਰ ਬਿਨਾ ਕਿਸੇ ਗੱਲੋਂ ਉਹਦੀ ਸੌਂਕਣਾਂ ਵਰਗੀ ਦਰਾਣੀ ਵੀ ਉਹਨੂੰ ਆਰ੍ਹਾਂ ਲਾਣੋਂ ਨਹੀਂ ਸੀ ਹਟਦੀ। ਪਤਾ ਨਹੀਂ ਕੇਹੋ ਜੇਹੇ ਗਏ ਘਰ ਦੀ ਉਹ ਆਈ ਸੀ ਕਿ ਜਿਉਂ–ਜਿਉਂ ਬਲੰਤੋ ਦੀ ਹਾਲਤ ਮੰਦੀ ਹੁੰਦੀ ਜਾਂਦੀ ਸੀ ਉਹ ਵਧੇਰੇ ਚਾਂਭੜਾਂ ਪਾਉਂਦੀ। ਜਦੋਂ ਬਲੰਤੋ ਦਾ ਕੋਈ ਨਿਆਣਾ ਕਿਸੇ ਚੀਜ਼ ਪਿੱਛੇ ਰੋਂਦਾ ਤਾਂ ਉਹਨੂੰ ਖੁਸ਼ੀ ਜਿਹੀ ਹੁੰਦੀ। ਗਿਆਲਾ ਤੇ ਬਲੰਤੋ ਜਦੋਂ ਉਚਾ ਬੋਲਦੇ, ਉਹਦਾ ਅੰਦਰ ਜਿਵੇਂ ਠਰ ਜਾਂਦਾ, ਕੰਧ ਨਾਲ ਕੰਨ ਲਾ ਲਾ ਉਹ ਬਿੜਕਾਂ ਲੈਂਦੀ ਤੇ ਰੱਤੀ ਭਰ ਗੱਲ ਦਾ ਪਹਾੜ ਬਣਾ ਕੇ ਸਾਰੇ ਅਗਵਾੜ ਵਿਚ ਗਾ ਦਿੰਦੀ।

ਪਹਿਲਾਂ ਪਹਿਲਾਂ ਬਲੰਤੋ ਨੂੰ ਸਮਝ ਨਹੀਂ ਆਈ ਕਿ ਉਹਦੀ ਦਰਾਣੀ ਦਾ ਉਹਦੇ ਨਾਲ ਕੀ ਵੈਰ ਸੀ। ਇਕ ਦਿਨ ਚਾਣਚੱਕ ਉਹਦੀ ਦਰਾਣੀ ਦਾ ਪਿਉ ਸੱਜਰੀ ਸੂਈ ਝੋਟੀ ਬ ਨ੍ਹ ਗਿਆ। ਜਦੋਂ ਉਨ੍ਹਾਂ ਦੀ ਗੁਆਂਢਣ ਬਚਿੰਤੀ ਦੀ ਨੂੰਹ ਨੇ ਉਹਨੂੰ ਆ ਕੇ ਵਧਾਈ ਦਿੱਤੀ ਤਾਂ ਬਿਨਾ ਕੋਈ ਸਿੱਧਾ ਜੁਆਬ ਦੇਣ ਦੇ ਉਸ ਕੰਧ ਉਤੋਂ ਦੀ ਟੇਢੀ ਅੱਖ ਝਾਕਦਿਆਂ ਬਲੰਤੋ ਨੂੰ ਸੁਣਾ ਕੇ ਆਖਿਆ, "ਰੱਬ ਦਾ ਦਿੱਤਾ ਸਭ ਕੁਸ਼ ਐ – ਸਤ ਖੜ੍ਹੀਆਂ ਸੀ ਹਥਨੀਆਂ ਵਰਗੀਆਂ, ਬਾਪੂ ਕਹਿੰਦਾ 'ਬੱਚਾ, ਹੁਣ ਜਿਹੜੀ ਜੀ ਕਰਦੈ ਲੈ ਜਾ।'...ਲੋਕਾਂ ਵਾਂਗੂੰ ਕੁੱਜੇ ਫੜ ਕੇ ਲੱਸੀ ਨੂੰ ਤਾਂ ਦਰ–ਦਰ ਨਾ ਤੁਰੇ ਫਿਰਾਂਗੇ।"

ਤੇ ਓਦੋਂ ਬਲੰਤੋ ਨੂੰ ਗੱਲ ਦੀ ਸਮਝ ਪਈ ਸੀ। ਦਰਾਣੀ ਨੂੰ ਆਪਣੇ ਪੇਕਿਆਂ ਦੀ ਅਮੀਰੀ ਦਾ ਹੰਕਾਰ ਸੀ। ਸਹੁਰੇ ਘਰ ਵੀ ਉਹਦਾ ਏਸੇ ਕਰਕੇ ਉਕਰ ਸੀ, ਤੇ ਏਸੇ ਕਰਕੇ ਉਹ ਬਲੰਤੋ ਨੂੰ ਟਿੱਡੀ–ਪਲਪੀਹੀ ਈ ਸਮਝਦੀ ਸੀ।

ਬਲੰਤੋ ਦੇ ਚਿੱਤ ਵਿਚ ਓਦੋਂ ਪਹਿਲੀ ਵਾਰੀ ਇਹ ਖ਼ਿਆਲ ਆਇਆ, 'ਜੇ ਉਹ ਵੀ ਸਰਦੇ–ਪੁਜਦੇ ਮਾਪਿਆਂ ਦੀ ਧੀ ਹੁੰਦੀ ਤਾਂ ਦਰਾਣੀ ਦੇ ਬਰਾਬਰ ਮੱਝ ਲਿਆ ਬੰਨ੍ਹਦੀ ਤੇ ਆਹ ਆਰ੍ਹਾਂ ਉਹਨੂੰ ਨਾ ਝੱਲਣੀਆਂ ਪੈਂਦੀਆਂ ਪਰ ਉਹਦੇ ਗਰੀਬ ਮਾਪੇ ਤਾਂ ਉਹਨੂੰ ਤੇੜ–ਸਿਰ ਦੇ ਲੀੜੇ ਦੇਣ ਜੋਗੇ ਵੀ ਨਹੀਂ ਸਨ। ਤੇ ਆਪਣੀ ਗਰੀਬੀ ਓਦੋਂ ਉਹਨੂੰ ਬੜੀ ਚੰਦਰੀ ਲੱਗੀ ਸੀ।

ਫੇਰ ਪਾਣੀ ਦਿਨੋ ਦਿਨ ਚੜ੍ਹਦਾ ਗਿਆ। ਕਰੀਰ ਦੀ ਢਿੰਗਰੀ ਦੇ ਬਲ ਤੋਂ ਵਧੇਰਾ ਜ਼ੋਰ ਕਰਨ ਲੱਗ ਪਿਆ ਪਰ ਢਿੰਗਰੀ ਦੇ ਪਾਸੀਂ ਇਕੱਠੇ ਹੋਏ ਨਿੱਕ–ਸੁੱਕ ਨੇ ਅਜੇ ਤਾਈਂ ਇਹਨੂੰ ਟੁੱਟਣ ਨਹੀਂ ਸੀ ਦਿੱਤਾ ਤੇ ਬਲੰਤੋ ਦੇ ਅੰਦਰ ਦੀ ਧਰਤੀ ਹੋਰ ਵਧੇਰੇ ਤਿੜਕਦੀ ਜਾਂਦੀ, ਘਾਹ ਦੀਆਂ ਜੜ੍ਹਾਂ ਵੀ ਭੁੱਜਣ ਲੱਗ ਪਈਆਂ।

ਬਲੰਤੋ ਸਾਰਾ ਦਿਨ ਨਿਢਾਲ ਹੋ ਕੇ ਪਈ ਰਹੀ। ਦਿਨ ਢਲੇ ਜਦੋਂ ਗਿਆਲਾ ਘਰ ਮੁੜਿਆ ਤਾਂ ਉਹਨੂੰ ਮੰਜੇ 'ਤੇ ਪਈ ਨੂੰ ਵੇਖ ਉਹਦਾ ਕਾਲਜਾ ਫੜਿਆ ਗਿਆ ਚਹੁੰ ਪਹਿਰਾਂ ਦੀ ਬਲੰਤੋ ਦਾ ਰਹਿੰਦਾ ਰੰਗ ਰੂਪ ਵੀ ਜਿਵੇਂ ਮੁੱਕ ਗਿਆ ਸੀ। ਅੱਖਾਂ ਬਹੁਤੀਆਂ ਈ ਡੂੰਘੀਆਂ ਹੋ ਗਈਆਂ ਸਨ, ਤੇ ਹੇਠਾਂ ਤੇ ਪਾਸਿਆਂ ਤੋਂ ਇੰਜ ਲੱਗਦੀਆਂ ਸਨ ਜਿਵੇਂ ਕਾਲਸ ਮਲੀ ਹੋਈ ਹੋਵੇ। ਚਿਹਰਾ ਤੇ ਹੱਥ–ਪੈਰ ਹਲਦੀ ਵਰਗੇ ਪੀਲੇ ਹੋ ਗਏ ਲੱਗਦੇ ਸਨ।

ਗਿਆਲਾ ਨਿਮੋਝੂਣਾ ਜਿਹਾ ਹੋ ਕੇ ਖੁਰਲੀ ਉਤੇ ਬਹਿ ਗਿਆ। ਉਹਦਾ ਸਿਰ ਤੇ ਪਿੱਠ ਬੜੀ ਦੁਖਣ ਲੱਗ ਪਈ ਸੀ। ਨੀਵੀਂ ਪਾ ਕੇ ਉਸ ਕਸੌਲੀ ਦੇ ਦਸਤੇ ਦੇ ਸਿਰੇ ਉਤੇ ਮੱਥਾ ਰੱਖ ਲਿਆ। ਉਹਦੇ ਸਿਰ ਨੂੰ ਘੇਰ ਚੜ੍ਹਨ ਲੱਗ ਪਈ ਸੀ। ਸੁਪਨੇ ਵਾਂਗ ਉਹਨੂੰ ਬਲੰਤੋ ਦੇ ਉਨ੍ਹਾਂ ਨਕਸ਼ਾਂ ਦਾ ਖ਼ਿਆਲ ਆਇਆ ਜਿਨ੍ਹਾਂ ਦੀ ਅੱਜ ਤੋਂ ਕੁੱਲ ਚੌਦਾਂ ਵਰ੍ਹੇ ਪਹਿਲਾਂ ਝਾਲ ਨਹੀਂ ਸੀ ਝੱਲੀ ਜਾਂਦੀ। ਦੁੱਧ ਵਰਗੇ ਚਿੱਟੇ ਮੌਮੀ ਕਾਗਜ਼ ਦੀ 'ਗੁੱਡੀ ਵਰਗੀ' ਉਸ ਤੀਵੀਂ ਨੂੰ ਘੁਟਵਾਂ ਹੱਥ ਵੀ ਉਹ ਨਹੀਂ ਸੀ ਪਾਉਂਦਾ ਹੁੰਦਾ, ਮਤੇ ਮੈਲੀ ਹੋ ਜਾਏ... ਮਤੇ ਕਿਤੋਂ ਮਚਕੋੜੀ ਜਾਏ।

ਜਦੋਂ ਗਿਆਲੇ ਨੇ ਸਿਰ ਉਤਾਂਹ ਚੁੱਕਿਆ, ਸਾਹਮਣੇ ਜਟੂਰੀਆਂ ਖਿਲਾਰੀ ਫਿਰਦਾ ਮਾਘੀ ਉਹਨੂੰ ਦਿਸਿਆ। ਸ਼ਰਾਬ ਦਾ ਰੱਜਿਆ ਉਹ ਝੂਲਦਾ ਫਿਰਦਾ ਸੀ। ਗਿਆਲੇ ਨੂੰ ਖੁਰਲੀ ਉਤੇ ਇੰਜ ਉਦਾਸ ਬੈਠਿਆਂ ਵੇਖ ਉਸ ਅੱਡੀਆਂ ਚੁੱਕ ਕੇ ਏਧਰ ਵੇਖਿਆ ਤੇ ਵਿਅੰਗ ਨਾਲ ਉਚੀ ਸਾਰੀ ਆਖਿਆ, "ਸੁਣਾ ਬਈ ਜ਼ਨ–ਮੁਰੀਦਾ ਕਿਹੜੇ ਰੰਗਾਂ 'ਚ ਐਂ?" ਉਹਦੀ ਅਵਾਜ਼ ਖਰ੍ਹਵੀ ਤੇ ਬੇ–ਤਰਸੀ ਭਰੀ ਸੀ।

ਗਿਆਲਾ ਕਦੇ ਵੱਧ–ਘੱਟ ਉਸ ਨਾਲ ਨਹੀਂ ਸੀ ਬੋਲਿਆ। ਗਿਆਰਾਂ ਵਰ੍ਹੇ ਉਹਨੂੰ ਅੱਡ ਹੋਇਆਂ ਹੋ ਗਏ ਸਨ, ਕਿੰਨੇ ਵਾਰੀ ਉਹਦੇ ਏਸ ਅਲੱਥ ਸ਼ਰਾਬੀ ਭਰਾ ਨੇ ਉਹਨੂੰ ਮੰਦਾ ਬੋਲਿਆ ਸੀ, ਮਿਹਣੇ ਮਾਰੇ ਸਨ, ਰੜਕਾ–ਰੜਕਾ ਗੱਲਾਂ ਆਖੀਆਂ ਸਨ, ਬਲੰਤੋ ਨੂੰ ਸਿੱਧੀਆਂ ਗਾਲ੍ਹਾਂ ਕੱਢੀਆਂ ਸਨ ਪਰ ਗਿਆਲੇ ਨੇ ਅੱਗੋਂ ਕਦੇ ਓਏ ਨਹੀਂ ਸੀ ਆਖੀ – ਪਾਣੀ ਵਾਂਗ ਸਭ ਪੀ ਕੇ ਅੰਦਰ ਵੜ ਜਾਂਦਾ ਰਿਹਾ ਸੀ, ਅੱਜ ਵੀ ਪਹਿਲਾਂ ਵਾਂਗ ਚੁੱਪ ਕਰਕੇ ਅੰਦਰ ਜਾ ਵੜਿਆ। ਸਬਾਤ ਦੇ ਪਰਛਾਵੇਂ ਪਈ ਬਲੰਤੋ ਨੇ ਜਦੋਂ ਗਿਆਲੇ ਨੂੰ ਇੰਜ ਅੰਦਰ ਵੜਦਿਆਂ ਵੇਖਿਆ ਤਾਂ ਉਹਦਾ ਸਵਾ ਦਹਾਕੇ ਦੇ ਸੋਕੇ ਨਾਲ ਖੱਖੜੀ ਵਾਂਗ ਪਾਟਿਆ ਅੰਦਰ ਝੁਲਸਿਆ ਗਿਆ ਜਿਵੇਂ ਸੂਰਜ ਦੀ ਸਾਰੀ ਅੱਗ ਉਹਦੇ ਉਤੇ ਵਰ੍ਹ ਗਈ ਹੋਵੇ।

ਬਲੰਤੋ ਉਠ ਕੇ ਬਹਿ ਗਈ ਪਰ ਦਿਉਰ ਦੀ ਥਾਂ ਉਹਨੂੰ ਦਾਰੂ ਨਾਲ ਡੱਕਿਆ ਉਹਦਾ ਸਹੁਰਾ ਖੜੋਤਾ ਦਿਸਿਆ। ਮਾਘੀ ਹੱਸ ਕੇ ਪਰ੍ਹੇ ਹੋ ਗਿਆ ਸੀ। ਉਸ ਆਪਣੀਆਂ ਮਰਨਊ ਅੱਖਾਂ ਨਾਲ ਉਸ ਵੱਲ ਇੰਜ ਵੇਖਿਆ ਜਿਵੇਂ ਉਹਨੂੰ ਲੈਣ ਆਏ ਧਰਮ ਰਾਜ ਦੇ ਦੂਤਾਂ ਵੱਲ ਵੇਂਹਦੀ ਹੋਵੇ। ਇਸ ਗੱਲ ਦਾ ਖ਼ਿਆਲ ਉਹਨੂੰ ਕਿੰਨਾ ਚਿਰ ਨਾ ਆਇਆ ਕਿ ਸਹੁਰੇ ਦੇ ਸਾਹਮਣੇ ਉਹ ਅਜੇ ਤਾਈਂ ਨੰਗੇ ਸਿਰ ਹੀ ਬੈਠੀ ਸੀ। ਮੰਜੀ ਤੋਂ ਉਠ ਕੇ ਬਹਿਣ ਲੱਗਿਆਂ, ਸਿਰ ਤੋਂ 'ਲਹਿ ਗਈ ਚੁੰਨੀ' ਉਸ ਅਜੇ ਤਾਈਂ ਚੁੱਕ ਕੇ ਸਿਰ ਉਤੇ ਨਹੀਂ ਸੀ ਲਈ।

ਤੇ 'ਵਚਨ' ਦੀ ਕਰੀਰ ਦੀ ਢਿੰਗਰੀ ਦਾ ਜਰਕਾਟਾ ਪੈ ਗਿਆ। ਸਾ–ਰਾ ਪਾਣੀ ਦਹਾਕੇ ਦੇ ਭੁੱਖੇ ਮੋਘੇ ਦੇ ਵਿਚੋਂ ਦੀ ਸਣੇ ਟੁੱਟੀ ਢਿੰਗਰੀ ਤੇ ਇਸ ਦੇ ਦੁਆਲੇ ਇਕੱਠੇ ਹੋਏ ਨਿੱਕ–ਸੁੱਕ ਦੇ ਹੜ੍ਹ ਵਾਂਗ ਵਗ ਪਿਆ ਤੇ ਉਹਦੇ ਝੁਲਸੀਂਦੇ ਅੰਦਰ ਦੀ ਧਰਤੀ ਦੀਆਂ ਪੱਥਰ ਹੋਈਆਂ ਤ੍ਰੇੜਾਂ ਭਿੱਜ ਕੇ ਹੋਰ ਤਿੜਕ ਗਈਆਂ।

"ਤੇਰੀ..." ਉਹਦੇ ਸਹੁਰੇ ਨੇ ਉਹਨੂੰ ਨੰਗੇ ਸਿਰ ਇੰਜ ਬੈਠੀ ਵੇਖ ਕੇ ਉਚੀ ਸਾਰੀ ਗਾਲ੍ਹ ਕੱਢੀ, "ਤੂੰ ਸਾਨੂੰ ਕੰਜਰ ਈ ਬਣਾ ਛੱਡਿਐ ਵਹਿਲੇ! ਬੋਟੀ–ਬੋਟੀ ਕਰਕੇ ਅੰਦਰੇ ਖਪਾ ਦੂੰ, ਹਵਾ ਨ੍ਹੀਂ ਨਿਕਲਣ ਦੇਣੀ ਭਲਾ ਕਿਤੇ ਭੁੱਲੀ ਫਿਰਦੀ ਹੋਵੇਂਗੀ।"

ਪਰ ਅੱਜ ਬਲੰਤੋ ਨੂੰ ਅੱਗੇ ਵਾਂਗ ਸਹੁਰੇ ਤੋਂ ਡਰ ਨਾ ਲੱਗਿਆ, ਨਾ ਉਹਨੇ ਚੁੰਨੀ ਚੁੱਕ ਕੇ ਸਿਰ ਧਰੀ, ਨਾ ਅੱਖਾਂ ਨੀਵੀਆਂ ਕੀਤੀਆਂ, ਸਹੁਰੇ ਵੱਲ ਓਵੇਂ ਬਿਤਰ–ਬਿਤਰ ਝਾਕਦੀ ਰਹੀ।

"ਕੀ ਗੱਲ ਐ?" ਪਿਉ ਨੂੰ ਗਾਲ੍ਹਾਂ ਕੱਢਦਿਆਂ ਸੁਣ ਕੇ ਮਾਘੀ ਨੇ ਨੇੜੇ ਆ ਕੇ ਸ਼ਰਾਬੀ ਆਵਾਜ਼ ਵਿਚ ਪਿਉ ਤੋਂ ਪੁੱਛਿਆ।

"ਆਹ ਵੇਖ ਕੰਜਰਾਂ ਦੀ ਨੇ ਸਾਨੂੰ ਕਿਵੇਂ ਠਿੱਠ ਕੀਤੈ। ਹੋਰ ਤਾਂ ਸਭ ਕਰਤੂਤਾਂ ਕਰ ਲੀਆਂ, ਹੁਣ ਆਹ ਕਸਰ ਰਹਿੰਦੀ ਸੀ, ਇਹ ਵੀ ਕਰ ਲੀ। ਵਿਹਨੈ ਕਿਵੇਂ ਕੰਜਰੀਆਂ ਵਾਂਗੂ ਬਿਸ਼ਰਮ ਹੋਈ ਬੈਠੀ ਐ...ਮੈਨੂੰ–ਗੰਡਾਸੀ ਫੜਾ ਕੇਰਾਂ ਉਰੇ, ਮੈਂ ਇਹਦਾ ਭੁਗਤਾਂ ਧੰਦਾ, ਸਾਰੀ ਉਮਰ ਦਾ ਸਿਆਪਾ ਮੁੱਕੂ।"

"ਤੂੰ ਕਾਹਨੂੰ, ਧੌਲਿਆਂ ਨੂੰ ਕਲੰਕ ਲੌਣੈ, ਇਹ ਪੁੰਨ ਮੈਨੂੰ ਖੱਟਣ ਦੇ, ਨਾਲੇ ਵਿਚਾਰੇ ਸਾਡੇ ਬਾਈ ਦੀ ਗਤ ਹੋ ਜੂ...ਹਿਹ ਕਰੀਂਡਲ ਲਾਹ ਈ ਦੇਈਏ ਅੱਜ ਇਹਦੇ ਗਲੋਂ।" ਮਾਘੀ ਨੇ ਖੁੱਲ੍ਹੇ ਕੇਸਾਂ ਦਾ ਜੂੜਾ ਕਰਦਿਆਂ ਲਲਕਾਰਾ ਮਾਰਿਆ।

ਤੇ ਫੇਰ ਖੁਰਲੀ ਉਤੇ ਚੜ੍ਹ ਕੇ ਉਹਨੇ ਕੰਧ ਉਤੋਂ ਦੀ ਛਾਲ ਮਾਰੀ ਤੇ ਬਲੰਤੋ ਦੇ ਵਿਹੜੇ ਵਿਚ ਆ

*(ਅਗਲੇ ਸਫੇ 'ਤੇ ਜਾਰੀ)*

# ...ਅਤੇ ਭਾਈ ਮਨੀ ਸਿੰਘ ਜੀ ਸ਼ਹੀਦ ਕਰ ਦਿੱਤੇ ਗਏ!

ਸਿੱਖ ਸੰਘਰਸ਼-7

ਇਤਿਹਾਸ ਗੁਆਹ ਹੈ ਕਿ ਪ੍ਰਾਚੀਨ ਸਮੇਂ ਵਿਚ ਲਗਾਤਾਰ ਸੰਘਰਸ਼ ਵਿਚ ਰੁੱਝੇ ਰਹਿਣ ਦੇ ਬਾਵਜੂਦ ਸਿੱਖ ਸਦਾ ਹੀ ਰਾਜ-ਸੱਤਾ ਨਾਲੋਂ ਆਪਣੇ ਆਦਰਸ਼ਾਂ ਦੇ ਪਾਲਣ ਅਤੇ ਗੁਰੂ ਸਾਹਿਬਾਨ ਵਲੋਂ ਗਰੀਬ-ਮਜ਼ਲੂਮ ਅਤੇ ਆਤਮ-ਸਨਮਾਨ ਦੀ ਰਖਿਆ ਲਈ ਸੌਂਪੀਆਂ ਗਈਆਂ ਜ਼ਿੰਮੇਦਾਰੀਆਂ ਨਿਭਾਉਣ ਪ੍ਰਤੀ ਨਿਸ਼ਠਾ ਕਾਇਮ ਰੱਖਣ ਨੂੰ ਹੀ ਪਹਿਲ ਦਿੰਦੇ ਰਹੇ, ਭਾਵੇਂ ਇਸ ਲਈ ਉਨ੍ਹਾਂ ਨੂੰ ਅਨੇਕਾਂ ਹੀ ਕੁਰਬਾਨੀਆਂ

ਜਸਵੰਤ ਸਿੰਘ 'ਅਜੀਤ'
ਫੋਨ:91-98689-17739

ਦੇਣੀਆਂ ਪਈਆਂ ਅਤੇ ਤਸੀਹੇ ਝਲਣੇ ਪਏ। ਕੋਈ ਲਾਲਚ, ਕੋਈ ਡਰ-ਭਉ ਉਨ੍ਹਾਂ ਨੂੰ ਆਪਣੇ ਆਦਰਸ਼ਾਂ ਤੋਂ ਡਗਮਗਾ ਨਹੀਂ ਸਕਿਆ।

ਜ਼ਕਰੀਆ ਖਾਨ ਵਲੋਂ ਦਿੱਲੀ ਦਰਬਾਰ ਦੀ ਸਹਿਮਤੀ ਨਾਲ ਸਿੱਖਾਂ ਨੂੰ ਜਗੀਰ ਦੇ ਕੇ ਆਪਣੇ ਗਲੋਂ ਲਾਹ ਆਪੋ ਵਿਚ ਉਲਝਾਉਣ ਦੀ ਚੱਲੀ ਗਈ ਚਾਲ ਸਫਲ ਨਾ ਹੋ ਸਕੀ। ਇਸ ਦਾ ਸੰਕੇਤ ਉਸੇ ਸਮੇਂ ਹੀ ਮਿਲ ਗਿਆ ਸੀ ਜਦੋਂ ਜ਼ਕਰੀਆ ਖਾਨ ਦੀ ਭੇਜੀ ਜਗੀਰ ਕੋਈ ਵੀ ਸਿੱਖ ਸਵੀਕਾਰ ਕਰਨ ਲਈ ਤਿਆਰ ਨਹੀਂ ਸੀ ਹੋ ਰਿਹਾ। ਸਿੱਖਾਂ ਦੇ ਇਸ ਆਚਰਣ ਨੇ ਸਾਬਤ ਕਰ ਦਿੱਤਾ ਕਿ ਉਨ੍ਹਾਂ ਨੂੰ ਸੱਤਾ ਨਾਲੋਂ ਆਪਣੇ ਆਦਰਸ਼ ਪਿਆਰੇ ਹਨ। ਆਦਰਸ਼ਾਂ ਲਈ ਉਹ ਰਾਜ-ਸੱਤਾ ਜ਼ਰੂਰ ਕੁਰਬਾਨ ਕਰ ਸਕਦੇ ਹਨ।

ਗੱਲ ਉਹੀ ਹੋਈ, ਜਿਸਦਾ ਉਨ੍ਹਾਂ ਨੂੰ ਵਿਸ਼ਵਾਸ ਸੀ। ਜਦੋਂ ਜ਼ਕਰੀਆ ਖਾਨ ਨੂੰ ਜਾਪਿਆ ਕਿ ਉਸ ਦੀ ਚਾਲ ਉਲਟੀ ਪੈ ਰਹੀ ਹੈ। ਸਿੱਖ ਆਪੋ ਵਿਚ ਉਲਝ ਕੇ, ਕਮਜ਼ੋਰ ਹੋਣ ਦੀ ਬਜਾਏ, ਇਕਜੁਟ ਹੋ ਸ਼ਕਤੀ ਪਕੜਦੇ ਜਾ ਰਹੇ ਹਨ ਤਾਂ ਉਸ ਨੇ ਸਿੱਖਾਂ ਨੂੰ ਦਿੱਤੀ ਜਗੀਰ ਵਾਪਸ ਲੈ ਲਈ ਅਤੇ ਉਨ੍ਹਾਂ ਉਤੇ ਮੁੜ ਜਬਰ-ਜ਼ੁਲਮ ਢਾਹੁਣ ਦੇ ਚੱਕਰ ਵਿਚ ਤੇਜ਼ੀ ਲੈ ਆਂਦੀ। ਸਿੱਖ, ਜੋ ਇਸ ਲਈ ਪਹਿਲਾਂ ਤੋਂ ਹੀ ਤਿਆਰ ਸਨ, ਪਹਿਲਾਂ ਵਾਂਗ ਹੀ ਜੰਗਲਾਂ-ਬੇਲਿਆਂ ਵਿਚ ਜਾ, ਜਾਬਰ ਹਕੂਮਤ ਲਈ ਸਿਰ-ਦਰਦ ਬਣਨ ਲੱਗੇ।

ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਅੰਮ੍ਰਿਤਸਰ ਜਾਂਦੇ ਸਿੱਖਾਂ ਦਾ ਹਜ਼ਾਰਾ ਸ਼ਾਹ ਦੇ ਮੁਕਾਮ 'ਤੇ ਮੁਗਲ ਫੌਜ ਨਾਲ ਸਾਹਮਣਾ ਹੋ ਗਿਆ। ਇਥੇ ਗਹਿਗੱਚ ਲੜਾਈ ਹੋਈ ਜਿਸ ਵਿਚ ਨਾ ਕੇਵਲ ਮੁਗਲ ਫੌਜ ਨੂੰ ਕਰਾਰੀ ਹਾਰ ਹੋਈ, ਸਗੋਂ ਉਸਦੇ ਨਾਮੀ ਸਿਪਾਹ-ਸਾਲਾਰ ਜਮਾਲ ਖਾਨ ਤੇ ਤਾਤਾਰ ਖਾਨ ਅਤੇ ਨਾਲ ਹੀ ਲਖਪਤ ਰਾਏ ਦਾ ਭਤੀਜਾ ਦੁਨੀ ਚੰਦ ਵੀ ਮਾਰੇ ਗਏ। ਇਸ ਹਾਰ ਤੋਂ ਜ਼ਕਰੀਆ ਖਾਨ ਬੌਖਲਾ ਉਠਿਆ ਤੇ ਉਸ ਨੇ ਮੁਗਲ ਫੌਜ ਭੇਜ ਕੇ ਦਰਬਾਰ ਸਾਹਿਬ ਨੂੰ ਘੇਰੇ ਵਿਚ ਲੈ ਲਿਆ, ਉਥੇ ਹੀ ਲਖਪਤ ਰਾਏ ਨੇ ਆਪਣੇ ਭਰਾ ਜਸਪਤ ਰਾਏ ਨਾਲ ਮਿਲ ਕੇ ਸਿੱਖਾਂ ਦਾ ਖੁਰਾ-ਖੋਜ ਮਿਟਾਣ ਦੇ ਇਰਾਦੇ ਨਾਲ ਪੂਰੀ ਸ਼ਕਤੀ ਝੋਂਕ ਦਿੱਤੀ। ਇਹ ਦੌਰ ਕਾਫ਼ੀ ਲੰਮੇਂ ਸਮੇਂ ਤਕ ਚਲਦਾ ਰਿਹਾ!


ਕਰੀਬ 3 ਸਾਲ ਸਿੱਖ ਨਾ ਤਾਂ ਵਿਸਾਖੀ ਅਤੇ ਨਾ ਹੀ ਦੀਵਾਲੀ 'ਤੇ ਸ੍ਰੀ ਦਰਬਾਰ ਸਾਹਿਬ ਵਿਖੇ ਆਪਣਾ ਇਕੱਠ ਕਰ ਸਕੇ। ਉਧਰ ਬੀਤੇ ਲਗਭਗ ਅਠ੍ਹਾਰਾਂ ਵਰ੍ਹਿਆਂ ਤੋਂ ਸ੍ਰੀ ਦਰਬਾਰ ਸਾਹਿਬ ਦੀ ਸੇਵਾ-ਸੰਭਾਲ ਦੀ ਜ਼ਿੰਮੇਦਾਰੀ ਨਿਭਾ ਰਹੇ ਭਾਈ ਮਨੀ ਸਿੰਘ ਨੇ ਸੰਨ 1738 ਈਸਵੀ ਦੀ ਦੀਵਾਲੀ 'ਤੇ ਸ੍ਰੀ ਦਰਬਾਰ ਸਾਹਿਬ ਪੰਥਕ ਇਕੱਠ ਕਰਨ ਦਾ ਵਿਚਾਰ ਬਣਾਇਆ ਅਤੇ ਵਿਚੋਲਿਆਂ ਰਾਹੀਂ ਜ਼ਕਰੀਆ ਖਾਨ ਪਾਸੋਂ ਪ੍ਰਵਾਨਗੀ ਦੀ ਮੰਗ ਕੀਤੀ। ਜ਼ਕਰੀਆ ਖਾਨ ਨੇ ਪ੍ਰਵਾਨਗੀ ਤਾਂ ਦੇ ਦਿੱਤੀ ਪਰ ਇਸ ਦੇ ਨਾਲ ਹੀ ਪੰਜ ਹਜ਼ਾਰ ਰੁਪਏ ਕਰ ਵਜੋਂ ਅਦਾ ਕਰਨ ਦੀ ਸ਼ਰਤ ਵੀ ਰੱਖ ਦਿੱਤੀ ਜਿਸਨੂੰ ਪੰਥਕ ਹਿਤ ਵਿਚ ਭਾਈ ਮਨੀ ਸਿੰਘ ਨੇ ਸਵੀਕਾਰ ਕਰ ਲਿਆ।

ਇਥੇ ਇਹ ਵਰਣਨਯੋਗ ਹੈ ਕਿ ਉਨ੍ਹਾਂ ਸਮਿਆਂ ਵਿਚ ਸਿੱਖ ਸ੍ਰੀ ਦਰਬਾਰ ਸਾਹਿਬ ਵਿਖੇ ਅਜਿਹੇ ਇਕੱਠ ਕਰਕੇ ਬੀਤੇ ਸਮੇਂ ਵਿਚ ਆਪਣੇ ਨਾਲ ਵਾਪਰੇ ਹਾਦਸਿਆਂ, ਸੰਘਰਸ਼ਾਂ ਅਤੇ ਦੁੱਖ-ਸੁੱਖ ਆਦਿ ਬਾਰੇ ਵਿਚਾਰ ਕਰ ਆਪਸੀ ਸਹਿਯੋਗ ਦੇ ਆਧਾਰ 'ਤੇ ਭਵਿੱਖ ਦੀ ਰਣਨੀਤੀ ਘੜਿਆ ਕਰਦੇ ਸਨ।

ਜ਼ਕਰੀਆ ਖਾਨ ਤੋਂ ਪ੍ਰਵਾਨਗੀ ਮਿਲਦਿਆਂ ਹੀ ਭਾਈ ਮਨੀ ਸਿੰਘ ਨੇ ਚਾਰੇ ਪਾਸੇ ਸਿੱਖਾਂ ਨੂੰ ਹੁਕਮਨਾਮੇ ਭੇਜ ਦਿੱਤੇ ਕਿ ਉਹ ਦੀਵਾਲੀ 'ਤੇ ਸ੍ਰੀ ਦਰਬਾਰ ਸਾਹਿਬ ਹੁਮ-ਹੁਮਾ ਕੇ ਪੁਜਣ। ਇਸ ਇਕੱਠ ਪਿਛੇ ਭਾਈ ਸਾਹਿਬ ਦਾ ਉਦੇਸ਼ ਸੀ ਕਿ ਇਸ ਇਕੱਠ ਵਿਚ ਹੋਰ ਮੁੱਦਿਆਂ ਤੋਂ ਇਲਾਵਾ, ਖਾਲਸੇ ਵਲੋਂ ਦੇਸ਼ ਉਤੇ ਹੋਣ ਵਾਲੇ ਨਾਦਰਸ਼ਾਹ ਦੇ ਸੰਭਾਵਤ ਹਮਲੇ ਪ੍ਰਤੀ ਵੀ ਆਪਣੀ ਰਣਨੀਤੀ ਬਣਾਈ ਜਾਏ।

ਉਧਰ ਜ਼ਕਰੀਆ ਖਾਨ ਨੇ ਪੰਜ ਹਜ਼ਾਰ ਰੁਪਏ ਕਰ ਅਦਾ ਕਰਨ ਦੀ ਸ਼ਰਤ ਲਾ ਕੇ, ਸ੍ਰੀ ਦਰਬਾਰ ਸਾਹਿਬ ਵਿਖੇ ਪੰਥਕ ਇਕੱਠ ਦੀ ਇਜਾਜ਼ਤ ਤਾਂ ਦੇ ਦਿੱਤੀ ਪਰ ਅਸਲ ਵਿਚ ਇਸ ਪਿੱਛੇ ਉਸ ਦੀ ਮਨਸ਼ਾ ਇਹ ਸੀ ਕਿ ਦਰਬਾਰ ਸਾਹਿਬ ਵਿਖੇ ਦੀਵਾਲੀ 'ਤੇ ਹਜ਼ਾਰਾਂ ਸਿੱਖਾਂ ਦਾ ਇਕੱਠ ਹੋਵੇਗਾ। ਇਸ ਮੌਕੇ ਹਨੇਰੀ ਰਾਤ ਵਿਚ ਸਿੱਖਾਂ ਨੂੰ ਘੇਰਨਾ ਅਤੇ ਉਨ੍ਹਾਂ ਨੂੰ ਤੋਪਾਂ ਨਾਲ ਉਡਾ ਦੇਣਾ ਮੁਗ਼ਲ ਫੌਜ ਲਈ ਆਸਾਨ ਹੋ ਜਾਏਗਾ। ਇਹ ਰਣਨੀਤੀ ਘੜੀ ਗਈ ਕਿ ਲਖਪਤ ਰਾਏ ਫੌਜ ਲੈ ਕੇ ਅੰਮ੍ਰਿਤਸਰ ਨੇੜੇ ਰਾਮਤੀਰਥ ਪੁਜ ਜਾਏ ਅਤੇ ਉਥੋਂ ਰਾਤ ਨੂੰ ਸਿੱਖਾਂ ਉਤੇ ਅਚਾਨਕ ਇਸ ਤਰ੍ਹਾਂ ਹਮਲਾ ਬੋਲ ਦੇਵੇ ਕਿ ਸਿੱਖਾਂ ਨੂੰ ਸੰਭਲਣ ਦਾ ਮੌਕਾ ਤਕ ਨਾ ਮਿਲੇ।

ਜਦੋਂ ਕੁਝ ਸੂਹੀਆਂ ਰਾਹੀਂ ਭਾਈ ਮਨੀ ਸਿੰਘ ਨੂੰ ਇਸ ਸਾਜ਼ਿਸ਼ ਦਾ ਪਤਾ ਲੱਗਾ ਤਾਂ ਉਨ੍ਹਾਂ ਝਟ



ਹੀ ਹਰ ਪਾਸੇ ਹਰਕਾਰੇ ਦੌੜਾ ਦਿੱਤੇ ਤਾਂ ਜੋ ਜਿਥੇ ਵੀ ਸਿੱਖ ਹਨ, ਉਨ੍ਹਾਂ ਤਕ ਇਸ ਸਾਜ਼ਿਸ਼ ਦੀ ਸੂਹ ਪੁਜ ਜਾਏ ਤੇ ਉਹ ਅੰਮ੍ਰਿਤਸਰ ਵਲ ਕੂਚ ਕਰਨ ਤੋਂ ਰੁੱਕ ਜਾਣ। ਪਰ ਸਾਰੇ ਸਿੱਖਾਂ ਤਕ ਖਬਰ ਨਾ ਪੁਜ ਸਕੀ ਤੇ ਵੱਡੀ ਗਿਣਤੀ ਵਿਚ ਸਿੱਖ ਅੰਮ੍ਰਿਤਸਰ ਪੁਜ ਗਏ। ਲਖਪਤ ਰਾਏ ਨੇ ਪਹਿਲਾਂ ਤੋਂ ਨਿਸ਼ਚਿਤ ਸਾਜ਼ਿਸ਼ ਅਨੁਸਾਰ ਦਰਬਾਰ ਸਾਹਿਬ 'ਤੇ ਹਮਲਾ ਕਰ ਦਿੱਤਾ। ਇਸ ਹਮਲੇ ਵਿਚ ਕਈ ਸਿੱਖ ਸ਼ਹੀਦ ਹੋ ਗਏ। ਫਲਸਰੂਪ ਸਿੱਖਾਂ ਦਾ ਇਕੱਠ ਨਾ ਹੋ ਸਕਿਆ।

ਭਾਈ ਮਨੀ ਸਿੰਘ ਨੇ ਹਾਕਮਾਂ ਦੀ ਇਸ ਕਾਰਵਾਈ ਵਿਰੁਧ ਸਖਤ ਰੋਸ਼ ਪ੍ਰਗਟ ਕੀਤਾ ਅਤੇ ਕਿਹਾ ਕਿ ਜ਼ਕਰੀਆ ਖਾਨ ਨੇ ਫੌਜ ਭੇਜ ਕੇ ਕੇਵਲ ਵਿਸ਼ਵਾਸਘਾਤ ਹੀ ਨਹੀਂ ਕੀਤਾ ਸਗੋਂ ਉਹ ਬੇਗੁਨਾਹਾਂ ਦੇ ਕਤਲ ਦਾ ਵੀ ਗੁਨਾਹਗਾਰ ਬਣਿਆ ਹੈ। ਉਨ੍ਹਾਂ ਦੀ ਗੱਲ ਸੁਣਨਾ ਤਾਂ ਦੂਰ ਰਿਹਾ, ਉਲਟੇ ਜ਼ਕਰੀਆ ਖਾਨ ਨੇ ਉਨ੍ਹਾਂ ਪਾਸੋਂ ਕਰ ਦੀ ਰਕਮ ਪੰਜ ਹਜ਼ਾਰ ਰੁਪਏ ਦੀ ਮੰਗ ਕਰ ਦਿੱਤੀ। ਭਾਈ ਮਨੀ ਸਿੰਘ ਨੇ ਇਹ ਆਖਦਿਆਂ ਕਰ ਦੀ ਰਕਮ ਅਦਾ ਕਰਨ ਤੋਂ ਇਨਕਾਰ ਕਰ ਦਿੱਤਾ ਕਿ ਸਰਕਾਰ ਆਪਣੇ ਵਾਇਦੇ 'ਤੇ ਕਾਇਮ ਨਹੀਂ ਰਹੀ।

ਇਹ ਉਤਰ ਸੁਣ ਕੇ ਜ਼ਕਰੀਆ ਖਾਨ ਨੇ ਭਾਈ ਮਨੀ ਸਿੰਘ ਦੀ ਗ੍ਰਿਫਤਾਰੀ ਦਾ ਹੁਕਮ ਦੇ ਦਿੱਤਾ। ਭਾਈ ਸਾਹਿਬ ਨੂੰ ਉਨ੍ਹਾਂ ਦੇ ਦੋ ਸਾਥੀਆਂ-ਭਾਈ ਗੁਲਜ਼ਾਰ ਸਿੰਘ ਅਤੇ ਭਾਈ ਦੀਵਾਨ ਸਿੰਘ ਸਮੇਤ ਪਕੜ ਕੇ ਲਾਹੌਰ ਲਿਜਾਇਆ ਗਿਆ। ਜ਼ਕਰੀਆ ਖਾਨ ਨੇ ਉਨ੍ਹਾਂ ਨੂੰ ਕਰ ਅਦਾ ਕਰਨ ਜਾਂ ਇਸਲਾਮ ਕਬੂਲ ਕਰਨ ਲਈ ਕਿਹਾ। ਭਾਈ ਸਾਹਿਬ ਅਤੇ ਉਨ੍ਹਾਂ ਦੇ ਸਾਥੀਆਂ ਨੇ ਇਨ੍ਹਾਂ ਦੋਹਾਂ ਸ਼ਰਤਾਂ ਵਿਚੋਂ ਕੋਈ ਵੀ ਮੰਨਣ ਤੋਂ ਇਨਕਾਰ ਕਰ ਦਿੱਤਾ। ਜ਼ਕਰੀਆ ਖਾਨ ਨੇ ਉਨ੍ਹਾਂ ਨੂੰ ਸ਼ਹੀਦ ਕਰਨ ਅਤੇ ਕਾਜ਼ੀ ਨੇ ਭਾਈ ਮਨੀ ਸਿੰਘ ਦੇ ਬੰਦ-ਬੰਦ ਕਟਣ ਅਤੇ ਉਨ੍ਹਾਂ ਦੇ ਸਾਥੀ ਦੀਵਾਨ ਸਿੰਘ ਨੂੰ ਆਰੇ ਨਾਲ ਚੀਰਨ ਤੇ ਭਾਈ ਗੁਲਜ਼ਾਰ ਸਿੰਘ ਨੂੰ ਅਸਹਿ ਤਸੀਹੇ ਦੇਣ ਦਾ ਹੁਕਮ ਦੇ ਦਿੱਤਾ।

ਇਤਿਹਾਸ ਅਨੁਸਾਰ ਜਦੋਂ ਜੱਲਾਦ ਨੇ ਭਾਈ ਸਾਹਿਬ ਦੀ ਬਿਰਧ ਅਵਸਥਾ ਵੇਖਦਿਆਂ ਸਰੀਰ ਦੇ ਕੇਵਲ ਕੁਝ ਹਿਸੇ ਹੀ ਕੱਟਣੇ ਚਾਹੇ ਤਾਂ ਭਾਈ ਸਾਹਿਬ ਨੇ ਉਸ ਨੂੰ ਆਪਣੇ ਮਾਲਕ ਦਾ ਹੁਕਮ ਵਜਾਉਣ ਲਈ ਕਿਹਾ। ਸੋ ਪਹਿਲਾਂ ਉਂਗਲੀਆਂ ਦੇ ਪੋਟੇ ਕੱਟੇ ਗਏ ਫਿਰ ਹਥੇਲੀ ਤੇ ਗੁਟ ਆਦਿ। ਪੰਥ ਪ੍ਰਕਾਸ਼ ਅਨੁਸਾਰ:

ਪਹਲੇ ਉਂਗਲੀਯੋ ਪੋਟੇ ਕਟਾਏ।
ਫਿਰ ਮਧ ਗੰਢ ਤੇ ਬੰਦ ਛਡਾਏ।
ਫਿਰ ਉਂਗਲੀ ਤਿਥੀ ਵਾਰ ਕਟਾਈ।
ਫਿਰ ਪੈਰੋਂ ਸੇ ਬੀਣੀ ਛੁਡਾਈ।
ਚੰਡਾਲ ਚਾਹੇ ਫਿਰ ਮੋਢਯੋ ਲੁਹਾਈ।
ਮਨੀ ਸਿੰਘ ਕਈ ਕਹੁਨੀ ਘੜਾਈ।
ਕਹੁਨਿਓ ਕਟਾਏ ਫਿਰ ਮੋਢਿਓ ਲੁਹਾਈ।
ਸਜੀ ਕਰਾਇ ਫਿਰ ਖਬੀ ਫੜਾਈ।
ਤਿਨ ਹੀ ਪੈਰਯੋਂ ਬੰਦ ਕਟਾਯੋ।
ਗਰ ਗਰ ਉਂਗਲ ਗੁਠੋ ਬਢਾਯੋ।

ਇਧਰ ਬੰਦ-ਬੰਦ ਕੱਟੇ ਜਾ ਰਹੇ ਸਨ ਤੇ ਉਧਰ ਭਾਈ ਸਾਹਿਬ ਅਡੋਲ ਹੋ ਸੁਖਮਨੀ ਸਾਹਿਬ ਦਾ ਪਾਠ ਕਰ ਰਹੇ ਸਨ,

ਸਿੰਘ ਜੀ ਮੁਖ ਗੁਰ ਪੜ੍ਹਤ ਜੋ ਬਾਣੀ,
ਨਹਿ ਕੁਛ ਪੀੜ ਦੇਹ ਉਨ ਜਾਨੀ।
ਪਾਠ ਸੁਖਮਨੀ ਮੁਖੋ ਉਚਰੈ,
ਨਹਿ ਕਿਛੁ ਜਨਮੈ। ਨਹਿ ਕਿਛੁ ਮਰੈ।'
(ਪ੍ਰਾਚੀਨ ਪੰਥ ਪ੍ਰਕਾਸ਼)

ਭਾਈ ਮਨੀ ਸਿੰਘ ਦੀ ਸ਼ਹਾਦਤ ਨੇ ਸਿੱਖਾਂ ਵਿਚ ਭਾਰੀ ਰੋਹ ਪੈਦਾ ਕਰ ਦਿੱਤਾ। ਕਾਰਣ ਇਹ ਸੀ ਕਿ ਭਾਈ ਮਨੀ ਸਿੰਘ ਇੱਕ ਅਜਿਹੀ ਧਾਰਮਕ ਸ਼ਖਸੀਅਤ ਸਨ, ਜਿਸ ਦਾ ਹਰ ਸਿੱਖ ਸਤਿਕਾਰ ਕਰਦਾ ਸੀ। ਇਸ ਦੇ ਨਾਲ ਹੀ ਭਾਈ ਮਨੀ ਸਿੰਘ ਉਨ੍ਹਾਂ ਦੇ ਮਾਰਗ-ਦਰਸ਼ਕ ਵੀ ਸਨ। ਭਾਈ ਸਾਹਿਬ ਦਾ ਭਤੀਜਾ ਭਾਈ ਅਘੜ ਸਿੰਘ, ਭਾਈ ਸਾਹਿਬ ਦੀ ਸ਼ਹਾਦਤ ਬਾਰੇ ਸੁਣਦਿਆਂ ਹੀ ਇਤਨਾ ਗੁੱਸੇ ਵਿਚ ਆ ਗਿਆ ਕਿ ਉਸ ਨੇ ਝਟ ਅੰਮ੍ਰਿਤਸਰ ਪੁਜ ਉਥੋਂ ਦੇ ਹਾਕਮ ਅਬਦੁਲ ਰਜ਼ਾਕ ਉਪਰ ਹਮਲਾ ਕਰ ਉਸ ਨੂੰ ਥਾਂ 'ਤੇ ਹੀ ਮਾਰ ਮੁਕਾਇਆ ਅਤੇ ਨਾਲ ਹੀ ਭਾਈ ਸਾਹਿਬ ਵਿਰੁਧ ਫਤਵਾ ਦੇਣ ਵਾਲੇ ਕਾਜ਼ੀ ਨੂੰ ਵੀ ਜਾ ਥਾਂ ਰਖਿਆ।

# ਕਰੀਰ ਦੀ ਢਿੰਗਰੀ

ਗਿਆ। ਬਲੰਤੋ ਦਾ ਸਹੁਰਾ ਵੀ, ਗਾਲ੍ਹਾਂ ਕੱਢਦਾ ਗਲੀ ਵਿਚ ਦੀ ਹੋ ਕੇ ਆ ਵੜਿਆ। ਰੌਲਾ ਸੁਣ ਕੇ ਗਿਆਲਾ ਅੰਦਰੋਂ ਨਿਕਲਿਆ ਤੇ ਰਾਕਸ਼ਾਂ ਵਾਂਗ ਆਉਂਦੇ ਆਪਣੇ ਭਰਾ ਤੇ ਪਿਉ ਨੂੰ ਵੇਖ ਕੇ ਸਹਿਮ ਗਿਆ।

...ਪਰ ਕਰੀਰ ਦੀ ਢਿੰਗਰੀ ਟੁੱਟ ਚੁੱਕੀ ਸੀ।

ਬਲੰਤੋ ਉਨ੍ਹਾਂ ਦੋਹਾਂ ਦੇ ਨੇੜੇ ਆਉਣ ਤੋਂ ਪਹਿਲਾਂ ਬਬ੍ਹਕਾ ਮਾਰ ਕੇ ਖੜ੍ਹੀ ਹੋ ਗਈ। ਉਹਦੀਆਂ ਅੰਦਰ ਧੱਸੀਆਂ ਅੱਖਾਂ ਲਾਲ ਸੂਹੀਆਂ ਹੋ ਗਈਆਂ। ਓਵੇਂ ਜਿਵੇਂ ਨੰਗੇ ਸਿਰ, ਉਸ ਖੂੰਜੇ ਪਿਆ ਘੋਟਾ ਚੁੱਕ ਲਿਆ ਤੇ ਕਿਲਕਾਰੀ ਮਾਰ ਕੇ ਚੀਕੀ, "ਆਓ ਮੇਰੇ ਪਿਓ ਦਾ ਸਾਲਾ, ਕਿਹੜਾ ਮੇਰੇ ਨੇੜੇ ਲੱਗਦੈ। ਸਣੇ ਓਤਮੇ-ਕੋਤਮੇ ਉਹਦੀਆਂ ਆਂਦਰਾਂ ਕੱਢ-ਲੂੰ ਜੀਹਨੇ ਮੈਨੂੰ ਹੱਥ ਵੀ ਲਾਇਐ।"

ਉਹ ਏਨੀ ਉਚੀ ਚੀਕੀ ਸੀ ਕਿ ਗਿਆਲੇ ਤੋਂ ਉਹਦੀ ਅਵਾਜ਼ ਪਛਾਣੀ ਨਾ ਗਈ। ਨਿਆਣੇ ਡਰਦੇ ਮਾਰੇ ਕੰਧਾਂ ਨਾਲ ਜਾ ਲੱਗੇ ਤੇ ਡਾਡਾਂ ਮਾਰਨ ਲੱਗ ਪਏ। ਗਿਆਲੇ ਦਾ ਪਿਓ ਤੇ ਮਾਘੀ ਵੀ ਕੁਝ ਸਹਿਮ ਗਏ ਸਨ। ਉਨ੍ਹਾਂ ਨੂੰ ਸੱਚ ਨਹੀਂ ਸੀ ਆਉਂਦਾ ਕਿ ਇਹ ਉਹੋ ਤੀਵੀਂ ਸੀ ਜਿਹਤੀ ਬਾਰਾਂ ਵਰ੍ਹੇ ਕੰਧ ਬਣ ਕੇ ਉਨ੍ਹਾਂ ਦੀਆਂ ਜੁੱਤੀਆਂ ਖਾਂਦੀ ਰਹੀ ਸੀ, ਖਰ੍ਹਵੇ ਬੋਲ ਤੇ ਗਾਲ੍ਹਾਂ ਸੁਣਦੀ ਰਹੀ ਸੀ ਤੇ ਕਦੇ ਕੂਈ ਵੀ ਨਹੀਂ ਸੀ ਪਰ ਅੱਜ ਕਾਲਕਾ ਮਾਈ ਦਾ ਰੂਪ ਧਾਰੀ ਘੋਟਾ ਚੁੱਕੀ ਦੋ ਬੰਦਿਆਂ ਨੂੰ ਸਿੱਧੀ ਹੋਈ ਖੜ੍ਹੀ ਸੀ। ਇਹ ਗੱਲ ਉਨ੍ਹਾਂ ਦੀਆਂ ਸ਼ਰਾਬੀ ਅੱਖਾਂ ਨੂੰ ਵੀ ਓਪਰੀ ਲੱਗੀ ਸੀ ਪਰ ਅਗਲੇ ਪਲ ਹੀ ਸ਼ਰਾਬੀ ਅੱਖਾਂ, ਬਿਨਾ ਕੋਈ ਡੂੰਘੀ ਗੱਲ ਸੋਚਿਆਂ ਹੋਰ ਕਹਿਰ ਵਿਚ ਆ ਗਈਆਂ। ਤੇ ਉਹ ਦੋਵੇਂ ਪਿਓ-ਪੁੱਤ, ਉਸ 'ਕੰਜਰੀ ਤੀਵੀਂ' ਨੂੰ ਬਘਿਆੜ ਵਾਂਗ ਪਾੜਨ ਪੈ ਗਏ।

"ਬਲੰਤੋ!" ਗਿਆਲੇ ਨੇ ਕੂਕ ਕੇ ਆਖਿਆ, ਤੇ ਉਹਦੇ ਵੱਲ ਭੱਜਿਆ। ਪਰ ਬਲੰਤੋ! ਹੁਣ ਕੌਣ ਬਲੰਤੋ! ਬਲੰਤੋ ਹੁਣ ਕਿਤੇ ਨਹੀਂ ਸੀ, ਕਰੀਰ ਦੀ ਢਿੰਗਰੀ ਟੁੱਟ ਚੁੱਕੀ ਸੀ! ਗਿਆਲਾ ਅਜੇ ਉਹਦੇ ਕੋਲ ਨਹੀਂ ਸੀ ਅਪੜਿਆ ਕਿ ਬਲੰਤੋ ਨੇ ਉਹਦੇ ਵੱਲ ਆਉਂਦੇ ਮਾਘੀ ਵੱਲ, ਸਿਰ-ਮਦਾਨ ਭੱਜ ਕੇ ਉਹਨੂੰ ਮਿਲਦਿਆਂ, ਘੋਟਾ ਸੱਜੇ ਮੋਢੇ ਉਤੇ, ਏਡੇ ਜ਼ੋਰ ਨਾਲ ਮਾਰਿਆ ਕਿ ਮਾਘੀ ਦੀ ਬਾਂਹ ਟੁੱਟੀ ਟਾਹਣੀ ਵਾਂਗ ਲਮਕਣ ਲੱਗ ਪਈ। ਸਹੁਰਾ ਅਗਾਂਹ ਹੋਇਆ ਤਾਂ ਉਹ ਮਾਘੀ ਵੱਲੋਂ ਹਟ ਕੇ ਉਹਨੂੰ ਪੈ ਗਈ। ਜਦੋਂ ਟੁੱਟਵਾਂ ਜਿਹਾ ਇੱਕ ਘੋਟਾ ਗਿਆਲੇ ਦੇ ਪਿਓ ਦੇ ਵੀ ਵੱਜਿਆ, ਉਹ ਗਾਲ੍ਹਾ ਕੱਢਦਾ ਪਿਛਾਂਹ ਭਉਂ ਕੇ, ਕੋਈ ਡਾਂਗ ਸੋਟੀ ਲੱਭਣ ਦੇ ਬਹਾਨੇ ਵਿਹੜੇ ਵਿਚ ਆ ਗਿਆ। ਜਦੋਂ ਨੂੰ ਗਿਆਲਾ ਭੱਜ ਕੇ ਬਲੰਤੋ ਦੇ ਨੇੜੇ ਹੋਇਆ ਉਦੋਂ ਨੂੰ ਉਹ ਗੁਤਕੇ ਦੇ ਖਿਡਾਰੀ ਵਾਂਗ ਪੁੱਠੀ-ਪੈਰੀਂ, ਬੁਬ੍ਹਕਾ ਮਾਰ ਕੇ ਪਿਛਲੀ ਕੰਧ ਨਾਲ ਜਾ ਲੱਗੀ ਸੀ ਤੇ ਉਸ ਕੰਧ ਨਾਲ ਲੱਗੀ ਨੇ ਪਹਿਲੇ ਵਾਂਗ ਈ ਫੇਰ ਕਿਲਕਾਰੀ ਮਾਰੀ,

"ਹੁਣ ਆਓ ਕੋਈ ਸੱਗਾ-ਰੱਤਾ ਮੇਰੇ ਨੇੜੇ ਤਾਂ ਲੱਗ ਕੇ ਵੇਖੋ!...ਤੁਸੀਂ ਚੌਦਾਂ ਵਰ੍ਹੇ ਮੇਰਾ ਅੰਦਰ ਸਾੜਿਐ - ਤੀਵੀਂ ਕਰਕੇ ਈ ਨਾ?...ਲੱਗੋ ਹੁਣ ਨੇੜੇ ਜੇ ਥੋਡੀ ਰੱਤ ਨਾ ਪੀ ਜਾਂ ਤਾਂ! ਨਾਲੇ ਸੱਦ ਲੋ ਹੁਣ ਥੋਡੀ ਅਹੁ 'ਫੁਲਕਿਆਂ ਦੀ ਧੀ' ਨੂੰ ਜਿਹਤੀ ਨਿੱਤ 'ਰਾਜੇ ਮਾਪਿਆਂ' ਦਿਓਂ ਲਿਆ-ਲਿਆ ਕੇ ਹੱਥਣੀਆਂ ਬੰਨ੍ਹਦੀ ਸੀ!...ਤੁਸੀਂ ਗੰਦ ਦਿਓ ਭੁੱਖਿਓ, ਵੱਡੇ ਮਰਦਉ-ਪੁਣੇ ਵਾਲਿਓ, ਹੁਣ ਕੰਗਾਲਾਂ ਦੀ ਧੀ ਦੇ ਨੇੜੇ ਲੱਗ ਕੇ ਵੇਖੋ! ਵੇ ਮੈਂ ਚੌਦਾਂ ਵਰ੍ਹੇ ਥੋਡੀਆਂ ਸੁਣੀਆਂ ਪਰ ਤੁਸੀਂ ਮੈਨੂੰ ਗਰੀਬਣੀ ਜਾਣ ਕੇ ਮੇਰੀ ਆਤਮਾ ਪੱਛਦੇ ਰਹੇ! ਆਓ ਹੁਣ ਲੱਗੋ ਨੇੜੇ - ਤੀਵੀਂਆਂ ਦੇ ਹੱਥ ਤਾਂ ਵੇਖੋ ਵੱਡਿਓ ਸੂਰਮਿਓਂ...ਰੱਤ ਪੀ ਲੂੰ।" ਉਹਦਾ ਚਿਹਰਾ, ਪਲ ਦਾ ਪਲ ਇੰਜ ਲਾਲ ਸੂਹਾ ਹੋ ਗਿਆ ਸੀ ਜਿਵੇਂ ਉਹ ਸੱਚੀਂ ਹੀ ਰੱਤ ਪੀ ਕੇ ਹਟੀ ਹੋਵੇ। ਡਰਦਾ ਕੋਈ ਉਹਦੇ ਨੇੜੇ ਨਾ ਲੱਗਿਆ।

ਰੌਲਾ ਸੁਣ ਕੇ ਸਾਰਾ ਅਗਵਾੜ 'ਕੱਠਾ ਹੋ ਗਿਆ ਸੀ। ਜਦੋਂ ਲੋਕਾਂ ਨੇ ਬਲੰਤੋ ਨੂੰ ਨੰਗੇ ਸਿਰ ਸਾਰਿਆਂ ਦੇ ਸਾਹਮਣੇ ਇੰਜ ਘੋਟਾ ਚੁੱਕੀ ਖੜੋਤਿਆਂ ਤੇ ਅਵਾ-ਤਵਾ ਬੋਲਦਿਆਂ ਸੁਣਿਆ ਤਾਂ ਬਹੁਤਿਆਂ ਨੇ ਸ਼ਰਮ ਨਾਲ ਨੀਵੀਂ ਪਾ ਲਈ। ਕਈ ਜਿਹੜੇ ਗਿਆਲੇ ਦੇ ਪਿਓ ਤੇ ਮਾਘੀ ਨਾਲ ਖਾਰ ਖਾਂਦੇ ਸਨ, ਵੇਖ ਕੇ ਮੁਸਕੜੀਏਂ ਹੱਸਦੇ ਰਹੇ। ਇੰਦਰ ਨੰਬਰਦਾਰ, ਜੀਹਨੇ ਆਪਣੀ ਸੱਠਾਂ ਵਰ੍ਹਿਆਂ ਦੀ ਉਮਰ ਵਿਚ ਏਡੀ ਬਿਸ਼ਰਮ ਤੀਵੀਂ ਨਹੀਂ ਸੀ ਵੇਖੀ, ਸ਼ਰਮ ਤੇ ਗੁੱਸੇ ਦਾ ਮਾਰਿਆ ਪਾਣੀ ਪਾਣੀ ਹੋਈ ਜਾਂਦਾ ਸੀ। ਜਦੋਂ ਤੀਵੀਂ ਇੰਜ ਗਾਲ੍ਹਾਂ ਕੱਢਦੀ ਉਹਤੋਂ ਜਰੀ ਨਾ ਗਈ ਤਾਂ ਉਸ ਆਪਣੀ ਬਜ਼ੁਰਗੀ ਤੇ ਚੌਧਰ ਦਾ ਦਬਾਅ ਪਾਉਂਦਿਆਂ ਲਲਕਾਰਾ ਮਾਰਿਆ।

"ਚੁੱਪ ਕਰਦੀ ਐਂ ਕਿ ਨਹੀਂ?...ਕੰਜਰਾਂ ਦੀ ਭੂਤਨੀ ਜੀ, ਕਿਤੋਂ ਮਸਤੀ ਐ!"

ਤੇ ਜਦੋਂ ਉਹ ਥੋੜ੍ਹਾ ਜਿਹਾ ਅਗਾਂਹ ਹੋਇਆ ਤਾਂ ਓਵੇਂ ਕਿਲਕਾਰੀ ਮਾਰ ਕੇ ਬਲੰਤੋ ਕੂਕੀ, "ਬਾਬਾ ਵੇਖੀਂ, ਐਵੇਂ ਆਵਦੀ ਪੱਗ ਲੁਹਾ ਬੈਠੇਂ! ਆਵਦੀ ਲੰਬਰਦਾਰੀ ਕੋਲੇ ਰੱਖ...ਜਦੋਂ ਇਹ ਮੇਰੇ ਨਾਲ ਤੇਰ੍ਹਵੀਆਂ ਕਰਦੇ ਹੁੰਦੇ ਸੀ ਓਦੋਂ ਤੂੰ ਵੱਡਾ ਪੰਚੈਤੀ ਕਿੱਥੇ ਗਿਆ ਸੀ...ਏਸੇ ਪਿੰਡ ਵਸਦਾ ਸੀ ਕਿ ਕਿਤੇ ਹੋਰ?"

ਨੰਬਰਦਾਰ ਨੇ ਦੰਦਾਂ 'ਚ ਜੀਭ ਦੇ ਲਈ। ਤੇ ਫੇਰ ਚਾਣਚੱਕ ਪਾਸਾ ਈ ਪਰਤ ਗਿਆ। ਇੰਦਰ ਨੰਬਰਦਾਰ ਡੌਰ ਭੌਰੇ ਹੋਏ ਖੜੋਤੇ ਗਿਆਲੇ ਨੂੰ ਪੈ ਗਿਆ। "ਸਾਲਿਆ ਤੂੰ ਕੋਈ ਬੰਦੈਂ? ਆਹ ਬਾਂਦਰੀ ਜੀ ਐਨੀਂ ਸਿਰ ਚੜ੍ਹਾ ਛੱਡੀ ਐ, ਏਹੋ ਜੀਆਂ ਭੇਡਾਂ ਪਿੱਛੇ ਤੂੰ ਸਾਰੇ ਪਿੰਡ ਦੀ ਇੱਜਤ ਲਹੌਨੈ, ਤੈਨੂੰ ਸ਼ਰਮ ਨ੍ਹੀਂ ਆਉਂਦੀ ਕੁੱਤਿਆ?"

ਤੇ ਪਲੋਂ ਅੰਦਰ ਅੰਦਰ ਲੋਕ ਬਲੰਤੋ ਨੂੰ ਛੱਡ ਕੇ ਗਿਆਲੇ ਦੇ ਗਲ ਪੈ ਗਏ। ਚੂਹੇ ਪਿੱਛੇ ਪਈਆਂ ਇੱਲਾਂ ਵਾਂਗ ਲੋਕਾਂ ਨੇ ਉਹਨੂੰ ਬੋਚ ਲਿਆ।

"ਸਾਲੇ ਬੰਦਿਆਂ ਦੇ!"

"ਜੇ ਇਹਦੇ 'ਚੋਂ ਤਿੰਨ ਕਾਣੇ ਹੋਣ, ਤੀਵੀਂ ਐਨੀਂ ਸਿਰ ਕੀ ਚੜ੍ਹ ਜਾਏ ਓਇ?"

"ਇਹ ਤਾਂ ਕੁੜੀਆਂ ਉਤੋਂ ਦੀ ਜੰਮਿਐ, ਤੀਵੀਆਂ ਨਾਲੋਂ ਵੀ ਨਿਕੰਮੈ ਸਾਲਾ।"

"ਮੇਰੀ ਤੀਵੀਂ ਐਂ ਕਰਦੀ ਜੇ ਮੈਂ ਵੱਢ ਕੇ ਅੰਦਰ ਨਾ ਖਪਾ ਦਿੰਦਾ ਸਾਲੀ ਨੂੰ।"

"ਤੀਵੀਂ ਕੀ ਬੋਲ ਜੇ ਓਏ! ਗੁੱਤੋਂ ਫੜ ਕੇ ਚਾਰ ਮਾਰੇ ਗਿੱਚੀ 'ਚ ਤਕਲੇ ਵਰਗੀ ਹੋ ਜਾਂਦੀ ਐ।"

ਗਿਆਲੇ ਨੂੰ ਏਹੋ ਜੇਹੇ ਗਾਲ੍ਹਾਂ ਵਰਗੇ ਤੇ ਖਰ੍ਹਵੇ ਬੋਲ ਸੁਣਦੇ ਰਹੇ ਪਰ ਉਹਨੂੰ ਇਹ ਸਾਰਾ ਕੁਝ ਨਿਰਾ ਸੁਪਨੇ ਵਾਂਗ ਲੱਗਿਆ। 'ਤੀਵੀਂ' ਸ਼ਬਦ ਸੁਣ ਕੇ ਉਹਦੀ ਹਾਲਤ ਇੰਜ ਹੁੰਦੀ ਜਾਂਦੀ ਸੀ ਜਿਵੇਂ ਸੈਆਂ ਬੰਦੇ ਉਹਦੀਆਂ ਦੋਹਾਂ ਬਾਹਾਂ ਫੜ ਕੇ ਰੱਸਾਕਸ਼ੀ ਕਰ ਰਹੇ ਹੋਣ। ਬਲੰਤੋ ਉਹੋ ਤੀਵੀਂ ਸੀ ਜਿਸ ਉਹਦੇ ਪਿੱਛੇ ਆਪਣੀ ਹਰ ਗੱਲ ਛੱਡ ਦਿੱਤੀ ਸੀ, ਆਪਣੀ ਦਿਹ ਵੀ ਗਾਲ ਲਈ ਸੀ...ਤੇ ਕਦੇ-ਕਦੇ ਉਹਨੂੰ ਇੰਜ ਲੱਗਦਾ ਸੀ ਜਿਵੇਂ ਬਲੰਤੋ ਵਿਚ ਉਹਦੀ ਜਾਨ ਸੀ - ਜਿਵੇਂ ਬਾਤਾਂ ਵਾਲੇ ਰਾਜੇ ਦੀ ਜਾਨ ਪਿੱਪਲ ਉਤੇ ਟੰਗੇ ਤੋਤੇ ਵਿਚ!...ਇਹ ਲੋਕ ਤੀਵੀਂ ਨੂੰ ਕੀ ਆਖਦੇ ਸਨ? ਗਿਆਲੇ ਦੀ ਹਾਲਤ ਬੇਹੋਸ਼ੀ ਵਰਗੀ ਹੋ ਗਈ। ਉਹ ਉਕਾ ਬੌਂਦਲ ਗਿਆ ਸੀ।

ਅਖੀਰ ਕਈ ਸਿਆਣੇ ਲੰਮੀ ਸੋਚ ਕੇ ਮਾਘੀ ਤੇ ਉਹਦੇ ਪਿਓ ਨੂੰ ਉਥੋਂ ਮੱਲੋਜ਼ੋਰੀ ਲੈ ਗਏ। ਹਰੇਕ ਨੇ ਬਲੰਤੋ ਤੇ 'ਜਨਾਨੇ' ਗਿਆਲੇ ਨੂੰ ਚਿੱਤ-ਆਈਆਂ ਗਾਲ੍ਹਾਂ ਕੱਢੀਆਂ ਤੇ ਹੌਲੀ-ਹੌਲੀ ਤੁਰ ਗਏ। ਵਿਹੜੇ ਦਾ ਰੌਲਾ ਸਾਰੇ ਪਿੰਡ 'ਚ ਖਿਲਰ ਗਿਆ ਪਰ ਬਲੰਤੋ ਅਜੇ ਓਵੇਂ ਘੋਟਾ ਫੜੀ ਕੰਧ ਨਾਲ ਲੱਗੀ ਖੜੋਤੀ ਸੀ।

ਗਿਆਲਾ ਘਾਊਂ-ਮਾਊਂ ਜਿਹਾ ਹੋਇਆ ਅੰਦਰ ਜਾ ਵੜਿਆ। ਉਹਨੂੰ ਪਤਾ ਨਹੀਂ ਸੀ ਲੱਗਾ ਕਿ ਅੰਦਰ ਵੜਦਿਆਂ ਉਹ ਕਦੋਂ ਮੁਸਕਰਾ ਪਿਆ ਤੇ ਉਹਦੀ ਏਸ ਓਪਰੀ ਮੁਸਕਾਨ ਨੂੰ ਤੱਕ ਕੇ ਆਥਣ ਦੇ ਘਸਮੈਲੇ ਚਾਨਣ ਵਿਚ ਡਡਿਆਂਦੇ ਨਿਆਣੇ ਹੋਰ ਵਧੇਰੇ ਸਹਿਮ ਕੇ ਇੱਕ ਦਮ ਚੁੱਪ ਕਰ ਗਏ ਸਨ।

...ਤੇ ਫੇਰ ਉਸੇ ਪਲ ਉਹਨੂੰ ਬਾਹਰ ਕਾਸੇ ਦੇ ਡਿੱਗਣ ਦੀ ਆਵਾਜ਼ ਸੁਣੀ ਜਿਵੇਂ ਹਨੇਰੀ ਨਾਲ, ਖੜਸੁੱਕ ਟਾਹਲੀ ਦਾ ਕੋਈ ਬੋਦਾ ਟਾਹਣਾ ਟੁੱਟ ਕੇ ਡਿੱਗਿਆ ਹੋਵੇ। ਉਹ ਬਾਹਰ ਨੱਸਿਆ। ਬਲੰਤੋ ਮੂਧੇ ਮੂੰਹ ਡਿੱਗੀ ਪਈ ਸੀ। ਉਹ ਹੱਥਾਂ 'ਤੇ ਚੁੱਕ ਕੇ ਉਹਨੂੰ ਅੰਦਰ ਲੈ ਆਇਆ।

ਤੇ ਓਦੂੰ ਸਤਵੇਂ ਦਿਨ ਲੋਕਾਂ ਨੇ ਸੁਣਿਆ ਬਲੰਤੋ ਮਰ ਗਈ ਸੀ।

# ਅਣਕਿਆਸਿਆ ਕਹਿਰ

(ਸਫਾ 31 ਦੀ ਬਾਕੀ)

ਹਰਿ ਹਰਿ ਕਦੇ ਨ ਚੇਤਿਓ
ਜਮਿ ਪਕੜਿ ਚਲਾਇਆ॥ ਪੰਨਾ-726
ਧਨੁ ਜੋਬਨੁ ਦੋਇ ਵੈਰੀ ਹੋਏ
ਜਿਨੀ ਰਖੇ ਰੰਗੁ ਲਾਇ॥
ਅਗੋ ਦੇ ਜੇ ਚੇਤੀਐ
ਤਾਂ ਕਾਇਤੁ ਮਿਲੈ ਸਜਾਇ॥ ਪੰਨਾ-417
ਕੂਜਾ ਬਾਂਗ ਨਿਵਾਜ ਮੁਸਲਾ
ਨੀਲ ਰੂਪ ਬਨਵਾਰੀ॥
ਘਰਿ ਘਰਿ ਮੀਆ ਸਭਨਾਂ ਜੀਆਂ
ਬੋਲੀ ਅਵਰ ਤੁਮਾਰੀ॥ ਪੰਨਾ-1191

ਬਾਬਾ ਜੀ ਨੇ ਪੰਜਾਬੀ ਸਮਾਜ ਵਿਚ ਆ ਰਹੀਆਂ ਤਬਦੀਲੀਆਂ ਨੂੰ ਬੁੱਝ ਕੇ, ਸਮੇਂ ਦੇ ਹਾਣ ਦੀ ਗੱਲ ਕਰਨ ਦੀ ਮੱਤ ਸੁਝਾਈ ਹੋਈ ਹੈ। ਇਸ ਲਈ ਅੱਜ ਦੇ ਗਲੋਬਲ ਯੁੱਗ ਵਿਚ ਸਾਨੂੰ ਆਧੁਨਿਕ ਸੋਚ ਪ੍ਰਣਾਲੀਆਂ ਤੋਂ ਕੁੱਝ ਨਵਾਂ ਸਿੱਖ ਲੈਣ ਵਿਚ ਕੋਈ ਹਰਜ ਨਹੀਂ। ਪੁਰਾਣੀਆਂ ਧਾਰਨਾਵਾਂ ਨਾਲ ਚਿੰਬੜੇ ਰਹਿ ਕੇ ਬੂ-ਦੁਹਾਈ ਬਥੇਰੀ ਪਾਈ ਜਾ ਸਕਦੀ ਹੈ, ਲੇਕਿਨ ਸਮਾਜ ਨੂੰ ਅੱਗੇ ਨਹੀਂ ਲਿਜਾਇਆ ਜਾ ਸਕਦਾ। ਗੁਰੂ ਅਰਜਨ ਦੇਵ ਫੁਰਮਾਉਂਦੇ ਹਨ, "ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ॥" (ਪੰਨਾ-1096) ਜੇਕਰ ਸਾਡੇ ਭਾਈਚਾਰੇ ਦੇ "ਮਹਾਂਗਿਆਨੀ" ਨਹੀਂ ਸੰਭਲਣਗੇ, ਤਾਂ ਲੋਕ ਛੱਡ ਕੇ ਅੱਗੇ ਤੁਰ ਜਾਣਗੇ। ਪੰਜਾਬੀ ਅਤੇ ਸਿੱਖ ਸਮਾਜ ਵਿਚ ਇਹੀ ਕੁੱਝ ਵਾਪਰ ਰਿਹਾ ਹੈ। ਕੋਈ ਕਬੂਤਰ ਵਾਂਗ ਅੱਖਾਂ ਮੀਚ ਕੇ ਬੈਠਣਾ ਚਾਹੁੰਦਾ ਹੈ, ਤਾਂ ਜੀ ਸਦਕੇ ਬੈਠਾ ਰਹੇ, ਕਿਸੇ ਦਾ ਕੀ ਵਿਗੜਦਾ ਹੈ? ਬਥੇਰੇ ਲੋਕ ਇਸੇ ਤਰ੍ਹਾਂ ਬੈਠੇ ਰਹਿ ਜਾਂਦੇ ਹਨ, ਇਤਿਹਾਸ ਦੀਆਂ ਗੱਡੀਆਂ ਨੇ ਤਾਂ ਆਪਣੇ ਮਿੱਥੇ ਸਮੇਂ ਨਾਲ ਤੁਰ ਹੀ ਜਾਣਾ ਹੁੰਦਾ ਹੈ। ਚੰਗਾ ਹੋਵੇ ਅਜਮੇਰ ਸਿੰਘ ਸਮਾਂ ਕੱਢ ਕੇ ਆਪਣੀਆਂ ਹੀ ਪੁਰਾਣੀਆਂ ਲਿਖਤਾਂ ਨੂੰ ਮੁੜ ਵਾਚਣ ਤਾਂ ਕਿ ਪੰਜਾਬ ਦੇ ਖ਼ੁਦਕੁਸ਼ੀਆਂ ਦੇ ਰਾਹ ਪਏ ਗਰੀਬ ਸਿੱਖ ਕਿਸਾਨਾਂ, ਗਰੀਬ ਹਿੰਦੂਆਂ ਅਤੇ ਗਰੀਬ ਦਲਿਤਾਂ ਦੀ ਮੁਕਤੀ ਲਈ ਕੋਈ ਸਾਂਝਾ ਬਾਨਣੂੰ ਬੰਨ੍ਹਿਆ ਜਾਵੇ।

## ਸਫਰ ਜ਼ਿੰਦਗੀ ਦਾ

# ਦਾਣਾ ਪਾਣੀ ਖਿੱਚ ਕੇ ਲਿਆਂਦਾ...

ਸ਼ਿਵਚਰਨ ਜੱਗੀ ਕੁੱਸਾ*

ਮੇਰਾ 14 ਸਾਲ ਦਾ ਪੁੱਤਰ ਕਬੀਰ ਬੜਾ ਸ਼ਰਾਰਤੀ ਹੈ। ਉਹ ਕਈ ਦਿਨ ਮੈਨੂੰ ਬਾਤਾਂ ਜਿਹੀਆਂ ਪਾਉਂਦਾ ਰਿਹਾ, "ਡੈਡ ਕੁੱਤਾ ਲੈਣੈਂ!" ਮੈਂ ਉਸ ਨੂੰ ਹੱਸ ਕੇ ਹੀ ਟਾਲਦਾ ਰਿਹਾ, "ਜਦੋਂ ਤੂੰ ਘਰ 'ਚ ਹੈਗੈਂ-ਹੋਰ ਆਪਾਂ ਨੂੰ ਕਿਸੇ ਜਾਨਵਰ ਦੀ ਲੋੜ ਈ ਨ੍ਹੀ!" ਇਕ ਦਿਨ ਸ਼ਾਮ ਨੂੰ ਮੈਂ ਕੁਦਰਤੀ ਘਰ ਹੀ ਸੀ ਤਾਂ ਉਸ ਦਾ ਫ਼ੋਨ ਆ ਗਿਆ, "ਪਾਪਾ ਮੈਂ ਟੈਸਕੋ ਕੋਲ ਖੜ੍ਹੈਂ-ਮੈਨੂੰ ਆ ਕੇ ਲੈ ਜਾਵੋਂਗੇ ਪਲੀਜ਼?" ਖ਼ੈਰ, ਮੈਂ ਕਾਰ ਦੀ ਚਾਬੀ ਚੁੱਕੀ ਅਤੇ ਉਸ ਨੂੰ ਲੈਣ ਤੁਰ ਪਿਆ। ਟੈਸਕੋ ਵਾਲੇ ਪੈਟਰੋਲ ਪੰਪ ਦੇ ਕੋਲ ਉਹ ਇਕੱਲਾ ਨਹੀਂ, ਇਕ ਕੁੱਤੀ ਦਾ ਪਟਾ ਜਿਹਾ ਫੜੀ ਖੜ੍ਹਾ ਸੀ। ਮੈਨੂੰ ਖੁੜਕ ਗਈ ਕਿ ਕਬੀਰ ਸਾਹਿਬ ਕਿਸੇ ਮਿੱਤਰ ਤੋਂ ਕੁੱਤੀ ਲੈ ਆਏ ਹਨ।

"ਇਹ ਕੁਤੀੜ੍ਹ ਕਿੱਥੋਂ ਫੜ ਲਿਆਇਐ ਉਏ?" ਮੈਂ ਕਾਰ 'ਚ ਵੜਦੇ ਨੂੰ ਉਸ ਨੂੰ ਕੋੜਿਆ।

"ਇਕ ਦੋਸਤ ਕੁੜੀ ਨੇ ਦਿੱਤੀ ਐ ਡੈਡ!" ਉਸ ਨੇ ਝਿਜਕਦਿਆਂ ਕਿਹਾ। ਇੰਨੇ ਚਿਰ ਨੂੰ ਕੁੱਤੀ ਵੀ ਛਾਲ ਮਾਰ ਕੇ ਕਾਰ ਵਿਚ ਚੜ੍ਹ ਆਈ ਸੀ ਅਤੇ ਪਟਰਾਣੀ ਬਣ ਮੌਜ ਨਾਲ ਮੇਰੇ ਬਰਾਬਰ ਦੀ ਸੀਟ 'ਤੇ ਬਿਰਾਜਮਾਨ ਹੋ ਚੁੱਕੀ ਸੀ। ਉਸ ਨੇ ਦੋ ਕੁ ਵਾਰ ਮੇਰੇ ਹੱਥ ਨੂੰ ਜੀਭ ਨਾਲ ਚੱਟਿਆ। ਮੇਰ ਜਿਹੀ ਕੀਤੀ। ਮੈਂ ਵੀ ਬਜ਼ੁਰਗ ਵਾਂਗ ਉਸ ਦਾ ਸਿਰ ਜਿਹਾ ਪਲੋਸਣ ਲੱਗ ਪਿਆ ਅਤੇ ਘਰ ਲੈ ਆਇਆ।

ਮੇਰੇ ਸਕੂਲ ਪੜ੍ਹਦਿਆਂ ਮੌਕੇ ਕੁੱਤਿਆਂ ਨਾਲ ਮੇਰਾ ਖ਼ਾਸ ਮੋਹ ਰਿਹਾ ਹੈ। ਸਾਡੇ ਖੇਤ ਦੋ ਕੁੱਤੇ, 'ਮੌਜੀ' ਅਤੇ 'ਮੋਤੀ' ਰੱਖੇ ਹੋਏ ਸਨ। ਸ਼ੇਰਾਂ ਵਰਗੇ ਕੋੜ ਕੁੱਤੇ! ਇਕ ਕੁੱਤੀ ਰੱਖੀ ਹੋਈ ਸੀ, ਜਿਸ ਦਾ ਨਾਂ 'ਮੀਨਾ' ਸੀ। ਸਾਡੀ ਜ਼ਮੀਨ ਦੋ ਥਾਂ ਸੀ। ਇਕ ਖੂਹ ਵਾਲਾ ਖੇਤ ਅਤੇ ਦੂਜਾ ਢਾਬ ਵਾਲਾ ਖੇਤ ਵੱਜਦਾ ਸੀ। ਕੁੱਤਿਆਂ ਵਿਚ ਇਹ ਗੁਣ ਸੀ ਕਿ ਜਿੰਨਾ ਚਿਰ ਕੋਈ ਪਸ਼ੂ ਸਾਡੇ ਖੇਤ ਦੀ ਜੂਹ ਤੋਂ ਪਰ੍ਹੇ ਹੁੰਦਾ ਸੀ, ਤਾਂ ਉਹ ਕੰਨ ਚੁੱਕ ਕੇ ਵੇਖਦੇ ਰਹਿੰਦੇ। ਪਰ ਜਦ ਪਸ਼ੂ ਸਾਡੀ ਜ਼ਮੀਨ ਵਿਚ ਆ ਵੜਦਾ ਤਾਂ ਉਹ ਛੂਟ ਵੱਟ ਲੈਂਦੇ ਅਤੇ ਪਸ਼ੂ ਨੂੰ ਪਹਿਲਾਂ ਖੋਤੀ-ਗੇੜ ਭਜਾਉਂਦੇ ਅਤੇ ਫਿਰ ਪਿੰਡ ਵਾੜ ਕੇ ਆਉਂਦੇ। ਇਹੀ ਕਾਰਨ ਸੀ ਕਿ ਛੋਟੀ ਕੀਤੇ ਸਿਆਣਾ ਪਸ਼ੂ ਸਾਡੀ ਜ਼ਮੀਨ ਵਿਚ ਨਹੀਂ ਸੀ ਵੜਦਾ। ਜੇ ਕੋਈ ਪਸ਼ੂ ਦੂਜੀ ਵਾਰ ਫ਼ਸਲ ਵਿਚ ਵੜਨ ਦੀ ਗਲਤੀ ਕਰ ਲੈਂਦਾ ਤਾਂ ਮੌਜੀ ਹੋਰੀਂ ਉਸ ਦੇ ਗਿੱਟੇ ਲਹੂ-ਲੁਹਾਨ ਕਰ ਦਿੰਦੇ! ਮੌਜੀ ਅਤੇ ਮੋਤੀ ਇੱਕੋ ਮਾਂ ਦੇ ਜਾਏ ਭਰਾ ਵੀ ਸਨ ਅਤੇ ਹਮ-ਉਮਰ ਵੀ। ਇਕ ਵਾਰ ਸਾਡੇ ਗੁਆਂਢ ਖੇਤ ਵਾਲਾ ਤਾਇਆ ਲਾਲ ਸਿੰਘ ਪਹੀ-ਪਹੀ ਤੁਰਿਆ ਖੇਤ ਨੂੰ ਆ ਰਿਹਾ ਸੀ। ਛੋਟੀ ਕੀਤੇ ਕੁੱਤੇ ਕਿਸੇ ਬੰਦੇ ਨੂੰ ਕੁਝ ਨਹੀਂ ਆਖਦੇ ਸਨ। ਭੌਂਕਦੇ ਤਾਂ ਉਹ ਬਹੁਤ ਹੀ ਘੱਟ ਸਨ। ਬੱਸ ਐਕਸ਼ਨ ਹੀ ਕਰਦੇ ਸਨ। ਤਾਇਆ ਲਾਲ ਸਿੰਘ ਦੀਆਂ ਕਲਕੱਤੇ ਦੋ ਗੱਡੀਆਂ ਪਾਈਆਂ ਹੋਈਆਂ ਸਨ ਅਤੇ ਉਹ ਬਹੁਤ ਹੀ ਘੱਟ ਪਿੰਡ ਗੇੜਾ ਮਾਰਦਾ ਸੀ।

ਆਉਂਦੇ ਤਾਏ ਨੂੰ ਦੇਖ ਕੇ ਕੁੱਤੇ ਕੰਨ ਚੁੱਕੀ ਮੇਰੇ ਕੋਲ ਖੜ੍ਹੇ ਹੀ ਜਾਇਜ਼ਾ ਲੈ ਰਹੇ ਸਨ। ਮੈਂ ਟਿਊਬਵੈਲ ਕੋਲ ਬੈਠਾ ਸਕੂਲ ਦਾ ਕੰਮ ਕਰ ਰਿਹਾ ਸੀ। ਉਦੋਂ ਮੈਂ ਸ਼ਾਇਦ ਅੱਠਵੀਂ ਵਿਚ ਪੜ੍ਹਦਾ ਸੀ।

"ਆਹ ਕਤੀੜ੍ਹ ਕਿੱਡੇ ਕਿੱਡੇ ਰੱਖੇ ਐ ਉਏ-ਇਨ੍ਹਾਂ ਤੋਂ ਕਿਸੇ ਨੂੰ ਮਰਵਾਉਣੈਂ?" ਤਾਇਆ ਬੜਾ ਅੱਖੜ ਬੰਦਾ ਸੀ। ਬੋਲਣ ਚੱਲਣ ਦੀ ਉਸ ਨੂੰ ਘੱਟ ਹੀ ਅਕਲ ਸੀ। ਬੱਸ ਐਨੀ ਆਖਣ ਦੀ ਦੇਰ ਸੀ ਕਿ ਕੁੱਤਿਆਂ ਨੇ ਭਾਂਪ ਲਿਆ ਕਿ ਇਹ ਦੁਰਭਾਸ਼ਾ ਸਾਡੇ ਲਈ ਹੀ ਵਰਤੀ ਗਈ ਹੈ। ਕੁੱਤਾ ਅਤੇ ਘੋੜਾ ਬੜੀ ਸਿਆਣੀ ਜਾਤ ਹੈ। ਸੁਣਦਿਆਂ ਹੀ ਮੌਜੀ ਨੇ ਆਪਣੇ ਪੌਡੇ ਤਾਏ ਦੀ ਹਿੱਕ ਨੂੰ ਜਾ ਲਾਏ। ਉਸ ਦੇ ਮਗਰ ਮੋਤੀ ਕਰੋਧ ਵਿਚ ਉਸ ਦਾ 'ਬਾਡੀਗਾਰਡ' ਬਣਿਆਂ ਖੜ੍ਹਾ ਸੀ। ਰਿੱਛ ਜਿੱਡੇ ਕੁੱਤੇ ਦੇ ਛਾਤੀ ਨੂੰ ਲੱਗੇ ਪੌਡੇ ਦੇਖ ਕੇ ਤਾਏ ਦੇ ਆਪਣੇ 'ਕੁੱਤੇ ਫ਼ੇਲ੍ਹ' ਹੋ ਗਏ ਅਤੇ ਸਾਹ ਮਗਜ ਨੂੰ ਚੜ੍ਹ ਗਏ। ਮੈਂ ਵੀ ਖ਼ਤਰਾ ਮਹਿਸੂਸ ਕਰਕੇ ਕਾਪੀ ਪੈਨ ਸੁੱਟ ਕੇ ਉਠ ਖੜ੍ਹਿਆ, "ਤਾਇਆ ਜੀ-ਹੁਣ ਬੋਲਿਓ ਨਾ! ਚੁੱਪ ਕਰਕੇ ਖੜ੍ਹੇ ਰਿਹੋ! ਨਹੀਂ ਇਹ ਤੁਹਾਨੂੰ ਪਾੜ ਦੇਣਗੇ।" ਮੈਂ ਉਸ ਨੂੰ ਖ਼ਬਰਦਾਰ ਕੀਤਾ। ਬੋਲਣ ਜੋਕਰਾ ਤਾਂ ਤਾਇਆ ਪਹਿਲਾਂ ਹੀ ਨਹੀਂ ਸੀ ਰਿਹਾ। ਉਸ ਦਾ ਬਲੱਡ ਤਾਂ ਪਹਿਲਾਂ ਹੀ ਘਟ ਗਿਆ ਸੀ ਅਤੇ ਉਹ ਠੱਕੇ ਦੀ ਮਾਰੀ ਬੱਕਰੀ ਵਾਂਗ ਕੰਬੀ ਜਾ ਰਿਹਾ ਸੀ। ਮੈਂ ਜਾ ਕੇ ਮੌਜੀ ਦੇ ਚੁਪੇੜ ਜਿਹੀ ਮਾਰੀ ਅਤੇ ਮੋਤੀ ਨੂੰ ਵੀ ਦਬਕਿਆ। ਆਦਮ ਕੱਦ ਕੁੱਤੇ ਮੇਰੇ ਬੜੇ ਹੀ ਆਗਿਆਕਾਰ ਸਨ। ਖ਼ੈਰ, ਮੇਰੇ ਇਸ਼ਾਰੇ 'ਤੇ ਮੌਜੀ ਨੇ ਤਾਏ ਦੀ ਛਾਤੀ ਤੋਂ ਪੌਡੇ ਚੁੱਕ ਲਏ ਅਤੇ ਦੋਨੋਂ ਕੁੱਤੇ ਬਕਰੈਣ ਥੱਲੇ ਆ ਕੇ ਅਰਾਮ ਨਾਲ ਬੈਠ ਗਏ।

ਮੈਂ ਕਦੇ ਕਦੇ ਮੋਤੀ ਅਤੇ ਮੌਜੀ ਦੇ ਉਪਰ 'ਘੋੜ-ਸਵਾਰੀ' ਵੀ ਕਰ ਲੈਂਦਾ ਸੀ। ਮੈਂ ਕੰਨ ਫੜ ਕੇ ਉਨ੍ਹਾਂ ਦੇ ਉਪਰ ਬੈਠ ਜਾਣਾ ਤਾਂ ਮੇਰੇ ਦਾਦਾ ਜੀ ਨੇ ਮੈਨੂੰ ਗੁੱਸੇ ਹੋਣਾ, "ਉਏ ਕਮਲਿਆ-ਥੱਲੇ ਉਤਰ! ਇਹਦੀ ਢੂਹੀ ਤੋੜ ਦੇਗਾਂ!" ਜੇ ਕਿਤੇ ਮੋਤੀ ਅਤੇ ਮੌਜੀ ਨੂੰ ਖੇਤ ਵਿਚ ਪਏ ਪਸ਼ੂ ਬਾਰੇ ਨਾ ਪਤਾ ਚੱਲਣਾ ਤਾਂ ਮੈਂ ਦੇਖ ਕੇ ਸਿਰਫ਼ ਇਤਨਾ ਹੀ ਆਖਣਾ, "ਚੱਕ ਮੋਤੀ!" ਬੱਸ ਐਨੀ ਗੱਲ ਉਨ੍ਹਾਂ ਨੂੰ 'ਵਾਧੂ' ਹੁੰਦੀ ਸੀ ਅਤੇ ਉਹ ਸੁਹਿਰਦ ਫ਼ੌਜੀ ਵਾਂਗ ਸਿਰਤੋੜ ਭੱਜਦੇ ਅਤੇ ਇਕੱਲੇ ਹੀ ਪਸ਼ੂ ਫ਼ਸਲ 'ਚੋਂ ਬਾਹਰ ਕੱਢ ਕੇ ਆਉਂਦੇ! ਉਨ੍ਹਾਂ ਦੇ ਨਾਲ ਭੱਜਣ ਦੀ ਕਿਸੇ ਨੂੰ ਲੋੜ ਨਹੀਂ ਹੁੰਦੀ ਸੀ। ਉਹ ਪੈਂਦੇ ਵੀ ਸਿਰਫ਼ ਪਸ਼ੂ ਦੇ ਗਿੱਟਿਆਂ ਨੂੰ ਹੀ ਸਨ। ਜਦੋਂ ਮੈਂ ਸਕੂਲੋਂ ਆਉਣਾ ਤਾਂ ਕਿਤਾਬਾਂ ਵਾਲਾ ਝੋਲ਼ਾ ਰੱਖ ਸਿੱਧਾ ਖੇਤ ਨੂੰ ਤੁਰ ਜਾਣਾ। ਜਦੋਂ ਮੈਂ ਛੱਪੜ ਵਾਲੀ ਡੰਡੀ 'ਤੇ ਹੋਣਾ ਤਾਂ ਦੋਨਾਂ ਕੁੱਤਿਆਂ ਨੇ ਤਕਰੀਬਨ ਇਕ ਕਿਲੋਮੀਟਰ ਭੱਜ ਕੇ ਆ ਕੇ ਮੇਰਾ ਸੁਆਗਤ ਕਰਨਾ ਅਤੇ ਮੇਰੇ ਗੋਡੇ ਲੱਤਾਂ ਚੱਟਦਿਆਂ, ਮੈਨੂੰ ਅਗਵਾਈ ਦੇ ਕੇ ਖੇਤ ਲੈ ਕੇ ਜਾਣਾ। ਨਾਲ ਦੇ ਖੇਤਾਂ ਵਾਲੇ ਇਨ੍ਹਾਂ ਤੋਂ ਭੈਅ ਖਾਂਦੇ ਸਨ।

ਮੀਨਾ ਬਹੁਤ ਹੀ ਸਾਊ ਕੁੱਤੀ ਸੀ। ਨਾ ਤਾਂ ਉਹ ਕਿਸੇ ਨੂੰ ਵੱਢਦੀ ਸੀ ਅਤੇ ਨਾ ਹੀ ਕਦੇ ਭੌਂਕਦੀ ਸੀ। ਬੱਸ ਉਹ ਚੁੱਪ ਚਾਪ ਹੀ ਕੋਲ ਆ ਕੇ, ਨੀਵੀਂ ਜਿਹੀ ਪਾ ਕੇ ਪੂਛ ਹਿਲਾਉਂਦੀ ਰਹਿੰਦੀ। ਹਾਂ, ਬੱਚੇ ਦੇਣ ਵੇਲੇ ਉਹ ਜ਼ਰੂਰ ਕੌੜ ਹੋ ਜਾਂਦੀ।



ਇਹ ਗੱਲ ਸਮਝ ਆਉਣ ਵਾਲੀ ਵੀ ਸੀ! ਬੱਚਿਆਂ ਦੀ ਰਾਖੀ ਕਰਨੀ ਮਾਂ ਦਾ ਫ਼ਰਜ਼ ਵੀ ਹੈ ਅਤੇ ਕਰਮ ਵੀ! ਮੌਜੀ ਅਤੇ ਮੋਤੀ ਉਸ ਦੇ ਹੀ ਬੱਚੇ ਸਨ। ਜਦ ਉਹ ਬੱਚੇ ਦਿੰਦੀ, ਤਾਂ ਸਾਡੇ ਤੂੜੀ ਵਾਲੇ ਕੋਠੇ 'ਚ ਹੀ ਦਿੰਦੀ। ਜਦੋਂ ਉਸ ਦੇ ਬੱਚੇ ਦਿੱਤੇ ਹੁੰਦੇ ਤਾਂ ਉਸ ਤੂੜੀ ਵਾਲੇ ਕੋਠੇ ਵਿਚ ਸਿਰਫ਼ ਦੋ ਬੰਦੇ ਜਾ ਸਕਦੇ ਸਨ, ਇਕ ਮੈਂ ਅਤੇ ਇਕ ਮੇਰੇ ਦਾਦਾ! ਹੋਰ ਉਹ ਕਿਸੇ ਨੂੰ ਅੰਦਰ ਨਹੀਂ ਵੜਨ ਦਿੰਦੀ ਸੀ। ਬੁਰੀ ਤਰ੍ਹਾਂ ਘੂਰਦੀ ਅਤੇ ਕਰੋਧੀ ਹੋਈ ਵੱਢਣ ਵੀ ਆਉਂਦੀ। ਇਕ ਵਾਰ ਸਾਡਾ ਸੀਰੀ ਜੈਬਾ ਅੰਦਰ ਤੂੜੀ ਲੈਣ ਜਾ ਵੜਿਆ। ਮੀਨਾ ਦੇ ਬੱਚੇ ਦਿੱਤੇ ਹੋਏ ਸਨ। ਮੀਨਾ ਉਸ ਦੇ ਬੁਰੀ ਤਰ੍ਹਾਂ ਮਗਰ ਪੈ ਗਈ। ਉਹ ਦੁਹਾਈ ਦਿੰਦਾ ਮੇਰੇ ਵੱਲ ਭੱਜਿਆ ਆਵੇ, "ਜੱਗਿਆ ਬਚਾਈਂ ਉਏ ਛੋਟੇ ਭਾਈ-ਮੈਨੂੰ ਦੰਦ ਮਾਰੂ ਸਹੁਰੀ!" ਮੈਂ ਉਠ ਕੇ ਮੀਨਾ ਨੂੰ ਘੂਰ ਕੇ ਪੈਰ ਦੜੱਕਾ ਜਿਹਾ ਮਾਰਿਆ, ਉਹ ਉਥੇ ਹੀ ਰੁਕ ਗਈ। ਮੈਂ ਉਸ ਦਾ ਕੰਨ ਫੜ ਕੇ ਫਿਰ ਤੂੜੀ ਵਾਲੇ ਕੋਠੇ ਵਿਚ ਉਸ ਦੇ ਬੱਚਿਆਂ ਕੋਲ ਛੱਡ ਆਇਆ।

ਹਾੜ੍ਹੀ ਦੀ ਵਾਢੀ ਚੱਲ ਰਹੀ ਸੀ। ਮੈਂ ਸਕੂਲੋਂ ਘਰ ਆਇਆ ਤਾਂ ਬੇਬੇ (ਦਾਦੀ) ਨੇ ਚਾਹ ਦਾ ਡੋਲਣਾ ਹੱਥ ਫੜਾ ਦਿੱਤਾ, "ਤੂੰ ਖੇਤ ਤਾਂ ਜਾਣਾ ਈ ਐਂ ਪੁੱਤ-ਮੁੰਡਿਆਂ ਦੀ ਚਾਹ ਵੀ ਲੈਂਦਾ ਜਾਹ-ਸਵੇਰ ਦੇ ਲੱਗੇ ਵੇ ਐ ਜਿਊਣ ਜੋਕਰੇ!" ਮੈਂ ਡੋਲਣਾ ਫੜ ਕੇ ਖੇਤ ਨੂੰ ਤੁਰ ਪਿਆ। ਆਮ ਵਾਂਗ ਮੌਜੀ ਅਤੇ ਮੋਤੀ ਨੇ ਮੇਰਾ ਡੰਡੀ 'ਤੇ ਹੀ ਸੁਆਗਤ ਕੀਤਾ। ਜਦ ਖੇਤ ਗਿਆ ਤਾਂ ਮੀਨਾ ਨਜ਼ਰ ਨਾ ਆਈ। ਕਿਉਂਕਿ ਮੀਨਾ ਮੇਰੇ ਕੋਲ ਕਦੇ ਵੀ ਭੱਜ ਕੇ ਡੰਡੀ 'ਤੇ ਨਹੀਂ ਸੀ ਆਉਂਦੀ। ਜਦ ਮੈਂ ਖੇਤ ਪਹੁੰਚਦਾ ਤਾਂ ਉਹ ਸਤਿਕਾਰ ਜਿਹੇ ਨਾਲ ਪੂਛ ਹਿਲਾ ਕੇ ਮੇਰੇ ਕੋਲ ਆਉਂਦੀ ਅਤੇ ਮੇਰੇ ਪੈਰ ਚੱਟਦੀ। ਪਰ ਅੱਜ ਮੀਨਾ ਮੈਨੂੰ ਨਾ ਦਿਸੀ। ਮੈਂ ਚਾਹ ਵਰਤਾਉਂਦਿਆਂ ਸਾਡੇ ਦੂਜੇ ਸੀਰੀ ਚਾਚੇ ਗਾਮੇ ਨੂੰ ਪੁੱਛਿਆ, "ਚਾਚਾ ਮੀਨਾ ਨ੍ਹੀ ਦੀਂਹਦੀ ਕਿਤੇ?"

ਤਾਂ ਚਾਹ ਦੀ ਚੁਸਕੀ ਲੈ ਕੇ ਉਸ ਨੇ ਬੜੇ ਮਜ਼ਾਜ਼ ਨਾਲ ਦੱਸਿਆ, "ਉਹਨੂੰ ਹਲਕਿਆ ਕੁੱਤਾ ਦੰਦ ਮਾਰ ਗਿਆ ਸੀ-ਅੱਜ ਕੁੱਟ ਕੇ ਮਾਰੀ ਐ!" ਮੇਰੇ ਸਿਰ ਨੂੰ ਚੱਕਰ ਆਇਆ, "ਕੌਣੂੰ ਕੀ ਪਤੈ ਬਈ ਉਹਨੂੰ ਹਲਕਿਆ ਕੁੱਤਾ ਦੰਦ ਮਾਰ ਗਿਆ ਸੀ?" ਮੇਰੇ ਸਿਰ ਵਿਚ ਭੰਮੀਰੀਆਂ ਘੁਕੀ ਜਾ ਰਹੀਆਂ ਸਨ, "ਹਰਨਾਮ ਦੱਸਦਾ ਸੀ!" ਕਿਸੇ ਦੇ ਮੂੰਹ ਹਿਲਾਉਣ 'ਤੇ ਹੀ, ਬਿਨਾ ਕਿਸੇ ਤਹਿਕੀਕਾਤ ਤੋਂ ਕਿਸੇ ਬੇਜ਼ੁਬਾਨ ਬੇਦੋਸ਼ੇ ਜਾਨਵਰ ਨੂੰ ਕੁੱਟ ਕੇ ਮਾਰ ਦੇਣਾ, ਕਿੱਧਰਲੀ ਇਨਸਾਨੀਅਤ ਹੈ? ਮੇਰਾ ਸਰੀਰ ਝੂਠਾ ਪਿਆ ਹੋਇਆ ਸੀ।

"ਕਿੱਥੇ ਮਾਰੀ ਐ?" ਮੈਂ ਬੌਂਦਲਿਆ ਹੋਇਆ ਪੁੱਛ ਰਿਹਾ ਸਾਂ। ਮੇਰੇ ਕੰਨਾਂ ਵਿਚ ਬਿੰਡੇ ਟਿਆਂਕੀ ਜਾ ਰਹੇ ਸਨ।

"ਔਹ ਆਪਣੀ ਪਰਲੀ ਜ਼ਮੀਨ 'ਚ, ਕਣਕ ਦੀ ਮੰਡਲੀ ਕੋਲੇ!" ਚਾਚਾ ਬੜੇ ਸ਼ਾਂਤਮਈ ਢੰਗ ਨਾਲ ਗੱਲਾਂ ਕਰ ਰਿਹਾ ਸੀ। ਜਿਵੇਂ ਕੁਝ ਹੋਇਆ ਹੀ ਨਹੀਂ ਸੀ। ਪਰ ਕਰੋਧ ਮੇਰੇ ਸਿਰ ਨੂੰ ਬਾਰੂਦ ਬਣ ਚੜ੍ਹਦਾ ਜਾ ਰਿਹਾ ਸੀ। ਮੈਂ ਸਾਡੇ ਕਿਸੇ ਵੀ ਸੀਰੀ ਨੂੰ ਕਦੇ ਵੀ ਕੌੜਾ ਬਚਨ ਨਹੀਂ ਕੀਤਾ ਸੀ।

ਮੈਂ ਚਾਹ ਵਾਲਾ ਡੋਲਣਾ ਰੱਖ ਸਿਰਤੋੜ ਮੰਡਲੀ ਵੱਲ ਨੂੰ ਦੌੜ ਪਿਆ।

ਜਦ ਜਾ ਕੇ ਦੇਖਿਆ ਤਾਂ ਮੀਨਾ ਦੀ ਲਾਸ਼ ਪਈ ਸੀ। ਅੱਖਾਂ ਖੁੱਲ੍ਹੀਆਂ ਸਨ ਅਤੇ ਨੱਕ ਮੂੰਹ 'ਚੋਂ ਖ਼ੂਨ ਨਿਕਲ ਕੇ ਸੁੱਕ ਚੁੱਕਾ ਸੀ। ਦੇਖ ਕੇ ਮੇਰਾ ਦਿਲ ਦੋਫ਼ਾੜ ਹੋ ਗਿਆ ਅਤੇ ਮੇਰਾ ਉਚੀ-ਉਚੀ ਰੋਣ ਨਿਕਲ ਗਿਆ। ਹਰ ਰੋਜ਼ ਮੇਰੇ ਪੈਰ ਚੱਟ ਕੇ ਮੇਰਾ ਸੁਆਗਤ ਕਰਨ ਵਾਲੀ ਮੀਨਾ ਜੱਗ ਜਹਾਨ ਛੱਡ ਪਤਾ ਨਹੀਂ ਕਿੱਧਰ ਤੁਰ ਗਈ ਸੀ ਜਾਂ ਮੱਲੋਮੱਲੀ ਤੋਰ ਦਿੱਤੀ ਗਈ ਸੀ! ਮੇਰੇ ਸਿਰ ਨੂੰ ਐਸਾ ਗੁੱਸਾ ਗੁੱਸਾ ਚੜ੍ਹਿਆ ਕਿ ਮੈਂ ਸਾਰੇ ਹਾੜ੍ਹੀ ਵੱਢਦਿਆਂ ਨੂੰ ਉਚੀ-ਉਚੀ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ, "ਉਏ ਤੁਸੀਂ ਮੇਰੀ ਮੀਨਾ ਮਾਰ'ਤੀ ਉਏ ਥੋਡੀ ਭੈਣ ਦੀ...! ਉਏ ਤੁਸੀਂ ਬਿਨਾ ਗੱਲੋਂ ਮੇਰੀ ਮੀਨਾ ਮਾਰ'ਤੀ ਉਏ!" ਪਰ ਕੋਈ ਨਾ ਬੋਲਿਆ। ਕਿਸੇ ਨੇ 'ਚੂੰ' ਵੀ ਨਾ ਕੀਤੀ। ਮੈਂ ਲਾਸ਼ ਕੋਲ ਬੈਠ ਕੇ ਮੀਨਾ ਦੀਆਂ ਖੁੱਲ੍ਹੀਆਂ ਅੱਖਾਂ ਬੰਦ ਕੀਤੀਆਂ ਅਤੇ ਹੁਬਕੀਏਂ ਰੋਂਦਾ ਪਹੀ-ਪਹੀ ਪਿੰਡ ਨੂੰ ਤੁਰ ਪਿਆ। ਰਾਹ ਵਿਚ ਮੇਰੇ ਦਾਦਾ ਜੀ ਨੇ ਮੈਨੂੰ ਖਾਲੀ ਡੋਲਣਾ ਫੜਾਉਣਾ ਚਾਹਿਆ। ਪਰ ਮੈਂ ਡੋਲਣਾ ਫੜ ਖੇਤ ਵਿਚ ਚਲਾ ਕੇ ਮਾਰਿਆ ਅਤੇ ਚੱਕਵੇਂ ਪੈਰੀਂ ਪਿੰਡ ਨੂੰ ਤੁਰ ਪਿਆ। ਮੇਰਾ ਰੋਣਾ ਬੰਦ ਨਹੀਂ ਹੁੰਦਾ ਸੀ। ਦਾਦਾ ਜੀ ਨਾਲ ਮੇਰੀ ਇਹ ਸ਼ਾਇਦ ਜ਼ਿੰਦਗੀ ਦੀ ਪਹਿਲੀ ਬਦਸਲੂਕੀ ਸੀ। ਦਾਦਾ ਜੀ ਨੇ ਵੀ ਹਾਲਾਤ ਦੇਖ ਕੇ ਮੈਨੂੰ ਕੁਝ ਨਾ ਕਿਹਾ। ਉਨ੍ਹਾਂ ਨੂੰ ਭਲੀ ਭਾਂਤ ਪਤਾ ਸੀ ਕਿ ਮੈਂ ਤਿੰਨਾਂ ਕੁੱਤਿਆਂ ਨੂੰ ਕਿੰਨਾ ਮੋਹ ਕਰਦਾ ਸਾਂ।

ਘਰ ਆ ਕੇ ਮੈਂ ਬੇਬੇ ਨੂੰ ਸਵਾ ਗਜ ਖੱਦਰ ਦੇਣ ਬਾਰੇ ਕਿਹਾ।

"ਖੱਦਰ ਕੀ ਕਰਨੈਂ ਮੇਰੇ ਪੁੱਤ ਨੇ?" ਬੇਬੇ ਨੇ ਬੜੇ ਪਿਆਰ ਨਾਲ ਪੁੱਛਿਆ।

ਮੇਰਾ ਫਿਰ ਭੁੱਬ ਵਾਂਗ ਉਚੀ ਉਚੀ ਰੋਣ ਨਿਕਲ ਗਿਆ।

"ਉਨ੍ਹਾਂ ਮੇਰੇ ਸਾਲ਼ਿਆਂ ਨੇ ਆਪਣੀ ਮੀਨਾ ਮਾਰ'ਤੀ-ਅਖੇ ਹਲਕਿਆ ਕੁੱਤਾ ਵੱਢ ਗਿਆ।" ਸ਼ਾਇਦ ਬੇਬੇ ਨੂੰ ਵੀ ਪਤਾ ਸੀ। ਉਸ ਨੇ ਮੈਨੂੰ ਸਵਾ ਗਜ ਖੱਦਰ ਪਾੜ ਕੇ ਦੇ ਦਿੱਤਾ ਅਤੇ ਮੈਂ ਚੁੱਪ ਚਾਪ ਰੋਂਦਾ ਖੇਤ ਨੂੰ ਤੁਰ ਪਿਆ। ਖੇਤ ਆ ਕੇ ਮੈਂ ਕਹੀ ਲਈ ਅਤੇ ਮੀਨਾ ਦੀ ਲਾਸ਼ ਕੋਲ ਜਾ ਕੇ ਟੋਆ ਪੁੱਟਣਾ ਸ਼ੁਰੂ ਕਰ ਦਿੱਤਾ। ਮੈਨੂੰ ਟੋਆ ਪੁੱਟਦੇ ਨੂੰ ਦੇਖ ਕੇ ਜੈਬਾ ਕਣਕ ਵੱਢਣੀ ਛੱਡ ਮੇਰੇ ਕੋਲ ਆ ਗਿਆ, "ਪਰ੍ਹੇ ਹਟ ਛੋਟੇ ਭਾਈ, ਟੋਆ ਮੈਂ ਪੱਟਦੈਂ!" ਉਸ ਨੇ ਆਖਿਆ ਤਾਂ ਮੇਰੇ ਗੁੱਸੇ ਨੂੰ ਹੋਰ ਲਾਂਬੂ ਲੱਗ ਗਿਆ।

"ਬਾਈ ਜੈਬਿਆ, ਵਾਪਸ ਖੇਤ ਚਲਿਆ ਜਾਹ-ਨਹੀਂ ਆਹ ਕਹੀ ਨਾਲ ਤੇਰੇ ਟੋਟੇ ਨਾ ਹੋ ਜਾਣ!" ਮੈਂ ਟੋਆ ਪੁੱਟਦਾ ਪੁੱਟਦਾ ਨਾਲ ਦੀ ਨਾਲ ਉਚੀ ਉਚੀ ਰੋਈ ਵੀ ਜਾ ਰਿਹਾ ਸਾਂ। ਮੋਟੇ-ਮੋਟੇ ਹੰਝੂ ਮੇਰੀ ਹਿੱਕ 'ਤੇ 'ਤਰਿੱਪ-ਤਰਿੱਪ' ਡਿੱਗੀ ਜਾ ਰਹੇ ਸਨ। ਜੈਬਾ ਚੁੱਪ ਚਾਪ ਖੇਤ ਤੁਰ ਗਿਆ। ਪਤਾ ਨਹੀਂ ਕਿੰਨੇ ਕੁ ਸਾਲਾਂ ਤੋਂ ਜੈਬਾ, ਮੇਜਰ ਅਤੇ ਚਾਚਾ ਗਾਮਾ ਸਾਡੇ ਨਾਲ ਸੀਰੀ ਚੱਲੇ ਆ ਰਹੇ ਸਨ। ਮੈਂ ਉਨ੍ਹਾਂ ਨਾਲ 'ਬਾਈ' ਜਾਂ 'ਚਾਚਾ' ਤੋਂ ਬਿਨਾਂ ਗੱਲ ਨਹੀਂ ਕੀਤੀ ਸੀ। ਪਰ ਅੱਜ ਗੱਲ ਮੇਰੇ ਵੱਸੋਂ ਬਾਹਰ ਹੋਈ ਪਈ ਸੀ। ਮੀਨਾ ਦੀ ਲਾਸ਼ ਮੇਰੇ ਕਰੋਧ ਨੂੰ ਪਲੀਤਾ ਲਾਈ ਜਾ ਰਹੀ ਸੀ। ਮੈਂ ਮੁੜ੍ਹਕੋ-ਮੁੜ੍ਹਕੀ ਹੋਏ ਨੇ ਟੋਆ ਪੁੱਟ ਕੇ ਖੱਦਰ ਦਾ ਟੋਟਾ ਵਿਛਾਇਆ। ਫਿਰ ਮੀਨਾ ਨੂੰ ਚੁੱਕ ਕੇ ਆਪਣੇ ਸੀਨੇ ਨਾਲ ਲਾਇਆ ਅਤੇ ਖੱਦਰ ਉਪਰ ਲਿਟਾ ਕੇ ਉਸ ਨੂੰ ਸਹਿਜ ਨਾਲ ਲਪੇਟਿਆ। ਨਾਲ ਦੀ ਨਾਲ ਮੈਂ ਰੋਂਦਾ 'ਵਾਹਿਗੁਰੂ-ਵਾਹਿਗੁਰੂ' ਦਾ ਜਾਪ ਵੀ ਕਰੀ ਜਾ ਰਿਹਾ ਸੀ। ਫਿਰ ਬੜੇ ਅਦਬ ਨਾਲ ਉਸ ਨੂੰ ਟੋਏ ਵਿਚ ਰੱਖਿਆ ਅਤੇ ਜਾਪ ਕਰਦਿਆਂ ਹੀ ਮਿੱਟੀ ਪਾ ਦਿੱਤੀ। ਫੇਰ ਖੇਤੋਂ ਇਕ ਕਿੱਕਰ ਦਾ ਝਾਹਣਾ ਲਿਆ ਕੇ ਉਸ ਦੇ ਦਫ਼ਨਾਉਣ ਵਾਲੀ ਜਗ੍ਹਾ 'ਤੇ ਰੱਖਿਆ ਕਿ ਰਾਤ ਨੂੰ ਅਵਾਰਾ ਕੁੱਤੇ ਇਸ ਦੀ ਲਾਸ਼ ਦੀ ਖੋਹ-ਖ਼ਰਾਬੀ ਨਾ ਕਰ ਜਾਣ। ਵੈਸੇ ਛੋਟੀ ਕੀਤੇ ਮੋਤੀ ਅਤੇ ਮੌਜੀ ਅਵਾਰਾ ਕੁੱਤਿਆਂ ਨੂੰ ਖੇਤ ਵਿਚ ਵੜਨ ਨਹੀਂ ਸਨ ਦਿੰਦੇ। ਪਰ ਮੈਂ ਆਪਣੇ ਮਨ ਦਾ ਸ਼ੰਕਾ ਨਵਿਰਤ ਕਰ ਲਿਆ। ਫਿਰ ਮੀਨਾ ਦੀ ਕਬਰ 'ਤੇ ਖੜ੍ਹ ਕੇ ਅਰਦਾਸ ਕੀਤੀ ਅਤੇ ਚੁੱਪ ਚਾਪ ਘਰ ਆ ਗਿਆ। ਉਦੋਂ ਮੈਂ ਗੁਰੂ ਨਾਨਕ ਖ਼ਾਲਸਾ ਹਾਈ ਸਕੂਲ ਤਖ਼ਤੂਪੁਰੇ ਸਕੂਲੀ ਪੜ੍ਹਾਈ ਦੇ ਨਾਲ-ਨਾਲ ਗੁਰਬਾਣੀ ਦਾ ਅਧਿਐਨ ਵੀ ਕਰ ਰਿਹਾ ਸੀ, ਕਾਫ਼ੀ ਗੁਰਬਾਣੀ ਮੈਨੂੰ ਕੰਠ ਸੀ ਅਤੇ ਅਸੀਂ ਹਰ ਰੋਜ਼ ਪਹਿਲੀ ਪਾਤਿਸ਼ਾਹੀ ਦੇ ਗੁਰਦੁਆਰੇ ਜਾ ਕੇ ਅਰਦਾਸ ਵੀ ਕਰਦੇ ਸਾਂ।

ਰਾਤ ਨੂੰ ਭੁੱਖ ਨਾ ਲੱਗੀ। ਬੇਬੇ ਦਾ ਦਿੱਤਾ ਦੁੱਧ ਵੀ ਨਾ ਪੀਤਾ। ਕਈ ਦਿਨ ਮੇਰਾ ਖੇਤ ਜਾਣ ਨੂੰ ਜੀਅ ਨਾ ਕੀਤਾ। ਜੇ ਬੇਬੇ ਖੇਤ ਚਾਹ ਲਿਜਾਣ ਨੂੰ ਆਖਦੀ ਤਾਂ ਮੈਂ ਇੱਕੋ ਗੱਲ ਨਾਲ ਬੇਬੇ ਨੂੰ ਚੁੱਪ ਕਰਵਾ ਦਿੰਦਾ, "ਬੇਬੇ ਮੀਨਾ ਦੇ ਕਾਤਲਾਂ ਵਾਸਤੇ ਨਾ ਤਾਂ ਮੈਨੂੰ ਰੋਟੀ ਲਿਜਾਣ ਵਾਸਤੇ ਆਖੀਂ ਤੇ ਨਾ ਚਾਹ-ਮੈਥੋਂ ਕੋਈ ਮਰਜ਼ੂ!" ਬੇਬੇ ਮੇਰੇ ਗੁੱਸੇ ਨੂੰ ਸਮਝਦੀ ਸੀ। ਬੇਬੇ ਕਈ ਵਾਰ ਖ਼ੁਦ ਵੀ ਗਿਲਾ ਕਰ ਚੁੱਕੀ ਸੀ, "ਪੁੱਤ ਖਾਣੇ ਦਿਆਂ ਨੇ ਨਿੰਜ ਨੂੰ ਜਾਣੇ ਅਮਲੀ ਦੇ ਆਖੇ ਲੱਗ ਕੇ ਕਿੱਡੀ ਸੋਹਣੀ ਨਸਲ ਦੀ ਕੁੱਤੀ ਮਾਰ'ਤੀ!" ਬੇਬੇ ਦੀ ਗੱਲ ਸੁਣ ਕੇ ਮੇਰਾ ਫਿਰ ਰੋਣ ਨਿਕਲ ਜਾਂਦਾ ਅਤੇ ਕਦੇ ਅੱਖਾਂ ਵਿਚ ਚੰਗਿਆੜੇ ਮੱਚਦੇ। ਸਮਾਂ ਪੈਣ 'ਤੇ ਜਿੰਨਿਆਂ ਨੇ ਮੀਨਾ ਮਾਰੀ ਸੀ, ਸਾਰਿਆਂ ਨੂੰ ਹੀ ਸਮੇਂ ਸਮੇਂ ਹਲਕੇ ਕੁੱਤੇ ਨੇ ਵੱਢਿਆ ਅਤੇ ਸਾਰਿਆਂ ਨੂੰ ਸਰਕਾਰੀ ਹਸਪਤਾਲ ਮੋਗਾ ਤੋਂ ਹਲਕਾਅ ਦੇ ਚੌਦਾਂ-ਚੌਦਾਂ ਟੀਕੇ ਧੁੰਨੀ ਵਿਚ ਕਰਵਾਉਣੇ ਪਏ! ਇਹ ਉਨ੍ਹਾਂ ਨੂੰ ਰੱਬ ਵੱਲੋਂ ਹੀ ਇਕ ਸਜ਼ਾ ਸੀ!

ਹਫ਼ਤੇ ਕੁ ਬਾਅਦ ਜਦੋਂ ਮੈਂ ਖੇਤ ਗਿਆ ਤਾਂ ਮੋਤੀ ਅਤੇ ਮੌਜੀ ਮੈਨੂੰ ਦੇਖ ਕੇ ਪਿੰਡ ਵਾਲੀ ਡੰਡੀ 'ਤੇ ਆ ਗਏ ਅਤੇ ਮੇਰੇ ਗੋਡੇ-ਲੱਤਾਂ ਚੱਟਣ ਦੀ ਥਾਂ ਮੇਰੇ ਸਾਹਮਣੇ ਲਿਟਣ ਲੱਗ ਪਏ। ਜਿਵੇਂ ਗੁੱਸਾ ਕਰ ਰਹੇ ਹੋਣ ਕਿ ਤੂੰ ਕਿੰਨੇ ਦਿਨ ਹੋ ਗਏ ਖੇਤ ਹੀ ਨਹੀਂ ਆਇਆ? ਮੈਂ ਦੋਨਾਂ ਨੂੰ ਥਾਪੜ ਕੇ, ਭੁੰਜੇ ਬੈਠ ਆਪਣੇ ਗਲ ਨਾਲ ਲਾ ਲਿਆ ਅਤੇ ਆਪਣੇ ਨਾਲ ਤੋਰ ਲਿਆ। ਮੇਰਾ ਮਨ ਭਰਿਆ ਭਰਿਆ ਰਹਿੰਦਾ। ਖੇਤ ਆ ਕੇ ਜਦੋਂ ਮੀਨਾ ਮੈਨੂੰ ਨਾ ਦਿਸਦੀ ਤਾਂ ਮੈਂ ਹੋਰ ਉਦਾਸ ਹੋ ਜਾਂਦਾ ਅਤੇ ਮੈਨੂੰ ਹੌਲ ਜਿਹੇ ਪੈਣ ਲੱਗ ਪੈਂਦੇ। ਮੇਜਰ, ਜੈਬੇ ਅਤੇ ਚਾਚੇ ਗਾਮੇ ਨੂੰ ਮੈਂ ਆਪਣੇ 'ਬਾਹਰ' ਆਉਣ ਤੱਕ ਨਹੀਂ ਬੁਲਾਇਆ ਸੀ। ਕਦੇ ਕਦੇ ਮੈਂ ਮੀਨਾ ਦੀ 'ਕਬਰ' 'ਤੇ ਚਲਿਆ ਜਾਣਾ। ਕਬਰ 'ਤੇ ਘਾਹ ਉਗ ਆਇਆ ਸੀ। ਮੀਨਾ ਦੇ ਦਫ਼ਨਾਉਣ ਤੋਂ ਕੁਝ ਦੇਰ ਬਾਅਦ ਜਦ ਮੇਰੇ ਡੈਡੀ ਉਥੇ ਫ਼ਸਲ ਬੀਜਣ ਲੱਗੇ ਤਾਂ ਮੈਂ ਮੀਨਾ ਦੀ ਕਬਰ ਜਿੰਨੀ ਥਾਂ 'ਤੇ ਗੋਲ ਦਾਇਰਾ ਵਾਹ ਦਿੱਤਾ ਕਿ ਐਨੀ ਥਾਂ 'ਤੇ ਕੁਝ ਨਾ ਬੀਜਿਆ ਜਾਵੇ, ਅਤੇ ਇਹ ਥਾਂ ਹਰ ਹਾਲਤ ਵਿਚ ਖ਼ਾਲੀ ਰਹਿਣੀ ਚਾਹੀਦੀ ਹੈ! ਮੇਰੇ ਡੈਡੀ ਨੇ ਮੇਰੀ ਬੇਨਤੀ ਦੀ ਕਦਰ ਕੀਤੀ ਅਤੇ ਜਿੰਨਾ ਚਿਰ ਮੈਂ ਭਾਰਤ ਰਿਹਾ, ਉਤਨੀ ਥਾਂ ਹਮੇਸ਼ਾ ਅਣਬੀਜੀ ਹੀ ਰਹੀ। ਕੁਝ ਦਿਨਾਂ ਬਾਅਦ ਹੀ ਮੈਂ ਸਕੂਲ ਵਿਚੋਂ ਚਾਰ ਗੇਂਦੇ ਦੇ ਬੂਟੇ ਲਿਆ ਕੇ ਉਸ ਥਾਂ 'ਤੇ ਲਾ ਦਿੱਤੇ। ਜਿੰਨਾ ਚਿਰ ਮੈਂ ਪਿੰਡ ਰਿਹਾ, ਮੀਨਾ ਦੀ ਕਬਰ 'ਤੇ ਗੇਂਦੇ ਲਾਉਣ ਦਾ ਕੰਮ ਹਰ ਸਾਲ ਨਿਰੰਤਰ ਜਾਰੀ ਰਿਹਾ। ਮੇਰੇ 'ਬਾਹਰ' ਆਉਣ ਤੋਂ ਬਾਅਦ ਜ਼ਮੀਨ ਦੀਆਂ ਵੰਡੀਆਂ ਪੈ ਗਈਆਂ ਅਤੇ ਉਹ ਜ਼ਮੀਨ ਮੇਰੇ ਫ਼ੌਜੀ ਚਾਚੇ ਦੀ ਮਲਕੀਅਤ ਬਣ ਗਈ।

ਗੱਲ ਕਬੀਰ ਦੀ ਲਿਆਂਦੀ ਕੁੱਤੀ ਦੀ ਚੱਲ ਰਹੀ ਸੀ। ਨਾਂ ਉਸ ਦਾ 'ਮਿੰਮੀ' ਸੀ। ਘਰ ਆ ਕੇ ਉਸ ਦੇ ਖਾਣੇ-ਦਾਣੇ ਅਤੇ ਰਿਹਾਇਸ਼ ਦਾ ਪ੍ਰਬੰਧ ਕੀਤਾ ਗਿਆ। ਓਪਰਾ ਜਿਹਾ ਘਰ ਦੇਖ ਕੇ ਮਿੰਮੀ ਡੌਰ-ਭੌਰ ਜਿਹੀ ਝਾਕ ਰਹੀ ਸੀ। ਕਬੀਰ ਨਾਲ ਤਾਂ ਉਹ ਵਾਹਵਾ ਘੁਲ-ਮਿਲ ਗਈ ਸੀ ਪਰ ਜਦੋਂ ਕਬੀਰ ਸਕੂਲ ਚਲਿਆ ਜਾਂਦਾ, ਉਹ ਸੱਜ ਵਿਆਹੀ ਵਾਂਗ ਕੰਬਲ ਵਿਚ ਮੂੰਹ ਲਕੋ ਕੇ ਬੈਠ ਜਾਂਦੀ। ਜਿਵੇਂ ਉਹ ਸਾਨੂੰ ਦੇਖਣਾ ਜਾਂ ਸਾਨੂੰ ਆਪਣਾ ਮੂੰਹ ਦਿਖਾਉਣਾ ਨਾ ਚਾਹੁੰਦੀ ਹੋਵੇ। ਕਬੀਰ ਦੇ ਆਉਣ ਤੱਕ ਖਾਣਾ ਵੀ ਨਾ ਖਾਂਦੀ। ਬੱਸ ਪਾਣੀ ਜਾਂ ਮਾੜਾ ਮੋਟਾ ਦੁੱਧ ਪੀ ਛੱਡਦੀ। ਮੇਰੇ ਘਰਵਾਲੀ ਉਸ ਨੂੰ ਗਾਰਡਨ ਵਿਚ ਜਾਂ ਗਾਰਡਨ ਤੋਂ ਬਾਹਰ ਛੱਡ ਦਿੰਦੀ, ਜਿੱਥੇ ਉਹ ਆਪਣਾ 'ਕਿਰਿਆ-ਕਰਮ' ਸੋਧ ਕੇ ਆਪ ਦੇ ਆਪ ਹੀ ਅੰਦਰ ਆ ਜਾਂਦੀ ਅਤੇ ਘਰਵਾਲੀ ਗਾਰਡਨ ਵਾਲਾ ਦਰਵਾਜਾ ਬੰਦ ਕਰ ਦਿੰਦੀ।

ਦੋ ਦਿਨ ਬੀਤ ਗਏ ਸਨ। ਨਾ ਤਾਂ ਸਾਨੂੰ ਉਸ ਦੀ ਕੋਈ ਰਜਿਸਟ੍ਰੇਸ਼ਨ ਵਾਲੀ ਕਾਪੀ ਮਿਲੀ ਸੀ ਅਤੇ ਨਾ ਹੀ ਟੀਕਿਆਂ ਵਾਲੀ। ਦੂਜੀ ਵੱਡੀ ਗੱਲ ਇਹ ਸੀ ਕਿ ਮਿੰਮੀ ਦਿਲ ਨਹੀਂ ਲਾ ਰਹੀ ਸੀ। ਸਾਰੀ ਰਾਤ ਜਾਂ ਤਾਂ ਤੁਰੀ ਫਿਰਦੀ ਰਹਿੰਦੀ ਅਤੇ ਜੇ ਉਸ ਨੂੰ ਨੀਂਦ ਆ ਵੀ ਜਾਂਦੀ ਤਾਂ ਸੁੱਤੀ ਪਈ ਚੂਕਣ ਲੱਗ ਜਾਂਦੀ। ਤੀਜੇ ਦਿਨ ਮੈਂ ਕਬੀਰ ਤੋਂ ਬਾਰੀਕੀ ਨਾਲ ਜਾਣਕਾਰੀ ਹਾਸਲ ਕੀਤੀ ਤਾਂ ਮੈਨੂੰ ਪਤਾ ਲੱਗਿਆ ਕਿ ਇਸ ਦੀ ਮਾਲਕਣ ਕੁੜੀ ਨੇ ਕਤੂਰੇ ਲੈ ਕੇ ਇਸ ਨੂੰ ਮਗਰੋਂ ਲਾਹਿਆ ਹੈ। ਮੈਂ ਹੈਰਾਨ ਅਤੇ ਦੁਖੀ ਜਿਹਾ ਹੋ ਗਿਆ, ਕਿੱਡੀ ਬੇਰਹਿਮ ਹੈ ਦੁਨੀਆਂ? ਕੀ ਹੋ ਗਿਆ ਮਿੰਮੀ ਇਕ ਜਾਨਵਰ ਹੈ, ਪਰ ਮਾਂ ਦੀ ਮਮਤਾ ਤਾਂ ਉਸ ਵਿਚ ਵੀ ਹੈ! ਹੁਣ ਪਤਾ ਲੱਗਿਆ ਕਿ ਉਹ ਆਪਣੇ ਬੱਚਿਆਂ ਬਿਨਾ ਦਿਲ ਨਹੀਂ ਲਾ ਰਹੀ। ਮੈਨੂੰ ਮਹਿਸੂਸ ਹੋਇਆ ਕਿ ਅਸੀਂ ਇਸ ਦਾ ਪਾਪ ਲੈ ਰਹੇ ਹਾਂ। ਮੈਂ ਕਬੀਰ ਨੂੰ ਕਿਹਾ ਕਿ ਉਹ ਆਪਣੀ ਦੋਸਤ ਨੂੰ ਫ਼ੋਨ ਕਰੇ ਅਤੇ ਆਖੇ ਕਿ ਅਸੀਂ ਮਿੰਮੀ ਨੂੰ ਵਾਪਸ ਛੱਡਣ ਆ ਰਹੇ ਹਾਂ! ਅਗਰ ਉਸ ਨੇ ਵਾਪਸ ਨਾ ਲਈ ਤਾਂ ਅਸੀਂ ਕੌਂਸਲ ਨੂੰ ਰਿਪੋਰਟ ਕਰ ਦਿਆਂਗੇ। ਖ਼ੈਰ, ਕਬੀਰ ਨੇ ਫ਼ੋਨ ਕਰ ਦਿੱਤਾ ਅਤੇ ਉਹ ਕੁੜੀ ਆਪਣੀ ਕੁੱਤੀ ਨੂੰ ਵਾਪਸ ਲੈਣ ਲਈ ਰਜ਼ਾਮੰਦ ਹੋ ਗਈ। ਮੈਂ ਅਤੇ ਕਬੀਰ ਮਿੰਮੀ ਨੂੰ ਕਾਰ 'ਚ ਛੱਡਣ ਤੁਰ ਗਏ। ਮੈਂ ਕਾਰ 'ਚੋਂ ਉਤਰ ਕੇ ਮਿੰਮੀ ਦਾ ਪਟਾ ਗੋਰੀ ਦੇ ਹੱਥ ਦਿੱਤਾ ਅਤੇ ਵੈਰਾਗਮਈ ਹੋ ਕੇ ਕਿਹਾ, "ਇਹਨੂੰ ਇਹਦੇ ਕਤੂਰਿਆਂ ਨਾਲੋਂ ਅਜੇ ਨਾ ਵਿਛੋੜੋ-ਮਾਂ ਦੀਆਂ ਭਾਵਨਾਵਾਂ ਦੀ ਕਦਰ ਕਰੋ-ਇਨਸਾਨ ਹੋ ਕੇ ਬੇਰਹਿਮ ਨਾ ਬਣੋ!" ਤਾਂ ਗੋਰੀ ਕੁੜੀ ਨੇ ਧੰਨਵਾਦ ਕਰਕੇ ਮਿੰਮੀ ਦਾ ਪਟਾ ਫੜ ਲਿਆ। ਮਿੰਮੀ ਮੇਰੇ ਪੈਰ ਚੱਟਣ ਲੱਗ ਪਈ। ਮੈਨੂੰ ਤੀਹ ਸਾਲ ਪਹਿਲਾਂ ਵਾਲੀ ਮੀਨਾ ਚੇਤੇ ਆ ਗਈ ਅਤੇ ਮੇਰਾ ਮਨ ਭਰ ਆਇਆ। ਮੈਂ ਮਿੰਮੀ ਨੂੰ ਇਕ ਤਰ੍ਹਾਂ ਨਾਲ ਬੁੱਕਲ 'ਚ ਲੈ ਕੇ ਪਿਆਰ ਕੀਤਾ ਅਤੇ ਮੈਂ ਤੇ ਕਬੀਰ ਭਰੇ ਮਨ ਨਾਲ ਕਾਰ ਵਿਚ ਆ ਬੈਠੇ!

*jaggikussa65@gmail.com

**ਹਫ਼ਤੇ ਕੁ ਬਾਅਦ ਜਦੋਂ ਮੈਂ ਖੇਤ ਗਿਆ ਤਾਂ ਮੋਤੀ ਅਤੇ ਮੌਜੀ ਮੈਨੂੰ ਦੇਖ ਕੇ ਪਿੰਡ ਵਾਲੀ ਡੰਡੀ 'ਤੇ ਆ ਗਏ ਅਤੇ ਮੇਰੇ ਗੋਡੇ-ਲੱਤਾਂ ਚੱਟਣ ਦੀ ਥਾਂ ਮੇਰੇ ਸਾਹਮਣੇ ਲਿਟਣ ਲੱਗ ਪਏ। ਜਿਵੇਂ ਗੁੱਸਾ ਕਰ ਰਹੇ ਹੋਣ ਕਿ ਤੂੰ ਕਿੰਨੇ ਦਿਨ ਹੋ ਗਏ ਖੇਤ ਹੀ ਨਹੀਂ ਆਇਆ? ਮੈਂ ਦੋਨਾਂ ਨੂੰ ਥਾਪੜ ਕੇ, ਭੁੰਜੇ ਬੈਠ ਆਪਣੇ ਗਲ਼ ਨਾਲ ਲਾ ਲਿਆ ਅਤੇ ਆਪਣੇ ਨਾਲ ਤੋਰ ਲਿਆ।**

# ਭਗਤ ਸਿੰਘ ਨੇ ਸਦਾ 23 ਸਾਲ ਦਾ ਈ ਰਹਿਣਾ ਏ

**ਸ਼ਹੀਦੀ ਦਿਨ 'ਤੇ**

**ਅਜੈ ਤਨਵੀਰ**

ਜਦੋਂ ਤੱਕ ਦੁਨੀਆਂ ਰਹੇਗੀ, ਚੰਨ, ਤਾਰੇ, ਸੂਰਜ ਰਹਿਣਗੇ, ਉਦੋਂ ਤੱਕ ਸ਼ਹੀਦਾਂ ਯੋਧਿਆਂ ਅਤੇ ਸੂਰਬੀਰਾਂ ਦੀਆਂ ਕਹਾਣੀਆਂ ਦਾ ਜ਼ਿਕਰ ਚਲਦਾ ਰਹੇਗਾ। ਇਨਕਲਾਬ ਦੀ ਤਲਵਾਰ ਵਿਚਾਰਾਂ ਦੀ ਸਾਣ 'ਤੇ ਤਿੱਖੀ ਹੁੰਦੀ ਏ। ਜਦੋਂ ਸਾਡੇ ਵਿਚਾਰ ਠੋਸ, ਨਿੱਗਰ, ਚੀਹੜੇ, ਚੀਕਣੇ ਅਤੇ ਚਟਾਨਾਂ ਵਰਗੇ ਹੋਣ ਤਾਂ ਵਿਰੋਧੀਆਂ ਦੀ ਸੋਚ ਦਾ ਅਸਫ਼ਲ ਹੋਣਾ ਸੁਭਾਵਕ ਹੀ ਹੁੰਦਾ ਏ। ਜਦੋਂ ਚੜ੍ਹਦੀ ਜਵਾਨੀ ਦੇ ਲਹੂ ਵਿਚ ਦੇਸ਼ ਕੌਮ ਦੇ ਪਿਆਰ ਦੀਆਂ ਪੀਂਘਾਂ ਪੈਣ ਲੱਗ ਜਾਣ ਤਾਂ ਹੁਲਾਰੇ ਦੇਣ ਦੀ ਲੋੜ ਨਹੀਂ ਹੁੰਦੀ; ਹੁਲਾਰੇ ਤਾਂ ਆਪਣੇ-ਆਪ ਹੀ ਆਉਂਦੇ ਰਹਿੰਦੇ ਹਨ।

ਅੱਜ ਅਸੀਂ ਉਸ ਯੋਧੇ ਸੂਰਬੀਰ ਦੀ ਗੱਲ ਕਰਾਂਗੇ ਜਿਸ ਨੇ ਆਪਣੀਆਂ ਇੱਛਾਵਾਂ ਨਹੀਂ, ਦੇਸ਼ ਦੀਆਂ ਨਿਗਾਹਾਂ ਨੂੰ ਦੇਖਿਆ। ਉਹ ਸੀ ਸਰਦਾਰ ਭਗਤ ਸਿੰਘ। ਹੋਰ ਪਤਾ ਨਹੀਂ ਕਿੰਨੇ ਭਗਤ ਸਿੰਘ ਦੇਸ਼ ਉਤੋਂ ਜਾਨਾਂ ਵਾਰ ਕੇ ਤੁਰ ਗਏ ਜਿਨ੍ਹਾਂ ਦੇ ਪੈਰਾਂ 'ਤੇ ਸਾਡਾ ਸਿਰ ਸਦਾ ਹੀ ਝੁਕਦਾ ਰਹੇਗਾ। ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਸੋਚ ਇਕ ਥਾਂ ਨਹੀਂ ਰੁਕੀ, ਸਗੋਂ ਉਸ ਦੀ ਸੋਚ ਤੁਰੀ ਤਾਂ ਰਾਹ ਆਪਣੇ-ਆਪ ਹੀ ਬਣਦੇ ਗਏ ਕਿਉਂਕਿ ਉਹ ਆਖ ਰਿਹਾ ਸੀ ਕਿ ਜਦੋਂ ਤਾਕਤ ਦੀ ਵਰਤੋਂ ਕਿਸੇ ਨੂੰ ਤੰਗ ਕਰਨ ਲਈ ਵਰਤੀ ਜਾਵੇ ਤਾਂ ਉਹ ਹਿੰਸਾ ਨੂੰ ਜਨਮ ਦਿੰਦੀ ਏ ਪਰ ਜਦੋਂ ਤਾਕਤ ਕਿਸੇ ਮਹਾਨ ਉਦੇਸ਼ ਲਈ ਵਰਤੀ ਜਾਵੇ ਤਾਂ ਉਹ ਨੈਤਿਕਤਾ ਦੇ ਤੌਰ 'ਤੇ ਉਚਿਤ ਹੁੰਦੀ ਏ। ਉਸ ਨੂੰ ਫੁੱਲ ਲੱਗਣਾ ਹੀ ਹੁੰਦਾ ਏ। ਜਿਸ ਫੁੱਲ ਦੇ ਦੁਆਲੇ ਕੰਡੇ ਤਿੱਖੇ ਹੋਣ, ਉਹ ਫੁੱਲ ਉਨਾ ਹੀ ਜ਼ਿਆਦਾ ਸੋਹਣਾ ਹੋਵੇਗਾ। ਭਗਤ ਸਿੰਘ ਦੀਆਂ ਨਜ਼ਰਾਂ ਵਿਚ ਜਿਹੜਾ ਧਰਮ ਇਨਸਾਨ ਨੂੰ ਇਨਸਾਨ ਨਾਲੋਂ ਵੱਖ ਕਰੇ, ਮਹੁੱਬਤਾਂ ਦੀ ਥਾਂ ਨਫ਼ਰਤ ਕਰਨੀ ਸਿਖਾਵੇ, ਅੰਧ ਵਿਸ਼ਵਾਸ ਨੂੰ ਉਤਸ਼ਾਹਤ ਕਰੇ, ਵਿਕਾਸ ਵਿਚ ਰੋੜਾ ਬਣੇ ਅਤੇ ਸਾਡੀ ਸੋਚ 'ਤੇ ਵਿਚਾਰਾਂ ਦੀ ਤਲਵਾਰ ਨੂੰ ਖੁੰਡਾ ਕਰੇ, ਉਹ ਕਦੇ ਵੀ ਸਾਡਾ ਧਰਮ ਨਹੀਂ ਹੋ ਸਕਦਾ।

ਭਗਤ ਸਿੰਘ ਨੇ ਸਦਾ ਹੀ ਕਿਰਤੀਆਂ, ਕਿਸਾਨਾਂ, ਮਜ਼ਦੂਰਾਂ ਦੀਆਂ ਗੱਲਾਂ ਦਾ ਢੰਡੋਰਾ ਪਿੱਟਿਆ ਅਤੇ ਆਖਿਆ ਕਿ ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਸਮਾਜ ਵਿਚ ਆਮ ਆਦਮੀ ਦੀ ਮਾਨਸਿਕ ਆਜ਼ਾਦੀ ਹੋਣੀ ਜ਼ਰੂਰੀ ਏ। ਇਹ ਤਾਂ ਹੀ ਹੋ ਸਕਦਾ ਏ ਜੇ ਅਸੀਂ ਆਪਣੇ ਆਰਥਿਕ ਪੱਧਰ ਨੂੰ ਉਚਾ ਚੁਕਦੇ ਹਾਂ; ਇਸ ਨੂੰ ਉਚਾ ਉਸ ਵਕਤ ਹੀ ਚੁੱਕ ਸਕਾਂਗੇ, ਜਦੋਂ ਅਸੀਂ ਸਾਰਿਆਂ ਨੂੰ ਨਾਲ ਲੈ ਕੇ ਤੁਰਾਂਗੇ। ਕੋਈ ਵੀ ਲਹਿਰ ਉਦੋਂ ਹੀ ਕਾਮਯਾਬ ਹੁੰਦੀ ਏ ਜਦੋਂ ਆਵਾਮ ਨੂੰ ਨਾਲ ਲੈ ਕੇ ਤੁਰਦੀ ਏ। ਸਮਾਜ ਦੇ ਦੁਸ਼ਮਣ ਵਿਅਕਤੀ ਨਹੀਂ, ਸਮਾਜ ਦੀਆਂ ਸੰਸਥਾਵਾਂ ਹੁੰਦੀਆਂ ਹਨ ਜੋ ਲੁੱਟ ਅਤੇ ਲੋਟੂਆਂ ਨੂੰ ਜਨਮ ਦਿੰਦੀਆਂ ਹਨ। ਉਹ ਭਾਵੇਂ ਨਿੱਕਰਾਂ ਵਾਲੇ ਹੋਣ, ਭਾਵੇਂ ਟੋਪੀਆਂ ਵਾਲੇ। ਸਾਡੇ ਸਮਾਜ ਕੋਲ ਇਨ੍ਹਾਂ ਸੂਰਬੀਰ ਯੋਧਿਆਂ ਨੂੰ ਦੇਣ ਲਈ ਕੁਝ ਨਹੀਂ ਹੁੰਦਾ ਪਰ ਇਹ ਸੂਰਬੀਰ ਆਪਣਾ ਸਭ ਕੁਝ ਸਮਾਜ ਤੇ



28 ਸਤੰਬਰ 1907 - 23 ਮਾਰਚ 1931

ਦੇਸ਼ ਤੋਂ ਨਿਛਾਵਰ ਕਰ ਜਾਂਦੇ ਹਨ। ਭਗਤ ਸਿੰਘ ਉਨ੍ਹਾਂ ਇਨਸਾਨਾਂ ਵਿਚੋਂ ਨਹੀਂ ਸੀ ਜੋ ਥੱਕ ਕੇ ਬੈਠ ਜਾਣ:

ਪਿੰਜਰੇ 'ਚ ਬਹੁਤਾ ਚਿਰ ਟਿਕਦੇ ਨਾ ਸ਼ੇਰ
ਸਾਰੇ ਜਾਣਦੇ ਆ ਸ਼ੇਰ ਹੁੰਦੇ ਆ ਦਲੇਰ
ਉਹਨੇ ਗੋਰਿਆਂ ਨੂੰ ਗੱਲ ਸਮਝਾਈ
ਭਗਤ ਸਿੰਘ ਸੂਰਮੇ ਨੇ,
ਜੜ੍ਹ ਗੋਰੀ ਸਰਕਾਰ ਦੀ ਹਿਲਾਈ।

ਜਦੋਂ ਕਿਸੇ ਬਹੁਤ ਪੁਰਾਣੇ ਰੁੱਖ ਦੀਆਂ ਜੜ੍ਹਾਂ ਹਿੱਲ ਜਾਣ ਤਾਂ ਟਾਹਣੀਆਂ/ਪੱਤਿਆਂ ਦਾ ਰੰਗ ਪੀਲਾ ਫਿਰਨਾ ਆਮ ਗੱਲ ਏ। ਭਗਤ ਸਿੰਘ ਨੇ ਆਪਣੀ ਜ਼ਿੰਦਗੀ ਅਤੇ ਜਵਾਨੀ ਦੇ ਉਹ ਕੀਮਤੀ ਵਰ੍ਹੇ ਦੇਸ਼ ਤੋਂ ਕੁਰਬਾਨ ਕਰ ਦਿੱਤੇ ਜਿਨ੍ਹਾਂ ਦੀ ਉਡੀਕ ਆਮ ਆਦਮੀ ਕਰਦਾ ਹੀ ਰਹਿੰਦਾ ਏ। ਭਗਤ ਸਿੰਘ ਦੇ ਕੀਤੇ ਘੋਲ ਦਾ ਆਨੰਦ ਹੋਰਨਾਂ ਦੇ ਹਿੱਸੇ ਹੀ ਆਇਆ ਕਿਉਂਕਿ ਸੱਚੀ ਅਤੇ ਚੰਗੀ ਸੋਚ ਰੱਖ ਕੇ ਕੀਤਾ ਕੰਮ ਜਦੋਂ ਕਾਮਯਾਬ ਹੋ ਜਾਂਦਾ ਏ ਤਾਂ ਉਸ ਦੇ ਦਾਅਵੇਦਾਰ ਕਈ ਹੋ ਜਾਂਦੇ ਹਨ। ਇਹੀ ਚੰਗੇ ਕੰਮ ਦੀ ਨਿਸ਼ਾਨੀ ਹੁੰਦੀ ਏ ਕਿ ਉਹ ਸਫਲਤਾ ਦੇ ਝੰਡੇ ਗੱਡ ਰਿਹਾ ਏ। ਝੰਡੇ ਗੱਡਣੇ ਤਾਂ ਸੌਖੇ ਨੇ, ਝੂਲਦੇ ਰੱਖਦੇ ਔਖੇ ਨੇ। ਇਨ੍ਹਾਂ ਨੂੰ ਝੂਲਦੇ ਰੱਖਣ ਲਈ ਸੂਰਮਿਆਂ ਦੀ ਲੋੜ ਹੁੰਦੀ ਏ।

ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੇ ਜਿਹੜੇ ਸੁਪਨੇ ਦੇਖੇ ਸਨ, ਉਹ ਅਜੇ ਪੂਰੇ ਨਹੀਂ ਹੋਏ। ਅਸੀਂ ਤਾਂ ਉਨ੍ਹਾਂ ਸੁਪਨਿਆਂ ਦੇ ਨੇੜੇ-ਤੇੜੇ ਵੀ ਨਹੀਂ ਜਾ ਸਕੇ। ਜਿਨ੍ਹਾਂ ਦੀਆਂ ਅੱਖਾਂ ਵਿਚ ਸਦਾ ਆਜ਼ਾਦੀ ਦੇ ਜਗਰਾਤੇ ਹੋਣ, ਉਨ੍ਹਾਂ ਅੱਖਾਂ ਨੂੰ ਨੀਂਦ ਨਹੀਂ ਨਸੀਬ ਹੁੰਦੀ। ਜਿਨ੍ਹਾਂ ਦੀਆਂ ਅੱਖਾਂ ਵਿਚ ਦੇਸ਼ ਪਿਆਰ, ਅਣਖ, ਗੈਰਤ, ਜ਼ਮੀਰ ਘਰ ਪਾ ਕੇ ਬੈਠ ਜਾਵੇ, ਉਨ੍ਹਾਂ ਦੀਆਂ ਅੱਖਾਂ ਦੇ ਫੈਸਲੇ ਕਦੇ ਵੀ ਦੋ-ਚਿੱਤੇ ਨਹੀਂ ਹੁੰਦੇ। ਸਾਂਡਰਸ ਨੂੰ ਮਾਰਨਾ, ਅਸੈਂਬਲੀ ਵਿਚ ਬੰਬ ਸੁੱਟਣਾ, ਆਪਣੇ-ਆਪ ਨੂੰ ਗੋਰਿਆਂ ਦੇ ਹਵਾਲੇ ਕਰਨਾ ਕੋਈ ਛੋਟੇ ਫੈਸਲੇ ਨਹੀਂ ਸਨ। ਭਗਤ ਸਿੰਘ ਨੂੰ ਪੂਰੀ ਤਰ੍ਹਾਂ ਗਿਆਨ ਸੀ ਕਿ ਇਕ ਵਾਰੀ ਜਦੋਂ ਉਹ ਅੰਦਰ ਚਲੇ ਗਿਆ ਤਾਂ ਬਾਹਰ ਆਉਣਾ ਅਸੰਭਵ ਹੈ। ਜਦੋਂ ਕਿਸੇ ਰੁੱਖ ਨੂੰ ਕੱਟਦੇ ਹਾਂ ਤਾਂ ਉਸ ਰੁੱਖ ਦੇ ਬੀਜ ਐਨੇ ਜ਼ਿਆਦਾ ਖਿੱਲਰ ਜਾਂਦੇ ਹਨ ਕਿ ਗਿਣਤੀ ਨਹੀਂ ਹੁੰਦੀ ਕਿ ਕਿੰਨੇ ਰੁੱਖ ਹੋਰ ਜੰਮ ਪਏ ਹਨ। ਜੇ ਸੋਚ ਵਿਚ ਸ਼ੁੱਧਤਾ ਨਹੀਂ ਤਾਂ ਸਾਰਾ ਗਿਆਨ ਵੀ ਧੁੰਦਲੇ ਅਤੇ ਤਿੜਕੇ ਹੋਏ ਸ਼ੀਸ਼ੇ ਵਰਗਾ ਹੁੰਦਾ ਏ ਜਿਸ ਵਿਚ ਚਿਹਰਾ ਕਦੇ ਵੀ ਸਾਫ਼ ਨਹੀਂ ਦਿਸ ਸਕਦਾ। ਕੀ ਅਸੀਂ ਸ਼ਹੀਦਾਂ ਦੀਆਂ ਕੁਰਬਾਨੀਆਂ ਬਾਰੇ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਜਾਣੂੰ ਕਰਵਾਇਆ ਏ? ਨਹੀਂ! ਸਾਡੇ ਕੋਲ ਵਿਹਲ ਨਹੀਂ ਏ। ਸਾਡੇ ਕੋਲ ਬਾਬਿਆਂ ਦੀਆਂ ਚੌਕੀਆਂ ਭਰਨ ਅਤੇ ਮੱਥੇ ਟੇਕਣ ਦਾ ਤਾਂ ਸਮਾਂ ਹੈ ਪਰ ਕੀ ਅਸੀਂ ਕਦੀ ਭਗਤ ਸਿੰਘ ਦੀ ਤਸਵੀਰ ਨੂੰ ਵੀ ਪ੍ਰਣਾਮ ਕੀਤਾ ਏ? ਕਦੇ ਨਹੀਂ। ਜੇਲ੍ਹਾਂ, ਕਾਲ ਕੋਠੜੀਆਂ ਸਾਨੂੰ ਸ਼ਹੀਦਾਂ ਦੇ ਨਾਮਾਂ ਨਾਲ ਹੀ ਸੋਹਣੀਆਂ ਲੱਗਦੀਆਂ ਹਨ, ਚੋਰਾਂ ਅਤੇ ਗੱਦਾਰਾਂ ਨਾਲ ਨਹੀਂ। ਗੱਦਾਰ ਦੇ ਮਹਿਲਾਂ ਦੀਆਂ ਇੱਟਾਂ ਵੀ ਉਸ ਨੂੰ ਲਾਹਣਤਾਂ ਪਾਉਂਦੀਆਂ ਹਨ। ਭਗਤ ਸਿੰਘ ਦੇ ਖਾਬ ਅੱਜ ਉਨ੍ਹਾਂ ਅੱਖਾਂ ਵਿਚ ਹੀ ਆਉਂਦੇ ਹੋਣਗੇ ਜਿਨ੍ਹਾਂ ਵਿਚ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਤਸਵੀਰ ਵਸਦੀ ਏ। ਤਸਵੀਰਾਂ ਕੰਧਾਂ 'ਤੇ ਲਾਉਣਾ ਅਤੇ ਅੱਖਾਂ ਵਿਚ ਵਸਾਉਣਾ-ਬੜੇ ਫਰਕ ਦੀ ਗੱਲ ਏ, ਜੇ ਸਮਝੀਏ ਤਾਂ।

ਭਗਤ ਸਿੰਘ ਨੇ ਆਪਣੇ ਆਪ ਵਿਚ ਵਿਸ਼ਵਾਸ ਪੈਦਾ ਕੀਤਾ। ਭਾਰਤੀਆਂ ਨੇ ਤਾਂ ਹੀ ਉਹਦੇ 'ਤੇ ਵਿਸ਼ਵਾਸ ਕੀਤਾ। ਆਪਣੇ-ਆਪ ਵਿਚ ਭਰੋਸਾ ਪੈਦਾ ਕਰੋ। ਇਹ ਦੁਨੀਆਂ ਤੁਹਾਡੀ ਭਾਲ ਆਪਣੇ-ਆਪ ਕਰੇਗੀ। ਸ਼ਹੀਦਾਂ ਦੀਆਂ ਕੁਰਬਾਨੀਆਂ ਨੇ ਆਜ਼ਾਦੀ ਨੂੰ ਐਨਾ ਨੇੜੇ ਲੈ ਆਂਦਾ ਸੀ ਕਿ ਆਜ਼ਾਦੀ ਦੀਆਂ ਬਾਹਾਂ ਆਪ ਮੁਹਾਰੇ ਖੁੱਲ੍ਹ ਕੇ ਕਿਰਤੀਆਂ ਦੇ ਗਲ ਵਿਚ ਪੈ ਗਈਆਂ ਪਰ ਬਾਅਦ ਵਿਚ ਉਹ ਬਾਹਾਂ ਸਰਮਾਏਦਾਰਾਂ ਨੇ ਆਪਣੇ ਗਲ ਵਿਚ ਪਾ ਲਈਆਂ ਜਿਨ੍ਹਾਂ ਦਾ ਲੁਤਫ ਉਹ ਹੁਣ ਹੋਰ ਲੈ ਰਹੇ ਹਨ।

ਭਗਤ ਸਿੰਘ ਦੀ ਸੋਚ 'ਤੇ ਪਹਿਰਾ ਦੇਣ ਲਈ ਕਿੰਨੇ ਕੁ ਤਿਆਰ ਨੇ, ਉਹ ਸਾਰਿਆਂ ਨੂੰ ਪਤਾ ਏ। ਜਿਹੜੇ ਤਿਆਰ ਨੇ, ਉਹ ਆਪਣੇ ਖਿਆਲ, ਵਿਚਾਰ, ਆਪਣੀਆਂ ਲੋੜਾਂ ਮੁਤਾਬਕ ਹੀ ਪੇਸ਼ ਕਰਦੇ ਹਨ। ਭਗਤ ਸਿੰਘ ਬਾਰੇ ਜਾਣਦੇ ਹਾਂ ਕਿ 1907 ਤੋਂ ਲੈ ਕੇ 1931 ਤੱਕ ਉਸ ਦਾ ਜੀਵਨ ਸੀ ਪਰ ਉਹ ਤੱਜ ਵੀ ਸਾਡੇ ਅੰਗ-ਸੰਗ ਹੈ। ਇੰਨਾ ਵਕਤ ਗੁਜ਼ਰ ਗਿਆ ਹੈ ਪਰ ਅਸੀਂ ਅੱਜ ਵੀ ਉਥੇ ਹੀ ਖੜ੍ਹੇ ਹਾਂ ਜਿੱਥੇ 1907 ਵਿਚ ਖੜ੍ਹੇ ਸਾਂ। ਪਤਾ ਨਹੀਂ ਹੋਰ ਕਿੰਨੇ ਸਾਲ ਪਿੱਛੇ ਹੋਵਾਂਗੇ, ਇਹ ਤੁਹਾਨੂੰ ਤੁਹਾਡੀ ਸੋਚ ਨੇ ਦੱਸਣਾ ਏ।

ਜਦੋਂ ਦੁਸ਼ਮਣ ਨਾਲ ਦੇਸ਼ ਪਿਆਰ ਦੀ ਜੰਗ ਸ਼ੁਰੂ ਹੋ ਜਾਵੇ ਤਾਂ ਯੋਧੇ ਸੂਰਵੀਰਾਂ ਦਾ ਸੂਲੀ ਚੜ੍ਹਨਾ ਝੂਠ ਨਹੀਂ, ਸੱਚ ਹੀ ਹੁੰਦਾ ਏ:

ਬਹੁਤੀ ਉਮਰ ਨਹੀਂ ਹੁੰਦੀ,
ਭੱਥੇ ਵਿਚਲੇ ਤੀਰਾਂ ਦੀ।
ਭੁੱਲਿਓ ਨਾ ਕੁਰਬਾਨੀ
ਭਗਤ ਸਿੰਘ ਵਰਗੇ ਵੀਰਾਂ ਦੀ।
ਰਾਜਗੁਰੂ ਸੁਖਦੇਵ ਨੂੰ
ਸੀਨੇ ਵਿਚ ਵਸਾ ਲੈਣਾ।
ਊਧਮ ਭਗਤ ਸਰਾਭਾ
ਲਹੂ ਦੇ ਵਿਚ ਰਚਾ ਲੈਣਾ।
ਕਦਰ ਪਾ ਦਿਓ ਲੋਕੋ
ਅੱਖ ਦੇ ਵਗਿਆਂ ਨੀਰਾਂ ਦੀ।

# ਜਾ ਲਬੁ ਤਾਂ ਨੇਹੁ ਕਿਆ

**ਸ਼ਬਦ-ਝਰੋਖਾ**

**ਬਲਜੀਤ ਬਾਸੀ**
ਫੋਨ:734-454-4958

ਸਿਰਲੇਖ ਵਾਲੀ ਤੁਕ ਵਿਚ ਫਰੀਦ ਜੀ ਦਾ ਭਾਵ ਹੈ ਕਿ ਜਿਥੇ ਲਾਲਚ ਹੈ ਉਥੇ ਸੱਚਾ ਪਿਆਰ ਨਹੀਂ ਹੋ ਸਕਦਾ। ਇਸ ਦੇ ਅਧਿਆਤਮਕ ਅਰਥ ਹਨ ਕਿ ਜੇ ਕਿਸੇ ਇਵਜ਼ਾਨੇ ਦੀ ਲਾਲਚ ਵਿਚ ਭਜਨ ਬੰਦਗੀ ਕੀਤੀ ਜਾਂਦੀ ਹੈ ਤਾਂ ਇਹ ਅਸਲੀ ਪਿਆਰ ਨਹੀਂ ਹੈ। ਅਗਲੀ ਤੁਕ, ਲਬੁ ਤ ਕੂੜਾ ਨੇਹੁ, ਵਿਚ ਇਸੇ ਭਾਵ ਨੂੰ ਦ੍ਰਿੜਾਇਆ ਗਿਆ ਹੈ। ਏਥੇ ਲਬੁ ਦਾ ਭਾਵ ਲੋਭ, ਲਾਲਚ ਹੈ ਤੇ ਨੇਹੁ, ਜੋ ਆਪਣੇ ਪੂਰਨ ਰੂਪ ਸਨੇਹ ਦਾ ਟੁੱਟਵਾਂ ਰੂਪ ਹੈ, ਦਾ ਅਰਥ ਹੈ ਪਿਆਰ। ਅੱਜ ਅਸੀਂ ਲਬੁ ਸ਼ਬਦ ਦੀ ਥਾਹ ਪਾਉਣੀ ਹੈ ਤੇ ਫਿਰ ਹੋਰ ਕਿਸੇ ਦਿਨ ਨੇਹ ਸ਼ਬਦ ਦੀ। ਗੁਰਬਾਣੀ ਵਿਚ ਇਹ ਸ਼ਬਦ ਅਨੇਕਾਂ ਵਾਰ ਵਰਤਿਆ ਗਿਆ ਹੈ, ਇਕੱਲਾ ਵੀ ਤੇ ਲਬੁ ਲੋਭ ਦੇ ਜੁੱਟ ਰੂਪ ਵਿਚ ਵੀ:

ਇਹੁ ਤਨੁ ਮਾਇਆ ਪਾਹਿਆ
ਪਿਆਰੇ ਲੀਤੜਾ ਲਬਿ ਰੰਗਾਏ॥
-ਗੁਰੂ ਨਾਨਕ ਦੇਵ

ਪੜਿਆ ਮੂਰਖੁ ਆਖੀਐ
ਜਿਸੁ ਲਬੁ ਲੋਭੁ ਅਹੰਕਾਰਾ॥
-ਗੁਰੂ ਨਾਨਕ ਦੇਵ

ਮਨਮੁਖ ਮੂਲਹੁ ਭੁਲਿਆ
ਵਿਚਿ ਲਬੁ ਲੋਭੁ ਅਹੰਕਾਰੁ॥
-ਗੁਰੂ ਰਾਮ ਦਾਸ

ਲਬੁ ਲੋਭ ਪਰਜਾਲੀਐ
ਨਾਮੁ ਮਿਲੈ ਆਧਾਰੁ॥ -ਗੁਰੂ ਨਾਨਕ ਦੇਵ

ਸਪਸ਼ਟ ਹੈ, ਗੁਰਬਾਣੀ ਅਨੁਸਾਰ ਲੋਭ ਦਾ ਲਾਭ ਥੋੜ-ਚਿਰਾ ਹੈ ਜਦ ਕਿ ਪਰਮਾਤਮਾ ਦਾ ਸਨੇਹ ਸਦੀਵੀ ਹੈ। ਥੋੜ-ਚਿਰੀ ਚੀਜ਼ ਅਧਿਆਤਮਕ ਅਰਥਾਂ ਵਿਚ ਕੂੜੀ ਅਰਥਾਤ ਝੂਠੀ, ਮਾਇਆਵੀ ਹੈ।

ਮਜ਼ੇ ਦੀ ਗੱਲ ਹੈ ਕਿ ਅਜੋਕੀ ਪੰਜਾਬੀ ਵਿਚ ਅਸੀਂ ਲਬ ਸ਼ਬਦ ਇਨ੍ਹਾਂ ਅਰਥਾਂ ਵਿਚ ਨਹੀਂ ਵਰਤਦੇ, ਹੋਠ ਦੇ ਅਰਥ ਵਾਲਾ ਲਬ ਹੋਰ ਹੈ ਜੋ ਫਾਰਸੀ ਤੋਂ ਆਇਆ ਹੈ। ਕਿਸੇ ਹੋਰ ਉਤਰ ਭਾਰਤੀ ਭਾਸ਼ਾ ਵਿਚ ਵੀ ਸ਼ਾਇਦ ਇਹ ਸ਼ਬਦ ਇਸ ਅਰਥ ਵਿਚ ਨਹੀਂ ਮਿਲਦਾ। ਲਬ ਸ਼ਬਦ ਅਸਲ ਵਿਚ ਲੋਭ ਦਾ ਹੀ ਇਕ ਭੇਦ ਹੈ ਤੇ ਗੁਰਬਾਣੀ ਵਿਚ ਲਬ ਲੋਭ ਜੁੱਟ ਦਾ ਇਕੱਲੇ ਇਕੱਲੇ ਅਰਥ ਕਰਨ ਦਾ ਕੋਈ ਲਾਭ ਨਹੀਂ, ਲਬ ਲੋਭ ਦੇ ਅਰਥਾਂ ਨੂੰ ਹੀ ਹੋਰ ਪ੍ਰਗਾੜ ਕਰਦਾ ਹੈ। ਸੰਸਕ੍ਰਿਤ ਵਿਚ ਲੋਭ ਦੇ ਅਰਥ ਹਨ ਭੰਬਲਭੂਸਾ, ਬੌਂਦਲਾਹਟ; ਬੇਸਬਰੀ, ਤਾਂਘ, ਤੀਖਣ ਖਾਹਿਸ਼, ਤੜਫਣ, ਤੜਛ ਆਦਿ। ਇਸ ਤੋਂ ਅੱਗੇ ਹੋਰ ਵਿਕਾਸ ਕਰਕੇ ਇਸ ਦੇ ਅਰਥ ਬਣੇ, ਲਾਲਚ, ਲਾਲਸਾ ਆਦਿ। ਲੋਭ ਵੀ ਅਸਲ ਵਿਚ ਸੰਸਕ੍ਰਿਤ ਧਾਤੂ ਲੁਭ ਤੋਂ ਬਣਿਆ ਹੈ ਜਿਸ ਦੇ ਅਰਥ ਭੰਬਲਭੂਸੇ ਵਿਚ ਪੈਣਾ, ਬੌਂਦਲਾ ਜਾਣਾ, ਚਕਰਾ ਜਾਣਾ ਤੋਂ ਹੋ ਕੇ ਕਿਸੇ ਚੀਜ਼ ਦੀ ਤਾਂਘ ਕਰਨਾ, ਲਾਲਸਾ ਕਰਨਾ ਆਦਿ ਬਣ ਗਏ। ਇਸ ਦੇ ਹੋਰ ਵਿਕਸਿਤ ਅਰਥ ਕਿਸੇ ਨੂੰ ਫੁਸਲਾਉਣਾ, ਲਲਚਾਉਣਾ, ਲੁਭਾਉਣਾ, ਆਕ੍ਰਸ਼ਤ ਕਰਨਾ ਆਦਿ ਹਨ। ਜੇ ਅਸੀਂ ਲੁਭਾਵਣਾ ਸ਼ਬਦ ਵੱਲ ਧਿਆਨ ਦੇਈਏ ਤਾਂ ਸਮਝ ਵਿਚ ਆਉਂਦਾ ਹੈ ਕਿ ਇਸ ਦਾ ਮੁਢਲਾ ਅਰਥ ਚੰਗਾ ਲੱਗਣਾ, ਭਾ ਜਾਣਾ ਹੈ। ਇਕ ਸ੍ਰੋਤ ਅਨੁਸਾਰ 'ਲੋਬੀਆ' ਅਰਥਾਤ ਲੁਭਾਵਣੀ ਦਾਲ, ਇਸੇ ਧਾਤੂ ਤੋਂ ਬਣਿਆ ਸ਼ਬਦ ਹੈ। ਲੋਭ ਦੇ ਅੱਗੇ 'ਪ੍ਰ' ਅਗੇਤਰ ਲੱਗ ਕੇ ਪ੍ਰਲੋਭਨ ਸ਼ਬਦ ਬਣਿਆ ਜਿਸ ਦਾ ਅਰਥ 'ਲਲਚਾਉਣਾ' ਜਾਂ 'ਝਾਂਸਾ' ਹੈ। ਪੰਜਾਬੀ ਦਾ ਜ਼ੁਲਮ, ਕਹਿਰ ਦੇ ਅਰਥਾਂ ਵਾਲਾ 'ਲੋਹੜ' ਸ਼ਬਦ ਵੀ ਇਸੇ ਦਾ ਵਿਕ੍ਰਿਤ ਰੂਪ ਹੈ। ਇਸ ਦਾ ਪ੍ਰਾਕ੍ਰਿਤ ਰੂਪ ਲੋਹ ਸੀ। ਖਾਸ ਨਾਂ 'ਰਾਮ ਲਭਾਇਆ' ਕੀ ਰਾਮ ਨੇ ਲਭ ਕੇ ਦਿੱਤਾ ਬੰਦਾ ਹੈ ਜਾਂ ਰਾਮ ਨੂੰ ਲੁਭਾਵਣਾ ਪੁਰਸ਼ ਹੈ? ਸੋਚਣ ਵਾਲੀ ਗੱਲ ਹੈ। 'ਰਾਮ ਪਿਆਰੀ' ਨਾਮ ਤੋਂ ਟੋਹ ਮਿਲਦੀ ਹੈ ਕਿ ਸ਼ਾਇਦ ਇਹ ਰਾਮ ਲਈ ਲੁਭਾਵਣਾ ਪੁਰਸ਼ ਹੀ ਹੈ।

ਐਪਰ ਸਮੇਂ ਨਾਲ ਸ਼ਬਦਾਂ ਵਿਚ ਚੰਗੀ ਮਾੜੀ ਕੀਮਤ ਭਰੀ ਜਾਂਦੀ ਹੈ। ਜੇ ਕੋਈ ਚੀਜ਼ ਏਨੀ ਲੁਭਾਵਣੀ ਲੱਗਣ ਲੱਗ ਜਾਵੇ ਕਿ ਬੰਦਾ ਉਸ ਵੱਲ ਖਚਿਤ ਹੋ ਕੇ ਉਸ ਨੂੰ ਪ੍ਰਾਪਤ ਕਰਨ ਦੀ ਲਾਲਸਾ ਰੱਖਣ ਲੱਗ ਪਵੇ ਤਾਂ ਇਸ ਵਿਚ ਲਲਚਾਉਣ ਦੇ ਭਾਵ ਆ ਜਾਂਦੇ ਹਨ। ਰਾਗ ਵਡਹੰਸ ਵਿਚ ਗੁਰੂ ਨਾਨਕ ਦੇਵ ਕੁਦਰਤ ਦੀ ਸੁੰਦਰਤਾ ਦਾ ਵਰਣਨ ਕਰਦੇ ਹੋਏ ਫਰਮਾਉਂਦੇ ਹਨ, "ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ॥" ਅਰਥਾਤ ਪਰਮਾਤਮਾ ਦੀ ਸੁਹਣੀ ਕੁਦਰਤ ਜੀਵ ਇਸਤਰੀ ਵਾਸਤੇ ਮਾਨੋਂ ਕਟਾਰ ਹੈ ਜਿਸ ਨੂੰ ਉਸ ਨੇ ਮੋਹ ਲਿਆ ਹੈ। ਏਥੇ ਦੇਖਣ ਵਾਲੀ ਗੱਲ ਹੈ ਕਿ ਲੋਭ ਨਾਕਾਰਾਤਮਕ ਅਰਥਾਂ ਵਿਚ ਨਹੀਂ, ਇਕ ਤਰ੍ਹਾਂ ਮੋਹ ਦੇ ਅਰਥਾਂ ਵਿਚ ਹੈ ਪਰ ਇਹ ਪਿਆਰ ਦਾ ਪੂਰਾ ਆਕਾਰ ਗ੍ਰਹਿਣ ਨਹੀਂ ਕਰਦਾ। ਅਸਲ ਵਿਚ ਪੰਜ ਵਿਕਾਰਾਂ ਵਿਚ ਸ਼ੁਮਾਰ ਹੋ ਕੇ ਲੋਭ ਦਾ ਅਰਥ ਏਨਾ ਨਾਕਾਰਾਤਮਕ ਹੋ ਗਿਆ ਹੈ ਕਿ ਇਸ ਦਾ ਸੁਹਾਵਣਾ ਪੱਖ ਇਕ ਤਰ੍ਹਾਂ ਦੱਬਿਆ ਹੀ ਰਹਿ ਗਿਆ।

ਪਰ ਦੂਰ ਦੁਰਾਡੀਆਂ ਸਕੀਆਂ ਭਾਸ਼ਾਵਾਂ ਵਿਚ ਇਸ ਦਾ ਰੂਪ ਪਿਆਰ ਦੇ ਮੁਕੰਮਲ ਅਰਥ ਗ੍ਰਹਿਣ ਕਰ ਗਿਆ ਹੈ। ਆਉ, ਦੇਖੀਏ ਕਿਵੇਂ? ਨਵ-ਪੱਥਰ ਯੁਗ ਵਿਚ ਜ਼ਮੀਨ ਦੇ ਭੁੱਖੇ ਆਰਿਆਈ ਲੋਕਾਂ ਨੇ ਦੱਖਣੀ ਰੂਸ ਦੇ ਸਟੈਪੀ ਮੈਦਾਨਾਂ 'ਚੋ ਚੱਲ ਕੇ ਜਦ ਉਤਰ ਪੱਛਮ ਤੇ ਦੱਖਣ ਪੂਰਬ ਦੀਆਂ ਭਿੰਨ-ਭਿੰਨ ਦਿਸ਼ਾਵਾਂ ਵੱਲ ਰਜੂਹ ਕੀਤਾ ਤਾਂ ਉਨ੍ਹਾਂ ਕੋਲ ਇਕ ਮੂਲ ਸੀ leubh, ਜਿਸ ਦਾ ਅਰਥ ਸੀ, 'ਪਰਵਾਹ ਕਰਨਾ, ਪ੍ਰਵਾਨਗੀ ਦੇਣਾ' ਆਦਿ। ਜਿਧਰ ਜਿਧਰ ਵੀ ਇਹ ਲੋਕ ਗਏ, ਇਸ ਸ਼ਬਦ ਦੀਆਂ ਅਰਥ-ਪਰਛਾਈਆਂ ਵਿਚ ਹਲਕੀ ਤਬਦੀਲੀ ਆਉਂਦੀ ਗਈ। ਇਹੀ ਮੂਲ ਸੰਸਕ੍ਰਿਤ ਲੁਭ ਧਾਤੂ ਦਾ ਸੁਜਾਤੀ ਵੀ ਹੈ। ਅਸਲ ਵਿਚ ਇਸੇ ਮੂਲ ਤੋਂ ਕੋਈ ਦੋ ਕੁ ਹਜ਼ਾਰ ਸਾਲ ਪਹਿਲਾਂ ਅੱਜ ਅੰਗਰੇਜ਼ੀ ਨਾਂ ਵਜੋਂ ਜਾਣੀ ਜਾਂਦੀ ਭਾਸ਼ਾ ਵਿਚ ਇਕ ਸ਼ਬਦ ਬਣਿਆ lufu, ਜੋ ਬਦਲਦਾ ਬਦਲਦਾ ਲਵ (love) ਦਾ ਰੂਪ ਧਾਰ ਗਿਆ। ਜਿਸ ਚੀਜ਼ ਦੀ ਮਨੁਖ ਪਰਵਾਹ ਕਰਦਾ ਹੈ, ਉਸ ਨੂੰ ਹੀ ਪਿਆਰ ਕਰਦਾ ਹੈ। ਅਸੀਂ ਦੇਖਿਆ ਹੈ ਕਿ ਪੰਜਾਬੀ ਵਿਚ ਇਸ ਦੇ ਅਰਥ ਪੂਰਨ ਭਾਂਤੀ ਪਿਆਰ ਦੇ ਅਰਥਾਂ ਤੋਂ ਉਰੇ ਉਰੇ ਰਹਿ ਗਏ ਜਾਂ ਕਹਿ ਸਕਦੇ ਹਾਂ ਕਿ ਬਹੁਤ ਹੀ ਅਗਾਂਹ ਲੰਘ ਗਏ, ਜਦ ਕਿ ਅੰਗਰੇਜ਼ੀ ਨੇ ਪੂਰਾ ਪਿਆਰ ਪਾ ਲਿਆ ਹੈ! ਹੌਲੀ ਹੌਲੀ ਲਵ ਸ਼ਬਦ ਦੀ ਕਿਰਿਆ ਵਜੋਂ ਵੀ ਵਰਤੋਂ ਸ਼ੁਰੂ ਹੋ ਗਈ। ਅੰਗਰੇਜ਼ੀ ਵਿਚ ਕਰਤਾ ਕਰਮ ਨੂੰ ਲਵ ਕਰਦਾ ਹੈ ਪਰ ਪੰਜਾਬੀ ਵਿਚ (ਲੁਭਾਵਣਾ ਦੇ ਰੂਪ ਵਿਚ) ਕਰਮ ਕਰਤਾ ਨੂੰ ਲੁਭਾਉਂਦਾ ਹੈ। ਅੰਗਰੇਜ਼ੀ ਦਾ love ਇਕ ਹੋਰ ਸ਼ਬਦ ਦਾ ਵੀ ਜਨਮਦਾਤਾ ਬਣਿਆ, ਅਰਥਾਤ leave, ਜੋ ਦੇਖਣ ਨੂੰ ਬੜੀ ਅਣਹੋਣੀ ਗੱਲ ਜਾਪਦੀ ਹੈ। ਪਹਿਲਾਂ ਪਹਿਲਾਂ leave ਦੇ ਅਰਥ ਵਿਦਾ ਹੋਣ ਦੇ ਨਹੀਂ ਬਲਕਿ ਛੋਟ, ਖੁਲ੍ਹ ਦੇਣ ਦੇ ਅਰਥਾਂ ਵਜੋਂ ਆਏ ਜਿਵੇਂ ਜੇ ਕਹੀਏ, "I give you leave to…," ਮੈਂ ਤੈਨੂੰ …. ਕਰਨ ਦੀ ਖੁਲ੍ਹ ਦਿੰਦਾ ਹਾਂ। ਦੂਜੇ ਅਰਥਾਂ ਵਿਚ ਇਸ ਦਾ ਭਾਵ ਹੈ, ਮੈਂ ਤੈਨੂੰ ਪ੍ਰਵਾਨਗੀ ਦੇਂਦਾ ਹਾਂ, ਤੇਰਾ ਜਿਵੇਂ ਰਾਂਝਾ ਰਾਜ਼ੀ ਹੁੰਦਾ ਹੈ। ਸੋ ਏਥੇ leave ਦੇ ਭਾਵ love ਤੋਂ ਏਨੇ ਦੂਰ ਨਹੀਂ ਜਾਂਦੇ। ਇਹ leave ਸ਼ਬਦ ਹੀ belief ਵਿਚ ਵੀ ਝਾਕਦਾ ਹੈ। ਏਥੇ belief ਦਾ ਭਾਵ ਪ੍ਰਵਾਨਗੀ, ਸਵੀਕਾਰਤਾ, ਕਿਸੇ ਵਿਚ ਵਿਸ਼ਵਾਸ ਹੀ ਹੈ। ਪਿਆਰ ਤੇ ਵਿਸ਼ਵਾਸ ਆਪਸ ਵਿਚ ਘਣੇ ਰੂਪ ਵਿਚ ਜੁੜੇ ਹੋਏ ਭਾਵ ਹਨ। ਕੀਟਸ ਦੀ ਇਕ ਕਵਿਤਾ ਹੈ:

If thou didst ever anything believe,
Believe how I love thee.....

ਹੈਰਾਨੀ ਵਾਲੀ ਗੱਲ ਹੈ ਕਿ believe ਸ਼ਬਦ belief ਤੋਂ ਬਣਿਆ, ਨਾ ਕਿ belief believe ਤੋਂ। ਯੂਰਪ ਦੀਆਂ ਕਈ ਹੋਰ ਭਾਸ਼ਾਵਾਂ ਵਿਚ ਵੀ ਪਿਆਰ ਲਈ ਇਸੇ ਨਾਲ ਰਲਦੇ ਮਿਲਦੇ ਸ਼ਬਦ ਹਨ ਜਿਵੇਂ ਜਰਮਨ ਵਿਚ ਲੀਅਬ ਅਤੇ ਰੂਸੀ ਵਿਚ ਲੁਬੋਵ। ਅੰਗਰੇਜ਼ੀ love ਸ਼ਬਦ ਦਾ ਜ਼ਿਕਰ ਕਰਦਿਆਂ ਇਸ ਬਹਾਨੇ ਸਾਡੇ ਪੁਰਾਣੇ ਭਾਸ਼ਾ ਵਿਦਵਾਨਾਂ ਦੀ ਭਾਸ਼ਾਵਾਂ ਬਾਰੇ ਸਾਂਝ ਸਬੰਧੀ ਓਪਰੀ ਤੇ ਪੇਤਲੀ ਜਾਣਕਾਰੀ ਬਾਰੇ ਕੁਝ ਕਹਿਣ ਲਈ ਮਨ ਕਰ ਆਇਆ ਹੈ। ਭਾਈ ਕਾਹਨ ਸਿੰਘ ਆਪਣੇ ਮਹਾਨ ਕੋਸ਼ ਵਿਚ ਲਿਵ (ਪ੍ਰੀਤ) ਸ਼ਬਦ ਦੇ ਇੰਦਰਾਜ ਅਧੀਨ ਇਸ ਨੂੰ ਇਕ ਪਾਸੇ ਦਰੁਸਤ ਤੌਰ 'ਤੇ ਸੰਸਕ੍ਰਿਤ ਸ਼ਬਦ 'ਲਿਪਸਾ', ਜੋ ਇਕ ਹੋਰ ਧਾਤੂ ਲਭ ਨਾਲ ਜੁੜਿਆ ਹੋਇਆ ਹੈ, ਨਾਲ ਸਬੰਧਤ ਦਸਦੇ ਹਨ ਤੇ ਦੂਜੇ ਪਾਸੇ ਅੰਗਰੇਜ਼ੀ love ਨਾਲ, ਜਦ ਕਿ ਅੰਗਰੇਜ਼ੀ love ਅਤੇ ਲਿਪਸਾ ਦਾ ਆਪਸ ਵਿਚ ਕੋਈ ਸਬੰਧ ਨਹੀਂ। ਸਪਸ਼ਟ ਹੈ ਕਿ ਭਾਈ ਸਾਹਿਬ ਪੰਜਾਬੀ 'ਲਿਵ' ਅਤੇ ਅੰਗਰੇਜ਼ੀ 'ਲਵ' ਦੀ ਧੁਨੀ-ਸਮਾਨਤਾ ਦੇ ਪ੍ਰਲੋਭਨ ਵਿਚ ਆਏ ਇਨ੍ਹਾਂ ਨੂੰ ਸਬੰਧਤ ਦੱਸ ਰਹੇ ਹਨ।

ਪ੍ਰਾਚੀਨ ਰੋਮਨਾਂ ਕੋਲ ਇਕ ਅਗੇਤਰ ਹੁੰਦਾ ਸੀ 'ਸ'। ਇਹ ਅਗੇਤਰ ਕਿਸੇ ਸ਼ਬਦ ਦੇ ਅੱਗੇ ਲੱਗ ਕੇ ਉਸ ਦੇ ਅਰਥਾਂ ਵਿਚ ਸ਼ਕਤੀ ਭਰ ਦਿੰਦਾ ਸੀ। ਸੋ ਉਨ੍ਹਾਂ ਦੀ ਭਾਸ਼ਾ ਵਿਚ s-leubmeant ਦਾ ਅਰਥ ਹੈ ਦਬੱਲ ਕੇ ਪਿਆਰ ਕਰਨਾ। ਬਹੁਤ ਸਾਰੀਆਂ ਭਾਸ਼ਾਵਾਂ ਵਿਚ 'ਲ' ਧੁਨੀ 'ਨ' ਵਿਚ ਬਦਲ ਜਾਂਦੀ ਹੈ ਜਿਵੇਂ ਪੰਜਾਬੀ ਵਿਚ ਲੂਣ ਦਾ ਨੂਣ ਜਾਂ ਲੰਘਣਾ ਦਾ ਨੰਘਣਾ ਬਣ ਜਾਂਦਾ ਹੈ। ਲਾਤੀਨੀ/ਇਤਾਲਵੀ ਭਾਸ਼ਾ ਦੇ s-leub ਦਾ sneub ਵਿਚ ਪਲਟ ਜਾਣਾ ਵੀ ਏਹੀ ਵਰਤਾਰਾ ਹੈ। ਇਤਾਲਵੀ ਵਿਚ ਇਸ ਸ਼ਬਦ ਦਾ ਮਤਲਬ ਦਬੱਲ ਕੇ ਪਿਆਰ ਕਰਨਾ, ਵਿਆਹ ਕਰਨਾ ਹੈ! ਕੁਝ ਸਮੇਂ ਬਾਅਦ ਲਾਤੀਨੀ sneub 'ਚੋਂ 'ਸ' ਧੁਨੀ ਲੁੜਕ ਗਈ ਤੇ ਇਕ ਧਾਤੂ ਬਣ ਗਿਆ 'nub' ਜਿਸ ਤੋਂ ਅੱਗੇ ਹੋਰ ਸ਼ਬਦ ਬਣ ਗਏ, connubial ਤੇ nuptial, ਦੋਨਾਂ ਦੇ ਅਰਥ ਵਿਆਹ ਸਬੰਧੀ ਹੁੰਦੇ ਹਨ।

ਮਨੋਵਿਗਿਆਨੀਆਂ, ਖਾਸ ਤੌਰ 'ਤੇ ਫਰਾਇਡਵਾਦੀਆਂ ਦਾ ਇਕ ਬੁਨਿਆਦੀ ਸੰਕਲਪ ਹੈ libido, ਅਰਥਾਤ ਕਾਮ-ਸ਼ਕਤੀ। ਫਰਾਇਡਵਾਦੀਆਂ ਅਨੁਸਾਰ ਇਹ ਮਨੁਖੀ ਜੀਵਨ ਦਾ ਧੁਰਾ ਹੈ, ਇਕ ਤਰ੍ਹਾਂ ਨਾਲ ਸਾਡੇ ਜੀਵਨ ਦੀ ਚਾਲਕ ਸ਼ਕਤੀ। ਇਹ ਲਿਬਿਡੋ ਵੀ leubh ਧਾਤੂ ਤੋਂ ਹੀ ਵਿਕਸਿਤ ਹੋਇਆ ਹੈ। ਦਿਲਚਸਪ ਗੱਲ ਹੈ ਕਿ ਪੱਛਮ ਇਸ ਲਿਬਿਡੋ ਨੂੰ ਮਨੁਖ ਦੀ ਇਕ ਮੂਲ-ਰੁਚੀ ਮੰਨਦਾ ਹੋਇਆ ਇਸ ਦੀ ਮਹੱਤਤਾ ਸਵੀਕਾਰ ਕਰਦਾ ਹੈ ਜਦ ਕਿ ਪੂਰਬ ਨੇ ਇਸ ਨੂੰ ਪੰਜ ਵਿਕਾਰਾਂ ਵਿਚ ਰੱਖ ਕੇ ਇਸ ਦਾ ਦਮਨ ਕਰਨ 'ਤੇ ਜ਼ੋਰ ਦਿੱਤਾ ਹੈ।



## ਬਾਲੀਵੁੱਡ ਦਾ ਸਦਾਬਹਾਰ ਅਦਾਕਾਰ

# ਧਰਮਿੰਦਰ

ਧਰਮਿੰਦਰ ਦਾ ਨਾਂ ਸੁਣਦਿਆਂ ਹੀ ਬਾਲੀਵੁੱਡ ਦੀਆਂ ਉਹ ਅਣਗਿਣਤ ਫਿਲਮਾਂ ਅੱਖਾਂ ਮੂਹਰੇ ਘੁੰਮਣ ਲੱਗ ਜਾਂਦੀਆਂ ਹਨ ਜਿਨ੍ਹਾਂ ਵਿਚ ਧਰਮਿੰਦਰ ਨੇ ਆਪਣੇ ਜਾਨਦਾਰ ਅਭਿਨੈ ਨਾਲ ਪ੍ਰਸ਼ੰਸਕਾਂ ਦੇ ਦਿਲਾਂ 'ਤੇ ਅਮਿੱਟ ਛਾਪ ਛੱਡੀ ਹੈ। ਉਹ ਪੰਜਾਬੀਆਂ ਦਾ 'ਡਰੀਮ ਹੀਰੋ' ਹੈ ਤੇ ਫਿਲਮਾਂ ਰਾਹੀਂ ਉਸ ਦੀ 'ਐਂਗਰੀ ਯੰਗ ਮੈਨ' ਵਾਲੀ ਦਿੱਖ ਕਾਰਨ ਉਸ ਨੂੰ 'ਹੀ ਮੈਨ' ਕਹਿ ਕੇ ਪੁਕਾਰਿਆ ਜਾਂਦਾ ਹੈ। ਉਮਰ ਦੇ 76ਵੇਂ ਵਰ੍ਹੇ ਵਿਚ ਵੀ ਫਿਲਮੀ ਸਫਰ ਬਰਕਰਾਰ ਰੱਖਣ ਕਾਰਨ ਧਰਮਿੰਦਰ ਸਦਾਬਹਾਰ ਹੀਰੋ ਬਣਿਆ ਹੋਇਆ ਹੈ। 1960 ਵਿਚ ਆਪਣੀ ਪਹਿਲੀ ਫਿਲਮ 'ਦਿਲ ਭੀ ਤੇਰਾ ਹਮ ਭੀ ਤੇਰੇ' ਨਾਲ ਫਿਲਮੀ ਦੁਨੀਆਂ ਵਿਚ ਕਦਮ ਰੱਖਣ ਵਾਲੇ ਧਰਮਿੰਦਰ ਨੇ ਇਸ ਸਾਲ (2011) 'ਯਮਲਾ ਪਗਲਾ ਦੀਵਾਨਾ' ਵਿਚ ਕੰਮ ਕਰ ਕੇ ਫਿਲਮੀ ਸਫ਼ਰ ਦੀ ਗੋਲਡਨ ਜੁਬਲੀ ਮਨਾਈ।

ਧਰਮਿੰਦਰ ਨੇ ਤਕਰੀਬਨ 300 ਫਿਲਮਾਂ ਵਿਚ ਕੰਮ ਕੀਤਾ ਤੇ 'ਸ਼ੋਲੇ' 'ਦੋਸਤ', 'ਜੁਗਨੂੰ', 'ਆਖੇਂ', 'ਚਰਸ', 'ਰਾਜਾ ਜਾਨੀ', 'ਸੀਤਾ ਔਰ ਗੀਤਾ', 'ਪ੍ਰਤਿੱਗਿਆ', 'ਦਾ ਬਰਨਿੰਗ ਟਰੇਨ', 'ਵਤਨ ਕੇ ਰਖਵਾਲੇ' ਤੇ 'ਹਕੂਮਤ' ਜਿਹੀਆਂ ਹਿੱਟ ਫਿਲਮਾਂ ਦਿੱਤੀਆਂ। ਬਤੌਰ ਨਿਰਮਾਤਾ ਉਸ ਨੇ ਆਪਣੇ ਦੋਵੇਂ ਪੁੱਤਰਾਂ ਸੰਨੀ ਦਿਓਲ ਨੂੰ 'ਬੇਤਾਬ' ਤੇ ਬੌਬੀ ਦਿਓਲ ਨੂੰ 'ਬਰਸਾਤ' ਤੇ ਭਤੀਜੇ ਅਭੈ ਦਿਓਲ ਨੂੰ 'ਸੋਚਾ ਨਾ ਥਾ' ਰਾਹੀਂ ਅਦਾਕਾਰੀ ਦੇ ਸਫਰ 'ਤੇ ਤੋਰਿਆ।

8 ਦਸੰਬਰ, 1935 ਨੂੰ ਕੇਵਲ ਕ੍ਰਿਸ਼ਨ ਸਿੰਘ ਦੇ ਘਰ ਮਾਤਾ ਸਤਵੰਤ ਕੌਰ ਦੇ ਕੁੱਖੋਂ ਜਨਮੇ ਧਰਮਿੰਦਰ ਲਈ ਕਿਸੇ ਵੇਲੇ ਸਿਨੇਮੇ ਵਿਚ ਫਿਲਮ ਦੇਖਣਾ ਹੀ ਸਭ ਤੋਂ ਵੱਡਾ ਸੁਪਨਾ ਸੀ। ਇਕ ਵਾਰ ਉਸ ਨੂੰ ਜਲੰਧਰ ਦੇ ਮੋਤੀ ਸਿਨੇਮਾ ਵਿਚ ਫਿਲਮ ਦੇਖਣ ਬਦਲੇ ਬੱਸ ਦੇ ਕੰਡਕਟਰ ਦੀਆਂ ਗਾਲ਼ਾਂ ਵੀ ਖਾਣੀਆਂ ਪਈਆਂ ਸਨ। ਫਿਲਮੀ ਦੁਨੀਆਂ ਵਿਚ ਕਾਮਯਾਬ ਹੋਣ ਦੇ ਸੁਪਨੇ ਦਿਲ ਵਿਚ ਲੈ ਕੇ ਬੰਬਈ (ਹੁਣ ਮੁੰਬਈ) ਪਹੁੰਚਣ ਵਾਲੇ ਲੋਕਾਂ ਵਿਚੋਂ ਧਰਮਿੰਦਰ ਸਿੰਘ ਦਿਓਲ ਵੀ ਇਕ ਸੀ ਜਿਹੜਾ ਬਾਅਦ ਵਿਚ ਫਿਲਮੀ ਜਗਤ ਵਿਚ ਧਰਮੇਂਦਰ ਦੇ ਨਾਂ ਨਾਲ ਛਾ ਗਿਆ। ਧਰਮਿੰਦਰ ਦਾ ਪੂਰਾ ਨਾਂ ਕੰਵਰ ਧਰਮਿੰਦਰ ਸਿੰਘ ਸੀ ਪਰ ਉਸ ਦੀ ਧਾਂਕ 'ਧਰਮ ਭਾਅ ਜੀ' ਦੇ ਨਾਂ ਨਾਲ ਜੰਮੀ।

ਬਾਲੀਵੁੱਡ ਵਿਚ ਧਰਮਿੰਦਰ ਨੂੰ ਆਪਣੀ 11ਵੀਂ ਫਿਲਮ 'ਆਈ ਮਿਲਨ ਕੀ ਬੇਲਾ' ਨਾਲ ਪਛਾਣ ਮਿਲੀ ਜਿਹੜੀ 1964 ਵਿਚ ਆਈ ਸੀ। ਧਰਮਿੰਦਰ ਨੂੰ ਇਸ ਫਿਲਮ ਬਦਲੇ ਸਹਾਇਕ ਹੀਰੋ ਲਈ 'ਫਿਲਮ ਫੇਅਰ ਐਵਾਰਡ' ਵੀ ਮਿਲਿਆ। ਧਰਮਿੰਦਰ ਦਾ ਸੰਘਰਸ਼ ਹਾਲੇ ਵੀ ਜਾਰੀ ਸੀ। ਪਹਿਲਾਂ ਸਹਾਨੇਵਾਲ ਤੋਂ ਮੁੰਬਈ ਤੱਕ ਪਹੁੰਚਣ, ਫੇਰ ਫਿਲਮਾਂ ਵਿਚ ਕੰਮ ਕਰਨ ਲਈ ਤੇ ਆਖਰ ਹਿੱਟ ਫਿਲਮ ਦੇਣ ਲਈ ਉਸ ਨੂੰ ਹੋਰ ਇੰਤਜ਼ਾਰ ਕਰਨਾ ਪਿਆ। ਧਰਮਿੰਦਰ ਦਾ ਕਹਿਣਾ ਹੈ ਕਿ 1966 ਵਿਚ ਮੀਨਾ ਕੁਮਾਰੀ ਨਾਲ ਆਈ ਫਿਲਮ 'ਫੂਲ ਔਰ ਪੱਥਰ' ਨੇ ਉਸ ਦੀ ਜ਼ਿੰਦਗੀ ਬਦਲ ਦਿੱਤੀ। ਇਸ ਫਿਲਮ ਨੇ ਜਿੱਥੇ ਸਫਲਤਾ ਦੇ ਝੰਡੇ ਗੱਡੇ, ਉਥੇ ਉਸ ਨੂੰ ਬਿਹਤਰੀਨ ਹੀਰੋ ਲਈ 'ਫਿਲਮ ਫੇਅਰ ਐਵਾਰਡ' ਮਿਲਿਆ।

ਮਹਾਰਾਸ਼ਟਰ ਤੇ ਪੰਜਾਬ ਦੇ ਲੋਕਾਂ ਵੱਲੋਂ ਮਿਲੇ ਪਿਆਰ ਨੂੰ ਧਰਮਿੰਦਰ ਆਪਣੀ ਜ਼ਿੰਦਗੀ ਦਾ ਸਭ ਤੋਂ ਵੱਡਾ ਸਨਮਾਨ ਦੱਸਦਾ ਹੈ। ਉਸ ਨੂੰ ਇਹ ਗਿਲਾ ਨਹੀਂ ਕਿ ਹਾਲੇ ਤੱਕ ਉਸ ਨੂੰ ਕੋਈ ਪਦਮ ਪੁਰਸਕਾਰ ਨਹੀਂ ਮਿਲਿਆ ਕਿਉਂਕਿ ਉਸ ਲਈ ਪ੍ਰਸ਼ੰਸਕਾਂ ਦਾ ਪਿਆਰ ਹੀ ਸਭ ਤੋਂ ਵੱਡਾ ਸਨਮਾਨ ਹੈ। ਬੀਕਾਨੇਰ ਤੋਂ ਇਕ ਵਾਰ ਭਾਜਪਾ ਦੇ ਸੰਸਦ ਮੈਂਬਰ ਰਹਿਣ ਤੋਂ ਬਾਅਦ ਉਸ ਨੇ ਸਿਆਸਤ ਬਿਲਕੁਲ ਹੀ ਛੱਡ ਦਿੱਤੀ ਤੇ ਇਸ ਬਾਰੇ ਉਹ ਕਹਿੰਦਾ ਹੈ ਕਿ ਇਕੋ ਵੇਲੇ ਫਿਲਮਾਂ ਅਤੇ ਸਿਆਸਤ ਕਰਨਾ ਮੁਸ਼ਕਲ ਹਨ। ਧਰਮਿੰਦਰ ਮਜ਼ਾਹੀਆ ਲਹਿਜ਼ੇ ਵਾਲਾ ਇਨਸਾਨ ਹੈ। ਧਰਮਿੰਦਰ ਮੁੰਬਈ ਰਹਿੰਦਾ ਹੋਇਆ ਵੀ ਫਾਰਮ ਹਾਊਸ ਵਿਚ ਮੱਝਾਂ ਰੱਖਦਾ ਹੈ ਤੇ ਇੱਥੇ ਖੇਤੀਬਾੜੀ ਦਾ ਹਰ ਰਵਾਇਤੀ ਸੰਦ ਤੇ ਖੂਹ ਵੀ ਮੌਜੂਦ ਹੈ। ਧਰਮਿੰਦਰ ਦਾ ਇਕੋ ਮੂਲ ਮੰਤਰ ਹੈ 'ਜੇ ਚੰਗਾ ਸਰੀਰ ਹੈ ਤਾਂ ਸਭ ਕੁਝ ਹੈ, ਜੇ ਸਰੀਰ ਚੰਗਾ ਨਹੀਂ ਤਾਂ ਕੁਝ ਵੀ ਨਹੀਂ।'

ਧਰਮਿੰਦਰ ਦੀ ਪਸੰਦੀਦਾ ਹੀਰੋਇਨ ਹੇਮਾ ਮਾਲਿਨੀ ਹੈ। ਇਸ ਤੋਂ ਇਲਾਵਾ ਮੀਨਾ ਕੁਮਾਰੀ, ਮਾਲਾ ਸਿਨਹਾ ਤੇ ਜੈਪ੍ਰਦਾ ਵੀ ਉਸ ਦੀਆਂ ਪਸੰਦੀਦਾ ਸਹਾਇਕ ਹੀਰੋਇਨ ਹਨ। 1997 ਵਿਚ ਫਿਲਮ ਫੇਅਰ ਪਾਸੋਂ 'ਲਾਈਫ ਟਾਈਮ ਅਚੀਵਮੈਂਟ ਐਵਾਰਡ' ਹਾਸਲ ਕਰਨ ਵਾਲੇ ਧਰਮਿੰਦਰ ਨੂੰ ਇਸ ਗੱਲ ਦਾ ਵੀ ਮਾਣ ਹੈ ਕਿ ਜਿਨ੍ਹਾਂ ਹੀਰੋਇਨਾਂ (ਸ੍ਰੀਦੇਵੀ, ਜੈਪ੍ਰਦਾ, ਡਿੰਪਲ ਕਪਾਡੀਆ, ਅੰਮ੍ਰਿਤਾ ਸਿੰਘ, ਕਿਮੀ ਕਾਟਕਰ ਤੇ ਪੂਨਮ ਢਿੱਲੋਂ) ਨਾਲ ਉਸ ਨੇ ਫਿਲਮਾਂ ਕੀਤੀਆਂ, ਉਹੋ ਉਸ ਦੇ ਵੱਡੇ ਪੁੱਤਰ ਸੰਨੀ ਦਿਓਲ ਦੀਆਂ ਹੀਰੋਇਨ ਵੀ ਰਹੀਆਂ।

# ਅਦਾਕਾਰੀ ਬਣਿਆ ਕੁਲਰਾਜ ਦਾ ਜਨੂੰਨ



ਛੇਤੀ ਆਤਮ-ਨਿਰਭਰ ਬਣਨ ਦਾ ਸੁਪਨਾ ਪੂਰਾ ਕਰਨ ਲਈ ਕੁਲਰਾਜ ਰੰਧਾਵਾ ਨੇ ਛੋਟੀ ਉਮਰ 'ਚ ਹੀ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਉਸ ਵੇਲੇ ਅਦਾਕਾਰੀ ਉਸ ਦਾ ਸ਼ੌਕ ਸੀ ਪਰ ਹੁਣ ਇਹ ਉਸ ਦਾ ਜਨੂੰਨ ਬਣ ਗਿਆ ਹੈ। ਟੀ. ਵੀ. ਦੇ ਲੜੀਵਾਰ 'ਕਰੀਨਾ-ਕਰੀਨਾ' 'ਚ ਉਹ ਪਹਿਲੀ ਵਾਰ ਨਜ਼ਰ ਆਈ। ਇਹ ਲੜੀਵਾਰ ਖਤਮ ਹੁੰਦਿਆਂ ਹੀ ਉਸ ਨੇ ਪੰਜਾਬੀ ਫ਼ਿਲਮਾਂ ਵੱਲ ਮੂੰਹ ਕਰ ਲਿਆ ਤੇ 'ਜੰਨਤ' ਤੇ 'ਤੇਰਾ ਮੇਰਾ ਕੀ ਰਿਸ਼ਤਾ' ਵਰਗੀਆਂ ਦੋ ਫ਼ਿਲਮਾਂ ਕੀਤੀਆਂ। ਸਮੀਰ ਕਾਰਣਿਕ ਵਲੋਂ ਹੁਣੇ ਜਿਹੇ ਨਿਰਦੇਸ਼ਿਤ ਫ਼ਿਲਮ 'ਯਮਲਾ ਪਗਲਾ ਦੀਵਾਨਾ' 'ਚ ਬੌਬੀ ਦਿਓਲ ਦੇ ਆਪੋਜ਼ਿਟ ਉਸ ਦਾ ਕੰਮ ਸਰਾਹਿਆ ਗਿਆ। ਫ਼ਿਲਮ 'ਚ ਉਸ ਦੇ ਕਿਰਦਾਰ ਦਾ ਨਾਂ ਸੀ ਸਾਹਿਬਾ ਤੇ ਕੁਲਰਾਜ ਦਾ ਕਹਿਣੈ ਕਿ ਅਸਲ ਜ਼ਿੰਦਗੀ 'ਚ ਵੀ ਉਹ ਸਾਹਿਬਾ ਵਰਗੀ ਹੀ ਹੈ। ਉਸ ਦਾ ਕਹਿਣੈ ਕਿ ਉਸ ਦਾ ਕਿਰਦਾਰ ਕਾਫੀ ਦਮਦਾਰ ਸੀ ਪਰ ਉਸ ਦਾ ਇਕ ਕੋਮਲ ਪੱਖ ਵੀ ਸੀ। ਫ਼ਿਲਮ 'ਚ ਕਾਮੇਡੀ, ਮਸਾਲਾ, ਰੋਮਾਂਸ, ਐਕਸ਼ਨ ਸਭ ਕੁਝ ਸੀ ਤੇ ਇਹ ਪੂਰੀ ਤਰ੍ਹਾਂ ਕਮਰਸ਼ੀਅਲ ਸੀ। ਉਹ ਖੁਸ਼ ਹੈ ਕਿ ਇਸ 'ਚ ਉਸ ਨੂੰ ਸਿਰਫ ਖੜ੍ਹੀ ਹੋ ਕੇ ਹੱਸਣ ਦਾ ਨਹੀਂ, ਪੇਸ਼ਕਾਰੀ ਕਰਨ ਦਾ ਵੀ ਮੌਕਾ ਮਿਲਿਆ। ਇੰਨਾ ਹੀ ਨਹੀਂ ਕੁਲਰਾਜ ਇਕੋ ਵੇਲੇ ਇਨ੍ਹਾਂ ਤਿੰਨਾਂ ਨਾਲ ਕੰਮ ਕਰਨ ਦਾ ਮੌਕਾ ਹਾਸਲ ਕਰਕੇ ਵੀ ਖੁਸ਼ ਹੈ।

# ਕਾਜੋਲ ਲਈ ਸਭ ਤੋਂ ਪਹਿਲਾਂ ਪਰਿਵਾਰ



ਦੇਵਗਨ ਪਰਿਵਾਰ ਦੀ ਨੂੰਹ ਕਾਜੋਲ ਫ਼ਿਲਮਾਂ 'ਚ ਅਭਿਨੈ ਕਰਨ ਤੋਂ ਛੁੱਟੀ ਲੈ ਚੁੱਕੀ ਹੈ ਕਿਉਂਕਿ ਉਹ ਨਵ-ਜਨਮੇ ਬੇਟੇ ਯੁੱਗ ਦੀ ਸੰਭਾਲ 'ਚ ਲੱਗੀ ਹੈ। ਕਾਜੋਲ ਦੀ ਇਕ ਬੇਟੀ ਨਿਆਸਾ ਵੀ ਹੈ ਜੋ ਸਕੂਲ ਪੜ੍ਹਦੀ ਹੈ। 36 ਸਾਲਾ ਕਾਜੋਲ ਬੇਟੇ ਯੁੱਗ ਦੀ ਸੰਭਾਲ ਦੇ ਨਾਲ-ਨਾਲ ਅਜੇ ਦੇਵਗਨ ਦੀਆਂ ਫ਼ਿਲਮਾਂ, ਪ੍ਰੋਡਕਸ਼ਨ ਦਾ ਕੰਮ ਵੀ ਦੇਖ ਰਹੀ ਹੈ ਜੋ ਵਿਦੇਸ਼ੀ ਫ਼ਿਲਮਾਂ ਹਨ।

ਅਜੇ ਦੇਵਗਨ ਦੀ ਪ੍ਰੋਡਕਸ਼ਨ ਅੱਜ ਕਲ੍ਹ ਵਿਦੇਸ਼ੀ ਫ਼ਿਲਮਾਂ ਦਾ ਵੀ ਨਿਰਮਾਣ ਕਰਨ ਲੱਗੀ ਹੈ ਜਿਸ ਦੀ ਕਮਾਂਡ ਅਜੇ ਦੇ ਸਕੱਤਰ ਕੁਮਾਰ ਮਾਂਗਟ ਕੋਲ ਹੈ। ਕਾਜੋਲ ਆਪਣੇ ਬੇਟੇ ਨੂੰ ਬਹੁਤ ਕਿਸਮਤ ਵਾਲਾ ਸਮਝਦੀ ਹੈ ਜਿਸ ਦੀ ਆਮਦ 'ਤੇ ਕਈ ਫ਼ਿਲਮਾਂ ਮਿਲੀਆਂ ਹਨ। ਕਾਜੋਲ ਦਾ ਪੂਰਾ ਖਾਨਦਾਨ ਫ਼ਿਲਮੀ ਹੈ। ਪਿਤਾ ਸ਼ੋਮੂ ਮੁਖਰਜੀ, ਮੰਮੀ ਤਨੂਜਾ, ਮਾਸੀ ਨੂਤਨ, ਦਾਦੀ ਰਤਨ ਬਾਈ, ਅਸ਼ੋਕ ਕੁਮਾਰ, ਕਿਸ਼ੋਰ ਕੁਮਾਰ, ਜੋਆਏ ਮੁਖਰਜੀ ਤੇ ਰਾਣੀ ਮੁਖਰਜੀ ਕਾਜੋਲ ਦੇ ਰਿਸ਼ਤੇਦਾਰ ਹਨ। ਨਾਨੀ ਸ਼ੋਭਨਾ ਸਾਮਰਥ ਨੇ ਸਦਾਬਹਾਰ ਫ਼ਿਲਮਾਂ ਦੇ ਕੇ ਇਤਿਹਾਸ ਰਚਿਆ ਹੈ।

1992 ਵਿਚ ਬੇਖੁਦੀ ਤੋਂ ਫ਼ਿਲਮੀ ਕੈਰੀਅਰ ਸ਼ੁਰੂ ਕਰਨ ਵਾਲੀ ਕਾਜੋਲ ਦੀ ਝੋਲੀ 'ਚ ਕਈ ਹਿਟ ਫ਼ਿਲਮਾਂ ਹਨ ਜਿਨ੍ਹਾਂ ਤੋਂ ਢੇਰ ਸਾਰੇ ਦੇਸੀ ਤੇ ਵਿਦੇਸ਼ੀ ਇਨਾਮ ਵੀ ਮਿਲੇ ਹਨ। 'ਪਿਆਰ ਕੀਆ ਤੋ ਡਰਨਾ ਕਯਾ', 'ਦੁਸ਼ਮਣੀ', 'ਦਿਲਵਾਲੇ ਦੁਲਹਨੀਆਂ ਲੇ ਜਾਏਂਗੇ', 'ਪਿਆਰ ਤੋ ਹੋਨਾ ਹੀ ਥਾ', 'ਕਭੀ ਖੁਸ਼ੀ ਕਭੀ ਗਮ', 'ਮਾਈ ਨੇਮ ਇਜ਼ ਖਾਨ', 'ਕੁਛ ਕੁਛ ਹੋਤਾ ਹੈ' ਦੇ ਇਲਾਵਾ ਹੋਰ ਵੀ ਕਈ ਫ਼ਿਲਮਾਂ ਹਨ, ਜਿਨ੍ਹਾਂ ਨੂੰ ਵਿਦੇਸ਼ਾਂ 'ਚ ਵੀ ਪਸੰਦ ਕੀਤਾ ਗਿਆ। ਕੁਝ ਸਾਲਾਂ ਬਾਅਦ ਕਾਜੋਲ ਆਮਿਰ ਖਾਨ, ਸਲਮਾਨ ਖਾਨ ਤੇ ਪਤੀ ਅਜੇ ਦੇਵਗਨ ਨਾਲ ਕਈ ਫ਼ਿਲਮਾਂ 'ਚ ਨਜ਼ਰ ਆਏਗੀ, ਜਿਨ੍ਹਾਂ ਦੀਆਂ ਕਹਾਣੀਆਂ 'ਤੇ ਕੰਮ ਕੀਤਾ ਜਾ ਰਿਹਾ ਹੈ। ਦੱਖਣ ਦੀ ਇਕ ਅਧੂਰੀ ਫ਼ਿਲਮ ਤਾਂ ਉਹ ਬੀਤੇ ਦਿਨੀਂ ਮੁਕੰਮਲ ਕਰਕੇ ਹਟੀ ਹੈ।


HOT
HD-7001VP
IR Dome Camera
New Generation CCTV Solution
SONY Effio-E DSP @700 TVL
HD-7002VP
Vandalproof Dome Camera
ULTRA HIGH RESOLUTION
· Sony Ex-View HAD CCD II
· Built-in Vari-focal Lens
· Indoor/Outdoor Applications
BuyOnlineNow
www.EzChase.com
5% OFF
Spring Promotion
ADVANCED PACKAGE
8 Cameras + 8CH DVR
CCTV
PRO PACKAGE
4 Cameras + 4CH DVR
BEST DEAL!
ONE STOP SHOP FOR CCTV EQUIPMENTS TO PROTECT YOUR HOME & BUSINESS
· We sell less price but make your security priceless.
· We only provide high quality at economy price.
· Two year Warranty on our products.
Customer Service: 1-800-235-1391


ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25
2000
MINUTES*
* SOME RESTRICTIONS APPLY
✓ No Pin Needed
✓ No Connection Fee
✓ No Monthly Fee
USE FROM HOME OR CELL PHONE
GlobeTel Comm.
ਇਹ ਸਰਵਿਸ ਹਰ ਦੇਸ਼ ਲਈ ਵਰਤੋ।
ਪੰਜਾਬੀ, ਹਿੰਦੀ ਜਾਂ ਅੰਗਰੇਜ਼ੀ ਵਿਚ ਹੋਰ ਜਾਣਕਾਰੀ ਲਈ ਕਾਲ ਕਰੋ:
1.800.914.1013


WRONGFUL DEATH | AUTO | PEDESTRIAN | BICYCLE | DOG BITES | TRUCK ACCIDENTS
LAW OFFICES OF MARK COHEN
ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ, ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ
"I take your accident personally"
Free initial consultation. No fee if no recovery.
ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ
Please visit our web site for more information
www. markcohenlaw.com or call us at 510.792.4008
ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"
STOP

ੴ ਸਤਿਗੁਰ ਪ੍ਰਸਾਦਿ

ਦੇਗ ਤੇਗ ਫਤਿਹ

ਸੰਗਤੇ ਅਬਾਦ ਰਹੈਂ, ਆਵਤੈ ਪ੍ਰਸ਼ਾਦਿ ਰਹੈਂ, ਬੁੰਗੇ ਝਲਾ ਝਲ ਰਹੈਂ ਪੂਰੇ ਉਤਸ਼ਾਹ ਕੇ॥
ਲਾਗਤੇ ਦੀਵਾਨ ਰਹੈਂ, ਗਾਵਤੇ ਸੁਜਾਨ ਰਹੈਂ, ਝੂਲਤੇ ਨਿਸ਼ਾਨ ਰਹੈਂ ਸਾਚੇ ਪਾਤਸ਼ਾਹ ਕੇ॥

ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਸੈਨ ਹੋਜ਼ੇ (ਕੈਲੀਫੋਰਨੀਆ)

## ਨਵੀਂ ਇਮਾਰਤ ਦਾ ਉਦਘਾਟਨ 10 ਅਪਰੈਲ ਨੂੰ



ਫੋਟੋ:ਮੀਕਾ ਸਟੂਡੀਓ

ਗੁਰੂ ਪਿਆਰੀ ਸਾਧ ਸੰਗਤ ਜੀ,
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਆਪ ਸਭ ਨੂੰ ਜਾਣ ਕੇ ਬਹੁਤ ਖੁਸ਼ੀ ਹੋਵੇਗੀ ਕਿ ਵਾਹਿਗੁਰੂ ਦੀ ਅਪਾਰ ਕਿਰਪਾ ਅਤੇ ਆਪ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਦੀ ਨਵੀਂ ਖੂਬਸੂਰਤ ਇਮਾਰਤ ਮੁਕੰਮਲ ਹੋ ਚੁੱਕੀ ਹੈ ਅਤੇ ਹੁਣ ਉਸ ਦੀਆਂ ਇੰਸਪੈਕਸ਼ਨਾਂ ਹੋ ਰਹੀਆਂ ਹਨ। 10 ਅਪਰੈਲ 2011 ਐਤਵਾਰ ਵਾਲੇ ਦਿਨ ਪੰਜ ਪਿਆਰਿਆਂ ਦੀ ਅਗਵਾਈ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪਾਲਕੀ ਵਿਚ ਸਜਾ ਕੇ ਸੰਗਤ ਵਲੋਂ ਨਗਰ ਕੀਰਤਨ ਦੇ ਰੂਪ 'ਚ ਨਵੀਂ ਇਮਾਰਤ ਦੀ ਪਰਿਕਰਮਾ ਕਰਨ ਤੋਂ ਬਾਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਨਵੀਂ ਇਮਾਰਤ ਵਿਚ ਕੀਤਾ ਜਾਵੇਗਾ।

ਸਮੂਹ ਸੰਗਤਾਂ ਨੂੰ ਇਸ ਸ਼ੁੱਭ ਮੌਕੇ ਪਹੁੰਚਣ ਅਤੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰਨ ਦੀ ਬੇਨਤੀ ਹੈ ਜੀ। ਸਿੱਖ ਜਥੇਬੰਦੀਆਂ ਅਤੇ ਗੁਰੂ ਘਰਾਂ ਦੀਆਂ ਕਮੇਟੀਆਂ ਨੂੰ ਇਸ ਅਵਸਰ 'ਤੇ ਪਹੁੰਚਣ ਲਈ ਸੰਦੇਸ਼ ਭੇਜੇ ਜਾ ਰਹੇ ਹਨ। ਨਵੀਂ ਇਮਾਰਤ ਵਿਚ ਗੁਰੂ ਮਹਾਰਾਜ ਦੇ ਪ੍ਰਥਮ ਪ੍ਰਕਾਸ਼ ਸਬੰਧੀ ਉਚੇਚੇ ਪ੍ਰਬੰਧ ਕੀਤੇ ਜਾ ਰਹੇ ਹਨ। ਗੁਰੂ ਘਰ ਵਲੋਂ ਇਸ ਪਾਵਨ ਮੌਕੇ ਅਪਰੈਲ ਦਾ ਸਾਰਾ ਮਹੀਨਾ ਵਿਸ਼ੇਸ਼ ਕੀਰਤਨ ਦਰਬਾਰ ਕਰਵਾਏ ਜਾਣਗੇ ਜਿਸ ਵਿਚ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਸਾਬਕਾ ਹਜ਼ੂਰੀ ਕੀਰਤਨੀ ਜਥੇ, ਬੰਗਲਾ ਸਾਹਿਬ ਦਿੱਲੀ ਤੋਂ ਕੀਰਤਨੀ ਜਥੇ ਅਤੇ ਕਥਾਵਾਚਕ ਹਾਜ਼ਰੀਆਂ ਭਰਨਗੇ। ਗੁਰੂ ਘਰ ਦੀ ਸੰਗਤ ਵਲੋਂ ਲੜੀਵਾਰ ਅਖੰਡ ਪਾਠ ਸਾਹਿਬ ਪਹਿਲੀ ਤੋਂ 30 ਅਪਰੈਲ ਤੱਕ ਹੋਣਗੇ।

ਪੰਜਾਬ ਤੋਂ ਬਾਹਰ ਕੈਲੀਫੋਰਨੀਆ ਦੇ ਸ਼ਹਿਰ ਸੈਨ ਹੋਜ਼ੇ ਦੀਆਂ ਖੂਬਸੂਰਤ ਪਹਾੜੀਆਂ 'ਤੇ 40 ਏਕੜ ਦੇ ਰਕਬੇ ਵਿਚ ਸੁਸ਼ੋਭਿਤ ਗੁਰਦੁਆਰਾ ਸੈਨ ਹੋਜ਼ੇ ਦੁਨੀਆਂ ਭਰ 'ਚ ਇੱਕ ਬਹੁਤ ਵੱਡੇ ਆਕਾਰ ਵਾਲਾ ਗੁਰੂ ਘਰ ਮੰਨਿਆ ਜਾ ਰਿਹਾ ਹੈ ਜਿਸ ਵਿਚ 140 ਜਰਬ 150 ਫੁੱਟ ਦਰਬਾਰ ਹਾਲ, 150 ਜਰਬ 100 ਫੁੱਟ ਲੰਗਰ ਹਾਲ, ਦੋ ਬਹੁਤ ਵੱਡੀਆਂ ਰਸੋਈਆਂ, ਕੂਲਰ ਰੂਮ, ਰਸਦ ਰੱਖਣ ਲਈ 4 ਕਮਰੇ, ਭਾਂਡੇ ਧੋਣ ਵਾਲੀ ਮਸ਼ੀਨ, ਰੋਟੀ ਬਣਾਉਣ ਵਾਲੀ ਮਸ਼ੀਨ, ਹੈਡ ਗ੍ਰੰਥੀ ਅਤੇ ਸਹਾਇਕ ਗ੍ਰੰਥੀ ਲਈ 2 ਤਿੰਨ ਤਿੰਨ ਬੈਡਰੂਮ ਦੇ ਘਰ, ਕੀਰਤਨੀ ਜਥਿਆਂ ਦੀ ਰਿਹਾਇਸ਼ ਲਈ 6 ਕਮਰੇ, ਯਾਤਰੂਆਂ ਦੀ ਰਿਹਾਇਸ਼ ਲਈ 2 ਕਮਰੇ, ਆਮ ਵਰਤੋਂ ਲਈ 3 ਕਮਰੇ, ਵਿਆਹ/ਸ਼ਾਦੀ ਸਮੇਂ ਲੜਕੀ/ਲੜਕੇ ਦੇ ਤਿਆਰ ਹੋਣ ਲਈ 2 ਕਮਰੇ, ਖਾਲਸਾ ਸਕੂਲ ਲਈ 11 ਕਮਰੇ ਅਤੇ 2 ਦਫਤਰ, ਲਾਇਬਰੇਰੀ ਅਤੇ ਕਮੇਟੀ ਲਈ ਕਮਰੇ ਅਤੇ ਮੀਟਿੰਗ ਰੂਮ ਵਗੈਰਾ ਤਿਆਰ ਹੋ ਰਹੇ ਹਨ।

ਦੁਨੀਆਂ ਭਰ 'ਚ ਇਹ ਪਹਿਲਾ ਗੁਰੂ ਘਰ ਹੈ ਜਿਸ ਨੂੰ ਗਰੀਨ ਗੁਰਦੁਆਰਾ ਸਾਹਿਬ ਦਾ ਦਰਜਾ ਪ੍ਰਾਪਤ ਹੈ ਜਿਸ ਵਿਚ ਸਾਰੀ ਵਰਤੋਂ ਲਈ ਬਿਜਲੀ ਸੋਲਰ ਪੈਨਲ ਨਾਲ ਤਿਆਰ ਕਰਨ ਅਤੇ ਲੰਗਰ ਵਾਸਤੇ ਸਟੀਲ ਦੇ ਬਰਤਨ ਦਾ ਇੰਤਜ਼ਾਮ ਕੀਤਾ ਗਿਆ ਹੈ।

ਨਵੀਂ ਖੂਬਸੂਰਤ ਇਮਾਰਤ ਨੂੰ ਦੇਖ ਕੇ ਸੰਗਤਾਂ ਵਿਚ ਬਹੁਤ ਉਤਸ਼ਾਹ ਹੈ। ਹਰ ਸਨਿਚਰਵਾਰ ਸੰਗਤਾਂ ਹੁੰਮ ਹੁਮਾ ਕੇ ਕਾਰ ਸੇਵਾ ਕਰਦੀਆਂ ਹਨ।

ਲੰਘੇ ਐਤਵਾਰ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਣਾ ਦੇ ਸਾਬਕਾ ਵਿਦਿਆਰਥੀਆਂ ਦੀ ਸੰਸਥਾ ਜੈਨਕੋ ਦੇ ਕੁੱਝ ਉਘੇ ਮੈਂਬਰਾਂ ਨੇ ਇਸ ਨਵੇਂ ਗੁਰੂ ਘਰ ਦੇ ਦਰਸ਼ਨ ਕੀਤੇ ਅਤੇ ਬਹੁਤ ਪ੍ਰਭਾਵਤ ਹੋਏ। ਉਨ੍ਹਾਂ ਰੋਟੀ ਬਣਾਉਣ ਵਾਲੀ ਮਸ਼ੀਨ ਦਾ 51 ਹਜ਼ਾਰ ਡਾਲਰ ਅਤੇ ਖਾਲਸਾ ਸਕੂਲ ਦੇ ਇੱਕ ਕਮਰੇ ਦਾ 51 ਹਜ਼ਾਰ ਡਾਲਰ ਗੁਰੂ ਘਰ ਨੂੰ ਦੇਣ ਦਾ ਪ੍ਰਣ ਕੀਤਾ। ਇਸੇ ਤਰ੍ਹਾਂ ਲੰਘੇ ਐਤਵਾਰ ਸਾਡਾ ਚੈਨਲ ਟੀ ਵੀ ਦੇ ਸਿੱਧੂ ਦਮਦਮੀ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਆਏ ਤਾਂ ਉਨ੍ਹਾਂ ਦੇ ਨਾਲ ਆਏ ਇੰਦਰਜੀਤ ਸਿੰਘ ਥਿੰਦ, ਕੁਲਵੰਤ ਸਿੰਘ ਨਿੱਝਰ ਅਤੇ ਸੁਖਵੀਰ ਸਿੰਘ ਨਿੱਝਰ ਨੇ ਗੁਰਦੁਆਰਾ ਸਾਹਿਬ ਦੀ ਨਵੀਂ ਬਣੀ ਖੂਬਸੂਰਤ ਇਮਾਰਤ ਤੋਂ ਪ੍ਰਭਾਵਤ ਹੋ ਕੇ 11,000 ਡਾਲਰ ਗੁਰੂ ਘਰ ਲਈ ਭੇਟ ਕੀਤੇ। ਯਾਦ ਰਹੇ ਕਿ ਪਦਮ ਸ੍ਰੀ ਬਾਬਾ ਸੇਵਾ ਸਿੰਘ ਜੀ ਖਡੂਰ ਸਾਹਿਬ ਵਾਲਿਆਂ ਨੇ ਗੁਰੂ ਘਰ ਦੀ ਨਵੀਂ ਬਣੀ ਇਮਾਰਤ ਨਿਰਵਿਘਨ ਸੰਪੂਰਨ ਹੋਣ ਲਈ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਅਰਦਾਸ ਕੀਤੀ ਸੀ। ਬਾਬਾ ਜੀ ਨੂੰ ਇੰਦਰਜੀਤ ਸਿੰਘ ਥਿੰਦ ਲੈ ਕੇ ਆਏ ਸਨ।

### ਪ੍ਰੋਗਰਾਮ

ਪਹਿਲੀ ਅਪ੍ਰੈਲ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜੀਵਾਰ ਅਖੰਡ ਪਾਠ ਅਰੰਭ ਹੋਣਗੇ ਜਿਨ੍ਹਾਂ ਦੇ ਭੋਗ 24 ਅਪਰੈਲ ਨੂੰ ਪਾਏ ਜਾਣਗੇ। ਜਿਸ ਵੀ ਕਿਸੇ ਗੁਰੂ ਕੇ ਪਿਆਰੇ ਨੇ ਸੇਵਾ ਲੈਣੀ ਹੋਵੇ ਉਹ ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਮਹਿੰਦਰ ਸਿੰਘ ਨਾਲ ਸੰਪਰਕ ਕਰ ਸਕਦਾ ਹੈ।

4 ਅਪਰੈਲ ਨੂੰ ਕਵੀ ਦਰਬਾਰ ਹੋਵੇਗਾ ਜਿਸ ਵਿਚ ਸਾਰੀਆਂ ਸਾਹਿਤ ਸਭਾਵਾਂ ਪੁੱਜਣਗੀਆਂ।

9 ਅਪਰੈਲ ਨੂੰ ਕੀਰਤਨ ਦਰਬਾਰ ਹੋਵੇਗਾ ਜਿਸ ਵਿਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਭਾਈ ਕ੍ਰਿਪਾਲ ਸਿੰਘ, ਭਾਈ ਬਲਦੇਵ ਸਿੰਘ ਵਡਾਲਾ, ਭਾਈ ਬਲਵਿੰਦਰ ਸਿੰਘ, ਸਾਬਕਾ ਹਜ਼ੂਰੀ ਰਾਗੀ ਭਾਈ ਗੁਰਮੇਲ ਸਿੰਘ ਤੇ ਭਾਈ ਅਤਰ ਸਿੰਘ, ਅਤੇ ਗੁਰਦੁਆਰਾ ਬੰਗਲਾ ਸਾਹਿਬ ਦਿੱਲੀ ਦੇ ਹਜ਼ੂਰੀ ਰਾਗੀ ਭਾਈ ਗੁਰਮੁਖ ਸਿੰਘ, ਗੁਰਦੁਆਰਾ ਸੈਨ ਹੋਜ਼ੇ ਦੇ ਹਜ਼ੂਰੀ ਰਾਗੀ ਭਾਈ ਜਗਤਾਰ ਸਿੰਘ ਤੋਂ ਇਲਾਵਾ ਬਾਬਾ ਬਲਵਿੰਦਰ ਸਿੰਘ ਕੁਰਾਲੀ ਵਾਲੇ ਹਿੱਸਾ ਲੈਣਗੇ।

14 ਅਪਰੈਲ ਨੂੰ ਖਾਲਸੇ ਦਾ ਸਾਜਨਾ ਦਿਵਸ ਮਨਾਇਆ ਜਾਵੇਗਾ। ਇਸ ਦਿਨ ਅੰਮ੍ਰਿਤ ਸੰਚਾਰ ਹੋਵੇਗਾ ਅਤੇ ਖਾਲਸਾ ਸਕੂਲ ਦੇ ਬੱਚੇ ਵਿਸ਼ੇਸ਼ ਪ੍ਰੋਗਰਾਮ ਕਰਨਗੇ।

18 ਅਪਰੈਲ ਤੋਂ ਲੈ ਕੇ 27 ਅਪਰੈਲ ਤੱਕ ਪੰਥ ਦੇ ਮਹਾਨ ਕਥਾਵਾਚਕ ਭਾਈ ਪਿੰਦਰਪਾਲ ਸਿੰਘ ਜੀ ਗੁਰਬਾਣੀ ਦੀ ਕਥਾ ਕਰਨਗੇ।

23 ਅਪਰੈਲ ਨੂੰ ਢਾਡੀ ਦਰਬਾਰ ਹੋਵੇਗਾ ਜਿਸ ਵਿਚ ਪੰਥ ਦੇ ਮਹਾਨ ਢਾਡੀ ਜਥੇ ਹਿੱਸਾ ਲੈਣਗੇ।

## ਜਾਰੀ ਕਰਤਾ: ਗੁਰਦੁਆਰਾ ਪ੍ਰਬੰਧਕ ਕਮੇਟੀ ਸੈਨ ਹੋਜ਼ੇ

3636 Murillo Ave, San Jose CA 95148, ਗੁਰਦੁਆਰਾ ਸਾਹਿਬ ਦੀ ਵੈਬ-ਸਾਈਟ: sanjosegurdwara.com